
ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ ਔਰਤਾਂ ਦੀ ਆਪਣੀ ਜ਼ਬਾਨੀ

ਮਾਲਵਾ ਖੇਤਰ ਦੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਔਰਤਾਂ ਉੱਤੇ ਪਏ ਅਸਰ



ਰੰਜਨਾ ਪਾਢੀ



ਅਨੁਵਾਦ: ਬੂਟਾ ਸਿੰਘ

ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ
ਔਰਤਾਂ ਦੀ ਆਪਣੀ ਜ਼ਬਾਨੀ

ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ
ਔਰਤਾਂ ਦੀ ਆਪਣੀ ਜ਼ਬਾਨੀ

(ਮਾਲਵਾ ਖੇਤਰ ਦੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ
ਉਨ੍ਹਾਂ ਦੇ ਪਰਿਵਾਰਾਂ ਦੀਆਂ ਔਰਤਾਂ ਉੱਤੇ ਪਏ ਅਸਰ)

—ਰੰਜਨਾ ਪਾਢੀ—

ਅਨੁਵਾਦ: ਬੂਟਾ ਸਿੰਘ

åðÕíÅðåÆ êÌÕÅôé ìðéÅñÅ

ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ
ਔਰਤਾਂ ਦੀ ਆਪਣੀ ਜ਼ਬਾਨੀ
(ਮਾਲਵਾ ਖੇਤਰ ਦੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ
ਉਨ੍ਹਾਂ ਦੇ ਪਰਿਵਾਰਾਂ ਦੀਆਂ ਔਰਤਾਂ ਉੱਤੇ ਪਏ ਅਸਰ)

ਰੰਜਨਾ ਪਾਢੀ
ranjana.padhi@gmail.com

ਅਨੁਵਾਦ: ਬੂਟਾ ਸਿੰਘ

ਪਹਿਲੀ ਵਾਰ : 2012

ਪ੍ਰਕਾਸ਼ਕ :
ਤਰਕਭਾਰਤੀ ਪ੍ਰਕਾਸ਼ਨ,
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ
ਫ਼ੋਨ : 01679-233244 ਫ਼ੈਕਸ : 241744
d,l `hk 9 `mt^ank? x`gnn-bnl
v v v -s`qj r gddk-bnl

ਛਾਪਕ : **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

ਕੀਮਤ : 130/-

ਤਤਕਰਾ

ਤੇਰੇ ਮਾਥੇ ਪੇ ਯੇਹ ਆਂਚਲ ਬਹੁਤ ਹੀ ਖ਼ੂਬ ਹੈ ਲੇਕਿਨ
ਤੂ ਇਸ ਆਂਚਲ ਕਾ ਏਕ ਪਰਚਮ ਬਨਾ ਲੇਤੀ ਤੋ ਅੱਛਾ ਹੋਤਾ

—ਮਜ਼ਾਜ

ਧੰਨਵਾਦੀ ਲਫ਼ਜ਼

ਮੈਂ ਉਨ੍ਹਾਂ ਔਰਤਾਂ ਦੀ ਰਿਣੀ ਹਾਂ ਜਿਨ੍ਹਾਂ ਨੇ ਗੱਲਬਾਤ ’ਚ ਸ਼ਾਮਲ ਹੋਕੇ ਆਪਣੇ ਬੀਤੇ ਅਤੇ ਇਸ ਦੀ ਪੀੜ ਦੀ ਝਲਕ ਮੇਰੇ ਨਾਲ ਸਾਂਝੀ ਕੀਤੀ ਹਾਲਾਂਕਿ ਮੈਂ ਉਨ੍ਹਾਂ ਲਈ ਪੂਰੀ ਤਰ੍ਹਾਂ ਓਪਰੀ ਸੀ। ਗੱਲਬਾਤ ’ਚ ਉਨ੍ਹਾਂ ਵਲੋਂ ਸਾਂਝੀ ਕੀਤੀ ਜਾਣਕਾਰੀ, ਵਿਚਾਰ ਅਤੇ ਭਾਵਨਾਵਾਂ ਇਸ ਕਿਤਾਬ ਦਾ ਸਭ ਤੋਂ ਅਹਿਮ ਸੋਮਾ ਹੈ। ਔਰਤਾਂ ਦੇ ਜਿਊਂਦੇ ਜਾਗਦੇ ਤਜ਼ਰਬਿਆਂ ਰਾਹੀਂ ਹੀ ਇਹ ਕਿਤਾਬ ਪੰਜਾਬ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਤੋਂ ਬਾਅਦ ਦੀ ਹਾਲਤ ਵੱਲ ਸਿਆਸੀ ਅਤੇ ਮਾਨਵੀ ਧਿਆਨ ਖਿੱਚਣ ਦਾ ਯਤਨ ਕਰਦੀ ਹੈ।

ਇਹ ਕਿਤਾਬ, ਜੋ ਕਰਮਭੂਮੀ ’ਚ ਜਾਕੇ ਕੀਤੇ ਸਰਵੇਖਣ ਦੇ ਸਿੱਟਿਆਂ ’ਤੇ ਅਧਾਰਤ ਹੈ, ਤਿੰਨ ਕਿਸਾਨ ਜਥੇਬੰਦੀਆਂ ਦੀ ਸਰਗਰਮ ਮਦਦ ਅਤੇ ਸਹਿਯੋਗ ਨਾਲ ਸੰਭਵ ਹੋਈ ਹੈ। ਅਰਥਾਤ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਜਿਸਨੇ ਮਾਲਵਾ ਖੇਤਰ ਦੇ ਵਿਆਪਕ ਹਿੱਸੇ ਨੂੰ ਗਾਹੁਣ ’ਚ ਮੇਰੀ ਮਦਦ ਕੀਤੀ, ਪੰਜਾਬ ਕਿਸਾਨ ਯੂਨੀਅਨ ਜਿਸਨੇ ਰਸਮੀ ਸਵਾਲਨਾਮਾ ਤਿਆਰ ਕਰਨ ਅਤੇ ਮਾਨਸਾ ਜ਼ਿਲ੍ਹੇ ਵਿਚ ਸਰਵੇਖਣ ਦਾ ਕੰਮ ਸ਼ੁਰੂ ਕਰਨ ’ਚ ਹੱਥ ਵਟਾਇਆ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਜਿਸਨੇ ਸੰਪਰਕਾਂ, ਮੁਲਾਕਾਤਾਂ ਅਤੇ ਮੁੱਢ ’ਚ ਹੱਲਾਸ਼ੇਰੀ ਦੇਣ ਰਾਹੀਂ ਮਦਦ ਕੀਤੀ। ਇਨ੍ਹਾਂ ਯੂਨੀਅਨਾਂ ਵਲੋਂ ਦਰਸਾਈ ਫਰਾਖ਼ਦਿਲੀ ਅਤੇ ਮਦਦ ਸੰਜੀਦਾ ਸ਼ੁਰੂਆਤ ਕਰਨ ਪੱਖੋਂ ਮੇਰੇ ਲਈ ਵੱਡੀ ਪ੍ਰੇਰਨਾ ਬਣੀ।

ਮਦਦ ਅਤੇ ਵਿਚਾਰ-ਵਟਾਂਦਰੇ ਲਈ ਮੈਂ ਇਨ੍ਹਾਂ ਸਾਥੀਆਂ ਦੀ ਵਿਸ਼ੇਸ਼ ਰਿਣੀ ਹਾਂ: ਸੁਖਦੇਵ ਸਿੰਘ ਕੋਕਰੀ (ਮੋਗਾ), ਜਸਬੀਰ ਕੌਰ ਨੱਤ ਅਤੇ ਸੁਖਦਰਸ਼ਨ ਨੱਤ (ਮਾਨਸਾ); ਮਾਨਸਾ ਜ਼ਿਲ੍ਹੇ ’ਚ ਕੁਲਵੰਤ ਸਿੰਘ (ਕਿਸ਼ਨਗੜ੍ਹ); ਸੰਗਰੂਰ ਵਿਚ ਜਗਮੋਹਣ, ਦਰਸ਼ਨਪਾਲ ਤੇ ਸਤਨਾਮ (ਗੁਰਮੀਤ); ਜਾਣਕਾਰੀ, ਸਾਹਿਤ ਅਤੇ ਵਿਅਕਤੀਗਤ ਗਿਆਨ ਸਾਂਝਾ ਕਰਨ ਲਈ ਮੈਂ ਸੁਖਪਾਲ ਸਿੰਘ (ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ), ਜਗਦੀਸ਼ ਪਾਪੜਾ (ਲਹਿਰਾਗਾਗਾ) ਅਤੇ ਕਰਮ ਬਰਸਟ (ਸੰਗਰੂਰ) ਦੀ ਧੰਨਵਾਦੀ ਹਾਂ।

ਬਲਾਕ ਅਤੇ ਪਿੰਡ ਪੱਧਰ ਦੇ ਜਿਨ੍ਹਾਂ ਵੱਡੀ ਗਿਣਤੀ ਸਾਥੀਆਂ ਨੇ ਸਬੰਧਤ ਪਰਿਵਾਰਾਂ ਦਾ ਪਤਾ ਲਾਉਣ ਅਤੇ ਉਨ੍ਹਾਂ ਨਾਲ ਗੱਲਬਾਤ ਕਰਾਉਣ ਲਈ ਸਖ਼ਤ ਮਿਹਨਤ ਕੀਤੀ ਅਤੇ ਵਕਤ ਦਿੱਤਾ ਉਨ੍ਹਾਂ ਸਾਰਿਆਂ ਦਾ ਜ਼ਿਕਰ ਕਰਨਾ ਸੰਭਵ ਨਹੀਂ ਹੈ। ਇਨ੍ਹਾਂ ਘਰਾਂ ’ਚ ਠਹਿਰਨ ਸਮੇਂ ਮੈਨੂੰ ਜੋ ਪੰਜਾਬੀ ਪ੍ਰਾਹੁਣਾਚਾਰੀ ਅਤੇ ਨਿੱਘ ਮਿਲਿਆ ਉਹ ਸਦਾ ਮੇਰੇ ਅੰਗ-ਸੰਗ ਰਹੇਗਾ। ਮੈਂ ਇਨ੍ਹਾਂ ਪਰਿਵਾਰਾਂ ਦੀਆਂ ਬਹੁਤ ਸਾਰੀਆਂ ਔਰਤਾਂ ਅਤੇ ਵੱਡੇ ਬੱਚਿਆਂ ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਵਲੋਂ ਮੁੱਢ ’ਚ ਮੇਰੇ ਕੰਮ ’ਚ ਦਿਖਾਈ ਥੋੜ੍ਹੀ ਜਿਹੀ ਰੁਚੀ ਹਮੇਸ਼ਾ ਲੰਮੀਆਂ ਮੁਲਾਕਾਤਾਂ ’ਚ ਵਟਦੀ ਰਹੀ ਜਿਨ੍ਹਾਂ ਨਾਲ ਸਮੁੱਚਾ ਦਾਇਰਾ ਚੋਖਾ ਵਿਸ਼ਾਲ ਹੁੰਦਾ ਗਿਆ। ਜਿਨ੍ਹਾਂ ਅਨੇਕਾਂ

ਸਾਥੀਆਂ ਅਤੇ ਦੋਸਤਾਂ ਨੇ ਮਦਦ ਕੀਤੀ, ਉਨ੍ਹਾਂ ਵਿਚੋਂ ਕੁਝ ਨਾਂ ਇਹ ਹਨ: ਫ਼ਿਰੋਜ਼ਪੁਰ 'ਚ ਗੁਰਮੀਤ ਸਿੰਘ (ਜੱਜ); ਸੰਗਰੂਰ ਜ਼ਿਲ੍ਹੇ 'ਚ ਪ੍ਰਿਥੀਪਾਲ ਅਤੇ ਬਲਰਾਜ ਸ਼ਰਮਾ; ਬਠਿੰਡਾ 'ਚ ਜੋਰਾ ਸਿੰਘ ਨਸਰਾਲੀ, ਮਾਸਟਰ ਸੁਖਦੇਵ ਸਿੰਘ (ਰਾਮਪੁਰਾ) ਅਤੇ ਪਵਨ ਕੁਮਾਰ ਅਤੇ ਨਛੱਤਰ ਸਿੰਘ (ਕੋਟੜਾ ਕੌੜਾ); ਪਟਿਆਲਾ 'ਚ ਹਰਬੰਸ ਸਿੰਘ ਸੋਨੂੰ; ਲੁਧਿਆਣਾ 'ਚ ਰੁਚੀ ਗੁਪਤਾ; ਬਰਨਾਲਾ ਜ਼ਿਲ੍ਹੇ 'ਚ ਮਨਜੀਤ ਸਿੰਘ ਧਨੇਰ; ਪਟਿਆਲਾ ਜ਼ਿਲ੍ਹੇ 'ਚ ਕਸ਼ਮੀਰ ਸਿੰਘ; ਮਾਨਸਾ ਜ਼ਿਲ੍ਹੇ 'ਚ ਬੇਅੰਤ ਕੌਰ (ਤਾਮਕੋਟ); ਅਤੇ ਬਠਿੰਡਾ ਜ਼ਿਲ੍ਹੇ 'ਚ ਪਰਮਜੀਤ ਕੌਰ (ਭੁੱਚੋ ਖ਼ੁਰਦ)।

ਗੁਰਮੁਖੀ ਵਿਚ ਵਧੀਆ ਤਰਜ਼ਮਾ ਕਰਨ ਲਈ ਮੈਂ ਬੂਟਾ ਸਿੰਘ (ਨਵਾਂਸ਼ਹਿਰ) ਦੀ ਸਦਾ ਰਿਣੀ ਰਹਾਂਗੀ। ਉਸਦੀ ਮਦਦ ਮਾਲਵਾ ਖੇਤਰ ਦੇ ਲੋਕਾਂ ਬਾਰੇ ਮੇਰੀ ਖੋਜ ਸਾਂਝੀ ਕਰਨ 'ਚ ਸਹਾਈ ਹੋਈ ਹੈ। ਅੰਕੜਿਆਂ ਨੂੰ ਸਾਰਣੀਆਂ ਦੇ ਰੂਪ 'ਚ ਤਰਤੀਬ ਦੇਣ ਲਈ ਮੈਂ ਪਰਮਜੀਤ ਸਿੰਘ (ਟਿੰਮੀ) ਦੀ ਹਾਰਦਿਕ ਸ਼ੁਕਰਗੁਜ਼ਾਰ ਹਾਂ।

ਦਿੱਲੀ ਅਤੇ ਹੋਰ ਥਾਵਾਂ ਦੇ ਵੱਡੀ ਗਿਣਤੀ ਮਿੱਤਰਾਂ ਨੇ ਸ਼ੁਰੂ ਤੋਂ ਹੀ ਭਰਵੇਂ ਵਿਚਾਰ-ਵਟਾਂਦਰਿਆਂ, ਮਿਕਦਾਰੀ ਅੰਕੜਿਆਂ ਦੀ ਪੇਸ਼ਕਾਰੀ ਕਰਨ ਅਤੇ ਹੱਥ-ਲਿਖਤ ਪੜ੍ਹਨ ਤੋਂ ਲੈਕੇ ਆਖ਼ਰੀ ਪੜਾਵਾਂ ਤੱਕ ਮੇਰੀ ਮਦਦ ਕੀਤੀ ਹੈ। ਮੈਨੂੰ ਉਨ੍ਹਾਂ ਕੋਲੋਂ ਉਸ ਤੋਂ ਕਿਤੇ ਵੱਧ ਮਦਦ ਅਤੇ ਪ੍ਰੇਰਨਾ ਮਿਲੀ ਹੈ ਜਿੰਨਾ ਉਹ ਸੋਚ ਸਕਦੇ ਹਨ।

ਖ਼ੁਦਮੁਖਤਿਆਰ ਸਹਿਕਾਰੀ ਜਥੇਬੰਦੀਆਂ, ਗੱਠਜੋੜ ਅਤੇ ਲਹਿਰਾਂ ਜਿਨ੍ਹਾਂ ਨੇ ਸਾਲਾਂ ਤੋਂ ਮੇਰੀ ਰਾਜਸੀ ਸਮਝ ਨੂੰ ਵਿਕਸਤ ਕਰਨ ਦੀ ਗੁੰਜਾਇਸ਼ ਬਖ਼ਸ਼ੀ ਕਾਫ਼ੀ ਸਾਰੀਆਂ ਹਨ। ਇਨ੍ਹਾਂ ਵਿਚੋਂ ਮੈਂ ਸਭ ਤੋਂ ਵੱਧ ਵਰ੍ਹੇ *ਸਹੇਲੀ* ਵਿਚ ਗੁਜ਼ਾਰੇ ਹਨ।

ਮੇਰੀ ਖਾਹਸ਼ ਹੈ ਕਿ ਵਧੇਰੇ ਮਾਪੇ ਉਸ ਡੂੰਘੀ ਨਿਮਰਤਾ ਅਤੇ ਦਿਆਨਤਦਾਰੀ ਦੀ ਨੁਮਾਇੰਦਗੀ ਕਰਨ ਜਿੰਨੀ ਮੇਰੇ ਮਾਪੇ ਕਰਦੇ ਹਨ। ਹੋਰ ਵੀ ਵਧੇਰੇ ਅਹਿਮ ਗੱਲ, ਮੇਰੀ ਖਾਹਸ਼ ਹੈ ਕਿ ਵਧੇਰੇ ਧੀਆਂ ਨੂੰ ਉਹੀ ਆਜ਼ਾਦੀ ਮਿਲੇ ਨਵੇਂ ਸਮਾਜ ਦੀ ਖੋਜ ਦੀ ਜੋ ਖੁੱਲ੍ਹ ਖੇਡ ਮੈਂ ਮਾਣੀ ਹੈ—ਸਾਡੀ ਆਪਣੀ ਰਚਨਾ।

ਮੁੱਖਬੰਦ

ਸੰਨ 2000 ਦੇ ਸ਼ੁਰੂ ਦੇ ਕਿਸੇ ਸਮੇਂ, ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਨੇ ਰਾਮਾਨਾਥਨ ਯਾਦਗਾਰੀ ਸਮਾਗਮ ਦੇ ਹਿੱਸੇ ਵਜੋਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਗੋਸ਼ਟੀ ਜਥੇਬੰਦ ਕੀਤੀ ਸੀ। ਇਹ ਸਮਾਗਮ ਹਰ ਸਾਲ ਸਤੰਬਰ ਮਹੀਨੇ ਡਾ. ਰਾਮਾਨਾਥਨ ਵਲੋਂ ਜਮਹੂਰੀ ਹੱਕਾਂ ਲਈ ਕੀਤੇ ਕੰਮਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਮਨਾਇਆ ਜਾਂਦਾ ਹੈ, ਜਿਸਨੂੰ ਪੁਲਿਸ ਨੇ 1983 'ਚ ਵਾਰੰਗਲ (ਆਂਧਰਾ ਪ੍ਰਦੇਸ਼) 'ਚ ਮਾਰ ਦਿੱਤਾ ਸੀ। ਬੁਲਾਰਿਆਂ 'ਚ ਪੰਜਾਬ ਤੋਂ ਨਾਮਵਰ ਅਰਥਸ਼ਾਸਤਰੀ ਡਾ. ਗਿੱਲ ਅਤੇ ਜਮਹੂਰੀ ਹੱਕਾਂ ਦੇ ਕਾਰਕੁੰਨ ਬਾਲਾਗੋਪਾਲ ਸ਼ਾਮਲ ਸਨ। ਬਾਲਾਗੋਪਾਲ ਨੇ ਆਂਧਰਾ ਪ੍ਰਦੇਸ਼ ਅੰਦਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਜਮਹੂਰੀ ਹੱਕਾਂ ਦੇ ਕਾਰਕੁਨਾਂ ਵਲੋਂ ਉੱਥੇ ਕੀਤੀ ਤੱਥ ਖੋਜ ਦੇ ਅਧਾਰ 'ਤੇ ਜ਼ਬਰਦਸਤ ਰਿਪੋਰਟ ਪੇਸ਼ ਕੀਤੀ। ਜਦੋਂ ਅਸੀਂ ਰਾਜ ਦੀਆਂ ਜ਼ਰੱਈ ਨੀਤੀਆਂ ਦੀ ਸਿਰਜੀ ਆਰਥਿਕਤਾ ਦੇ ਸੰਕਟ ਅੰਦਰ, ਖ਼ੁਦਕੁਸ਼ੀਆਂ ਦਾ ਦਿਲ ਟੁੰਬਵਾਂ ਵੇਰਵਾ ਸੁਣਿਆ, ਤਾਂ ਸਾਨੂੰ ਇਹ ਸਪਸ਼ਟ ਹੋ ਗਿਆ ਕਿ ਖੇਤੀਬਾੜੀ ਦੇ ਆਮ ਸੰਕਟ ਅਤੇ ਆਪਣੀ ਮਾਰੂ ਜਕੜ 'ਚ ਫਸਾਕੇ ਕਿਸਾਨਾਂ ਨੂੰ ਠੱਗਣ ਵਾਲੇ ਕਰਜ਼ ਜਾਲ ਦੀ ਹਾਲਤ ਰਾਜ ਵਲੋਂ ਸ਼ੁਰੂ ਕੀਤੀਆਂ ਵਿਸ਼ਵੀਕਰਨ/ਨਿੱਜੀਕਰਨ ਦੀਆਂ ਨੀਤੀਆਂ ਦੇ ਅੰਗ ਵਜੋਂ ਨਵੀਂ ਨਿੱਜੀਕਰਨ ਕੀਤੀ ਮੈਡੀਕਲ ਸੇਵਾ ਨਾਲ ਹੋਰ ਬਦਤਰ ਹੋ ਗਈ ਸੀ ਜਿੱਥੇ ਪਾਣੀ ਦੀ ਘਾਟ ਵਰਗੀਆਂ ਛੋਟੀਆਂ-ਛੋਟੀਆਂ ਅਤੇ ਮਾਮੂਲੀ ਬੀਮਾਰੀਆਂ ਦੇ ਇਲਾਜ ਦਾ ਬਿੱਲ ਵੀ ਹਜ਼ਾਰਾਂ ਰੁਪਏ ਬਣਾ ਦਿੱਤਾ ਜਾਂਦਾ ਹੈ। ਜਿੱਥੇ ਕਰਜ਼ਾ ਨਾ ਦੇ ਸਕਣ ਕਾਰਨ 'ਵਿਗੜੀ ਪੜ੍ਹਤ' ਵਾਲਾ ਬੰਦਾ ਹੋਰ ਉਧਾਰ ਲੈਣ ਤੋਂ ਅਸਮਰੱਥ ਹੋਣ ਕਾਰਨ ਮਾਯੂਸੀ ਵੱਲ ਧੱਕਿਆ ਜਾਂਦਾ ਹੈ। ਸਵੈ-ਮਾਣ ਨੂੰ ਸੱਟ ਅਕਸਰ ਹੀ ਖ਼ੁਦਕੁਸ਼ੀ ਵੱਲ ਧੱਕਣ ਵਾਲਾ ਕਾਰਕ ਸੀ। ਤ੍ਰਾਸਦੀ ਇਹ ਸੀ ਕਿ, ਸਿਹਤ ਸੇਵਾਵਾਂ ਮੁਹੱਈਆ ਕਰਨ, ਜੋ ਸ਼ਹਿਰੀਆਂ ਦਾ ਬੁਨਿਆਦੀ ਹੱਕ ਹੈ, 'ਚ ਰਾਜ ਦੀ ਅਸਫ਼ਲਤਾ ਇਕ ਬੰਦੇ ਦੀ ਨਿੱਜੀ ਅਸਫ਼ਲਤਾ ਬਣ ਗਈ ਸੀ ਜੋ ਉਨ੍ਹਾਂ ਬੇਵੱਸ ਲੋਕਾਂ ਦੀ ਨੁਮਾਇੰਦਗੀ ਕਰਦਾ ਸੀ—ਅਤੇ ਜਿਸਨੇ ਇਹ ਖ਼ੁਦ ਵੀ ਹੱਡੀਂ ਹੰਢਾਇਆ ਸੀ—ਜੋ ਲੋੜ ਸਮੇਂ ਆਪਣੇ ਪਰਿਵਾਰ ਲਈ ਇੰਤਜ਼ਾਮ ਨਹੀਂ ਸੀ ਕਰ ਸਕੇ। ਦਾਜ ਦੀ ਨਿੱਜੀ ਆਰਥਿਕਤਾ ਨੇ ਕਰਜ਼ ਜਾਲ ਨੂੰ ਵਧਾਇਆ, ਜੋ ਕਿਸੇ ਤਰ੍ਹਾਂ ਸਿੱਧੇ ਰੂਪ 'ਚ ਰਾਜ ਨਾਲ ਜੁੜੀ ਹੋਈ ਤਾਂ ਨਹੀਂ ਪਰ ਨਿਸ਼ਚਿਤ ਤੌਰ 'ਤੇ ਮੰਡੀ ਵਲੋਂ ਉਤਸ਼ਾਹਤ ਕੀਤੀ ਹੋਈ ਹੈ। ਭਾਈਚਾਰਾ ਅਧਾਰਤ ਪਿਤਰੀ ਸੱਤਾ ਨਾਲ ਇਸ ਦੀ ਜਕੜ ਭਿਆਨਕ ਢੰਗ ਨਾਲ ਬਣੀ ਹੋਈ ਹੈ ਜਿਸ ਵਲੋਂ ਵਿਆਹ ਨੂੰ ਆਰਥਕ ਲੈਣ-ਦੇਣ 'ਤੇ ਨਿਰਭਰ ਬਣਾ ਦਿੱਤਾ ਗਿਆ। ਲੈਣ-ਦੇਣ ਵੀ ਅਗਾਂਹ ਧੀ ਦੇ ਬਾਪ ਦੇ ਸਿਰ ਪੈ ਗਿਆ; ਅਤੇ ਜੇ ਉਹ ਇਸਨੂੰ ਪੂਰਾ ਨਹੀਂ ਕਰ ਸਕਦਾ ਤਾਂ ਉਹ ਅਸਫ਼ਲਤਾ ਦੀ ਭਿਆਨਕ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ। ਮੈਨੂੰ ਚੇਤੇ ਹੈ ਮੈਂ ਉਸ ਸਮਾਗਮ 'ਚ ਕਿਹਾ ਸੀ ਕਿ ਜਮਹੂਰੀ ਹੱਕਾਂ ਦੇ ਗਰੁੱਪ ਖੇਤੀਬਾੜੀ ਸੰਕਟ ਅਤੇ ਸਿਹਤ

ਸੇਵਾਵਾਂ ਦੀ ਘਾਟ ਦੇ ਮੁੱਦੇ ਤਾਂ ਚੁੱਕ ਲੈਣਗੇ, ਇਨ੍ਹਾਂ ਦੋਵਾਂ ਨੂੰ ਤਾਂ ਉਹ ਰਾਜ ਸਿਰ ਥੋਪ ਦੇਣਗੇ, ਪਰ ਅਸੀਂ ਦਾਜ ਦਾ ਕੀ ਕਰਾਂਗੇ? ਕੀ ਇਸ ਨਾਲ ਨਜਿੱਠਣ ਦਾ ਮਾਮਲਾ ਨਾਰੀਵਾਦੀਆਂ 'ਤੇ ਛੱਡ ਦਿੱਤਾ ਜਾਵੇ? ਕੀ ਦਾਜ ਵਿਰੁੱਧ ਇਕੱਲੇ ਔਰਤਾਂ ਦੇ ਗਰੁੱਪ ਹੀ ਸੰਘਰਸ਼ ਕਰਨ? ਮੈਨੂੰ ਲਗਦਾ ਸੀ ਕਿ ਘੋਲਾਂ ਦੀ ਦੁਨੀਆ 'ਚ ਇਕ ਨਵੀਂ ਲਿੰਗਕ ਵੰਡ ਕੰਮ ਕਰ ਰਹੀ ਸੀ: ਮੈਂ ਸਵਾਲ ਕੀਤਾ ਕੀ ਖੱਬੇ ਅਤੇ ਜਮਹੂਰੀ ਧੜੇ ਸਿਰਫ਼ ਰਾਜ ਵਿਰੁੱਧ ਸੰਘਰਸ਼ਾਂ ਨੂੰ ਹੀ ਹੱਥ ਲੈਣਗੇ ਅਤੇ ਪਿਤਰੀ ਸੱਤਾ ਤੇ ਸਮਾਜਿਕ ਸੁਧਾਰ ਦੇ ਸਵਾਲਾਂ ਨੂੰ ਨਾਰੀਵਾਦੀਆਂ 'ਤੇ ਛੱਡ ਦੇਣਗੇ। ਓਦੋਂ ਮੈਨੂੰ ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਮਿਲਿਆ ਪਰ ਰੰਜਨਾ, ਉਹ ਵੀ ਇਸ ਸਮਾਗਮ 'ਚ ਹਾਜ਼ਰ ਸੀ, ਨੇ ਇਹ ਕਿਤਾਬ ਲਿਖਕੇ ਸਾਡੇ ਸਮਿਆਂ ਦੀਆਂ ਦੁਖਦਾਈ ਵਿਰੋਧਤਾਈਆਂ ਬਾਰੇ ਸਾਨੂੰ ਪੂਰੀ ਤਰ੍ਹਾਂ ਸੋਚਣ ਲਾ ਦਿੱਤਾ ਹੈ। ਉਸ ਨੇ ਵਿਅਕਤੀਗਤ 'ਖੇਤਰ' ਤੇ 'ਸਿਆਸੀ' ਖੇਤਰ ਨੂੰ ਬਾਖ਼ੂਬੀ ਇਕ ਥਾਂ ਪੇਸ਼ ਕਰਕੇ ਅਜਿਹਾ ਕੀਤਾ ਹੈ। ਉਸਨੇ ਸਾਨੂੰ ਦਿਖਾਇਆ ਹੈ ਕਿ ਵਿਅਕਤੀਗਤ ਹਮੇਸ਼ਾ ਸਿਆਸੀ ਹੁੰਦਾ ਹੈ ਅਤੇ ਇਹ ਅਸੀਂ ਹੀ ਹਾਂ ਜੋ ਔਰਤਾਂ ਦੀ ਲਹਿਰ ਦੇ ਇਸ ਬੁਨਿਆਦੀ ਨਾਅਰੇ ਨੂੰ ਮੌਜ ਨਾਲ ਹੀ ਮਨੋਂ ਵਿਸਾਰ ਦਿੰਦੇ ਹਾਂ ਕਿਉਂਕਿ ਅਸੀਂ ਵਿਸ਼ਲੇਸ਼ਣ ਦੀ ਦਰਜ਼ੇਬੰਦੀ ਅਤੇ ਸਿੱਟੇ ਵਜੋਂ ਸਿਆਸੀ ਕਾਰਵਾਈ ਦੀ ਦਰਜ਼ੇਬੰਦੀ ਬਣਾਈ ਰੱਖਦੇ ਹਾਂ। ਮੈਨੂੰ ਉਮੀਦ ਹੈ ਕਿ ਰੰਜਨਾ ਦੀ ਲਿਖਤ ਪੜ੍ਹਨ ਤੋਂ ਬਾਅਦ ਅਸੀਂ ਹੁਣ ਅਜਿਹਾ ਨਹੀਂ ਕਰਾਂਗੇ: ਵਿਸ਼ਲੇਸ਼ਣ ਦੇ ਦੋ ਢੰਗ ਐਨੇ ਸੰਪੂਰਨ ਰੂਪ 'ਚ ਗੁੰਦੇ ਹੋਏ ਹਨ ਕਿ ਉਸ ਖੇਤੀ ਸੰਕਟ ਬਾਰੇ ਸੋਚ-ਵਿਚਾਰ ਕਰਨ ਅਤੇ ਇਸ ਵਿਰੁੱਧ ਸੰਘਰਸ਼ ਕਰਨ ਦਾ ਸਿਰਫ਼ ਇਕੋ ਹੀ ਢੰਗ ਹੋਣਾ ਚਾਹੀਦਾ ਹੈ, ਸੰਕਟ ਜੋ ਭਾਰਤ ਦੇ ਵੱਡੇ ਹਿੱਸਿਆਂ 'ਚ ਫੈਲਿਆ ਹੋਇਆ ਹੈ ਅਤੇ ਪੇਂਡੂ ਭਾਰਤ ਦੀਆਂ ਔਰਤਾਂ, ਮਰਦਾਂ ਅਤੇ ਬੱਚਿਆਂ ਦੀਆਂ ਜਾਨਾਂ ਦਾ ਖ਼ੌਅ ਬਣਿਆ ਹੋਇਆ ਹੈ। ਇਸ ਤਬਾਹੀ 'ਚ ਕੈਂਸਰ ਦੀਆਂ ਬਹੁਤ ਘਟਨਾਵਾਂ ਸ਼ਾਮਲ ਹਨ, ਕੁਝ ਸਿਹਤ ਵਿਸ਼ਲੇਸ਼ਣਕਾਰ ਕੈਂਸਰ ਦਾ ਦੋਸ਼ ਖੇਤੀਬਾੜੀ ਵਿਕਾਸ ਦੇ ਹਰੇ ਇਨਕਲਾਬ ਵਾਲੇ ਢੰਗ ਦੇ ਅੰਗ ਵਜੋਂ ਰਸਾਇਣਕ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਨੂੰ ਦਿੰਦੇ ਹਨ: ਅਨੇਕਾਂ ਬੰਦੇ ਕੈਂਸਰ ਨਾਲ ਮਰ ਰਹੇ ਹਨ ਅਤੇ ਮਹਿੰਗਾ ਪ੍ਰਾਈਵੇਟ ਇਲਾਜ਼ ਕਰਾਉਣ ਦਾ ਯਤਨ ਕਰਦੇ ਪਰਿਵਾਰਾਂ ਦੇ ਮਰਦਾਂ ਲਈ ਜਦੋਂ ਹੋਰ ਕਰਜ਼ੇ ਚੁੱਕਣ ਦਾ ਬੋਝ ਅਸਹਿ ਹੋ ਜਾਂਦਾ ਹੈ ਤਾਂ ਉਹ ਆਪਣੀਆਂ ਜਾਨਾਂ ਲੈਣ ਲਈ ਇਹੀ ਦਵਾਈਆਂ ਪੀਂਦੇ ਹਨ। ਬੇਪ੍ਰਵਾਹ ਰਾਜ, ਆਪਣੀਆਂ ਵਿਕਾਸ ਦੀਆਂ ਨੀਤੀਆਂ ਦੇ ਸਿੱਟਿਆਂ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹੈ।

ਇਸ ਰਚਨਾ ਵਿਚ ਰੰਜਨਾ ਜਮਾਤੀ ਵਿਸ਼ਲੇਸ਼ਣ ਅਤੇ ਲਿੰਗਕ ਵਿਸ਼ਲੇਸ਼ਣ ਨੂੰ ਇਕੋ ਚੌਖਟੇ 'ਚ ਇਕ ਥਾਂ ਪੇਸ਼ ਕਰਕੇ ਸਾਨੂੰ ਇਹ ਸੋਚਣ ਲਾਉਂਦੀ ਹੈ ਕਿ ਪਿਤਰੀ ਸੱਤਾ ਔਰਤ ਨੂੰ ਤਾਂ ਦਬਾਉਂਦੀ ਹੀ ਹੈ ਉਵੇਂ ਹੀ ਇਹ ਮਰਦਾਂ ਲਈ ਵੀ ਕਿੰਨਾ ਬੋਝ ਹੈ; ਮਰਦਾਊਪਣ ਦੇ ਵਿਚਾਰ ਮਰਦਾਂ ਲਈ ਜੇਲ੍ਹਖ਼ਾਨਾ ਹਨ। ਜਦੋਂ ਉਹ ਪਰਿਵਾਰ ਦਾ ਸਿਲਸਿਲਾ ਚਲਾਉਣ ਤੋਂ ਅਸਮਰੱਥ ਹੋ ਜਾਂਦੇ ਹਨ ਤਾਂ ਇਸ 'ਅਸਫ਼ਲਤਾ' ਕਾਰਨ ਨਿਰਾਸ਼ਤਾ ਦਾ ਸ਼ਿਕਾਰ ਹੋ ਜਾਂਦੇ ਹਨ। ਦੂਜੇ ਸ਼ਬਦਾਂ 'ਚ, ਸਮਝਿਆ ਇਹ ਜਾਂਦਾ ਹੈ ਕਿ ਪਰਿਵਾਰ ਨੂੰ ਪਾਲਣਾ, ਖ਼ਾਸ ਕਰਕੇ ਔਰਤਾਂ ਦੀਆਂ ਲੋੜਾਂ ਦਾ ਪ੍ਰਬੰਧ ਕਰਨਾ ਮਰਦਾਂ ਦੀ ਜ਼ਿੰਮੇਵਾਰੀ ਹੈ ਜਿਨ੍ਹਾਂ ਨੂੰ ਮਰਦਾਂ ਉੱਪਰ 'ਨਿਰਭਰ' ਮੰਨਿਆ ਜਾਂਦਾ

ਹੈ। ਧੀ ਨੂੰ ਵਿਆਹੁਣਾ ਬਾਪ ਦਾ ਲਾਜ਼ਮੀ ਰਵਾਇਤੀ ਧਰਮ ਸਮਝਿਆ ਜਾਂਦਾ ਹੈ। ਇਸ ਨਾਲ ਅਟੱਲ ਰੂਪ 'ਚ ਜੁੜਿਆ ਹੋਇਆ ਹੈ 'ਢੁਕਵਾਂ' ਦਾਜ ਜਿਸ ਉੱਪਰ ਪਰਿਵਾਰ ਦਾ ਸਮਾਜੀ ਵੱਕਾਰ ਮੁਨੱਸਰ ਹੈ। ਇੱਥੇ, ਇਕ ਸੰਵੇਦਨਸ਼ੀਲ ਵਿਸ਼ਲੇਸ਼ਣ 'ਚ, ਰੰਜਨਾ ਪਿਤਰੀ ਸੱਤਾ ਦੀ ਲਗਾਤਾਰ ਆਲੋਚਨਾ ਤਾਂ ਕਰਦੀ ਹੀ ਹੈ, ਉਹ ਸਮਝਦੀ ਹੈ ਕਿ ਮਰਦਾਂ ਉੱਪਰ ਥੋਪੀ ਇਸ ਦੀ ਲਾਜ਼ਮੀ ਪਾਲਣਾ ਉਨ੍ਹਾਂ ਨੂੰ ਨਿਰਾਸ਼ਾ ਦੀ ਖੱਡ 'ਚ ਧੱਕਦੀ ਹੈ ਜਦੋਂ ਉਨ੍ਹਾਂ ਨੂੰ ਪੱਥਰ ਦਿਲ ਸਿਆਸੀ ਅਤੇ ਆਰਥਕ ਪ੍ਰਬੰਧ ਵਲੋਂ ਪੈਦਾ ਕੀਤੇ ਘੋਰ ਵਿਤੀ ਸੰਕਟ ਦੇ ਸਮਿਆਂ 'ਚ ਵੀ ਇਹ ਧਰਮ ਲਾਜ਼ਮੀ ਨਿਭਾਉਣਾ ਪੈਂਦਾ ਹੈ। ਉਨ੍ਹਾਂ ਦੀ ਇੱਜ਼ਤ ਬਾਰੇ ਸਮਝ ਦਾਜ ਲਈ ਪੈਸਾ ਜੁਟਾਉਣ 'ਤੇ ਨਿਰਭਰ ਕਰਦੀ ਹੈ—ਲਾੜੇ ਦੇ ਟੱਬਰ ਨੂੰ ਲਾੜੇ ਦਾ ਮੁੱਲ ਦੇ ਕੇ ਇੱਜ਼ਤ ਸਮਾਜ ਤੋਂ ਸੱਚੀਂਮੁੱਚੀਂ ਲਾਜ਼ਮੀ 'ਖ਼ਰੀਦਣੀ' ਪੈਂਦੀ ਹੈ। ਇਹ ਇਕ ਪਰਿਵਾਰ ਦੀਆਂ ਉੱਪਰ ਉੱਠਣ ਦੀਆਂ ਰੀਝਾਂ ਦਾ ਪ੍ਰਤੀਕ ਹੈ, ਜੋ ਉਂਞ ਕਰਜ਼ ਜਾਲ 'ਚ ਫਸਿਆ ਹੁੰਦਾ ਹੈ। ਹਾਲਾਂਕਿ ਇਹ ਰੁਤਬਾ ਥੋੜ੍ਹਚਿਰਾ ਹੀ ਹੁੰਦਾ ਹੈ। ਰੰਜਨਾ 'ਕੱਲੇ ਮੁੰਡਿਆਂ 'ਤੇ ਲੱਦੇ ਭਿਆਨਕ ਬੋਝ ਵੱਲ ਉਚੇਚਾ ਧਿਆਨ ਦਿਵਾਉਂਦੀ ਹੈ ਕਿਉਂਕਿ ਉਹ ਆਪਣੀਆਂ ਭੈਣਾਂ ਦੇ ਵਿਆਹਾਂ ਲਈ ਕਰਜ਼ੇ ਲੈਂਦੇ ਹਨ, ਮਾਵਾਂ ਬੇਵੱਸ ਹੋਕੇ ਦੇਖਦੀਆਂ ਰਹਿੰਦੀਆਂ ਹਨ ਕਿਉਂਕਿ ਉਹ ਇਸ 'ਚ ਦਖ਼ਲ ਨਹੀਂ ਦੇ ਸਕਦੀਆਂ ਅਤੇ ਪਰਿਵਾਰ 'ਚ ਖ਼ੁਦਕੁਸ਼ੀਆਂ ਦੇ ਗੇੜ ਨੂੰ ਰੋਕਣ ਲਈ ਕੁਝ ਨਹੀਂ ਕਰ ਸਕਦੀਆਂ। ਇਹ ਇਕ ਠੋਸ ਹਕੀਕਤ ਅੰਦਰ ਜਰਜਰੇ ਮਰਦਾਊਪਣ ਬਾਰੇ ਸਾਡੀ ਸਮਝ ਬਣਾਉਂਦੀ ਹੈ, ਜੋ ਚੀਜ਼ ਸਾਨੂੰ ਮਰਦਾਊਪਣ ਬਾਰੇ ਹੋਰ ਅਧਿਐਨਾਂ 'ਚ ਨਹੀਂ ਮਿਲਦੀ ਜੋ ਅੱਜਕੱਲ੍ਹ ਧੜਾਧੜ ਛਪ ਰਹੇ ਹਨ।


ਇਸ ਲਿਖਤ 'ਚ ਰੰਜਨਾ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਜ਼ਰੱਈ ਸੰਕਟ, ਜਿਨ੍ਹਾਂ ਨੇ ਅਚਾਨਕ ਅਤੇ ਨਾਟਕੀ ਰੂਪ 'ਚ 'ਹਰੇ ਇਨਕਲਾਬ' ਅਤੇ ਕਰਜ਼ੇ 'ਤੇ ਟਿਕੀ ਸਰਮਾਏਦਾਰਾ ਆਰਥਿਕਤਾ ਦੇ ਟਿਕਾਊ ਹੋਣ ਦੇ ਝੂਠੇ ਵਾਅਦੇ ਦੀ ਚੜ੍ਹਤ ਦੀ ਕਹਾਣੀ ਦੁਬਾਰਾ ਲਿਖ ਦਿੱਤੀ ਹੈ, ਬਾਰੇ ਦੋ ਮੁੱਖ ਮੁੱਦੇ ਪੇਸ਼ ਕਰਦੀ ਹੈ। ਇਸ ਕਰਜ਼ੇ ਬਾਰੇ ਸੋਚ ਹੈ ਕਿ ਇਸਨੂੰ ਉਸ ਮੁਨਾਫ਼ੇ ਨਾਲ ਆਸਾਨੀ ਨਾਲ ਮੋੜਿਆ ਜਾ ਸਕਦਾ ਹੈ ਜਿਸਦੀ ਆਸ ਫ਼ਸਲ ਆਉਣ 'ਤੇ ਕੀਤੀ ਜਾਂਦੀ ਹੈ। ਅਸਲ ਵਿਚ ਅਰਥਸ਼ਾਸਤਰੀਆਂ ਨੇ ਇਹ ਦੋਵੇਂ ਮੁੱਦੇ ਨਜ਼ਰਅੰਦਾਜ਼ ਕੀਤੇ ਹੋਏ ਹਨ: ਪਹਿਲਾ ਹੈ ਖੇਤੀਬਾੜੀ ਆਰਥਿਕਤਾ 'ਚ ਔਰਤਾਂ ਜੋ ਅਸਲ ਕੰਮ ਕਰਦੀਆਂ ਹਨ; ਅਤੇ ਦੂਜਾ ਆਰਥਕ ਲੈਣ-ਦੇਣ ਦਾ ਚੱਕਰ ਜੋ ਵਿਆਹ ਦੀ ਵਿਚਾਰਧਾਰਾ ਅਤੇ ਪਦਾਰਥਕ ਅਧਾਰ ਦੀ ਬੁਨਿਆਦ ਹੈ। ਤ੍ਰਾਸਦੀ ਇਹ ਹੈ ਕਿ ਵਿਆਹ ਖ਼ੁਦ ਹਾਲੇ ਤੱਕ ਔਰਤਾਂ ਦੀ ਇਕੋ ਇਕ ਹੋਣੀ ਹੈ, ਹਾਲਾਂਕਿ ਇਸ ਜਰਜਰੀ ਆਰਥਿਕਤਾ 'ਚ ਇਸ ਦੀ ਆਪਣੀ ਹਾਲਤ ਅਸੁਰੱਖਿਅਤ ਰੂਪ 'ਚ ਡਾਵਾਂਡੋਲ ਬਣੀ ਹੋਈ ਹੈ, ਅਤੇ ਨਿਸ਼ਚਿਤ ਤੌਰ 'ਤੇ ਇਹ ਔਰਤਾਂ ਨੂੰ 'ਪਾਲਣ' ਦੇ ਮਰਦਾਂ ਦੇ ਅਸਲ ਸਮਾਜਿਕ ਵਾਅਦੇ ਨੂੰ ਪੂਰਾ ਕਰਨ ਤੋਂ ਅਸਮਰੱਥ ਹੈ; ਜੋਕਿ ਅਸਲ ਵਿਚ ਬਹੁਤ ਜ਼ਿਆਦਾ ਅਸੁਰੱਖਿਅਤ ਮਨੌਤ ਹੈ। ਇਸ ਲਈ, ਪੰਜਾਬ 'ਚ ਸੰਕਟ ਦੀ ਰੰਜਨਾ ਦੀ ਛਾਣਬੀਣ ਅੰਦਰ ਦਾਜ ਅਟੱਲ ਤੌਰ 'ਤੇ ਇਕ ਕੇਂਦਰੀ ਮੁੱਦਾ ਹੈ; ਹਾਲਾਂਕਿ ਹਰੇ ਇਨਕਲਾਬ ਦੇ ਚੜ੍ਹਤ ਦੇ

ਅਰਸੇ ਅਤੇ ਪਿੱਛੋਂ ਜ਼ਰੱਈ ਆਰਥਿਕਤਾ ਦੇ ਤੇਜ਼ੀ ਨਾਲ ਢਹਿਢੇਰੀ ਹੋਣ ਵੱਲ ਕਈਆਂ ਨੇ ਧਿਆਨ ਦਿਵਾਇਆ ਹੈ, ਅਸਲ ਵਿਚ ਬਹੁਤ ਥੋੜ੍ਹੇ ਅਰਥਸ਼ਾਸਤਰੀ ਅਜੋਕੀ ਆਰਥਕ ਹਕੀਕਤ ਨੂੰ ਮੁਖ਼ਾਤਬ ਹੋ ਰਹੇ ਹਨ ਜੋ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨਾਲ ਉੱਘੜਕੇ ਸਾਹਮਣੇ ਆਈ ਹੈ। ਇਸ ਵੱਲ ਤਾਂ ਹੋਰ ਵੀ ਥੋੜ੍ਹੇ ਅਰਥਸ਼ਾਸਤਰੀ ਧਿਆਨ ਦੇ ਰਹੇ ਹਨ ਕਿ ਜਦੋਂ ਪਰਿਵਾਰ ਦਾ 'ਬੰਦਾ' ਆਪਣੀ ਜਾਨ ਲੈ ਲੈਂਦਾ ਹੈ ਤਾਂ ਟੱਬਰ ਨਾਲ ਕੀ ਬੀਤਦੀ ਹੈ, ਔਰਤਾਂ ਤੇ ਬੱਚਿਆਂ ਨਾਲ ਕੀ ਬੀਤਦੀ ਹੈ ਜੋ ਜ਼ਿੰਦਗੀ ਅਤੇ ਸਿਰ ਖੜ੍ਹੇ ਕਰਜ਼ੇ ਨਾਲ ਨਜਿੱਠਣ ਲਈ ਇਕੱਲੇ ਰਹਿ ਜਾਂਦੇ ਹਨ ਜਿਸ ਦੀ ਵਸੂਲੀ ਦਾ ਦਾਅਵਾ ਬੇਰਹਿਮੀ ਨਾਲ ਕੀਤਾ ਜਾਂਦਾ ਹੈ। ਰੰਜਨਾ ਦਿਖਾਉਂਦੀ ਹੈ ਕਿ ਬੇਵਸੀ ਮਹਿਸੂਸ ਕਰਦੀਆਂ ਹੋਈਆਂ ਵੀ ਔਰਤਾਂ ਹਾਲਾਤ ਨਾਲ ਕਿਵੇਂ ਨਜਿੱਠਦੀਆਂ ਹਨ। ਪਿਤਰੀ ਸੱਤਾਵਾਦੀ ਟੱਬਰ ਵਿਚ ਮਿਹਨਤ ਕਰਦਿਆਂ ਉਹ ਪਹਿਲਾਂ ਹੀ ਕੰਮ ਦੇ ਬੋਝ ਹੇਠ ਦੱਬੀਆਂ ਹੋਈਆਂ ਹਨ, ਜੋ ਉਨ੍ਹਾਂ ਦੀ ਮਿਹਨਤ ਦੀ ਹੋਂਦ ਤੋਂ ਹੀ ਮੁਨਕਰ ਹੈ। ਉਹ 'ਘਰੇਲੂ ਕੰਮ' ਦੀ ਅਸਲ ਜ਼ਿੰਮੇਵਾਰੀ ਨਿਭਾਉਂਦੀਆਂ ਹਨ ਜਿਸ ਵਿਚ ਪਸ਼ੂਆਂ ਦੀ ਸਾਂਭ-ਸੰਭਾਲ (ਖੇਤਾਂ 'ਚ ਕੰਮ ਕਰਨ ਤੋਂ ਇਲਾਵਾ), ਖਾਣਾ ਬਣਾਉਣਾ, ਸਫ਼ਾਈ ਕਰਨਾ, ਅਤੇ ਬੱਚਿਆਂ, ਬੀਮਾਰਾਂ ਅਤੇ ਬਜ਼ੁਰਗਾਂ ਦੀ ਦੇਖਭਾਲ ਸ਼ਾਮਲ ਹੈ। ਉਨ੍ਹਾਂ ਲਈ ਹੁਣ ਬੱਚਿਆਂ ਅਤੇ ਸੱਸ-ਸਹੁਰੇ ਦੇ ਜਜ਼ਬਾਤੀ ਬੋਝ ਦਾ ਭਾਰ ਵੰਡਾਉਣਾ ਵੀ ਲਾਜ਼ਮੀ ਹੋ ਜਾਂਦਾ ਹੈ ਜਿਨ੍ਹਾਂ ਦਾ ਮੂਲ ਪਾਲਣਹਾਰ ਹੁਣ ਇਸ ਦੁਨੀਆ 'ਚ ਨਹੀਂ ਰਿਹਾ, ਅਤੇ ਨਾਲ ਹੀ ਉਹ ਕਰਜ਼ੇ ਵੀ ਮੋੜਦੀਆਂ ਹਨ ਜਿਨ੍ਹਾਂ ਨੇ ਪਹਿਲਾਂ 'ਕਿਸਾਨ' ਦੀ ਜਾਨ ਲਈ ਸੀ। ਫੇਰ, ਉਨ੍ਹਾਂ ਨੂੰ ਜ਼ਮੀਨਾਂ ਵੇਚਣ, ਆਪਣੀਆਂ ਧੀਆਂ ਦੇ ਵਿਆਹ ਕਰਨ ਦੇ ਫ਼ੈਸਲੇ ਲਾਜ਼ਮੀ ਲੈਣੇ ਪੈਂਦੇ ਹਨ। ਉਹ ਗੁਜ਼ਾਰਾ ਚਲਾਉਣ ਲਈ ਪਹਿਲਾਂ ਮੁਜ਼ਾਰੇ ਬਣਦੀਆਂ ਹਨ ਅਤੇ ਫੇਰ ਉਜਰਤੀ ਮਜ਼ਦੂਰ। ਉਹ ਟੱਬਰ ਦੇ ਗੁਜ਼ਾਰੇ, ਸਿੱਖਿਆ ਅਤੇ ਸਿਹਤ ਦੀਆਂ ਲੋੜਾਂ ਦਾ ਸਿਲਸਿਲਾ ਚਲਦਾ ਰੱਖਣ ਲਈ ਇਕ ਵਾਰ ਫੇਰ ਕਰਜ਼ਾ ਲੈਂਦੀਆਂ ਹਨ। ਰੰਜਨਾ ਸੰਕਟ ਦੀ ਮਾਰ ਤੋਂ ਜ਼ਿੰਦਾ ਬਚਣ ਵਾਲਿਆਂ ਦੀਆਂ ਦਿਲ ਹਿਲਾਊ ਕਹਾਣੀਆਂ ਬਿਆਨ ਕਰਦੀ ਹੈ, ਪਰ ਇਸ ਲਿਖਤ 'ਚ ਬਿਆਨ ਕੀਤੀਆਂ ਕਹਾਣੀਆਂ ਹੋਰ ਵੀ ਦਿਲ ਕੰਬਾਊ ਹਨ: 13 ਸਾਲ ਦੇ ਇਕ ਲੜਕੇ ਦੀ ਵਿਥਿਆ ਜੋ ਆਪਣੇ ਪਰਿਵਾਰ ਵਲੋਂ ਉਸਦੀ ਪੜ੍ਹਾਈ ਦਾ ਖ਼ਰਚ ਨਾ ਦੇ ਸਕਣ ਕਾਰਨ ਆਪਣੀ ਜਾਨ ਲੈ ਲੈਂਦਾ ਹੈ, ਜਾਂ ਇਕ ਧੀ ਦੀ ਵਿਥਿਆ ਜਿਸਨੂੰ ਉਸ ਦੇ ਬਾਪ ਦੀ ਮੌਤ ਤੋਂ ਪਿੱਛੋਂ ਬਿਨਾਂ ਦਾਜ ਵਿਆਹ ਦਿੱਤਾ ਜਾਂਦਾ ਹੈ, ਜਿਸ ਦਾ ਬਾਪ ਖ਼ੁਦਕੁਸ਼ੀ ਕਰ ਗਏ ਕਿਸਾਨਾਂ ਦੀ ਸੂਚੀ ਦਾ ਇਕ ਹੋਰ ਨਾਂ ਬਣ ਗਿਆ ਸੀ; ਵਿਆਹੇ ਜਾਣ ਤੋਂ ਇਕ ਸਾਲ ਬਾਅਦ, ਆਪਣੇ ਸਹੁਰੇ ਘਰ ਜ਼ਲਾਲਤ ਨਾ ਸਹਾਰਦਿਆਂ ਉਸਨੇ ਆਪਣੀ ਜਾਨ ਲੈ ਲਈ। ਪਿੱਛੇ ਮ੍ਰਿਤਕ ਪਤੀ ਅਤੇ ਮ੍ਰਿਤਕ ਧੀ ਦੀ ਮਾਂ ਇਕੱਲੀ ਰਹਿ ਗਈ। ਦਾਜ ਲਈ ਪੈਸੇ ਦਾ ਇੰਤਜ਼ਾਮ ਕਰਨ ਤੋਂ ਅਸਮਰੱਥ ਕਈ ਬੰਦੇ ਆਪਣੀ ਜਾਨ ਲੈ ਲੈਂਦੇ ਹਨ। ਕੁਝ ਮਾਨਵ-ਵਿਗਿਆਨੀਆਂ ਅਨੁਸਾਰ ਦਾਜ ਵਿਆਹ ਮੌਕੇ ਧੀ ਨੂੰ ਐਸੀ ਪੇਸ਼ਗੀ ਅਦਾਇਗੀ ਹੈ ਜਿਸ ਨਾਲ ਉਸਦਾ ਮਾਪਿਆਂ ਦੀ ਜਾਇਦਾਦ ਵਿਚੋਂ ਹਿੱਸੇ ਦਾ ਦਾਅਵਾ ਖਾਰਜ ਹੋ ਗਿਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਇਹ ਵਿਅੰਗ ਹੀ ਹੈ ਕਿ ਅਖੌਤੀ ਪੇਸ਼ਗੀ ਅਦਾਇਗੀ ਦਾ ਇਹ 'ਤੋਹਫ਼ਾ' ਧੀ ਨੂੰ ਜਨਮ ਦੇਣ ਵਾਲੇ

ਪਰਿਵਾਰ ਸਿਰ ਕਰਜ਼ੇ ਦੇ ਚੱਕਰ ਦੀ ਸ਼ਕਲ 'ਚ ਆਪਣੀ ਰਹਿੰਦ-ਖੂੰਹਦ ਛੱਡ ਜਾਂਦਾ ਹੈ ਜੋ ਪਰਿਵਾਰ ਲਈ ਸੱਚੀਂਮੁੱਚੀਂ ਦਾ ਮੌਤ ਦਾ ਫੰਦਾ ਬਣ ਸਕਦਾ ਹੈ। ਅਤੇ ਫੇਰ ਵੀ ਇਸ ਰਿਵਾਜ ਨੂੰ ਪ੍ਰਣਾਈ ਔਰਤਾਂ ਅਤੇ ਮਰਦਾਂ ਦੀ ਨੌਜਵਾਨ ਪੀੜ੍ਹੀ ਦਾਜ ਦਾ ਦਾਅਵਾ ਜਾਰੀ ਰੱਖਦਿਆਂ ਮਾਵਾਂ ਅਤੇ ਟੱਬਰ ਦੇ ਹੋਰ ਜੀਆਂ ਦੇ ਜਜ਼ਬਾਤਾਂ ਨੂੰ ਬਲੈਕ ਮੇਲ ਕਰ ਸਕਦੀ ਹੈ ਅਤੇ ਇੰਞ ਕਰਜੇ ਦੇ ਚੱਕਰ ਨੂੰ ਕਾਇਮ ਰੱਖ ਸਕਦੀ ਹੈ। ਜਜ਼ਬਾ ਪਦਾਰਥਕ ਰਿਸ਼ਤਿਆਂ ਦੀ ਰੂਹ ਹੈ, ਸਾਨੂੰ ਇਸ ਗੁੰਝਲਦਾਰ ਸਚਾਈ ਨੂੰ ਪ੍ਰਵਾਨ ਕਰਨ ਦੀ ਲੋੜ ਹੈ।

ਔਰਤਾਂ ਦੀ ਅਲਹਿਦਗੀ ਅਤੇ ਸੰਤਾਪ ਪ੍ਰਤੀ ਸੰਵੇਦਨਸ਼ੀਲ ਬੰਦੇ ਨੂੰ ਰੰਜਨਾ ਦੇ ਵਿਸ਼ਲੇਸ਼ਣ ਦਾ ਮੁਤਾਲਿਆ ਕਰਨ ਲਈ ਕਿਵੇਂ ਨਾ ਕਿਵੇਂ ਲਾਜ਼ਮੀ ਤਾਕਤ ਜੁਟਾਉਣੀ ਚਾਹੀਦੀ ਹੈ ਜੋ ਔਰਤਾਂ ਦੇ ਸਵੈਮੁਖੀ ਤਜ਼ਰਬਿਆਂ ਨੂੰ ਪਕੜਨ 'ਚ ਕਾਮਯਾਬ ਹੋਇਆ ਹੈ ਅਤੇ ਇਸ ਜ਼ਰੀਏ ਖ਼ੁਦਕੁਸ਼ੀਆਂ ਨੂੰ ਨਿਰੇ ਅੰਕੜਿਆਂ 'ਚ ਬਦਲਣ ਤੋਂ ਇਨਕਾਰੀ ਹੈ ਜੋ ਸਜਿੰਦ ਤਜ਼ਰਬੇ ਦੀਆਂ ਹਕੀਕਤਾਂ ਨੂੰ ਮੇਸ ਦਿੰਦੇ ਹਨ। ਇਸ ਲਈ, ਕਿਤਾਬ ਦੀਆਂ ਅਨੇਕਾਂ ਖ਼ੂਬੀਆਂ ਵਿਚੋਂ ਇਕ ਹੈ ਇਸ ਵਲੋਂ ਔਰਤਾਂ ਦੀਆਂ ਜ਼ਿੰਦਗੀਆਂ ਨੂੰ ਜ਼ਬਰਦਸਤ ਦਸਤਾਵੇਜ਼ੀ ਰੂਪ ਦੇਣਾ, ਅਤੇ ਇਤਿਹਾਸ ਸਬੰਧੀ ਇਸਦੀ ਬੇਥਾਹ ਪੁਰਾਤਤਵ ਕੀਮਤ, ਹਾਲਾਂਕਿ ਇਸ ਵਲੋਂ ਬਿਆਨ ਕੀਤਾ ਫੋਕਸ ਹੈ ਪੰਜ ਪਾਣੀਆਂ ਦੀ ਧਰਤੀ ਦੇ ਜ਼ਰੱਈ ਸੰਕਟ ਵਿਰੁੱਧ ਸੰਘਰਸ਼ ਦਾ ਰਾਹ ਤਲਾਸ਼ਣਾ, ਜਿਸਦੀ ਤਸਵੀਰ ਕਿਤਾਬ ਦੇ ਸਿਰਲੇਖ 'ਚ ਝਲਕਦੀ ਹੈ ਅਤੇ ਜੋ ਸਾਡੇ ਸਮਿਆਂ ਦੇ ਪੰਜਾਬ ਬਾਰੇ ਢੁੱਕਵਾਂ ਵਿਅੰਗ ਹੈ।

ਉਮਾ ਚਕਰਵਰਤੀ
ਨਵੀਂ ਦਿੱਲੀ
ਅਕਤੂਬਰ, 2011



ਭੂਮਿਕਾ

ਇਸ ਕਿਤਾਬ ਦਾ ਉਦੇਸ਼

ਅਸੀਂ ਬਹੁਤ ਸਾਰੀਆਂ ਤਲਖ਼ ਹਕੀਕਤਾਂ 'ਚ ਰਹਿਣਾ ਸਿੱਖ ਰਹੇ ਹਾਂ, ਹਰੇਕ ਆਪਣੇ ਹੀ ਤਰੀਕੇ ਨਾਲ ਅਕਹਿ ਮਨੁੱਖੀ ਸੰਤਾਪ ਅਤੇ ਹੱਤਕ ਪੱਖੋਂ ਨਿਆਰੀ ਹੈ। ਸ਼ਾਇਦ ਸਭ ਤੋਂ ਘ੍ਰਿਣਤ ਹੈ ਸਮਾਜ ਦੇ ਅੰਨ ਦਾਤਿਆਂ ਦਾ ਜ਼ਹਿਰਾਂ ਪੀ ਕੇ ਜਾਂ ਫਾਹਾ ਲੈਕੇ ਆਪਣੀ ਜੀਵਨ ਲੀਲਾ ਖ਼ਤਮ ਕਰਨਾ। ਉਹ ਅੰਨ ਪੈਦਾ ਕਰਨ ਵਾਲੇ ਹਨ; ਅਸੀਂ ਖਪਤਕਾਰ ਹਾਂ। ਅਸੀਂ ਹਫੜਾਦਫੜੀ ਵਾਲੇ ਮਹਾਂਨਗਰ ਦੇ ਵਾਸੀ ਆਪਣੀ ਸਭ ਤੋਂ ਨੇੜਲੀ ਦੁਕਾਨ ਤੋਂ ਲੋੜੀਂਦੀਆਂ ਚੀਜ਼ਾਂ ਖ਼ਰੀਦਣ ਸਮੇਂ ਹੀ ਖੇਤੀ ਨਾਲ ਵਾਬਸਤਾ ਹੁੰਦੇ ਹਾਂ, ਜੋ ਉਂਵ ਗੁਜ਼ਾਰੇ ਦਾ ਸਭ ਤੋਂ ਬੁਨਿਆਦੀ ਵਸੀਲਾ ਹੈ। ਆਖ਼ਿਰ ਕਣਕ ਅਤੇ ਝੋਨੇ ਦੇ ਖੇਤਾਂ ਤੋਂ ਸਾਡੀ ਇਹ ਅਲਹਿਦਗੀ ਅਤੇ ਸਖ਼ਤ ਮਿਹਨਤੀ ਕਿਸਾਨੀ ਨੂੰ ਅਣਡਿੱਠ ਕਰਨ ਦਾ ਵਰਤਾਰਾ ਤਿੜਕਣਾ ਸ਼ੁਰੂ ਹੋ ਗਿਆ ਹੈ ਕਿਉਂਕਿ ਅੱਜ ਦੇ ਸਮਿਆਂ ਵਿਚ ਖਾਣਾ ਖਾਂਦੇ ਹੋਏ ਟੀ ਵੀ ਦੀਆਂ ਖ਼ਬਰਾਂ ਸੁਣਨਾ ਹੁਣ ਅਸਾਨ ਨਹੀਂ ਰਿਹਾ। ਵਿਦਰਭਾ ਖੇਤਰ, ਕੇਰਲਾ ਤੋਂ ਲੈਕੇ ਪੰਜਾਬ ਤੱਕ, ਕਈ ਸੂਬਿਆਂ ਤੋਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਸੁਰਖ਼ੀਆਂ ਬਣਕੇ ਪ੍ਰਸਾਰਿਤ ਹੁੰਦੀਆਂ ਰਹਿੰਦੀਆਂ ਹਨ। ਜਿਸ ਰੋਟੀ ਅਤੇ ਚੌਲਾਂ ਨਾਲ ਅਸੀਂ ਢਿੱਡ ਭਰਦੇ ਹਾਂ ਉਸ ਦੀ ਪੈਦਾਵਾਰ ਕਰਨ 'ਚ ਕਿਸ ਦਾ ਖ਼ੂਨ-ਪਸੀਨਾ ਵਗਿਆ ਸੀ—ਕੀ ਇਹ ਅੰਨ ਪੈਦਾ ਕਰਨ ਵਾਲਾ ਕਿਸਾਨ ਹੁਣ ਜਿਉਂਦਾ ਵੀ ਹੈ? ਖੇਤੀਬਾੜੀ ਦੇ ਸੰਕਟ ਨੂੰ ਸਮਝਣ ਲਈ ਅਰਥਸ਼ਾਸਤਰੀ ਜਾਂ ਸਮਾਜ ਸ਼ਾਸਤਰੀ ਹੋਣਾ ਜ਼ਰੂਰੀ ਨਹੀਂ ਹੈ; ਬਸ ਇਨਸਾਨੀਅਤ ਦੀ ਜ਼ਰੂਰਤ ਹੈ ਕਿਉਂਕਿ ਹੋਰ ਕੁਝ ਵੀ ਸਾਨੂੰ ਖਾਣੇ ਤੋਂ ਵੱਧ ਬੁਨਿਆਦੀ ਰੂਪ 'ਚ ਜ਼ਿੰਦਗੀ ਨਾਲ ਨਹੀਂ ਜੋੜਦਾ। ਜੇ ਇਹ ਅੰਨਦਾਤਾ ਖ਼ੁਦ ਹੀ ਜ਼ਿੰਦਗੀ ਤੇ ਮੌਤ ਦੀ ਸਖ਼ਤ ਲੜਾਈ ਲੜ ਰਿਹਾ ਹੈ ਤਾਂ ਕੁਝ ਨਾ ਕੁਝ ਗੰਭੀਰ ਤੌਰ 'ਤੇ ਗ਼ਲਤ ਜ਼ਰੂਰ ਹੈ। ਇਸ ਭਿਆਨਕ ਹਕੀਕਤ ਦੀ ਹੋਰ ਥਾਹ ਪਾਉਣ ਲਈ ਮੈਨੂੰ ਖੇਤੀਬਾੜੀ ਦੇ ਧੁੰਦਲੇ ਪਾਸੇ ਦੇ ਕੁਝ ਕਦਮ ਹੋਰ ਨੇੜੇ ਜਾਣਾ ਪਿਆ। ਇਕੋ ਇਕ ਸਵਾਲ ਜੋ ਮੈਨੂੰ ਬੇਚੈਨ ਕਰਦਾ ਰਿਹਾ ਉਹ ਸੀ ਖ਼ੁਦਕੁਸ਼ੀ ਤੋਂ ਬਾਅਦ ਦੀ ਹਾਲਤ। ਯਾਨੀ ਔਰਤਾਂ ਹੌਲਨਾਕ ਹਾਲਤਾਂ ਨਾਲ ਕਿਵੇਂ ਨਜਿੱਠ ਰਹੀਆਂ ਹਨ ਅਤੇ ਵੱਧ ਅਹਿਮ ਇਹ ਕਿ ਆਪਣੀਆਂ ਅਤੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਿਵੇਂ ਕਰ ਰਹੀਆਂ ਹਨ।

ਅਸਲ ਵਿਚ ਖ਼ੁਦਕੁਸ਼ੀਆਂ ਤਾਂ ਇਕ ਵਧੇਰੇ ਡੂੰਘੀ ਮਰਜ਼ ਦਾ ਲੱਛਣ ਹਨ ਜੋ ਸਮੁੱਚੀ ਕਿਸਾਨੀ ਦੇ ਕਿਸਾਨੀ ਕਿੱਤੇ 'ਚੋਂ ਬਾਹਰ ਹੋਣ ਦੇ ਅਮਲ ਨੂੰ ਦਰਸਾਉਂਦੀਆਂ ਹਨ। ਹੁਣ ਤੱਕ ਦਰਜ ਕੀਤੀਆਂ ਗਈਆਂ ਢਾਈ ਲੱਖ ਤੋਂ ਵੱਧ ਖ਼ੁਦਕੁਸ਼ੀਆਂ ਦਾ ਵਰਤਾਰਾ ਲੱਖਾਂ ਹੋਰ ਕਿਸਾਨਾਂ ਦੀ ਹਕੀਕਤ ਵੱਲ ਗੰਭੀਰਤਾ ਨਾਲ ਧਿਆਨ ਖਿੱਚਦਾ ਹੈ, ਖ਼ਾਸ ਕਰਕੇ ਖੇਤ ਮਜ਼ਦੂਰਾਂ ਦੀ ਹਾਲਤ ਵੱਲ ਜੋ ਇਸ ਦੇਸ਼ 'ਚ ਤਬਾਹੀ ਦੇ ਕੰਢੇ ਪਹੁੰਚੇ ਹੋਏ ਹਨ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਤਕਰੀਬਨ ਸਾਰੇ ਅਧਿਐਨਾਂ ਅਤੇ ਅਖ਼ਬਾਰੀ ਰਿਪੋਰਟਾਂ 'ਚ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀ ਰਿਪੋਰਟ ਨਹੀਂ ਹੁੰਦੀ। ਮਿਸਾਲ ਵਜੋਂ, ਪੰਜਾਬ ਅੰਦਰ ਬਠਿੰਡਾ ਅਤੇ ਸੰਗਰੂਰ ਦੋ ਜ਼ਿਲ੍ਹਿਆਂ ਵਿਚ ਜੋ ਕੁਲ 2890 ਖ਼ੁਦਕੁਸ਼ੀਆਂ ਦੇ ਮਾਮਲੇ ਲਏ ਗਏ, ਉਨ੍ਹਾਂ ਵਿਚ

61% ਕਿਸਾਨਾਂ ਦੀਆਂ ਅਤੇ 39% ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਸਨ। ਇਸ ਵਰਤਾਰੇ ਨੂੰ ਜ਼ਿਆਦਾਤਰ ਖੇਤੀਬਾੜੀ ਬਾਰੇ ਨੀਤੀ ਦੀ ਅਸਫ਼ਲਤਾ ਦਾ ਨਤੀਜਾ ਸਮਝਿਆ ਜਾਂਦਾ ਹੈ, ਜੋ ਆਏ ਦਿਨ ਵੱਧ ਡਾਵਾਂਡੋਲ ਹੁੰਦੀ ਜਾ ਰਹੀ ਹੈ। ਫੇਰ ਵੀ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਕਰਜ਼ਾਈ ਹੋਣ ਬਾਰੇ ਜੋ ਅਧਿਐਨ ਕੀਤੇ ਜਾ ਰਹੇ ਹਨ ਉਨ੍ਹਾਂ ਵਿਚ ਖੇਤ ਮਜ਼ਦੂਰਾਂ ਜਾਂ ਕਿਸਾਨਾਂ ਦੇ ਪਰਿਵਾਰਾਂ ਅਤੇ ਘਰਾਂ ਦੀ ਹਾਲਤ ਸਾਹਮਣੇ ਨਹੀਂ ਆ ਰਹੀ, ਉਸ ਨੂੰ ਸਿਰਫ਼ ਆਪਣੀ ਕਿਰਤ ਜਾਂ ਉਪਜ ਵੇਚਣ ਵਾਲੇ ਅੰਨਦਾਤੇ ਵਜੋਂ ਹੀ ਦੇਖਿਆ ਜਾਂਦਾ ਹੈ। ਕਿਸਾਨ, ਚਾਹੇ ਉਹ ਮਰਦ ਹੈ ਜਾਂ ਔਰਤ—ਸਿਰਫ਼ ਖੇਤੀਬਾੜੀ ਦੇ ਲਾਗਤ ਖ਼ਰਚੇ ਪੂਰੇ ਕਰਨ ਲਈ ਹੀ ਕਰਜ਼ਾ ਨਹੀਂ ਲੈਂਦਾ। ਜਦੋਂ ਉਹ ਸਮਾਜ ਤੇ ਇਸਦੇ ਲੋਕਾਂ ਲਈ ਅੰਨ ਪੈਦਾ ਕਰਦੇ ਹਨ ਤਾਂ ਖੇਤੀਬਾੜੀ ਉੱਪਰ ਨਿਰਭਰ ਇਨ੍ਹਾਂ ਜ਼ਿੰਦਗੀਆਂ ਨੇ ਆਪਣੀਆਂ ਹੋਰ ਲੋੜਾਂ ਵੀ ਤਾਂ ਪੂਰੀਆਂ ਕਰਨੀਆਂ ਹੁੰਦੀਆਂ ਹਨ। ਇਹ ਲੋੜਾਂ ਢਿੱਡ ਭਰਨ ਲਈ ਖਾਣਾ ਤੇ ਹੋਰ ਜ਼ਰੂਰੀ ਲੋੜਾਂ, ਬੱਚਿਆਂ ਦੀ ਪੜ੍ਹਾਈ ਅਤੇ ਨੌਕਰੀ, ਵਿਆਹ-ਸ਼ਾਦੀ, ਸਿਹਤ ਸੰਭਾਲ ਆਦਿ ਦੀਆਂ ਹਨ। ਉਨ੍ਹਾਂ ਦੇ ਕੁਝ ਸੁਪਨੇ ਅਤੇ ਰੀਝਾਂ ਹੁੰਦੀਆਂ ਹਨ ਕਿ ਉਹ ਵੱਧ ਮਾਣ-ਸਨਮਾਨ ਵਾਲੀ ਜ਼ਿੰਦਗੀ ਜਿਊਣ। ਭਾਵੇਂ ਸੁਪਨੇ ਅਧੂਰੇ ਹੀ ਰਹਿ ਜਾਂਦੇ ਹਨ, ਫੇਰ ਵੀ ਮਜ਼ਦੂਰ ਜਮਾਤ ਅਤੇ ਕਿਸਾਨੀ ਸੁਪਨਿਆਂ ਨੂੰ ਹਿੱਕ ਨਾਲ ਲਾਈ ਰੱਖਦੀ ਹੈ। ਨਵੇਂ ਸੰਸਾਰ ਪ੍ਰਬੰਧ ਵਿਚ ਜੋਖ਼ਮ ਹੋਰ ਵੀ ਵਧੇਰੇ ਹਨ; ਇਸ ਕਰਕੇ ਆਪਣੀਆਂ ਰੀਝਾਂ ਦਾ ਪੱਲਾ ਘੁੱਟ ਕੇ ਫੜ੍ਹੀ ਰੱਖਣਾ ਵੱਧ ਜ਼ਰੂਰੀ ਹੋ ਗਿਆ ਹੈ ਅਤੇ ਮੁਸ਼ਕਲ ਵੀ। ਕਿਉਂਕਿ ਇਸ ਦੌਰਾਨ, ਖੇਤੀਬਾੜੀ ਲਾਗਤਾਂ ਦੀਆਂ ਵਧ ਰਹੀਆਂ ਕੀਮਤਾਂ, ਮੰਡੀਆਂ ਦੇ ਅਸਥਿਰ ਭਾਅ, ਵਧ ਰਹੇ ਕਰਜ਼ੇ, ਅਣਕਿਆਸਿਆ ਮੌਸਮ, ਫ਼ਸਲਾਂ ਦਾ ਫੇਲ੍ਹ ਹੋਣਾ, ਨਕਲੀ ਬੀਜ ਅਤੇ ਹੋਰ ਕਈ ਕਾਰਕ ਉਨ੍ਹਾਂ ਦੀ ਜਾਨ ਦਾ ਖੌਅ ਬਣੇ ਹੋਏ ਹਨ। ਖੇਤੀਬਾੜੀ ਦੇ ਲਾਗਤ ਖ਼ਰਚੇ ਖੇਤੀਬਾੜੀ ਵਿਚੋਂ ਹੋਣ ਵਾਲੀ ਆਮਦਨੀ ਤੋਂ ਵਧ ਚੁੱਕੇ ਹਨ। ਮਰਦ ਕਿਸਾਨ ਨੂੰ ਪਿਤਾ-ਪੁਰਖੀ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਬਾਪ, ਪੁੱਤ ਜਾਂ ਭਰਾ ਵਜੋਂ ਘਰ ਦਾ ਮੁਖੀ ਮੰਨਿਆ ਜਾਂਦਾ ਹੈ। ਉਹ ਘਰ ਦਾ ਤੋਰਾ ਤੋਰਨ ਅਤੇ ਹੋਰ ਜ਼ਿੰਮੇਵਾਰੀਆਂ ਨਿਭਾਉਣ ਪੱਖੋਂ ਭਾਰੀ ਦਬਾਅ ਹੇਠ ਆਇਆ ਹੋਇਆ ਹੈ। ਕਰਮਦਾਤਾ ਦੀ ਭੂਮਿਕਾ ਦਬਾਅ ਹੇਠ ਆਉਂਦੀ ਹੈ ਤਾਂ ਹਰ ਕਿਸੇ ਦੀ ਦੇਖਭਾਲ ਕਰਨ ਦੀ ਮਰਦ ਹਉਮੈਂ ਨੂੰ ਵਾਰ-ਵਾਰ ਸੱਟ ਵੱਜਦੀ ਹੈ ਅਤੇ ਉਸ ਦੇ ਅੰਦਰ ਜ਼ਿੰਦਗੀ ਵਿਅਰਥ ਹੋਣ ਦੀ ਭਾਵਨਾ ਹੌਲੀ-ਹੌਲੀ ਵਧਦੀ ਜਾਂਦੀ ਹੈ ਜਿਸ ਨਾਲ ਉਹ ਅੰਦਰੋ ਅੰਦਰੀ ਘੁਲਦੇ ਰਹਿਣ ਦਾ ਆਦੀ ਹੋ ਜਾਂਦਾ ਹੈ ਅਤੇ ਕਿਸੇ ਨਾਲ ਇਹ ਦੁੱਖ ਸਾਂਝਾ ਨਹੀਂ ਕਰਦਾ। ਕਿਉਂਕਿ ਖ਼ੁਦਕੁਸ਼ੀ ਦੇ ਕਾਰਨ ਇਕ ਦੂਜੇ ਨਾਲ ਰਲ਼ਗੱਡ ਹੁੰਦੇ ਹਨ ਇਸ ਲਈ ਇਹ ਧੁੰਦਲੇ ਪੈ ਜਾਂਦੇ ਹਨ ਅਤੇ ਕੋਈ ਵੀ ਘਟਨਾ ਖ਼ੁਦਕੁਸ਼ੀ ਵੱਲ ਧੱਕਣ ਦਾ ਕਾਰਨ ਬਣ ਸਕਦੀ ਹੈ। ਬੇਇੱਜ਼ਤੀ, ਸਵੈਮਾਣ ਨੂੰ ਠੇਸ ਅਤੇ ਆੜ੍ਹਤੀਆਂ ਅਤੇ ਕਰਜ਼ਾ ਵਸੂਲਣ ਵਾਲਿਆਂ ਹੱਥੋਂ ਜ਼ਲਾਲਤ ਇਸ ਵਿਚ ਯੋਗਦਾਨ ਪਾਉਂਦੇ ਹਨ। ਆਪਣੇ ਬੱਚਿਆਂ ਦਾ ਢਿੱਡ ਨਾ ਭਰ ਸਕਣ ਜਾਂ ਉਨ੍ਹਾਂ ਦੀਆਂ ਸਕੂਲ ਦੀਆਂ ਫ਼ੀਸਾਂ ਨਾ ਤਾਰ ਸਕਣ ਦਾ ਅਸਹਿ ਸੰਤਾਪ ਅਕਸਰ ਹੀ ਤਬਾਹਕੁਨ ਅਤੇ ਪੂਰੀ ਤਰ੍ਹਾਂ ਨਿਚੋੜ ਸੁੱਟਣ ਵਾਲਾ ਹੁੰਦਾ ਹੈ। ਫ਼ਸਲਾਂ ਫੇਲ੍ਹ ਹੋ ਜਾਣ ਜਾਂ ਥੋੜ੍ਹੀ ਜਾਂ ਬਿਲਕੁਲ ਅਦਾਇਗੀ ਨਾ ਹੋਣ ’ਤੇ ਅਕਸਰ

ਹੀ ਰਹਿੰਦੀ ਕਸਰ ਵੀ ਪੂਰੀ ਹੋ ਜਾਂਦੀ ਹੈ। ਇਹ ਕਰਜ਼ਾ ਮੋੜਨ ਲਈ ਜ਼ਮੀਨ ਵੇਚਣ ਦਾ ਮਾਮਲਾ ਵੀ ਹੋ ਸਕਦਾ ਹੈ। ਇਸ ਸਮੁੱਚੇ ਅਮਲ ਵਿਚ, ਅਕਸਰ ਹੀ ਔਰਤਾਂ ਤੋਂ ਇਨ੍ਹਾਂ ਸਾਰੀਆਂ ਘਟਨਾਵਾਂ ਦਾ ਲੁਕੋ ਰੱਖਿਆ ਜਾਂਦਾ ਹੈ। ਅਕਸਰ ਹੀ, ਖ਼ੁਦਕੁਸ਼ੀ ਤੋਂ ਬਾਅਦ ਉਸ ਦਾ ਸਹੁਰਾ ਜਾਂ ਪੰਚਾਇਤ ਮੈਂਬਰ ਜਾਂ ਖ਼ੁਦ ਆੜ੍ਹਤੀਆ ਕਰਜ਼ੇ ਦਾ ਭੇਦ ਖੋਹਲਦਾ ਹੈ। ਜਨਤਕ ਅਤੇ ਨਿੱਜੀ ਵਿਚਕਾਰ ਇਹ ਪਾੜਾ ਬਹੁਤ ਹੀ ਮਹਿੰਗਾ ਅਤੇ ਦਰਦਨਾਕ ਹੁੰਦਾ ਹੈ। ਸਮਾਜਿਕ ਅਤੇ ਆਰਥਕ ਜਾਂ ਪਰਿਵਾਰ ਅਤੇ ਕੰਮ ਦਰਮਿਆਨ ਇਹ ਪਾੜਾ ਹੀ ਹੈ ਜੋ ਸਮਾਜ ਦੀ ਬੁਨਿਆਦੀ ਇਕਾਈ—ਟੱਬਰ—ਤੋਂ ਲੈ ਕੇ ਸਾਡੀਆਂ ਕੁਲ ਨੀਤੀਆਂ, ਸੰਸਥਾਵਾਂ, ਕੀਤੇ ਜਾਣ ਵਾਲੇ ਉਪਾਵਾਂ ਤੱਕ ਪ੍ਰਤੀਬਿੰਬਤ ਹੁੰਦਾ ਹੈ—ਜੋ ਹਾਸ਼ੀਏ ’ਤੇ ਧੱਕੀਆਂ ਜ਼ਿੰਦਗੀਆਂ ਦੀ ਸਜਿੰਦ ਹਕੀਕਤ ਪ੍ਰਤੀ ਵਡੇਰੇ ਸਮਾਜ ਦੇ ਰਵੱਈਆਂ ਅਤੇ ਸੋਝੀ ਬਾਰੇ ਜਾਣਕਾਰੀ ਦਿੰਦਾ ਹੈ। ਇਸ ਦੁਫੇੜ ਦਾ ਵਿਚਾਰਧਾਰਕ ਅਧਾਰ ਔਰਤਾਂ, ਖ਼ਾਸ ਕਰਕੇ ਜਿਹੜੀਆਂ ਖ਼ੁਦਕੁਸ਼ੀਆਂ ਦੇ ਅਸਰਾਂ ਨੂੰ ਝੱਲ ਜਾਂਦੀਆਂ ਹਨ, ਲਈ ਬਹੁਤ ਹੀ ਚੁੱਭਵਾਂ ਬਣ ਜਾਂਦਾ ਹੈ। ਖ਼ੁਦਕੁਸ਼ੀ ਦੇ ਵਿਸ਼ੇਸ਼ ਮਾਮਲੇ ਤੋਂ ਲੈ ਕੇ ਸਮਾਜ ਦੇ ਵੱਡੇ ਦ੍ਰਿਸ਼ ਤੱਕ—ਢਾਂਚਾਗਤ ਹਕੀਕਤਾਂ ਚੋਂ ਪੈਦਾ ਹੁੰਦੀ ਖ਼ਾਮੋਸ਼ੀ ਸਭ ਤੋਂ ਨੁਕਸਾਨਦੇਹ ਹੈ। ਔਰਤ ਦੀ ਕਿਰਤ ਦਾ ਅਦਿਖ ਹੋਣਾ ਅਤੇ ਪਰਿਵਾਰ ਨੂੰ ਚਲਾਉਣ ’ਚ ਉਸ ਦੇ ਯੋਗਦਾਨ ਦਾ ਨਿਖੇਧ ਆਪਣੇ ਚਿਰ-ਸਥਾਈ ਸਿੱਟਿਆਂ ਪੱਖੋਂ ਉਸੇ ਤਰ੍ਹਾਂ ਗੰਭੀਰ ਹੈ ਜਿਵੇਂ ਮੰਦਹਾਲੀ ਦੇ ਸ਼ਿਕਾਰ ਕਿਸਾਨ ਦੀ ਆਪਣੇ ਅੰਦਰ ਚੱਲ ਰਹੀ ਜ਼ਿੰਦਗੀ-ਮੌਤ ਦੀ ਉੱਥਲ-ਪੁੱਥਲ ਆਪਣੇ ਸਭ ਤੋਂ ਕਰੀਬੀ ਮੈਂਬਰਾਂ ਨੂੰ ਜ਼ਾਹਰ ਨਾ ਹੋਣ ਦੇਣ ਵਾਲੀ ਖ਼ਾਮੋਸ਼ੀ। ਤਦ ਕੀ ਖ਼ੁਦਕੁਸ਼ੀ ਦਾ ਸਹਾਰਾ ਲੈਣਾ ਕਿਸਾਨੀ ਦੀ ਘੋਰ ਲੁੱਟਮਾਰ ਤੋਂ ਨਾਬਰੀ ਦੀ ਕਾਰਵਾਈ ਹੈ? ਜਾਂ ਇਕ ਕਾਤਲ ਸਮਾਜ ਅਤੇ ਇਸ ਦੀਆਂ ਸੰਸਥਾਵਾਂ ਅਤੇ ਸੱਭਿਆਚਾਰਕ ਦਸਤੂਰਾਂ ਹੱਥੋਂ ਹਾਰ ਹੈ? ਜਦੋਂ ਉਹ ਮਰਦੇ ਹਨ, ਕੀ ਉਹ ਉਸ ਸਮੁੱਚੇ ਸਮਾਜ ਨੂੰ ਲਾਅਨਤ ਪਾ ਰਹੇ ਹੁੰਦੇ ਹਨ ਜੋ ਉਨ੍ਹਾਂ ਨੂੰ ਇਸ ਜਹਾਨੋਂ ਰੁਖ਼ਸਤ ਹੋ ਜਾਣ ਲਈ ਮਜਬੂਰ ਕਰਦਾ ਹੈ? ਕੀ ਉਨ੍ਹਾਂ ਦੀ ਚੀਕ ਅਤੇ ਜ਼ਿੰਦਗੀ ਲਈ ਤਾਂਘ ਤੁਹਾਡੀ ਜਾਂ ਮੇਰੀ ਤਾਂਘ ਨਾਲੋਂ ਵੱਧ ਤਿੱਖੀ ਸੀ? ਜੇ ਇੰਞ ਹੈ ਤਾਂ ਕਿਸਾਨੀ ਦੀਆਂ ਖ਼ੁਦਕੁਸ਼ੀਆਂ ਬਾਰੇ ਕੋਈ ਵੀ ਕੰਮ ਦਹਿ-ਲੱਖਾਂ ਹੋਰ ਕਿਸਾਨਾਂ ਦੀ ਹਾਲਤ ਵੱਲ ਸਾਡਾ ਧਿਆਨ ਖਿੱਚਦਾ ਹੈ ਜੋ ਹਰ ਤਰ੍ਹਾਂ ਦੀਆਂ ਮੁਸ਼ਕਲਾਂ ’ਚ ਜ਼ਿੰਦਾ ਰਹਿ ਰਹੇ ਹਨ। ਇਵੇਂ ਹੀ, ਇੱਥੇ ਪੇਸ਼ ਕੀਤੇ ਸਿੱਟੇ ਅਤੇ ਟਿੱਪਣੀਆਂ ਜ਼ਰੱਈ ਸੰਕਟ ਬਾਰੇ ਅਤੇ ਨਾਲ ਹੀ ਪੰਜਾਬ ਵਿਚ ਅਤੇ ਹੋਰ ਥਾਈਂ ਕਿਸਾਨ ਘੋਲਾਂ ਬਾਰੇ ਸਾਹਿਤ ਅਤੇ ਖੋਜ ਦੀ ਸਾਰਥਕਤਾ ’ਚ ਵਾਧਾ ਕਰਨਗੇ, ਕਿਸੇ ਤੋਂ ਕਿਸੇ ਤਰ੍ਹਾਂ ਕੁਝ ਲਏ ਬਗ਼ੈਰ।

ਮੂਲ ਰੂਪ ’ਚ, ਇਸ ਕਿਤਾਬ ਦਾ ਉਦੇਸ਼ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਤੋਂ ਬਾਅਦ ਦੀ ਹਾਲਤ ਨੂੰ ਔਰਤਾਂ ਕਿਵੇਂ ਨਜਿੱਠਦੀਆਂ ਹਨ ਦੇ ਮੁੱਦੇ ਵੱਲ ਸਿਆਸੀ ਅਤੇ ਮਨੁੱਖਤਾਵਾਦੀ ਮੁੱਦੇ ਵਜੋਂ ਧਿਆਨ ਖਿੱਚਣਾ ਹੈ ਜੋ ਡੂੰਘੇ ਰੂਪ ’ਚ ਰਵਾਇਤੀ ਅਤੇ ਮਰਦ ਪ੍ਰਧਾਨ ਸਮਾਜ ਅੰਦਰ ਪਹਿਲਾਂ ਹੀ ਹਾਸ਼ੀਏ ’ਤੇ ਧੱਕੀਆਂ ਹੋਈਆਂ ਹਨ। ਇਕ ਮਹੱਤਵਪੂਰਨ ਸਿਆਸੀ ਕਾਰਜ ਵਜੋਂ ਮੈਂ ਜ਼ਾਹਰਾ ਤੋਂ ਅੱਗੇ ਵਧੇਰੇ ਮੁਕੰਮਲ ਤਸਵੀਰ ਪੇਸ਼ ਕਰਨ ਦੀ ਵਾਹ ਲਾ ਰਹੀ ਹਾਂ। ਸਮੁੱਚੇ ਵਿਸ਼ਲੇਸ਼ਣ ’ਚ ਔਰਤਾਂ ਦੇ ਬੋਲ ਅਤੇ ਕੁਝ ਮੋਟੇ-ਠੁੱਲੇ ਅੰਕੜੇ ਇਸ ਸੰਕਟ ਬਾਰੇ ਤੁਹਾਡੇ ਨਾਲ ਸੰਵਾਦ

ਰਚਾਉਣਗੇ, ਜਿੱਥੋਂ ਮੈਂ ਇਸ ਖੇਤਰ 'ਚ ਦਾਖ਼ਲ ਹੋਈ ਅਤੇ ਇਸ ਖੇਤਰ ਦੀ ਮਿਹਨਤਕਸ਼ ਜਮਾਤ ਦੀ ਅਨੰਤ ਗਾਥਾ ਸੁਨਾਉਣਗੇ। ਦੂਜਾ, ਇਸ ਜਗੀਰੂ ਪਿੱਤਰ-ਸੱਤਾਤਮਕ ਸਮਾਜ ਵਿਚ ਵਿਧਵਾਪਨ ਜਿਸ ਅੰਨ੍ਹੇ ਖੂਹ ਦਾ ਮੁਥਾਜ ਹੋ ਜਾਂਦਾ ਹੈ ਉਸ ਖੂਹ ਦੀ ਹੋਰ ਤਫ਼ਤੀਸ਼ ਕਰਨ ਦੀ ਜ਼ਰੂਰਤ ਹੈ ਜੋ ਖ਼ਾਸ ਕਰਕੇ ਇਸ ਮਾਮਲੇ 'ਚ, ਪਿਉ ਵਿਹੂਣੇ ਪਰਿਵਾਰਾਂ ਨੂੰ ਚਲਾਉਣ ਵਿਚ ਅੜਿੱਕਾ ਬਣ ਜਾਂਦਾ ਹੈ। ਪੰਜਾਬ ਵਿਚ "ਵਿਧਵਾਵਾਂ" ਦੀ ਵਧ ਰਹੀ ਗਿਣਤੀ ਨੂੰ ਨਿਰਧਾਰਤ ਕਰਨ ਵਾਲੇ ਅਮਲ ਸਾਡੇ ਧਿਆਨ ਦੀ ਮੰਗ ਕਰਦੇ ਹਨ—ਚਾਹੇ ਇਹ ਰਾਜਨੀਤਕ ਆਰਥਿਕਤਾ ਦੇ ਮੁੱਦੇ ਵਜੋਂ ਹੋਵੇ ਜਾਂ ਸੱਭਿਆਚਾਰਕ ਵਿਹਾਰ ਵਜੋਂ। ਆਪਣੇ ਬਦਲੇ ਹੋਏ ਹਾਲਾਤਾਂ ਬਾਰੇ ਇਹ ਔਰਤਾਂ ਕੀ ਕਹਿੰਦੀਆਂ ਹਨ? ਕੀ ਅਸੀਂ ਔਰਤ ਨੂੰ ਮੌਤ ਤੋਂ ਬਚੀ ਹੋਈ ਮੈਂਬਰ ਵਜੋਂ ਦੇਖਣ ਵੱਲ ਆਪਣੀ ਦ੍ਰਿਸ਼ਟੀ ਘੁੰਮਾ ਸਕਦੇ ਹਾਂ ਜਿਸਨੇ ਭਾਰੀ ਨੁਕਸਾਨਾਂ ਦੇ ਬਾਵਜੂਦ ਜ਼ਿੰਦਗੀ ਦੀਆਂ ਕਮਜ਼ੋਰ ਤੰਦਾਂ ਘੁੱਟ ਕੇ ਫੜ੍ਹੀਆਂ ਹੋਈਆਂ ਹਨ। ਅਜਿਹੀਆਂ ਔਰਤਾਂ ਤਾਂ ਸਗੋਂ ਆਪਣੇ ਅਤੇ ਬੱਚਿਆਂ ਦੇ ਭਵਿੱਖ ਬਾਰੇ ਸੁਪਨਿਆਂ ਨੂੰ ਹੋਰ ਵੀ ਸ਼ਿੱਦਤ ਨਾਲ ਅਪਣਾ ਲੈਂਦੀਆਂ ਹਨ। ਇਹ ਭਵਿੱਖ ਕਿਹੋ ਜਿਹਾ ਰੰਗ-ਢੰਗ ਅਤੇ ਰੂਪ ਅਖ਼ਤਿਆਰ ਕਰੇਗਾ? ਅੰਤ 'ਚ, ਪੰਜਾਬ ਅੰਦਰ ਕਿਸਾਨ ਘਰਾਂ ਦੇ ਹਰੇਕ ਮੈਂਬਰ ਦੀ ਹਸਤੀ ਗ਼ਰੀਬੀ 'ਚ ਲੀਰੋਲੀਰ ਹੋ ਜਾਣ ਅਤੇ ਡੂੰਘੀ ਮੰਦਹਾਲੀ, ਖ਼ਾਸ ਕਰਕੇ ਸੂਬੇ ਨੂੰ ਦੇਸ਼ ਦਾ ਅੰਨ ਦਾ ਭੜੋਲਾ ਬਣਾਉਣ 'ਚ ਸਖ਼ਤ ਘਾਲਣਾ ਘਾਲਣ ਤੋਂ ਬਾਅਦ, ਨੇ ਇਸ ਜ਼ੱਰਈ ਮਾਹੌਲ ਦੀਆਂ ਜ਼ਿੰਦਗੀਆਂ ਨੂੰ ਦਸਤਾਵੇਜ਼ੀ ਰੂਪ ਦੇਣਾ ਸ਼ੁਰੂ ਕਰਨ ਲਈ ਹੱਲਾਸ਼ੇਰੀ ਦਿੱਤੀ ਹੈ। ਸ਼ਾਇਦ 77% ਭਾਰਤੀਆਂ ਦਾ ਵੀਹ ਰੁਪਏ ਰੋਜ਼ਾਨਾ ਤੋਂ ਘੱਟ ਨਾਲ ਗੁਜ਼ਾਰਾ ਕਰਨ ਦਾ ਦਰਦਨਾਕ ਅੰਕੜਾ ਐਸਾ ਸੱਚ ਨਹੀਂ ਹੈ ਜਿਸ ਨੂੰ ਅਸਾਨੀ ਨਾਲ ਹੀ ਸਹਿਣ ਕਰ ਲਿਆ ਜਾਵੇ। ਜਿਵੇਂ ਕਿ ਗ਼ੈਰ-ਜਥੇਬੰਦ ਖੇਤਰ ਅੰਦਰ ਕੰਮ ਦੀਆਂ ਹਾਲਤਾਂ ਅਤੇ ਰੋਜ਼ੀ ਦੇ ਵਿਕਾਸ ਬਾਰੇ ਅਰਜਨ ਸੈਨ ਗੁਪਤਾ, ਐਨ ਸੀ ਈ ਯੂ ਐੱਸ, ਭਾਰਤ ਸਰਕਾਰ, ਅਗਸਤ 2007 ਦੀ ਰਿਪੋਰਟ ਕਹਿੰਦੀ ਹੈ। ਸ਼ਾਇਦ ਸਾਡੇ ਲਈ ਉਨ੍ਹਾਂ ਦੇ ਦੁੱਖ ਨੂੰ ਸਮਝਣਾ ਹਾਰ ਨਾਲੋਂ ਘੱਟ ਦੁਖਦਾਈ ਹੈ ਜੋ ਵੱਖਰੀ ਤਰ੍ਹਾਂ ਦਾ ਸਮਾਜ ਉਸਾਰਨਾ ਚਾਹੁੰਦੇ ਹਨ। ਸ਼ਾਇਦ ਲਗਾਤਾਰ ਘੋਖਦੇ ਰਹਿਣ ਦਾ ਐਸਾ ਚੀੜ੍ਹਾਪਣ ਹੀ ਹੈ ਜੋ ਆਖ਼ਿਰ ਮੇਰੇ ਉਸ ਹਕੀਕਤ ਦੇ ਨੇੜੇ ਜਾਣ 'ਚ ਸਹਾਈ ਹੋਇਆ ਜੋ ਭੂਗੋਲਿਕ ਸਥਿਤੀ ਦੇ ਅਰਥਾਂ 'ਚ ਦੇਸ਼ ਦੀ ਰਾਜਧਾਨੀ ਤੋਂ ਕੁਝ ਘੰਟਿਆਂ ਦਾ ਪੈਂਡਾ ਹੀ ਹੈ।

ਪੰਜਾਬ ਨੂੰ ਹੀ ਕਿਉਂ ਘੋਖਿਆ ਗਿਆ

ਇਹ ਪੰਜਾਬ ਦਾ ਨੇੜੇ ਸਥਿਤ ਹੋਣਾ ਹੀ ਸੀ ਜੋ ਆਖ਼ਿਰ ਮੇਰੇ ਲਈ ਇਹ ਤੈਅ ਕਰਨ 'ਚ ਸਹਾਈ ਹੋਇਆ ਕਿ ਜਦੋਂ ਦੇਸ਼ ਦੀ ਰਾਜਧਾਨੀ ਤੋਂ ਸਿਰਫ਼ ਛੇ ਘੰਟੇ ਦੇ ਪੈਂਡੇ 'ਤੇ ਖ਼ੁਦਕੁਸ਼ੀਆਂ ਹੋ ਰਹੀਆਂ ਹਨ ਤਾਂ ਮੈਨੂੰ ਛਾਣਬੀਣ ਕਰਨ ਲਈ ਵਿਦਰਭਾ ਨਹੀਂ ਜਾਣਾ ਪਵੇਗਾ। ਪਿਛਲੇ ਕੁਝ ਸਾਲਾਂ ਤੋਂ ਪੰਜਾਬ ਬਾਰੇ ਹਰੇ ਇਨਕਲਾਬ ਦੇ ਪੰਘੂੜੇ ਦੇ ਖ਼ੁਸ਼ਹਾਲ ਅਕਸ ਦੇ ਨਾਲ-ਨਾਲ ਇਸ ਬਾਰੇ ਮਨੌਤਾਂ ਅਤੇ ਪੂਰਵ-ਧਾਰਨਾਵਾਂ ਨੂੰ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 1984 ਦੀ ਨਸਲਕੁਸ਼ੀ ਤੋਂ ਬਾਅਦ ਦੀ ਹਾਲਤ ਅਤੇ ਪੰਜਾਬ 'ਚ ਰਾਜ ਵਲੋਂ ਬਣਾਈਆਂ "ਵਿਧਵਾਵਾਂ"

ਨੂੰ ਨੇੜਿਓਂ ਜਾਨਣਾ ਮੇਰੇ ਲਈ ਦਿੱਲੀ ਵਿਚ ਵਿਦਿਆਰਥੀ ਜੀਵਨ ਦੌਰਾਨ ਭਾਰਤੀ ਰਾਜ ਦੇ ਜ਼ਾਲਮ ਪੰਜੇ ਨੂੰ ਵਾਚਣ ਦਾ ਮੋੜ ਬਿੰਦੂ ਰਿਹਾ ਹੈ ਜਿੱਥੇ ਅੰਦਾਜ਼ਨ ਤਿੰਨ ਹਜ਼ਾਰ ਸਿੱਖ ਕਤਲ ਕਰ ਦਿੱਤੇ ਗਏ ਅਤੇ ਹਜ਼ਾਰਾਂ ਹੋਰ ਬੇਘਰ ਕਰ ਦਿੱਤੇ ਗਏ ਸਨ। ਪੰਜਾਬ ਅੰਦਰ ਕੌਮੀ ਸਵਾਲ ਦੀ ਵਿਆਪਕਤਾ ਅਤੇ 90ਵਿਆਂ ਦੇ ਸ਼ੁਰੂ ਤੱਕ ਢਾਹੀ ਗਈ ਹਿੰਸਾ ਨੂੰ ਅਸੀਂ ਸ਼ਾਇਦ ਹੀ ਸਮਝ ਪਾਏ ਹਾਂ। ਦਿੱਲੀ ਵਿਚ 1996 'ਚ ਕੌਮੀਅਤ ਸਵਾਲ ਬਾਰੇ ਕਰਵਾਏ ਗਏ *ਕੌਮਾਂਤਰੀ ਸੈਮੀਨਾਰ* (16-19 ਫਰਵਰੀ 1996) ਵਿਚ ਰੱਖੀ ਗਈ ਇਕ ਲਿਖਤ ਵਿਚ ਜ਼ਰੱਈ ਸੰਕਟ ਨੂੰ ਸਿੱਖ ਰਾਜ ਅਤੇ ਖਾਲਿਸਤਾਨ ਵਾਸਤੇ ਲੜਾਈ ਨਾਲ ਜੋੜਕੇ ਪੇਸ਼ ਕੀਤਾ ਗਿਆ ਸੀ ਜੋ ਦੋਵਾਂ ਦੀ ਡੂੰਘੀ ਪੜਚੋਲ ਕਰਦੀ ਸੀ। ਪਿਛਲ ਝਾਤ ਮਾਰਿਆਂ, ਸਾਕਾ ਨੀਲਾ ਤਾਰਾ ਤੋਂ ਪਹਿਲੇ ਸਾਲਾਂ ਵਿਚ ਕਿਸਾਨੀ, ਨੌਜਵਾਨਾਂ, ਅਧਿਆਪਕ ਜਥੇਬੰਦੀਆਂ 'ਚ ਵਿਆਪਕ ਬੇਚੈਨੀ ਦਾ ਖ਼ੁਰਾ ਨੱਪਿਆ ਜਾ ਸਕਦਾ ਹੈ। ਕੇਂਦਰ-ਰਾਜ ਸਬੰਧਾਂ 'ਚ ਡੂੰਘੀ ਦਰਾੜ ਅਤੇ ਅਕਾਲੀ ਦਲ ਦੇ ਉਭਾਰ ਅਤੇ ਇਸ ਵਲੋਂ ਧਾਰਮਿਕ ਪਛਾਣ ਨੂੰ ਤੂਲ ਦਿੱਤੇ ਜਾਣ ਨਾਲ ਨੌਜਵਾਨਾਂ ਅਤੇ ਕਿਸਾਨੀ ਵਿਚਲੇ ਕਈ ਖੱਬੇ ਜਮਹੂਰੀ ਹਿੱਸਿਆਂ ਦੇ ਕੰਮ 'ਤੇ ਅਸਰ ਪਿਆ ਸੀ। ਪ੍ਰਤੱਖ ਤੌਰ 'ਤੇ ਹਰੇ ਇਨਕਲਾਬ ਦਾ ਮਾਡਲ ਪੂਰੇ ਦੇਸ਼ ਵਿਚ ਫੈਲ ਰਹੇ ਤਿੱਖੇ ਜ਼ਰੱਈ ਸੰਕਟ ਦੀ ਜਕੜ ਤੋਂ ਨਹੀਂ ਬਚ ਸਕਿਆ ਸੀ। ਇਸ ਅਹਿਮ ਨੁਕਤੇ 'ਤੇ ਆ ਕੇ ਹਕੂਮਤੀ ਜਬਰ ਐਨਾ ਵਧ ਗਿਆ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਕਿਸਾਨੀ, ਖ਼ਾਸ ਕਰਕੇ ਖੇਤ ਮਜ਼ਦੂਰਾਂ 'ਚ ਸੁਲਗ ਰਿਹਾ ਰੋਹ ਕਿਸਾਨ ਰੈਲੀਆਂ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣਾ ਸ਼ੁਰੂ ਹੋ ਗਿਆ ਜੋ ਬੋਟ ਕਲੱਬ ਤੱਕ ਜਾ ਅੱਪੜਿਆ। ਇੱਥੇ ਪੰਜਾਬ ਦੇ ਪੱਗਾਂ ਵਾਲੇ ਕਿਸਾਨ ਉੱਭਰਵੇਂ ਰੂਪ 'ਚ ਦੇਖਕੇ ਵੱਧ ਹੈਰਾਨੀ ਹੁੰਦੀ। ਛੇਤੀ ਹੀ ਦਿੱਲੀ ਵਾਲਿਆਂ ਨੂੰ ਇਹ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਕਿ ਕਲੰਡਰਾਂ ਦੀਆਂ ਤਸਵੀਰਾਂ ਵਿਚ ਜਿਸ ਜੱਟ ਕਿਸਾਨ ਨੂੰ ਹੱਸਦਾ-ਗਾਉਂਦਾ ਦਿਖਾਇਆ ਗਿਆ ਹੈ ਉਹ ਬਾਗ਼ੀ ਹੋ ਗਿਆ ਹੈ। ਇਹ ਮੰਨਿਆ ਜਾਣ ਲੱਗਿਆ ਕਿ ਜਿਸ ਪੰਜਾਬ ਨੂੰ ਦੇਸ਼ ਵਿਚ ਸਭ ਤੋਂ ਵੱਧ ਪ੍ਰਤੀ ਜੀਅ ਆਮਦਨੀ ਵਾਲਾ ਖੁਸ਼ਹਾਲ ਸੂਬਾ ਦਿਖਾਇਆ ਜਾ ਰਿਹਾ ਸੀ ਉਹ ਹਰੇ ਇਨਕਲਾਬ ਦੇ ਪ੍ਰਚਾਰ ਤੋਂ ਬਿਨਾ ਕੁਝ ਨਹੀਂ ਹੈ।

1996 ਤੋਂ ਦੇਸ਼ ਦੀ ਰਾਜਧਾਨੀ ਵਿਚ ਫ਼ੈਕਟਰੀਆਂ ਬੰਦ ਹੋਣ ਅਤੇ ਜਬਰੀ ਉਜਾੜੇ ਦੇ ਬੇਤਹਾਸ਼ਾ ਦੌਰ ਚੱਲ ਰਿਹਾ ਸੀ। ਇਸ ਦੌਰਾਨ ਮਜ਼ਦੂਰ ਜਮਾਤ ਪਰਿਵਾਰਾਂ ਬਾਰੇ ਅਤੇ ਇਸ ਤੋਂ ਬਾਅਦ ਦੀ ਹਾਲਤ ਨਾਲ ਔਰਤਾਂ ਕਿਵੇਂ ਨਜਿੱਠ ਰਹੀਆਂ ਹਨ ਬਾਰੇ ਨੇੜਿਓਂ ਜਾਣਕਾਰੀ ਕਾਰਨ ਸ਼ਾਇਦ ਪਹਿਲਾਂ ਹੀ ਮੇਰੀ ਖੋਜ ਸ਼ੁਰੂ ਹੋ ਚੁੱਕੀ ਸੀ— ਕਿਵੇਂ ਮੇਰੀ ਨਾਰੀਵਾਦੀ ਵਚਨਬੱਧਤਾ ਨੇ ਬਦਲੀਆਂ ਹੋਈਆਂ ਹਕੀਕਤਾਂ ਦੇ ਮੱਦੇਨਜ਼ਰ ਇਸ ਨਾਲ ਨਜਿੱਠਣ ਦੀਆਂ ਔਰਤਾਂ ਦੀਆਂ ਰਣਨੀਤੀਆਂ ਅਤੇ ਨਾਲ ਹੀ ਨਵ-ਉਦਾਰਵਾਦੀ ਨਿਜ਼ਾਮ ਦੀਆਂ ਨੀਤੀਆਂ ਦੇ ਅਸਰ ਨੂੰ ਸਮਝਣ ਨਾਲ ਮੇਰਾ ਨਾਤਾ ਜੋੜਿਆ। ਨੀਤੀਆਂ ਜੋ ਲੋਕਾਂ ਦੇ ਵਿਸ਼ਾਲ ਹਿੱਸਿਆਂ ਨੂੰ ਉਜਾੜ ਰਹੀਆਂ ਹਨ। ਇਸ ਦੇ ਨਾਲ ਹੀ, ਉੜੀਸਾ ਵਿਚ ਉਜਾੜੇ ਅਤੇ ਖਾਣ-ਖੁਦਾਈ ਵਿਰੁੱਧ ਘੋਲਾਂ ਨਾਲ ਸਾਡੇ ਨੇੜਿਓਂ ਵਾਹ ਅਤੇ ਇਨ੍ਹਾਂ ਖੇਤਰਾਂ ਵਿਚ ਔਰਤਾਂ ਦੀ ਹਾਲਤ ਨੂੰ ਨੇੜੇ ਹੋ ਕੇ ਦੇਖਣ ਦੀ ਸਾਡੀ ਨਾਕਾਬਲੀਅਤ ਨੂੰ ਹੁਣ ਜਾਇਜ਼ ਨਹੀਂ ਠਹਿਰਾਇਆ ਜਾ

ਸਕਦਾ, ਖ਼ਾਸ ਕਰਕੇ ਜਦੋਂ ਲਿਖਤਾਂ, ਸੈਮੀਨਾਰਾਂ ਅਤੇ ਸੰਮੇਲਨਾਂ ਵਿਚ ਉੱਤਰ-ਆਧੁਨਿਕਵਾਦੀ ਦਾਅਵਿਆਂ ਰਾਹੀਂ ਮੇਸੀਆਂ ਜਾ ਰਹੀਆਂ ਪਛਾਣਾਂ ਵਿਰੁੱਧ ਲੜਾਈ ਦਿੱਤੀ ਜਾ ਰਹੀ ਸੀ। ਮੈਂ ਇਹ ਇਕਬਾਲ ਕਰਦੀ ਹਾਂ ਕਿ ਜਦੋਂ ਨੌਕਰੀਆਂ, ਰੋਟੀ-ਰੋਜ਼ੀ, ਕੁਦਰਤੀ ਵਸੀਲੇ, ਘਰ ਅਤੇ ਪਛਾਣਾਂ ਸਾਰੇ ਹੀ ਖ਼ਤਰੇ ਮੂੰਹ ਆਏ ਹੋਣ ਤਾਂ ਨਾਰੀਵਾਦੀ ਸਿਖਲਾਈ ਅਤੇ ਕਰੜਾਈ ਦੇ ਬਾਵਜੂਦ ਇਹ ਘੋਖਣਾ ਅਸੰਭਵ ਲੱਗਦਾ ਹੈ ਕਿ ਔਰਤਾਂ 'ਤੇ ਵੱਖਰਾ ਪ੍ਰਭਾਵ ਕਿਵੇਂ ਪੈ ਰਿਹਾ ਹੈ। ਹਰ ਕੋਈ ਬੇਹਰਕਤ ਰਹਿਕੇ ਇਸ ਫੈਲੀ ਹੋਈ ਪ੍ਰੇਸ਼ਾਨੀ ਵੱਲ ਬਿਟਰ ਬਿਟਰ ਝਾਕ ਰਿਹਾ ਸੀ ਕਿ ਆਮ ਔਰਤ ਹੈ ਕੌਣ। ਇਹ ਦਲੀਲ ਦੇਣ ਖ਼ਾਤਰ ਬਥੇਰੇ ਸਫ਼ੇ ਕਾਲੇ ਕੀਤੇ ਗਏ ਕਿ ਕੁਝ ਵੀ ਸਧਾਰਨ ਨਹੀਂ ਹੈ ਅਤੇ ਕੋਈ ਵੀ ਔਰਤ ਨਹੀਂ ਹੈ। ਸਹੂਲਤਪ੍ਰਸਤ ਔਰਤਾਂ ਨੇ ਸਧਾਰਨ ਔਰਤ ਨੂੰ ਕਈ ਅਸਧਾਰਨ ਆਲੋਚਨਾਵਾਂ ਦਾ ਸ਼ਿਕਾਰ ਬਣਾ ਕੇ ਗਰਮਜੋਸ਼ੀ ਨਾਲ ਉਨ੍ਹਾਂ ਧਾਰਨਾਵਾਂ ਦੀ ਆਲੋਚਨਾ ਕੀਤੀ ਜੋ ਹੁਣ ਤੱਕ ਮਨੌਤਾਂ ਬਣ ਚੁੱਕੀਆਂ ਸਨ; ਜੋ ਦੇਖਣ ਨੂੰ ਸਿਧਾਂਤਕ ਵਿਕਾਸ ਲੱਗਦਾ ਸੀ। ਦੂਜੇ ਪਾਸੇ, ਮੌਜੂਦਾ ਹਕੀਕਤਾਂ ਵਿਚ ਨਾਰੀਵਾਦੀ ਅਧਾਰ ਖੁੱਸ ਜਾਣ ਨਾਲ ਮੇਰੇ ਅੰਦਰ ਐਸਾ ਘਚੋਲਾ ਪੈਦਾ ਹੋ ਗਿਆ ਜੋ ਲਗਾਤਾਰ ਪ੍ਰੇਸ਼ਾਨ ਕਰਦਾ ਸੀ। ਈ ਪੀ ਡਬਲਯੂ ਵਿਚ ਟੁੱਟਵੇਂ ਲੇਖ ਪੜ੍ਹਕੇ ਅਤੇ ਅਖ਼ੀਰ ਪੀ ਯੂ ਡੀ ਆਰ ਵਲੋਂ 2004 ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਇਕ ਜਨਤਕ ਸਮਾਗਮ[1] ਸਮੇਂ ਮੈਂ ਸੋਚਿਆ ਕਿ ਪੰਜਾਬ ਜਾ ਕੇ ਉਨ੍ਹਾਂ ਔਰਤਾਂ ਨੂੰ ਮਿਲਾਂ ਜੋ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਪ੍ਰਭਾਵਾਂ ਨਾਲ ਜੂਝ ਰਹੀਆਂ ਹਨ। ਤੇ ਮੈਂ ਇਸ ਬਾਰੇ ਕੰਮ ਕਰਨਾ ਸ਼ੁਰੂ ਕੀਤਾ।

ਪੰਜਾਬ ਦੀਆਂ ਜਿਨ੍ਹਾਂ ਔਰਤਾਂ ਨੇ ਆਪਣੇ ਪਰਿਵਾਰਾਂ ਵਿਚ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਕਰਦੇ ਤੱਕਿਆ ਹੈ ਉਨ੍ਹਾਂ ਨੂੰ ਜਾਕੇ ਮਿਲਣਾ ਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਸਿੱਧੇ ਤੌਰ 'ਤੇ ਜਾਣੂੰ ਹੋਣਾ ਇਕ ਤਰੀਕਾ ਸੀ ਜੋ ਤਿੱਖੀ ਹੋ ਰਹੀ ਆਰਥਕ ਮੰਦਹਾਲੀ ਵਲੋਂ ਢਾਹੇ ਕਹਿਰ ਨਾਲ ਨਜਿੱਠ ਰਹੀਆਂ ਸਨ। ਇਸ ਨਾਲ ਲਾਜ਼ਮੀ ਹੀ ਵੱਖੋ-ਵੱਖਰੀਆਂ ਜਮਾਤਾਂ ਦੀਆਂ ਔਰਤਾਂ ਦਰਮਿਆਨ ਮੂੰਹ ਅੱਡੀ ਖੜ੍ਹੇ ਪਾੜੇ ਨੂੰ ਇਕ ਨਾਂ ਜਾਂ ਮੁਹਾਂਦਰਾ ਮਿਲ ਸਕਦਾ ਸੀ ਅਤੇ ਇਸ ਨਾਲ ਨਾਰੀਵਾਦੀ ਅਤੇ ਮਾਰਕਸਵਾਦੀ ਸਿਆਸਤ ਵਿਚਲਾ ਪਾੜਾ ਪੂਰਿਆ ਜਾ ਸਕਦਾ ਸੀ। ਔਰਤਾਂ ਦੇ ਨਜ਼ਰੀਏ ਨੂੰ ਸਮਝਣ ਦਾ ਹੋਰ ਕੋਈ ਅਸਾਨ ਤਰੀਕਾ ਦਿਖਾਈ ਨਹੀਂ ਸੀ ਦਿੰਦਾ, ਖ਼ਾਸ ਕਰਕੇ ਖੇਤੀਬਾੜੀ ਨੀਤੀਆਂ ਦੇ ਨਤੀਜੇ ਅਤੇ ਕਿਸਾਨੀ ਦੀ ਤਬਾਹੀ ਨੂੰ ਸਮਝਣ ਦਾ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅੰਦਰ ਭਾਰਤੀ ਆਰਥਿਕਤਾ ਦੀ ਖ਼ਾਸਾ-ਬਿਆਨੀ ਬਾਰੇ ਬਹਿਸ ਦੇ ਆਪਣੇ ਹੀ ਵਖਰੇਵੇਂ ਅਤੇ ਵਿਸ਼ੇਸ਼ਤਾਵਾਂ ਹਨ। ਜਦੋਂ ਇਹ ਮੌਜੂਦਾ ਜ਼ਰੱਈ ਸੰਕਟ ਨਾਲ ਘੌਲ ਰਹੀਆਂ ਹਨ, ਇਸ ਬਹਿਸ ਦੇ ਲੰਮੇ ਅਤੇ ਅਮੀਰ ਇਤਿਹਾਸ ਨਾਲ ਸਾਂਝੇ ਗੱਠਜੋੜ ਅਤੇ ਇਨ੍ਹਾਂ ਦੀਆਂ ਰਣਨੀਤੀਆਂ ਉਵੇਂ ਹੀ ਤੈਅ ਕੀਤੀਆਂ ਜਾ ਰਹੀਆਂ ਹਨ ਜਿਵੇਂ ਬੀਤੇ 'ਚ ਹੋਇਆ ਕਰਦੀਆਂ ਸਨ। ਹਾਲਾਂਕਿ

1. ਪੀ ਯੂ ਡੀ ਆਰ ਦਿੱਲੀ ਵਲੋਂ 7 ਨਵੰਬਰ 2004 ਨੂੰ ਜ਼ਰੱਈ ਸੰਕਟ ਅਤੇ ਕਿਸਾਨਾਂ ਦੀ ਜ਼ਿੰਦਗੀ ਵਿਸ਼ੇ 'ਤੇ ਡਾ. ਰਾਮਾਨਾਥਨ ਯਾਦਗਾਰੀ ਸਮਾਗਮ, ਇਸ ਦੇ ਬੁਲਾਰੇ ਸਨ ਸੁੱਚਾ ਸਿੰਘ ਗਿੱਲ, ਕੇ ਬਾਲਾਗੋਪਾਲ ਅਤੇ ਜੈਅਤੀ ਘੋਸ਼।

ਇਕ ਜ਼ਰੱਈ ਸਮਾਜ ਅੰਦਰ ਖੇਤੀਬਾੜੀ ਕਿਰਤ ਅਤੇ ਘਰੇਲੂ ਕਿਰਤ ਵਿਚ ਔਰਤਾਂ ਦੀ ਹਿੱਸੇਦਾਰੀ ਬਾਰੇ ਵਿਚਾਰ-ਚਰਚਾ ਹਾਲੇ ਤੱਕ ਨਜ਼ਰਅੰਦਾਜ਼ ਹੀ ਰਹਿ ਰਹੀ ਹੈ। ਵੱਖ-ਵੱਖ ਕਿਸਾਨ ਜਥੇਬੰਦੀਆਂ ਅੰਦਰ ਔਰਤਾਂ ਦੀ ਸਥਿਤੀ ਨੂੰ ਘੋਖਣ ਲਈ ਇਸ ਨਜ਼ਰਅੰਦਾਜ਼ ਖੇਤਰ ਵਿਚ ਦਾਖ਼ਲ ਹੋਣਾ ਸੁਖਾਲਾ ਸੀ। ਇਹ ਕਿਉਂਕਿ ਸਮੁੱਚੇ ਜ਼ਰੱਈ ਸੰਕਟ ਦੇ ਸਾਂਝੇ ਪ੍ਰਸੰਗ ਅੰਦਰ ਵਾਪਰ ਰਿਹਾ ਸੀ, ਇਸ ਲਈ ਇਸ ਪ੍ਰਸੰਗ 'ਚ ਸੱਤਾ ਦੇ ਢਾਂਚਿਆਂ ਦੀ ਛਾਣਬੀਣ ਕਰਨਾ ਕੋਈ ਸਮੱਸਿਆ ਨਹੀਂ ਸੀ ਬਣਦਾ। ਮੈਂ ਇਸ ਬਾਰੇ ਆਪਣੇ ਜਨੂੰਨ ਦੀ ਹੱਦ ਤੱਕ ਸਰੋਕਾਰ ਤੋਂ ਵੀ ਪ੍ਰੇਰਤ ਸੀ ਕਿ ਇਕ ਰਾਜ ਵਲੋਂ ਲੋਕਾਂ ਦੀ ਜ਼ਮੀਨ, ਜੰਗਲਾਂ, ਕਿਰਤ ਅਤੇ ਹੋਰ ਵਸੀਲਿਆਂ ਉੱਪਰ ਵਿਉਂਤਬਧ ਹਮਲੇ ਦੇ ਸਮੁੱਚੇ ਪ੍ਰਸੰਗ ਅੰਦਰ ਔਰਤਾਂ ਨਾਲ ਕੀ ਵਾਪਰ ਰਿਹਾ ਹੈ। ਇਸਨੇ ਹੁਣ ਭਾਰਤੀ ਲੋਕਾਂ ਦੀ ਭਲਾਈ ਦੀ ਲਫਾਜ਼ੀ ਦਾ ਢੌਂਗ ਕਰਨਾ ਛੱਡ ਦਿੱਤਾ ਹੈ ਜੋ ਇਹ ਆਜ਼ਾਦੀ ਤੋਂ ਬਾਅਦ ਕਈ ਦਹਾਕਿਆਂ ਤੋਂ ਕਰਦਾ ਆ ਰਿਹਾ ਸੀ। ਕਦੇ ਵੀ ਔਰਤਾਂ ਦੀ ਹਾਲਤ ਐਨੀ ਜੋਖ਼ਮ ਵਾਲੀ ਨਹੀਂ ਰਹੀ ਜਿੰਨੀ ਅੱਜ ਕਿਸਾਨੀ ਅਤੇ ਮਜ਼ਦੂਰ ਜਮਾਤ ਦੀਆਂ ਔਰਤਾਂ ਦੀ ਦਿਖਾਈ ਦੇ ਰਹੀ ਹੈ। ਇਤਿਹਾਸ ਵਿਚ ਕਦੇ ਵੀ ਔਰਤਾਂ ਬਾਰੇ ਐਨਾ ਨਹੀਂ ਲਿਖਿਆ ਗਿਆ ਜਾਂ ਪ੍ਰਕਾਸ਼ਕ ਔਰਤਾਂ 'ਤੇ ਦਾਬੇ ਬਾਰੇ ਸਿਰਲੇਖ ਵਾਲੀਆਂ ਲਿਖਤਾਂ ਸ਼ਾਮਲ ਕਰਨ ਬਾਰੇ ਐਨੇ ਤਹੂ ਕਦੇ ਨਹੀਂ ਦੇਖੇ ਗਏ। ਮੈਂ ਵੀ ਕਾਗਜ਼ਾਂ ਦੇ ਕੁਝ ਥੱਬੇ ਲਿਖਕੇ ਅਜਿਹਾ ਹੀ ਕਰਾਂਗੀ ਭਾਵੇਂ ਸਿਰਫ਼ ਇਹੀ ਕਹਿਣਾ ਹੈ ਕਿ ਅਸੀਂ ਹਾਲੇ ਵੀ ਕਿਸੇ ਅਹਿਮ ਚੀਜ਼ ਤੋਂ ਕੰਨੀ ਕਤਰਾ ਰਹੇ ਹਾਂ।

ਮੈਂ ਇਹ ਕਿਵੇਂ ਕੀਤਾ

ਜਿਵੇਂ ਪੰਜਾਬ ਵਿਚ ਇਨ੍ਹਾਂ ਬਾਰੇ ਪ੍ਰਚਲਤ ਹੈ ਇਹ "ਖ਼ੁਦਕੁਸ਼ੀਆਂ ਵਾਲੇ ਪਰਿਵਾਰਾਂ" ਦੇ ਬਾਕੀ ਜੀਆਂ ਦੇ ਅੰਦਰਲੇ ਦਰਦ ਨੂੰ ਸਾਹਮਣੇ ਲਿਆਉਣ ਦਾ ਯਤਨ ਹੈ। ਜਿਵੇਂ ਜ਼ਰੱਈ ਸੰਕਟ ਬਾਰੇ ਮੌਜੂਦ ਵਿਸ਼ਾਲ ਵੰਨਗੀ ਦੇ ਸਾਹਿਤ ਵਿਚ ਦਰਜ ਹੈ ਇਹ ਅੰਦਰਲਾ ਦਰਦ ਤਲਖ਼ ਹਾਲਾਤਾਂ 'ਚ ਰਿੱਝਦਾ ਆ ਰਿਹਾ ਹੈ। ਮੁੱਖ ਧਾਰਾ ਸੰਚਾਰ-ਮਾਧਿਅਮਾਂ ਦੀਆਂ ਰੋਜ਼ਮੱਰਾ ਰਿਪੋਰਟਾਂ ਦੇ ਨਾਲ-ਨਾਲ ਸਿਖਿਆ ਸ਼ਾਸਤਰੀਆਂ ਅਤੇ ਕਿਸਾਨ ਜਥੇਬੰਦੀਆਂ ਦੋਵਾਂ ਦੇ ਸਾਹਿਤ ਤੋਂ ਇਹ ਸਪਸ਼ਟ ਜ਼ਾਹਰ ਹੁੰਦਾ ਹੈ। ਇਨ੍ਹਾਂ ਦੋਵਾਂ ਸਮਝੌਤਾਹੀਣ ਜਾਪਦੀਆਂ ਹਸਤੀਆਂ ਦਰਮਿਆਨ ਹੋਰ ਕੀ ਕੁਝ ਮੌਜੂਦ ਹੈ ਇਸ ਦੀਆਂ ਝਲਕੀਆਂ ਅਕਸਰ ਉਜਾਗਰ ਹੁੰਦੀਆਂ ਰਹਿੰਦੀਆਂ ਹਨ; ਇਸ ਦੇ ਨਕਸ਼ ਅਜੇ ਉੱਭਰਨੇ ਹਨ ਕਿਉਂਕਿ ਇਹ ਐਸੀ ਹਕੀਕਤ ਦੀ ਤਰਜ਼ਮਾਨੀ ਕਰਦੀ ਹੈ ਜਿਸ ਨੂੰ ਹਾਲੇ ਸਮੁੱਚਤਾ 'ਚ ਦੇਖਿਆ ਜਾਣਾ ਹੈ। ਕਿਸਾਨ ਪਰਿਵਾਰ ਦੀ ਰੋਜ਼ਮੱਰਾ ਹਕੀਕਤ 'ਚ ਇਹ ਲਗਾਤਾਰ ਰਲ਼ਗੱਡ ਹੋਈਆਂ ਰਹਿੰਦੀਆਂ ਹਨ। ਦੋਵਾਂ ਦੇ ਉਲਝਾਅ ਤੋਂ ਜੋ ਕੁਝ ਸੰਭਵ ਰੂਪ 'ਚ ਉੱਭਰਕੇ ਸਾਹਮਣੇ ਆ ਸਕਦਾ ਹੈ ਮੁਕਤੀਗਾਮੀ ਕਾਰਵਾਈ ਦੀ ਦ੍ਰਿਸ਼ਟੀ ਬੰਦੇ ਨੂੰ ਇਸ ਦੇ ਹੋਰ ਨੇੜੇ ਲੈ ਜਾਂਦੀ ਹੈ— ਅਜੇ ਇਸ ਨੂੰ ਬੋਲ ਮਿਲਣੇ ਹਨ ਅਤੇ ਇਸ ਨੇ ਕੋਈ ਰੂਪ ਵੀ ਅਖ਼ਤਿਆਰ ਕਰਨਾ ਹੈ। ਸਾਰਣੀਆਂ ਦੀ ਸ਼ਕਲ 'ਚ ਪੇਸ਼ ਕੀਤੇ ਅੰਕੜਿਆਂ ਦੀ ਧੱਕੇਸ਼ਾਹੀ ਅਤੇ ਹਕੀਕਤ ਨਾਲ ਮਨੁੱਖੀ ਬੋਲ ਛੁਪ ਜਾਂਦੇ ਹਨ ਜਦਕਿ ਬਿਆਨਾਂ, ਬਿੰਬਾਂ ਅਤੇ ਬੋਲਾਂ ਦੇ ਹੜ੍ਹ ਵਿਚ ਸਮਾਜੀ-ਆਰਥਕ ਪ੍ਰਸੰਗਾਂ ਦਾ ਅਕਸਰ ਹੀ ਨਾਸ ਵੱਜ ਜਾਂਦਾ ਹੈ। ਮੇਰੀ ਸੁਚੇਤ

ਕੋਸ਼ਿਸ਼ ਇਹੀ ਸੀ ਕਿ ਕਿਸੇ ਵੀ ਇਕ ਰੂਪ ਜਾਂ ਢੰਗ ਨੂੰ ਪੂਰੀ ਤਰ੍ਹਾਂ ਅਪਨਾਉਣ ਤੋਂ ਗੁਰੇਜ਼ ਕੀਤਾ ਜਾਵੇ। ਵਾਂਝੇ ਹਿੱਸਿਆਂ ਦੀਆਂ ਜ਼ਿੰਦਗੀਆਂ 'ਚ ਮਰਦ ਪ੍ਰਧਾਨ ਸੱਤਾ ਕਿਵੇਂ ਕੰਮ ਕਰਦੀ ਹੈ ਇਸ ਨੂੰ ਘੋਖਣ ਲਈ ਆਪਣੀ ਨਾਰੀਵਾਦੀ ਸਮਝ ਨੂੰ ਹੋਰ ਨਵੇਂ ਅਤੇ ਵੱਧ ਮੁਸ਼ਕਲ ਖੇਤਰਾਂ ਤੱਕ ਲਿਜਾਣ ਲਈ ਛਾਣਬੀਣ ਦੀ ਸ਼ਕਲ ਅਤੇ ਤੱਤ ਅਸਲ ਵਿਚ ਕੀ ਹੋ ਸਕਦਾ ਹੈ? ਅਜਿਹੇ ਸਮਿਆਂ ਵਿਚ ਆਪਣਾ ਰਸਤਾ ਤਲਾਸ਼ਣ ਲਈ ਜਦੋਂ ਮੇਰੇ ਕੋਲ ਕੁਝ ਨਵਾਂ ਨਹੀਂ ਹੈ ਅਤੇ ਮੈਂ ਬੁਰੀ ਤਰ੍ਹਾਂ ਹੱਥਲ ਹਾਂ, ਮੈਂ ਔਰਤਾਂ ਦੇ ਬਿਰਤਾਂਤ ਅਤੇ ਅੰਕੜਿਆਂ ਦੀਆਂ ਸਾਰਣੀਆਂ ਨੂੰ ਐਸੀ ਸ਼ਕਲ ਵਿਚ ਪੇਸ਼ ਕਰਨ ਦਾ ਯਤਨ ਕਰ ਰਹੀ ਹਾਂ ਜੋ ਨਜ਼ਰਾਂ ਜਾਂ ਦਿਲ ਨੂੰ ਟੁੰਬਦੀ ਹੋਵੇ ਅਤੇ ਪਾਠਕਾਂ ਦੇ ਵੱਡੇ ਘੇਰੇ ਨਾਲ ਸਾਂਝੀ ਕੀਤੀ ਜਾ ਸਕਦੀ ਹੋਵੇ।

ਇਹ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਇਕ ਹੋਰ ਰਿਪੋਰਟ ਨਹੀਂ ਹੈ; ਇਹ ਤਾਂ ਬਸ ਉਨ੍ਹਾਂ ਖ਼ੁਦਕੁਸ਼ੀਆਂ ਦੇ ਬਾਕੀ ਕਿਸਾਨ ਪਰਿਵਾਰ, ਖ਼ਾਸ ਕਰਕੇ ਔਰਤਾਂ ਉੱਪਰ ਪ੍ਰਭਾਵ ਦੀ ਤਸਵੀਰ ਪੇਸ਼ ਕਰਦੀ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਕਰਜ਼ਾਈਪਣ ਬਾਰੇ ਮੌਜੂਦ ਸਾਹਿਤ ਤੋਂ ਜਾਣੂੰ ਹੋਏ ਬਿਨਾ ਇਹ ਕੀਤਾ ਨਹੀਂ ਸੀ ਜਾ ਸਕਦਾ। ਔਰਤਾਂ ਦੀ ਹਕੀਕਤ ਦੇ ਨੇੜੇ ਪਹੁੰਚਣ ਜੋਗੀ ਹੋਣ ਲਈ, ਮੈਨੂੰ ਆਪਣੀ ਪੜ੍ਹਨ ਦੀ ਆਦਤ ਬਦਲਣੀ ਪਈ ਜੋ ਹੁਣ ਤੱਕ ਬਹੁਤ ਹੀ ਗਿਣਿਆ-ਚੁਣਿਆ ਪੜ੍ਹਨ ਤੱਕ ਮਹਿਦੂਦ ਸੀ। ਮੈਂ ਉਸ ਹਕੀਕਤ ਵੱਲ ਧਿਆਨ ਖਿੱਚਣ ਲਈ ਇਹ ਕੇਸ ਤਿਆਰ ਕਰ ਰਹੀ ਹਾਂ ਜਿੱਥੇ ਬਹੁਗਿਣਤੀ ਔਰਤਾਂ ਹਾਲੇ ਆਪਣੇ ਅਧਿਕਾਰਾਂ ਦੇ ਰਾਹ ਨਹੀਂ ਤੁਰੀਆਂ ਜਿਵੇਂ ਮੰਤਰੀ ਅਤੇ ਫ਼ੰਡਾਂ 'ਤੇ ਪਲਦੀਆਂ ਏਜੰਸੀਆਂ ਦੇ ਦਿਹਾਤ ਬਾਰੇ ਅਧਿਐਨ ਭਰੜਾਈ ਸੁਰ 'ਚ ਹੋਕਰੇ ਮਾਰਦੇ ਰਹਿੰਦੇ ਹਨ। ਕੇਸ ਤਿਆਰ ਕਰਨ ਲਈ ਥੋੜ੍ਹਾ ਪੜ੍ਹਨ ਦੇ ਨਾਲ-ਨਾਲ, ਵਿਉਂਤੇ ਹੋਏ ਸਵਾਲਨਾਮੇ, ਮੁਲਾਕਾਤਾਂ, ਫੀਲਡ ਦੀਆਂ ਫੇਰੀਆਂ, ਮੀਟਿੰਗਾਂ ਅਤੇ ਵਿਚਾਰ-ਚਰਚਾਵਾਂ ਨੂੰ ਵਰਤੋਂ 'ਚ ਲਿਆਂਦਾ ਗਿਆ। ਔਰਤਾਂ ਨੂੰ ਨੀਂਦ ਨਾ ਆਉਣ ਜਾਂ ਘੋਰ ਚਿੰਤਾ ਦੇ ਲੱਛਣ ਜਾਂ ਘਰ ਦਾ ਤੋਰਾ ਤੋਰਨ ਲਈ ਜਵਾਨ ਕੁੜੀਆਂ ਨੂੰ ਪੜ੍ਹਨੋਂ ਹਟਾਉਣ ਬਾਰੇ ਵੇਰਵੇ ਇਕੱਠੇ ਕਰਦੇ ਹੋਏ ਮੈਨੂੰ ਇਹ ਲੱਗਿਆ ਕਿ ਦੇਖਣ ਨੂੰ ਸਹਿਜ ਲਗਦੇ ਇਹ ਮਾਮਲੇ ਗੰਭੀਰ ਮੁੱਦਾ ਬਣਦੇ ਹਨ। ਫੇਰ ਵੀ ਨਾ ਤਾਂ ਮੈਂ ਆਪਣੇ ਔਰਤਾਂ ਪੱਖੀ ਹੋਣ ਦੇ ਪੱਖਪਾਤ, ਅਤੇ ਆਪਣੀਆਂ ਪੂਰਵ-ਧਾਰਨਾਵਾਂ ਅਤੇ ਛੋਟਾਂ ਨੂੰ ਛੁਪਾ ਸਕਦੀ ਹਾਂ ਤੇ ਨਾ ਹੀ ਅੱਜ ਦੇ ਬਦਲੇ ਹੋਏ ਹਾਲਾਤ ਵਿਚ ਔਰਤਾਂ ਦੀ ਹਕੀਕਤ ਨੂੰ ਸਮਝਣ ਲਈ ਆਪਣੀ ਡੂੰਘੀ ਸਿਆਸੀ ਲੋੜ ਨੂੰ। ਇਸ ਲਈ, ਕਿਸਾਨ ਜਥੇਬੰਦੀਆਂ ਅਤੇ ਸਿਖਿਆ ਸ਼ਾਸਤਰੀਆਂ ਦੀ ਮਦਦ ਨਾਲ ਕਿਸਾਨ ਖ਼ੁਦਕੁਸ਼ੀਆਂ ਦੀ ਹਕੀਕਤ ਦੇ ਵਿਹੜੇ ਪੈਰ ਧਰਨ ਸਮੇਂ ਮੈਂ ਆਪਣੇ ਇਰਾਦੇ ਸ਼ਰੇਆਮ ਐਲਾਨ ਕੀਤੇ ਕਿ ਮੈਂ ਮਾਰਕਸਵਾਦੀ ਅਤੇ ਨਾਰੀਵਾਦੀ ਦੋਵੇਂ ਤਰ੍ਹਾਂ ਦੀਆਂ ਪੂਰਵ-ਧਾਰਨਾਵਾਂ ਨੂੰ ਲੈ ਕੇ ਚੱਲ ਰਹੀ ਹਾਂ। ਕਿਸਾਨੀ ਦੀ ਜ਼ਿੰਦਗੀ ਅਤੇ ਘੋਲਾਂ ਦੇ ਥੋੜ੍ਹਾ ਨੇੜੇ ਜਾਣ ਨਾਲ ਨਾਰੀਵਾਦੀ ਸਿਆਸਤ ਦੀਆਂ ਆਪਣੀਆਂ ਜਿਨ੍ਹਾਂ ਮਨੌਤਾਂ ਅਤੇ ਅਮਲਾਂ ਨਾਲ ਮੈਨੂੰ ਡੂੰਘਾ ਮੋਹ ਸੀ ਉਨ੍ਹਾਂ ਬਾਰੇ ਸਵਾਲ ਉੱਠਣੇ ਸ਼ੁਰੂ ਹੋ ਗਏ। ਬੇਸ਼ਕ ਮੈਨੂੰ ਇਹ ਪੱਕਾ ਯਕੀਨ ਸੀ ਕਿ ਅਜਿਹੀ ਭਿਆਨਕ ਹਕੀਕਤ ਦੇ ਨੇੜੇ ਜਾਣਾ ਫ਼ਾਇਦੇਮੰਦ ਹੋਵੇਗਾ; ਪਰ ਕਿਸ ਨੂੰ? ਮੈਂ ਤਾਂ ਇਹ ਵੀ ਨਹੀਂ ਜਾਣਦੀ ਕਿ ਇਸ ਕਵਾਇਦ ਦੇ

ਅੰਤ 'ਚ ਮੇਰੇ ਸਵਾਲ ਉਹੋ ਹੀ ਰਹਿਣਗੇ ਜਾਂ ਨਹੀਂ। ਸਪਸ਼ਟ ਤੌਰ 'ਤੇ ਇਹ ਅਕਾਊ ਸ਼ੰਕਾ ਮੌਜੂਦ ਹੈ ਕਿ ਕੀ ਤਬਾਹਕੁਨ ਜ਼ਰੱਈ ਸੰਕਟ ਦੀ ਤਸਵੀਰ ਨੂੰ ਮੁਕੰਮਲ ਬਣਾਉਣ ਲਈ ਔਰਤਾਂ ਨੂੰ ਘੱਟ ਅਦਿੱਖ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਬੋਲਾਂ ਨੂੰ ਜਨਤਕ ਘੋਖ ਤਹਿਤ ਲਿਆਂਦਾ ਜਾ ਰਿਹਾ ਹੈ ਜਾਂ ਵੱਧ ਅਹਿਮ, ਜਦੋਂ ਇਸ ਭਾਰੂ ਰੂਪ 'ਚ ਗ਼ਰੀਬ ਅਤੇ ਪੇਂਡੂ ਦੇਸ਼ ਵਿਚ ਸੰਕਟ ਹੋਰ ਵੀ ਡੂੰਘਾ ਹੋ ਰਿਹਾ ਹੈ, ਕੀ ਬੇਢੱਬੇ ਢਾਂਚਿਆਂ ਅਤੇ ਗਿਣੇ-ਮਿਥੇ ਅਨਿਆਂ ਦਰਮਿਆਨ ਕੋਈ ਬਿਧ ਬਣਦੀ ਹੈ ਕਿ ਔਰਤਾਂ ਦੀ ਬਰਾਬਰੀ ਅਤੇ ਮੁਕਤੀ ਦਾ ਮਾਰਗ ਉਲੀਕਿਆ ਜਾ ਸਕੇ। ਇਸ ਲਈ, ਸਮੁੱਚੇ ਅਮਲ ਵਿਚ ਪਰਖੇ ਗਏ ਵਿਚਾਰ, ਪੂਰਵ-ਧਾਰਨਾਵਾਂ ਅਤੇ ਤਜ਼ਰਬਾ ਹਰ ਚੀਜ਼ ਨਵਿਆਈ ਜਾ ਰਹੀ ਸੀ। ਕਦੇ-ਕਦੇ ਕੁਝ ਨਹੀਂ ਸੀ ਸੁੱਝਦਾ ਪਰ ਪੰਧ ਪੂਰੀ ਤਰ੍ਹਾਂ ਬੇ-ਪਛਾਣ ਨਹੀਂ ਸੀ। ਕਿਸੇ ਵੀ ਨੁਕਤੇ 'ਤੇ ਕੋਈ ਮੁਸ਼ਕਲ ਜਾਂ ਰੁਕਾਵਟ ਐਸੀ ਨਹੀਂ ਸੀ ਲਗਦੀ ਜੋ ਦੂਰ ਨਾ ਕੀਤੀ ਜਾ ਸਕਦੀ ਹੋਵੇ; ਲੰਮੇ ਸਮੇਂ ਤੋਂ ਇਸ 'ਚ ਡੂੰਘੀ ਉਤਰਨ ਦੀ ਮੇਰੀ ਉਤਸੁਕਤਾ ਨੇ ਮੇਰੇ ਲਈ ਅਣਕਿਆਸੇ ਰਾਹ ਅਤੇ ਗੁੰਜਾਇਸ਼ਾਂ ਦੇ ਦਰ ਖੋਲ੍ਹ ਦਿੱਤੇ। ਇਕ ਅਰਸੇ 'ਚ 54 ਪਿੰਡਾਂ ਦਾ ਦੌਰਾ ਕਰਨਾ ਅਤੇ ਐਨੀਆਂ ਸਾਰੀਆਂ ਮੁਲਾਕਾਤਾਂ ਕਰਨਾ ਬੇਸ਼ਕ ਇਕ ਅਮੀਰ ਅਨੁਭਵ ਸੀ ਹਾਲਾਂਕਿ ਵਿਚ-ਵਿਚਾਲੇ ਥੋੜ੍ਹਾ ਵਕਫ਼ਾ ਪੈਂਦਾ ਰਿਹਾ; ਇਸ ਨੂੰ ਇਕ ਰਿਪੋਰਟ ਜਾਂ ਕਿਤਾਬ ਦੀ ਸ਼ਕਲ ਦੇਣ ਦੀਆਂ ਕੁਝ ਸੀਮਤਾਈਆਂ ਹਨ ਜਿਨ੍ਹਾਂ ਨੂੰ ਬਿਆਨ ਕਰਨਾ ਮੁਸ਼ਕਲ ਹੈ।

ਸਰਵੇਖਣ ਕੀਤੇ ਗਏ ਬਲਾਕਾਂ ਅਤੇ ਪਿੰਡਾਂ ਦੀ ਗਿਣਤੀ

	ਕੁਲ	*ਫਿਰੋਜ਼ਪੁਰ*	*ਮੁਕਤਸਰ*	*ਬਠਿੰਡਾ*	*ਮੋਗਾ*	*ਮਾਨਸਾ*	*ਸੰਗਰੂਰ*	*ਬਰਨਾਲਾ*	*ਫਰੀਦਕੋਟ*
ਬਲਾਕ	17	1	2	2	1	2	5	2	2
ਪਿੰਡ	54	9	4	8	3	7	12	5	6
ਮੁਲਾਕਾਤਾਂ	136	10	12	29	11	37	19	7	11

ਮੈਂ ਪੰਜਾਬ ਦੇ ਮਾਲਵਾ ਖੇਤਰ ਦੇ ਇਨ੍ਹਾਂ ਜ਼ਿਲ੍ਹਿਆਂ ਦੀਆਂ ਔਰਤਾਂ ਦੇ ਕੁਝ ਬਿਰਤਾਂਤ, ਕੁਝ ਅੰਕੜੇ ਅਤੇ ਕੁਝ ਅੰਦਰਲੀ ਜਾਣਕਾਰੀ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਥਾਈ ਗ਼ਮ ਦੇ ਇਨ੍ਹਾਂ ਵੇਰਵਿਆਂ ਨੂੰ ਕੁਝ ਆਮ ਸਿੱਟਿਆਂ ਅਤੇ ਵਿਚਾਰਾਂ ਨਾਲ ਕੁਝ ਸੰਤੁਲਤ ਬਣਾਇਆ ਗਿਆ ਹੈ। 2006 'ਚ ਸੰਗਰੂਰ ਜ਼ਿਲ੍ਹੇ ਦੇ ਇਕ ਪਿੰਡ ਦੇ ਮੁਢਲੇ ਦੌਰੇ ਸਮੇਂ ਮੈਨੂੰ ਕਈ ਪਰਿਵਾਰਾਂ ਦੇ ਨੇੜੇ ਜਾਣ ਦਾ ਮੌਕਾ ਮਿਲਿਆ ਜੋ ਪਤੀ ਜਾਂ ਪੁੱਤਰ ਦੀ ਮੌਤ ਦੀ ਹਾਲਤ ਨਾਲ ਨਜਿੱਠ ਰਹੇ ਸਨ। ਇਨ੍ਹਾਂ ਮੁਲਾਕਾਤਾਂ ਨੂੰ ਇਕ ਥਾਂ ਜੋੜਕੇ ਦੇਖਣ ਨਾਲ ਇਕ ਅਨੋਖਾ ਨਮੂਨਾ ਉੱਘੜਨਾ ਸ਼ੁਰੂ ਹੋ ਗਿਆ ਜਿਸ ਵਿਚ ਕਰਜ਼ੇ ਦੀ ਦੇਣਦਾਰੀ ਹੈ, ਬੱਚਿਆਂ ਨੂੰ ਪੜ੍ਹਾਉਣ, ਆੜ੍ਹਤੀਆਂ ਤੋਂ ਖਹਿੜਾ ਛੁਡਾਉਣ ਦਾ ਸਵਾਲ ਹੈ, ਤਨ ਅਤੇ ਮਨ ਨੂੰ ਲੱਗੇ ਧੱਕੇ ਨਾਲ ਡਿੱਗ ਰਹੀ ਸਿਹਤ ਦੀ ਵਿਥਿਆ ਹੈ, ਖ਼ਾਸ ਕਰਕੇ ਉਦਾਸੀ ਰੋਗ ਦੀ। ਔਰਤਾਂ ਇਸ ਹਾਲਤ ਵਿਚੋਂ ਗੁਜ਼ਰ ਰਹੀਆਂ ਸਨ। ਕੁਝ ਨੇ ਕੰਮ ਨਾ ਮਿਲਣ ਦਾ ਦੁੱਖ ਰੋਇਆ। ਇਕੋ ਇਕ ਆਮਦਨੀ ਦੁੱਧ ਵੇਚਕੇ ਹੋ ਰਹੀ ਸੀ। ਫੇਰ ਬਹੁਤਾ ਸ਼ੱਕ ਨਾ ਰਿਹਾ ਕਿ ਮੇਰੀਆਂ ਮਨੌਤਾਂ ਕੀ ਸਨ: ਇਹ ਨਿਸ਼ਚਿਤ ਹੁੰਦਾ ਜਾ ਰਿਹਾ ਸੀ ਕਿ ਇਸ ਸਭ ਕਾਸੇ ਨੂੰ ਵੱਧ ਵਿਸਥਾਰਤ ਵਿਹਾਰਕ ਅਧਿਐਨ ਰਾਹੀਂ ਦਿਖਾਉਣ ਦੀ ਲੋੜ ਹੈ। ਸਵਾਲਨਾਮਾ

ਪਹਿਲਾਂ ਹੀ ਤਿਆਰ ਕੀਤਾ ਜਾ ਰਿਹਾ ਸੀ ਅਤੇ ਇਨ੍ਹਾਂ ਮੁਲਾਕਾਤਾਂ ਨਾਲ ਇਸ ਦੇ ਪਹਿਲੇ ਖ਼ਾਕੇ ਦਾ ਮੂੰਹ-ਮੱਥਾ ਬਣ ਗਿਆ। ਇਸ ਨੂੰ ਔਰਤਾਂ ਦੀਆਂ ਟੋਲੀਆਂ ਵਿਚ ਲਿਜਾਣ ਦੀ ਲੋੜ ਦੇ ਬੀਜ ਦੀ ਜੜ੍ਹ ਡੂੰਘੀ ਹੋਣੀ ਸ਼ੁਰੂ ਹੋ ਗਈ ਸੀ। ਨਾਲ ਹੀ, ਕਿਸਾਨ ਜਥੇਬੰਦੀਆਂ ਤੋਂ ਜਾਣੂੰ ਹੋਣਾ ਵੀ ਇਸੇ ਤਰ੍ਹਾਂ ਅਹਿਮ ਸੀ ਕਿਉਂਕਿ ਮੈਨੂੰ ਪੱਕਾ ਯਕੀਨ ਸੀ ਕਿ ਵਿਹਾਰਕ ਅਧਿਐਨ ਜਥੇਬੰਦੀਆਂ ਦੇ ਦਾਇਰੇ ਵਿਚ ਹੀ ਹੋਵੇਗਾ। ਤਦ ਹਾਸਲ ਜਾਣਕਾਰੀ ਅਤੇ ਸਿੱਟੇ ਸਾਂਝੇ ਕਰਨ ਅਤੇ ਮੁੜ ਕਰਮਭੂਮੀ ਵਿਚ ਜਾਣ ਦੇ ਕਾਬਲ ਹੋਣ ਦੀ ਲੋੜ ਵੱਧ ਸਾਰਥਕ ਹੋਵੇਗੀ। ਜਿਹੜੇ ਪਿੰਡ ਮੈਂ ਟਿੱਕੇ ਸਨ ਅਤੇ ਹਰੇਕ ਬਲਾਕ ਵਿਚ ਖ਼ੁਦਕੁਸ਼ੀਆਂ ਵਾਲੇ ਪਰਿਵਾਰਾਂ ਦੀ ਜੋ ਸੂਚੀ ਮੈਂ ਪੂਰੇ ਗ਼ੌਰ ਨਾਲ ਤਿਆਰ ਕੀਤੀ ਸੀ ਇਨ੍ਹਾਂ ਤੱਕ ਲਾਜ਼ਮੀ ਪਹੁੰਚ ਕਰਨ ਤੋਂ ਇਲਾਵਾ ਵੱਧ ਅਹਿਮ ਸੀ ਕਿਸਾਨ ਜਥੇਬੰਦੀਆਂ ਨਾਲ ਮੇਲਜੋਲ ਨੂੰ ਅਹਿਮੀਅਤ ਦੇਣਾ ਜੋ ਔਰਤਾਂ, ਜਾਤਪਾਤ ਅਤੇ ਜਮਾਤ ਬਾਰੇ ਮੇਰੇ ਆਪਣੇ ਪ੍ਰੇਸ਼ਾਨ ਕਰਨ ਵਾਲੇ ਸਵਾਲਾਂ ਕਰਕੇ ਜ਼ਰੂਰੀ ਸੀ। ਜਿਵੇਂ ਔਰਤਾਂ ਨਾਲ ਗੱਲਬਾਤ ਤੋਂ ਜ਼ਾਹਿਰ ਹੁੰਦਾ ਹੈ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਪਹਿਲੂ ਐਸਾ ਨਹੀਂ ਸੀ ਜਿਸ ਬਾਰੇ ਉਨ੍ਹਾਂ ਨਾਲ ਚਰਚਾ ਨਾ ਕੀਤੀ ਗਈ ਹੋਵੇ; ਅਸਲ ਵਿਚ, ਅਕਸਰ ਹੀ ਉਹ ਵਾਧੂ ਜਾਣਕਾਰੀ ਦੇ ਦਿੰਦੀਆਂ ਸਨ। ਅਤੇ ਵੱਧ ਅਹਿਮ ਸੀ ਮੁਲਾਕਾਤਾਂ ਦਰਮਿਆਨ ਔਰਤਾਂ ਨੂੰ ਜਥੇਬੰਦ ਕਰਨ ਦੀਆਂ ਸੰਭਾਵਨਾਵਾਂ ਜਾਂ ਅਜਿਹਾ ਕਰਨ ਦੀਆਂ ਮੁਸ਼ਕਲਾਂ ਨੂੰ ਸੰਬੋਧਤ ਹੋਣਾ। ਮੱਤਭੇਦ ਉੱਭਰਕੇ ਸਾਹਮਣੇ ਆਏ ਪਰ ਇਨ੍ਹਾਂ ਭਰਵੀਆਂ ਗੱਲਾਂਬਾਤਾਂ ਨਾਲ ਜੋ ਹਕੀਕਤ ਉਜਾਗਰ ਹੋਣੀ ਸ਼ੁਰੂ ਹੋਈ ਉਸ ਦੇ ਸਨਮੁੱਖ ਇਹ ਨਿਗੂਣੇ ਲਗਦੇ ਸਨ। ਅਤੇ ਬੇਸ਼ਕ ਇਕ ਵਾਰ ਵੀ ਮੈਂ ਇਸ ਸਧਾਰਨ ਤੱਥ ਨੂੰ ਮਨੋਂ ਨਹੀਂ ਵਿਸਾਰਿਆ ਕਿ ਮੈਂ ਤਾਂ ਘੋਖ-ਪੜਤਾਲ ਕਰਕੇ ਰਿਪੋਰਟ ਬਣਾਉਣ ਦੇ ਉਦੇਸ਼ ਨਾਲ ਆਈ ਹਾਂ ਅਤੇ ਇਹ ਤਾਂ ਸਰਵੇਖਣ ਹੈ ਜੋ ਬੋਲੇਗਾ। ਅਕਸਰ ਹੀ ਔਰਤਾਂ ਨਾਲ ਗੱਲਬਾਤ ਤੋਂ ਬਾਅਦ ਅਨੁਵਾਦਕ ਅਤੇ ਨਾਲ ਗਏ ਸਾਥੀ ਖ਼ੁਦਕੁਸ਼ੀ, ਕਰਜ਼ਾਈਪਣ, ਮੁਕੱਦਮੇਬਾਜ਼ੀ ਅਤੇ ਪਰਿਵਾਰਕ ਇਤਿਹਾਸ ਬਾਰੇ ਹੋਰ ਵੇਰਵੇ ਦਿੰਦੇ। ਸ਼ਾਇਦ ਹੀ ਕਦੇ ਇਹ ਦੋਵੇਂ ਜਾਣਕਾਰੀਆਂ 'ਚ ਵਿਰੋਧ ਦਿਖਾਈ ਦਿੰਦਾ। ਸਵੇਰੇ ਸਾਝਰੇ ਉੱਠਕੇ ਜਦੋਂ ਵੀ ਮੈਂ ਲਿਖੇ ਹੋਏ ਵੇਰਵਿਆਂ 'ਚ ਸੋਧਾਂ ਕਰਦੀ ਅਤੇ ਚੇਤੇ ਕਰਕੇ ਇਨ੍ਹਾਂ 'ਚ ਨਵੀਂਆਂ ਚੀਜ਼ਾਂ ਜੋੜਦੀ ਤਾਂ ਮੈਂ ਹੋਰ ਪੱਖੋਂ ਆਪਣੇ ਨਘੋਚੀ ਦਿਮਾਗ ਬਾਰੇ ਹੈਰਾਨ ਵੀ ਹੁੰਦੀ ਜਿਸਨੇ ਐਨੇ ਥੋੜ੍ਹੇ ਸਮੇਂ 'ਚ ਐਨੀ ਮੁਹਾਰਤ ਹਾਸਲ ਕਰ ਲਈ ਸੀ। ਜ਼ਰੱਈ ਮਾਹੌਲ 'ਚ ਔਰਤਾਂ ਦੀ ਅਧੀਨ ਹੈਸੀਅਤ ਦਾ ਸਵਾਲ ਜਿੰਨਾ ਸੂਖ਼ਮ ਅਤੇ ਗੁੰਝਲਦਾਰ ਪਸਾਰਾਂ ਦੀ ਨੁਮਾਇੰਦਗੀ ਕਰਦਾ ਹੈ ਇਹ ਉਸ ਨੂੰ ਸਹਿਜੇ ਹੀ ਗ੍ਰਹਿਣ ਕਰਨ ਲਈ ਕਿੰਨਾ ਉਤਸੁਕ ਸੀ। ਸ਼ਾਇਦ ਇਹ ਇਸ ਕਰਕੇ ਵੀ ਹੈ ਕਿ ਗ੍ਰਹਿਣ ਕਰਨ, ਮਹਿਸੂਸ ਕਰਨ ਅਤੇ ਅਮਲ ਕਰਨ ਲਈ ਕਿੰਨਾ ਕੁਝ ਮੌਜੂਦ ਹੈ।

ਮਿਸਾਲ ਵਜੋਂ, ਪੂਰੇ ਸਮਾਜ ਅਤੇ ਇੱਥੋਂ ਤੱਕ ਇਨ੍ਹਾਂ ਵੇਰਵਿਆਂ ਬਾਰੇ ਮੇਰੀਆਂ ਆਪਣੀਆਂ ਅਤੇ ਨਾਲ ਹੀ ਕਿਸਾਨ ਯੂਨੀਅਨ ਦੀਆਂ ਪੇਸ਼ਕਾਰੀਆਂ ਵਿਚ ਜੋ ਇਕੋਇਕ ਪਾੜਾ ਮੌਜੂਦ ਹੈ ਉਹ ਹੈ ਕਿਸਾਨ ਦੇ ਮਰਦ ਹੋਣ ਦੀ ਗ਼ਲਤ ਮਨੌਤ। ਸਾਰਤੱਤ 'ਚ, ਇਕ ਕਿਸਾਨ ਪਰਿਵਾਰ ਜਾਂ ਪਿੰਡ ਦੇ ਹਰ ਜੀਅ ਦਾ ਅਰਥ ਕਿਸਾਨ ਹੋਣਾ ਹੈ। ਹਰ ਕਿਸੇ ਦੀ ਖੇਤੀਬਾੜੀ 'ਚ ਹਿੱਸੇਦਾਰੀ ਅਤੇ ਗੁਜ਼ਾਰੇ ਵਾਸਤੇ ਇਸ

ਉੱਪਰ ਟੇਕ ਕਿਸਾਨੀ ਅੰਦਰਲੀਆਂ ਨਾਬਰਾਬਰੀਆਂ ਦੇ ਬਾਵਜੂਦ ਇਸ ਨੂੰ ਇਕ ਭਾਈਚਾਰਾ ਬਣਾ ਦਿੰਦੀ ਹੈ। ਅਗਲੀ ਗੱਲ, ਦਲਿਤ ਅਤੇ ਬੇਜ਼ਮੀਨਾ ਸ਼ਬਦ ਇਕ ਦੂਜੇ ਦੀ ਥਾਂ ਵਰਤੇ ਜਾਂਦੇ ਸਨ, ਦੋਵੇਂ ਖੇਤ ਮਜ਼ਦੂਰ ਬਾਰੇ ਵਰਤੇ ਜਾਂਦੇ ਸਨ। ਆਪਣੀਆਂ ਤੈਅਸ਼ੁਦਾ ਪ੍ਰੀਭਾਸ਼ਾਵਾਂ ਅਨੁਸਾਰ ਔਰਤਾਂ ਤੋਂ ਜਾਣਕਾਰੀ ਮੰਗਣਾ ਸ਼ਾਇਦ ਮੇਰੇ ਲਈ ਸਭ ਤੋਂ ਵੱਧ ਹਰਜ਼ਾ ਕਰਨ ਵਾਲੀ ਚੀਜ਼ ਹੋਣੀ ਸੀ। ਸੰਖੇਪ ਲਕਬਾਂ ਦੀ ਇਹ ਘਾਟ ਉਸ ਹਕੀਕਤ ਨੂੰ ਦਰਸਾਉਂਦੀ ਹੈ ਜਿਹੜੀ ਦਿਖਾਈ ਦਿੰਦੀ ਹੈ ਅਤੇ ਜਿਵੇਂ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਵਾਲਿਆਂ ਦੀ ਮਹਿਰਮ ਦੁਨੀਆਂ ਵਿਚ ਰਚੀਮਿਚੀ ਹੋਈ ਹੈ। ਇਨ੍ਹਾਂ ਲਕਬਾਂ ਅਤੇ ਇਨ੍ਹਾਂ ਨੂੰ ਵਰਤਣ ਦੀ ਸਮੱਸਿਆ ਪ੍ਰਤੀ ਸੁਚੇਤ ਰਹਿਣ ਦੇ ਬਾਵਜੂਦ, ਮੈਂ ਪ੍ਰੀਭਾਸ਼ਾਵਾਂ ਨੂੰ ਕਠੋਰ ਬਣਾਉਣ ਤੋਂ ਗੁਰੇਜ਼ ਕੀਤਾ। ਸਿਰਫ਼ ਲਿਖੇ ਵੇਰਵਿਆਂ ਨੂੰ ਸੰਪਾਦਤ ਕਰਨ ਸਮੇਂ ਹੀ ਪਾਠਕ ਦੀ ਸਹੂਲਤ ਲਈ ਇਕਸਾਰਤਾ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਸੰਗਰੂਰ 'ਚ ਪਹਿਲੀ ਫੇਰੀ ਸਮੇਂ ਹੀ ਮੇਰਾ ਇਹ ਵਿਸ਼ਵਾਸ ਕਾਫ਼ੂਰ ਹੋ ਗਿਆ ਕਿ ਮੈਂ ਪੰਜਾਬੀ ਸਮਝ ਲੈਂਦੀ ਹਾਂ। ਇਸ ਚਿੰਤਾ ਦਾ ਸਿਰ ਚੁੱਕਣਾ ਹੈਰਾਨ ਕਰਦਾ ਹੈ ਕਿ ਐਸੇ ਖੇਤਰ 'ਚ ਜਾਣ ਦੀ ਲੋੜ ਹੈ ਜਿਸ ਦੀ ਭਾਸ਼ਾ ਐਨੀ ਓਪਰੀ ਹੈ। ਹਾਲਾਂਕਿ ਮੇਰਾ ਸਾਥ ਦੇ ਰਹੇ ਯੂਨੀਅਨ ਮੈਂਬਰਾਂ ਨੇ ਅਦਾਨ-ਪ੍ਰਦਾਨ ਦੀਆਂ ਰੁਕਾਵਟਾਂ ਨੂੰ ਦੂਰ ਕਰਨ 'ਚ ਸਹਾਇਤਾ ਕੀਤੀ, ਪਰ ਔਰਤਾਂ ਨਾਲ ਸਿੱਧੀ ਗੱਲਬਾਤ ਕਰ ਲੈਣ ਅਤੇ ਉਨ੍ਹਾਂ ਨੂੰ ਆਪਣੀ ਗੱਲ ਅਸਾਨੀ ਨਾਲ ਸਮਝਾ ਸਕਣ ਦੇ ਮੇਰੇ ਵਿਸ਼ਵਾਸ ਨੂੰ ਕਾਫ਼ੀ ਸੱਟ ਵੱਜੀ। ਜਦੋਂ ਗੱਲਬਾਤ 'ਚ ਕੁਝ ਵਕਫ਼ਾ ਪੈ ਜਾਂਦਾ ਜਾਂ ਕਿਸੇ ਹੋਰ ਸਮੇਂ ਮਿਕਦਾਰੀ ਛੜੱਪਾ ਆਉਂਦਾ ਤਾਂ ਮੈਂ ਆਪਣੇ ਪ੍ਰਤੀਕਰਮਾਂ ਅਤੇ ਅਜਿਹੀਆਂ ਮੁਸ਼ਕਲਾਂ ਦੇ ਅਮਲ 'ਤੇ ਤਾੜਵੀਂ ਨਜ਼ਰ ਰੱਖਦੀ। ਫੇਰ, ਐਸੇ ਪਲ ਆ ਜਾਂਦੇ ਸਨ ਜੋ ਬਹੁਤ ਹੀ ਪ੍ਰਮਾਣਿਕ ਹੁੰਦੇ। ਇਕ ਵਾਰ, ਜ਼ਾਰੋਜ਼ਾਰ ਰੋ ਰਹੀ ਇਕ ਬਜ਼ੁਰਗ ਔਰਤ ਕਹਿਣ ਲੱਗੀ, "ਇਸ ਨੂੰ ਪੰਜਾਬੀ ਜਾਨਣ ਦੀ ਕੀ ਲੋੜ ਹੈ? ਇਹ ਅੱਥਰੂ ਕੀ ਕਹਿ ਰਹੇ ਹਨ ਇਸ ਨੂੰ ਜਾਨਣ ਲਈ ਔਰਤ ਹੋਣਾ ਹੀ ਕਾਫ਼ੀ ਹੈ।" ਅਜਿਹੇ ਅਦਾਨ-ਪ੍ਰਦਾਨ ਔਰਤਾਂ 'ਚ ਅੰਦਰੋ ਅੰਦਰੀ ਰਿੱਝ ਰਹੇ ਗ਼ਮ ਅਤੇ ਡੂੰਘੀ ਵੇਦਨਾ ਨੂੰ ਸਮਝਣ ਦੇ ਮੇਰੇ ਇਰਾਦੇ ਨੂੰ ਹੋਰ ਦ੍ਰਿੜ੍ਹਤਾ ਬਖ਼ਸ਼ਦੇ ਜੋ ਉਂਞ ਮੇਰੀ ਜਮਾਤ, ਸੱਭਿਆਚਾਰ ਅਤੇ ਭਾਸ਼ਾ ਲਈ ਬਹੁਤ ਓਪਰੀਆਂ ਸਨ। ਕਈ ਮੌਕਿਆਂ 'ਤੇ, ਮੈਂ ਪੰਜਾਬੀ ਭਾਸ਼ਾ ਦੌਰਾਨ ਕਰਾਈਸਿਜ਼, ਡਿਪਰੈਸ਼ਨ, ਐਜੂਕੇਸ਼ਨ, ਟੈਕਨੀਕਲ ਟਰੇਨਿੰਗ ਵਰਗੇ ਅੰਗਰੇਜ਼ੀ ਲਫ਼ਜ਼ ਵਰਤੇ ਜਾਂਦੇ ਦੇਖਕੇ ਹੈਰਾਨ ਹੋ ਜਾਂਦੀ। ਤਕਰੀਬਨ ਜਿੰਨੇ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ ਉਹ ਜੇ ਕਿਸਾਨ ਯੂਨੀਅਨਾਂ ਦੇ ਸਿੱਧੇ ਮੈਂਬਰ ਨਹੀਂ ਤਾਂ ਇਸ ਦੇ ਨੇੜੇ ਜ਼ਰੂਰ ਸਨ ਅਤੇ ਇਸ ਲਈ ਅਜਿਹੇ ਸ਼ਬਦ ਅਸਾਨੀ ਨਾਲ ਵਰਤਦੇ ਸਨ। ਪਰ ਜਦੋਂ ਗੱਲਬਾਤ ਸਵਾਲਾਂ ਦੇ ਘੇਰੇ ਤੋਂ ਬਾਹਰ ਚਲੀ ਜਾਂਦੀ ਤਾਂ ਬੇਸ਼ੱਕ ਅਨੁਵਾਦਕ ਅਤੇ ਜਵਾਬ ਦੇਣ ਵਾਲੇ ਦੀ ਗੱਲਬਾਤ ਮੇਰੇ ਪੱਲੇ ਨਾ ਪੈਂਦੀ। ਦਿੱਲੀ ਦੇ ਮਜ਼ਦੂਰ ਜਮਾਤ ਦੇ ਇਲਾਕੇ ਜਾਂ ਉੜੀਸਾ ਦੇ ਕਿਸੇ ਪਿੰਡ ਵਿਚ ਮੈਂ ਸ਼ਬਦਾਂ 'ਚ ਛੁਪੇ ਅਰਥਾਂ ਨੂੰ ਬੁੱਝ ਲੈਂਦੀ ਅਤੇ ਇਕ ਔਰਤ ਦੀ ਕਹੀ ਹੋਈ ਸਤਰ ਤੋਂ ਪੂਰਾ ਪੈਰਾ ਘੜ ਲੈਂਦੀ ਸਾਂ, ਪਰ ਇਥੇ ਇਸ ਦੇ ਉਲਟ ਵਾਪਰਿਆ। ਪੂਰੀ ਤਰ੍ਹਾਂ ਸੁਚੇਤ ਹੋ ਕੇ ਮੈਂ ਕਾਹਲੀ-ਕਾਹਲੀ ਲਿਖੇ ਸਾਰ 'ਤੇ ਨਿਗਾਹ ਮਾਰਨ ਲੱਗ ਜਾਂਦੀ, ਖ਼ਾਸ ਕਰਕੇ ਜਦੋਂ

ਮੇਰੇ ਅਨੁਵਾਦਕ ਦੋਸਤ ਗੱਲਬਾਤ 'ਚ ਜ਼ਿਆਦਾ ਮਗਨ ਹੋ ਜਾਂਦੇ ਅਤੇ ਮੈਂ ਦੁੱਧ-ਮਿੱਠੇ ਨਾਲ ਭਰਪੂਰ ਚਾਹ ਦੀਆਂ ਚੁਸਕੀਆਂ ਲੈਂਦੀ ਰਹਿੰਦੀ। ਜਦੋਂ ਬਾਅਦ 'ਚ ਮੈਂ ਹਲਕਾ ਜਿਹਾ ਰੋਸ ਜ਼ਾਹਰ ਕਰਕੇ ਇਸ ਪਾਸੇ ਉਨ੍ਹਾਂ ਦਾ ਧਿਆਨ ਦਿਵਾਉਂਦੀ ਤਾਂ ਅਸੀਂ ਹੱਸਕੇ ਇਸ ਬਾਰੇ ਦਲੀਲਾਂ ਦੇਣ ਲੱਗਦੇ ਕਿ ਅਗਲੀ ਗੱਲਬਾਤ 'ਚ ਇਸ ਨੂੰ ਕਿਵੇਂ ਹੱਲ ਕੀਤਾ ਜਾਵੇ। ਨਾਲ ਹੀ, ਹਰੇਕ ਇਲਾਕੇ 'ਚ ਵੱਖਰਾ ਅਨੁਵਾਦਕ ਹੁੰਦਾ ਸੀ। ਸ਼ੁਰੂ 'ਚ ਇਸ ਨਾਲ ਕੁਝ ਮੁਸ਼ਕਲ ਆਉਂਦੀ ਪਰ ਜਦੋਂ ਬਾਕਾਇਦਾ ਗੱਲਬਾਤ ਦਾ ਅਨੁਵਾਦ ਕਰਨ ਦੇ ਨਾਲ-ਨਾਲ ਉਹ ਕੁਝ ਵਾਧੂ ਜਾਣਕਾਰੀ ਦਿੰਦਾ ਤਾਂ ਇਸ ਨਾਲ ਕਾਫ਼ੀ ਸਹਾਇਤਾ ਮਿਲਦੀ। ਉਜਰਤੀ ਮਜ਼ਦੂਰੀ, ਘਰੇਲੂ ਹਿੰਸਾ, ਬੱਚਿਆਂ ਦੀ ਪੜ੍ਹਾਈ ਮੇਰੀਆਂ ਟਿੱਪਣੀਆਂ 'ਚ ਸ਼ਾਮਲ ਹੋਣੀਆਂ ਸ਼ੁਰੂ ਹੋ ਗਈਆਂ। ਜਦੋਂ ਅਕਤੂਬਰ 2008 ਤੋਂ ਕੰਮ ਪੂਰੇ ਜ਼ੋਰਾਂ ਨਾਲ ਸ਼ੁਰੂ ਹੋਇਆ ਤਾਂ ਮਹਿਸੂਸ ਹੋਣ ਲੱਗਿਆ ਕਿ ਸਥਾਨਕ ਬੋਲੀ ਦੀ ਜਾਣਕਾਰੀ ਨਾ ਹੋਣ ਦਾ ਇਕ ਫ਼ਾਇਦਾ ਵੀ ਸੀ ਕਿਉਂਕਿ ਬਾਕੀ ਗਿਆਨ ਇੰਦਰੀਆਂ ਅਤੇ ਸੋਝੀ ਪੂਰੀ ਸਰਗਰਮ ਹੋ ਜਾਂਦੀ ਸੀ। ਖ਼ਾਸ ਕਰਕੇ ਅਨੁਵਾਦ ਹੋ ਜਾਣ ਤੋਂ ਪਹਿਲਾਂ ਦੇ ਉਨ੍ਹਾਂ ਪਲਾਂ 'ਚ ਮੈਂ ਸਾਰੇ ਗ਼ੈਰ-ਜ਼ਬਾਨੀ ਸੰਕੇਤਾਂ ਨੂੰ ਵੱਧ ਸੁਚੇਤ ਹੋ ਕੇ ਐਸੇ ਢੰਗ ਨਾਲ ਗ੍ਰਹਿਣ ਕਰਦੀ ਰਹਿੰਦੀ ਜੋ ਸਾਂਝੀ ਬੋਲੀ 'ਚ ਸੁਣਨ ਸਮੇਂ ਹੋਰ ਤਰ੍ਹਾਂ ਸਮਝ ਆਉਣੇ ਸਨ। ਲਫ਼ਜ਼ ਜੋ ਬੋਲਦੇ ਮੈਂ ਉਸ ਤੋਂ ਵੱਧ ਸੁਣ ਸਕਦੀ ਅਤੇ ਆਲੇ-ਦੁਆਲੇ ਦੇ ਘਰਾਂ 'ਚ ਵਾਪਰ ਰਹੇ ਨੂੰ ਵੱਧ ਸਮਝ ਸਕਦੀ।

ਮੁਲਾਕਾਤਾਂ ਦਰਮਿਆਨ ਸਿੱਖਣ ਅਤੇ ਸਮਝਣ ਦਾ ਅਮਲ ਐਨਾ ਕਮਾਲ ਦਾ ਅਤੇ ਅਮੀਰ ਸੀ ਕਿ ਮੈਨੂੰ ਯਕੀਨ ਹੈ ਕਿ ਕੋਈ ਮਾਨਵ ਵਿਗਿਆਨੀ ਇਸ ਬਾਰੇ ਵਧੇਰੇ ਚੰਗੀ ਤਰ੍ਹਾਂ ਦੱਸ ਸਕਦਾ ਸੀ। ਇਕ ਵਾਰ ਕਿਸੇ ਜਨਤਕ ਇਕੱਠ 'ਚ ਜਾਣ ਲਈ ਖੜ੍ਹੀਆਂ ਬੱਸਾਂ ਵੱਲ ਔਰਤਾਂ ਗੁਰਦੁਆਰੇ ਤੋਂ ਜਾਂ ਪਸ਼ੂਆਂ ਦੀ ਸਾਂਭ-ਸੰਭਾਲ ਕਰਕੇ ਕਾਹਲੀ-ਕਾਹਲੀ ਵਾਪਸ ਆ ਰਹੀਆਂ ਸਨ, ਉਨ੍ਹਾਂ ਨੇ ਸਾਰਿਆਂ ਨੂੰ ਚਾਹ ਤੇ ਛਾਹ-ਵੇਲਾ ਵਰਤਾਇਆ। ਦੁਪਹਿਰ ਦਾ ਖਾਣਾ ਵੀ ਲੜ ਬੰਨ੍ਹ ਲਿਆ। ਫੇਰ ਬੱਸ ਚੜ੍ਹ ਗਈਆਂ। ਮਰਦ ਤਾਂ ਸਮਾਗਮ ਤੋਂ ਕੁਝ ਦਿਨ ਪਹਿਲਾਂ ਹੀ ਤਿਆਰੀ 'ਚ ਜੁੱਟੇ ਹੋਏ ਸਨ। ਕੁਝ ਔਰਤਾਂ ਬਹੁਤ ਹੀ ਉਤਸ਼ਾਹ 'ਚ ਸਨ ਜਦਕਿ ਕੁਝ ਹੋਰ ਸਵੇਰ ਦੇ ਕੰਮ-ਧੰਦੇ ਦੇ ਥਕੇਵੇਂ ਦੀਆਂ ਭੰਨੀਆਂ ਨੀਂਦ ਦੇ ਝੋਕੇ ਲੈ ਰਹੀਆਂ ਸਨ। ਇਕੱਠਾਂ 'ਚ ਸ਼ਾਮਲ ਹੋਣ ਦਾ ਅਰਥ ਇਹ ਨਹੀਂ ਹੈ ਕਿ ਘਰ ਦੇ ਨਿੱਤ ਦੇ ਧੰਦਿਆਂ ਤੋਂ ਥੋੜ੍ਹੀ ਰਾਹਤ ਮਿਲਦੀ ਹੈ। ਜਦੋਂ ਬੱਸ ਚੱਲ ਪਈ ਤਾਂ ਸਿਆਸੀ ਅਤੇ ਵਿਅਕਤੀਗਤ ਹਿੱਤ ਇਕਮਿਕ ਹੋ ਗਏ। ਇਹ ਚੀਜ਼ਾਂ ਵਾਚਦੇ ਸਮੇਂ ਮੈਂ ਕਤੱਈ ਇਕੱਲੀ ਨਹੀਂ ਸਾਂ। ਅਨੁਵਾਦਕ ਤੇ ਕਈ ਔਰਤਾਂ ਨੇ ਤਿੱਖੀ ਟਿੱਪਣੀ ਕਰਦੇ ਹੋਏ ਮੈਨੂੰ ਆਪਣੀ ਡਾਇਰੀ 'ਚ ਲਿਖ ਲੈਣ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਮੈਂ ਇਹ ਜ਼ਰੂਰ ਲਿਖਾਂ ਕਿ ਔਰਤਾਂ ਨੇ ਤਾਂ ਬਹੁਤ ਕੰਮ ਕੀਤਾ ਹੈ ਜਦਕਿ ਆਦਮੀਆਂ ਨੇ ਸਿਰਫ਼ ਬੱਸਾਂ ਦਾ ਹੀ ਪ੍ਰਬੰਧ ਕੀਤਾ ਹੈ। ਹਾਸਾ ਮਖੌਲ ਕਟਾਖ਼ਸ਼ ਵਾਲਾ ਅਤੇ ਰੌਚਕ, ਦੋਵੇਂ ਤਰ੍ਹਾਂ ਦਾ ਸੀ। ਇਨ੍ਹਾਂ ਪਲਾਂ ਦਾ ਵੱਧ ਦਿਲਚਸਪ ਵੇਰਵਾ ਪੇਸ਼ ਕਰਨਾ ਮੇਰੇ ਵੱਸ ਤੋਂ ਬਾਹਰ ਹੈ। ਇੱਥੋਂ ਤੱਕ ਕਿ ਸਵੇਰੇ ਸਾਝਰੇ ਗੁਰਦੁਆਰੇ ਮੱਥਾ ਟੇਕਣ ਜਾਣ ਸਮੇਂ, ਨਾਲੇ ਔਰਤਾਂ ਪਾਠ ਕਰਦੀਆਂ ਰਹਿੰਦੀਆਂ ਅਤੇ ਕਦੇ-ਕਦਾਈਂ ਆਪਣੀਆਂ ਜ਼ਿੰਦਗੀਆਂ ਬਾਰੇ

ਥੋੜ੍ਹਾ ਸਵਾਲਨਾਮੇ ਦੇ ਘੇਰੇ ਤੋਂ ਵੱਧ ਜਾਣਕਾਰੀ ਸਾਂਝੀ ਕਰਦੀਆਂ। ਧਾਰਮਿਕ, ਸਮਾਜਿਕ ਅਤੇ ਸਿਆਸੀ ਦਾ ਅਲੋਕਾਰ ਮਿਲਗੋਭਾ ਇਨ੍ਹਾਂ ਜ਼ਬਰਦਸਤ ਪਲਾਂ 'ਚ ਸਮੋ ਜਾਂਦਾ ਜਿਨ੍ਹਾਂ ਨੂੰ ਪੂਰੀ ਤਰ੍ਹਾਂ ਮੈਂ ਸ਼ਾਇਦ ਹੀ ਪਕੜ ਸਕਦੀ। ਜਦੋਂ ਰਸਮੀ ਤੇ ਗ਼ੈਰ-ਰਸਮੀ ਅਧਿਐਨਾਂ ਅਤੇ ਖੋਜ ਦੇ ਸੰਦਾਂ ਅਤੇ ਸਹਾਇਤਾ ਕਰਨ ਵਾਲੇ ਦੇ ਤੌਰ-ਤਰੀਕਿਆਂ ਦੇ ਖ਼ਿਆਲ ਪਹੁ-ਫੁਟਾਲੇ 'ਚ ਆਪ-ਮੁਹਾਰੇ ਪਰਵਾਜ਼ ਭਰਦੇ ਜਾਪਦੇ ਤਾਂ ਮੈਨੂੰ ਬਸ ਇੰਝ ਮਹਿਸੂਸ ਹੁੰਦਾ ਕਿ ਧਰਤੀ ਥੋੜ੍ਹਾ ਭੁਆਂਟਣੀ ਖਾ ਰਹੀ ਹੈ।

ਦਰਦਨਾਕ ਹਾਲਾਤਾਂ ਦੀ ਜਾਣਕਾਰੀ ਨਾਲ ਮੈਂ ਹਿੱਲ ਜਾਦੀ। ਕਿਸੇ ਇਕ ਪਿੰਡ 'ਚ ਕਈ ਖ਼ੁਦਕੁਸ਼ੀਆਂ ਹੋਈਆਂ ਹੁੰਦੀਆਂ, ਕਈ ਵਾਰ ਤਾਂ ਇਕੋ ਗਲੀ 'ਚ ਖ਼ੁਦਕੁਸ਼ੀ ਕਰਨ ਵਾਲੇ ਆਂਢ-ਗੁਆਂਢ 'ਚ ਹੀ ਰਹਿ ਰਹੇ ਹੁੰਦੇ। ਭਾਈਚਾਰਕ ਨੁਕਸਾਨ ਦੀ ਭਾਵਨਾ ਜਿਉਂਦਿਆਂ ਦੀ ਡੂੰਘੀ ਫ਼ਿਕਰਮੰਦੀ 'ਚ ਬੁਰੀ ਤਰ੍ਹਾਂ ਮਹਿਸੂਸ ਹੁੰਦੀ। ਕਈ ਹੋਰ ਚਿਹਰਿਆਂ ਉੱਪਰ ਵੀ ਖ਼ੁਦਕੁਸ਼ੀ ਦੀ ਇਬਾਰਤ ਲਿਖੀ ਹੁੰਦੀ, ਇੱਥੋਂ ਤੱਕ ਕਿ ਚੜ੍ਹਦੀ ਜਵਾਨੀ 'ਚ ਪੈਰ ਧਰਨ ਵਾਲਿਆਂ ਦੇ ਚਿਹਰਿਆਂ 'ਤੇ ਵੀ। ਪਰ ਕੀ ਸਮੁੱਚੇ ਭਾਈਚਾਰੇ ਦੀ ਜਜ਼ਬਾਤੀ ਹਲਚਲ ਨੂੰ ਪਕੜ ਸਕਣ ਦਾ ਕੋਈ ਢੰਗ ਜਾਂ ਸੰਦ ਹੈ? ਜਦੋਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਛਾਂਟੀ, ਉਜਾੜਾ, ਗ਼ਰੀਬ ਬਸਤੀਆਂ ਨੂੰ ਢਾਹੁਣਾ ਅਤੇ ਫੈਕਟਰੀਆਂ ਦੀ ਤਾਲਾਬੰਦੀ ਜ਼ੋਰਸ਼ੋਰ ਨਾਲ ਚੱਲ ਰਹੀ ਹੋਵੇ ਤਾਂ ਕਦੇ-ਕਦਾਈਂ ਬਹੁਤ ਸਾਰਾ ਦਰਦ ਅਤੇ ਕਸ਼ਟ ਉੱਭਰ ਕੇ ਸਾਹਮਣੇ ਆਉਂਦਾ ਹੈ। ਬਦਕਿਸਮਤੀ ਨਾਲ, ਮਜ਼ਦੂਰ ਜਮਾਤ ਅਤੇ ਕਿਸਾਨੀ ਦੀ ਨਾਤੇਦਾਰੀ ਦੀ ਸਾਂਝ ਅਤੇ ਭਾਵਨਾਤਮਕ ਪੂਰਤੀ ਨੂੰ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ; ਲੋਕ ਇਕ ਵਾਰ ਫੇਰ ਅਧਿਐਨਾਂ ਅਤੇ ਵਿਸ਼ਲੇਸ਼ਣਾਂ ਅੰਦਰ ਸਮਾਜੀ-ਆਰਥਕ ਅਤੇ ਕੁਦਰਤੀ ਚੌਗਿਰਦੇ ਦੀ ਤਬਾਹੀ ਨੂੰ ਉਜਾਗਰ ਕਰਨ ਵਾਲੇ ਨਿਰੇ ਅੰਕੜੇ ਬਣਾਕੇ ਵਰਤ ਲਏ ਜਾਂਦੇ ਹਨ। ਸਿੱਟਿਆਂ ਦੀ ਬਾਹਰਮੁੱਖਤਾ ਨੂੰ ਨਿਰਪੱਖ ਬਣਾਉਣ ਲਈ ਉਨ੍ਹਾਂ ਦੇ ਬੋਲਾਂ ਅਤੇ ਖ਼ਿਆਲਾਂ ਨੂੰ ਸਾਹਮਣੇ ਲਿਆਉਣ ਤੋਂ ਪ੍ਰਤੱਖ ਡਰ ਦਿਖਾਇਆ ਜਾਂਦਾ ਹੈ। ਕੀ ਹੁੰਦਾ ਜੇ ਅਸੀਂ ਭਾਵਨਾਤਮਕ ਸੰਤਾਪ ਦੀ ਮਾਤਰਾ ਨੂੰ ਦਰਸਾਉਣ ਲਈ ਢੰਗ ਤਲਾਸ਼ ਕਰਨੇ ਹੁੰਦੇ? ਇਹ ਘੋਖਵੇਂ ਸਵਾਲ ਹਾਲੇ ਤੱਕ ਵੀ ਮੇਰੇ ਜ਼ਿਹਨ 'ਚ ਹਨ। ਇਨ੍ਹਾਂ ਮੁਲਾਕਾਤਾਂ ਦੀ ਤੀਬਰਤਾ ਨਾਲ ਮੇਰੀ ਨੀਂਦ ਉੱਡ ਗਈ ਅਤੇ ਇਹ ਮੇਰੇ ਸੁਪਨਿਆਂ 'ਚ ਅਸਿੱਧੀਆਂ ਸ਼ਕਲਾਂ ਅਖ਼ਤਿਆਰ ਕਰਦੀਆਂ ਰਹੀਆਂ। ਇਨ੍ਹਾਂ ਨਾਲ ਮੇਰੇ ਦਿਨ ਹੋਰ ਵੀ ਉਦਾਸ ਹੋ ਗਏ। ਕਦੇ-ਕਦਾਈਂ ਤਾਂ ਮੈਂ ਆਪਣੇ ਅੰਦਰਲੇ ਵਸੀਲਿਆਂ ਨੂੰ ਜੁਟਾਉਣ ਜੋਗੀ ਹੋਣ ਲਈ ਲੰਮਾ ਵਕਫ਼ਾ ਪਾ ਦਿੰਦੀ। ਪੰਜਾਬ ਅਤੇ ਦਿੱਲੀ ਦੇ ਦੋਸਤਾਂ ਅਤੇ ਸਾਥੀਆਂ ਨਾਲ ਜ਼ੋਰਦਾਰ ਵਿਚਾਰ-ਵਟਾਂਦਰੇ ਨੇ ਹਮੇਸ਼ਾ ਮੈਨੂੰ ਕਾਇਲ ਕੀਤਾ ਕਿ ਮੈਨੂੰ ਇਹ ਕੰਮ ਨੇਪਰੇ ਚਾੜ੍ਹਨਾ ਹੀ ਹੋਵੇਗਾ।

ਅਕਤੂਬਰ ਅਤੇ ਨਵੰਬਰ 2008 ਦੀਆਂ ਦੋ ਫੇਰੀਆਂ ਸਮੇਂ ਮੈਂ ਫ਼ਿਰੋਜ਼ਪੁਰ ਜ਼ਿਲ੍ਹੇ ਅਤੇ ਮਾਨਸਾ ਦੇ ਇਕ ਹਿੱਸੇ 'ਚ ਵੱਧ ਦਿਨ ਗੁਜ਼ਾਰੇ। ਇਸ ਸਮੇਂ ਮੈਂ ਕਿਸਾਨ ਜਥੇਬੰਦੀਆਂ ਦੇ ਜਿਨ੍ਹਾਂ ਸਾਥੀਆਂ ਨੂੰ ਮਿਲੀ ਉਨ੍ਹਾਂ ਨਾਲ ਸਵਾਲਨਾਮੇ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਅਤੇ ਇਸ ਵਿਚ ਸੋਧਾਂ ਕੀਤੀਆਂ। ਇਨ੍ਹਾਂ 31 ਮੁਲਾਕਾਤਾਂ ਬਾਰੇ ਈ ਪੀ ਡਬਲਯੂ ਨੂੰ ਭੇਜੇ ਇਕ ਲੇਖ ਵਿਚ ਚਰਚਾ ਕੀਤੀ ਗਈ। ਇਹ ਹੋਰ ਥਾਵਾਂ ਦੇ ਦੋਸਤਾਂ ਅਤੇ ਕਾਰਕੁਨਾਂ ਦੀਆਂ ਰਾਵਾਂ ਅਤੇ ਸੁਝਾਅ ਲੈਣ ਅਤੇ ਨਾਲ ਹੀ ਖੋਜ


ਦੀ ਪ੍ਰਾਪਤੀ ਪ੍ਰਤੀ ਰਸਮੀ ਵਚਨਬਧਤਾ ਦੇ ਸੁਚੇਤ ਉਦੇਸ਼ ਨਾਲ ਕੀਤਾ ਗਿਆ ਸੀ। ਮੈਂ ਇਹ ਵਿਚਾਰ-ਚਰਚਾ ਕਾਲਜ ਦੇ ਵਿਦਿਆਰਥੀਆਂ ਅਤੇ ਨਾਲ ਦੀ ਨਾਲ ਸੈਮੀਨਾਰਾਂ 'ਚ ਲਿਜਾਣੀ ਸ਼ੁਰੂ ਕਰ ਦਿੱਤੀ। ਕੋਈ ਵੀ ਸਵਾਲ ਜਾਂ ਸ਼ੱਕ ਅਤੇ ਇੱਥੋਂ ਤੱਕ ਕਿ ਖ਼ਾਮੋਸ਼ੀ ਵੀ ਮੇਰੇ ਲਈ ਉਸ 'ਤੇ ਧਿਆਨ ਦੇਣ ਲਈ ਸਹਾਈ ਹੋਣ ਲੱਗੇ ਜੋ ਹਕੀਕਤ ਮੇਰੇ ਸਾਹਮਣੇ ਫੈਲਣੀ ਸ਼ੁਰੂ ਹੋ ਗਈ ਸੀ। ਫੇਰ, ਮਾਰਚ 2009 'ਚ ਮੈਂ ਘਿਣਾਉਣੀ ਹਕੀਕਤ ਨੂੰ ਹੋਰ ਵੀ ਨਿੱਠਕੇ ਮੁਖ਼ਾਤਬ ਹੋਣ ਲਈ ਆਪਣੇ ਕੁਝ ਵਸੀਲਿਆਂ ਦਾ ਨਿਚੋੜ ਕੱਢਣ ਖ਼ਾਤਰ ਲੰਮੇ ਰਸਮੀ ਕੰਮ 'ਤੇ ਨਿਕਲ ਤੁਰੀ। ਮੈਂ ਆਪਣੇ ਸ਼ੰਕੇ ਦੂਰ ਕਰਨ ਲਈ ਛਾਣਬੀਣ 'ਚ ਹੋਰ ਵੀ ਖੁੱਭਦੀ ਗਈ। ਖ਼ਾਸ ਕਰਕੇ ਜਦੋਂ 50 ਮੁਲਾਕਾਤਾਂ ਦਾ ਮੁੱਢਲਾ ਟੀਚਾ 100 ਤੋਂ ਟੱਪ ਗਿਆ। ਮੈਂ ਮਾਲਵਾ ਖੇਤਰ 'ਚ ਹੋਰ ਵੀ ਡੂੰਘੀ ਉੱਤਰ ਗਈ ਅਤੇ ਮੌਤ ਤੇ ਤਬਾਹੀ ਦੀ ਲਹੂ-ਲੁਹਾਣ ਪੈੜ ਨੱਪਦੀ ਗਈ। ਮੈਂ ਯੂਨੀਅਨਾਂ ਅਤੇ ਪਰਿਵਾਰਾਂ ਦੀਆਂ ਆੜ੍ਹਤੀਆਂ ਅਤੇ ਕਰਜ਼ਾ ਵਸੂਲਣ ਵਾਲਿਆਂ ਨਾਲ ਨਿੱਤ ਦੀਆਂ ਜਾਨ ਹੂਲਵੀਆਂ ਜੱਦੋਜਹਿਦਾਂ ਦਾ ਪਿੱਛਾ ਕਰਦੀ। ਇਸ ਵਾਰ, ਮਾਨਸਾ ਦਾ ਹੋਰ ਹਿੱਸਾ ਅਤੇ ਸੰਗਰੂਰ, ਮੋਗਾ, ਬਰਨਾਲਾ, ਮੁਕਤਸਰ ਅਤੇ ਬਠਿੰਡਾ ਜ਼ਿਲ੍ਹੇ ਖੋਜ 'ਚ ਸ਼ਾਮਲ ਕੀਤੇ ਗਏ। ਥੋੜ੍ਹੇ ਵਕਫ਼ੇ ਲਈ ਮੈਂ ਦਿੱਲੀ ਮੁੜ ਗਈ ਅਤੇ ਮੈਂ ਇਹ ਸੋਚ ਲਿਆ ਸੀ ਕਿ ਜਦੋਂ ਤੱਕ ਮੈਂ ਕੁਝ ਕੰਮ ਨਹੀਂ ਕਰ ਲੈਂਦੀ ਓਦੋਂ ਤੱਕ ਵਾਪਸ ਨਹੀਂ ਮੁੜਾਂਗੀ। ਪਰ ਜੁਲਾਈ 2009 'ਚ ਮੈਂ ਫ਼ਰੀਦਕੋਟ ਚਲੀ ਗਈ। ਮੈਂ ਆਪਣੀ ਹਾਸਲ ਜਾਣਕਾਰੀ 'ਚ ਇਕਸਾਰਤਾ ਲਿਆ ਰਹੀ ਸੀ ਅਤੇ ਇਸ ਨੂੰ ਤਰਤੀਬ ਦੇ ਰਹੀ ਸੀ। ਮੈਂ ਦੋਸਤਾਂ ਦੀ ਮਦਦ ਨਾਲ ਜੁਟਾਏ ਅੰਕੜਿਆਂ ਤੋਂ ਕੁਝ ਮਿਕਦਾਰੀ ਵਿਸ਼ਲੇਸ਼ਣ ਕਰਨਾ ਸ਼ੁਰੂ ਕਰ ਦਿੱਤਾ ਅਤੇ 125 ਮੁਲਾਕਾਤਾਂ ਦੇ ਮੁੱਢਲੇ ਸਿੱਟੇ ਪ੍ਰੈੱਸ 'ਚ ਲੈ ਗਈ। ਦੋਸਤਾਂ ਨੇ ਇਨ੍ਹਾਂ ਨੂੰ ਪੰਜਾਬੀ, ਹਿੰਦੀ, ਉੜੀਆ ਅਤੇ ਕੰਨੜ 'ਚ ਅਨੁਵਾਦ ਕਰਨ 'ਚ ਵੀ ਮਦਦ ਕੀਤੀ। ਇਹ ਖੋਜ ਦੇ ਹਾਸਲ ਪੱਖੋਂ ਵੀ ਸਹਾਈ ਹੋਈ। ਹਾਲੇ ਤੱਕ ਮੈਂ ਜਿਸ ਨੂੰ ਡੂੰਘਾਈ 'ਚ ਪੜਤਾਲਣ ਤੋਂ ਕੰਨੀ ਕਤਰਾ ਰਹੀ ਸੀ ਉਹ ਸੀ ਲੰਮੀਆਂ ਮੁਲਾਕਾਤਾਂ ਅਤੇ ਔਰਤਾਂ ਵਲੋਂ ਸੁਣਾਈ ਵਿਥਿਆ। ਜਨਵਰੀ 2010 ਤੱਕ, ਮੈਨੂੰ ਜ਼ਮੀਨੀ ਜੋਤਾਂ ਦੇ ਨੁਮਾਇੰਦਾ ਅਕਾਰ ਦੇ ਰੂਪ 'ਚ ਸੈਂਪਲ ਦੀ ਮੋੜਵੀਂ ਜਾਣਕਾਰੀ ਹਾਸਲ ਹੋਣੀ ਸ਼ੁਰੂ ਹੋ ਗਈ ਸੀ। ਮੈਂ ਇਨ੍ਹਾਂ ਸਿੱਟਿਆਂ ਦੀ ਤੁਲਨਾ ਪੰਜਾਬ 'ਚ ਕੀਤੇ ਗਏ ਹੋਰ ਅਧਿਐਨਾਂ ਨਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਯੂਨੀਅਨਾਂ ਨਾਲ ਦੁਬਾਰਾ ਰਾਬਤਾ ਬਣਾ ਲਿਆ। ਮਾਰਚ 2010 'ਚ ਮੈਂ ਦੁਬਾਰਾ ਸੰਗਰੂਰ 'ਚ ਸੀ। ਇਸ ਵਾਰ ਮੈਂ ਇਕੱਠੇ ਕੀਤੇ ਵੇਰਵਿਆਂ ਦਾ ਖਰੜਾ ਬਣਾਏ ਬਗ਼ੈਰ ਵਾਪਸ ਨਾ ਮੁੜਨ ਦੀ ਸੋਚੀ—ਮੈਂ ਹੈਰਾਨ ਸਾਂ ਕਿ ਪਤਾ ਨਹੀਂ ਇਹ ਕਿਹੜੀ ਸ਼ਕਲ ਅਖ਼ਤਿਆਰ ਕਰੇਗਾ, ਕੋਈ ਅਧਿਐਨ, ਜਾਂ ਕਿਤਾਬ, ਜਾਂ ਇਕ ਸਰਵੇਖਣ। 150 ਤੋਂ ਵੱਧ ਮੁਲਾਕਾਤਾਂ ਨੂੰ ਘੋਖਦਿਆਂ ਮੈਂ ਅੰਤ ਉਨ੍ਹਾਂ ਵਿਚੋਂ 136 ਚੁਣ ਲਈਆਂ। ਕਦੇ-ਕਦਾਈਂ ਕਰਮਭੂਮੀ ਤੋਂ ਦੂਰ ਹੋਣਾ ਲਿਖਣ ਅਤੇ ਚਿੰਤਨ ਕਰਨ ਲਈ ਸੁਖਾਵਾਂ ਲੱਗਦਾ ਅਤੇ ਕਦੇ ਇਹ ਬਹੁਤ ਹੀ ਨਿਤਾਣਾ ਲੱਗਦਾ। ਅਕਸਰ ਹੀ, ਇਹ ਮਹਿਸੂਸ ਹੁੰਦਾ ਕਿ ਉੱਥੇ ਜਾਣ ਤੋਂ ਬਗ਼ੈਰ ਇਕ ਸਫ਼ਾ ਲਿਖਣਾ ਵੀ ਸੰਭਵ ਨਹੀਂ ਹੈ। ਲਿਖਣ ਦਾ ਕੰਮ ਨੇਪਰੇ ਚਾੜ੍ਹਨ ਲਈ ਮੈਂ ਪੰਜਾਬ ਵਿਚ ਕਮਰਾ ਕਿਰਾਏ 'ਤੇ ਲੈਣ ਬਾਰੇ ਸੋਚਿਆ। ਪਰ ਦਿੱਲੀ ਵਿਚ ਕੀਤੇ ਵਾਅਦਿਆਂ

ਅਤੇ ਨੌਕਰੀ ਦੀਆਂ ਆਪਣੀਆਂ ਮਜਬੂਰੀਆਂ ਕਾਰਨ ਹੋਰ ਸਮਾਂ ਦੂਰ-ਦੁਰਾਡੇ ਨਹੀਂ ਸੀ ਰਿਹਾ ਜਾ ਸਕਦਾ। ਵਿਸਥਾਰਤ ਮੁਲਾਕਾਤਾਂ ਪੜ੍ਹਨ ਅਤੇ ਟਿੱਪਣੀਆਂ ਲਿਖਦੇ ਜਾਣ ਨਾਲ ਮੈਨੂੰ ਇਕ ਵੱਡੀ ਤਸਵੀਰ ਦਿਖਾਈ ਦੇਣ ਲੱਗੀ। ਔਰਤਾਂ ਦੇ ਬੋਲਾਂ 'ਚ ਠੋਸ ਰੂਪ ਧਾਰੀਆਂ ਮਨੌਤਾਂ ਅਤੇ ਪੂਰਵ-ਧਾਰਨਾਵਾਂ ਵੱਧ ਮਨ ਹੌਲਾ ਕਰਨ ਵਾਲੀਆਂ ਸਨ ਪਰ ਘੱਟ ਤਸੱਲੀਬਖ਼ਸ਼ ਅਤੇ ਵੱਧ ਕਸ਼ਟਦਾਇਕ ਸਨ। ਅਜਿਹੇ ਪਲ ਪੁਸ਼ਟੀ ਕਰਦੇ ਸਨ ਕਿ ਇਹ ਸਿਰਫ਼ ਅਧਿਐਨ ਜਾਂ ਖੋਜ ਨਹੀਂ ਹੈ; ਇਹ ਅਣਫੋਲੇ ਪਲ ਹੁਣ ਵੀ ਅੱਖਾਂ ਮੂਹਰੇ ਘੁੰਮਦੇ ਰਹਿੰਦੇ ਹਨ। ਖੋਜ ਦੇ ਤਰੀਕਾਕਾਰ ਅਤੇ ਇਸ ਦੀਆਂ ਦੋਚਿੱਤੀਆਂ ਜਾਂ ਕਮੀਆਂ ਬਾਰੇ ਹੋਰ ਟਿੱਪਣੀਆਂ ਨੂੰ ਮੈਂ ਅਦਾਨ-ਪ੍ਰਦਾਨ ਦੇ ਖ਼ਾਸ ਨੁਕਤਿਆਂ ਵਿਚ ਫੁੱਟ-ਨੋਟ ਵਜੋਂ ਸ਼ਾਮਲ ਕੀਤਾ ਹੈ; ਇੰਞ ਨਾ ਕਰਦੀ ਤਾਂ ਮੁਲਾਕਾਤਾਂ ਦਾ ਇਹ ਤਜਰਬਾ ਅਤੇ ਹੋਰ ਨਿੱਕਸੁੱਕ ਆਪਣੇ ਆਪ 'ਚ ਹੀ ਬਹੁਤ ਲੰਮਾ ਕਾਂਡ ਬਣ ਜਾਣਾ ਸੀ।

ਮੈਂ ਕਿਸ ਕਿਸ ਦਾ ਸ਼ੁਕਰੀਆ ਅਦਾ ਕਰਾਂ

ਮੈਂ ਔਰਤਾਂ ਅਤੇ ਬੱਚਿਆਂ, ਕਿਸਾਨਾਂ/ਉਜਰਤੀ ਕਾਮਿਆਂ ਦਾ ਆਪਣੀਆਂ ਜ਼ਿੰਦਗੀਆਂ ਖੁੱਲ੍ਹ ਕੇ ਪੇਸ਼ ਕਰਨ ਅਤੇ ਬੀਤੇ ਦੀ ਪੜਤਾਲ ਦੌਰਾਨ ਮਨ ਦੀ ਗੱਲ ਬਾਹਰ ਲਿਆਉਣ ਲਈ ਸ਼ੁਕਰਗੁਜ਼ਾਰ ਹਾਂ। ਕਈ ਵਾਰ ਹੋਰ ਲੋਕਾਂ ਦੀ ਮੌਜੂਦਗੀ 'ਚ ਅਜਿਹਾ ਕਰਨ ਨਾਲ ਵੱਖਰੀ ਤਰ੍ਹਾਂ ਦੀ ਬੇਚੈਨੀ ਵੀ ਹੁੰਦੀ ਸੀ।

ਕਿਸਾਨ ਯੂਨੀਅਨਾਂ ਦਾ ਧੰਨਵਾਦ ਜਿਨ੍ਹਾਂ ਨੇ ਮੇਰੀ ਪੂਰੀ ਮਦਦ ਕੀਤੀ ਅਤੇ ਬਲਾਕ ਪੱਧਰ ਦੇ ਸਾਥੀਆਂ ਦਾ ਜਿਨ੍ਹਾਂ ਨੇ ਆਪਣੇ ਘਰਾਂ 'ਚ ਮੈਨੂੰ ਥਾਂ ਦਿੱਤੀ ਅਤੇ ਪ੍ਰਾਹੁਣਾਚਾਰੀ ਨਾਲ ਨਿਵਾਜਿਆ। ਇਹ ਧਰਤੀ ਦੇ ਕੁਝ ਸਭ ਤੋਂ ਕਮਾਲ ਦੇ ਲੋਕ ਹਨ। ਮੈਨੂੰ ਇਨ੍ਹਾਂ ਤੋਂ ਉਸ ਤੋਂ ਕਿਤੇ ਵੱਧ ਹਮਾਇਤ ਮਿਲੀ ਅਤੇ ਵਿਚਾਰ ਹਾਸਲ ਹੋਏ ਜਿੰਨਾ ਉਹ ਸੋਚਦੇ ਹਨਃ ਉਨ੍ਹਾਂ ਵਿਚੋਂ ਕੁਝ ਨੂੰ ਬਹੁਤ ਹੀ ਤਸੱਲੀ ਮਹਿਸੂਸ ਹੋਵੇਗੀ ਜਦੋਂ ਇਹ ਖਰੜਾ ਹੁਣ ਅੰਤ ਪ੍ਰਕਾਸ਼ਕ ਕੋਲ ਜਾ ਰਿਹਾ ਹੈ।



ਕਾਂਡ ਪਹਿਲਾ

ਤੂੰ ਇਧਰ ਉਧਰ ਕੀ ਬਾਤ ਨਾ ਕਰ; ਯੇ ਬਤਾ ਕਿ ਕਾਰਵਾਂ ਕਿਉਂ ਲੁਟਾ

ਪੰਜਾਬ ਵਿਚ ਸੰਕਟ ਦਾ ਖ਼ਾਕਾ

ਪੰਜਾਬ ਦੇ ਮੋੜਾਂ-ਘੋੜਾਂ ਵਾਲੇ ਇਤਿਹਾਸ ਦਾ ਇਕ ਪਹਿਲੂ ਵੱਖੋ-ਵੱਖਰੀਆਂ ਤਾਕਤਾਂ ਵਲੋਂ ਕਿਸਾਨੀ ਦੀ ਘੋਰ ਲੁੱਟ-ਖਸੁੱਟ ਹੈ। ਇਸ ਦੇ ਨਾਲ-ਨਾਲ ਬਗ਼ਾਵਤ ਅਤੇ ਟਾਕਰੇ ਦੀ ਪ੍ਰੇਰਨਾਮਈ ਗਾਥਾ ਵੀ ਮੌਜੂਦ ਹੈ। ਔਰਤਾਂ ਜਾਂ ਬੇਜ਼ਮੀਨਿਆਂ ਜਾਂ ਦਲਿਤਾਂ ਦੇ ਪਰਿਕ੍ਰਮਾ-ਪਥ ਸਿਰਫ਼ ਸਮੁੱਚੇ ਪ੍ਰਸੰਗ 'ਚ ਟੁਕੜਿਆਂ ਦੇ ਰੂਪ 'ਚ ਹੀ ਲੱਭੇ ਜਾ ਸਕਦੇ ਹਨ। ਹੱਕਾਂ ਤੋਂ ਵਾਂਝੇ ਅਦਿੱਖ ਪੀੜਤਾਂ ਦੀਆਂ ਜ਼ਿੰਦਗੀਆਂ ਦੀ ਥਾਹ ਪਾਉਣ ਲਈ ਸੂਬੇ ਅਤੇ ਇਸ ਦੇ ਇਤਿਹਾਸ ਦੇ ਇਸ ਪਿਛੋਕੜ ਦਾ ਖ਼ਾਕਾ ਬਿਆਨ ਕਰਨਾ ਜ਼ਰੂਰੀ ਹੈ। ਭਾਰਤ ਦੇ ਉੱਤਰ-ਪੱਛਮ 'ਚ ਸਥਿਤ ਪੰਜਾਬ ਦੇ ਤਿੰਨ ਭੂਗੋਲਿਕ ਹਿੱਸੇ ਮਾਲਵਾ, ਮਾਝਾ ਅਤੇ ਦੋਆਬਾ ਹਨ। ਮਾਲਵਾ ਖੇਤਰ ਸਤਲੁਜ ਦਰਿਆ ਦੇ ਦੱਖਣ ਵਾਲੇ ਪਾਸੇ ਦਾ ਦੱਖਣੀ ਹਿੱਸਾ ਹੈ। ਪੰਜਾਬ ਦੇ 20 ਜ਼ਿਲ੍ਹਿਆਂ ਵਿਚੋਂ 12 ਜ਼ਿਲ੍ਹੇ ਇਸ ਖੇਤਰ ਵਿਚ ਪੈਂਦੇ ਹਨ ਅਰਥਾਤ ਫ਼ਿਰੋਜ਼ਪੁਰ, ਫ਼ਰੀਦਕੋਟ, ਮੋਗਾ, ਮੁਕਤਸਰ, ਬਠਿੰਡਾ, ਸੰਗਰੂਰ, ਮਾਨਸਾ, ਬਰਨਾਲਾ, ਲੁਧਿਆਣਾ, ਪਟਿਆਲਾ, ਫ਼ਤਹਿਗੜ੍ਹ ਅਤੇ ਰੋਪੜ। ਇਸ ਖੇਤਰ ਉੱਪਰ ਹਰੇ ਇਨਕਲਾਬ ਅਤੇ ਇਸ ਦੇ ਅਮਲਾਂ ਦਾ ਸਭ ਤੋਂ ਵੱਧ ਅਸਰ ਰਿਹਾ ਹੈ। ਜੋ 1960ਵਿਆਂ ਦੇ ਅਖ਼ੀਰ 'ਚ ਸ਼ੁਰੂ ਕੀਤਾ ਗਿਆ ਸੀ। ਅੱਜ, ਜ਼ਰੱਈ ਸੰਕਟ ਦਾ ਸਭ ਤੋਂ ਵੱਧ ਪ੍ਰਭਾਵ ਵੀ ਇਸੇ ਖੇਤਰ ਉੱਪਰ ਦਿਖਾਈ ਦੇ ਰਿਹਾ ਹੈ। ਹੱਥਲੇ ਸਰਵੇਖਣ 'ਚ ਇਨ੍ਹਾਂ ਬਾਰਾਂ ਵਿਚੋਂ 8 ਜ਼ਿਲ੍ਹੇ ਸ਼ਾਮਲ ਕੀਤੇ ਗਏ—ਫ਼ਿਰੋਜ਼ਪੁਰ, ਮੁਕਤਸਰ, ਬਠਿੰਡਾ, ਮੋਗਾ, ਮਾਨਸਾ, ਸੰਗਰੂਰ, ਬਰਨਾਲਾ ਅਤੇ ਫ਼ਰੀਦਕੋਟ। ਅਤੇ ਇਹ ਕੋਈ ਸਧਾਰਨ ਸੰਜੋਗ ਨਹੀਂ ਹੈ; ਜ਼ਰੱਈ ਸੰਕਟ ਦਾ ਪ੍ਰਗਟਾਵਾ, ਖ਼ਾਸ ਕਰਕੇ ਪੂਰੇ ਦੇਸ਼ ਦੇ ਹਰੇ ਇਨਕਲਾਬ ਵਾਲੇ ਇਲਾਕਿਆਂ ਵਿਚ, ਪਹਿਲਾਂ ਹੀ ਹੋ ਚੁੱਕਾ ਹੈ।

ਇਕ ਬਹੁਤ ਹੀ ਖ਼ੁਸ਼ਕ ਅਤੇ ਮਾਰੂ ਸੂਬਾ ਹੋਣ ਦੇ ਬਾਵਜੂਦ, ਪੰਜਾਬ ਦੇ ਲੋਕਾਂ ਦਾ ਗੁਜ਼ਾਰੇ ਦਾ ਮੁੱਖ ਸਾਧਨ ਖੇਤੀ ਹੀ ਰਿਹਾ ਹੈ। ਕਿਸਾਨੀ ਦੀ ਬਣਤਰ 'ਚ ਜੱਟ ਸਿੱਖ ਜਾਤ ਭਾਰੂ ਹੈ, ਇਸ ਦੇ ਨਾਲ-ਨਾਲ ਮਜ਼੍ਹਬੀ-ਰਾਏ ਸਿੱਖ, ਰਾਮਦਾਸੀਏ, ਰਵੀਦਾਸੀਏ ਅਤੇ ਹੋਰ ਵੀ ਹਨ। ਬੇਜ਼ਮੀਨੇ ਖੇਤ ਮਜ਼ਦੂਰਾਂ ਦਾ ਵੱਡਾ ਹਿੱਸਾ ਦਲਿਤ ਹਨ ਜੋ ਇਸ ਅਧਿਐਨ ਦਾ ਅਹਿਮ ਅੰਗ ਹਨ। ਭਾਵੇਂ ਜਾਤਪਾਤੀ ਰੋਕਾਂ ਅਤੇ ਜੱਟ ਹੰਕਾਰ ਜੱਟਾਂ ਨੂੰ ਦਿਹਾੜੀ-ਦੱਪਾ ਕਰਨੋਂ ਵਰਜਦੇ ਹਨ, ਫੇਰ ਵੀ ਮੌਜੂਦਾ ਸੰਕਟ 'ਚ ਉਹ ਸਹਿਜੇ-ਸਹਿਜੇ ਬੇਜ਼ਮੀਨਿਆਂ ਦੀਆਂ ਸਫ਼ਾਂ ਵਿਚ ਸ਼ਾਮਲ ਹੁੰਦੇ ਜਾ ਰਹੇ ਹਨ।

ਬੇਗਾਨੇ ਖੇਤ 'ਚ ਕੰਮ ਕਰਨ ਨਾਲ ਜੁੜੀ ਜ਼ਲਾਲਤ ਜੱਦੀ ਸੂਬੇ ਤੱਕ ਹੀ ਸੀਮਤ ਹੈ; ਦੂਸਰੇ ਪਾਸੇ ਦੂਰ-ਦਰਾਜ਼ ਸਮੁੰਦਰੋਂ ਪਾਰ ਜਾ ਕੇ ਕਿਸੇ ਵੀ ਤਰ੍ਹਾਂ ਦਾ ਕੰਮ ਕਰਨ ਲਈ ਪ੍ਰਵਾਸ ਕਰਨ ਦੀ ਇੱਛਾ ਪੱਛਮੀ ਦੇਸ਼ਾਂ, ਖ਼ਾਸ ਕਰਕੇ ਕਨੇਡਾ 'ਚ ਸਿੱਖਾਂ ਦੀ

ਵਧ ਰਹੀ ਤਦਾਦ ਤੋਂ ਸਪਸ਼ਟ ਦਿਖਾਈ ਦਿੰਦੀ ਹੈ। ਅਜਿਹਾ ਪਰਵਾਸ ਦੋਆਬਾ ਖੇਤਰ ਤੋਂ ਬਹੁਤ ਹੋਇਆ ਹੈ। ਖੇਤੀਬਾੜੀ ਤੋਂ ਬਾਹਰ ਕਿਸਾਨ ਖ਼ਾਸ ਤਰ੍ਹਾਂ ਦੇ ਕੰਮ ਨੂੰ ਹੀ ਤਰਜੀਹ ਦੇ ਸਕਦਾ ਹੈ, ਸਰਕਾਰੀ ਨੌਕਰੀ ਤੋਂ ਬਾਅਦ ਫ਼ੌਜ 'ਚ ਭਰਤੀ ਹੋਣ ਦੇ ਕੰਮ ਨੂੰ ਹੀ ਵੱਧ ਮਾਣ-ਸਨਮਾਨ ਵਾਲਾ ਗਿਣਿਆ ਜਾਂਦਾ ਹੈ।

ਅੱਜ ਜੋ ਕਿਸਾਨੀ ਕਿੱਤੇ 'ਚੋਂ ਬਾਹਰ ਧੱਕੇ ਜਾਣ ਦਾ ਅਮਲ ਚੱਲ ਰਿਹਾ ਹੈ ਜਿਵੇਂ ਇਹ ਸਰਕਾਰੀ ਨੀਤੀਆਂ ਅਤੇ ਵੱਡੇ ਸਰਮਾਏ ਦਾ ਨਤੀਜਾ ਹੈ, ਇਸੇ ਤਰ੍ਹਾਂ ਇਤਿਹਾਸਕ ਤੌਰ 'ਤੇ ਬਰਤਾਨੀਆ ਦੀਆਂ ਬਸਤੀਵਾਦੀ ਨੀਤੀਆਂ ਤਹਿਤ ਖੇਤੀਬਾੜੀ ਪੈਦਾਵਾਰ ਇਕਦਮ ਤੇਜ਼ ਕਰ ਦਿੱਤੀ ਗਈ ਸੀ। ਬਰਤਾਨਵੀ ਆਪਣੀਆਂ ਜਿਣਸਾਂ ਲਈ ਮੰਡੀ ਚਾਹੁੰਦੇ ਸਨ ਅਤੇ ਇਸ ਤੋਂ ਵੀ ਅਹਿਮ ਸੀ ਖੇਤੀ ਪੈਦਾਵਾਰ ਨੂੰ ਕੱਚੇ ਮਾਲ ਦੇ ਰੂਪ 'ਚ ਆਪਣੀਆਂ ਸਨਅਤਾਂ ਲਈ ਢੋਣਾ। ਪੰਜਾਬ ਵਿਚ ਨਹਿਰਾਂ ਰਾਹੀਂ ਸਿੰਜਾਈ ਦਾ ਜਾਲ ਵਿਛਾਇਆ ਗਿਆ ਅਤੇ ਇਕ ਕਰੋੜ ਏਕੜ ਬੰਜਰ ਜ਼ਮੀਨ ਆਬਾਦ ਕਰਕੇ ਜ਼ਰਖੇਜ਼ ਉਪਜਾਊ ਖੇਤੀਬਾੜੀ 'ਚ ਤਬਦੀਲ ਕਰ ਦਿੱਤੀ ਗਈ। ਓਦੋਂ ਮੁੱਖ ਫ਼ਸਲਾਂ ਸਨ ਕਣਕ, ਕਪਾਹ ਅਤੇ ਤੇਲਾਂ ਵਾਲੇ ਬੀਜ। ਬਸਤੀਵਾਦੀ ਦੌਰ 'ਚ ਬਰਤਾਨੀਆ ਵਲੋਂ ਖੇਤੀਬਾੜੀ ਉਪਜਾਂ ਅਤੇ ਨਾਲ ਦੀ ਨਾਲ ਆਪਣੀ ਸੰਸਾਰ ਫ਼ੌਜੀ ਯੁੱਧਨੀਤੀ 'ਚ ਪੰਜਾਬ ਨੂੰ ਅਹਿਮ ਅੱਡਾ ਬਣਾਕੇ ਦੋਵੇਂ ਤਰ੍ਹਾਂ ਇਸ ਦਾ ਲਾਹਾ ਲੈਣ ਦਾ ਵਧੀਆ ਵਰਨਣ ਦਸਤਾਵੇਜ਼ਾਂ 'ਚ ਦਰਜ ਹੈ। ਮਾਸਟਰ ਹਰੀ ਸਿੰਘ ਦੀ ਲਿਖੀ ਕਿਤਾਬ *ਬਰਤਾਨਵੀ ਪੰਜਾਬ ਦਾ ਜ਼ਰੱਈ ਦ੍ਰਿਸ਼* ਜੋ ਪੀਪਲਜ਼ ਪਬਲਿਸ਼ਿੰਗ ਹਾਊਸ, ਨਵੀਂ ਦਿੱਲੀ ਵੱਲੋਂ 1983 ਵਿਚ ਛਾਪੀ ਗਈ ਸੀ ਇਹ ਦਿਖਾਉਂਦੀ ਹੈ ਕਿ ਕਿਵੇਂ ਤਿੰਨ ਉਦੇਸ਼ ਪੰਜਾਬ 'ਚ ਅੰਗਰੇਜ਼ਾਂ ਦੀਆਂ ਨੀਤੀਆਂ ਦਾ ਖ਼ਾਸਾ ਬਿਆਨ ਕਰਦੇ ਸਨ: ਪਹਿਲਾ, ਪੰਜਾਬ ਨੂੰ ਬਰਤਾਨਵੀਆਂ ਦੇ ਕਾਰਖ਼ਾਨਿਆਂ ਦਾ ਮਾਲ ਵੇਚਣ ਅਤੇ ਆਪਣੀਆਂ ਸਨਅਤਾਂ ਲਈ ਸਸਤੇ ਕੱਚੇ ਮਾਲ ਦੀ ਮੰਡੀ ਵਜੋਂ ਵਿਕਸਤ ਕੀਤਾ ਗਿਆ। ਦੂਜਾ, 1857 'ਚ ਬੰਗਾਲੀ ਫ਼ੌਜ, ਮੁੱਖ ਤੌਰ 'ਤੇ ਅਵਧ ਦੀ, ਵਲੋਂ ਬਰਤਾਨੀਆ ਵਿਰੁੱਧ ਹਥਿਆਰਬੰਦ ਘੋਲ ਵਿੱਢ ਦਿੱਤੇ ਜਾਣ ਦੇ ਸਿੱਟੇ ਵਜੋਂ ਪੰਜਾਬ ਨੂੰ ਅੰਗਰੇਜ਼ਾਂ ਦੀ ਭਾਰਤੀ ਫ਼ੌਜ ਦੀ ਭਰਤੀ ਦਾ ਅੱਡਾ ਬਣਾਏ ਜਾਣ 'ਚ ਨਿਕਲਿਆ। ਇਸ ਸੂਬੇ ਦੀ ਜਵਾਨੀ ਨੇ ਦੋ ਸੰਸਾਰ ਜੰਗਾਂ 'ਚ ਤੋਪਾਂ ਦੇ ਬਾਲਣ ਦੀ ਵੱਡੀ ਭੂਮਿਕਾ ਨਿਭਾਈ। ਇਹ ਰੁਝਾਨ ਆਜ਼ਾਦੀ ਉਪਰੰਤ ਵੀ ਇਵੇਂ ਹੀ ਜਾਰੀ ਰਿਹਾ। ਆਖ਼ਰੀ ਗੱਲ, ਪੰਜਾਬ ਨੂੰ ਜਾਰਸ਼ਾਹੀ ਰੂਸੀ ਸਲਤਨਤ ਦੇ ਪਸਾਰੇ 'ਚ ਯੁੱਧਨੀਤਕ ਤੌਰ 'ਤੇ ਕਾਰਗਰ ਨਾਕਾ ਮੰਨਿਆ ਗਿਆ। ਸਿੱਟੇ ਵਜੋਂ, ਪੰਜਾਬ ਅਤੇ ਉੱਤਰ-ਪੱਛਮੀ ਸਰਹੱਦੀ ਸੂਬੇ 'ਚ ਫ਼ੌਜੀ ਛਾਉਣੀਆਂ ਦਾ ਜਾਲ ਵਿਛਾਇਆ ਗਿਆ।

1.1 ਪੰਜਾਬ ਦੇ ਤਾਜ਼ਾ ਜ਼ਰੱਈ ਸੰਕਟ ਦੀਆਂ ਜੜ੍ਹਾਂ

ਆਜ਼ਾਦੀ ਉਪਰੰਤ ਸਰਮਾਏਦਾਰੀ ਤਰਜ਼ ਦੀ ਸੰਘਣੀ ਖੇਤੀਬਾੜੀ ਦੀ ਆਮਦ ਨਾਲ ਸਮਾਜ 'ਚ ਡੂੰਘੀ ਟੁੱਟਭੱਜ ਪ੍ਰਤੱਖ ਦਿਖਾਈ ਦੇਣ ਲੱਗੀ। ਛਾਣਬੀਣ ਅਤੇ ਜ਼ਮੀਨੀ ਹਕੀਕਤ ਦੋਵੇਂ ਦਿਖਾਉਂਦੀਆਂ ਹਨ ਕਿ ਕਿਵੇਂ ਹਰੇ ਇਨਕਲਾਬ ਅਤੇ ਇਸ ਤਹਿਤ ਚੁੱਕੇ ਕਦਮਾਂ ਦਾ ਸਿੱਟਾ ਮਿੱਟੀ 'ਚ ਤੇਜ਼ੀ ਨਾਲ ਵਿਗਾੜ ਪੈਦਾ ਹੋਣ, ਭਾਰੀ ਲਾਗਤ ਵਾਲੀਆਂ ਕੀੜੇਮਾਰ ਦਵਾਈਆਂ ਅਤੇ ਖਾਦਾਂ ਦੀ ਮੰਗ ਵਧਣ ਅਤੇ

ਸੰਸਥਾਗਤ ਫੰਡਾਂ ਦਾ ਪਸਾਰਾ ਹੋਣ 'ਚ ਨਿਕਲਿਆ। ਪੈਸੇ ਦੀ ਜ਼ਰੂਰਤ ਨੇ ਸਮੁੱਚੇ ਕਿਸਾਨ ਭਾਈਚਾਰੇ ਨੂੰ ਕਰਜ਼ੇ ਦੇ ਘਾਤਕ ਮਕੜ-ਜਾਲ ਵਿਚ ਜਕੜ ਦਿੱਤਾ। ਮਨੁੱਖੀ ਕਿਰਤ ਦੀ ਥਾਂ ਮਸ਼ੀਨਰੀ ਵਲੋਂ ਲੈਣ, ਪੈਸੇ ਦੀ ਜ਼ਰੂਰਤ ਸੰਸਥਾਗਤ ਅਤੇ ਗ਼ੈਰ-ਸੰਸਥਾਗਤ ਵਸੀਲਿਆਂ ਤੋਂ ਪੂਰੀ ਕਰਨ ਅਤੇ ਬੀਜ, ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਖ਼ਰੀਦਣ ਦਾ ਰਿਵਾਜ ਪੰਜਾਬ ਵਿਚ ਹਰਾ ਇਨਕਲਾਬ ਸ਼ੁਰੂ ਹੋਣ ਦੇ ਸਮੇਂ ਹੀ ਚੱਲਿਆ। ਇਸ ਨਾਲ ਉਨ੍ਹਾਂ ਆਰਥਕ ਸੁਧਾਰਾਂ ਦਾ ਰਾਹ ਸਾਫ਼ ਹੋ ਰਿਹਾ ਸੀ ਜੋ ਕੁਝ ਸਾਲ ਮਗਰੋਂ ਦੇਸ਼ ਵਿਚ ਲਾਗੂ ਹੋਣੇ ਸਨ। ਖੇਤੀਬਾੜੀ ਦੇ ਆਧੁਨਿਕੀਕਰਨ ਨਾਲ ਜੋ ਤਕਨਾਲੋਜੀ ਅਤੇ ਆਲ-ਜੰਜਾਲ ਜੁੜਿਆ ਹੋਇਆ ਸੀ, ਇਸ ਦੇ ਛੋਟੇ ਅਤੇ ਸੀਮਾਂਤ ਕਿਸਾਨ ਦੀ ਪਹੁੰਚ ਤੋਂ ਬਾਹਰ ਹੋਣ ਦੀ ਹਕੀਕਤ ਹਰੇ ਇਨਕਲਾਬ ਦੇ ਪਹਿਲੇ ਪੜਾਅ 'ਚ ਹੀ ਉੱਘੜ ਆਈ। ਆੜ੍ਹਤੀਆਂ ਦੀ ਵਧ ਰਹੀ ਤਾਕਤ ਦੀ ਜਕੜ 'ਚ ਫਸ ਰਹੇ ਕਿਸਾਨਾਂ ਵਲੋਂ ਕਰਜ਼ੇ ਨਾ ਮੋੜ ਸਕਣਾ ਵੀ ਜ਼ਾਹਰ ਹੋਣਾ ਸ਼ੁਰੂ ਹੋ ਗਿਆ। ਸਿੱਟੇ ਵਜੋਂ, ਛੋਟੇ ਕਿਸਾਨ ਖੇਤੀਬਾੜੀ ਵਿਚੋਂ ਬਾਹਰ ਧੱਕੇ ਜਾਣ ਲੱਗੇ ਅਤੇ ਬੇਜ਼ਮੀਨਾਪਣ ਵਧਣ ਲਗਿਆ। ਇੰਞ, ਰਾਜ ਅਤੇ ਸਰਮਾਏਦਾਰੀ ਦੋਵਾਂ ਨੇ ਕਿਸਾਨੀ ਦੀ ਸਵੈ-ਨਿਰਭਰਤਾ ਅਤੇ ਸੁਤੰਤਰ ਹੈਸੀਅਤ ਨੂੰ ਭਰਵੀਆਂ ਸੱਟਾਂ ਮਾਰੀਆਂ। ਅਜਿਹੇ ਸੰਕਟ ਦੀ ਹਾਲਤ ਬਣਾ ਦਿੱਤੀ ਗਈ ਜਿਸ ਨੇ ਪੱਕੇ ਪੈਰ ਜਮਾ ਲਏ। ਇੰਞ, 1990ਵਿਆਂ ਦੇ ਸ਼ੁਰੂ 'ਚ ਆਰਥਿਕਤਾ ਦਾ ਉਦਾਰੀਕਰਨ ਪੰਜਾਬ ਵਿਚ ਆਖ਼ਰੀ ਸੱਟ ਸਾਬਤ ਹੋਇਆ ਜਿਥੇ ਹਰੇ ਇਨਕਲਾਬ ਦੇ ਪੜਾਅ ਦੌਰਾਨ ਮੁਨਾਫ਼ੇ ਦੀ ਅੰਨ੍ਹੀ ਦੌੜ 'ਚ ਜ਼ਮੀਨ, ਉਪਜਾਊ ਮਿੱਟੀ ਅਤੇ ਕਿਸਾਨੀ ਨੂੰ ਪਹਿਲਾਂ ਹੀ ਪੂਰਾ ਤਰ੍ਹਾਂ ਨਿਚੋੜਿਆ ਜਾ ਚੁੱਕਾ ਸੀ।

ਪੂੰਜੀਨਿਵੇਸ਼ ਰਾਹੀਂ ਖੇਤੀਬਾੜੀ ਦਾ ਵੱਡੇ ਪੱਧਰ 'ਤੇ ਮਸ਼ੀਨੀਕਰਨ ਅਤੇ ਵਪਾਰੀਕਰਨ ਪਹਿਲਾਂ ਵੀ ਹਰੇ ਇਨਕਲਾਬ ਦੀ ਖ਼ਾਸੀਅਤ ਸੀ ਅਤੇ ਅੱਜ ਵੀ ਹੈ। ਇਸ ਦਾ ਇਕੋ ਇਕ ਉਦੇਸ਼ ਖ਼ਾਸ ਫ਼ਸਲਾਂ ਦੀ ਖੇਤੀ ਉਪਜਾਇਕਤਾ ਨੂੰ ਜ਼ਰਬਾਂ ਦੇਣਾ ਹੈ, ਅਜਿਹਾ ਬਾਕੀ ਸਾਰੀਆਂ—ਪ੍ਰਤੱਖ ਅਤੇ ਅਪ੍ਰਤੱਖ—ਲਾਗਤਾਂ ਤੋਂ ਬੇਪ੍ਰਵਾਹ ਹੋ ਕੇ ਕੀਤਾ ਜਾਂਦਾ ਹੈ। ਸਰਮਾਏਦਾਰਾਨਾ ਸੰਘਣੀ ਖੇਤੀ ਦੀ ਵਿਸ਼ੇਸ਼ ਖ਼ਾਸੀਅਤ ਬੀਜਾਂ, ਖਾਦਾਂ, ਕੀੜੇਮਾਰ ਦਵਾਈਆਂ ਅਤੇ ਬਿਜਲੀ ਜਿਹੀਆਂ ਖੇਤੀ 'ਚ ਕੰਮ ਆਉਣ ਵਾਲੀਆਂ ਕੁਲ ਲਾਗਤ ਵਸਤਾਂ ਖ਼ਰੀਦਣ ਲਈ ਵੱਡੀ ਮਾਤਰਾ 'ਚ ਨਗਦ ਪੈਸੇ-ਧੇਲੇ ਉੱਪਰ ਨਿਰਭਰਤਾ ਹੈ। ਲਾਗਤ ਵਸਤਾਂ ਮੁਹੱਈਆ ਕਰਨ ਵਾਲੀਆਂ ਕੰਪਨੀਆਂ ਲਈ ਇਹ ਮੁਨਾਫ਼ੇ ਦਾ ਸਾਧਨ ਹੈ। ਇਹ ਮਿਹਨਤ ਸ਼ਕਤੀ ਨੂੰ ਕਿਰਾਏ 'ਤੇ ਲੈਣ ਪੱਖੋਂ ਨਾਬਰਾਬਰੀ ਵੀ ਥੋਪਦੀ ਹੈ ਤਾਂ ਜੋ ਹੱਥੀਂ ਵਾਢੀ ਕਰਨ ਜਾਂ ਨਰਮਾ ਕਪਾਹ ਚੁਗਣ ਵਰਗੇ ਖ਼ਾਸ ਹੁਨਰੀ ਕੰਮ ਦਾ ਦਰਜਾ ਨੀਵਾਂ ਬਣਿਆ ਰਹੇ। ਚਾਹੇ ਇਸ ਦੀ ਪੈਦਾਵਾਰ ਵਿਚ ਕਿੰਨੀ ਵੀ ਅਹਿਮੀਅਤ ਕਿਉਂ ਨਾ ਹੋਵੇ। ਅਤੇ ਅਜਿਹੀ ਮਿਹਨਤ ਮੁਹੱਈਆ ਕਰਨ ਵਾਲਿਆਂ ਦੀ ਖੇਤੀਬਾੜੀ ਉਪਜ ਤੱਕ ਹਰ ਤਰ੍ਹਾਂ ਦੀ ਪਹੁੰਚ ਖ਼ਤਮ ਕਰ ਦਿੱਤੀ ਜਾਂਦੀ ਹੈ ਕਿਉਂਕਿ ਉਜਰਤੀ ਕਿਰਤ ਪ੍ਰਬੰਧ ਮਨੁੱਖੀ ਕਿਰਤ ਨੂੰ ਜਿਣਸ ਬਣਾ ਦਿੰਦਾ ਹੈ।

ਪਹਿਲਾਂ ਮਜ਼ਦੂਰਾਂ ਦਾ ਦਰਮਿਆਨੇ ਜਾਂ ਵੱਡੇ ਕਿਸਾਨ ਤੋਂ ਮਿਲਦੀਆਂ ਸਬਜ਼ੀਆਂ, ਪੱਠਾ-ਦੱਥਾ, ਕੁਝ ਨਾ ਕੁਝ ਅਨਾਜ ਆਦਿ ਨਾਲ ਗੁਜ਼ਾਰਾ ਹੋ ਜਾਂਦਾ ਸੀ। ਭਾਵੇਂ

ਹਾਲੇ ਵੀ ਮੈਂ ਦੇਖਿਆ ਕਿ ਕੁਝ ਦਲਿਤ ਬੇਜ਼ਮੀਨੇ ਕੁਝ ਨਾ ਕੁਝ ਗਾਜ਼ਰਾਂ, ਮੂਲੀ ਜਾਂ ਸਾਗ ਖੇਤਾਂ ਵਿਚੋਂ ਲੈ ਆਉਂਦੇ ਹਨ, ਕਈ ਲੋਕਾਂ ਦਾ ਵਿਚਾਰ ਸੀ ਕਿ ਖੇਤੀ ਉਪਜਾਂ ਦੀ ਹਿੱਸੇਦਾਰੀ ਪਹਿਲਾਂ ਜ਼ਿਆਦਾ ਵਿਆਪਕ ਹੁੰਦੀ ਸੀ। ਪੱਠੇ-ਦੱਥੇ ਪਹੁੰਚ ਤੋਂ ਬਾਹਰ ਹੋਣ ਨਾਲ ਹੀ ਕਈ ਲੋਕਾਂ ਦਾ ਆਮਦਨੀ ਦੇ ਸਾਧਨ ਵਜੋਂ ਪਸ਼ੂ ਪਾਲਣ ਦੇ ਕੰਮ 'ਚ ਟਿਕਣਾ ਵੀ ਦੁੱਭਰ ਹੋ ਗਿਆ ਹੈ। ਮਿੱਟੀ ਅਤੇ ਪੌਣਪਾਣੀ ਦੀ ਤਬਾਹੀ ਕਰਨ ਵਾਲੀਆਂ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਬੇਦਰੇਗ ਵਰਤੋਂ ਨਾਲ ਕੁਦਰਤੀ ਚੌਗਿਰਦੇ ਦੀ ਤਬਾਹੀ ਦਾ ਮੁੱਢ ਬੱਝ ਗਿਆ ਸੀ। ਬੀਜਾਂ ਦੀਆਂ ਅਖੌਤੀ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਅਤੇ ਇਨ੍ਹਾਂ ਦੇ ਸਿੱਟੇ ਵਜੋਂ ਜੀਨਾਂ ਦੀ ਵੰਨ-ਸੁਵੰਨਤਾ ਦੀ ਤਬਾਹੀ ਦਾ ਬਥੇਰਾ ਦਸਤਾਵੇਜ਼ੀ ਵੇਰਵਾ ਅੰਕਤ ਹੋ ਚੁੱਕਾ ਹੈ। ਇਸ ਤੋਂ ਇਲਾਵਾ, ਹਰੇ ਇਨਕਲਾਬ ਤਹਿਤ, ਖਾਦਾਂ ਅਤੇ ਪਾਣੀ ਦੀ ਗ਼ੈਰਟਿਕਾਊ ਵਰਤੋਂ ਰਾਹੀਂ ਇਕੋ ਫ਼ਸਲ ਵਾਰ-ਵਾਰ ਬੀਜਣ ਨੂੰ ਉਤਸ਼ਾਹਤ ਕਰਕੇ ਵੰਨ-ਸੁਵੰਨੇ ਜੈਵਿਕ ਪਦਾਰਥਾਂ ਦੀ ਵਰਤੋਂ ਦਾ ਭੋਗ ਪਾ ਦਿੱਤਾ ਗਿਆ। ਜੀਵ-ਜੰਤੂਆਂ ਅਤੇ ਮਿੱਟੀ ਦੀ ਵੰਨ-ਸੁਵੰਨੀ ਜੈਵਿਕ ਬਣਤਰ ਦਾ ਹਰਜ਼ਾ ਹੋਣ ਦੀ ਕੀਮਤ 'ਤੇ ਖ਼ਾਸ ਫ਼ਸਲਾਂ ਦਾ ਵੱਧ ਝਾੜ ਹਾਸਲ ਕੀਤਾ ਗਿਆ ਅਤੇ ਇਸ ਦੇ ਨਾਲ ਹੀ ਵਸੀਲਿਆਂ ਦੀ ਘੋਰ ਦੁਰਵਰਤੋਂ ਨਾਲ ਪੌਣਪਾਣੀ ਦਾ ਸਿਲਸਿਲਾ ਗੜਬੜਾ ਗਿਆ।[1]

ਸਮੇਂ ਨਾਲ, ਆਪਸ 'ਚ ਨਿਰਭਰ ਸਬੰਧਾਂ 'ਚ ਟੁੱਟਭੱਜ ਦਾ ਸਿਲਸਿਲਾ ਚੱਲ ਪਿਆ, ਜਦਕਿ ਆਰਥਿਕਤਾ ਅੰਦਰਲੇ ਇਨ੍ਹਾਂ ਰਿਸ਼ਤਿਆਂ 'ਚ ਖ਼ਾਸ ਨਾਬਰਾਬਰੀਆਂ ਵਜੂਦ ਸਮੋਈਆਂ ਸਨ। ਪਰ ਟੁੱਟਭੱਜ ਅਣਗਿਣਤ ਤਰੀਕਿਆਂ ਨਾਲ ਹੋ ਰਹੀ ਸੀ ਜਿੱਥੇ ਇਸ ਆਧੁਨਿਕੀਕਰਨ ਨਾਲ ਆਪਸ 'ਚ ਨਿਰਭਰ ਸਬੰਧ ਅਤੇ ਸਮੂਹਿਕ ਮਨੁੱਖੀ ਯਤਨਾਂ ਨੇ ਲਾਜ਼ਮੀ ਹੀ ਟੁੱਟਣਾ ਸੀ। ਹੁਣ ਨਿਰੋਲ ਖੇਤੀਬਾੜੀ ਦੀ ਆਮਦਨ ਦੇ ਸਿਰ 'ਤੇ ਚੱਲਣ ਵਾਲੀਆਂ ਚੋਖੀਆਂ ਜੋਤਾਂ ਦਾ ਟਿਕਣਾ ਵੀ ਸੰਭਵ ਨਹੀਂ ਸੀ। ਦਰਮਿਆਨੇ ਅਤੇ ਵੱਡੇ ਕਿਸਾਨ ਆਮਦਨ ਦੇ ਗ਼ੈਰ-ਖੇਤੀ ਸਾਧਨਾਂ 'ਚ ਪੂੰਜੀ ਲਾਕੇ ਜਾਂ ਦੂਰ-ਦਰਾਜ਼ ਦੇ ਦੇਸ਼ਾਂ ਵਿਚ ਪੂੰਜੀ ਲਾ ਕੇ ਜ਼ਿੰਦਾ ਰਹਿਣ ਲਈ ਮਜਬੂਰ ਹੋ ਗਏ ਸਨ। ਜਿੱਥੋਂ ਤੱਕ ਛੋਟੇ ਅਤੇ ਥੁੜ ਜ਼ਮੀਨੇ ਕਿਸਾਨਾਂ ਦਾ ਸਵਾਲ ਸੀ, ਜੋ ਹਰੇ ਇਨਕਲਾਬ ਦੇ ਪੜਾਅ 'ਚ ਪਹਿਲਾਂ ਹੀ ਹਾਸ਼ੀਏ 'ਤੇ ਧੱਕ ਦਿੱਤੇ ਗਏ ਸਨ, ਉਨ੍ਹਾਂ ਦੀ ਹਾਲਤ ਹੋਰ ਵੀ ਤੇਜ਼ੀ ਨਾਲ ਖ਼ਰਾਬ ਹੋ ਗਈ।

1.2 1990ਵਿਆਂ ਵਿਚ ਅਤੇ ਇਸ ਤੋਂ ਬਾਅਦ ਸੰਕਟ ਤਿੱਖਾ ਹੋਣਾ ਸ਼ੁਰੂ ਹੋ ਗਿਆ

1990 ਤੋਂ ਸ਼ੁਰੂ ਹੋਏ ਸੁਧਾਰਾਂ ਦੇ ਦੌਰ ਅੰਦਰ ਪੂਰੇ ਦੇਸ਼ 'ਚ ਜ਼ਰੱਈ ਸੰਕਟ ਪੱਕੇ ਤੌਰ 'ਤੇ ਤਿੱਖਾ ਹੋਣਾ ਸ਼ੁਰੂ ਹੋ ਗਿਆ। ਖੇਤੀਬਾੜੀ ਉੱਪਰ ਕੁਲ ਸਰਕਾਰੀ ਖ਼ਰਚਾ ਘਟਾ ਦਿੱਤਾ ਗਿਆ ਹੈ; 15 ਵੱਡੇ ਸੂਬਿਆਂ 'ਚ ਖੇਤੀਬਾੜੀ, ਇਸ ਨਾਲ ਸਬੰਧਤ

---

1. ਹਵਾਲੇ ਲਈ ਦੇਖੋ, ਵੰਦਨਾ ਸ਼ਿਵਾ ਦੀ ਕਿਤਾਬ *ਹਰੇ ਇਨਕਲਾਬ ਦੀ ਹਿੰਸਾ*, ਪ੍ਰਕਾਸ਼ਕ ਅਦਰ ਇੰਡੀਆ ਪ੍ਰੈੱਸ, ਮਾਪੂਸਾ, ਗੋਆ, 1992 ਦੇ ਸਫ਼ੇ 72-74। ਇਹ ਕਿਤਾਬ ਖੋਜ ਭਰਪੂਰ ਤੱਥਾਂ ਤੇ ਹਵਾਲਿਆਂ ਨਾਲ ਲਬਰੇਜ਼ ਹੈ ਅਤੇ ਹਰੇ ਇਨਕਲਾਬ ਦੀ ਖ਼ੂਬਸੂਰਤ ਆਲੋਚਨਾ ਹੈ।

ਕੰਮਾਂ, ਸਿੰਜਾਈ ਅਤੇ ਹੜ੍ਹਾਂ ਦੀ ਰੋਕਥਾਮ ਉੱਪਰ ਖ਼ਰਚ ਜੋ 1990-91 'ਚ ਕੁਲ ਘਰੇਲੂ ਉਪਜ ਦਾ 3.48% ਸੀ ਪਹਿਲਾਂ ਹੀ ਥੋੜ੍ਹਾ ਸੀ, ਉਹ 2003-04 'ਚ 2.16% ਰਹਿ ਗਿਆ। ਕੇਂਦਰ ਵਲੋਂ ਖ਼ਰਚ ਵੀ ਘਟਾ ਦਿੱਤਾ ਗਿਆ ਹੈ।[2] ਕਰਜ਼ੇ ਅਤੇ ਖਾਦਾਂ, ਕੀੜੇਮਾਰ ਦਵਾਈਆਂ ਅਤੇ ਬੀਜਾਂ ਵਰਗੀਆਂ ਹੋਰ ਲਾਗਤਾਂ ਦੇ ਸੰਸਥਾਗਤ ਵਸੀਲੇ ਘਟਾ ਦਿੱਤੇ ਗਏ ਹਨ। ਸੇਵਾਵਾਂ ਦਾ ਵਿਸਥਾਰ ਪੂਰੀ ਤਰ੍ਹਾਂ ਗੜਬੜਾ ਚੁੱਕਾ ਹੈ। ਸਰਕਾਰੀ ਸਹਾਇਤਾ ਦੇ ਪ੍ਰਬੰਧਾਂ ਨੂੰ ਅੰਨ੍ਹੇਵਾਹ ਤਿਲਾਂਜਲੀ ਦੇ ਦਿੱਤੀ ਗਈ ਹੈ ਅਤੇ ਖੇਤੀਬਾੜੀ ਨਾਲ ਸਬੰਧਤ ਬਹੁਤ ਸਾਰੀਆਂ ਸਰਗਰਮੀਆਂ ਦਾ ਮੁਕੰਮਲ ਨਿੱਜੀਕਰਨ ਕਰ ਦਿੱਤਾ ਗਿਆ ਹੈ ਜਿਵੇਂ ਕਿ ਬੀਜਾਂ ਦਾ ਵਿਕਾਸ ਅਤੇ ਵੰਡ।[3] ਵੱਡੀ ਗਿਣਤੀ 'ਚ ਖ਼ੁਦਕੁਸ਼ੀਆਂ ਦੀ ਰਿਪੋਰਟ ਉਨ੍ਹਾਂ ਸੂਬਿਆਂ ਤੋਂ ਆਈ ਹੈ ਜੋ ਖੇਤੀਬਾੜੀ ਪੱਖੋਂ ਮੁਕਾਬਲਤਨ ਵਿਕਸਤ ਹਨ ਅਤੇ ਜਿਥੇ ਤਕੜੀਆਂ ਕਿਸਾਨ ਲਹਿਰਾਂ ਮੌਜੂਦ ਹਨ; ਜਿਥੇ ਸਿਆਸੀ ਪਾਰਟੀਆਂ ਦੀ ਲੀਡਰਸ਼ਿਪ ਭਾਰੂ ਰੂਪ 'ਚ ਕਿਸਾਨ ਭਾਈਚਾਰਿਆਂ ਵਿਚੋਂ ਹੈ।[4] ਹੋਰ ਕਾਰਨਾਂ ਦੇ ਨਾਲ ਨਾਲ, ਇਹ ਉਹ ਸੂਬੇ ਹਨ ਜੋ ਹਰੇ ਇਨਕਲਾਬ ਦੇ ਮੋਹਰੀ ਸਨ ਅਤੇ ਜਿਨ੍ਹਾਂ ਨੇ ਬਾਅਦ 'ਚ ਲੰਮੇ ਸਮੇਂ ਲਈ ਤਬਾਹੀ ਦੇ ਅਸਰਾਂ ਦੀ ਮਾਰ ਝੱਲੀ। ਖੇਤੀਬਾੜੀ ਦੇ ਵਪਾਰੀਕਰਨ ਦੇ ਨਾਲ-ਨਾਲ ਸਰਕਾਰੀ ਪੂੰਜੀ-ਨਿਵੇਸ਼ ਘਟਾਏ ਜਾਣ ਦਾ ਵਰਤਾਰਾ ਵੀ ਵਾਪਰ ਰਿਹਾ ਹੈ। ਪੰਜਾਬ ਅੰਦਰ, 1990 ਦੇ ਸ਼ੁਰੂ 'ਚ ਆਰਥਿਕਤਾ ਦੇ ਉਦਾਰੀਕਰਨ ਨਾਲ ਜਿਨ੍ਹਾਂ ਸੁਧਾਰਾਂ ਦਾ ਆਗਾਜ਼ ਹੋਇਆ, ਉਨ੍ਹਾਂ ਨੇ ਉਸ ਸੰਕਟ ਨੂੰ ਤਿੱਖਾ ਕੀਤਾ ਜੋ ਪਹਿਲਾਂ ਹੀ ਸਾਹਮਣੇ ਆਉਣਾ ਸ਼ੁਰੂ ਹੋ ਚੁੱਕਾ ਸੀ। ਅੱਸੀਵਿਆਂ ਦੇ ਸ਼ੁਰੂ ਤੋਂ ਹੀ ਛੋਟੇ ਅਤੇ ਨੀਮ-ਦਰਮਿਆਨੇ ਕਿਸਾਨ ਜਿਸ ਭਾਰੀ ਦਬਾਅ ਹੇਠ ਸਨ ਉਹ ਜ਼ਾਹਰ ਹੋਣਾ ਸ਼ੁਰੂ ਹੋ ਗਿਆ ਸੀ। ਇਸ ਅਧਿਐਨ 'ਚ ਸ਼ਾਮਲ ਕੁਝ ਖ਼ੁਦਕੁਸ਼ੀਆਂ ਦੇ ਮਾਮਲੇ ਵੀ ਇਸੇ ਸਮੇਂ ਦੇ ਹਨ। ਪੰਜਾਬ ਖੇਤੀਬਾੜੀ ਪੱਖੋਂ ਖੁਸ਼ਹਾਲ ਸੂਬਾ ਗਿਣਿਆ ਜਾਣ ਕਾਰਨ ਇਥੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਜਾਣਕੇ ਲੋਕਾਂ ਨੂੰ ਧੱਕਾ ਲੱਗਿਆ ਅਤੇ ਇਸ ਬਾਰੇ ਵਿਸ਼ਵਾਸ ਵੀ ਨਹੀਂ ਆਉਂਦਾ।

ਸੰਕਟ ਦੀ ਵਜ੍ਹਾ ਨਾਲ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਹਕੀਕਤ ਖ਼ਾਸ ਤੌਰ 'ਤੇ ਓਦੋਂ ਤੋਂ ਉੱਘੜਵੀਂ ਹੈ ਜਦੋਂ ਤੋਂ ਇਸ ਸੂਬੇ ਨੇ ਅੰਨ ਦੀ ਕੌਮੀ ਪੈਦਾਵਾਰ 'ਚ ਵੱਡੇ ਪੱਧਰ 'ਤੇ ਯੋਗਦਾਨ ਪਾਉਣਾ ਸ਼ੁਰੂ ਕੀਤਾ। ਪੰਜਾਬ ਦਾ ਭੂਗੋਲਿਕ ਰਕਬਾ ਦੇਸ਼ ਦੇ ਰਕਬੇ ਦਾ ਸਿਰਫ਼ 1.5% ਹੈ ਅਤੇ ਇਹ ਇਕ ਸਮੇਂ ਕੌਮੀ ਖ਼ੁਰਾਕੀ ਅਨਾਜਾਂ ਦੀ 13% ਪੈਦਾਵਾਰ ਕਰ ਰਿਹਾ ਸੀ ਅਤੇ ਕੇਂਦਰੀ ਭੰਡਾਰ ਵਿਚ 40% ਹਿੱਸਾ ਪਾ

---

2. ਪਰਸਪੈਕਟਿਵਜ਼, Abondoned: development and displacement, appendix II, ਸਫ਼ੇ 185-86, ਆਰ ਬੀ ਆਈ ਦੇ ਅੰਕੜਿਆਂ ਦਾ ਹਵਾਲਾ।

3. ਡੀ ਨਰਸਿਮਹਾ ਰੈੱਡੀ ਅਤੇ ਸ੍ਰੀਜੀਤ ਮਿਸ਼ਰਾ ਬਿਆਨ ਕਰਦੇ ਹਨ ਕਿ ਇਹ ਤਬਦੀਲੀਆਂ ਭਾਰਤ ਵਿਚ ਜੋ ਛੋਟੀ ਕਿਸਾਨੀ ਅਧਾਰਤ ਖੇਤੀ ਹੈ ਉਸ ਲਈ ਸਭ ਤੋਂ ਤਬਾਹਕੁਨ ਰਹੀਆਂ ਹਨ। ਸਫ਼ਾ 16, ਕਾਂਡ ਇਕ, Agriculture in the Reforms Regime in Agrarian Crisis in India; OUP, 2010.

4. ਕੇ ਸੀ ਸੂਰੀ, 'Political Economy of Disaster', ਇਕਨਾਮਿਕ ਐਂਡ ਪੁਲੀਟੀਕਲ ਵੀਕਲੀ, 22 ਅਪ੍ਰੈਲ 2006, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਵਿਸ਼ੇਸ਼ ਅੰਕ

ਰਿਹਾ ਹੈ। ਪੂਰੇ ਦੇਸ਼ 'ਚ ਵਾਹੀਯੋਗ ਰਕਬੇ ਦੀ ਕੌਮੀ ਔਸਤ 52% ਹੈ, ਪਰ ਪੰਜਾਬ ਦੀ ਇਹ ਔਸਤ ਸਭ ਤੋਂ ਵੱਧ 85% ਹੈ। ਸਪਸ਼ਟ ਤੌਰ 'ਤੇ ਕਿਸਾਨੀ ਦੀ ਲੱਕਤੋੜ ਮਿਹਨਤ ਦੇ ਕਾਰਨ ਹੀ ਪੰਜਾਬ ਦੇਸ਼ ਦਾ ਅੰਨ ਦਾ ਭੜੋਲਾ ਬਣਿਆ ਅਤੇ ਅੱਜ ਵੀ ਇਹ ਸਪਸ਼ਟ ਹੈ ਕਿ ਇੱਥੋਂ ਦੇ ਬਹੁਗਿਣਤੀ ਲੋਕਾਂ ਦੀ ਜ਼ਿੰਦਗੀ 'ਚ ਕੋਈ ਸੁਧਾਰ ਨਹੀਂ ਹੋਇਆ।[5] ਖ਼ੁਦਕੁਸ਼ੀ ਪੂਰੇ ਸੂਬੇ ਨੂੰ ਚਿੰਬੜੀ ਇਕ ਗੰਭੀਰ ਮਰਜ਼ ਦਾ ਲੱਛਣ ਹੈ। ਹਰੇਕ ਪਰਿਵਾਰ ਦੇ ਚਿਹਰਿਆਂ 'ਤੇ ਛਾਇਆ ਕੁਪੋਸ਼ਣ, ਬੀਮਾਰੀ ਅਤੇ ਘੋਰ ਥੁੜ ਦੀ ਹਾਲਤ ਸਾਫ਼ ਝਲਕਦੀ ਹੈ। ਲੋਕ ਜਾਂ ਤਾਂ ਕੰਮ ਦੇ ਬੋਝ ਦੇ ਭੰਨੇ ਹੋਏ ਅਤੇ ਕੁਪੋਸ਼ਣ ਦਾ ਸ਼ਿਕਾਰ ਹਨ ਜਾਂ ਸ਼ਾਇਦ ਇਸ ਤੋਂ ਵੀ ਮਾੜੀ ਹਾਲਤ 'ਚ ਹਨ, ਉਨ੍ਹਾਂ ਦੇ ਕਰਨ ਲਈ ਕੁਝ ਨਹੀਂ ਹੈ। ਅਤੇ ਉਹ ਐਸੀ ਸੁਸਤੀ ਦਾ ਸ਼ਿਕਾਰ ਹੋ ਚੁੱਕੇ ਹਨ ਜੋ ਬੇਵਸੀ ਅਤੇ ਘੋਰ ਉਦਾਸੀ ਨੂੰ ਜਨਮ ਦਿੰਦੀ ਹੈ। ਇਹ ਜਿਉਂਦਿਆਂ ਮਰੇ ਹੋਣ ਵਰਗੀ ਹਾਲਤ ਹੈ; ਜਦੋਂ ਬੰਦਾ ਚਾਰ-ਚੁਫੇਰਿਓਂ ਖਾਲੀਪਣ 'ਚ ਘਿਰਿਆ ਹੋਵੇ ਤਾਂ ਸ਼ਾਇਦ ਇਹ ਮੌਤ ਤੋਂ ਵੀ ਭੈੜੀ ਹੋਣੀ ਹੁੰਦੀ ਹੈ।[6] ਇਕ ਵਾਰ ਸਥਾਨਕ ਅਖ਼ਬਾਰਾਂ ਵਿਚ ਆੜ੍ਹਤੀਆਂ ਦੀਆਂ ਖ਼ੁਦਕੁਸ਼ੀਆਂ ਦੀ ਰਿਪੋਰਟ ਵੀ ਛਪੀ ਸੀ ਪਰ ਇਹ ਵਿਰਲਾ-ਟਾਵਾਂ ਮਾਮਲਾ ਹੀ ਹੈ। ਜਿਨ੍ਹਾਂ ਮਸ਼ੀਨਾਂ ਅਤੇ ਟਰੈਕਟਰਾਂ ਉੱਪਰ ਪੰਜਾਬ ਨੂੰ ਹਰੇ ਇਨਕਲਾਬ ਦੇ ਮਾਡਲ ਵਜੋਂ ਖੇਤੀਬਾੜੀ ਦੇ ਮਸ਼ੀਨੀਕਰਨ ਦਾ ਮਾਣ ਸੀ ਉਹ ਵੱਡੀ ਗਿਣਤੀ 'ਚ ਵਿਹਲੇ ਖੜ੍ਹੇ ਹਨ।[7] ਕਰਜ਼ਾ ਵਸੂਲਣ ਵਾਲੇ ਅਤੇ ਆੜ੍ਹਤੀਏ ਕਰਜ਼ੇ ਵਸੂਲਣ ਲਈ ਦਿਨ-ਰਾਤ ਜੁੱਟੇ ਹੋਏ ਹਨ ਜਦਕਿ ਕਿਸਾਨ ਯੂਨੀਅਨਾਂ ਲੋਕਾਂ ਦੀ

5. ਇਹ ਵਿਚਾਰ ਬੀ ਕੇ ਯੂ (ਉਗਰਾਹਾਂ) ਵਲੋਂ 13 ਸਤੰਬਰ 2006 ਨੂੰ ਪੰਜਾਬ ਸਰਕਾਰ ਨੂੰ ਦਿੱਤੇ ਯਾਦ-ਪੱਤਰ 'ਚ ਸਭ ਤੋਂ ਵਧੀਆ ਢੰਗ ਨਾਲ ਦਰਸਾਇਆ ਗਿਆ ਹੈ। ਖਾਣੇ ਦੀ ਪੈਦਾਵਾਰ 'ਚ 'ਚ ਲੱਗੀ ਕਿਸਾਨੀ ਦੀ ਸਖ਼ਤ ਮਿਹਨਤ ਨਾਲ ਧਰਤੀ ਉੱਪਰ ਜ਼ਿੰਦਗੀ ਦੀ ਹੋਂਦ ਸੰਭਵ ਬਣਦੀ ਹੈ। ਕਿਸਾਨੀ ਦੀ ਮਿਹਨਤ ਸਮਾਜ ਨੂੰ ਇਕੱਠਾ ਰੱਖਦੀ ਹੈ। ਪਰ, ਸਮਾਜ ਲਈ ਖਾਣਾ ਪੈਦਾ ਕਰਨ ਅਤੇ ਇਸ ਦੇ ਵਸਨੀਕਾਂ ਨੂੰ ਜ਼ਿੰਦਗੀ ਦੇਣ ਵਾਲੇ ਕਿਸਾਨ ਅੱਜ ਗ਼ੁਰਬਤ 'ਚ ਸੜ ਰਹੇ ਹਨ। ਮਹਿੰਗੀਆਂ ਲਾਗਤ ਵਸਤਾਂ ਅਤੇ ਨਾਲ ਹੀ ਡਾਵਾਂਡੋਲ ਘੱਟੋਘੱਟ ਸਹਾਇਕ ਮੁੱਲ ਨਾਲ ਨਜਿੱਠਣ ਤੋਂ ਅਸਮਰੱਥ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਕੰਪਨੀਆਂ ਖ਼ੁਸ਼ਹਾਲ ਹੋ ਰਹੀਆਂ ਹਨ; ਰਾਜ ਸਖ਼ਤ ਮਿਹਨਤੀ ਕਿਸਾਨੀ ਦੀ ਦੁਰਦਸ਼ਾ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ।

6. ਪਰਿਵਾਰ ਦੀ ਹਾਸਲ ਕਿਰਤ ਦੀ ਰੌਸ਼ਨੀ 'ਚ ਵਰਤੋਂ ਦੀ ਹੱਦ ਦਰਸਾਉਂਦੀ ਹੈ ਕਿ ਪੰਜਾਬ ਦੀ ਖੇਤੀਬਾੜੀ 'ਚ 44% ਪਰਿਵਾਰਕ ਕਿਰਤ ਵਰਤੋਂ 'ਚ ਨਹੀਂ ਆਉਂਦੀ। ਫਾਰਮ ਦਾ ਅਕਾਰ ਵਧਣ ਨਾਲ ਇਹ ਅਨੁਪਾਤ ਘਟਦਾ ਜਾਂਦਾ ਹੈ; ਸੀਮਾਂਤ ਫਾਰਮਾਂ ਉੱਪਰ ਇਹ 49%, ਜਦਕਿ ਛੋਟੇ, ਨੀਮ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਫਾਰਮਾਂ ਵਾਲੀ ਖੇਤੀ 'ਚ ਇਹ ਕ੍ਰਮਵਾਰ 48%, 46%, 43% ਅਤੇ 36% ਸੀ। ਸੁਖਪਾਲ ਸਿੰਘ, 'ਪੰਜਾਬ ਵਿਚ ਖੇਤੀਬਾੜੀ ਵਸੀਲਿਆਂ ਦੀ ਹਾਲਤ: ਬਦਲ ਲੱਭਣ ਦੀ ਜ਼ਰੂਰਤ'। ਆਰ ਐੱਸ ਘੁੰਮਣ, ਸੁਰਜੀਤ ਸਿੰਘ ਅਤੇ ਜੇ ਐੱਸ ਬਰਾੜ (ਸੰਪਾਦਕ) ਦੀ ਲਿਖਤ ਵਿਸ਼ਵੀਕਰਨ ਅਤੇ ਤਬਦੀਲੀ ਰਾਵਤ ਪ੍ਰਕਾਸ਼ਨ, ਨਵੀਂ ਦਿੱਲੀ, 2010, ਸਫ਼ੇ 257-274

7. ਟਰੈਕਟਰ ਵਾਲਾ ਇਕ ਔਸਤ ਫਾਰਮ ਇਸ ਦੀ ਲੋੜੀਂਦੀ ਵਰਤੋਂ ਪੱਖੋਂ ਦੇਖੀਏ ਤਾਂ ਸਿਰਫ਼ 19.15% ਵਰਤੋਂ ਹੀ ਕਰਦਾ ਹੈ। ਇੰਞ ਇਹ ਮਹਿੰਗੀ ਮਸ਼ੀਨਰੀ ਤਕਰੀਬਨ 81% ਵਿਹਲੀ ਰਹਿੰਦੀ ਹੈ। ਸਫ਼ਾ 266, ਉਪਰੋਕਤ ਹਵਾਲਾ।

ਰਾਖੀ ਲਈ ਡੱਟੀਆਂ ਹੋਈਆਂ ਹਨ। ਕਈ ਪਰਿਵਾਰਾਂ ਨੇ ਦੱਸਿਆ ਕਿ ਯੂਨੀਅਨ ਕਾਰਨ ਆੜ੍ਹਤੀਆਂ ਨੇ ਉਨ੍ਹਾਂ ਦੇ ਘਰ ਗੇੜੇ ਮਾਰਨੇ ਬੰਦ ਕਰ ਦਿੱਤੇ ਹਨ; ਜ਼ਮੀਨ ਦਾ ਗਹਿਣੇ ਹੋ ਜਾਣਾ ਵੀ ਇਸੇ ਕਾਰਨ ਰੁਕ ਰਿਹਾ ਹੈ। ਐਪਰ, ਇਕ ਵਜੂਦ ਸਮੋਏ ਵਿਰੋਧ ਦੀ ਹਾਲਤ ਬਣੀ ਹੋਈ ਹੈ ਜੋ ਕਦੇ ਕਦੇ ਹਿੰਸਕ ਟੱਕਰ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ। 11.10.2010 ਨੂੰ ਬੁਢਲਾਡੇ ਨੇੜਲੇ ਪਿੰਡ ਬੀਰੋਕੇ ਖ਼ੁਰਦ ਵਿਚ ਆੜ੍ਹਤੀਆਂ ਦੇ ਭਾੜੇ ਉੱਤੇ ਲਏ ਗੁੰਡਿਆਂ ਨੇ ਬੀ.ਕੇ.ਯੂ. ਏਕਤਾ (ਡਕੌਂਦਾ) ਦੇ ਬਲਾਕ ਪ੍ਰਧਾਨ ਪ੍ਰਿਥੀਪਾਲ ਸਿੰਘ ਅਲੀਸ਼ੇਰ ਨੂੰ ਗੋਲੀਆਂ ਨਾਲ ਉਡਾ ਦਿੱਤਾ ਤੇ ਕਈਆਂ ਨੂੰ ਜ਼ਖ਼ਮੀ ਕਰ ਦਿੱਤਾ। ਸ਼ਿਕਾਰ ਹੋਏ ਵਿਅਕਤੀ ਕਿਸੇ ਕਰਜ਼ੇ ਫਾਥੇ ਕਿਸਾਨ ਦੀ ਜ਼ਮੀਨ ਦੀ ਨੀਲਾਮੀ ਦਾ ਵਿਰੋਧ ਕਰ ਰਹੇ ਸਨ। ਇਹ ਮਾਲ ਮਹਿਕਮੇ ਦੇ ਅਧਿਕਾਰੀਆਂ ਅਤੇ ਪੁਲਸ ਅਫ਼ਸਰਾਂ ਦੀ ਹਾਜ਼ਰੀ ਵਿਚ ਵਾਪਰਿਆ। ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਭਿੰਡੀ ਔਲਖ ਵਿਚ 16.10.2010 ਨੂੰ ਬੀ.ਕੇ.ਯੂ. ਏਕਤਾ (ਉਗਰਾਹਾਂ) ਦੇ ਸੂਬਾ ਜਥੇਬੰਦਕ ਸਕੱਤਰ ਸਾਧੂ ਸਿੰਘ ਤਖਤੂਪੂਰਾ ਨੂੰ ਵਹਿਸ਼ੀ ਤਰੀਕੇ ਨਾਲ ਮਾਰ ਦਿੱਤਾ ਗਿਆ। ਉਹ ਤਾਕਤਵਰ ਅਕਾਲੀ ਆਗੂਆਂ, ਪੁਲਸ ਅਧਿਕਾਰੀਆਂ ਅਤੇ ਠੇਕੇਦਾਰਾਂ ਦੇ ਗਰੋਹ ਵੱਲੋਂ ਗ਼ੈਰ-ਕਾਨੂੰਨੀ ਢੰਗ ਨਾਲ ਜ਼ਮੀਨ ਹੜੱਪਣ ਵਿਰੁੱਧ ਕਿਸਾਨਾਂ ਨੂੰ ਲਾਮਬੰਦ ਕਰ ਰਿਹਾ ਸੀ। ਕਈ ਤਰ੍ਹਾਂ ਦੇ ਹਿਤ ਕਿਸਾਨ ਯੂਨੀਅਨਾਂ ਵਾਸਤੇ ਮੁਸ਼ਕਲਾਂ ਬਣੇ ਹੋਏ ਹਨ; ਆੜ੍ਹਤੀਆਂ ਦੀ ਪਿੱਠ ਉੱਤੇ ਵੱਡੇ ਭੋਂਇ ਮਾਲਕਾਂ, ਪੁਲਸ ਅਤੇ ਠੇਕੇਦਾਰਾਂ ਦਾ ਨਾਪਾਕ ਗਠਜੋੜ ਖੜ੍ਹਾ ਹੈ। ਇਸੇ ਕਾਰਨ, ਸ਼ਾਹੂਕਾਰਾਂ (ਆੜ੍ਹਤੀਆਂ) ਦੀ ਤਾਕਤ ਨੂੰ ਨੱਥ ਪਾਉਣ ਵਾਲੇ ਸਿੱਧੀ ਅਦਾਇਗੀ ਦੇ ਪ੍ਰਬੰਧ ਦਾ ਮੁੱਦਾ ਪੰਜਾਬ ਵਿਚ ਇਕ ਬਿੱਲ ਦੇ ਰੂਪ 'ਚ ਖੜ੍ਹਾ ਹੈ ਅਤੇ ਇਹ ਤਿੱਖੇ ਵਿਵਾਦਾਂ ਦੀ ਮਾਰ ਹੇਠ ਹੈ। ਕਿਸਾਨਾਂ ਨੂੰ ਜਿਣਸਾਂ ਦੀ ਸਿੱਧੀ ਅਦਾਇਗੀ ਦਾ ਪ੍ਰਬੰਧ ਅਮਲ 'ਚ ਲਿਆਉਣਾ ਸੂਬਾ ਸਰਕਾਰ ਦੇ ਵਿਚਾਰ ਅਧੀਨ ਹੈ, ਆੜਤੀਏ ਇਸ ਦੇ ਖ਼ਿਲਾਫ਼ ਹਨ। ਕਈ ਹੋਰ ਲੋਕਾਂ ਦੇ ਹਿੱਤ ਵੀ ਇਥੇ ਦਾਅ 'ਤੇ ਲੱਗੇ ਹੋਏ ਹਨ, ਖ਼ਾਸ ਕਰਕੇ ਅਫ਼ਸਰਸ਼ਾਹੀ ਅਤੇ ਵੱਡੇ ਭੋਂਇ ਸਰਦਾਰਾਂ ਦੇ, ਜਿਨ੍ਹਾਂ ਲਈ ਇਹ ਪੂੰਜੀ-ਨਿਵੇਸ਼ ਪੱਖੋਂ ਵੱਡੇ ਮੁਨਾਫ਼ੇ ਦੇਣ ਦਾ ਸਾਧਨ ਹੈ। ਸਿੱਧੀ ਅਦਾਇਗੀ ਲਾਗੂ ਹੋਣ ਨਾਲ, ਕਿਸਾਨ ਨੂੰ ਫ਼ਸਲਾਂ ਦੀ ਪੂਰੀ ਰਕਮ ਮਿਲ ਜਾਵੇਗੀ ਅਤੇ ਉਹ ਆੜਤੀਏ ਦੇ ਜੂਲੇ ਤੋਂ ਮੁਕਤ ਹੋ ਜਾਵੇਗਾ। ਨਾਲ ਹੀ ਕਿਸਾਨ ਨੂੰ ਵਧੀਆ ਕਵਾਲਿਟੀ ਵਾਲੀਆਂ ਲਾਗਤ ਵਸਤਾਂ ਹਾਸਲ ਹੋਣਗੀਆਂ ਅਤੇ ਉਹ ਆਪਣੀ ਸਹੂਲਤ ਅਨੁਸਾਰ ਕਰਜਾ ਮੋੜ ਸਕੇਗਾ। ਅਫ਼ਸਰਸ਼ਾਹੀ, ਵੱਡੇ ਕਿਸਾਨਾਂ ਅਤੇ ਮੰਤਰੀਆਂ ਸਾਰਿਆਂ ਦੇ ਹਿੱਤ ਦਾਅ 'ਤੇ ਲੱਗੇ ਹੋਏ ਹਨ ਕਿਉਂਕਿ ਉਹ ਕਰਜ਼ਿਆਂ ਦੇ ਵਿਆਜ ਉੱਪਰ ਵਧ-ਫੁੱਲ ਰਹੇ ਹਨ, ਖ਼ਾਸ ਕਰਕੇ ਸੰਕਟ ਦੀ ਇਸ ਹਾਲਤ 'ਚ। ਉਸਾਰੀ ਸਬੰਧੀ ਸਨਅਤ ਜ਼ੋਰਾਂ 'ਤੇ ਹੈ ਅਤੇ ਇਹ ਬੇਸ਼ੱਕ ਮਾਨਸਾ, ਬਠਿੰਡਾ ਅਤੇ ਹੋਰ ਕਿਸੇ ਵੀ ਨੇੜਲੇ ਕਸਬੇ 'ਚ ਉੱਸਰ ਰਹੀਆਂ ਵਿਸ਼ਾਲ ਇਮਾਰਤਾਂ ਤੋਂ ਦੇਖਿਆ ਜਾ ਸਕਦਾ ਹੈ। ਵੱਡੇ ਮੁਨਾਫ਼ੇ ਦੇਣ ਵਾਲੇ ਨਿੱਜੀ ਨਰਸਿੰਗ ਹੋਮ ਅਤੇ ਵਿਦਿਅਕ ਅਦਾਰੇ ਖੁੰਬਾਂ ਵਾਂਗ ਉੱਗ ਰਹੇ ਹਨ।

ਜ਼ਰੱਈ ਸਮਾਜ ਦੇ ਮਾਹੌਲ ਦੀਆਂ ਕਦਰਾਂ ਕੀਮਤਾਂ ਅਤੇ ਪਸਾਰ ਦਾ ਰਵਾਇਤੀ ਪ੍ਰਬੰਧ ਜੋ ਕਿਸਾਨਾਂ ਦੀ ਕੁਝ ਸੁਰੱਖਿਆ ਦਾ ਪ੍ਰਭਾਵ ਦਿੰਦਾ ਸੀ, ਨੇ ਪਰਜਾ ਨੂੰ ਸਵੈ-ਮੁਕਤੀ ਅਤੇ ਜ਼ਿੰਦਗੀ ਦੀ ਬਿਹਤਰੀ ਦੇ ਰਾਹ ਲਿਜਾਣ ਦੀ ਥਾਂ ਸਭ ਤੋਂ

ਨਿਤਾਣੇ ਹਿੱਸਿਆਂ ਨੂੰ ਨਗਦ-ਨਰੈਣ ਅਧਾਰਤ ਆਰਥਿਕਤਾ ਦੀ ਜਕੜ 'ਚ ਧੱਕ ਦਿੱਤਾ। ਬੁਨਿਆਦੀ ਲੋੜਾਂ ਦੀ ਪੂਰਤੀ ਲਈ ਮੰਡੀ ਉੱਪਰ ਨਿਰਭਰਤਾ ਨਾਲ ਇਕ ਵੱਖਰੀ ਤਰ੍ਹਾਂ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ ਜਿਸ ਤੋਂ ਬਚਣ ਦਾ ਕੋਈ ਰਾਹ ਨਹੀਂ ਹੈ, ਖ਼ਾਸ ਕਰਕੇ ਗ਼ਰੀਬ ਕਾਸ਼ਤਕਾਰਾਂ ਲਈ। ਪੰਜਾਬ ਵਿਚ ਖਪਤ ਦੀਆਂ ਰੋਜ਼ਮਰਾ ਲੋੜਾਂ ਲਈ ਕਿਸਾਨ ਪਰਿਵਾਰ ਰਾਸ਼ਨ ਦੀਆਂ ਦੁਕਾਨਾਂ ਅਤੇ ਕਰਿਆਨੇ ਦੀਆਂ ਦੁਕਾਨਾਂ ਉੱਪਰ ਵੀ ਨਿਰਭਰ ਹੈ ਜੋ ਉਸੇ ਸ਼ਾਹੂਕਾਰ ਨਾਲ ਜੁੜੀਆਂ ਹੋਈਆਂ ਹਨ ਜੋ ਖੇਤੀਬਾੜੀ ਦੀਆਂ ਲਾਗਤ ਵਸਤਾਂ ਖ਼ਰੀਦਣ ਲਈ ਸਹਾਇਤਾ ਦਿੰਦਾ ਹੈ। ਹਰੇਕ ਫ਼ਸਲ ਮੌਕੇ ਨਗਦਨਾਮਾ ਤਿਆਰ ਰੱਖਣ ਨੇ ਸ਼ਾਹੂਕਾਰਾਂ ਦੇ ਭਾਰੀ ਵਿਆਜ ਦਰਾਂ ਵਾਲੇ ਕਰਜ਼ਿਆਂ ਉੱਪਰ ਕਿਸਾਨੀ ਦੀ ਨਿਰਭਰਤਾ ਹੋਰ ਵਧਾ ਦਿੱਤੀ ਹੈ। ਇਸ ਤਰ੍ਹਾਂ ਖੇਤੀਬਾੜੀ ਦਾ ਵਪਾਰੀਕਰਨ ਪੈਦਾਵਾਰ ਕਰਨ ਵਾਲੇ ਹਰੇਕ ਵਿਅਕਤੀ ਨੂੰ ਐਸੇ ਵਿਅਕਤੀ ਤੱਕ ਸੀਮਤ ਕਰ ਦਿੰਦਾ ਹੈ ਜਿਸ ਦੀ ਕਰਜ਼ੇ ਤੱਕ ਪਹੁੰਚ ਅਤੇ ਕਰਜ਼ਾ ਮੋੜਨ ਦੀ ਸਮਰੱਥਾ ਸਭ ਕਾਸੇ ਨੂੰ ਤੈਅ ਕਰਦੀ ਹੈ। ਕਿਸਾਨ ਲਹਿਰਾਂ ਉੱਪਰ ਵੱਡੇ ਕਿਸਾਨਾਂ ਦਾ ਗ਼ਲਬਾ ਬਣਿਆ ਰਿਹਾ ਅਤੇ ਇਨ੍ਹਾਂ ਨੂੰ ਸਭ ਤੋਂ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਲਹਿਰਾਂ ਨੂੰ ਬੇਜ਼ਮੀਨੇ, ਛੋਟੇ ਅਤੇ ਥੁੜ ਜ਼ਮੀਨੇ ਕਿਸਾਨਾਂ ਦੀ ਹਮਾਇਤ ਬਹੁਤ ਘੱਟ ਸੀ। ਵਿਧਾਨ ਸਭਾ ਜਾਂ ਸੰਸਦ 'ਚ ਕਿਸਾਨਾਂ ਦੀ ਨੁਮਾਇੰਦਗੀ ਕਰਨ ਵਾਲਿਆਂ ਦੀ ਕਿਸਾਨੀ ਨੂੰ ਸਿਆਸੀ ਹਮਾਇਤ ਕਦੇ ਨਾ ਮਿਲੀ। ਇਹ ਸਪਸ਼ਟ ਹੈ ਕਿ ਅੰਨ ਦੀ ਪੈਦਾਵਾਰ ਬਹੁਤ ਖ਼ਰਚੀਲੀ ਬਣ ਚੁੱਕੀ ਹੈ ਅਤੇ ਕਿਸਾਨੀ ਇਹ ਲਾਗਤ ਖ਼ਰਚਾ ਸਹਿਣ ਨਹੀਂ ਕਰ ਸਕਦੀ।

ਪੰਜਾਬ ਰਾਜ ਕਿਸਾਨ ਕਮਿਸ਼ਨ ਵਲੋਂ ਜਾਰੀ ਕੀਤੀ ਇਕ ਰਿਪੋਰਟ[8] ਪੁਸ਼ਟੀ ਕਰਦੀ ਹੈ ਕਿ ਕਿਵੇਂ ਖ਼ਾਸ ਕਰਕੇ 1990ਵਿਆਂ ਦੇ ਅਖ਼ੀਰ ਤੋਂ ਖੇਤੀ ਉਪਜਾਇਕਤਾ ਘੱਟ ਰਹੀ ਹੈ, ਲਾਗਤ ਖ਼ਰਚ ਵਧ ਰਹੇ ਹਨ ਤੇ ਮੁਨਾਫ਼ੇ ਘਟ ਰਹੇ ਹਨ। 1991 'ਚ ਪੰਜਾਬ ਵਿਚ ਥੁੜ ਜ਼ਮੀਨੇ ਅਤੇ ਛੋਟੇ ਕਿਸਾਨਾਂ ਦੀ ਗਿਣਤੀ 5 ਲੱਖ ਸੀ ਜੋ 2001 'ਚ 3 ਲੱਖ ਰਹਿ ਗਈ। ਖੇਤੀ ਦੇ ਅਧਾਰ 'ਤੇ ਗੁਜ਼ਾਰਾ ਮੁਸ਼ਕਲ ਹੋਣ ਕਰਕੇ, ਉਹ ਖੇਤੀ ਛੱਡ ਰਹੇ ਹਨ। 2001 ਤੋਂ ਇਨ੍ਹਾਂ ਦੀ ਗਿਣਤੀ ਹੋਰ ਵੀ ਘਟ ਗਈ ਹੈ। ਪੇਂਡੂ ਆਰਥਿਕਤਾ ਅੰਦਰ ਖੇਤੀਬਾੜੀ ਖੇਤਰ ਤੋਂ ਗ਼ੈਰ-ਖੇਤੀਬਾੜੀ ਖੇਤਰ ਵੱਲ ਇਹ ਤਬਦੀਲੀ ਵੱਡੀ ਚਿੰਤਾ ਦਾ ਮਾਮਲਾ ਹੈ ਕਿਉਂਕਿ ਸਨਅਤੀ ਅਤੇ ਸੇਵਾਵਾਂ ਦੇ ਖੇਤਰ ਦੀ ਵਾਧਾ ਦਰ ਬਹੁਤ ਨੀਵੀਂ ਹੈ।[9] ਜ਼ਮੀਨ ਠੇਕੇ 'ਤੇ ਦੇਣ ਵਾਲੇ ਛੋਟੇ ਅਤੇ ਥੁੜ ਜ਼ਮੀਨੇ ਕਿਸਾਨਾਂ ਦਾ ਪੂਰੀ ਤਰ੍ਹਾਂ ਹਿਸਾਬ-ਕਿਤਾਬ ਵੀ ਨਹੀਂ ਲਗਾਇਆ ਜਾ

---

8. ਪੰਜਾਬ ਰਾਜ ਕਿਸਾਨ ਕਮਿਸ਼ਨ, ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀ ਪ੍ਰਕਾਸ਼ਨਾ, Status of Farmers Who Left Farming in Punjab, ਸਤੰਬਰ 2007.
9. ਰਣਜੀਤ ਸਿੰਘ ਘੁੰਮਣ ਵਿਹਾਰਕ ਸਬੂਤਾਂ ਦੇ ਅਧਾਰ 'ਤੇ ਉਨ੍ਹਾਂ ਵਿਆਪਕ ਫ਼ਰਕਾਂ ਨੂੰ ਦਰਸਾਉਂਦਾ ਹੈ ਜੋ ਪੇਂਡੂ ਗ਼ੈਰ-ਖੇਤ ਮਜ਼ਦੂਰਾਂ ਦੇ ਅਨੁਪਾਤ ਸਬੰਧੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਤੇ ਜ਼ਮੀਨੀ ਹਕੀਕਤਾਂ ਦਰਮਿਆਨ ਮੌਜੂਦ ਹੈ। ਹਵਾਲਾ ਰਣਜੀਤ ਸਿੰਘ ਘੁੰਮਣ, Rural Non-farm Employment Scenario; ਇਕਨਾਮਿਕ ਐਂਡ ਪੁਲੀਟੀਕਲ ਵੀਕਲੀ, 8 ਅਕਤੂਬਰ 2005.

ਰਿਹਾ—ਜੋ ਆਪਣੀਆਂ ਨਾਕਾਫ਼ੀ ਅਤੇ ਛੋਟੀਆਂ-ਛੋਟੀਆਂ ਜ਼ਮੀਨੀ ਜੋਤਾਂ ਵੱਡੇ ਕਿਸਾਨਾਂ ਨੂੰ ਦੇ ਰਹੇ ਹਨ ਤੇ ਇਨ੍ਹਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਸਦਾ ਜ਼ਿਕਰ ਉਲਟੀ ਮੁਜ਼ਾਰਾਗਿਰੀ ਵਜੋਂ ਕੀਤਾ ਜਾਂਦਾ ਹੈ। ਇਸ ਤਰ੍ਹਾਂ, ਪੇਂਡੂ ਆਰਥਿਕਤਾ ਵਿਚ ਚੋਖੀ ਬੇਰੁਜ਼ਗਾਰੀ ਮੌਜੂਦ ਹੈ। ਅਣਛਪੇ ਸਰਕਾਰੀ ਅਨੁਮਾਨਾਂ ਤੋਂ ਪਤਾ ਲਗਦਾ ਹੈ ਕਿ ਪੰਜਾਬ ਦੇ ਕੁਲ 35 ਲੱਖ ਬੇਰੁਜ਼ਗਾਰਾਂ ਵਿਚੋਂ 24 ਲੱਖ ਪੇਂਡੂ ਖੇਤਰ ਨਾਲ ਸਬੰਧਤ ਹਨ।[10] ਸਾਲਾਂ ਤੋਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ 'ਚ ਹੋ ਰਹੇ ਵਾਧੇ ਤੋਂ ਉਨ੍ਹਾਂ ਅਣਮਨੁੱਖੀ ਹਾਲਤਾਂ ਦਾ ਸਾਫ਼ ਪਤਾ ਲਗਦਾ ਹੈ ਜਿਸ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਨਾਲ ਹੀ ਇਹ ਕਿ ਆਪਣੇ ਗੁਜ਼ਾਰੇ ਲਈ ਇਹ ਕਰਜ਼ੇ ਦੇ ਸੰਸਥਾਗਤ ਅਤੇ ਗ਼ੈਰਸੰਸਥਾਗਤ ਵਸੀਲਿਆਂ ਉੱਪਰ ਕਿੰਨੇ ਨਿਰਭਰ ਹਨ।

ਖੇਤੀਬਾੜੀ ਦੇ ਸੰਕਟ ਨੂੰ ਦਰਸਾਉਂਦੇ ਉਨ੍ਹਾਂ ਲੱਛਣਾਂ ਦਾ ਆਲੋਚਨਾਤਮਕ ਅੰਦਾਜ਼ਾ ਲਾਉਣਾ ਇਸ ਅਧਿਐਨ ਦੇ ਘੇਰੇ ਤੋਂ ਬਾਹਰ ਦਾ ਮਾਮਲਾ ਹੈ। ਇਹ ਇਜ਼ਹਾਰ ਕਈ ਤਰ੍ਹਾਂ ਹੋ ਰਹੇ ਹਨ ਜਿਨ੍ਹਾਂ ਨੂੰ ਸਮੁੱਚਤਾ 'ਚ ਅਧਿਐਨ ਕਰਨਾ ਜਾਂ ਸਮਝਣਾ ਹਾਲੇ ਬਾਕੀ ਹੈ। ਲਿਹਾਜ਼ਾ, ਆਰਥਕ ਸੰਕਟ ਦੇ ਲਿਹਾਜ਼ ਨਾਲ ਗੱਲ ਕਰਨ ਦੇ ਪਾਬੰਦ ਰਹਿੰਦੇ ਹੋਏ ਅਜੋਕੀ ਖੋਜ ਅੰਦਰ ਜ਼ਰੂਰੀ ਸੰਕਟ ਦਾ ਜਾਇਜ਼ਾ ਲੈਣ ਲਈ ਖ਼ੁਦਕੁਸ਼ੀਆਂ ਅਤੇ ਕਰਜ਼ੇ ਦੀ ਹੱਦ ਦੇ ਦੋ ਸੂਚਕ ਅਕਸਰ ਹੀ ਵਰਤੇ ਜਾਂਦੇ ਹਨ, ਅਸੀਂ ਵੀ ਆਰਥਕ ਸੰਕਟ ਦੇ ਲਿਹਾਜ਼ ਨਾਲ ਗੱਲ ਕਰਦਿਆਂ ਇਨ੍ਹਾਂ ਦੀ ਛਾਣਬੀਣ ਕਰਾਂਗੇ। ਇਸ ਨਾਲ ਮੇਰੇ ਸਿੱਟਿਆਂ ਦੀ ਪ੍ਰਸੰਗਿਕਤਾ ਵਿਚ ਵੀ ਸਹਾਇਤਾ ਮਿਲਦੀ ਹੈ।

1.2.1 ਕਿਸਾਨੀ ਦੇ ਕਰਜ਼ਾਈ ਹੋਣ ਦੀ ਹੱਦ

ਪਿਛਲੇ ਸਾਲਾਂ 'ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਆਈ ਡੀ ਸੀ ਵਲੋਂ ਦੋ ਅਧਿਐਨ ਕੀਤੇ ਗਏ ਜੋ ਪੰਜਾਬ ਦੀ ਕਿਸਾਨੀ ਦੇ ਕਰਜ਼ਾਈ ਹੋਣ ਦੀ ਹੱਦ ਦਾ ਖ਼ਾਕਾ ਬਿਆਨਦੇ ਹਨ। ਸਭ ਤੋਂ ਤਾਜ਼ਾ ਅਧਿਐਨ ਪ੍ਰੋਫੈਸਰ ਸ਼ੇਰਗਿਲ ਦਾ ਹੈ।[11] ਜਿਸ ਤੋਂ 2007-08 ਦੇ ਸਾਲ ਦੌਰਾਨ 30 ਪਿੰਡਾਂ ਦੇ 200 ਕਿਸਾਨ ਪਰਿਵਾਰਾਂ ਦੇ ਸਰਵੇਖਣ ਦੇ ਅੰਕੜੇ ਮਿਲਦੇ ਹਨ। ਇਹ ਅਧਿਐਨ ਹੇਠਾਂ ਦਰਜ ਮੁੱਖ ਸਿੱਟੇ ਕੱਢਦਾ ਹੈ:

• ਬੀਤੇ ਦਹਾਕੇ 'ਚ ਕਿਸਾਨਾਂ ਸਿਰ ਕਰਜ਼ੇ ਦੇ ਬੋਝ 'ਚ ਪੰਜ ਗੁਣਾ ਵਾਧਾ ਦਿਖਾਈ ਦਿੰਦਾ ਹੈ, 1997 'ਚ ਇਹ 5700 ਕਰੋੜ ਰੁਪਏ ਸੀ ਜੋ 2008 'ਚ

---

10. Indebtedness among Farmers in Punjab: ਸੁਖਪਾਲ ਸਿੰਘ, ਮਨਜੀਤ ਕੌਰ ਅਤੇ ਐੱਚ ਐੱਸ ਕਿੰਗਰਾ, ਇਕਨਾਮਿਕ ਐਂਡ ਪੁਲੀਟੀਕਲ ਵੀਕਲੀ, 28 ਜੂਨ 2008.

11. ਮੈਂ ਇੰਡੀਅਨ ਸੋਸਾਇਟੀ ਆਫ ਲੇਬਰ ਇਕਨਾਮਿਕਸ ਵਲੋਂ 12 ਦਸੰਬਰ 2009 ਨੂੰ ਪਟਿਆਲਾ ਵਿਖੇ ਕਰਵਾਈ ਗਈ 52ਵੀਂ ਸਾਲਾਨਾ ਕਾਨਫਰੰਸ ਦੇ ਪੰਜਾਬ ਦੀ ਆਰਥਿਕਤਾ ਬਾਰੇ ਸੈਸ਼ਨ ਵਿਖੇ ਪ੍ਰੋਫੈਸਰ ਸ਼ੇਰਗਿੱਲ ਵਲੋਂ ਪੇਸ਼ ਕੀਤੇ ਸਾਰਅੰਸ਼ 'ਚੋਂ ਟੂਕ ਦਿੱਤੀ ਹੈ। ਫੇਰ ਇਹ ਪ੍ਰੈੱਸ ਵਿਚ ਵੀ ਛਪ ਗਈ। ਹਵਾਲੇ ਲਈ ਦੇਖੋ http://financialexpress.com/news/fivefold-rise-in-farm-debt-in-punjab/562817/0 (last accessed on February 10, 2010).

ਤਕਰੀਬਨ 30,394.12 ਕਰੋੜ ਹੋ ਗਿਆ।

• ਲਗਭਗ 96% ਕਿਸਾਨ ਪਰਿਵਾਰ ਵੱਖੋ-ਵੱਖਰੀ ਹੱਦ ਤੱਕ ਕਰਜ਼ਾਈ ਸਨ।

• ਪ੍ਰਤੀ ਪਰਿਵਾਰ ਔਸਤ ਕਰਜ਼ਾ ਲਗਭਗ 3.05 ਲੱਖ ਰੁਪਏ ਸੀ ਜਦਕਿ ਕਾਸ਼ਤਕਾਰੀ ਜੋਤਾਂ ਦੇ ਪ੍ਰਤੀ ਏਕੜ ਦੇ ਹਿਸਾਬ ਨਾਲ ਕਰਜ਼ਾ 28,708 ਰੁਪਏ ਸੀ।

• 72% ਤੋਂ ਵੱਧ ਪਰਿਵਾਰਾਂ ਸਿਰ ਪ੍ਰਤੀ ਏਕੜ ਮਾਲਕੀ ਦੇ ਹਿਸਾਬ ਨਾਲ 30,000 ਰੁਪਏ ਕਰਜ਼ਾ ਸੀ।

• ਵੱਧ ਅਹਿਮ ਗੱਲ, ਲਗਭਗ 60% ਕਰਜ਼ਾਈ ਕਾਸ਼ਤਕਾਰ ਥੁੜ ਜ਼ਮੀਨੇ ਅਤੇ ਛੋਟੇ ਕਿਸਾਨ ਹਨ।

• ਕਰਜ਼ੇ ਦੇ ਜਾਲ ਵਿਚ ਫਸੇ ਜ਼ਿਆਦਾਤਰ ਪਰਿਵਾਰ ਮਾਲਵਾ ਖੇਤਰ ਨਾਲ ਸਬੰਧਤ ਹਨ।

ਕਰਜ਼ੇ ਦੇ ਵਸੀਲੇ ਕਈ ਤਰ੍ਹਾਂ ਦੇ ਹਨ। ਇਨ੍ਹਾਂ ਵਿਚੋਂ ਨਿੱਜੀ ਸ਼ਾਹੂਕਾਰਾਂ ਜਾਂ ਆੜ੍ਹਤੀਆਂ ਦਾ ਕਰਜ਼ਾ ਮੁੱਖ ਹੈ। ਇੰਞ, ਆੜ੍ਹਤੀਆਂ ਅਤੇ ਸ਼ਾਹੂਕਾਰਾਂ ਦੇ ਕਰਜ਼ੇ ਦਾ ਹਿੱਸਾ ਅੰਦਾਜ਼ਨ 43.46%, ਕਮਰਸ਼ੀਅਲ ਬੈਂਕਾਂ ਦਾ 31.78%, ਅਤੇ ਸਹਿਕਾਰੀ ਕਰਜ਼ਾ ਸੰਸਥਾਵਾਂ ਦਾ 18.91% ਹੈ। ਬਾਕੀ ਕਰਜ਼ੇ ਸਕੇ-ਸਬੰਧੀਆਂ ਤੋਂ ਲਏ 3.16%, ਸਰਕਾਰ ਤੋਂ 0.08% ਅਤੇ ਹੋਰ ਵਸੀਲਿਆਂ ਤੋਂ 2.71% ਲਏ ਹੋਏ ਹਨ।[12]

ਸਰਵ-ਭਾਰਤੀ ਹਾਲਤ ਦੇ ਉਲਟ, ਪੰਜਾਬ ਸਰਕਾਰ ਦੇ ਪੰਜਾਬ ਰਾਜ ਕਿਸਾਨ ਕਮਿਸ਼ਨ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਰਾਹੀਂ ਕਰਵਾਏ ਅਧਿਐਨ 'ਚ ਦੇਖਿਆ ਗਿਆ ਕਿ ਸੂਬੇ 'ਚ ਥੁੜ ਜ਼ਮੀਨੇ ਅਤੇ ਛੋਟੀਆਂ ਜੋਤਾਂ ਦੀ ਗਿਣਤੀ ਤੇਜ਼ੀ ਨਾਲ ਘਟੀ ਹੈ। ਇਹ ਅਧਿਐਨ ਸੰਨ 2007 'ਚ 11 ਜ਼ਿਲ੍ਹਿਆਂ ਦੇ 600 ਤੋਂ ਵੱਧ ਕਿਸਾਨ ਪਰਿਵਾਰਾਂ ਬਾਰੇ ਕੀਤਾ ਗਿਆ। 2005-06 ਦੇ ਖੇਤੀ ਵਰ੍ਹੇ ਦੇ ਅੰਕੜੇ ਜੁਟਾਕੇ 31 ਮਾਰਚ 2006 ਤੱਕ ਖੜ੍ਹੇ ਕਰਜਿਆਂ ਦੇ ਅਧਾਰ 'ਤੇ ਕਰਜ਼ਾਈ ਹੋਣ ਦਾ ਹਿਸਾਬ ਲਾਇਆ ਗਿਆ। ਅਧਿਐਨ ਦੇ ਮੁੱਖ ਸਿੱਟੇ ਇਹ ਸਨ:

• ਕਰਜ਼ਾਈ ਕਿਸਾਨ ਪਰਿਵਾਰਾਂ ਦਾ ਅਨੁਪਾਤ 88.33% ਦੇਖਿਆ ਗਿਆ।

• ਕਰਜ਼ਾਈ ਪਰਿਵਾਰਾਂ ਦੀ ਫ਼ੀਸਦੀ ਵੱਡੇ ਕਿਸਾਨਾਂ 'ਚ ਸਭ ਤੋਂ ਵੱਧ (99%) ਅਤੇ ਥੁੜ ਜ਼ਮੀਨੇ ਕਿਸਾਨਾਂ 'ਚ ਸਭ ਤੋਂ ਘੱਟ (80%) ਸੀ। ਛੋਟੇ, ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ 'ਚ ਇਹ ਫ਼ੀਸਦੀ 89, 91 ਅਤੇ 92 ਸੀ।

• ਮਾਰਚ 2006 ਦੇ ਅਖ਼ੀਰ 'ਚ ਸੈਂਪਲ 'ਚ ਸ਼ਾਮਲ ਪ੍ਰਤੀ ਪਰਿਵਾਰ ਸਿਰ ਕਰਜ਼ੇ ਦੀ ਔਸਤ ਰਕਮ ਇਕ ਲੱਖ ਅਠੱਤਰ ਹਜ਼ਾਰ ਨੌਂ ਸੌ ਚੌਂਤੀ ਰੁਪਏ ਸੀ।

• ਪ੍ਰਤੀ ਹੈਕਟੇਅਰ (2.5 ਏਕੜ) ਦੇ ਅਧਾਰ 'ਤੇ ਥੁੜ ਜ਼ਮੀਨੇ ਕਿਸਾਨ ਲਗਭਗ ਤਿੰਨ ਗੁਣਾ ਵੱਧ ਕਰਜ਼ਾਈ ਸਨ: ਦੱਖਣ-ਪੱਛਮੀ ਖੇਤਰ 'ਚ ਇਹ ਹੋਰ ਵੀ ਵਧੇਰੇ ਹੈ ਜਿੱਥੇ ਥੁੜ ਜ਼ਮੀਨੇ ਕਿਸਾਨ ਪੰਜ ਗੁਣਾ ਵੱਧ ਕਰਜ਼ਾਈ ਸਨ।

• ਦੱਖਣ-ਪੱਛਮੀ ਮਾਲਵਾ ਖੇਤਰ ਵਿਚ ਕਰਜ਼ਾਈ ਹੋਣ ਦਾ ਅਨੁਪਾਤ ਸਭ ਤੋਂ ਵੱਧ ਸੀ।

ਇਕ ਵਾਰ ਫੇਰ, ਛੋਟੇ ਅਤੇ ਵੱਡੇ ਕਿਸਾਨਾਂ ਨੇ ਕਰਜ਼ੇ ਦਾ 65% ਸੰਸਥਾਗਤ

---

12. ਹਵਾਲਾ ਉਪਰੋਕਤ।

ਵਸੀਲਿਆਂ ਤੋਂ ਲਿਆ ਹੋਇਆ ਸੀ ਇਸ ਦੇ ਮੁਕਾਬਲੇ ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਨੇ ਕਰਜ਼ੇ ਦਾ 60% ਤੋਂ ਘੱਟ ਸੰਸਥਾਗਤ ਵਸੀਲਿਆਂ ਤੋਂ ਲਿਆ ਸੀ। ਸੰਸਥਾਗਤ ਕਰਜਿਆਂ 'ਚ ਵਪਾਰਕ ਬੈਂਕਾਂ ਨੇ 72% ਅਤੇ ਸਹਿਕਾਰੀ ਸਭਾਵਾਂ ਨੇ 28% ਕਰਜ਼ਾ ਮੁਹੱਈਆ ਕੀਤਾ। ਗ਼ੈਰ-ਸੰਸਥਾਗਤ ਵਸੀਲਿਆਂ 'ਚ ਆੜ੍ਹਤੀਏ ਕਰਜ਼ੇ ਦਾ ਵੱਡਾ ਵਸੀਲਾ ਸਨ ਅਤੇ ਇਨ੍ਹਾਂ ਨੇ ਕੁਲ ਖੇਤੀ ਕਰਜ਼ੇ ਦਾ 32% ਮੁਹੱਈਆ ਕੀਤਾ।[13]

ਇਹ ਸਪਸ਼ਟ ਹੈ ਕਿ ਪੰਜਾਬ ਦੀ ਕਿਸਾਨੀ ਦੇ ਵੱਡੇ ਹਿੱਸੇ ਬਹੁਤ ਜ਼ਿਆਦਾ ਕਰਜ਼ਾਈ ਹਨ। ਮੈਂ ਜਿਨ੍ਹਾਂ ਕਰਜ਼ਾਈ ਪਰਿਵਾਰਾਂ ਨੂੰ ਮਿਲੀ, ਉਨ੍ਹਾਂ ਵਿਚ ਬੇਜ਼ਮੀਨੇ ਮਜ਼ਦੂਰਾਂ ਦੀ ਵੱਡੀ ਗਿਣਤੀ ਵੀ ਸੀ ਅਤੇ ਇਹ ਲਗਭਗ ਸਾਰੇ ਪਰਿਵਾਰ ਦਲਿਤਾਂ ਦੇ ਸਨ। ਭਾਵੇਂ ਮੇਰੇ ਅਧਿਐਨ ਦਾ ਉਦੇਸ਼ ਕਰਜ਼ਾਈਪਣ ਦੀ ਹੱਦ ਦਾ ਹਿਸਾਬ ਲਾਉਣਾ ਨਹੀਂ ਸੀ, ਫੇਰ ਵੀ ਉਪਰੋਕਤ ਅੰਕੜਿਆਂ ਦੇ ਪ੍ਰਸੰਗ 'ਚ ਇਸ ਦਾ ਅਰਥ ਇਹੀ ਬਣਦਾ ਹੈ। ਖ਼ੁਦਕੁਸ਼ੀ ਤੋਂ ਬਾਅਦ ਦੇ ਹਾਲਾਤ 'ਚ ਇਨ੍ਹਾਂ ਪਰਿਵਾਰਾਂ ਨਾਲ ਗੱਲਬਾਤ ਕਰਨ 'ਤੇ ਇਹੀ ਹਕੀਕਤ ਦਿਖਾਈ ਦਿੰਦੀ ਹੈ। ਕਰਜ਼ਾ ਮੋੜਨ ਲਈ ਹੌਲੀ ਹੌਲੀ ਜ਼ਮੀਨ ਵਿਕਦੀ ਜਾਂਦੀ ਹੈ, ਉਹ ਬੇਜ਼ਮੀਨੇ ਬਣਦੇ ਜਾਂਦੇ ਹਨ ਅਤੇ ਆਰਥਕ ਸੰਕਟ ਅਤੇ ਸਮਾਜਿਕ ਅਤੇ ਮਨੋਵਿਗਿਆਨਕ ਸੰਕਟ ਖ਼ੁਦਕੁਸ਼ੀ ਦੇ ਕਾਰਨ ਮੰਨੇ ਜਾਂਦੇ ਹਨ। ਸੰਘਣੇ ਸਰਮਾਏ ਅਧਾਰਤ ਖੇਤੀ ਜਾਨਾਂ ਦਾ ਖੌਅ ਬਣੀ ਹੋਈ ਹੈ ਅਤੇ ਹਰੇ ਇਨਕਲਾਬ ਦੀ ਭੂਮਿਕਾ ਦੇ ਤੁਰੰਤ ਅਤੇ ਸਥਾਈ ਮਾੜੇ ਪ੍ਰਭਾਵ ਉੱਘੜਕੇ ਸਾਹਮਣੇ ਆ ਰਹੇ ਹਨ। ਸਰਵੇਖਣ ਦੇ ਸਿੱਟਿਆਂ ਅੰਦਰ ਜ਼ਮੀਨ ਕਿਸ ਹੱਦ ਤੱਕ ਵਿਕ ਰਹੀ ਹੈ ਇਸ ਬਾਰੇ ਅਤੇ ਸੰਕਟ ਦੇ ਹੋਰ ਸੂਚਕਾਂ ਦੀ ਸੰਖੇਪ ਚਰਚਾ ਕੀਤੀ ਜਾਵੇਗੀ। ਖ਼ੁਦਕੁਸ਼ੀਆਂ ਦੇ ਰੁਝਾਨਾਂ 'ਤੇ ਤੁਰੰਤ ਝਾਤ ਮਾਰਨਾ ਵੀ ਜ਼ਰੂਰੀ ਹੈ ਤਾਂ ਜੋ ਖ਼ੁਦਕੁਸ਼ੀ ਦੇ ਕਾਰਨ ਵਧੇਰੇ ਸਪਸ਼ਟ ਹੋ ਜਾਣ।

1.2.2 **ਪੰਜਾਬ ਅੰਦਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਕੁਝ ਤਾਜ਼ਾ ਨਕਸ਼, ਬੇਜ਼ਮੀਨੇ ਅਤੇ ਜ਼ਮੀਨਾਂ ਵਾਲੇ**

ਪੰਜਾਬ ਅੰਦਰ ਖ਼ੁਦਕੁਸ਼ੀਆਂ ਦੀ ਸਹੀ ਗਿਣਤੀ ਦੀ ਤਸਵੀਰ ਹਾਲੇ ਸਾਹਮਣੇ ਆਉਣੀ ਹੈ। ਜਮਹੂਰੀ ਅਧਿਕਾਰ ਸਭਾ ਅਤੇ ਪ੍ਰੋਫੈਸਰ ਆਇਰ ਦੀਆਂ ਰਿਪੋਰਟਾਂ ਸੂਬੇ ਦੀਆਂ ਸਭ ਤੋਂ ਪਹਿਲੀਆਂ ਰਿਪੋਰਟਾਂ ਹਨ।[14] ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵਲੋਂ ਕੀਤੀ ਮੁੱਢਲੀ ਪੜਤਾਲ ਨੇ ਦਿਖਾਇਆ ਕਿ 2001 ਅਤੇ 2005 ਦਰਮਿਆਨ 13,000 ਕਿਸਾਨਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਉਨ੍ਹਾਂ ਪੰਜ ਸਾਲਾਂ ਦੇ ਸਮੇਂ 'ਚ

---

13. ਸੁਖਪਾਲ ਸਿੰਘ, ਮਨਜੀਤ ਕੌਰ ਅਤੇ ਐੱਚ ਐੱਸ ਕਿੰਗਰਾ, ਇਕਨਾਮਿਕ ਐਂਡ ਪੁਲੀਟੀਕਲ ਵੀਕਲੀ, 28 ਜੂਨ 2008.

14. ਦੇਖੋ ਜਮਹੂਰੀ ਅਧਿਕਾਰ ਸਭਾ ਦੀ ਪੰਜਾਬ ਦੇ ਪੇਂਡੂ ਇਲਾਕਿਆਂ ਅੰਦਰ ਖ਼ੁਦਕੁਸ਼ੀਆਂ : ਰਿਪੋਰਟ-2000 (ਪੰਜਾਬੀ ਵਿਚ), ਲੁਧਿਆਣਾ, ਅਤੇ ਕੇ ਗੋਪਾਲ ਅਈਅਰ ਤੇ ਐੱਮ ਐੱਸ ਮਣਿਕ (2000) Indebtedness, Impoverishment, and Suicides in Rural Punjab, New Delhi, India Publishers and Distributors.

ਰੋਜ਼ਾਨਾ ਔਸਤ ਸੱਤ ਤੋਂ ਵੱਧ ਖ਼ੁਦਕੁਸ਼ੀਆਂ ਦੀ ਸੀ। ਡਾ. ਭੰਗੂ ਨੇ ਇਕ ਸਧਾਰਨ ਨਮੂਨੇ ਤਹਿਤ 2006 'ਚ ਇਕ ਅਧਿਐਨ ਕੀਤਾ ਸੀ।[15] ਜ਼ਮੀਨੀ ਜੋਤਾਂ ਦੀ ਕਿਸਮ ਨਾਲ ਸਬੰਧਤ ਖ਼ੁਦਕੁਸ਼ੀਆਂ ਉੱਪਰ ਝਾਤ ਮਾਰਨ (ਦੇਖੋ ਕਾਂਡ ਪਹਿਲੇ ਦੇ ਅੰਤ ਵਿਚ ਸਾਰਣੀ 1.1) 'ਤੇ ਇਹ ਉੱਘੜਕੇ ਸਾਹਮਣੇ ਆਉਂਦਾ ਹੈ ਕਿ ਬੇਜ਼ਮੀਨੇ ਅਤੇ ਥੁੜ ਜ਼ਮੀਨੇ ਅਤੇ ਛੋਟੇ ਕਿਸਾਨਾਂ 'ਚ ਵੀ ਖ਼ੁਦਕੁਸ਼ੀਆਂ ਦੀ ਦਰ ਉੱਚੀ ਹੈ, ਇਸ ਨਾਲ ਇਹ ਆਮ ਧਾਰਨਾ ਰੱਦ ਹੋ ਜਾਂਦੀ ਹੈ ਕਿ ਖ਼ੁਦਕੁਸ਼ੀ ਹਉਮੈਂ ਨੂੰ ਠੇਸ ਪਹੁੰਚਣ ਜਾਂ ਜ਼ਮੀਨ ਵਿਕ ਜਾਣ ਦੀ ਜ਼ਲਾਲਤ ਕਰਕੇ ਕੀਤੀ ਜਾਂਦੀ ਹੈ।

ਭਾਵੇਂ ਡਾ. ਭੰਗੂ ਦੇ ਅਧਿਐਨ ਦਾ ਅਧਾਰ ਸਧਾਰਨ ਸੈਂਪਲ ਹੈ, ਪਰ ਇਹ ਦਿਖਾਉਂਦਾ ਹੈ ਕਿ ਕਿਵੇਂ ਅਕਾਰ ਅਨੁਸਾਰ ਜ਼ਮੀਨੀ ਜੋਤ ਦੇ ਅਕਾਰ ਦੇ ਅਧਾਰ 'ਤੇ ਮ੍ਰਿਤਕਾਂ ਦੀ ਵੰਡ ਤੋਂ ਪਤਾ ਚੱਲਦਾ ਹੈ ਕਿ ਵੱਡੇ ਕਿਸਾਨਾਂ ਦੇ ਮੁਕਾਬਲੇ ਥੁੜ ਜ਼ਮੀਨੇ, ਛੋਟੇ, ਨੀਮ-ਦਰਮਿਆਨੇ ਕਿਸਾਨ ਅਤੇ ਬੇਜ਼ਮੀਨੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਦੀ ਮਾਰ ਹੇਠ ਵੱਧ ਆਏ। ਪੇਂਡੂ ਲੋਕਾਂ ਦੀ ਇਸ ਜਮਾਤ ਨੂੰ ਖ਼ੁਦਕੁਸ਼ੀਆਂ ਵੱਲ ਆਰਥਕ ਸੰਕਟ, ਕੰਗਾਲੀ ਅਤੇ ਕਰਜ਼ਾਈ ਹੋਣ ਦੇ ਕਾਰਕਾਂ ਨੇ ਧੱਕਿਆ ਹੈ। ਇਹ ਦਿਲਚਸਪ ਗੱਲ ਸੀ ਕਿ ਸਮੇਂ ਨਾਲ ਵੱਡੇ ਕਿਸਾਨਾਂ ਨੂੰ ਛੱਡਕੇ ਸਾਰੇ ਕਿਸਾਨ ਵਰਗਾਂ ਦੇ ਪ੍ਰਤੀ ਪਰਿਵਾਰ ਅਤੇ ਪ੍ਰਤੀ ਹੈਕਟੇਅਰ ਦੇ ਹਿਸਾਬ ਕਰਜ਼ੇ ਦੇ ਬੋਝ 'ਚ ਵਾਧਾ ਹੋਇਆ। ਜ਼ਮੀਨੀ ਜੋਤਾਂ ਦੇ ਵੱਖ-ਵੱਖ ਵਰਗਾਂ ਉੱਪਰ ਕਰਜ਼ੇ ਦੇ ਬੋਝ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਵੱਡੇ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਬੇਜ਼ਮੀਨੇ ਖੇਤ ਮਜ਼ਦੂਰਾਂ ਦੇ ਬੋਝ ਨਾਲੋਂ ਵੀ ਘੱਟ ਸੀ। ਛੋਟੇ, ਥੁੜ ਜ਼ਮੀਨੇ, ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਸਿਰ ਭਾਰੀ ਕਰਜ਼ਾ ਸੀ, ਕੁਲ ਖੜ੍ਹੇ ਕਰਜ਼ੇ ਦਾ ਇਨ੍ਹਾਂ ਵੱਲ ਹਿੱਸਾ 95% ਦੇਖਿਆ ਗਿਆ। (ਹਵਾਲਾ ਉਹੀ)

ਖ਼ੁਦਕੁਸ਼ੀਆਂ ਦੇ ਰੁਝਾਨ ਦਾ ਸਭ ਤੋਂ ਸਹੀ ਅੰਦਾਜ਼ਾ ਮਰਦਮਸ਼ੁਮਾਰੀ ਵਰਗੇ ਉਸ ਸਰਵੇਖਣ 'ਚ ਲਾਇਆ ਗਿਆ ਜੋ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਹਰੇਕ ਪਰਿਵਾਰ ਨੂੰ ਸ਼ਾਮਲ ਕਰਕੇ ਕੀਤਾ ਗਿਆ।[16] ਮੇਰੇ ਆਪਣੇ ਅਧਿਐਨ ਦੇ ਸਿੱਟਿਆਂ ਅਨੁਸਾਰ ਵੀ ਖੇਤ ਮਜ਼ਦੂਰਾਂ 'ਚ ਖ਼ੁਦਕੁਸ਼ੀਆਂ ਦਾ ਵਰਤਾਰਾ ਚੋਖਾ ਵੱਧ ਹੈ। (ਦੇਖੋ ਸਾਰਣੀ 1.2) ਇਹ ਕਰਜ਼ਾਈ ਹੋਣ ਦੇ ਨਾਲ-ਨਾਲ ਖੇਤ ਮਜ਼ਦੂਰਾਂ ਦੇ ਵਿਸ਼ਾਲ ਹਿੱਸਿਆਂ ਦੇ ਵਿਗੜ ਰਹੇ ਹਾਲਾਤ ਦੀ ਹੋਰ ਡੂੰਘੀ ਛਾਣਬੀਣ ਕਰਨ ਦੀ ਜ਼ੋਰਦਾਰ ਜ਼ਰੂਰਤ ਵੱਲ ਇਸ਼ਾਰਾ ਕਰਦਾ ਹੈ।

ਸਾਰਣੀ 1.2 ਮੁਤਾਬਕ, ਇਨ੍ਹਾਂ ਦੋ ਜ਼ਿਲ੍ਹਿਆਂ 'ਚ ਹੋਈਆਂ 2890 ਖ਼ੁਦਕੁਸ਼ੀਆਂ ਵਿਚੋਂ 1757 (61%) ਅਤੇ 11.33 (39%) ਖੇਤ ਮਜ਼ਦੂਰਾਂ ਦੀਆਂ ਸਨ। ਕਿਸਾਨਾਂ ਦੇ ਮਾਮਲੇ 'ਚ 1288 (73%) ਕਰਜ਼ਾਈ ਹੋਣ ਕਾਰਨ ਸਨ, ਜਦਕਿ 469 (27%)

---

15. ਡਾ. ਭੰਗੂ, (2006) ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ: ਬਠਿੰਡਾ ਜ਼ਿਲ੍ਹੇ ਦਾ ਅਧਿਐਨ, ਜਰਨਲ ਆਫ਼ ਐਗਰੀਕਲਚਰ ਡਿਵੈਲਪਮੈਂਟ ਐਂਡ ਪਾਲਿਸੀ।

16. ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਪਾਈਲਟ ਸਰਵੇਖਣ, ਭਾਰਤ ਸਰਕਾਰ ਨੂੰ ਭੇਜੀ ਰਿਪੋਰਟ, ਅਰਥਸ਼ਾਸਤਰ ਅਤੇ ਸਮਾਜ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਅਪ੍ਰੈਲ 2009.

ਹੋਰ ਕਾਰਨਾਂ ਕਰਕੇ ਸਨ। ਖੇਤ ਮਜ਼ਦੂਰਾਂ ਦੇ ਮਾਮਲੇ 'ਚ, 671 ਖ਼ੁਦਕੁਸ਼ੀਆਂ (59%) ਦਾ ਕਾਰਨ ਕਰਜ਼ਾਈ ਹੋਣਾ ਜਦਕਿ ਬਾਕੀ 462 (41%) ਦੇ ਕਾਰਨ ਹੋਰ ਸਨ।

ਅਧਿਕਾਰਤ ਤੌਰ 'ਤੇ ਰਿਪੋਰਟ ਛਪ ਜਾਣ ਤੋਂ ਪਹਿਲਾਂ ਵੀ, ਸੰਚਾਰ ਮਾਧਿਅਮਾਂ ਨੇ ਰਿਪੋਰਟ ਦਿੱਤੀ ਸੀ ਕਿ ਕਿਸਾਨ ਔਰਤਾਂ ਵੀ ਖ਼ੁਦਕੁਸ਼ੀਆਂ ਕਰ ਰਹੀਆਂ ਹਨ। ਉੱਪਰ ਚਰਚਾ ਕੀਤੀ ਗਈ ਰਿਪੋਰਟ ਅਨੁਸਾਰ, ਸੰਗਰੂਰ ਜ਼ਿਲ੍ਹੇ ਵਿਚ 33 ਕਿਸਾਨ ਔਰਤਾਂ ਅਤੇ 23 ਖੇਤ ਮਜ਼ਦੂਰ ਔਰਤਾਂ ਨੇ ਕਰਜ਼ਾਈ ਹੋਣ ਕਾਰਨ ਖ਼ੁਦਕੁਸ਼ੀ ਕੀਤੀ। ਸਭ ਤੋਂ ਵੱਧ ਗਿਣਤੀ ਨੌਂ, ਜ਼ਿਲ੍ਹੇ ਦੇ ਲਹਿਰਾਗਾਗਾ ਬਲਾਕ ਵਿਚੋਂ ਸੀ। ਬਠਿੰਡਾ ਜ਼ਿਲ੍ਹੇ ਵਿਚ ਕੁਲ 23 ਕਿਸਾਨ ਔਰਤਾਂ ਅਤੇ 26 ਖੇਤ ਮਜ਼ਦੂਰ ਔਰਤਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਸਨ। ਸਭ ਤੋਂ ਵੱਧ ਮਾਮਲੇ ਤਲਵੰਡੀ ਸਾਬੋ ਬਲਾਕ ਦੇ ਸਨ।[17] ਖ਼ੁਦਕੁਸ਼ੀ ਦੇ ਕਾਰਨ ਇਕੋ ਹੀ ਜਾਪਦੇ ਹਨ। ਸ਼ਾਇਦ ਇਹ ਪਹਿਲੀ ਅਜਿਹੀ ਰਿਪੋਰਟ ਹੈ ਜਿਸ ਵਿਚ ਔਰਤਾਂ ਦੀਆਂ ਖ਼ੁਦਕੁਸ਼ੀਆਂ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਸਮਾਜ ਵਿਚ ਜ਼ਮੀਨ ਦੇ ਪਟੇ ਔਰਤਾਂ ਦੇ ਨਾਂਅ ਉੱਤੇ ਨਹੀਂ ਹਨ ਜਾਂ ਸਰਕਾਰੀ ਸਕੀਮਾਂ ਵਿਚ ਸਿਰਫ਼ ਆਦਮੀਆਂ ਦੇ ਨਾਂਅ ਹੀ ਦਰਜ ਹੁੰਦੇ ਹਨ ਓਥੇ ਅਜਿਹੀਆਂ ਮੌਤਾਂ ਦੀ ਗੱਲ ਅਕਸਰ ਹੀ ਨਹੀਂ ਕੀਤੀ ਜਾਂਦੀ।

ਐਪਰ ਇਸ ਨੁਕਤੇ 'ਤੇ "ਹੋਰ ਕਾਰਨ" ਸ਼੍ਰੇਣੀ ਬਾਰੇ ਸਵਾਲ ਉਠਾਉਣ ਦੀ ਮਹੱਤਤਾ ਬਣ ਗਈ ਹੈ ਕਿਉਂਕਿ ਜ਼ਰੱਈ ਸੰਕਟ ਦੇ ਅਸਰਾਂ ਦਾ ਚੌਗਿਰਦੇ ਦੇ ਹਾਲਾਤ, ਸਮਾਜਿਕ ਅਤੇ ਮਨੋਵਿਗਿਆਨਕ ਪਹਿਲੂਆਂ ਤੋਂ ਜਾਇਜ਼ਾ ਲੈਣ ਦੀ ਜ਼ੋਰਦਾਰ ਜ਼ਰੂਰਤ ਹੈ। ਖ਼ੁਦਕੁਸ਼ੀ ਦੇ ਕਾਰਨ ਖੇਤੀਬਾੜੀ ਦੇ ਉਸੇ ਮਾਹੌਲ 'ਚ ਮੌਜੂਦ ਹਨ। ਮੌਜੂਦਾ ਅਧਿਐਨ ਦਾ ਉਦੇਸ਼ ਖ਼ੁਦਕੁਸ਼ੀਆਂ ਨੂੰ ਪਰਿਵਾਰ ਅਤੇ ਭਾਈਚਾਰੇ ਦੇ ਢਾਂਚੇ ਦੇ ਪ੍ਰਸੰਗ 'ਚ ਰੱਖਕੇ ਸਮਝਣ ਲਈ ਇਸੇ ਹੀ ਖੇਤਰ ਨੂੰ ਘੋਖਣਾ ਹੈ।

1.3 ਮੇਰੇ ਸਰਵੇਖਣ ਦੇ ਸਿੱਟੇ

ਇਸ ਪਿਛੋਕੜ 'ਚ ਮੈਂ ਅਗਲੇ ਹਿੱਸਿਆਂ 'ਚ ਆਪਣੇ ਅਧਿਐਨ ਦੇ ਅੰਕੜੇ ਪੇਸ਼ ਕਰਾਂਗੀ। ਜਿਨ੍ਹਾਂ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ ਉਨ੍ਹਾਂ ਦਾ ਚੌਥਾ ਹਿੱਸਾ ਬੇਜ਼ਮੀਨੇ ਪਰਿਵਾਰਾਂ 'ਚੋਂ ਸੀ ਜਿਨ੍ਹਾਂ ਦੀ ਟੇਕ ਮਜ਼ਦੂਰੀ ਉੱਪਰ ਹੈ ਜੋ ਆਮ ਤੌਰ 'ਤੇ ਮੌਸਮੀ ਹੁੰਦੀ ਹੈ। ਬੇਜ਼ਮੀਨਿਆਂ ਦਾ ਇਕ ਹਿਸਾ ਜੱਟ ਸਿੱਖਾਂ ਵਿਚੋਂ ਵੀ ਹੈ ਜੋ ਵਧ ਰਹੇ ਸੰਕਟ ਕਾਰਨ ਇਕ ਸਮੇਂ ਬੇਜ਼ਮੀਨੇ ਬਣੇ।

ਅਧਾਰ ਅੰਕੜੇ ਪੇਸ਼ ਕਰਨ ਸਮੇਂ ਮੈਂ ਦੋ ਮਨੌਤਾਂ ਮੰਨਕੇ ਚੱਲ ਰਹੀ ਹਾਂ। ਪਹਿਲੀ,

---

17. ਹਿੰਦੁਸਤਾਨ ਟਾਈਮਜ਼, 19 ਅਪ੍ਰੈਲ 2009, ਚੰਡੀਗੜ੍ਹ ਐਡੀਸ਼ਨ: Women not immune from Farm Suicide: PAU study, ਅਨੁਰਾਧਾ ਸ਼ੁਕਲਾ ਦੀ ਰਿਪੋਰਟ। ਪੀ. ਸਾਈਨਾਥ ਦੀ How the better half dies, ਅਗਸਤ 2004 ਵੀ ਦੇਖੋ, http://www.indiatogether.org/2004/aug/psa-womenfarm.htm, ਨਾਲ ਹੀ When the one who dies in a woman by Aparna Pallvi, 18 ਸਤੰਬਰ 2007 http://www.indiatogether.org/2007/sep/agr-womensui.htm (ਦੋਵੇਂ ਲਿੰਕ ਆਖ਼ਰੀ ਵਾਰ 2 ਦਸੰਬਰ 2008 ਨੂੰ ਦੇਖੇ ਗਏ).

ਜ਼ਰੱਈ ਸੰਕਟ ਦੀ ਮਾਰ ਕਿਸਾਨੀ ਦੇ ਸਾਰੇ ਹਿੱਸਿਆਂ ’ਤੇ ਪੈ ਰਹੀ ਹੈ ਅਤੇ ਖੇਤ ਮਜ਼ਦੂਰੀ ਅਤੇ ਖੇਤੀ ਨਾਲ ਸਬੰਧਤ ਹੋਰ ਕੰਮਾਂ ਅਤੇ ਗੁਜ਼ਾਰੇ ਦੇ ਸਾਧਨਾਂ ’ਤੇ ਨਿਰਭਰ ਵੱਡੇ ਹਿੱਸੇ ਉੱਪਰ ਜੇ ਵੱਧ ਨਹੀਂ ਤਾਂ ਫਿਰ ਵੀ ਇਸਦਾ ਜ਼ੋਰਦਾਰ ਅਸਰ ਜ਼ਰੂਰ ਪਿਆ ਹੈ। ਦੂਜਾ, ਭਾਵੇਂ ਕਰਜ਼ਾਈ ਹੋਣਾ ਜ਼ਰੱਈ ਮੰਦਹਾਲੀ ਨਾਲ ਸਬੰਧਤ ਖ਼ੁਦਕੁਸ਼ੀਆਂ ਦਾ ਵੱਡਾ ਹਿੱਸਾ ਹੈ, ਪਰ “ਹੋਰ” ਕਾਰਨਾਂ ਵਜੋਂ ਪੇਸ਼ ਕੀਤੇ ਗਏ ਕਾਰਨਾਂ ਵਿਚ ਉਹ ਆਰਥਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਸ਼ਾਮਲ ਹਨ ਜੋ ਇਕ ਕਿਸਾਨ ਪਰਿਵਾਰ ਨੂੰ ਪੂਰੀਆਂ ਕਰਨੀਆਂ ਪੈਂਦੀਆਂ ਹਨ। ਜਵਾਨ ਬੱਚਿਆਂ ਦੀ ਪੜ੍ਹਾਈ ਹਾਲੇ ਖ਼ਰਚੇ ਦੀ ਇਕ ਹੋਰ ਵੱਡੀ ਥਾਂ ਹੈ ਜੋ ਸਿਖਿਆ ਦਾ ਨਿੱਜੀਕਰਨ ਹੋਣ ਨਾਲ ਗ਼ਰੀਬ ਕਿਸਾਨੀ ਲਈ ਅਸੰਭਵ ਬਣਾ ਦਿੱਤੀ ਗਈ ਹੈ। ਬਦਕਿਸਮਤੀ ਨਾਲ ਇਹ ਪਹਿਲੂ ਇਸ ਅਧਿਐਨ ’ਚ ਸ਼ਾਮਲ ਨਹੀਂ ਹੈ। ਤੀਸਰਾ ਅਤੇ ਚੌਥਾ ਕਾਂਡ ਇਸ ਪਹਿਲੂ ਨੂੰ ਸੰਬੋਧਤ ਹਨ ਕਿ ਕਿਵੇਂ ਵਿਆਹਾਂ ਦੇ ਖ਼ਰਚਿਆਂ ਅਤੇ ਇਲਾਜ ਦੇ ਵਧ ਰਹੇ ਖ਼ਰਚਿਆਂ ਦਾ ਸਿੱਟਾ ਕਰਜਾਈਪਣ ਵਧਣ ’ਚ ਨਿਕਲਦਾ ਹੈ।

ਉਪਰਲੀਆਂ ਦੋਵੇਂ ਮਨੌਤਾਂ ਕਰਜ਼ਾਈ ਹੋਣ ਬਾਰੇ ਅਧਿਐਨਾਂ ਨੂੰ ਆਲੋਚਨਾਤਮਕ ਰੂਪ ’ਚ ਸਮਝਣ ਲਈ ਅਹਿਮ ਹਨ। ਜਿਨ੍ਹਾਂ ਵਲੋਂ ਕਿਸੇ ਨਾ ਕਿਸੇ ਰੂਪ ’ਚ ਆਰਥਕ ਪਹਿਲੂ ਨੂੰ ਸਮਾਜਿਕ ਪਹਿਲੂ ਤੋਂ ਅੱਡ ਦਿਖਾਉਣ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਕਿਉਂਕਿ “ਖੇਤੀਬਾੜੀ” ਅਤੇ “ਆਰਥਕ” ਤੋਂ ਬਿਨਾ ਬਾਕੀ ਕਾਰਨਾਂ ਨੂੰ ਫਾਲਤੂ ਦਰਸਾ ਦਿੱਤਾ ਜਾਂਦਾ ਹੈ ਇਸ ਕਾਰਨ ਰਾਜ ਉਨ੍ਹਾਂ ਕਾਰਨਾਂ ਦੀ ਜ਼ਿੰਮੇਵਾਰੀ ਤੋਂ ਬਰੀ ਹੋ ਜਾਂਦਾ ਹੈ ਜੋ ਖ਼ੁਦਕੁਸ਼ੀਆਂ ਦੀ ਲਾਜ਼ਮੀ ਵਜ੍ਹਾ ਹਨ।[18] ਇਹ ਅਲਹਿਦਗੀ ਕਿਸਾਨੀ ਦੀ ਦੁਰਦਸ਼ਾ ਅਤੇ ਦੁੱਖ-ਤਕਲੀਫਾਂ ਨੂੰ ਹੋਰ ਘਟਾਕੇ ਪੇਸ਼ ਕਰਦੀ ਹੈ ਜੋ ਜਾਤਪਾਤ, ਮਰਦ ਪ੍ਰਧਾਨ ਸੱਤਾ ਅਤੇ ਸਰਮਾਏਦਾਰੀ ਵਰਗੇ ਜਾਬਰ ਸਮਾਜਿਕ ਉਸਾਰ ਰਾਹੀਂ ਤੈਅ ਹੁੰਦੇ ਹਨ। ਉਨ੍ਹਾਂ ਦੀ ਖ਼ਰੀਦ ਸ਼ਕਤੀ ਅਤੇ ਜ਼ਿੰਦਾ ਰਹਿਣ ਦੇ ਮੌਕੇ ਇਨ੍ਹਾਂ ਸਮਾਜਿਕ ਉਸਾਰਾਂ ਨਾਲ ਨਿਰਧਾਰਤ ਹੁੰਦੇ ਹਨ। ਮੈਂ ਮ੍ਰਿਤਕਾਂ ਸਬੰਧੀ ਜ਼ਰੂਰੀ ਜਾਣਕਾਰੀ ਅਤੇ ਪਿੱਛੇ ਬਚੇ ਪਰਿਵਾਰਾਂ ਦੀ ਮੌਜੂਦਾ ਹਾਲਤ ਬਿਆਨ ਕਰਾਂਗੀ ਅਤੇ ਫੇਰ ਖ਼ੁਦਕੁਸ਼ੀ ਦੇ ਕਾਰਨ ਫਰੋਲਾਂਗੀ। ਅਹਿਮ ਗੱਲ, ਮੈਂ ਇਹ ਦਿਖਾਵਾਂਗੀ ਅਤੇ ਚਰਚਾ ਕਰਾਂਗੀ ਕਿ ਖ਼ੁਦਕੁਸ਼ੀ ਤੋਂ *ਬਾਅਦ* ਵੀ ਕਿਸਾਨ ਪਰਿਵਾਰਾਂ ਦੀ ਜ਼ਮੀਨ ਲਗਾਤਾਰ ਖੁਸ ਰਹੀ ਹੈ ਅਤੇ ਉਨ੍ਹਾਂ ਦੀਆਂ ਜ਼ਮੀਨੀ ਜੋਤਾਂ ਛੋਟੀਆਂ ਹੋ ਰਹੀਆਂ ਹਨ। ਇਸ ਨਾਲ ਅਗਲੇ ਕੁਝ ਕਾਂਡਾਂ ਦਾ ਪ੍ਰਸੰਗ ਬਣ ਜਾਵੇਗਾ ਜਿਨ੍ਹਾਂ ਤੋਂ ਇਹ ਪਤਾ ਲੱਗੇਗਾ ਕਿ ਵੱਖੋ-

18. ਪੀ ਸਾਈਨਾਥ ਨੇ ਪੜਚੋਲੀਆ ਤੌਰ ’ਤੇ ਨੋਟ ਕੀਤਾ ਹੈ ਕਿਵੇਂ ਮਹਾਂਰਾਸ਼ਟਰ ਸਰਕਾਰ ਕਿਸੇ ਮੌਤ ਦਾ ਖ਼ੁਦਕੁਸ਼ੀ ਵਜੋਂ ਅੰਦਾਜ਼ਾ ਲਗਾਉਂਦੇ ਸਮੇਂ ਵਧੇਰੇ ਨਿਵੇਕਲੀ ਗਿਣਤੀ-ਮਿਣਤੀ ’ਚ ਲੱਗੀ ਹੋਈ ਹੈ। ਸਰਕਾਰ ਇਹ ਦਰਸਾਉਣ ਲਈ ਆਜ਼ਾਦ ਹੈ ਕਿ ਕਿਹੜੀ ਖ਼ੁਦਕੁਸ਼ੀ “ਅਸਲੀ” ਅਤੇ “ਯੋਗ” ਕਿਸਾਨ ਖ਼ੁਦਕੁਸ਼ੀ ਹੈ। ਵਿਦਰਭਾ ਖੇਤਰ ਦੇ ਛੇ ਜ਼ਿਲ੍ਹਿਆਂ ਵਿਚ ਖ਼ੁਦਕੁਸ਼ੀਆਂ ਦੀ ਕੁਲ ਗਿਣਤੀ 15,890 ਸੀ। ਸਾਲ 2005 ਦਾ ਕਾਲਮ 2,425 ਤੋਂ ਸ਼ੁਰੂ ਹੋਕੇ ਸਿਰਫ਼ 273 ਖ਼ੁਦਕੁਸ਼ੀਆਂ ਨੂੰ ਅਸਲੀ ਅਤੇ ਮੁਆਵਜ਼ੇ ਦੇ ਕਾਬਲ ਖ਼ੁਦਕੁਸ਼ੀਆਂ ਤੈਅ ਕਰਦਾ ਹੈ। ਹਵਾਲਾ Maharashtra: ‘Graveyard of farmers’, The Hindu, 14 ਨਵੰਬਰ 2007.

ਵੱਖਰੇ ਸਮਾਜਿਕ ਰਿਸ਼ਤਿਆਂ ਉੱਪਰ ਸਰਮਾਏਦਾਰੀ ਦਾ ਕਿਵੇਂ ਅਸਰ ਪੈਂਦਾ ਹੈ, ਖ਼ਾਸ ਕਰਕੇ ਪੰਜਾਬ ਵਰਗੇ ਸੂਬੇ 'ਚ ਜਿੱਥੇ ਖੇਤੀਬਾੜੀ ਦਾ ਆਧੁਨਿਕੀਕਰਨ ਇਕ ਡੂੰਘੇ ਰੂਪ 'ਚ ਰਵਾਇਤੀ ਜਗੀਰੂ ਸਮਾਜ ਵਿਚ ਹੋਇਆ ਹੈ।

1.3.1 ਮਰਨ ਵਾਲੇ ਕੌਣ ਹਨ?

ਮ੍ਰਿਤਕਾਂ ਨਾਲ ਸਬੰਧਤ ਵਿਸ਼ੇਸ਼ਤਾਵਾਂ ਅਤੇ ਫੇਰ ਮੇਰੇ ਸਵਾਲਾਂ ਦਾ ਜਵਾਬ ਦੇਣ ਵਾਲੀਆਂ ਔਰਤਾਂ ਵਲੋਂ ਬਿਆਨ ਅਤੇ ਤਸੱਵਰ ਕੀਤੇ ਕਾਰਨਾਂ ਉੱਪਰ ਝਾਤ ਪੰਜਾਬ ਦੀ ਕਿਸਾਨੀ ਦੀ ਤੇਜ਼ੀ ਨਾਲ ਬਦਲ ਰਹੀ ਤਸਵੀਰ ਬਾਰੇ ਸਮਝ ਮੁਹੱਈਆ ਕਰੇਗੀ। ਖ਼ੁਦਕੁਸ਼ੀ ਤੋਂ ਬਾਅਦ ਦਾ ਸਮਾਂ ਪਰਿਵਾਰ ਦੀ ਜਾਇਦਾਦ ਨੂੰ ਹੋਰ ਖ਼ੋਰਾ ਲੱਗਣ ਨੂੰ ਦਰਸਾਉਂਦਾ ਹੈ, ਜਿਵੇਂ ਜ਼ਮੀਨ ਵੇਚਣ ਲਈ ਮਜਬੂਰ ਹੋਣਾ ਅਤੇ ਕਈ ਵਾਰ ਤਾਂ ਕਿਸਾਨ ਪਰਿਵਾਰ ਦਾ ਬੇਜ਼ਮੀਨੇ ਵੀ ਬਣ ਜਾਣਾ। ਕਿਸਾਨਾਂ ਦੇ ਰੁਤਬੇ 'ਚ ਨਿਘਾਰ ਤੋਂ ਇਲਾਵਾ, ਜ਼ਮੀਨੀ ਜੋਤ ਦੇ ਲਿਹਾਜ਼ ਨਾਲ, ਹੋਰ ਸਮੱਸਿਆਵਾਂ ਵੀ ਹਨ ਜਿਨ੍ਹਾਂ ਨੇ ਸਮੁੱਚੇ ਭਾਈਚਾਰੇ ਦਾ ਨੱਕ 'ਚ ਦਮ ਕਰ ਰੱਖਿਆ ਹੈ। ਜਿੱਥੇ ਜ਼ਰੱਈ ਸੰਕਟ ਦਾ ਸਬੰਧ ਹੈ, ਕਿਸਾਨ ਦੀ ਖ਼ੁਦਕੁਸ਼ੀ ਇਸ ਦਾ ਲੱਛਣ ਹੈ। ਆਮ ਤੌਰ 'ਤੇ, ਇਹ ਕਾਰਨਾਂ ਦੇ ਇਕ ਸਮੂਹ ਜਾਂ ਐਸੇ ਹਾਲਾਤ ਦਾ ਨਤੀਜਾ ਹੁੰਦੀ ਹੈ ਜਿਸ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਅਤੇ ਜਿਨ੍ਹਾਂ ਨਾਲ ਪਰਿਵਾਰ ਦਾ ਵਾਹ ਪੈਂਦਾ ਹੈ। ਇਹ ਸਾਲਾਂ ਬੱਧੀ ਆਰਥਕ ਬਦਹਾਲੀ ਦੀ ਹਾਲਤ ਹੋ ਸਕਦੀ ਹੈ ਜਿਸ ਤੋਂ ਕਦੇ ਰਾਹਤ ਨਹੀਂ ਮਿਲਦੀ। ਅਤੇ ਬੰਦਾ ਚਾਰ-ਚੁਫੇਰਿਉਂ ਬਹੁਤ ਸਾਰੀਆਂ ਮੰਗਾਂ 'ਚ ਘਿਰਿਆ ਹੋ ਸਕਦਾ ਹੈ। ਜਦਕਿ, ਖ਼ੁਦਕੁਸ਼ੀ ਦੀ ਕਾਰਵਾਈ ਲਈ ਉਕਸਾਉਣ ਦੀ ਭੂਮਿਕਾ ਕੋਈ ਫ਼ੌਰੀ ਘਟਨਾ ਨਿਭਾ ਸਕਦੀ ਹੈ। ਕਿਸਾਨ ਦੀ ਖ਼ੁਦਕੁਸ਼ੀ ਦੇ ਮਨੋਵਿਗਿਆਨਕ ਪਹਿਲੂਆਂ ਨੂੰ ਵੱਧ ਡੂੰਘਾਈ ਵਿਚ ਘੋਖਣਾ ਇਸ ਅਧਿਐਨ ਦੇ ਘੇਰੇ 'ਚ ਸ਼ਾਮਲ ਨਹੀਂ ਹੈ। ਫੇਰ ਵੀ, ਅਜਿਹਾ ਯਤਨ ਕੀਤੇ ਬਗ਼ੈਰ ਹੀ ਇਨ੍ਹਾਂ ਕਾਰਨਾਂ 'ਤੇ ਪੰਛੀ ਝਾਤ ਮਾਰਨ ਨਾਲ ਹੀ ਜ਼ਰੱਈ ਸੰਕਟ ਦੇ ਪਹਿਲੂ ਉੱਘੜਕੇ ਸਾਹਮਣੇ ਆ ਜਾਂਦੇ ਹਨ ਜੋ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਨਿੱਤ ਦੀ ਜ਼ਿੰਦਗੀ 'ਚ ਸਹਿਣੇ ਪੈਂਦੇ ਹਨ।

ਬਹੁਤੇ ਕਿਸਾਨਾਂ (95%) ਦੀ ਉਮਰ 60 ਸਾਲ ਤੋਂ ਘੱਟ ਸੀ। ਅਸਲ ਵਿਚ, ਪੰਜਾਂ ਵਿਚੋਂ ਤਿੰਨ ਤੋਂ ਵੱਧ (63%) ਦੀ ਉਮਰ 18 ਤੋਂ 40 ਸਾਲ ਸੀ ਅਤੇ 10 ਵਿਚੋਂ 3 (31.6%) ਦੀ ਉਮਰ 40 ਤੋਂ 60 ਸਾਲ ਸੀ। ਮਰਨ ਵਾਲਿਆਂ ਦੀ ਔਸਤ ਉਮਰ 38 ਸਾਲ ਸੀ, ਸਭ ਤੋਂ ਵੱਧ ਉਮਰ ਵਾਲਾ 71 ਸਾਲ ਦਾ ਸੀ ਅਤੇ ਸਭ ਤੋਂ ਛੋਟਾ ਸਿਰਫ਼ ਤੇਰਾਂ ਸਾਲ ਦਾ। ਮਰਨ ਵਾਲਿਆਂ ਵਿਚੋਂ ਤਿੰਨ ਨੇ ਜਦੋਂ ਖ਼ੁਦਕੁਸ਼ੀ ਕੀਤੀ ਓਦੋਂ ਉਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਸੀ ਅਤੇ ਬਾਕੀ ਚਾਰ 60 ਸਾਲ ਤੋਂ ਵੱਧ ਉਮਰ ਦੇ ਸਨ। (ਦੇਖੋ ਸਾਰਣੀ 1.3)

ਮਰਨ ਵਾਲਿਆਂ ਦੀ ਔਸਤ ਉਮਰ ਸਭ ਤੋਂ ਘੱਟ ਫ਼ਿਰੋਜ਼ਪੁਰ (30 ਸਾਲ) ਦੇ ਮਾਮਲੇ 'ਚ ਦੇਖੀ ਗਈ ਜਿੱਥੇ ਪੰਜ ਵਿਚੋਂ ਚਾਰ (80%) ਦੀ ਉਮਰ 18 ਤੋਂ 40 ਸਾਲ ਦਰਮਿਆਨ ਸੀ।

ਪੰਜਾਬ ਭਾਰੂ ਰੂਪ 'ਚ ਖੇਤੀਬਾੜੀ ਆਰਥਿਕਤਾ ਵਾਲਾ ਸੂਬਾ ਹੈ ਜਿੱਥੇ ਜੱਟ ਸਿੱਖ ਖੇਤੀਬਾੜੀ ਦ੍ਰਿਸ਼ 'ਤੇ ਭਾਰੂ ਹਨ। ਇਸ ਕਰਕੇ 136 ਪਰਿਵਾਰਾਂ ਦਾ ਸੈਂਪਲ

ਜ਼ਿਆਦਾਤਰ ਜੱਟ ਸਿੱਖਾਂ ਅਤੇ ਦਲਿਤਾਂ ਨੂੰ ਲੈ ਕੇ ਹੈ। ਹਿੰਦੂ ਅਤੇ ਬਾਕੀ ਦੇ ਹੋਰ ਸ਼੍ਰੇਣੀ ਵਿਚ ਆਉਂਦੇ ਹਨ। ਉਂਞ ਸਿੱਖਾਂ ਅਤੇ ਹਿੰਦੂਆਂ ਦਾ ਅਨੁਪਾਤ ਲਗਭਗ ਇਕੋ ਜਿਹਾ ਹੈ, ਜੋ ਮੋਟੇ ਤੌਰ ’ਤੇ ਪੇਂਡੂ-ਸ਼ਹਿਰੀ ਵੰਡ ਅਨੁਸਾਰ ਹੈ, ਜਿੱਥੇ ਹਿੰਦੂ ਜ਼ਿਆਦਾਤਰ ਸ਼ਹਿਰੀ ਇਲਾਕਿਆਂ ਵਿਚ ਵਸਦੇ ਹਨ। ਦਿਲਚਸਪ ਗੱਲ ਇਹ ਹੈ ਕਿ ਬੇਜ਼ਮੀਨੇਪਣ ਦਾ ਦਲਿਤ ਹੋਣ ਨਾਲ ਰਿਸ਼ਤਾ ਸੈਂਪਲ ਵਿਚ ਸ਼ੁਰੂ ਤੋਂ ਹੀ ਬਹੁਤ ਜ਼ਿਆਦਾ ਸਪਸ਼ਟ ਉੱਭਰ ਆਉਂਦਾ ਹੈ ਜਿਵੇਂ ਬਾਅਦ ’ਚ ਦਿਖਾਇਆ ਜਾਵੇਗਾ। ਕਾਂਡ ਦੇ ਅਖ਼ੀਰ ਵਿਚ ਦਿੱਤੀ ਸਾਰਣੀ 1.4 ਸਰਵੇਖਣ ’ਚ ਸ਼ਾਮਲ ਕੀਤੇ ਪਰਿਵਾਰਾਂ ਦੀ ਜਾਤਪਾਤੀ ਬਣਤਰ ਨੂੰ ਦਿਖਾਉਂਦੀ ਹੈ:

ਲਗਭਗ 70% ਮਰਨ ਵਾਲੇ ਜੱਟ ਭਾਈਚਾਰੇ ਵਿਚੋਂ ਸਨ। ਅਸਲ ਵਿਚ ਫ਼ਿਰੋਜ਼ਪੁਰ ’ਚ ਜਿਹੜੇ ਦਸ ਪਰਿਵਾਰ ਅਧਿਐਨ ’ਚ ਸ਼ਾਮਲ ਕੀਤੇ ਗਏ ਉਹ ਸਾਰੇ ਜੱਟ ਭਾਈਚਾਰੇ ਵਿਚੋਂ ਸਨ। ਇੱਥੋਂ ਤੱਕ ਕਿ ਮੁਕਤਸਰ, ਮਾਨਸਾ, ਸੰਗਰੂਰ ਅਤੇ ਬਰਨਾਲਾ ਵਿਚ ਵੀ, ਅਧਿਐਨ ’ਚ ਸ਼ਾਮਲ ਕੀਤੇ ਪਰਿਵਾਰਾਂ ਦਾ ਦੋ-ਤਿਹਾਈ ਜੱਟ ਭਾਈਚਾਰੇ ਵਿਚੋਂ ਸੀ। ਜਦਕਿ, ਖ਼ੁਦਕੁਸ਼ੀਆਂ ਤਾਂ ਦਲਿਤ ਪਰਿਵਾਰਾਂ ਵਿਚ ਵੀ ਹੋ ਰਹੀਆਂ ਹਨ, ਜੋ ਲਗਭਗ ਸਾਰੇ ਬੇਜ਼ਮੀਨਾ ਹਿੱਸਾ ਹਨ।

- ਸਮੁੱਚੇ ਰੂਪ ’ਚ ਮਰਨ ਵਾਲਿਆਂ ਵਿਚੋਂ 20 (14.7%) ਮਜ਼੍ਹਬੀ ਸਿੱਖਾਂ ਨਾਲ ਸਬੰਧਤ ਸਨ। ਇਹ ਮੁੱਖ ਤੌਰ ’ਤੇ ਮੁਕਤਸਰ ਅਤੇ ਮੋਗਾ ’ਚ ਦੇਖਣ ’ਚ ਆਇਆ ਜਿੱਥੇ ਮਰਨ ਵਾਲਿਆਂ ਦਾ ਤੀਜਾ ਹਿੱਸਾ ਮਜ਼੍ਹਬੀ ਸਿੱਖਾਂ ਨਾਲ ਸਬੰਧਤ ਸੀ।
- ਕੁਲ ਮਿਲਾਕੇ ਮਰਨ ਵਾਲਿਆਂ ਵਿਚੋਂ 10 (7.4%) ਰਾਮਦਾਸੀਆ ਭਾਈਚਾਰੇ ਨਾਲ ਸਬੰਧਤ ਸੀ ਅਤੇ ਇਨ੍ਹਾਂ ਦੀ ਬਹੁਗਿਣਤੀ ਬਠਿੰਡਾ ਤੋਂ ਸੀ, ਇਸ ਤੋਂ ਬਾਅਦ ਮੋਗਾ ਅਤੇ ਮਾਨਸਾ ਜ਼ਿਲ੍ਹੇ ਆਉਂਦੇ ਹਨ।

1.3.2 ਖ਼ੁਦਕੁਸ਼ੀਆਂ ਦੇ ਬਹੁਪੱਖੀ ਕਾਰਨ

ਵੱਡੇ ਕਾਰਨ ਇਹ ਸਾਹਮਣੇ ਆਉਂਦੇ ਹਨ: ਕਰਜ਼ਾਈਪਣ ਵਧਣਾ, ਬੈਂਕ ਵਾਲਿਆਂ ਅਤੇ ਆੜ੍ਹਤੀਆਂ ਵਲੋਂ ਕੀਤੀ ਜਾਂਦੀ ਖੱਜਲਖੁਆਰੀ, ਫ਼ਸਲ ਮਾਰੇ ਜਾਣਾ, ਅਤੇ ਸਮੱਸਿਆ ਦੇ ਪਾਏਦਾਰ ਹੱਲ ਦੀ ਅਣਹੋਂਦ ਕਾਰਨ ਨਿਰਾਸ਼ਤਾ। ਪਰਿਵਾਰਾਂ ਦਾ ਗੁਜ਼ਾਰਾ ਨਾ ਚਲਾ ਸਕਣ ਕਾਰਨ ਅਤੇ ਪਰਿਵਾਰ ਦੀ ਜ਼ਮੀਨ ਨਾ ਬਚਾ ਸਕਣ ਕਾਰਨ ਮਰਦ ਹਉਮੈਂ ਨੂੰ ਠੇਸ ਅਤੇ ਜ਼ਲਾਲਤ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਵੱਲ ਧੱਕ ਦਿੰਦੀ ਹੈ।

ਇਸ ਅਧਿਐਨ ਦੇ ਘੇਰੇ ’ਚ ਉਹ ਪਰਿਵਾਰ ਵੀ ਆਉਂਦੇ ਹਨ ਜਿਥੇ ਖ਼ੁਦਕੁਸ਼ੀਆਂ ਖੇਤ ਮਜ਼ਦੂਰ ਪਰਿਵਾਰਾਂ ’ਚ ਵੀ ਕੀਤੀਆਂ ਗਈਆਂ ਹਨ।[19] ਜ਼ਰੱਈ

---

19. ਮੈਂ ਕਿਸਾਨ ਯੂਨੀਅਨ ਨਾਲ ਸਬੰਧਤ ਸੰਪਰਕਾਂ ਦੇ ਬੋਲਾਂ ਤੋਂ ਖ਼ੁਦਕੁਸ਼ੀਆਂ ਦੀ ਪੈੜ ਨੱਪ ਰਹੀ ਸੀ। ਪਹਿਲਾ ਜ਼ਿਲ੍ਹਾ ਫ਼ਿਰੋਜ਼ਪੁਰ ਸੀ ਜਿੱਥੋਂ ਮੈਂ ਆਪਣਾ ਅਧਿਐਨ ਸ਼ੁਰੂ ਕੀਤਾ। ਇੱਥੋਂ ਚੱਲਣ ਸਮੇਂ ਮੈਨੂੰ ਬੇਜ਼ਮੀਨਿਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਘਟਨਾਵਾਂ ਦੀ ਚਰਚਾ ਸੁਣਨ ’ਚ ਆਈ। ਇੱਥੇ ਮੇਰੀ ਅਣਪਰਖੀ ਧਾਰਨਾ ਨੂੰ ਧੱਕਾ ਲੱਗਿਆ ਕਿ ਖ਼ੁਦਕੁਸ਼ੀਆਂ ਕਿਸਾਨ ਪਰਿਵਾਰਾਂ ਦੇ ਅੰਦਰ “ਹਉਮੈਂ ਨੂੰ ਸੱਟ ਪੈਣ” ਅਤੇ “ਰੁਤਬਾ ਘਟਣ” ਦੇ ਵਿਲੱਖਣ ਕਾਰਨ

ਪ੍ਰਬੰਧ ਦੀ ਟੁੱਟਭੱਜ ਦੇ ਅਮਲ ਕਾਰਨ ਇਸ ਹਿੱਸੇ ਨੂੰ ਸਿਰੇ ਦੀ ਘੋਰ ਬਦਹਾਲੀ ਹੰਢਾਉਣੀ ਪੈਂਦੀ ਹੈ, ਕਿਉਂਕਿ ਇਹ ਖੇਤੀਬਾੜੀ ਆਰਥਿਕਤਾ 'ਚ ਮਜ਼ਦੂਰੀ ਉੱਪਰ ਨਿਰਭਰ ਹੁੰਦਾ ਹੈ। ਇਹ ਹੁਣ ਜ਼ਿੰਦਗੀ ਦੀਆਂ ਸਭ ਤੋਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਆਮਦਨੀ ਦੀ ਥੁੜ ਦਾ ਹਮੇਸ਼ਾ ਲਈ ਸ਼ਿਕਾਰ ਹੋ ਚੁੱਕੇ ਹਨ ਕਿਉਂਕਿ ਅਕਸਰ ਹੀ ਪਰਿਵਾਰ ਨੂੰ ਕਾਰਨਾਂ ਦੇ ਸਮੂਹ ਨਾਲ ਨਜਿੱਠਣਾ ਪੈਂਦਾ ਹੈ, ਇਸ ਕਰਕੇ ਸਵਾਲਾਂ ਦਾ ਜਵਾਬ ਦੇਣ ਵਾਲੇ ਤੋਂ ਬਹੁ-ਪੱਖੀ ਕਾਰਨ ਜਾਨਣ ਦੀ ਵਾਹ ਲਾਈ ਗਈ ਜਿੰਨੇ ਕੁ ਉਸ ਨੂੰ ਚੇਤੇ ਸਨ ਜਾਂ ਜਿਨ੍ਹਾਂ ਬਾਰੇ ਉਸ ਨੂੰ ਜਾਣਕਾਰੀ ਸੀ। ਖ਼ੁਦਕੁਸ਼ੀ ਕਰਨ ਦਾ ਬਹਾਨਾ ਇਨ੍ਹਾਂ ਵਿਚੋਂ ਹੀ ਕੋਈ ਕਾਰਨ ਬਣਦਾ ਹੈ। ਇਹ ਕਾਰਨ ਸਾਰਣੀ 1.5 ਵਿਚ ਕਾਂਡ ਦੇ ਅੰਤ ਵਿਚ ਦਿੱਤੇ ਗਏ ਹਨ।

ਜੇ ਅਸੀਂ ਵੱਖੋ-ਵੱਖਰੇ ਕਾਰਨਾਂ ਨੂੰ ਇਕ ਥਾਂ ਰੱਖਕੇ ਦੇਖੀਏ, ਜਿਨ੍ਹਾਂ ਨੇ ਖ਼ੁਦਕੁਸ਼ੀ ਕਰਨ ਵਾਲੇ ਨੂੰ ਇਸ ਪਾਸੇ ਉਕਸਾਇਆ, ਫੇਰ ਕਰਜ਼ੇ ਦੇ ਦਬਾਅ ਨੂੰ ਵੱਡਾ ਕਾਰਨ ਮੰਨਿਆ ਜਾ ਸਕਦਾ ਹੈ। ਇਸ ਪਿੱਛੋਂ ਮਾਨਸਿਕ ਤਣਾਅ ਅਤੇ ਕਰਜ਼ਾ ਦੇਣ ਵਾਲੇ (ਆੜ੍ਹਤੀਆਂ ਜਾਂ ਬੈਂਕ ਦੇ ਅਧਿਕਾਰੀ) ਵਲੋਂ ਤੰਗ-ਪ੍ਰੇਸ਼ਾਨ ਕਰਨਾ ਹੋ ਸਕਦਾ ਹੈ। ਪੰਜਾਬ ਦੇ ਅੱਠ ਜ਼ਿਲ੍ਹਿਆਂ ਵਿਚ ਜਿਨ੍ਹਾਂ 136 ਵਿਅਕਤੀਆਂ ਨਾਲ ਗੱਲਬਾਤ ਕੀਤੀ ਗਈ ਉਨ੍ਹਾਂ ਵਿਚੋਂ 107 (78.7%) ਨੇ ਕਰਜ਼ੇ ਦੇ ਦਬਾਅ ਦਾ ਜ਼ਿਕਰ ਕੀਤਾ। ਮਾਨਸਿਕ ਤਣਾਅ ਖ਼ੁਦਕੁਸ਼ੀ ਦਾ ਦੂਜਾ ਮੁੱਖ ਕਾਰਨ ਬਣਦਾ ਸੀ ਜਿੱਥੇ 136 ਵਿਚੋਂ 92 (67.6%) ਨੇ ਖ਼ੁਦਕੁਸ਼ੀ ਦਾ ਸਬੰਧ ਹੋਰ ਕਾਰਨਾਂ ਤੋਂ ਇਲਾਵਾ ਇਸ ਨਾਲ ਦਰਸਾਇਆ। 66 ਪਰਿਵਾਰਾਂ (48.5%) ਨੇ ਕਰਜ਼ਾ ਦੇਣ ਵਾਲਿਆਂ ਵਲੋਂ ਤੰਗ-ਪ੍ਰੇਸ਼ਾਨ ਕਰਨ ਨੂੰ ਇਸ ਦਾ ਕਾਰਨ ਦੱਸਿਆ। ਅਧਿਐਨ 'ਚ ਸ਼ਾਮਲ ਕੀਤੇ ਗਏ ਜ਼ਿਆਦਾਤਰ ਜ਼ਿਲ੍ਹਿਆਂ ਵਿਚ, ਫ਼ਿਰੋਜ਼ਪੁਰ ਅਤੇ ਸੰਗਰੂਰ ਨੂੰ ਛੱਡਕੇ ਬਾਕੀ ਜ਼ਿਲ੍ਹਿਆਂ ਵਿਚ ਇਸ ਕਾਰਨ ਨੂੰ ਖ਼ੁਦਕੁਸ਼ੀ ਦਾ ਦੂਜਾ ਮੁੱਖ ਕਾਰਨ ਦੱਸਿਆ ਗਿਆ। ਫ਼ਿਰੋਜ਼ਪੁਰ ਵਿਚ ਗੱਲਬਾਤ 'ਚ ਸ਼ਾਮਲ ਦੋ ਵਿਅਕਤੀਆਂ ਨੇ ਕਰਜ਼ਾ ਦੇਣ ਵਾਲਿਆਂ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਨੂੰ ਖ਼ੁਦਕੁਸ਼ੀ ਦਾ ਕਾਰਨ ਦੱਸਿਆ। ਸੰਗਰੂਰ ਵਿਚ ਫ਼ਸਲ ਫੇਲ੍ਹ ਹੋਣ ਨੂੰ ਖ਼ੁਦਕੁਸ਼ੀ ਦਾ ਦੂਜਾ ਵੱਡਾ ਕਾਰਨ ਦੱਸਿਆ ਗਿਆ। ਗੱਲਬਾਤ 'ਚ ਸ਼ਾਮਲ 14% ਵਿਅਕਤੀਆਂ ਨੇ ਆੜ੍ਹਤੀਆਂ ਵਲੋਂ ਫ਼ਸਲਾਂ ਦੀ ਅਦਾਇਗੀ ਨਾ ਕਰਨ ਨਾਲ ਪੈਦਾ ਹੋਏ ਤਣਾਅ ਨੂੰ ਦੂਜਾ ਕਾਰਨ ਦੱਸਿਆ। ਇਹ ਮੁੱਖ ਤੌਰ 'ਤੇ ਬਠਿੰਡਾ ਅਤੇ ਬਰਨਾਲਾ ਜ਼ਿਲ੍ਹਿਆਂ ਵਿਚ ਦਰਸਾਇਆ ਗਿਆ। ਲਗਭਗ 17.6% ਵਿਅਕਤੀਆਂ ਨੇ ਫ਼ਸਲ ਫੇਲ੍ਹ ਹੋ ਜਾਣ ਨੂੰ ਵੀ ਖ਼ੁਦਕੁਸ਼ੀ ਦਾ ਮੁੱਖ ਕਾਰਨ ਦੱਸਿਆ। ਸੰਗਰੂਰ ਵਿਚ ਤੀਜੇ ਹਿੱਸੇ ਤੋਂ ਵੱਧ ਅਤੇ ਮੁਕਤਸਰ ਵਿਚ 40% ਪਰਿਵਾਰਾਂ ਵਲੋਂ ਇਹ ਰਿਪੋਰਟ ਕੀਤੀ ਗਈ। ਇਹ ਅਹਿਮ ਚੀਜ਼ ਹੈ ਕਿਉਂਕਿ ਇਹ ਇਸ਼ਾਰਾ ਕਰਦੀ ਹੈ ਕਿ 80% ਤੋਂ ਵੱਧ ਮਾਮਲਿਆਂ ਵਿਚ, ਖੇਤੀਬਾੜੀ ਆਮਦਨ ਦੇ ਮੁੱਖ ਵਸੀਲੇ ਨੂੰ ਸੱਟ ਨਹੀਂ ਪਈ, ਇਸਦਾ ਅਰਥ ਹੈ ਕਿ ਇਹ ਸਰਮਾਏਦਾਰਾ ਖੇਤੀ ਦੀਆਂ ਸ਼ਰਤਾਂ ਖ਼ੁਦ ਹਨ ਜੋ

ਹੁੰਦੀਆਂ ਹਨ। ਬਾਅਦ 'ਚ ਅਗਲੇ ਜ਼ਿਲ੍ਹੇ ਮਾਨਸਾ ਵਿਚ ਅਜਿਹੀਆਂ ਘਟਨਾਵਾਂ ਭਾਲ ਕਰਨ 'ਤੇ ਲੱਭ ਗਈਆਂ। ਬੇਜ਼ਮੀਨੇ ਪਰਿਵਾਰਾਂ ਨੂੰ ਅਧਿਐਨ 'ਚ ਸ਼ਾਮਲ ਕਰਨ ਦਾ ਕੰਮ ਵੀ ਬੇਜ਼ਮੀਨਿਆਂ ਅੰਦਰ ਕਿਸਾਨ ਯੂਨੀਅਨਾਂ ਦੇ ਕੰਮ 'ਤੇ ਨਿਰਭਰ ਸੀ।

ਉਨ੍ਹਾਂ ਦੇ ਖ਼ਿਲਾਫ਼ ਜਾਂਦੀਆਂ ਹਨ। ਜੇ ਸਾਰੇ ਕਾਰਨਾਂ ਨੂੰ ਜੋੜਕੇ ਦੇਖਿਆ ਜਾਵੇ ਤਾਂ ਫ਼ਿਰੋਜ਼ਪੁਰ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਮਾਮਲੇ 'ਚ ਤਾਂ ਇਹ ਮਾਨਸਿਕ ਤਣਾਅ ਸੀ ਜਿਸ ਨੂੰ ਸਭ ਤੋਂ ਅਹਿਮ ਕਾਰਨ ਮੰਨਿਆ ਜਾ ਸਕਦਾ ਸੀ, ਜਦਕਿ ਫ਼ਰੀਦਕੋਟ ਜ਼ਿਲ੍ਹੇ ਵਿਚ ਕਰਜ਼ਾ ਦੇਣ ਵਾਲਿਆਂ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਨੂੰ ਸਭ ਤੋਂ ਅਹਿਮ ਕਾਰਨ ਦੱਸਿਆ ਗਿਆ।

ਵਿਅੰਗ ਦੀ ਗੱਲ ਦੇਖੋ ਜਿਨ੍ਹਾਂ ਸੂਬਿਆਂ ਵਿਚ ਖ਼ੁਦਕੁਸ਼ੀਆਂ ਹੋ ਰਹੀਆਂ ਹਨ, ਉਨ੍ਹਾਂ ਸਾਰਿਆਂ ਵਾਂਗ ਪੰਜਾਬ 'ਚ ਵੀ ਹਰੇ ਇਨਕਲਾਬ ਦੀ ਸੌਗਾਤ—ਮਹਿੰਗੀਆਂ ਕੀੜੇਮਾਰ ਦਵਾਈਆਂ—ਕਿਸਾਨਾਂ ਦੀ ਹੀ ਜਾਨ ਲੈਣ ਵਾਲਾ ਫੰਦਾ ਸਾਬਤ ਹੋਈਆਂ ਹਨ। ਜ਼ਾਹਰਾ ਤੌਰ 'ਤੇ ਫ਼ਸਲ ਦਾ ਝਾੜ ਵਧਾਉਣ (ਝਾੜ ਵਧਾਉਣ ਲਈ ਨਹੀਂ, ਜ਼ਿਆਦਾਤਰ ਨੁਕਸਾਨ ਨੂੰ ਰੋਕਣ ਲਈ) ਦਾ ਇਹ ਸਾਧਨ ਬਦਹਾਲ ਕਿਸਾਨਾਂ ਲਈ ਆਪਣੀ ਜੀਵਨ ਲੀਲਾ ਖ਼ਤਮ ਕਰ ਲੈਣ ਦਾ ਸਭ ਤੋਂ ਸੁਖਾਲਾ ਢੰਗ ਬਣ ਗਿਆ ਹੈ। ਸਰਵੇਖਣ 'ਚ ਸ਼ਾਮਲ ਕੀਤੇ ਖ਼ੁਦਕੁਸ਼ੀ ਦੇ 70% ਤੋਂ ਵੱਧ ਮਾਮਲਿਆਂ 'ਚ ਮਰਨ ਵਾਲੇ ਨੇ ਮਰਨ ਲਈ ਕੀੜੇਮਾਰ ਦਵਾਈ ਵਰਤੀ, ਜੋ 'ਸਪਰੇਅ' ਵਜੋਂ ਮਸ਼ਹੂਰ ਹੈ। ਦੂਸਰੇ ਢੰਗਾਂ ਵਿਚ ਅੱਗ ਲਾ ਕੇ ਮਰ ਜਾਣਾ, ਡੁੱਬਣਾ, ਫਾਹਾ ਲੈਣਾ ਤੇ ਰੇਲ ਗੱਡੀ ਹੇਠ ਆ ਕੇ ਜਾਨ ਦੇ ਦੇਣਾ ਸ਼ਾਮਲ ਹਨ। ਹਰੇਕ ਵਰਗ ਦੀਆਂ ਖ਼ੁਦਕੁਸ਼ੀਆਂ ਬਹੁਤੀ ਵਾਰ ਵੱਡੀ ਮਾਤਰਾ 'ਚ ਸ਼ਰਾਬ ਪੀਕੇ ਅਤੇ/ਜਾਂ ਦਵਾਈਆਂ ਪੀ ਕੇ ਕੀਤੀਆਂ ਗਈਆਂ, ਹਾਲਾਂਕਿ ਮਾਤਰਾ ਨਿਰਧਾਰਤ ਨਹੀਂ ਹੋਈ। ਫੇਰ ਵੀ, "ਹੋਰ" ਸ਼੍ਰੇਣੀ ਵਾਲੀਆਂ ਅੱਧੀਆਂ ਮੌਤਾਂ ਨਸ਼ੀਲੀਆਂ ਦਵਾਈਆਂ ਵੱਧ ਮਾਤਰਾ 'ਚ ਲੈਣ ਦਾ ਨਤੀਜਾ ਹੈ, ਜੋ ਅਕਸਰ ਹੀ ਅੰਗਰੇਜ਼ੀ ਦਵਾਈਆਂ ਹੁੰਦੀਆਂ ਹਨ। ਬਾਕੀ ਦੀ ਅੱਧੀ ਗਿਣਤੀ ਉਨ੍ਹਾਂ ਕਿਸਾਨਾਂ ਦੀ ਹੈ ਜਿਨ੍ਹਾਂ ਨੇ ਪੂਰੀ ਤਰ੍ਹਾਂ ਗੁੰਮਸੁੰਮ ਹੋ ਕੇ ਮਰਜ਼ੀ ਨਾਲ ਮੌਤ ਨੂੰ ਗਲੇ ਲਗਾਇਆ। ਕੁਝ ਮਾਮਲਿਆਂ 'ਚ ਉਨ੍ਹਾਂ ਨੇ ਅੰਨ-ਪਾਣੀ ਖਾਣਾ ਵੀ ਛੱਡ ਦਿੱਤਾ ਸੀ।(ਦੇਖੋ ਸੈਕਸ਼ਨ 4.8) ਖ਼ੁਦਕੁਸ਼ੀ ਅਤੇ ਦਿਲ ਫੇਲ੍ਹ ਹੋਣ ਦਰਮਿਆਨ ਇਹ ਬਹੁਤ ਹੀ ਮਾਮੂਲੀ ਜਿਹਾ ਫ਼ਰਕ ਅੱਜ ਲੱਖਾਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਹਕੀਕਤ ਹੈ। ਇਸ ਤਰੀਕੇ ਨਾਲ, ਵੱਡੀ ਗਿਣਤੀ ਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ ਹੋਵੇਗਾ ਜੋ ਘੋਰ ਉਦਾਸੀ ਰੋਗ ਅਤੇ ਨੀਂਦ ਨਾ ਆਉਣ ਦੀ ਸਮੱਸਿਆ 'ਚੋਂ ਲੰਘ ਰਹੇ ਹਨ, ਜੋ ਖ਼ੁਦਕੁਸ਼ੀ ਦੇ ਵਿਚਾਰ ਨਾਲ ਜੂਝ ਰਹੇ ਹਨ; ਜਾਂ ਤਾਂ ਖਾਣ-ਪੀਣ ਛੱਡ ਚੁੱਕੇ ਹਨ ਜਾਂ ਜਿਨ੍ਹਾਂ ਨੇ ਚੁੱਪ ਧਾਰ ਲਈ ਹੈ।

ਸਾਰਣੀ 1.6 ਇਹ ਚਰਚਾ ਕਰੇਗੀ ਕਿ ਕਰਜ਼ੇ ਕਿਵੇਂ ਅਤੇ ਕਿਉਂ ਵਧਦੇ ਹਨ ਅਤੇ ਜੋ ਕੁਝ ਖੇਤੀਬਾੜੀ ਉੱਪਰ ਖ਼ਰਚ ਹੋ ਰਿਹਾ ਦਿਖਾਈ ਦਿੰਦਾ ਹੈ, ਉਹ ਅਸਲ ਵਿਚ ਪਰਿਵਾਰ ਦੀਆਂ ਛੋਟੀਆਂ-ਵੱਡੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਲਏ ਜਾਂਦੇ ਹਨ ਜਾਂ ਵਰਤ ਲਏ ਜਾਂਦੇ ਹਨ।

ਸਾਰਣੀ 1.6 ਦਿਖਾਉਂਦੀ ਹੈ ਕਿ ਜਿਨ੍ਹਾਂ ਦਸ ਕਿਸਾਨਾਂ ਨਾਲ ਸੰਪਰਕ ਕੀਤਾ ਗਿਆ ਉਨ੍ਹਾਂ ਵਿਚੋਂ 9 ਤੋਂ ਵੱਧ ਕਿਸਾਨਾਂ ਨੇ ਕਿਸ ਉਦੇਸ਼ ਲਈ ਕਰਜ਼ਾ ਲਿਆ ਸੀ।

ਇਨ੍ਹਾਂ ਸਾਰੇ ਹੀ ਨੀਮ-ਦਰਮਿਆਨੇ ਕਿਸਾਨ ਪਰਿਵਾਰਾਂ ਨੇ ਕਰਜ਼ਾ ਲਿਆ ਸੀ। ਇਨ੍ਹਾਂ ਤੋਂ ਬਾਅਦ ਥੁੜ ਜ਼ਮੀਨੇ ਅਤੇ ਛੋਟੇ ਕਿਸਾਨਾਂ (ਸੰਪਰਕ ਕੀਤੇ ਕਿਸਾਨਾਂ ਦਾ

ਲਗਭਗ 95%), ਬੇਜ਼ਮੀਨੇ ਕਿਸਾਨ (90%) ਅਤੇ ਦਰਮਿਆਨੇ ਕਿਸਾਨ (80%) ਆਉਂਦੇ ਹਨ। ਜਿਨ੍ਹਾਂ ਦੋ ਵੱਡੇ ਕਿਸਾਨ ਪਰਿਵਾਰਾਂ ਨਾਲ ਗੱਲਬਾਤ ਕੀਤੀ ਉਨ੍ਹਾਂ ਵਿਚੋਂ ਇਕ ਨੇ ਹੀ ਕਰਜ਼ਾ ਲਿਆ ਸੀ।

ਖੇਤੀਬਾੜੀ ਦੇ ਕੰਮ ਕਰਜ਼ੇ ਦਾ ਵੱਡਾ ਉਦੇਸ਼ ਦੱਸਿਆ ਗਿਆ, ਜਿਨ੍ਹਾਂ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ ਉਨ੍ਹਾਂ ਵਿਚੋਂ 31% ਨੇ ਇਹ ਦੱਸਿਆ ਅਤੇ ਸਾਰੀਆਂ ਸ਼੍ਰੇਣੀਆਂ 'ਚ ਇਹੀ ਇਕ ਭਾਰੂ ਉਦੇਸ਼ ਹੈ।

ਖੇਤੀਬਾੜੀ ਕਰਜ਼ਿਆਂ ਬਾਰੇ ਇਹੀ ਸਮਝਿਆ ਜਾਂਦਾ ਹੈ ਕਿ ਇਹ ਮਸ਼ੀਨਰੀ ਜਾਂ ਟਰੈਕਟਰ ਖ਼੍ਰੀਦਣ, ਬੀਜ ਅਤੇ ਰਸਾਇਣਕ ਖਾਦਾਂ ਖ਼੍ਰੀਦਣ ਜਾਂ ਫਿਰ ਡੂੰਘੇ ਟਿਊਬ ਵੈੱਲ ਪੰਪ ਲਾਉਣ ਲਈ ਹੁੰਦੇ ਹਨ। ਐਪਰ, ਇਹ ਵੀ ਸਮਝਿਆ ਜਾਂਦਾ ਹੈ ਕਿ ਇਹ ਕਰਜ਼ੇ ਮਜ਼ਦੂਰੀ ਦੇਣ ਅਤੇ ਜ਼ਮੀਨ ਠੇਕੇ ਉੱਤੇ ਲੈਣ ਜਾਂ ਟਰੈਕਟਰ ਅਤੇ ਹਾਰਵੈਸਟਰ ਕੰਬਾਈਨ ਵਰਗੇ ਖੇਤੀਬਾੜੀ ਸੰਦ ਕਿਰਾਏ ਉੱਤੇ ਲੈਣ ਲਈ ਵੀ ਹੁੰਦੇ ਹਨ। ਬੇਜ਼ਮੀਨਿਆਂ ਦਾ ਇਕ ਹਿੱਸਾ ਵੱਖ-ਵੱਖ ਤਰ੍ਹਾਂ ਦੀ ਰੋਜ਼ੀ ਵਾਸਤੇ ਵੀ ਗ਼ੈਰ-ਸੰਸਥਾਗਤ ਸੋਮਿਆਂ ਤੋਂ ਕਰਜ਼ੇ ਲੈਂਦਾ ਹੈ, ਇਨ੍ਹਾਂ ਨੂੰ ਵੀ ਇਸ ਸਰਵੇਖਣ ਵਿਚ ਖੇਤੀਬਾੜੀ ਕਰਜ਼ਿਆਂ ਵਜੋਂ ਹੀ ਮੰਨਿਆ ਗਿਆ ਹੈ।

ਘਰ ਬਣਾਉਣਾ (15.5%) ਅਤੇ ਪਰਿਵਾਰ 'ਚ ਵਿਆਹ-ਸ਼ਾਦੀ (13.7%) ਕਰਜ਼ੇ ਦੇ ਹੋਰ ਅਹਿਮ ਕਾਰਨ ਦੱਸੇ ਗਏ। 13% ਤੋਂ ਵੱਧ ਨੇ ਪਹਿਲੇ ਕਰਜ਼ੇ ਮੋੜਨ ਲਈ ਵੀ ਕਰਜ਼ਾ ਲਿਆ ਸੀ। ਇਕ ਵੱਡੇ ਕਿਸਾਨ ਪਰਿਵਾਰ ਦੇ ਮਾਮਲੇ ਨੂੰ ਛੱਡਕੇ, ਇਹ ਥੁੜ ਜ਼ਮੀਨੇ ਕਿਸਾਨਾਂ 'ਚ ਸਭ ਤੋਂ ਵੱਧ ਦੇਖਿਆ ਗਿਆ। ਉਪਰੋਕਤ ਵਿਸ਼ਲੇਸ਼ਣ ਇਹ ਵੀ ਦਿਖਾਉਂਦਾ ਹੈ ਕਿ ਪਰਿਵਾਰ 'ਚ ਵਿਆਹ ਲਈ ਕਰਜ਼ਾ ਲੈਣ ਦੀ ਮਜਬੂਰੀ ਕਿਸਾਨਾਂ ਦੀਆਂ ਸਾਰੀਆਂ ਹੀ ਸ਼੍ਰੇਣੀਆਂ ਨੇ ਦੱਸੀ, ਜਦਕਿ ਬੇਜ਼ਮੀਨੇ ਅਤੇ ਛੋਟੇ ਕਿਸਾਨਾਂ ਦੇ ਮਾਮਲੇ 'ਚ ਇਹ ਰੁਝਾਨ ਵਧੇਰੇ ਸੁਣਨ 'ਚ ਆਇਆ। ਲਗਭਗ 14 ਕਿਸਾਨਾਂ (6.4%) ਨੇ ਪਰਿਵਾਰ ਦੇ ਇਲਾਜ ਦੇ ਖ਼ਰਚ ਪੂਰੇ ਕਰਨ ਲਈ ਵੀ ਕਰਜ਼ਾ ਲਿਆ ਸੀ। ਬੇਜ਼ਮੀਨੇ ਅਤੇ ਥੁੜ ਜ਼ਮੀਨੇ ਕਿਸਾਨ ਪਰਿਵਾਰਾਂ ਵਲੋਂ ਇਹ ਗੱਲ ਵਧੇਰੇ ਆਈ।

ਇਹ ਹੋਰ ਵੀ ਸਪਸ਼ਟ ਹੋ ਗਿਆ ਕਿ ਘਰੇਲੂ ਉਦੇਸ਼ਾਂ ਲਈ ਕਰਜ਼ੇ ਲੈਣਾ ਬੇਜ਼ਮੀਨੇ ਪਰਿਵਾਰਾਂ 'ਚ ਚੋਖੇ ਤੌਰ 'ਤੇ ਵਧੇਰੇ ਸੀ। ਇਹ ਜ਼ਿਆਦਾਤਰ ਖਪਤ ਅਤੇ ਰੋਜ਼ਮਰਾ ਖ਼ਰਚਿਆਂ ਲਈ ਵਰਤਿਆ ਗਿਆ। ਇਸ ਤਰ੍ਹਾਂ ਬੇਜ਼ਮੀਨੇ ਹੋਣ ਦਾ ਜੋਖ਼ਮ ਵਾਲਾ ਸੁਭਾਅ ਪ੍ਰਤੱਖ ਹੈ, ਕਿਉਂਕਿ ਇਸ ਦੀ ਹੋਂਦ ਸਾਰਾ ਸਾਲ ਛੋਟੇ ਛੋਟੇ ਕਰਜਿਆਂ 'ਤੇ ਟਿਕੀ ਹੁੰਦੀ ਹੈ।

1.3.3 ਖ਼ੁਦਕੁਸ਼ੀ ਕਰਨ ਸਮੇਂ ਪਰਿਵਾਰ ਦੀ ਤਸਵੀਰ

ਖ਼ੁਦਕੁਸ਼ੀ ਤੋਂ ਬਾਅਦ ਦੇ ਸਮੇਂ ਔਰਤਾਂ ਨਾਲ ਮੁਲਾਕਾਤਾਂ ਕਰਨ ਸਮੇਂ ਸਹੀ ਸਹੀ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸਬੰਧਤ ਵਿਅਕਤੀ ਦੀ ਮੌਤ ਸਮੇਂ ਉਸ ਦੀ ਜ਼ਮੀਨ ਕਿੰਨੀ ਸੀ ਅਤੇ ਕਈ ਸਾਲ ਬਾਅਦ ਇਹ ਮੁਲਾਕਾਤ ਕਰਨ ਸਮੇਂ ਕਿੰਨੀ ਹੈ। ਇਸ ਦੋ ਤਰ੍ਹਾਂ ਦੀ ਜਾਣਕਾਰੀ ਦੀ ਤੁਲਨਾ ਅਗਾਂਹ ਉਸ ਤਰੀਕੇ ਨੂੰ ਦਿਖਾਉਣ ਲਈ ਕੀਤੀ ਗਈ ਹੈ ਜਿਸ ਰਾਹੀਂ ਕੁਲ ਸ਼੍ਰੇਣੀਆਂ 'ਚ ਬੇਜ਼ਮੀਨਾਪਣ

ਵਧਦਾ ਹੈ ਅਤੇ ਨਾਲ ਹੀ ਖ਼ੁਦਕੁਸ਼ੀ ਤੋਂ ਬਾਅਦ ਵੀ ਜਿਸ ਹੱਦ ਤੱਕ ਜ਼ਿਆਦਾਤਰ ਸ਼੍ਰੇਣੀਆਂ ਦੀ ਜ਼ਮੀਨ ਦਾ ਵਿਕਣਾ ਜਾਰੀ ਰਹਿੰਦਾ ਹੈ। ਇਸ ਤੋਂ ਇਹ ਚੇਤਾਵਨੀ ਦੇਣ ਵਾਲਾ ਤੱਥ ਸਾਹਮਣੇ ਆਉਂਦਾ ਹੈ ਕਿ ਖ਼ੁਦਕੁਸ਼ੀ ਤੋਂ ਬਾਅਦ ਹਰ ਪਰਿਵਾਰ ਵਿਚ ਜ਼ਮੀਨੀ ਜੋਤ ਅਤੇ ਹੋਰ ਖੇਤੀਬਾੜੀ ਜਾਇਦਾਦ ਨੂੰ ਖ਼ੋਰਾ ਜਾਰੀ ਰਹਿੰਦਾ ਹੈ। ਅਤੇ ਕਰਜ਼ਾ ਮੋੜਨ ਖ਼ਾਤਰ ਜ਼ਮੀਨ ਵੇਚਣ ਦਾ ਅਮਲ ਅਕਸਰ ਹੀ ਖ਼ੁਦਕੁਸ਼ੀ ਤੋਂ ਪਹਿਲਾਂ ਵੀ ਚਲਦਾ ਹੈ; ਬਹੁਤ ਸਾਰੇ ਮਾਮਲਿਆਂ 'ਚ ਕਰਜ਼ਾ ਮੋੜਨ ਖ਼ਾਤਰ ਜ਼ਮੀਨ ਦਾ ਕੁਝ ਹਿੱਸਾ ਵੇਚਣ ਤੋਂ ਬਾਅਦ ਕਿਸਾਨ ਵਲੋਂ ਖ਼ੁਦਕੁਸ਼ੀ ਕੀਤੀ ਗਈ।

ਜਿਨ੍ਹਾਂ ਨਾਲ ਗੱਲਬਾਤ ਕੀਤੀ ਗਈ ਉਨ੍ਹਾਂ ਵਿਚੋਂ ਅੱਧੇ ਤੋਂ ਵੱਧ (52.2%) ਆਪਣੇ ਪਰਿਵਾਰ ਦੇ ਮੈਂਬਰ ਵਲੋਂ ਖ਼ੁਦਕੁਸ਼ੀ ਕਰਨ ਸਮੇਂ, ਗ਼ਰੀਬ ਪਰਿਵਾਰ ਸਨ। ਜਾਂ ਤਾਂ ਉਹ ਬੇਜ਼ਮੀਨੇ ਸਨ ਜਾਂ ਉਨ੍ਹਾਂ ਕੋਲ ਢਾਈ ਏਕੜ ਤੋਂ ਘੱਟ ਜ਼ਮੀਨ ਸੀ। ਹੋਰ ਪੰਜਵਾਂ ਹਿੱਸਾ ਛੋਟੇ ਕਿਸਾਨਾਂ ਨਾਲ ਸਬੰਧਤ ਸੀ ਜਿਨ੍ਹਾਂ ਕੋਲ ਢਾਈ ਤੋਂ ਲੈ ਕੇ ਪੰਜ ਏਕੜ ਤੱਕ ਜ਼ਮੀਨ ਸੀ। ਇਸ ਤਰ੍ਹਾਂ ਅਧਿਐਨ 'ਚ ਸ਼ਾਮਲ ਕੀਤੇ ਗਏ 70% ਤੋਂ ਵੱਧ ਪਰਿਵਾਰ ਜਾਂ ਤਾਂ ਬੇਜ਼ਮੀਨੇ ਸਨ ਜਾਂ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਸਨ।[20] ਗ਼ੁਰਬਤ ਦੀ ਹਕੀਕਤ ਦੇ ਮੱਦੇ ਨਜ਼ਰ ਇਹ ਪਰਿਵਾਰ ਪੰਜਾਬ ਦੇ ਸਭ ਤੋਂ ਗ਼ਰੀਬ ਕਿਸਾਨ ਪਰਿਵਾਰਾਂ ਵਿਚੋਂ ਹਨ ਜਿਨ੍ਹਾਂ ਦਾ ਸਰਵੇਖਣ ਕੀਤਾ ਗਿਆ। ਇਸ ਤਰ੍ਹਾਂ, ਸਮੁੱਚੇ ਦੇਸ਼ ਦੇ ਪੇਂਡੂ ਪਰਿਵਾਰਾਂ ਵਿਚ, ਕਿਸਾਨ ਪਰਿਵਾਰਾਂ ਵਿਚ ਗ਼ਰੀਬੀ ਦਾ ਪੱਧਰ ਸਭ ਤੋਂ ਨੀਵਾਂ ਹੈ।

- ਸਰਵੇਖਣ 'ਚ ਸ਼ਾਮਲ ਕੀਤੇ ਗਏ ਪਰਿਵਾਰਾਂ ਵਿਚੋਂ 35 (25.7%) ਬੇਜ਼ਮੀਨੇ ਸਨ। ਜਦਕਿ, ਫ਼ਰੀਦਕੋਟ, ਮੋਗਾ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ ਇਹ ਵਧੇਰੇ ਦੇਖਣ 'ਚ ਆਇਆ ਜਿਥੇ ਇਨ੍ਹਾਂ 40% ਤੋਂ ਵੱਧ ਪਰਿਵਾਰਾਂ ਕੋਲ ਕੋਈ ਜ਼ਮੀਨ ਨਹੀਂ ਸੀ। ਇਸੇ ਤਰ੍ਹਾਂ ਮੁਕਤਸਰ ਜ਼ਿਲ੍ਹੇ 'ਚ ਵੀ ਤੀਜਾ ਹਿੱਸਾ ਪਰਿਵਾਰ ਖ਼ੁਦਕੁਸ਼ੀ ਸਮੇਂ ਬੇਜ਼ਮੀਨੇ ਸਨ।
- ਇਸੇ ਤਰ੍ਹਾਂ ਸਰਵੇਖਣ 'ਚ ਸ਼ਾਮਲ ਕੀਤੇ ਗਏ ਪਰਿਵਾਰਾਂ ਵਿਚੋਂ 36 (26.5%) ਥੁੜ ਜ਼ਮੀਨੇ ਕਿਸਾਨ ਸਨ ਜਿਨ੍ਹਾਂ ਕੋਲ ਖ਼ੁਦਕੁਸ਼ੀ ਸਮੇਂ ਢਾਈ ਏਕੜ ਤੋਂ ਘੱਟ ਜ਼ਮੀਨ ਸੀ। ਇਨ੍ਹਾਂ ਦਾ ਅਨੁਪਾਤ ਬਰਨਾਲਾ (43%), ਮਾਨਸਾ (40.5%) ਅਤੇ ਫ਼ਿਰੋਜ਼ਪੁਰ (30%) ਜ਼ਿਲ੍ਹਿਆਂ ਵਿਚ ਵਧੇਰੇ ਸੀ।

---

20. ਕੌਮੀ ਪੱਧਰ 'ਤੇ 77 ਫ਼ੀ ਸਦੀ ਕਿਸਾਨ ਪਰਿਵਾਰ ਅਜਿਹੇ ਹਨ ਜਿਨ੍ਹਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਹੈ। ਐੱਨ.ਐੱਸ.ਐੱਸ. ਦੇ 61ਵੇਂ ਗੇੜ ਤੋਂ ਇਹ ਦਿਖਾਈ ਦਿੰਦਾ ਹੈ ਕਿ 89 ਫ਼ੀ ਸਦੀ ਕਿਸਾਨ ਪਰਿਵਾਰ ਛੋਟੇ ਕਿਸਾਨਾਂ ਦੇ ਹਨ। ਐੱਨ.ਐੱਸ.ਐੱਸ. ਦੇ 55ਵੇਂ ਗੇੜ ਮੁਤਾਬਕ ਕਿਸਾਨ ਪਰਿਵਾਰਾਂ ਦਾ ਖਾਣ ਪੀਣ ਵਾਲੀਆਂ ਚੀਜ਼ਾਂ ਉੱਤੇ ਪ੍ਰਤੀ ਜੀਅ ਮਹੀਨਾ ਭਰ ਦਾ ਖ਼ਰਚ 278.74 ਰੁਪਏ ਸੀ ਜਦ ਕਿ ਸਾਰੇ ਪੇਂਡੂ ਪਰਿਵਾਰਾਂ ਵਿਚ ਇਹ ਖ਼ਰਚ 298.57 ਰੁਪਏ ਸੀ ਜਿਸ ਤੋਂ ਇਹ ਸਪਸ਼ਟ ਹੈ ਕਿ 10 ਏਕੜ ਤੋਂ ਘੱਟ ਮਾਲਕੀ ਵਾਲੇ ਪਰਿਵਾਰ ਭੁੱਖੇ ਰਹਿੰਦੇ ਸਨ ਅਤੇ ਘੱਟ ਪੌਸ਼ਟਿਕ ਤੱਤਾਂ ਵਾਲਾ ਖਾਣਾ ਖਾਂਦੇ ਸਨ। ਅਜਿਹੇ ਪਰਿਵਾਰਾਂ ਵਿਚ ਔਰਤਾਂ ਅਤੇ ਕੁੜੀਆਂ ਵਾਸਤੇ ਇਹ ਹੋਰ ਵੀ ਜ਼ਿਆਦਾ ਸੱਚ ਗਿਣਿਆ ਜਾਵੇਗਾ। ਮੈਤਰੇਈ ਕਰਿਸ਼ਨਾਰਾਜ ਅਤੇ ਅਰੁਨਾ ਕਾਂਚੀ, ਨੈਸ਼ਨਲ ਬੁੱਕ ਟਰੱਸਟ ਦਿੱਲੀ ਵਲੋਂ ਛਾਪੀ ਗਈ ਕਿਤਾਬ ਵਿਮੈਨ ਫਾਰਮਰਜ਼ ਇਨ ਇੰਡੀਆ, ਸਫ਼ੇ 8-9.

• ਸਰਵੇਖਣ 'ਚ ਸ਼ਾਮਲ ਕੀਤੇ ਗਏ ਪਰਿਵਾਰਾਂ ਵਿਚੋਂ 28 (20.6%) ਖ਼ੁਦਕੁਸ਼ੀ ਸਮੇਂ ਛੋਟੇ ਕਿਸਾਨਾਂ ਦੀ ਸ਼੍ਰੇਣੀ 'ਚ ਆਉਂਦੇ ਸਨ, ਉਨ੍ਹਾਂ ਕੋਲ ਢਾਈ ਤੋਂ ਪੰਜ ਏਕੜ ਦੇ ਵਿਚਕਾਰ ਜ਼ਮੀਨ ਸੀ। ਫ਼ਰੀਦਕੋਟ, ਬਰਨਾਲਾ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿਚ ਇਸ ਸ਼੍ਰੇਣੀ ਦਾ ਅਨੁਪਾਤ ਵਧੇਰੇ ਦੇਖਿਆ ਗਿਆ ਜੋ 27.3% ਅਤੇ 30% ਦੇ ਵਿਚ ਵਿਚ ਸੀ। ਜਦਕਿ ਮਾਨਸਾ 'ਚ ਜਿਹੜੇ ਪਰਿਵਾਰ ਲਏ ਗਏ, ਗਿਣਤੀ ਦੇ ਲਿਹਾਜ਼ ਨਾਲ 37 ਪਰਿਵਾਰਾਂ ਵਿਚੋਂ 8 (21.6%) ਥੁੜ ਜ਼ਮੀਨੇ ਕਿਸਾਨਾਂ ਦੇ ਸਨ।

• ਕੁਲਮਿਲਾਕੇ 25 (18.4%) ਖ਼ੁਦਕੁਸ਼ੀਆਂ ਨੀਮ-ਦਰਮਿਆਨੇ ਕਿਸਾਨਾਂ (ਪੰਜ ਤੋਂ ਦਸ ਏਕੜ ਜ਼ਮੀਨ ਵਾਲੇ) ਦੀ ਸ਼੍ਰੇਣੀ 'ਚ ਆਉਂਦੇ ਸਨ। ਸੰਗਰੂਰ ਜ਼ਿਲ੍ਹੇ ਵਿਚ ਇਨ੍ਹਾਂ ਦਾ ਅਨੁਪਾਤ ਸਭ ਤੋਂ ਵੱਧ 31.6% ਦੇਖਣ 'ਚ ਆਇਆ, ਇਸ ਤੋਂ ਬਾਅਦ ਬਰਨਾਲੇ ਦਾ ਸਥਾਨ (28.6%) ਸੀ। ਗਿਣਤੀ ਦੇ ਲਿਹਾਜ਼ ਨਾਲ, ਛੇ ਪਰਿਵਾਰ, ਹਰੇਕ ਸੰਗਰੂਰ, ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ, ਖ਼ੁਦਕੁਸ਼ੀ ਸਮੇਂ ਇਸੇ ਸ਼੍ਰੇਣੀ ਨਾਲ ਸਬੰਧਤ ਪਾਏ ਗਏ।

• ਦਰਮਿਆਨੇ ਕਿਸਾਨ ਪਰਿਵਾਰਾਂ (10 ਤੋਂ 25 ਏਕੜ ਜ਼ਮੀਨ ਵਾਲਿਆਂ) ਦਾ ਸਮੁੱਚਾ ਅਨੁਪਾਤ 7.4% ਸੀ। ਮੋਗਾ, ਬਰਨਾਲਾ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਅੰਦਰ ਇਸ ਸ਼੍ਰੇਣੀ ਦਾ ਕੋਈ ਵੀ ਪਰਿਵਾਰ ਖ਼ੁਦਕੁਸ਼ੀ ਕਰਨ ਵਾਲਾ ਨਹੀਂ ਮਿਲਿਆ।

• ਸੰਗਰੂਰ ਜ਼ਿਲ੍ਹੇ ਵਿਚ ਸਿਰਫ਼ ਦੋ ਪਰਿਵਾਰਾਂ ਕੋਲ ਖ਼ੁਦਕੁਸ਼ੀ ਸਮੇਂ 25 ਏਕੜ ਤੋਂ ਵੱਧ ਜ਼ਮੀਨ ਸੀ।

1.3.4 ਖ਼ੁਦਕੁਸ਼ੀ ਤੋਂ ਬਾਅਦ ਦਾ ਦ੍ਰਿਸ਼

ਜੇ ਖ਼ੁਦਕੁਸ਼ੀ ਤੋਂ ਬਾਅਦ ਜਾਂ ਸਰਵੇਖਣ ਸਮੇਂ ਉਨ੍ਹਾਂ ਹੀ ਪਰਿਵਾਰਾਂ ਦੀ ਜ਼ਮੀਨੀ ਜੋਤ ਦੀ ਹਾਲਤ ਦਾ ਮੁਕਾਬਲਾ ਕਰਕੇ ਦੇਖੀਏ ਤਾਂ ਬਹੁਤ ਹੀ ਪ੍ਰੇਸ਼ਾਨ ਕਰਨ ਵਾਲਾ ਦ੍ਰਿਸ਼ ਨਜ਼ਰੀਂ ਪੈਂਦਾ ਹੈ।

• ਸਾਰੀਆਂ ਸ਼੍ਰੇਣੀਆਂ 'ਚ ਜ਼ਮੀਨੀ ਜੋਤ ਦਾ ਅਕਾਰ ਘਟਿਆ ਹੈ।

• ਅਧਿਐਨ 'ਚ ਸ਼ਾਮਲ ਕੀਤੇ ਗਏ ਜ਼ਿਆਦਾਤਰ ਛੋਟੇ, ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਨੇ ਆਪਣੀ ਜ਼ਮੀਨ ਵੇਚੀ ਹੈ।

• ਸਾਰੀਆਂ ਸ਼੍ਰੇਣੀਆਂ 'ਚ ਬੇਜ਼ਮੀਨਾਪਣ ਵਧਿਆ ਹੈ, ਖ਼ਾਸ ਕਰਕੇ ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆਂ ਵਿਚ। (ਦੇਖੋ ਸਾਰਣੀ 1.7)

ਬੇਜ਼ਮੀਨੇਪਣ 'ਚ ਵਾਧਾ

ਅਧਿਐਨ 'ਚ ਜਿਹੜੇ ਪਰਿਵਾਰ ਸ਼ਾਮਲ ਕੀਤੇ ਗਏ, ਉਨ੍ਹਾਂ ਵਿਚ ਖ਼ੁਦਕੁਸ਼ੀ ਤੋਂ ਬਾਅਦ ਬੇਜ਼ਮੀਨੇ ਪਰਿਵਾਰਾਂ ਦੀ ਗਿਣਤੀ 'ਚ ਕੁਲਮਿਲਾਕੇ 63% ਵਾਧਾ ਹੋਇਆ। ਇਹ 35 ਤੋਂ 57 ਹੋ ਗਏ। ਕੁਲ ਸ਼ਾਮਲ ਪਰਿਵਾਰਾਂ ਵਿਚ ਬੇਜ਼ਮੀਨੇ ਪੀੜਤ ਪਰਿਵਾਰਾਂ ਦਾ ਅਨੁਪਾਤ ਖ਼ੁਦਕੁਸ਼ੀ ਤੋਂ ਪਹਿਲਾਂ 25.7% ਸੀ ਜੋ ਖ਼ੁਦਕੁਸ਼ੀ ਤੋਂ ਬਾਅਦ ਵਧਕੇ 42% ਹੋ ਗਿਆ। (ਦੇਖੋ ਸਾਰਣੀ 1.8)

ਸਾਰਣੀ 1.8 ਕੁਝ ਬਹੁਤ ਹੀ ਅਹਿਮ ਸਿੱਟੇ ਸਾਹਮਣੇ ਲਿਆਉਂਦੀ ਹੈ, ਜਿਨ੍ਹਾਂ ਦਾ ਮਹੱਤਵ ਸਿਰਫ਼ ਸਰਵੇਖਣ ਕੀਤੇ ਪਰਿਵਾਰਾਂ ਜਾਂ ਇਲਾਕਿਆਂ ਲਈ ਹੀ ਨਹੀਂ

ਸਗੋਂ ਇਨ੍ਹਾਂ ਤੋਂ ਬਾਹਰ ਤੱਕ ਹੈ। ਪਹਿਲਾ, ਇਸਨੇ ਖ਼ੁਦਕੁਸ਼ੀ ਤੋਂ ਬਾਅਦ ਬੇਜ਼ਮੀਨੇਪਣ 'ਚ ਤੇਜ਼ੀ ਨਾਲ ਵਾਧਾ ਹੋਣ ਨੂੰ ਦਰਸਾਇਆ। ਮੇਰੇ ਸੈਂਪਲ ਪਰਿਵਾਰਾਂ ਅੰਦਰ ਖ਼ੁਦਕੁਸ਼ੀ ਤੋਂ ਬਾਅਦ ਬੇਜ਼ਮੀਨਾਪਣ ਸਾਰੇ ਜ਼ਿਲ੍ਹਿਆਂ 'ਚ ਦੇਖਿਆ ਗਿਆ, ਇਹ ਇਸ ਦੇ ਫੈਲਾਅ ਅਤੇ ਤਿੱਖ ਦਾ ਸੂਚਕ ਹੈ। ਦੂਜਾ, ਇਸ ਨੇ ਕਿਸਾਨਾਂ ਦੀਆਂ ਸਾਰੀਆਂ ਸ਼੍ਰੇਣੀਆਂ 'ਚ ਜ਼ਮੀਨੀ ਜੋਤ ਘਟਣ ਨੂੰ ਦਰਸਾਇਆ। ਜਿਵੇਂ ਉੱਪਰ ਦੇਖਿਆ ਜਾ ਸਕਦਾ ਹੈ, ਥੁੜ ਜ਼ਮੀਨੇ ਕਿਸਾਨਾਂ ਦਾ ਇਕ ਗਿਣਨਯੋਗ ਹਿੱਸਾ ਬੇਜ਼ਮੀਨਿਆਂ 'ਚ ਸ਼ਾਮਲ ਹੋ ਗਿਆ। ਛੋਟੇ ਕਿਸਾਨਾਂ ਦੀ ਗਿਣਤੀ ਸੁੰਗੜਕੇ ਸਿਰਫ਼ ਅੱਠ ਰਹਿ ਗਈ ਸੀ ਇਨ੍ਹਾਂ ਵਿਚ ਕਈ ਥੁੜ ਜ਼ਮੀਨੇ ਕਿਸਾਨ ਬਣ ਚੁੱਕੇ ਸਨ। ਜੋ ਨੀਮ-ਦਰਮਿਆਨੇ ਕਿਸਾਨ ਸਨ ਉਨ੍ਹਾਂ ਵਿਚੋਂ ਜ਼ਿਆਦਾਤਰ ਛੋਟੇ, ਥੁੜ ਜ਼ਮੀਨੇ ਜਾਂ ਬੇਜ਼ਮੀਨੇ ਬਣ ਗਏ ਸਨ। ਬੁਨਿਆਦੀ ਤੌਰ 'ਤੇ, ਵੱਡੇ ਕਿਸਾਨਾਂ ਦੇ ਮੁਕਾਬਲੇ ਜਿਨ੍ਹਾਂ ਦਾ ਸੈਂਪਲ ਐਨਾ ਛੋਟਾ ਸੀ ਕਿ ਕੋਈ ਨਿਰਣਾ ਨਹੀਂ ਲਿਆ ਜਾ ਸਕਦਾ, ਹੋਰ ਸਾਰੀਆਂ ਸ਼੍ਰੇਣੀਆਂ ਦੇ ਕਿਸਾਨ ਪਰਿਵਾਰਾਂ ਦੀ ਗਿਣਨਯੋਗ ਗਿਣਤੀ ਨੇ ਜਾਂ ਤਾਂ ਪੂਰੀ ਜ਼ਮੀਨ ਵੇਚ ਦਿੱਤੀ ਜਾਂ ਆਪਣੀ ਕੁਲ ਜ਼ਮੀਨ ਦਾ ਕੁਝ ਹਿੱਸਾ ਵੇਚ ਦਿੱਤਾ। ਥੁੜ ਜ਼ਮੀਨੇ ਕਿਸਾਨਾਂ ਵਲੋਂ ਕਰਜ਼ਾ ਮੋੜਨ ਲਈ ਆਪਣੀ ਸਮੁੱਚੀ ਜ਼ਮੀਨ ਵੇਚਣ ਦੀ ਸੰਭਾਵਨਾ ਵੱਧ ਹੁੰਦੀ ਹੈ ਕਿਉਂਕਿ ਉਨ੍ਹਾਂ ਨੂੰ ਛੋਟੀ ਜ਼ਮੀਨੀ ਜੋਤ ਨਾਲ ਕੰਮ ਚਲਾਉਣਾ ਪੈਂਦਾ ਹੈ। ਸਰਵੇਖਣ 'ਚ ਸ਼ਾਮਲ ਕੀਤੇ ਗਏ 36 ਪਰਿਵਾਰਾਂ ਵਿਚੋਂ 22 (61%) ਨੇ ਆਪਣੀ ਸਾਰੀ ਜ਼ਮੀਨ ਵੇਚ ਦਿੱਤੀ ਸੀ। ਅਧਿਐਨ 'ਚ ਸ਼ਾਮਲ 25 ਨੀਮ-ਦਰਮਿਆਨੇ ਕਿਸਾਨ ਪਰਿਵਾਰਾਂ ਦੇ ਮਾਮਲੇ 'ਚ ਪਰਿਵਾਰ 'ਚ ਖ਼ੁਦਕੁਸ਼ੀ ਦੀ ਘਟਨਾ ਤੋਂ ਬਾਅਦ, 4 (16%) ਬੇਜ਼ਮੀਨੇ ਬਣ ਗਏ, 10 (40%) ਛੋਟੇ ਕਿਸਾਨ ਬਣ ਗਏ ਅਤੇ ਹੋਰ ਚਾਰ ਥੁੜ ਜ਼ਮੀਨੇ ਕਿਸਾਨ ਬਣ ਗਏ। ਇਸੇ ਤਰ੍ਹਾਂ, ਖ਼ੁਦਕੁਸ਼ੀ ਤੋਂ ਬਾਅਦ ਅਧਿਐਨ 'ਚ ਸ਼ਾਮਲ ਛੋਟੇ ਕਿਸਾਨ ਪਰਿਵਾਰਾਂ ਵਿਚੋਂ 4 (14.3%) ਬੇਜ਼ਮੀਨੇ ਬਣ ਗਏ ਅਤੇ 57% ਥੁੜ ਜ਼ਮੀਨੇ ਬਣ ਗਏ। ਜਦਕਿ ਦਰਮਿਆਨੇ ਕਿਸਾਨ ਪਰਿਵਾਰਾਂ ਉੱਪਰ ਇਹ ਅਸਰ ਘੱਟ ਤਿੱਖਾ ਸੀ। ਅਧਿਐਨ 'ਚ ਸ਼ਾਮਲ ਕੀਤੇ 10 ਪਰਿਵਾਰਾਂ ਵਿਚੋਂ ਖ਼ੁਦਕੁਸ਼ੀ ਤੋਂ ਬਾਅਦ 4 ਨੀਮ-ਦਰਮਿਆਨੇ ਬਣ ਗਏ ਅਤੇ ਇਕ ਹੋਰ ਥੁੜ ਜ਼ਮੀਨਾ ਕਿਸਾਨ ਬਣ ਗਿਆ।

ਇਸ ਦੀਆਂ ਵਿਆਪਕ ਅਰਥ-ਸੰਭਾਵਨਾਵਾਂ ਇਸ ਤੱਥ 'ਚ ਪਈਆਂ ਹਨ ਕਿ ਪਹਿਲੀ ਗੱਲ ਤਾਂ ਜਿਨ੍ਹਾਂ ਹਾਲਤਾਂ ਨੇ ਉਨ੍ਹਾਂ ਨੂੰ ਖ਼ੁਦਕੁਸ਼ੀ ਵੱਲ ਧੱਕਿਆ ਉਹ ਦੁਖੀ ਪਰਿਵਾਰ ਉੱਪਰ ਅੱਜ ਵੀ ਬੋਝ ਬਣੀਆਂ ਹੋਈਆਂ ਹਨ। ਦੂਜੀ, ਵੱਧ ਵਿਆਪਕ ਹੈ ਜੋ ਆਰਥਕ ਕੰਗਾਲੀ ਦੇ ਅਮਲ ਨੂੰ ਦਰਸਾਉਂਦੀ ਹੈ, ਜਿਸ ਨਾਲ ਕਿਸਾਨਾਂ ਦੀ ਇਕ ਗਿਣਨਯੋਗ ਗਿਣਤੀ ਅਤੇ ਅਨੁਪਾਤ ਹੌਲੀ ਹੌਲੀ ਅਤੇ ਬੇਰਹਿਮੀ ਨਾਲ ਬੇਜ਼ਮੀਨੇਪਣ 'ਚ ਧੱਕੇ ਜਾ ਰਹੇ ਹਨ, ਕਿਸਾਨੀ 'ਚੋਂ ਬਾਹਰ ਕੱਢੇ ਜਾ ਰਹੇ ਹਨ, ਇਹ ਵੀ ਸੰਭਵ ਹੈ ਕਿ ਖੇਤੀਬਾੜੀ 'ਚੋਂ ਹੀ ਬਾਹਰ ਕੀਤੇ ਜਾ ਰਹੇ ਹਨ। (ਦੇਖੋ ਸਾਰਣੀ 1.9)

ਅਧਿਐਨ 'ਚ ਸ਼ਾਮਲ ਕੀਤੇ ਗਏ 101 ਜ਼ਮੀਨ ਮਾਲਕ ਕਿਸਾਨ ਪਰਿਵਾਰਾਂ ਵਿਚੋਂ, 90% ਨੇ ਸਾਰੀ ਜਾਂ ਕੁਝ ਹਿੱਸਾ ਜ਼ਮੀਨ ਵੇਚ ਦਿੱਤੀ ਸੀ। ਮੁਕਤਸਰ, ਬਠਿੰਡਾ, ਮੋਗਾ ਅਤੇ ਬਰਨਾਲਾ ਜ਼ਿਲ੍ਹਿਆਂ ਵਿਚ, ਸਰਵੇਖਣ 'ਚ ਸ਼ਾਮਲ ਸਾਰੇ ਜ਼ਮੀਨ

ਮਾਲਕ ਪਰਿਵਾਰਾਂ ਨੇ ਜ਼ਮੀਨ ਵੇਚਣ ਦੀ ਰਿਪੋਰਟ ਕੀਤੀ।

ਅਧਿਐਨ 'ਚ ਸ਼ਾਮਲ ਕੀਤੇ 101 ਜ਼ਮੀਨ ਮਾਲਕ ਪਰਿਵਾਰਾਂ ਵਲੋਂ ਖ਼ੁਦਕੁਸ਼ੀ ਦੀ ਘਟਨਾ ਤੋਂ ਬਾਅਦ ਵੇਚੀ ਜ਼ਮੀਨ ਦੀ ਕੁਲ ਮਾਤਰਾ 228 ਏਕੜ ਸੀ। ਪਰਿਵਾਰ ਵਿਚ ਖ਼ੁਦਕੁਸ਼ੀ ਤੋਂ ਬਾਅਦ, ਪ੍ਰਤੀ ਪਰਿਵਾਰ ਔਸਤ 2.26 ਏਕੜ ਜ਼ਮੀਨ ਵੇਚੀ ਗਈ, ਇਨ੍ਹਾਂ ਵਿਚੋਂ ਵੱਧ ਤੋਂ ਵੱਧ ਮਾਤਰਾ 14 ਏਕੜ ਸੀ (ਜੋ ਜ਼ਿਲ੍ਹਾ ਬਠਿੰਡਾ 'ਚ ਸੀ)। 5.3 ਏਕੜ ਦੀ ਔਸਤ ਨੂੰ ਮੱਦੇਨਜ਼ਰ ਰੱਖਦਿਆਂ ਇਹ ਇਸ ਤੱਥ ਦਾ ਸੂਚਕ ਹੈ ਕਿ ਮੁਕਤਸਰ ਵਿਚ 5 ਏਕੜ ਤੋਂ ਵੱਧ ਜ਼ਮੀਨ ਵਾਲਿਆਂ ਨੂੰ ਵੀ ਖੇਤੀ ਟਿਕਾਊ ਨਹੀਂ ਲਗਦੀ, ਇਹ ਤੱਥ ਵੱਧ ਜ਼ਮੀਨੀ ਜੋਤ ਵਾਲਿਆਂ ਬਾਰੇ ਢੁੱਕਦਾ ਹੋ ਸਕਦਾ ਹੈ।

ਇਸ ਅਧਿਐਨ 'ਚ ਸ਼ਾਮਲ ਕੀਤੇ ਗਏ ਸਾਰੇ ਹੀ ਛੋਟੇ ਅਤੇ ਨੀਮ-ਦਰਮਿਆਨੇ ਕਿਸਾਨ ਪਰਿਵਾਰਾਂ ਨੇ ਆਪਣੇ ਪਰਿਵਾਰ 'ਚ ਖ਼ੁਦਕੁਸ਼ੀ ਹੋ ਜਾਣ ਤੋਂ ਬਾਅਦ ਜ਼ਮੀਨ ਵੇਚੀ ਸੀ, ਜਦਕਿ ਥੁੜ ਜ਼ਮੀਨੇ ਅਤੇ ਦਰਮਿਆਨੇ ਕਿਸਾਨਾਂ ਦੇ ਕ੍ਰਮਵਾਰ 86% ਅਤੇ 70% ਨੇ ਜ਼ਮੀਨ ਵੇਚ ਦਿੱਤੀ ਸੀ ਜਿਵੇਂ ਕਿ ਸਾਰਣੀ 1.10 ਤੋਂ ਸਪਸ਼ਟ ਹੈ। ਨੀਮ ਦਰਮਿਆਨੇ ਕਿਸਾਨ ਪਰਿਵਾਰਾਂ ਦੇ ਮਾਮਲੇ 'ਚ, ਔਸਤ 4.4 ਏਕੜ ਪ੍ਰਤੀ ਕਿਸਾਨ ਪਰਿਵਾਰ ਜ਼ਮੀਨ ਵੇਚਣ ਦੀ ਰਿਪੋਰਟ ਕੀਤੀ ਗਈ, ਇਸ ਤੋਂ ਅਗਲਾ ਨੰਬਰ ਦਰਮਿਆਨੇ ਕਿਸਾਨ ਪਰਿਵਾਰਾਂ ਦਾ ਸੀ ਜਿਨ੍ਹਾਂ ਨੇ ਪ੍ਰਤੀ ਕਿਸਾਨ ਪਰਿਵਾਰ ਔਸਤ 2.5 ਏਕੜ ਜ਼ਮੀਨ ਵੇਚੀ ਅਤੇ ਛੋਟੇ ਕਿਸਾਨ ਪਰਿਵਾਰਾਂ ਦੇ ਮਾਮਲੇ 'ਚ ਔਸਤ 2.3 ਏਕੜ ਪ੍ਰਤੀ ਕਿਸਾਨ ਪਰਿਵਾਰ ਜ਼ਮੀਨ ਵੇਚੀ ਗਈ ਸੀ। ਔਸਤ ਹੋਣ ਕਰਕੇ, ਇਹ ਅਮਲ ਦਰਸਾਉਂਦੇ ਹਨ ਕਿ ਇਨ੍ਹਾਂ ਸ਼੍ਰੇਣੀਆਂ ਦੇ ਕਿਸਾਨ ਆਪਣੀ ਜ਼ਮੀਨ ਦਾ ਗਿਣਨਯੋਗ ਹਿੱਸਾ ਵੇਚਣ ਲਈ ਮਜਬੂਰ ਹੋ ਰਹੇ ਹਨ—ਔਸਤ ਦੇ ਰੂਪ 'ਚ, ਜੋ ਹੁਣ ਥੁੜ ਜ਼ਮੀਨੇ ਕਿਸਾਨ ਹਨ ਉਹ ਆਪਣੀ ਜ਼ਮੀਨ ਦਾ ਚੌਥਾ ਹਿੱਸਾ, ਅਤੇ ਛੋਟੇ ਕਿਸਾਨ ਅਤੇ ਨੀਮ-ਦਰਮਿਆਨੇ ਕਿਸਾਨ 30% ਤੋਂ ਵੱਧ।

ਸਮੁੱਚੇ ਰੂਪ 'ਚ, ਅਧਿਐਨ 'ਚ ਸ਼ਾਮਲ ਕੀਤੇ ਨੀਮ-ਦਰਮਿਆਨੇ ਕਿਸਾਨ ਪਰਿਵਾਰਾਂ ਵਲੋਂ ਪਰਿਵਾਰਾਂ ਵਿਚ ਖ਼ੁਦਕੁਸ਼ੀ ਹੋਣ ਤੋਂ ਬਾਅਦ 100 ਏਕੜ ਤੋਂ ਵੱਧ ਜ਼ਮੀਨ ਵੇਚੀ ਗਈ ਸੀ, ਇਨ੍ਹਾਂ ਤੋਂ ਬਾਅਦ ਛੋਟੇ ਕਿਸਾਨ ਪਰਿਵਾਰਾਂ ਵਲੋਂ 63 ਏਕੜ ਤੋਂ ਵੱਧ ਜ਼ਮੀਨ ਵੇਚੀ ਗਈ। ਇਸ ਤਰੀਕੇ ਨਾਲ ਗ਼ੈਰਕਿਸਾਨੀਕਰਨ ਦਾ ਅਮਲ ਚੱਲੀ ਜਾ ਰਿਹਾ ਹੈ। ਕਿਸਾਨ ਦੀ ਮੌਤ ਤੋਂ ਬਾਅਦ ਵੀ ਜ਼ਮੀਨ ਵੇਚਣ ਦਾ ਸਿਲਸਿਲਾ ਜਾਰੀ ਹੈ। ਇਹ ਨਿਰਾ ਜ਼ਮੀਨ ਤੋਂ ਵਾਂਝਾ ਹੋਣ ਦੇ ਅਮਲ ਨੂੰ ਹੀ ਨਹੀਂ ਸਗੋਂ ਧਨੀ ਕਿਸਾਨਾਂ ਦੇ ਹੱਥਾਂ 'ਚ ਜ਼ਮੀਨ ਦੇ ਕੇਂਦਰਤ ਹੋਣ ਨੂੰ ਵੀ ਦਿਖਾਉਂਦਾ ਹੈ, ਜਿਹੜੇ ਕਿਸਾਨਾਂ ਨੂੰ ਖੇਤੀ ਟਿਕਾਊ ਨਹੀਂ ਲਗਦੀ ਉਹ ਆਪਣੀ ਜ਼ਮੀਨ ਵੱਡੇ ਕਿਸਾਨਾਂ ਨੂੰ ਵੇਚ ਰਹੇ ਹਨ ਜੋ ਟਿਕਾਊ ਹਾਲਤ 'ਚ ਹਨ। ਇਸ ਅਮਲ ਦਾ ਮੰਤਕੀ ਅੰਤ ਇਹ ਹੈ ਕਿ ਵੱਡੀ ਮਾਤਰਾ 'ਚ ਜ਼ਮੀਨ ਥੋੜ੍ਹੇ ਹੱਥਾਂ ਚ ਕੇਂਦਰਤ ਹੋ ਰਹੀ ਹੈ, ਜਦਕਿ ਵਿਸ਼ਾਲ ਬਹੁਗਿਣਤੀ ਜਾਂ ਤਾਂ ਮਸਾਂ ਗੁਜ਼ਾਰੇ ਜੋਗੀ ਖੇਤੀ ਕਰਦੀ ਰਹੇਗੀ—ਜੇ ਉਹ ਕਰ ਸਕੀ ਤਾਂ—ਜਾਂ ਹਮੇਸ਼ਾ ਲਈ ਖੇਤੀਬਾੜੀ ਤੋਂ ਬਾਹਰ ਹੋ ਜਾਵੇਗੀ। ਇਥੋਂ ਤੱਕ ਕਿ ਪੂਰੇ ਦੇਸ਼ ਅੰਦਰ, ਕੁਲ ਕਾਸ਼ਤਕਾਰੀ ਜੋਤਾਂ ਦੀ ਗਿਣਤੀ ਘਟੀ ਹੈ, 1992 ਅਤੇ 2003 ਦਰਮਿਆਨ ਇਹ 41 ਲੱਖ ਘਟ ਗਈ ਹੈ। ਇਨ੍ਹਾਂ ਚਾਲੀ ਲੱਖ ਪਰਿਵਾਰਾਂ

ਲਈ, ਖੇਤੀਬਾੜੀ ਲਾਹੇਵੰਦੀ ਨਹੀਂ ਹੈ। ਲਾਗਤ ਵਸਤਾਂ ਦੇ ਮੁੱਲ ਵਧਣ ਨਾਲ, ਥੋੜ੍ਹੀ ਜ਼ਮੀਨ ਵਾਲਿਆਂ ਲਈ ਖੇਤੀ ਕਰਦੇ ਰਹਿਣਾ ਬੇਹੱਦ ਮੁਸ਼ਕਲ ਹੋ ਗਿਆ ਹੈ: ਇਕ ਏਕੜ ਤੋਂ ਘੱਟ ਕਾਸ਼ਤਕਾਰੀ ਜੋਤਾਂ ਦੀ ਗਿਣਤੀ ਇਸ ਅਰਸੇ 'ਚ 47 ਲੱਖ ਘਟ ਗਈ ਹੈ।[21] ਬੇਮੇਲ ਉੱਚੀ ਗਿਣਤੀ ਥੁੜ ਜ਼ਮੀਨੇ ਅਤੇ ਛੋਟੀਆਂ ਜੋਤਾਂ ਦੇ ਮਾਲਕ ਦਲਿਤ, ਆਦਿਵਾਸੀ, ਪਿਛੜੇ ਵਰਗ ਦੇ ਹੇਠਲੇ ਹਿੱਸੇ ਅਤੇ ਹੋਰ ਘਾਟੇਵੰਦੀ ਹਾਲਤ 'ਚ ਦਿਨ ਕਟੀ ਕਰਨ ਵਾਲੇ ਹਿੱਸੇ ਹਨ।

ਗ਼ੈਰਕਿਸਾਨੀਕਰਨ ਦੇ ਅਮਲ ਦੀ ਸ਼ੁਰੂਆਤ ਪੰਜਾਬ ਵਿਚ 1990ਵਿਆਂ ਦੇ ਸ਼ੁਰੂ 'ਚ ਹੋਈ ਸੀ, 2000 ਤੋਂ ਲੈ ਕੇ ਉਸ 'ਚ ਬਹੁਤ ਜ਼ਿਆਦਾ ਵਾਧਾ ਹੀ ਹੋਇਆ ਹੈ। ਪੰਜਾਬ ਰਾਜ ਕਿਸਾਨ ਕਮਿਸ਼ਨ ਵਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਰਾਹੀਂ ਕਰਵਾਏ ਗਏ ਇਕ ਅਧਿਐਨ ਨੇ ਦਿਖਾਇਆ ਸੀ ਕਿ ਜਿਹੜੇ ਕਿਸਾਨ ਪਹਿਲਾਂ 10 ਏਕੜ ਦੀ ਖੇਤੀ ਕਰਦੇ ਸਨ, ਉਨ੍ਹਾਂ ਵਿਚੋਂ 22% ਮਜ਼ਦੂਰ ਮੰਡੀ 'ਚ ਧੱਕੇ ਗਏ, 23% ਨੇ ਘੱਟ ਤਨਖ਼ਾਹ ਵਾਲੀ ਨਿੱਜੀ/ਸਰਕਾਰੀ ਨੌਕਰੀ ਕਰ ਲਈ ਅਤੇ 27% ਨੇ ਕੋਈ ਥੋੜ੍ਹੀ ਮੁਹਾਰਤ ਵਾਲਾ ਆਪਣਾ ਕੰਮ ਸ਼ੁਰੂ ਕਰ ਲਿਆ। ਖੇਤੀਬਾੜੀ ਛੱਡਣ ਵਾਲੇ ਲਗਭਗ 23% ਸੰਤੁਸ਼ਟ ਨਹੀਂ ਸਨ। ਜਿਨ੍ਹਾਂ ਨੇ ਕਰਜ਼ਾ ਮੋੜਨ ਲਈ ਜ਼ਮੀਨ ਵੇਚੀ ਸੀ ਉਨ੍ਹਾਂ ਦੀ ਹਾਲਤ ਹੋਰ ਵੀ ਮਾੜੀ ਹੋ ਗਈ ਸੀ। ਲਗਭਗ 10% ਠੇਕੇ ਦੀ ਬਹੁਤ ਹੀ ਨਿਗੂਣੀ ਰਕਮ ਨਾਲ "ਮੰਦੇਹਾਲ ਜ਼ਮੀਨ ਮਾਲਕਾਂ" ਵਜੋਂ ਡੰਗ ਟਪਾ ਰਹੇ ਸਨ। ਜ਼ਮੀਨ ਵੇਚਣ ਵਾਲੇ ਵੱਧ ਛੋਟੇ ਕਿਸਾਨਾਂ ਦੀ ਫ਼ੀਸਦੀ 36 ਸੀ, ਇਸ ਦੇ ਮੁਕਾਬਲੇ ਸਿਰਫ਼ 8.7% ਵੱਡੇ ਕਿਸਾਨਾਂ ਨੇ ਜ਼ਮੀਨ ਵੇਚੀ। ਵੱਡੇ ਕਿਸਾਨਾਂ ਦੀ ਕਤੱਈ ਰੂਪ 'ਚ ਲਾਹੇਵੰਦੀ ਹੈਸੀਅਤ ਕਈ ਰੂਪਾਂ 'ਚ ਸਪਸ਼ਟ ਹੈ। ਖੇਤੀਬਾੜੀ ਛੱਡਣ ਵਾਲੇ 70% ਤੋਂ ਵੱਧ ਵੱਡੇ ਕਿਸਾਨ ਪੂਰੀ ਤਰ੍ਹਾਂ ਸੰਤੁਸ਼ਟ ਸਨ। ਜਦਕਿ ਛੋਟੇ ਤੇ ਥੁੜ ਜ਼ਮੀਨੇ ਕਿਸਾਨਾਂ ਵਿਚੋਂ ਸਿਰਫ਼ 26% ਸੰਤੁਸ਼ਟ ਸਨ ਅਤੇ 23% ਸੰਤੁਸ਼ਟ ਨਹੀਂ ਸਨ। ਲਗਭਗ 24% ਦੇ ਹਾਲੇ ਤੱਕ ਪੈਰ ਨਹੀਂ ਲੱਗੇ ਸਨ ਅਤੇ ਉਹ ਕਿਸੇ ਨਵੇਂ ਕਿੱਤੇ ਜਾਂ ਪੇਸ਼ੇ 'ਚ ਜਾਣਾ ਚਾਹੁੰਦੇ ਸਨ।[22] ਜਦੋਂ ਸਰਵੇਖਣ ਹਾਲੇ ਸ਼ੁਰੂ ਹੀ ਹੋ ਰਿਹਾ ਸੀ ਓਦੋਂ ਹੀ ਸਭ ਤੋਂ ਵੱਧ ਪ੍ਰਭਾਵਿਤ ਕੌਣ ਹੋਇਆ ਹੈ ਇਸ ਬਾਰੇ ਸਾਰੀਆਂ ਮਨੌਤਾਂ ਬਦਲਦੀਆਂ ਜਾਪਦੀਆਂ ਸਨ। ਖੇਤੀਬਾੜੀ ਉੱਪਰ ਨਿਰਭਰ—ਨਗਦ ਅਤੇ ਜਿਣਸ ਦੋਵੇਂ ਤਰ੍ਹਾਂ—ਬੇਜ਼ਮੀਨਿਆਂ ਦੀਆਂ ਜ਼ਿੰਦਗੀਆਂ ਨੂੰ ਦਸਤਾਵੇਜ਼ੀ ਰੂਪ ਦੇਣ ਦੀ ਲੋੜ ਹੈ ਜਿਵੇਂ ਮੌਜੂਦਾ ਅਧਿਐਨ 'ਚ ਕੀਤਾ ਗਿਆ ਹੈ। ਮਾਲਵਾ ਖੇਤਰ ਦੇ ਕਈ ਹਿੱਸਿਆਂ ਵਿਚ ਬੰਧੂਆ ਮਜ਼ਦੂਰੀ ਦੀ ਸਪਸ਼ਟ ਹੋਂਦ ਹੈ। ਇੱਥੋਂ ਤੱਕ ਕਿ ਜਿਨ੍ਹਾਂ ਪਰਿਵਾਰਾਂ ਨੂੰ ਮੈਂ ਮਿਲੀ, ਕਿਉਂਕਿ ਕਰਜ਼ੇ ਕਿਸਾਨਾਂ ਤੋਂ ਲਏ ਜਾਂਦੇ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਉੱਪਰ ਇਹ ਪਰਿਵਾਰ ਕੰਮ ਕਰਦੇ ਹਨ। ਖ਼ੁਦਕੁਸ਼ੀਆਂ ਇੱਥੇ ਵੀ ਹੋਈਆਂ ਹਨ।

---

21. ਜੇ. ਪੀ. ਸਿੰਘ, Changing Agrarian Relations in Rural India, Indian Journal of Agriculture Economics, January-March 2006, page 43.
22. Agrarian Crisis and Depeasantisation in Punjab: Status of small/ marginal farmers who left agriculture. Indian Journal of Agriculture and Economics; Vol. 4, Oct-Dec. 2009, Singh and et al. Pgs 601-603.

ਪੂਰੇ ਦੇਸ਼ 'ਚ ਸੰਕਟ ਐਨਾ ਵਿਆਪਕ ਹੈ ਕਿ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਅਤੇ ਕੋਈ ਅਧਿਐਨ ਇਸ ਨੂੰ ਸਮੁੱਚਤਾ 'ਚ ਆਪਣੀ ਪਕੜ 'ਚ ਵੀ ਨਹੀਂ ਲੈ ਸਕਦਾ। ਭਾਵ ਪੇਂਡੂ ਸਮਾਜ ਪ੍ਰਧਾਨ ਇਸ ਦੇਸ਼ ਵਿਚ 65 ਕਰੋੜ ਲੋਕ ਆਪਣੇ ਗੁਜ਼ਾਰੇ ਲਈ ਸਿਰਫ਼ ਖੇਤੀਬਾੜੀ ਉੱਪਰ ਨਿਰਭਰ ਹਨ; ਅਤੇ ਅਸੀਂ ਇਕ ਅਰਬ 20 ਕਰੋੜ ਇਸ ਉੱਪਰ ਖਾਣੇ ਲਈ ਨਿਰਭਰ ਹਾਂ। ਜ਼ਰੱਈ ਭਾਰਤ ਉੱਪਰ ਵਿਉਂਤਬਧ ਹਮਲਾ ਇਸ ਤੱਥ ਤੋਂ ਪਤਾ ਲਗਦਾ ਹੈ ਕਿ ਪੇਂਡੂ ਭਾਰਤ ਉੱਪਰ ਪ੍ਰਤੀ ਜੀਅ ਔਸਤ ਮਾਸਿਕ ਖ਼ਰਚ 2007 'ਚ ਵੀ ਸਿਰਫ਼ 503 ਰੁਪਏ ਹੈ ਜਿਸ 'ਤੇ ਵਿਸ਼ਵਾਸ ਹੀ ਨਹੀਂ ਆਉਂਦਾ। ਇਸ ਔਸਤ ਵਿਚ ਧਨੀ ਕਿਸਾਨ ਅਤੇ ਵੱਡੇ ਭੋਂਇ ਸਰਦਾਰ ਵੀ ਸ਼ਾਮਲ ਹਨ; ਦਹਿ ਲੱਖਾਂ ਪੇਂਡੂ ਜਨਤਾ ਆਪਣੇ ਗੁਜ਼ਾਰੇ ਲਈ ਇਸ ਮਾਸਿਕ ਔਸਤ ਤੋਂ ਕਿਤੇ ਥੋੜ੍ਹਾ ਖ਼ਰਚ ਕਰਦੀ ਹੈ।[23] ਖੁਸ਼ਹਾਲ ਧਰਤੀ, ਪੰਜਾਬ ਵੀ ਇਸ ਮਿਆਦੀ ਥੁੜ ਅਤੇ ਵਾਂਝੇਪਣ ਦੀ ਘੁੰਮਣਘੇਰੀ ਵਿਚ ਆ ਫਸਿਆ ਹੈ।

ਜਿਵੇਂ ਉਮੀਦ ਕੀਤੀ ਜਾਂਦੀ ਸੀ, ਕਿਸਾਨ ਯੂਨੀਅਨਾਂ ਦੇ ਸਾਥੀਆਂ ਅਤੇ ਮਿੱਤਰਾਂ ਨੂੰ ਮਿਲਣ ਸਮੇਂ ਬੰਦਾ ਮੱਲੋਮੱਲੀ ਇਸ ਬਹਿਸ 'ਚ ਪੈ ਜਾਂਦਾ ਸੀ ਕਿ ਕੀ ਅਸੀਂ ਪੰਜਾਬ ਨੂੰ ਅਰਧ-ਜਗੀਰੂ ਆਰਥਿਕਤਾ ਸਮਝਦੇ ਹਾਂ ਜਾਂ ਸਰਮਾਏਦਾਰਾ। ਅਕਸਰ ਹੀ ਗੱਠਜੋੜਾਂ ਅਤੇ ਰਣਨੀਤੀਆਂ ਨੂੰ ਤੈਅ ਕਰਦਿਆਂ, ਐਨੇ ਜ਼ੋਰਦਾਰ ਜਥੇਬੰਦਕ ਕੰਮ ਸਮੇਂ ਵੀ ਇਹ ਅਮੋੜ ਬਹਿਸ ਲਗਾਤਾਰ ਚਲਦੀ ਰਹਿੰਦੀ ਹੈ। ਬੇਸ਼ੱਕ, ਭਾਰਤ ਵਿਚ ਪੈਦਾਵਾਰ ਦੇ ਢੰਗ ਬਾਰੇ ਬਹਿਸ ਦੀ ਵਿਰਾਸਤ ਲੰਮੀ ਅਤੇ ਅਕਾਊ ਹੈ; ਪੰਜਾਬ ਦੇ ਮਾਮਲੇ 'ਚ ਖੇਤੀ ਦਾ ਜੋ ਆਧੁਨਿਕੀਕਰਨ 1960 ਦੇ ਅਖ਼ੀਰ 'ਚ ਸ਼ੁਰੂ ਹੋਇਆ ਸੀ, ਉਸ ਦਾ ਲਾਜ਼ਮੀ ਸਿੱਟਾ ਸੰਘਣੀ ਸਰਮਾਏਦਾਰਾ ਖੇਤੀ ਦੇ ਰੂਪ 'ਚ ਨਿਕਲਿਆ ਸੀ। ਪਰ ਇਕ ਰਵਾਇਤੀ ਸਮਾਜ ਦੇ ਇਕ ਵਧ-ਫੁੱਲ ਰਹੀ ਪੂੰਜੀ ਆਰਥਿਕਤਾ ਨਾਲ ਟਕਰਾਅ ਦਾ ਖ਼ੌਫ਼ ਕਿਸਾਨ ਲਹਿਰਾਂ ਦੇ ਸਾਰੇ ਹਿੱਸਿਆਂ ਨੂੰ ਸਪਸ਼ਟ ਹੈ। ਅਜਿਹੇ ਪ੍ਰਸੰਗ 'ਚ, ਇਹ ਬਹਿਸ ਨਾ ਤਾਂ ਸਧਾਰਨ ਲੋਕਾਂ ਅਤੇ ਉਨ੍ਹਾਂ ਦੇ ਰੋਜ਼ਮਰਾ ਸਰੋਕਾਰਾਂ ਨੂੰ ਪਕੜਨ 'ਚ ਕਾਮਯਾਬ ਹੁੰਦੀ ਹੈ ਨਾ ਉਨ੍ਹਾਂ ਅਸਧਾਰਨ ਢੰਗਾਂ ਨੂੰ ਜਿਨ੍ਹਾਂ ਰਾਹੀਂ ਮਿਹਨਤਕਸ਼ ਜਮਾਤ ਦੀਆਂ ਆਪਣੀ ਮੁਕਤੀ ਦੀਆਂ ਅਣਥੱਕ ਕੋਸ਼ਿਸ਼ਾਂ ਨੂੰ ਪਛਾੜ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਪੰਜਾਬ ਵਿਚ ਖੁਸ਼ਹਾਲੀ ਦੇ ਹੋ-ਹੱਲੇ ਦਾ ਇਸ ਦੇਸ਼ 'ਚ ਪੋਲ ਚੋਖਾ ਖੁੱਲ੍ਹ ਜਾਣ ਤੋਂ ਪਹਿਲਾਂ ਹੀ, ਸੂਬੇ ਵਿਚ ਖੇਤੀਬਾੜੀ ਪੈਦਾਵਾਰ ਵਿਚੋਂ ਹਜ਼ਾਰਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹਿਜਰਤ ਦੀ ਪੁਸ਼ਟੀ ਹੋ ਚੁੱਕੀ ਹੈ। ਵਸੀਲਿਆਂ ਦੀ ਅੰਨ੍ਹੇਵਾਹ ਲੁੱਟਮਾਰ, ਮਿਹਨਤ ਦੀ ਲੁੱਟ ਅਤੇ ਦੁਨੀਆਂ ਦੀਆਂ ਮੰਡੀਆਂ ਉੱਪਰ ਕਬਜ਼ੇ ਅੱਜ ਸਰਮਾਏ ਦੇ ਜਮ੍ਹਾਂ ਹੋਣ ਦੇ ਅਮਲ ਦੀ ਬੇਮਿਸਾਲ ਵਿਸ਼ੇਸ਼ਤਾ ਹਨ। ਜਦਕਿ ਲਗਦਾ ਹੈ ਕਿ ਸਰਮਾਏਦਾਰੀ ਦਾ ਮੌਜੂਦਾ ਰੂਪ ਐਸੇ ਨਕਸ਼ਾਂ ਨੂੰ ਉਘਾੜਕੇ ਸਾਹਮਣੇ ਲਿਆ ਰਿਹਾ ਹੈ ਜਿਸ ਦੀ

23. ਇਨ੍ਹਾਂ 503 ਰੁਪਿਆਂ ਵਿਚੋਂ 60% ਖਾਣੇ ਉੱਪਰ ਅਤੇ 18% ਬਾਲਣ, ਕੱਪੜੇ ਲੀੜੇ ਅਤੇ ਜੁੱਤੀਆਂ ਉੱਪਰ ਖ਼ਰਚਿਆ ਜਾਂਦਾ ਹੈ। 34 ਰੁਪਏ ਸਿਹਤ ਉੱਪਰ ਅਤੇ 17 ਰੁਪਏ ਸਿਖਿਆ ਉੱਪਰ ਖ਼ਰਚੇ ਜਾਂਦੇ ਹਨ ਪਰ ਇਸ ਆਖ਼ਰੀ ਖ਼ਰਚ ਵਿਚ ਇਕ ਵਾਰ ਫੇਰ ਉਹ ਲੋਕ ਸ਼ਾਮਲ ਹਨ ਜੋ ਵਧੇਰੇ ਖ਼ਰਚ ਕਰਦੇ ਹਨ। ਪੀ ਸਾਈਨਾਥ, 'The Decade of Our Discountent', ਦੀ ਹਿੰਦੂ, 9 ਅਗਸਤ 2007.

ਪੈਦਾਵਾਰ ਅਤੇ ਸਮਾਜਿਕ ਮੁੜ ਪੈਦਾਵਾਰ ਬਾਰੇ ਔਰਤਾਂ ਦੀ ਭੂਮਿਕਾ ਸਬੰਧੀ ਮਾਰਕਸਵਾਦੀ ਨਾਰੀਵਾਦੀ ਸਮਝ ਲਈ ਗਿਣਨਯੋਗ ਪ੍ਰਸੰਗਿਕਤਾ ਹੈ। ਸਰਮਾਏਦਾਰੀ ਦੀ ਹੁਣ ਆਪਣੀ ਕਿਰਤ ਸ਼ਕਤੀ ਦੇ ਇਕ ਹਿੱਸੇ ਦੀ ਅਗਾਂਹ ਉਤਪਤੀ ਬਾਰੇ ਰੁਚੀ ਨਹੀਂ ਜਾਪਦੀ ਕਿਉਂਕਿ ਇਹ ਕਿਸਾਨੀ ਅਤੇ ਮਜ਼ਦੂਰ ਜਮਾਤ ਦੇ ਸਮੁੱਚੇ ਭਾਈਚਾਰਿਆਂ ਨੂੰ ਖ਼ਤਮ ਕਰ ਰਹੀ ਹੈ। ਇਕ ਰਵਾਇਤੀ ਜਗੀਰੂ ਢਾਂਚੇ ਅੰਦਰ ਆਧੁਨਿਕ ਆਰਥਿਕਤਾ ਦੇ ਉਭਰਨ ਦੇ ਕਿਸਾਨੀ ਦੇ ਸਾਰੇ ਹਿੱਸਿਆਂ ਉੱਤੇ ਅਕਹਿ ਅਸਰ ਪਏ ਹਨ। ਜ਼ਰੱਈ ਸੰਕਟ ਦੇ ਪ੍ਰਸੰਗ 'ਚ ਦਲਿਤਾਂ ਅਤੇ ਬੇਜ਼ਮੀਨੇ ਖੇਤ ਮਜ਼ਦੂਰਾਂ, ਥੁੜ ਜ਼ਮੀਨੇ ਕਿਸਾਨਾਂ, ਔਰਤਾਂ, ਨੌਜਵਾਨਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਹਾਲਤ ਨੂੰ ਡੂੰਘੇ ਰੂਪ 'ਚ ਘੋਖਣ ਦੀ ਲੋੜ ਹੈ; ਇਹ ਇਕ ਦੂਜੇ 'ਚ ਮਿਲੇ-ਜੁਲੇ ਵਰਗ ਕਿਸਾਨੀ ਦਾ ਓਨਾ ਹੀ ਹਿੱਸਾ ਹਨ ਜਿੰਨਾ ਉਹ ਕਿਸਾਨ ਜੋ ਵਾਹੀ ਕਰਦਾ ਹੈ ਜਾਂ ਫ਼ਸਲ ਮੰਡੀ 'ਚ ਲੈ ਕੇ ਜਾਂਦਾ ਹੈ ਜਾਂ ਬੈਂਕਾਂ ਜਾਂ ਨਿੱਜੀ ਸ਼ਾਹੂਕਾਰਾਂ ਦੇ ਕਰਜ਼ੇ ਦੇ ਪ੍ਰਨੋਟਾਂ ਉੱਪਰ ਲਾਏ ਨਿਸ਼ਾਨਾਂ ਉੱਪਰ ਦਸਤਖ਼ਤ ਕਰਦਾ ਜਾਂ ਅੰਗੂਠਾ ਲਾਉਂਦਾ ਹੈ। ਅਗਲੇ ਕੁਝ ਕਾਂਡ ਔਰਤਾਂ ਅਤੇ ਪਰਿਵਾਰਾਂ ਦੀਆਂ ਗਵਾਹੀਆਂ, ਕੁਝ ਹੋਰ ਅੰਕੜਿਆਂ ਅਤੇ ਕੁਝ ਟਿੱਪਣੀਆਂ ਦੀ ਮਦਦ ਨਾਲ ਉਨ੍ਹਾਂ ਉੱਪਰ ਜ਼ਰੱਈ ਬਦਹਾਲੀ ਦੇ ਅਸਰਾਂ ਨੂੰ ਬਿਆਨ ਕਰਨਗੇ।

ਇਸ ਤੋਂ ਪਹਿਲਾਂ ਕਿ ਅਸੀਂ ਅਗਾਂਹ ਦੀ ਗੱਲ ਕਰੀਏ ਆਓ ਉਨ੍ਹਾਂ 136 ਔਰਤਾਂ ਬਾਰੇ ਜਾਣ ਲਈਏ ਕਿ ਉਹ ਕੌਣ ਅਤੇ ਕੀ ਹਨ। (ਦੇਖੋ ਸਾਰਣੀ 1.11) ਅਤੇ ਫਿਰ ਦੇਖੀਏ ਕਿ ਕਿਵੇਂ ਇਹ ਔਰਤਾਂ, ਜੋ ਕਿ ਉਸੇ ਕਿਸਾਨੀ ਦਾ ਹਿੱਸਾ ਹਨ ਜਿਸ ਕਿਸਾਨੀ ਦੀ ਚਰਚਾ ਪਹਿਲੇ ਕਾਂਡ ਵਿਚ ਕੀਤੀ ਗਈ ਹੈ, ਅਲੱਗ ਅਲੱਗ ਤਰ੍ਹਾਂ ਦੀ ਕਿਰਤ ਵਿਚ ਜੁਟੀਆਂ ਹੋਈਆਂ ਹਨ।

ਸਾਰਣੀ 1.1 ਜ਼ਮੀਨੀ ਜੋਤਾਂ ਦੀ ਵੰਨਗੀ ਅਨੁਸਾਰ ਕਿਸਾਨ ਖ਼ੁਦਕੁਸ਼ੀਆਂ ਦੀ ਝਲਕ, 2000 ਤੋਂ 2006

ਅਕਾਰ (ਏਕੜਾਂ 'ਚ)	ਭੰਗੂ (2006)		ਜਮਹੂਰੀ ਅਧਿਕਾਰ ਸਭਾ ਪੰ. (2000)		ਆਇਰ ਅਤੇ ਮਾਣਿਕ (2000)	
	ਮਾਮਲਿਆਂ ਦੀ ਗਿਣਤੀ	ਫ਼ੀ ਸਦੀ	ਮਾਮਲਿਆਂ ਦੀ ਗਿਣਤੀ	ਫ਼ੀ ਸਦੀ	ਮਾਮਲਿਆਂ ਦੀ ਗਿਣਤੀ	ਫ਼ੀ ਸਦੀ
ਬੇਜ਼ਮੀਨੇ	6	12	12	15.2	25	31.25
ਸੀਮਾਂਤ ਕਿਸਾਨ (0–2.5)	9	18	30	38.0	26	32.50
ਛੋਟੇ ਕਿਸਾਨ (2.5–5)	11	22	14	17.6	17	21.25
ਨੀਮ ਦਰਮਿਆਨੇ (5–10)	17	34	15	19.0	10	12.5
ਦਰਮਿਆਨੇ (10–25)	6	12	6	7.7	2	2.5
ਵੱਡੇ ਕਿਸਾਨ (25 ਤੋਂ ਵੱਧ)	1	2	2	2.5	–	–
ਕੁੱਲ	501	100	79	100	80	100

ਸਾਰਣੀ 1.2 ਜ਼ਿਲ੍ਹਾ ਬਠਿੰਡਾ ਅਤੇ ਸੰਗਰੂਰ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਲੋਂ ਖ਼ੁਦਕੁਸ਼ੀਆਂ

ਖ਼ੁਦਕੁਸ਼ੀ ਦਾ ਕਾਰਨ	ਕਿਸਾਨ		ਖੇਤ ਮਜ਼ਦੂਰ	
	ਗਿਣਤੀ	ਔਸਤ ਕਰਜਾ (ਰੁਪਇਆਂ ਵਿਚ)	ਗਿਣਤੀ	ਔਸਤ ਕਰਜਾ (ਰੁਪਇਆਂ ਵਿਚ)
ਜ਼ਿਲ੍ਹਾ ਬਠਿੰਡਾ				
ਕਰਜਾ	550	2,94,907	277	47,347
ਹੋਰ	223	85,825	206	5,468
ਕੁਲ	773	-	483	-
ਜ਼ਿਲ੍ਹਾ ਸੰਗਰੂਰ				
ਔਸਤ ਕਰਜਾ	738	3,36,220	394	70,036
ਹੋਰ	246	79,335	256	9,598
ਕੁਲ	984	-	650	-
ਕੁਲ ਜੋੜ	1,757	-	1133	-

ਸੋਮਾ: ਪੰਜਾਬ ਸੂਬੇ 'ਚ ਕਰਜ਼ਾਈ ਹੋਣ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ (ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਪਾਈਲਟ ਸਰਵੇਖਣ), ਭਾਰਤ ਸਰਕਾਰ ਨੂੰ ਭੇਜੀ ਰਿਪੋਰਟ, ਅਰਥਸ਼ਾਸਤਰ ਅਤੇ ਸਮਾਜ ਵਿਗਿਆਨ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਅਪ੍ਰੈਲ 2009.

ਸਾਰਣੀ 1.3 : ਮਰਨ ਵਾਲਿਆਂ ਦੀ ਤਸਵੀਰ

ਖ਼ਾਸੀਅਤਾਂ	ਗਿਣਤੀ 136	ਫ਼ੀ ਸਦੀ
ਉਮਰ ਸ਼੍ਰੇਣੀ		
18 ਸਾਲ ਤੱਕ	3	2.2
18 ਸਾਲ ਤੋਂ 40 ਸਾਲ	86	63.2
40 ਸਾਲ ਤੋਂ 60 ਸਾਲ	43	31.6
60 ਸਾਲ ਤੋਂ ਵੱਧ	4	2.9
ਔਸਤ ਉਮਰ	*38 ਸਾਲ*	
ਜਾਤ		
ਜੱਟ	95	69.9
ਮਜ਼੍ਹਬੀ	20	14.7
ਰਾਮਦਾਸੀਏ	10	7.4
ਰਵਿਦਾਸੀਏ	2	1.5
ਬੈਰਾਗੀ	2	1.5
ਹੋਰ	7	5.1
ਜ਼ਮੀਨੀ ਜੋਤ		
ਬੇਜ਼ਮੀਨੇ	35	25.7
ਸੀਮਾਂਤ ਕਿਸਾਨ (2.5 ਏਕੜ ਤੋਂ ਘੱਟ)	36	26.5
ਛੋਟੇ ਕਿਸਾਨ (2.5 ਤੋਂ 5 ਏਕੜ)	28	20.6
ਨੀਮ ਦਰਮਿਆਨੇ ਕਿਸਾਨ (5 ਤੋਂ 10 ਏਕੜ)	25	18.4
ਦਰਮਿਆਨੇ ਕਿਸਾਨ (10 ਤੋਂ 25 ਏਕੜ)	10	7.4
ਵੱਡੇ ਕਿਸਾਨ (25 ਏਕੜ ਤੋਂ ਵੱਧ)	2	1.5

ਸਾਰਣੀ 1.4 ਮਰਨ ਵਾਲਿਆਂ ਦਾ ਜਾਤ ਅਧਾਰਤ ਨਿਖੇੜ

		ਕੁਲ	ਫ਼ਿਰੋਜ਼ਪੁਰ	ਮੁਕਤਸਰ	ਬਠਿੰਡਾ	ਮੋਗਾ	ਮਾਨਸਾ	ਸੰਗਰੂਰ	ਬਰਨਾਲਾ	ਫ਼ਰੀਦਕੋਟ
ਜੱਟ	ਗਿਣਤੀ	95	10	8	16	4	29	16	6	6
	ਕਾਲਮ ਦੀ ਫ਼ੀਸਦੀ	69.9%	100%	67%	55%	36%	78%	84%	85%	55%
ਮਜ਼੍ਹਬੀ	ਗਿਣਤੀ	20	0	4	4	4	3	0	0	5
	ਕਾਲਮ ਦੀ ਫ਼ੀਸਦੀ	14.7%	0.0%	33%	14%	36%	8%	0%	0%	45%
ਰਾਮਦਾਸੀਏ	ਗਿਣਤੀ	10	0	0	5	1	3	1	0	0
	ਕਾਲਮ ਦੀ ਫ਼ੀਸਦੀ	7.4%	0%	0%	17%	9%	8%	5%	0%	0%
ਰਵਿਦਾਸੀਏ	ਗਿਣਤੀ	2	0	0	0	1	1	0	0	0
	ਕਾਲਮ ਦੀ ਫ਼ੀਸਦੀ	1.5%	0%	0%	0%	9%	2%	0%	0%	0%
ਬੈਰਾਗੀ	ਗਿਣਤੀ	2	0	0	0	0	1	1	0	0
	ਕਾਲਮ ਦੀ ਫ਼ੀਸਦੀ	1.5%	0%	0%	0%	0%	3%	5%	0%	0%
ਹੋਰ	ਗਿਣਤੀ	7	0	0	4	1	0	1	1	0
	ਕਾਲਮ ਦੀ ਫ਼ੀਸਦੀ	5.1%	0%	0%	14%	9%	0%	5%	14%	0%
ਕੁਲ	ਗਿਣਤੀ	136	10	12	29	11	37	19	7	11

ਸਾਰਣੀ 1.5 : ਖ਼ੁਦਕੁਸ਼ੀਆਂ ਦੇ ਵੱਖ-ਵੱਖ ਕਾਰਨ

		ਕੁਲ
ਕਰਜ਼ੇ ਦਾ ਦਬਾਅ	ਗਿਣਤੀ ਕੁਲ ਦੀ ਫ਼ੀ ਸਦੀ	107 78.7%
ਮਾਨਸਿਕ ਤਣਾਓ	ਗਿਣਤੀ ਕੁਲ ਦੀ ਫ਼ੀ ਸਦੀ	92 67.6%
ਕਰਜਾ ਦੇਣ ਵਾਲਿਆਂ ਵਲੋਂ ਤੰਗ ਕਰਨਾ	ਗਿਣਤੀ ਕੁਲ ਦੀ ਫ਼ੀ ਸਦੀ	66 48.5%
ਪਰਿਵਾਰਕ ਤਣਾਅ	ਗਿਣਤੀ ਕੁਲ ਦੀ ਫ਼ੀ ਸਦੀ	41 30.1%
ਹੋਰ	ਗਿਣਤੀ ਕੁਲ ਦੀ ਫ਼ੀ ਸਦੀ	34 25%
ਫ਼ਸਲ ਮਰ ਜਾਣਾ	ਗਿਣਤੀ ਕੁਲ ਦੀ ਫ਼ੀ ਸਦੀ	24 17.6%
ਫ਼ਸਲ ਦੀ ਅਦਾਇਗੀ ਨਾ ਹੋਣਾ	ਗਿਣਤੀ ਕੁਲ ਦੀ ਫ਼ੀ ਸਦੀ	1 %
ਆੜ੍ਹਤੀਆ	ਗਿਣਤੀ ਕੁਲ ਦੀ ਫ਼ੀ ਸਦੀ	 13.97%
ਸ਼ਰਾਬ ਦੀ ਆਦਤ	ਗਿਣਤੀ ਕੁਲ ਦੀ ਫ਼ੀ ਸਦੀ	17 12.5%
ਨਸ਼ੀਲੀਆਂ ਦਵਾਈਆਂ ਦਾ ਆਦੀ ਹੋਣਾ	ਗਿਣਤੀ ਕੁਲ ਦੀ ਫ਼ੀ ਸਦੀ	8 5.9%
ਕੁਲ		136

ਸਾਰਣੀ 1.6 ਸ਼੍ਰੇਣੀ ਅਨੁਸਾਰ ਕਿਸਾਨ ਜਿਨ੍ਹਾਂ ਨੇ ਕਰਜ਼ੇ ਦੇ ਉਦੇਸ਼ ਅਨੁਸਾਰ ਕਰਜ਼ੇ ਲਏ

			ਕਰਜ਼ੇ ਦਾ ਉਦੇਸ਼						
	ਗਿਣਤੀ	ਫ਼ੀ ਸਦੀ	ਖੇਤੀਬਾੜੀ ਦੇ ਮੰਤਵ ਲਈ	ਮਕਾਨ ਬਣਾਉਣ ਲਈ	ਕਰਜਾ ਮੋੜਨ ਲਈ	ਘਰੇਲੂ ਵਰਤੋਂ ਲਈ	ਇਲਾਜ ਕਰਾਉਣ ਲਈ	ਪਰਿਵਾਰ ਵਿਚ ਵਿਆਹ ਲਈ	ਹੋਰ ਮੰਤਵਾਂ ਲਈ
ਬੇਜ਼ਮੀਨੇ	51	89.5%	15.2%	17.7%	11.4%	25.3%	7.6%	16.5%	6.3%
ਸੀਮਾਂਤ	41	95.3%	38.2%	15.8%	17.1%	7.9%	7.9%	9.2%	3.9%
ਛੋਟੇ	17	94.4%	40.6%	15.6%	6.3%	3.1%	3.1%	18.8%	12.5%
ਨੀਮ ਦਰਮਿਆਨੇ	11	100.0%	45.5%	9.1%	13.6%	0.0%	4.5%	13.6%	13.6%
ਦਰਮਿਆਨੇ	4	80.0%	50.0%	12.5%	12.5%	0.0%	0.0%	12.5%	12.5%
ਵੱਡੇ	1	50.0%	50.0%	0.0%	50.0%	0.0%	0.0%	0.0%	0.0%
ਕੁਲ	125	91.9%	31.5%	15.5%	13.2%	12.3	6.4%	13.7%	7.3%

ਸਾਰਣੀ 1.7 ਅੱਠ ਜ਼ਿਲ੍ਹਿਆਂ ਅੰਦਰ ਸਾਰੀਆਂ ਸ਼੍ਰੇਣੀਆਂ ਦੀ ਖ਼ੁਦਕੁਸ਼ੀ ਤੋਂ ਪਹਿਲਾਂ ਅਤੇ ਬਾਅਦ 'ਚ ਜ਼ਮੀਨੀ ਜੋਤ

		ਕੁਲ	ਫ਼ਿਰੋਜ਼ਪੁਰ	ਮੁਕਤਸਰ	ਬਠਿੰਡਾ	ਮੋਗਾ	ਮਾਨਸਾ	ਸੰਗਰੂਰ	ਬਰਨਾਲਾ	ਫ਼ਰੀਦਕੋਟ
ਬੇਜ਼ਮੀਨੇ	ਖ਼ੁਦਕੁਸ਼ੀ ਤੋਂ ਪਹਿਲਾਂ	35	0	4	13	5	6	2	0	5
	ਖ਼ੁਦਕੁਸ਼ੀ ਤੋਂ ਪਿੱਛੋਂ	57	1	7	20	7	10	4	1	7
	ਕੁਲ ਦੀ ਫ਼ੀ ਸਦੀ	42%	10%	58%	69%	64%	30%	16%	14%	64%
ਸੀਮਾਂਤ (2.5 ਏਕੜ ਤੋਂ ਘੱਟ)	ਖ਼ੁਦਕੁਸ਼ੀ ਤੋਂ ਪਹਿਲਾਂ	36	3	1	5	3	15	3	3	3
	ਖ਼ੁਦਕੁਸ਼ੀ ਤੋਂ ਪਿੱਛੋਂ	43	4	3	5	3	17	3	4	4
	ਕੁਲ ਦੀ ਫ਼ੀ ਸਦੀ	31.6%	40.0%	25%	17%	27%	46%	16%	57%	36%
ਛੋਟੇ ਕਿਸਾਨ (2.5 ਤੋਂ 5 ਏਕੜ)	ਖ਼ੁਦਕੁਸ਼ੀ ਤੋਂ ਪਹਿਲਾਂ	28	3	2	4	2	8	4	2	3
	ਖ਼ੁਦਕੁਸ਼ੀ ਤੋਂ ਪਿੱਛੋਂ	18	2	0	2	0	5	8	1	0
	ਕੁਲ ਦੀ ਫ਼ੀ ਸਦੀ	13.2%	20%	0%	7%	0%	14%	42%	14%	0%
ਨੀਮ ਦਰਮਿਆਨੇ (5 ਤੋਂ 10 ਏਕੜ)	ਖ਼ੁਦਕੁਸ਼ੀ ਤੋਂ ਪਹਿਲਾਂ	25	1	3	6	1	6	6	2	0
	ਖ਼ੁਦਕੁਸ਼ੀ ਤੋਂ ਪਿੱਛੋਂ	11	0	2	2	1	3	2	1	0
	ਕੁਲ ਦੀ ਫ਼ੀ ਸਦੀ	8%	0%	16%	7%	9%	8%	11%	14%	0%
ਦਰਮਿਆਨੇ (10 ਤੋਂ 25 ਏਕੜ)	ਖ਼ੁਦਕੁਸ਼ੀ ਤੋਂ ਪਹਿਲਾਂ	10	3	2	1	0	2	2	0	0
	ਖ਼ੁਦਕੁਸ਼ੀ ਤੋਂ ਪਿੱਛੋਂ	5	3	0	0	0	1	1	0	0
	ਕੁਲ ਦੀ ਫ਼ੀ ਸਦੀ	4%	30%	0%	0%	0%	3%	5%	0%	0%
ਵੱਡੇ ਕਿਸਾਨ (25 ਏਕੜ ਤੋਂ ਵੱਧ)	ਖ਼ੁਦਕੁਸ਼ੀ ਤੋਂ ਪਹਿਲਾਂ	2	0	0	0	0	0	2	0	0
	ਖ਼ੁਦਕੁਸ਼ੀ ਤੋਂ ਪਿੱਛੋਂ	2	0	0	0	0	0	2	0	0
	ਕੁਲ ਦੀ ਫ਼ੀ ਸਦੀ	1.5%	0%	0%	0%	0%	0%	10.5%	0%	0%
ਕੁਲ	ਹਰੇਕ ਜ਼ਿਲ੍ਹਾ	136	10	12	29	11	36	20	7	11
ਕੁਲ ਦੀ ਫ਼ੀ ਸਦੀ		100%	100%	100%	100%	100%	100%	100%	100%	100%

ਸਾਰਣੀ 1.8
ਸਾਰੀਆਂ ਸ਼੍ਰੇਣੀਆਂ ਦੀ ਜ਼ਮੀਨੀ ਜੋਤ ਘਟੀ ਅਤੇ ਬੇਜ਼ਮੀਨਾਪਣ ਵਧਿਆ
ਖ਼ੁਦਕੁਸ਼ੀ ਤੋਂ ਪਹਿਲਾਂ ਅਤੇ ਖ਼ੁਦਕੁਸ਼ੀ ਤੋਂ ਬਾਅਦ

ਸ਼੍ਰੇਣੀ (ਖ਼ੁਦਕੁਸ਼ੀ ਤੋਂ ਪਹਿਲਾਂ)	ਗਿਣਤੀ	ਸ਼੍ਰੇਣੀ (ਖ਼ੁਦਕੁਸ਼ੀ ਤੋਂ ਪਿੱਛੋਂ)					
		ਸੀਮਾਂਤ	ਛੋਟੇ	ਨੀਮ ਦਰਮਿਆਨੇ	ਦਰਮਿਆਨੇ	ਵੱਡੇ	ਬੇਜ਼ਮੀਨੇ
ਬੇਜ਼ਮੀਨੇ	35	0 0%	0 0%	0 0%	0 0%	0 0%	35 100%
ਸੀਮਾਂਤ	36	22 61.1%	0 0%	0 0%	0 0%	0 0%	14 38.9%
ਛੋਟੇ ਕਿਸਾਨ	28	16 57.1%	8 28.6%	0 0%	0 0%	0 0%	4 14.3%
ਨੀਮ ਦਰਮਿਆਨੇ	25	4 16%	10 40%	7 28%	0 0%	0 0%	4 16%
ਦਰਮਿਆਨੇ	10	1 10%	0 0%	4 40%	5 50%	0 0%	0 0%
ਵੱਡੇ ਕਿਸਾਨ	2	0 0%	0 0%	0 0%	0 0%	2 100%	0 0%
ਕੁੱਲ	136	43 31.6%	18 13.2%	11 8.1%	5 3.7%	2 1%	57 41.9%

ਸਾਰਣੀ 1.9

ਖ਼ੁਦਕੁਸ਼ੀ ਤੋਂ ਬਾਅਦ ਹਰੇਕ ਜ਼ਿਲ੍ਹੇ 'ਚ ਵੇਚੀ ਗਈ ਜ਼ਮੀਨ ਦਾ ਗਿਣਤੀ-ਅਨੁਪਾਤ ਅਤੇ ਮਾਤਰਾ


ਜਿਨ੍ਹਾਂ ਕਿਸਾਨਾਂ ਨੇ ਆਪਣੀ ਜ਼ਮੀਨ ਵੇਚੀ ਉਨ੍ਹਾਂ ਦਾ ਗਿਣਤੀ ਅਨੁਪਾਤ										
		ਕੁਲ	ਫ਼ਿਰੋਜ਼ਪੁਰ	ਮੁਕਤਸਰ	ਬਠਿੰਡਾ	ਮੋਗਾ	ਮਾਨਸਾ	ਸੰਗਰੂਰ	ਬਰਨਾਲਾ	ਫ਼ਰੀਦਕੋਟ
ਹਾਂ	ਗਿਣਤੀ	10	1	0	0	0	5	3	0	1
	ਕਾਲਮ ਦੀ ਫ਼ੀ ਸਦੀ	9.9%	10%	0%	0%	0%	16.1%	17.6%	0%	16.7%
ਨਹੀਂ	ਗਿਣਤੀ	91	9	8	16	6	26	14	7	5
	ਕਾਲਮ ਦੀ ਫ਼ੀ ਸਦੀ	90.1%	90.0%	100%	100%	100%	83.9%	82.4%	100%	83.3%
ਕੁਲ	ਗਿਣਤੀ	101	10	8	16	6	31	17	7	6
ਵੇਚੀ ਗਈ ਜ਼ਮੀਨ (ਏਕੜਾਂ 'ਚ)										
ਔਸਤ		2.26	1.54	5.31	3.52	0.97	1.61	1.65	3.03	1.50
ਵੱਧ ਤੋਂ ਵੱਧ		14.0	5.50	10.00	14.00	1.75	5.00	10.00	9.00	2.50
ਕੁਲ ਵੇਚੀ ਗਈ ਜ਼ਮੀਨ		228.23	15.38	42.50	56.35	5.82	49.90	28.10	21.20	9.00

ਸਾਰਣੀ 1.10 : ਜ਼ਮੀਨ ਜੋਤ ਦੇ ਲਿਹਾਜ਼ ਨਾਲ ਖ਼ੁਦਕੁਸ਼ੀ ਤੋਂ ਬਾਅਦ ਵੇਚੀ ਗਈ ਜ਼ਮੀਨ ਦਾ ਗਿਣਤੀ-ਅਨੁਪਾਤ ਅਤੇ ਮਾਤਰਾ

ਜਿਨ੍ਹਾਂ ਕਿਸਾਨਾਂ ਨੇ ਆਪਣੀ ਜ਼ਮੀਨ ਵੇਚੀ ਉਨ੍ਹਾਂ ਦਾ ਗਿਣਤੀ ਅਨੁਪਾਤ							
		ਕੁਲ	ਸੀਮਾਂਤ	ਛੋਟੇ	ਨੀਮ ਦਰਮਿਆਨੇ	ਦਰਮਿਆਨੇ	ਵੱਡੇ
ਹਾਂ	ਗਿਣਤੀ	10	5	0	0	3	2
	ਕਾਲਮ ਦੀ ਫ਼ੀ ਸਦੀ	9.9%	13.9%	0%	0%	30%	100%
ਨਹੀਂ	ਗਿਣਤੀ	91	31	28	25	7	0
	ਕਾਲਮ ਦੀ ਫ਼ੀ ਸਦੀ	90.1%	86.1%	100%	100%	70%	0%
ਕੁਲ	ਗਿਣਤੀ	101	36	28	25	10	2
ਵੇਚੀ ਗਈ ਜ਼ਮੀਨ							
ਔਸਤ		2.26	0.83	2.26	4.39	2.51	0.00
ਵੱਧ ਤੋਂ ਵੱਧ		14	2.50	5.00	10.00	14.00	0.00
ਕੁਲ ਵੇਚੀ ਗਈ ਜ਼ਮੀਨ		228.23	29.94	63.37	109.82	25.11	0.00

ਸਾਰਣੀ 1.11 *ਜਿਨ੍ਹਾਂ ਔਰਤਾਂ ਨਾਲ ਗੱਲਬਾਤ ਕੀਤੀ ਉਨ੍ਹਾਂ ਦਾ ਖ਼ਾਕਾ*	ਗਿਣਤੀ 136	ਫ਼ੀ ਸਦੀ
ਮ੍ਰਿਤਕ ਨਾਲ ਰਿਸ਼ਤਾ		
ਪਤਨੀ	98	67.70
ਮਾਂ	28	20.60
ਧੀ	3	2.20
ਭੈਣ	6	4.40
ਨਣਦ	4	2.90
ਨੂੰਹ	3	2.20
ਪਰਿਵਾਰ ਦੀ ਕਿਸਮ		
ਇਕਹਿਰਾ	108	79.4
ਸਾਂਝਾ	28	20.6
ਉਮਰ ਗਰੁੱਪ[1]		
25 ਸਾਲ ਤੱਕ	10	7.4
25 ਤੋਂ 35 ਸਾਲ	31	22.8
35 ਤੋਂ 50 ਸਾਲ	54	39.7
50 ਤੋਂ 60 ਸਾਲ	23	16.9
60 ਸਾਲ ਤੋਂ ਵੱਧ	18	13.2
ਔਸਤ ਉਮਰ	46 ਸਾਲ	
ਘੱਟੋਘੱਟ ਉਮਰ	16 ਸਾਲ	
ਵੱਧ ਤੋਂ ਵੱਧ ਉਮਰ	90 ਸਾਲ	
ਜਾਤ		
ਜੱਟ	95	69.9
ਮਜ਼੍ਹਬੀ	20	14.7
ਰਾਮਦਾਸੀਏ	10	7.4
ਰਵਿਦਾਸੀਏ	2	1.5
ਬੈਰਾਗੀ	2	1.5
ਹੋਰ	7	5.1
ਜ਼ਮੀਨੀ ਜੋਤ		
ਬੇਜ਼ਮੀਨੇ	57	49.1
ਥੁੜ੍ਹਜ਼ਮੀਨੇ, 2.5 ਤੋਂ ਘੱਟ ਏਕੜ ਵਾਲੇ	43	31.6
ਛੋਟੇ, ਢਾਈ ਤੋਂ 5 ਏਕੜ ਵਾਲੇ	18	13.2
ਨੀਮ ਦਰਮਿਆਨੇ, 5 ਤੋਂ 10 ਏਕੜ ਵਾਲੇ	11	8.1
ਦਰਮਿਆਨੇ, 10 ਤੋਂ 25 ਏਕੜ ਵਾਲੇ	5	3.7
ਵੱਡੇ 25 ਏਕੜ ਵਾਲੇ	2	1.5

1. ਉਮਰ ਬਾਰੇ ਸਪਸ਼ਟਤਾ ਨਹੀਂ ਹੈ ਕਿਉਂਕਿ ਜ਼ਿਆਦਾਤਰ ਔਰਤਾਂ ਨੇ ਇਸ ਦਾ ਹਿਸਾਬ ਆਪਣੇ ਵਿਆਹ ਜਾਂ ਪਹਿਲੇ ਬੱਚੇ ਦੇ ਜਨਮ ਦੇ ਅਧਾਰ ’ਤੇ ਲਾਇਆ ਸੀ। ਇਸ ਸਬੰਧ ’ਚ ਝਿਜਕ ਵੀ ਸਾਫ਼ ਝਲਕਦੀ ਹੈ। ਕਦੇ-ਕਦਾਈਂ, ਜਦੋਂ ਅਸੀਂ ਤੁਰ ਪੈਂਦੇ ਤਾਂ ਕੋਈ ਔਰਤ ਆਕੇ ਮੇਰੇ ਕੰਨ ਨੇੜੇ ਮੂੰਹ ਕਰਕੇ ਆਪਣੀ ਉਮਰ ਦੱਸ ਜਾਂਦੀ। ਮੈਂ 40 ਜਾਂ 50 ਜਾਂ 60 ਜਾਂ 70 ਸਾਲ ਦਾ ਮੋਟਾ ਜਿਹਾ ਹਿਸਾਬ ਬਣਾ ਲਿਆ। ਇਹ ਨਮੂਨਾ ਵਿਲੱਖਣ ਰੂਪ ’ਚ ਇਕੋ ਜਿਹਾ ਸੀ ਅਤੇ ਉੱਥੇ ਹਲਕਾ-ਫੁਲਕਾ ਹਾਸਾ-ਮਜ਼ਾਕ ਵੀ ਹੋ ਜਾਂਦਾ ਸੀ।



ਕਾਂਡ ਦੂਜਾ
ਔਰਤਾਂ ਦੀ ਕਿਰਤ ਦਾ ਬਦਲ ਰਿਹਾ ਗਤੀ-ਅਮਲ

ਜੇ ਅਸੀਂ ਮਰਦ ਪ੍ਰਧਾਨ ਵਿਚਾਰਧਾਰਾ ਨੂੰ ਔਰਤਾਂ ਦੀ ਕਿਰਤ ਅਤੇ ਲਿੰਗ ਹਸਤੀ ਦਾ ਸ਼ੋਸ਼ਣ ਅਤੇ ਜਕੜ ਮੰਨ ਲਈਏ ਤਾਂ ਜ਼ਰੱਈ ਮੰਦਹਾਲੀ ਦੇ ਸਮਿਆਂ 'ਚ ਔਰਤਾਂ ਦੀ ਭੂਮਿਕਾ ਇਸ ਨਾਲ ਸਿਰੜ ਰੱਖਕੇ ਟੱਕਰ ਲੈਣ ਦੀ ਬਣ ਜਾਂਦੀ ਹੈ ਅਤੇ ਇਹ ਸਾਰਾ ਸਾਲ ਹੁਕਮ ਚਲਾਉਂਦੀ ਹੈ। ਜ਼ਮੀਨ ਦੀ ਮਾਲਕੀ ਅਤੇ ਉਜਰਤੀ ਕੰਮ ਤੱਕ ਰਸਾਈ ਤੋਂ ਸ਼ੁਰੂ ਹੋ ਕੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੱਕ, ਔਰਤਾਂ ਦੀ ਪੁਜ਼ੀਸ਼ਨ ਲਗਾਤਾਰ ਸਾਡੇ ਸਮਾਜ ਦੇ ਪਿਤਾਪੁਰਖੀ ਅਤੇ ਪਤੀ ਪ੍ਰਧਾਨ ਪਰਿਵਾਰ ਦੁਆਰਾ ਤੈਅ ਹੁੰਦੀ ਹੈ—ਸਮਾਜ ਜੋ ਜਮਾਤੀ ਅਤੇ ਜਾਤਪਾਤੀ ਵੰਡੀਆਂ 'ਚ ਡੂੰਘੀ ਤਰ੍ਹਾਂ ਗ੍ਰਸਤ ਹੈ। ਜਿਨ੍ਹਾਂ ਔਰਤਾਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ, ਉਨ੍ਹਾਂ ਵਿਚ ਜਮਾਤ ਅਤੇ ਜਾਤਪਾਤ ਦੇ ਖ਼ਾਸ ਪਸਾਰ ਸਾਫ਼ ਦਿਖਾਈ ਦਿੰਦੇ ਹਨ। ਜੋ ਸਾਨੂੰ ਉਸ ਬਾਰੇ ਸਮਝ ਬਣਾਉਣ ਲਈ ਚੁੜੇਰੇ ਸਮਾਜਿਕ ਢਾਂਚੇ ਨੂੰ ਸਮਝਣ ਦੀ ਦ੍ਰਿਸ਼ਟੀ ਦਿੰਦੇ ਹਨ ਕਿ ਕਿਵੇਂ ਪੰਜਾਬ ਅਤੇ ਹੋਰ ਜ਼ਰੱਈ ਸਮਾਜਾਂ ਅੰਦਰ ਆ ਰਹੀਆਂ ਹਲਚਲ ਮਚਾਊ ਤਬਦੀਲੀਆਂ ਔਰਤਾਂ ਦੀਆਂ ਜ਼ਿੰਦਗੀਆਂ ਨੂੰ ਮੁੜ ਪ੍ਰਭਾਸ਼ਿਤ ਕਰ ਰਹੀਆਂ ਅਤੇ ਮੁੜ ਘੜ ਰਹੀਆਂ ਹਨ। ਮਰਦ ਪ੍ਰਧਾਨ ਵਿਚਾਰਧਾਰਾ ਨਾਲ ਜੱਦੋਜਹਿਦ ਅੰਦਰ ਔਰਤਾਂ ਵਲੋਂ ਹਾਸਲ ਕੀਤੇ ਨਿੱਕੇ-ਨਿੱਕੇ ਲਾਹਿਆਂ ਅਤੇ ਪੇਸ਼ਕਦਮੀਆਂ ਦੀ ਅਰਥ-ਸੰਭਾਵਨਾ ਪਈ ਹੈ ਜੋ ਇਕ ਸਮੇਂ ਮੁਕਾਬਲੇਬਾਜ਼ੀ 'ਚ ਪੈਂਦੀਆਂ ਹਨ ਅਤੇ ਬਾਕੀ ਜ਼ਿਆਦਾਤਰ ਸਮਿਆਂ 'ਚ ਉਨ੍ਹਾਂ ਨੂੰ ਨਵੀਂਆਂ ਤੋਂ ਨਵੀਂਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਕਾਂਡ ਵਿਚ ਔਰਤਾਂ ਦੀ ਕਿਰਤ ਦੇ ਖੇਤਰ ਵਿਚਲੇ ਵੱਖੋ-ਵੱਖਰੇ ਅਤੇ ਇਕ ਦੂਜੇ ਨਾਲ ਰਲ਼ਗੱਡ ਮੁੱਦਿਆਂ ਦਾ ਖ਼ਾਕਾ ਪੇਸ਼ ਕੀਤਾ ਜਾਵੇਗਾ। ਇਹ ਪੈਦਾਵਾਰ ਅਤੇ ਸਮਾਜਿਕ ਪੁਨਰ ਉਤਪਾਦਨ ਦੇ ਖੇਤਰਾਂ ਨੂੰ ਘੇਰੇ 'ਚ ਲਵੇਗਾ। ਇਹ ਦਿਖਾਉਣ ਲਈ ਕਿ ਕਿਵੇਂ ਮੌਜੂਦਾ ਹਾਲਤ ਵਿਚ ਬਦਹਾਲੀ ਹੋਰ ਡੂੰਘੀ ਹੋਈ ਹੈ ਅਤੇ ਹੋਂਦ ਲਈ ਸੰਘਰਸ਼ ਹੋਰ ਵੀ ਬਿਖੜਾ ਹੋ ਗਿਆ ਹੈ। ਵਿਸ਼ਲੇਸ਼ਣ ਗੱਲਬਾਤ 'ਚ ਸ਼ਾਮਲ ਔਰਤਾਂ ਦੀਆਂ ਆਵਾਜ਼ਾਂ ਉੱਪਰ ਵੀ ਰੌਸ਼ਨੀ ਪਾਉਂਦਾ ਹੈ—ਚਾਹੇ ਉਹ ਜੱਟ ਸਿੱਖ ਔਰਤਾਂ ਹਨ, ਜੋ ਮਸ਼ੀਨੀਕਰਨ ਹੋਣ ਤੋਂ ਪਹਿਲਾਂ ਖੇਤੀਬਾੜੀ ਪੈਦਾਵਾਰ 'ਚ ਹਿੱਸਾ ਲੈਂਦੀਆਂ ਸਨ; ਜਾਂ ਦਲਿਤ ਬੇਜ਼ਮੀਨੀਆਂ ਮਜ਼ਦੂਰ ਹਨ ਜੋ ਮੌਸਮੀ ਉਜਰਤੀ ਮਿਹਨਤ 'ਤੇ ਨਿਰਭਰ ਹਨ ਜੋ ਘਟਦੀ ਜਾ ਰਹੀ ਹੈ; ਜਾਂ ਜ਼ਰੱਈ ਆਰਥਿਕਤਾ ਵਿਚੋਂ ਬਾਹਰ ਨਿਕਲਣ ਲਈ ਤਾਂਘਦੀਆਂ ਜਵਾਨ ਕੁੜੀਆਂ ਹੋਣ। ਇਸ ਕਿਤਾਬ ਵਿਚ ਜਿਨ੍ਹਾਂ ਔਰਤਾਂ ਨਾਲ ਮੁਲਾਕਾਤਾਂ ਕੀਤੀਆਂ ਦਰਸਾਈਆਂ ਹਨ ਉਨ੍ਹਾਂ ਦੇ ਨਾਮ ਬਦਲ ਦਿੱਤੇ ਗਏ ਹਨ ਤਾਂ ਕਿ ਭੇਦ ਰਹੇ। ਹਰ ਅਜਿਹੀ ਆਵਾਜ਼ ਚੁਣੀ ਗਈ ਹੈ ਜਿਹੜੀਆਂ ਦੂਸਰੀਆਂ ਕਈ ਹੋਰਨਾਂ ਦੀ ਹਾਲਤ ਅਤੇ ਮਨ ਦੀਆਂ ਗੁੰਝਲਾਂ ਦੀ ਨੁਮਾਇੰਦਗੀ ਕਰਦੀ ਹੈ। ਭਾਰੂ ਜ਼ਰੱਈ ਪੈਦਾਵਾਰੀ ਢੰਗ ਅਤੇ ਇਸ ਵਿਚ ਤਾਜ਼ਾ ਹੂੰਝਾਫੇਰੂ

ਤਬਦੀਲੀਆਂ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਤੈਅ ਕਰ ਰਹੀਆਂ ਹਨ।

ਖੇਤਾਂ ਵਿਚ ਖੇਤੀਬਾੜੀ ਦੇ ਪੈਦਾਵਾਰੀ ਕੰਮ ਵਿਚੋਂ ਜੱਟ ਸਿੱਖ ਔਰਤਾਂ ਦੇ ਗਿਣਨਯੋਗ ਰੂਪ 'ਚ ਪਿੱਛੇ ਹਟ ਜਾਣ ਦੇ ਬਾਵਜੂਦ, ਐਸੀਆਂ ਕੁਝ ਔਰਤਾਂ ਮਿਲੀਆਂ ਜੋ ਹਾਲੇ ਵੀ ਖੇਤੀ ਦੇ ਕੰਮ ਲਈ ਲਾਜ਼ਮੀ ਲੱਕਤੋੜ ਮਿਹਨਤ ਕਰਦੀਆਂ ਹਨ। ਮੁਕਤਸਰ ਜ਼ਿਲ੍ਹੇ ਦੀ ਗੁਰਵਿੰਦਰ ਕੌਰ, 50ਵਿਆਂ ਦੇ ਸ਼ੁਰੂ ਦੀ ਉਮਰ ਦੀ ਹੈ ਜੋ ਆਪਣੀ ਦੋ ਏਕੜ ਜ਼ਮੀਨ ਉੱਪਰ ਹਰ ਤਰ੍ਹਾਂ ਦੇ ਖੇਤੀਬਾੜੀ ਦੇ ਕੰਮ 'ਚ ਜੁਟੀ ਰਹਿੰਦੀ ਹੈ। ਉਸ ਦੇ ਪਤੀ ਨੇ 2003 'ਚ ਕਰਜ਼ੇ ਦੇ ਬੋਝ ਅਤੇ ਆੜ੍ਹਤੀਏ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਕਾਰਨ ਕੀੜੇਮਾਰ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਸੀ। ਹਰੇਕ ਫ਼ਸਲ 'ਤੇ, ਉਹ 2.5 ਲੱਖ ਦੇ ਕਰਜ਼ੇ ਦੀਆਂ ਕਿਸ਼ਤਾਂ ਮੋੜਦੀ ਹੈ। ਜਿਹੜਾ ਵੀਹ ਹਜ਼ਾਰ ਉਹ ਸਾਲ 'ਚ ਦੋ ਵਾਰ ਕਮਾਉਂਦੀ ਹੈ, ਉਸ ਵਿਚੋਂ ਉਸਦੇ ਜੀਵਨ ਦਾ ਤੋਰਾ ਤੋਰਨ ਲਈ ਸ਼ਾਇਦ ਹੀ ਕੁਝ ਬਚਦਾ ਹੋਵੇ। ਲਗਦਾ ਹੈ ਕਿ ਉਸ ਦੀ ਜ਼ਿੰਦਗੀ 'ਚ ਐਸਾ ਕੁਝ ਨਹੀਂ ਵਾਪਰਦਾ ਜੋ ਉਸ ਨੂੰ ਕੁਝ ਸੁੱਖ ਦਾ ਸਾਹ ਦਿਵਾ ਦੇਵੇ।

"ਪਰ ਮੈਂ ਆਪਣੇ ਬੱਚਿਆਂ ਦੀ ਖ਼ਾਤਰ ਚੜ੍ਹਦੀ ਕਲਾ 'ਚ ਰਹਿੰਦੀ ਹਾਂ। ਸਾਡੀ ਰੋਟੀ-ਰੋਜ਼ੀ ਖ਼ਤਰੇ 'ਚ ਹੈ। ਖੇਤੀਬਾੜੀ ਸਾਡੀ ਜ਼ਿੰਦਗੀ ਦਾ ਤੋਰਾ ਤੋਰਨ ਲਈ ਕਾਫ਼ੀ ਨਹੀਂ ਹੈ। ਜਿੰਨਾ ਅਸੀਂ ਕਮਾਉਂਦੇ ਹਾਂ, ਖ਼ਰਚ ਉਸ ਤੋਂ ਕਿਤੇ ਵੱਧ ਹੁੰਦਾ ਹੈ। ਮੈਂ ਹਾਲੇ ਵੀ ਕਰਜ਼ਾਈ ਹਾਂ। ਕਿਸਾਨ ਯੂਨੀਅਨ ਨੇ ਆੜ੍ਹਤੀਏ ਉੱਪਰ ਕੇਸ ਕੀਤਾ ਹੋਇਆ ਹੈ ਇਸ ਕਰਕੇ ਉਹ ਹੁਣ ਚੁੱਪ ਹੈ। ਪਹਿਲਾਂ ਉਹ ਜ਼ਮੀਨ ਹੜੱਪਣ ਲਈ ਸਾਡੇ ਮਗਰ ਹੱਥ ਧੋਕੇ ਪਿਆ ਹੋਇਆ ਸੀ। ਪਰ ਓੜਕ ਸਾਡੀ ਜ਼ਮੀਨ ਦਾ ਕੀ ਬਣੇਗਾ, ਇਹ ਹਾਲੇ ਪੱਕ ਨਾਲ ਨਹੀਂ ਕਿਹਾ ਜਾ ਸਕਦਾ। ਸਾਨੂੰ ਬੋਰਾਂ ਅਤੇ ਬਿਜਲੀ ਉੱਪਰ ਐਨਾ ਖ਼ਰਚ ਕਰਨਾ ਪੈਂਦਾ ਹੈ, ਪਰ ਪਾਣੀ ਕਾਫ਼ੀ ਨਹੀਂ ਨਿਕਲਦਾ। ਜਿੱਦਾਂ ਦੀ ਜ਼ਮੀਨ ਪਹਿਲਾਂ ਹੋਇਆ ਕਰਦੀ ਸੀ, ਹੁਣ ਕਦੇ ਵੀ ਨਹੀਂ ਬਣੇਗੀ।"

ਭਾਵੇਂ ਗੁਰਵਿੰਦਰ ਕੌਰ ਆਪਣੇ ਦੋ ਪੁੱਤਰਾਂ ਨੂੰ ਖੇਤੀਬਾੜੀ ਦੇ ਕੰਮ 'ਚ ਲਾਈ ਰੱਖਦੀ ਹੈ, ਪਰ ਉਸ ਦੀ ਰੀਝ ਹੈ ਕਿ ਉਹ ਆਪਣੇ ਗੁਜ਼ਾਰੇ ਲਈ ਕੋਈ ਹੋਰ ਹੁਨਰ ਸਿੱਖਣ। ਉਹ ਉਨ੍ਹਾਂ ਦੀ ਪੜ੍ਹਾਈ ਉੱਤੇ ਪੈਸਾ ਜ਼ਰੂਰ ਖ਼ਰਚ ਕਰਦੀ ਹੈ ਪਰ ਉਸ ਨੂੰ ਸ਼ੱਕ ਹੈ ਕਿ ਇਸਦਾ ਕਿੰਨਾ ਕੁ ਫ਼ਾਇਦਾ ਹੋਵੇਗਾ।

"ਮੇਰਾ ਇਕ ਬੇਟਾ ਦਸਵੀਂ ਜਮਾਤ 'ਚ ਹੈ ਅਤੇ ਦੂਜਾ ਅੱਠਵੀਂ ਵਿਚ। ਜਿੱਥੋਂ ਤੱਕ ਛੋਟੇ ਕਿਸਾਨਾਂ ਦੇ ਬੱਚਿਆਂ ਦੀ ਗੱਲ ਹੈ, ਪੜ੍ਹਾਈ ਦੀ ਕੌਣ ਪ੍ਰਵਾਹ ਕਰਦਾ ਹੈ? ਲੋਕ ਕਹਿੰਦੇ ਹਨ ਕਿ ਹੁਣ ਦਸਵੀਂ ਜਮਾਤ ਦੀ ਕੋਈ ਕਦਰ ਨਹੀਂ ਹੈ। ਪਰ ਮੈਂ ਹੀ ਜਾਣਦੀ ਹਾਂ ਮੈਂ ਕਿੰਨੀ ਔਖੀ ਹੋ ਕੇ ਉਸ ਨੂੰ ਦਸਵੀਂ ਤੱਕ ਪਹੁੰਚਾਇਆ ਹੈ...। ਇਹ ਮੇਰੇ ਖ਼ੂਨ ਪਸੀਨਾ ਵਹਾਉਣ ਕਰਕੇ ਸੰਭਵ ਹੋਇਆ। ਮੈਂ ਉਨ੍ਹਾਂ ਦੀ ਖ਼ਾਤਰ ਟੁੱਟ-ਟੁੱਟ ਮਰਦੀ ਹਾਂ ਤਾਂ ਜੋ ਜ਼ਮੀਨ ਨਾ ਵੇਚਣੀ ਪਵੇ।"

ਉਸਨੇ ਸਪਸ਼ਟ ਕਿਹਾ, ਜੱਟਾਂ ਦੇ ਪੁੱਤ ਹੋਣ ਕਰਕੇ ਉਹ ਸਿਰਫ਼ ਸਰਕਾਰੀ ਨੌਕਰੀ ਕਰ ਸਕਦੇ ਹਨ ਜਾਂ ਫ਼ੌਜ 'ਚ ਭਰਤੀ ਹੋ ਸਕਦੇ ਹਨ।

"ਕਿਸੇ ਹੋਰ ਦੇ ਖੇਤਾਂ 'ਚ ਖੇਤੀਬਾੜੀ ਦਾ ਕੰਮ ਕਰਨਾ ਸਾਡੇ ਲਈ ਵਰਜਿਤ ਹੈ। ਅਸੀਂ ਸਿਰਫ਼ ਆਪਣੇ ਖੇਤਾਂ 'ਚ ਹੀ ਨਰਮਾ ਚੁਗ ਸਕਦੇ ਹਾਂ। ਭਾਵੇਂ ਸਾਡੇ ਕੋਲ

ਇਕ ਦੋ ਕਿੱਲੇ ਜ਼ਮੀਨ ਦੇ ਹਨ, ਅਸੀਂ ਜ਼ਿੰਮੀਦਾਰ ਹਾਂ, ਮਜ਼ਦੂਰਾਂ ਤੋਂ ਵੱਖਰੇ ਹਾਂ।"

ਜਿਸ ਜਾਤਪਾਤੀ ਅਤੇ ਭਾਈਚਾਰਕ ਪਛਾਣ 'ਤੇ ਉਸ ਨੂੰ ਮਾਣ ਹੈ ਉਹ ਉਸ ਅਤੇ ਉਸ ਵਰਗੀਆਂ ਹੋਰ ਔਰਤਾਂ ਉੱਪਰ ਬੋਝ ਬਣ ਜਾਂਦੀ ਹੈ। ਉਸਨੇ ਮੰਨਿਆ ਕਿ ਕਈ ਵਾਰ ਛੋਟੇ ਕਿਸਾਨ ਕੋਲ ਆਪਣੀ ਜ਼ਮੀਨ ਵੱਡੇ ਕਿਸਾਨ ਨੂੰ ਵੇਚਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਹੁੰਦਾ, "ਪਰ ਇਸ ਹਾਲਤ 'ਚ ਸਭ ਕੁਝ ਹੱਥੋਂ ਨਿਕਲ ਜਾਂਦਾ ਹੈ। ਕੋਈ ਵੀ ਮੇਰੇ ਮੁੰਡਿਆਂ ਨੂੰ ਸਾਕ ਨਹੀਂ ਕਰੇਗਾ।" ਉਹ ਜ਼ਮੀਨ ਵੇਚਣ ਬਾਰੇ ਸੋਚ ਵੀ ਨਹੀਂ ਸਕਦੀ। ਉਹ ਪਰਿਵਾਰ ਦਾ ਗੁਜ਼ਾਰਾ ਚਲਦਾ ਰੱਖਣ, ਜੱਟ ਗੌਰਵ ਨੂੰ ਬਚਾਉਣ ਦੀਆਂ ਵਿਉਂਤਾਂ ਬਣਾ ਰਹੀ ਹੈ ਅਤੇ ਆਪਣੇ ਪੁੱਤਰਾਂ ਨੂੰ ਖੇਤੀਬਾੜੀ ਤੋਂ ਪਰ੍ਹਾਂ ਲਿਜਾਣ ਦਾ ਜੁਗਾੜ ਕਰਨ 'ਚ ਜੁਟੀ ਹੋਈ ਹੈ। ਐਨੇ ਹਠ ਨਾਲ ਘਰ ਦਾ ਸਿਲਸਿਲਾ ਚਲਾਉਣ ਕਰਕੇ ਪਿੰਡ ਦਾ ਹਰ ਬੰਦਾ ਉਸ ਦਾ ਸਤਿਕਾਰ ਕਰਦਾ ਹੈ।

ਫ਼ਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਹਰਜਿੰਦਰ ਕੌਰ ਦੀ ਸਿਰਫ਼ ਤਿੰਨ ਏਕੜ ਜ਼ਮੀਨ ਹੈ। ਉਹ ਆਪਣੀਆਂ ਤਿੰਨ ਸਕੂਲ ਜਾਂਦੀਆਂ ਧੀਆਂ ਨੂੰ ਲੈਕੇ ਖ਼ੁਦ ਖੇਤੀਬਾੜੀ 'ਚ ਜੁਟੀ ਹੋਈ ਹੈ। 2005 'ਚ ਉਸ ਦਾ ਪੁੱਤਰ ਵੱਧ ਨਸ਼ਾ ਕਰ ਲੈਣ ਕਾਰਨ ਮੌਤ ਨੇ ਨਿਗਲ ਲਿਆ ਸੀ। ਲੰਮਾ ਸਮਾਂ ਉਹ ਕਾਫ਼ੀ ਪ੍ਰੇਸ਼ਾਨ ਰਹੀ। ਹਾਲਾਂਕਿ, ਮਾਂ ਅਤੇ ਉਸ ਦੀਆਂ ਤਿੰਨ ਧੀਆਂ ਸਬਜ਼ੀਆਂ ਤੋਂ ਲੈਕੇ ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਘਰ ਦਾ ਸਾਰਾ ਕੰਮ ਕਰਦੀਆਂ ਹਨ, ਫੇਰ ਵੀ ਧੀਆਂ ਨੂੰ ਬੇਗਾਨਾ ਧਨ ਸਮਝਿਆ ਜਾਂਦਾ ਹੈ ਅਤੇ ਉਸਦੇ ਪਤੀ ਨੇ ਕੋਈ ਵੀ ਫ਼ੈਸਲਾ ਲੈਣ ਦਾ ਅਧਿਕਾਰ ਆਪਣੇ ਹੱਥ ਰੱਖਿਆ ਹੋਇਆ ਹੈ, ਉਸ ਦੇ ਵੋਟ ਪਾਉਣ ਦੇ ਅਧਿਕਾਰ ਸਮੇਤ। ਅੱਜਕੱਲ੍ਹ ਉਸ ਨੂੰ ਸਭ ਤੋਂ ਵੱਧ ਫ਼ਿਕਰ ਇਹ ਵੱਢ-ਵੱਢ ਖਾਂਦਾ ਹੈ ਕੀ ਉਹ ਆਪਣੀਆਂ ਧੀਆਂ ਦੇ ਵਿਆਹਾਂ ਲਈ ਹੋਰ ਕਰਜ਼ੇ ਲੈ ਸਕਣਗੇ?

ਕਮਾਊ ਹੋਣ 'ਤੇ ਵੀ ਔਰਤਾਂ ਧੀਆਂ ਨੂੰ ਬੇਗਾਨਾ ਧਨ ਸਮਝਣ ਦੀ ਸਮਝ ਤੋਂ ਖਹਿੜਾ ਨਹੀਂ ਛੁਡਾ ਪਾਉਂਦੀਆਂ ਜਿਨ੍ਹਾਂ ਨੂੰ "ਵਸਾਉਣ" 'ਤੇ ਜਾਂ ਉਨ੍ਹਾਂ ਦੇ "ਆਪਣੇ ਘਰ" ਭੇਜਣ 'ਤੇ ਪੈਸਾ ਖ਼ਰਚ ਕਰਨਾ ਪਵੇਗਾ। ਭਾਵੇਂ ਉਸਨੇ ਬੀਤੇ ਤਿੰਨ ਦਹਾਕਿਆਂ ਦੌਰਾਨ ਖੇਤੀਬਾੜੀ ਦੇ ਪੈਦਾਵਾਰੀ ਅਮਲ ਨੂੰ ਸਪਸ਼ਟ ਅਤੇ ਵਿਹਾਰਕ ਰੂਪ 'ਚ ਵਰਨਣ ਕੀਤਾ, ਪਰ ਉਹ ਇਹੀ ਜ਼ੋਰ ਦਿੰਦੀ ਰਹੀ ਕਿ ਉਹ ਅਨਪੜ੍ਹ ਅਤੇ ਬੇਵਸ ਹੈ। ਇਹ ਕਹਿਣ ਦੀ ਲੋੜ ਨਹੀਂ ਹੈ ਕਿ ਮਿਆਦੀ ਆਰਥਕ ਮੁਸ਼ਕਲਾਂ ਉਨ੍ਹਾਂ ਗੁੰਜਾਇਸ਼ਾਂ ਨੂੰ ਮਿਟਾ ਦਿੰਦੀਆਂ ਹਨ ਜਿਨ੍ਹਾਂ 'ਚ ਬੰਦੇ ਦਾ ਸਵੈਮਾਣ ਜਾਂ ਮਿਹਨਤ ਉੱਪਰ ਮਾਣ ਵਧ-ਫੁਲ ਸਕਦਾ ਹੈ।

ਜਿਨ੍ਹਾਂ ਕੁੜੀਆਂ ਨੂੰ ਛੋਟੀ ਉਮਰੇ ਵਿਆਹ ਦਿੱਤਾ ਗਿਆ ਅਤੇ ਜਵਾਨੀ 'ਚ ਵਿਧਵਾ ਹੋ ਗਈਆਂ ਉਹ ਬੁਰੀ ਤਰ੍ਹਾਂ ਫਸ ਗਈਆਂ ਹਨ। ਮਾਨਸਾ ਜ਼ਿਲ੍ਹੇ 'ਚ 29 ਸਾਲ ਦੀ ਦੋ ਲੜਕਿਆਂ ਦੀ ਮਾਂ ਆਪਣੇ ਸਹੁਰੇ ਨਾਲ ਸਾਰਾ ਦਿਨ ਹੱਡ-ਭੰਨਵੀਂ ਮਿਹਨਤ ਕਰਦੀ ਹੈ। ਉਹ 19 ਸਾਲ ਦੀ ਸੀ ਜਦੋਂ 1990 'ਚ ਉਸਦੇ ਪਤੀ ਨੇ ਖ਼ੁਦਕੁਸ਼ੀ ਕਰ ਲਈ ਸੀ। ਉਨ੍ਹਾਂ ਦੀ ਜ਼ਮੀਨ ਢਾਈ ਏਕੜ ਹੈ। ਉਹ ਘਰ ਦਾ ਅਤੇ ਪਸ਼ੂਆਂ ਦੀ ਸਾਂਭ-ਸੰਭਾਲ ਦਾ ਸਾਰਾ ਕੰਮ ਵੀ ਕਰਦੀ ਹੈ।

"ਮੈਂ ਸਾਰਾ ਕੰਮ ਕਰਦੀ ਹਾਂ ਪਰ ਮੇਰੇ ਕੋਲ ਹੋਰ ਕੋਈ ਰਾਹ ਵੀ ਨਹੀਂ ਹੈ।"

ਉਹ ਬੇਹੱਦ ਉਦਾਸ ਜਾਪਦੀ ਸੀ ਅਤੇ ਭਿਆਨਕ ਇਕਲਾਪਾ ਉਸ ਨੂੰ ਵੱਢ-ਵੱਢ ਖਾਂਦਾ ਸੀ। "17 ਸਾਲ ਦੀ ਉਮਰੇ ਮੇਰਾ ਵਿਆਹ ਕਰ ਦਿੱਤਾ ਗਿਆ ਸੀ ਅਤੇ ਹੁਣ ਮੈਂ ਬੱਚਿਆਂ ਕਾਰਨ ਫਸੀ ਹੋਈ ਹਾਂ। ਐਨੀ ਸਖ਼ਤ ਮਿਹਨਤ ਕਰਨ ਤੋਂ ਬਾਅਦ ਵੀ ਮੈਨੂੰ ਆਪਣੇ ਬੱਚਿਆਂ ਦੇ ਭਵਿੱਖ ਦਾ ਭਰੋਸਾ ਨਹੀਂ ਹੈ। ਫ਼ੈਸਲਾ ਲੈਣ ਦਾ ਹੱਕ ਮੈਨੂੰ ਨਹੀਂ ਹੈ। ਮੈਂ ਸਿਰਫ਼ ਕੰਮ ਕਰਦੀ ਹਾਂ.....।"

ਇਹ ਬੋਲ ਜ਼ਰੱਈ ਸੰਕਟ ਦੀਆਂ ਖੁੱਲ੍ਹ ਰਹੀਆਂ ਪਰਤਾਂ ਦੇ ਮਨਹੂਸ ਪਹਿਲੂ ਨੂੰ ਦਰਸਾਉਂਦੇ ਹਨ, ਜੋ ਖੇਤੀਬਾੜੀ ਕਿਰਤ ਵਿਚ ਔਰਤਾਂ ਦੀ ਭੂਮਿਕਾ ਅਤੇ ਹਿੱਸੇਦਾਰੀ ਮੂਹਰੇ ਨਵੀਂਆਂ ਚੁਣੌਤੀਆਂ 'ਤੇ ਜ਼ੋਰ ਦਿੰਦੇ ਹਨ। ਇਹ ਬੋਲ ਇਹ ਵੀ ਸੰਕੇਤ ਦਿੰਦੇ ਹਨ ਕਿ ਔਰਤਾਂ ਦੀ ਕਿਰਤ ਦੀ ਮਾਨਤਾ ਦੀ ਅਣਹੋਂਦ ਬਦਹਾਲੀ ਦੇ ਸਮਿਆਂ 'ਚ ਉਨ੍ਹਾਂ ਦੀ ਜ਼ਿੰਦਗੀ ਦੀਆਂ ਭਵਿੱਖੀ ਸੰਭਾਵਨਾਵਾਂ ਨੂੰ ਹੋਰ ਵੀ ਸੁੰਗੇੜ ਦਿੰਦੀ ਹੈ। ਉੱਪਰ ਬਿਆਨੇ ਤਿੰਨਾਂ ਹੀ ਮਾਮਲਿਆਂ 'ਚ, ਜਦੋਂ ਔਰਤਾਂ ਕਮਾਈ ਜਾਂ "ਉਪਜਾਊ" ਕਿਰਤ 'ਚ ਤਨਦੇਹੀ ਨਾਲ ਜੁੱਟ ਗਈਆਂ ਫੇਰ ਵੀ ਪਰਿਵਾਰਕ ਕਿਰਤ 'ਚ ਉਨ੍ਹਾਂ ਦਾ ਯੋਗਦਾਨ ਸੁੰਗੜਿਆ ਹੈ। ਸਮੁੱਚਾ ਖੇਤੀਬਾੜੀ ਪ੍ਰਬੰਧ ਖ਼ਾਤਮੇ ਦੇ ਕੰਢੇ 'ਤੇ ਹੋਣ ਕਾਰਨ ਮਗਰਲਾ ਪਹਿਲੂ ਹੋਰ ਵੀ ਮੁਸ਼ਕਲ ਕਾਰਜ ਬਣ ਜਾਂਦਾ ਹੈ। ਬੱਚਿਆਂ ਦੇ ਅਨਿਸ਼ਚਿਤ ਭਵਿੱਖ ਦਾ ਫ਼ਿਕਰ ਉਨ੍ਹਾਂ ਨੂੰ ਵੱਢ-ਵੱਢ ਖਾਂਦਾ ਹੈ ਜੋ ਉਨ੍ਹਾਂ ਦੀਆਂ ਮੁਸੀਬਤਾਂ 'ਚ ਹੋਰ ਵਾਧਾ ਕਰ ਦਿੰਦਾ ਹੈ। ਗੁਰਵਿੰਦਰ ਕੌਰ ਦਾ ਆਪਣੀ ਜ਼ਮੀਨ ਵੇਚੇ ਬਗ਼ੈਰ ਆਪਣੇ ਪੁੱਤਾਂ ਨੂੰ ਵਿਆਹੁਣ ਦਾ ਪੱਕਾ ਇਰਾਦਾ ਅਤੇ ਹਰਜਿੰਦਰ ਕੌਰ ਦੀ ਧੀਆਂ ਦੇ ਵਿਆਹਾਂ ਲਈ ਹੋਰ ਕਰਜ਼ਾ ਮਿਲ ਜਾਣ ਦੀ ਆਸ ਸਾਰਾ ਸਾਲ ਉਨ੍ਹਾਂ ਨੂੰ ਹੱਡ-ਭੰਨਵੀਂ ਮਿਹਨਤ 'ਚ ਲਾਈ ਰੱਖਦੀ ਹੈ। ਇਹ ਸੰਭਵ ਨਹੀਂ ਲਗਦਾ ਕਿ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਬਿਹਤਰ ਹੋਵੇਗਾ, ਖ਼ਾਸ ਕਰਕੇ ਹਰਜਿੰਦਰ ਕੌਰ ਦੀਆਂ ਮਿਹਨਤੀ ਧੀਆਂ ਦਾ ਜਿਨ੍ਹਾਂ ਨੂੰ ਵਿਆਹੁਣ ਲਈ ਕਰਜ਼ਾ ਲੈਣਾ ਪਵੇਗਾ। ਕੀ ਉਸ ਔਰਤ ਨੇ ਆਪਣੇ ਲਈ ਇਹੀ ਜ਼ਿੰਦਗੀ ਚੁਣੀ ਸੀ ਜੋ ਹੁਣ 29 ਸਾਲ ਦੀ ਹੋ ਚੁੱਕੀ ਹੈ? ਜਦੋਂ ਪ੍ਰਬੰਧ ਦੀ ਆਰਥਕ ਤੇ ਸਮਾਜਿਕ ਨਾਬਰਾਬਰੀ ਔਰਤਾਂ ਦੀ ਰੋਜ਼ਮਰਾ ਹੋਂਦ ਦੀ ਤਪੱਸਿਆ ਅਤੇ ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਨੂੰ ਪ੍ਰੀਭਾਸ਼ਤ ਕਰ ਰਹੀ ਹੋਵੇ, ਤਾਂ 'ਔਰਤਾਂ ਲਈ ਚੋਣ' ਬਾਰੇ ਆਮ ਨਾਰੀਵਾਦੀ ਮੁਹਾਵਰੇ ਦਾ ਸਬਰ ਜਵਾਬ ਦੇ ਜਾਂਦਾ ਹੈ। ਜਦੋਂ ਆਰਥਿਕਤਾ ਦੀ ਮੁੜ-ਢਾਂਚਾਬੰਦੀ ਉਨ੍ਹਾਂ ਸੰਭਾਵਨਾਵਾਂ ਦੇ ਪਰ ਹੋਰ ਵੀ ਕੁਤਰ ਦੇਵੇ ਜੋ ਉਹ ਆਪਣੇ ਜਾਂ ਆਪਣੇ ਬੱਚਿਆਂ ਬਾਰੇ ਤਸੱਵਰ ਕਰਦੀਆਂ ਹਨ ਤਾਂ ਮਰਜ਼ੀ ਦੀ ਚੋਣ (option) ਦਾ ਸੰਕਲਪ ਹੋਰ ਵੀ ਧੁੰਦਲਾ ਹੋ ਜਾਂਦਾ ਹੈ।

ਖੇਤੀਬਾੜੀ ਪੈਦਾਵਾਰ 'ਚ ਜੀਅ ਜਾਨ ਨਾਲ ਜੁੱਟ ਜਾਣ ਦੇ ਬਾਵਜੂਦ, ਇਨ੍ਹਾਂ ਔਰਤਾਂ ਨੂੰ ਜ਼ਿੰਦਗੀ 'ਚ ਸਖ਼ਤ ਜੱਦੋਜਹਿਦ ਕਰਨੀ ਪੈਂਦੀ ਹੈ। ਪ੍ਰਤੱਖ ਤੌਰ 'ਤੇ, ਔਰਤਾਂ ਕਿਉਂਕਿ ਪੈਦਾਵਾਰ ਅਤੇ ਸਮਾਜਿਕ ਪੁਨਰ ਉਤਪਾਦਨ ਦੇ ਅੱਡੋ-ਅੱਡ ਖੇਤਰਾਂ ਦਰਮਿਆਨ ਵੰਡੀਆਂ ਹੁੰਦੀਆਂ ਹਨ, ਇਸ ਕਰਕੇ ਔਰਤਾਂ ਦੇ ਕੰਮ ਦੁਆਲੇ ਫੈਲੀ ਅਸਪਸ਼ਟਤਾ ਉਨ੍ਹਾਂ ਦੀਆਂ ਭਵਿੱਖੀ ਸੰਭਾਵਨਾਵਾਂ ਅਤੇ ਸਵੈ-ਮਾਣ ਨੂੰ ਪ੍ਰਭਾਵਤ ਕਰਦੀ ਹੈ। ਜਿਵੇਂ ਕਿਸੇ ਵੀ ਜ਼ਰੱਈ ਢਾਂਚੇ ਵਿਚ ਹੁੰਦਾ ਹੈ, ਜ਼ਮੀਨ ਇਨ੍ਹਾਂ ਔਰਤਾਂ ਲਈ ਰੋਟੀ-ਰੋਜ਼ੀ ਹੈ। ਜੇ ਖੇਤੀਬਾੜੀ ਦੀ ਡਗਮਗਾ ਰਹੀ ਆਮਦਨੀ, ਵਧ

ਰਹੇ ਲਾਗਤ ਖ਼ਰਚੇ, ਮਿੱਟੀ ਦੀ ਜ਼ਰਖੇਜ਼ਤਾ 'ਚ ਗਿਰਾਵਟ ਅਤੇ ਪਾਣੀ ਦਾ ਹੋਰ ਡੂੰਘਾ ਹੁੰਦੇ ਜਾਣਾ ਚਿੰਤਾ ਦਾ ਵਿਸ਼ਾ ਹੈ, ਤਾਂ ਰੋਟੀ-ਰੋਜ਼ੀ ਦੀ ਜੱਦੋਜਹਿਦ ਅਤੇ ਬੱਚਿਆਂ ਦਾ ਭਵਿੱਖ ਹੋਰ ਵੀ ਵੱਧ ਚਿੰਤਾ ਦਾ ਮਾਮਲਾ ਹਨ। ਖੇਤੀਬਾੜੀ ਨਾਲ ਜੁੜੇ ਭਾਈਚਾਰੇ ਮੂਹਰੇ ਸਰ ਨਾ ਕੀਤੀਆਂ ਜਾਣ ਵਾਲੀਆਂ ਮੁਸ਼ਕਲਾਂ ਮੂੰਹ ਅੱਡੀ ਖੜ੍ਹੀਆਂ ਹਨ। ਇੱਥੇ ਕਿਸੇ ਵੀ ਸਖ਼ਤ ਹੱਦ ਤੱਕ ਮਿਹਨਤ ਉਨ੍ਹਾਂ ਦੀ ਅਤੇ ਉਨ੍ਹਾਂ ਦੀ ਔਲਾਦ ਦੀ ਹੋਂਦ ਨੂੰ ਯਕੀਨੀ ਬਣਾਉਂਦੀ ਨਹੀਂ ਜਾਪਦੀ। ਇਹ ਦੁਹਰਾਏ ਜਾਣ ਦੀ ਲੋੜ ਹੈ ਕਿ ਇਹ ਤਿੰਨ ਔਰਤਾਂ ਕਿਸਾਨ ਪਰਿਵਾਰਾਂ ਦੀਆਂ ਜ਼ਿਆਦਾਤਰ ਔਰਤਾਂ ਦੀ ਤੁਲਨਾ 'ਚ ਮੁੱਠੀ ਭਰ ਹੀ ਹਨ। ਜ਼ਿਆਦਾਤਰ ਔਰਤਾਂ ਲਈ, ਜ਼ਿੰਦਗੀ ਦੀ ਜੱਦੋਜਹਿਦ ਅਤੇ ਆਪਣੀ ਪਸੰਦ ਅਨੁਸਾਰ ਜ਼ਿੰਦਗੀ ਦੀ ਚੋਣ ਹੋਰ ਵੀ ਡਾਹਢੀ ਅਤੇ ਹੋਰ ਵੀ ਮੁਸ਼ਕਲਾਂ ਭਰੀ ਹੈ। ਬੇਜ਼ਮੀਨੇ ਅਤੇ ਹੋਰ ਕਿਸਾਨਾਂ, ਜੋ ਪੂਰੀ ਤਰ੍ਹਾਂ ਜਿਸਮਾਨੀ ਮਿਹਨਤ 'ਤੇ ਨਿਰਭਰ ਹਨ, ਦੀਆਂ ਜ਼ਿੰਦਗੀਆਂ ਨੂੰ ਸਮਝਣ ਲਈ ਆਓ ਸੰਖੇਪ 'ਚ ਦੇਖੀਏ ਕਿ ਪੰਜਾਬ ਵਿਚ ਔਰਤਾਂ ਦੀ ਕਿਰਤ ਦੀ ਕੀ ਮਹੱਤਤਾ ਹੈ।

2.1 ਔਰਤਾਂ ਦੀ ਮਿਹਨਤ ਕੀ ਹੈ?

ਹਰੇ ਇਨਕਲਾਬ ਵਲੋਂ ਪੰਜਾਬ ਵਿਚ ਲਿਆਂਦੀ ਗਈ ਸੰਘਣੇ ਸਰਮਾਏ ਵਾਲੀ ਖੇਤੀ ਦੀ ਸਭ ਤੋਂ ਅਹਿਮ ਵਿਸ਼ੇਸ਼ਤਾ ਹੈ ਖੇਤੀ ਪੈਦਾਵਾਰ ਦਾ ਮਸ਼ੀਨੀਕਰਨ। ਮਸ਼ੀਨੀਕਰਨ ਦੇ ਅਮਲ ਅੰਦਰ ਅਪਣਾਏ ਢੰਗਾਂ ਅਤੇ ਅਮਲ 'ਚ ਆਈਆਂ ਕਾਢਾਂ ਦਾ ਸਭ ਤੋਂ ਭੈੜਾ ਅਸਰ ਔਰਤਾਂ ਅਤੇ ਦਲਿਤਾਂ ਦੀ ਕਿਰਤ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਉੱਪਰ ਪਿਆ। ਜਦੋਂ ਸਮਾਜਿਕ ਰਿਸ਼ਤੇ ਕਮਜ਼ੋਰ ਅਤੇ ਜਮਾਤੀ ਨਾਬਰਾਬਰੀਆਂ ਡੂੰਘੀਆਂ ਹੋਣ ਤਾਂ ਕੁਦਰਤੀ ਤੌਰ 'ਤੇ ਤਕਨਾਲੋਜੀ ਦੀ ਸਾਰਥਕਤਾ ਘੱਟ ਜਾਂਦੀ ਹੈ। ਪੰਜਾਬ ਵਰਗੇ ਡੂੰਘੇ ਰੂਪ 'ਚ ਰਵਾਇਤੀ ਅਤੇ ਜਗੀਰੂ ਸਮਾਜ, ਜੋ ਭਾਰੂ ਤੌਰ 'ਤੇ ਖੇਤੀਬਾੜੀ ਸਮਾਜ ਹੈ, ਦਾ ਮਾੜਾ ਅਸਰ ਸਭ ਤੋਂ ਵੱਧ ਦੋ ਹਿੱਸਿਆਂ—ਔਰਤਾਂ ਸਣੇ ਬੇਜ਼ਮੀਨੇ ਖੇਤ ਮਜ਼ਦੂਰਾਂ ਜੋ ਆਮ ਤੌਰ 'ਤੇ ਦਲਿਤ ਹਨ ਅਤੇ ਵੱਖ-ਵੱਖ ਜਾਤਾਂ ਦੇ ਥੁੜ ਜ਼ਮੀਨੇ, ਛੋਟੀਆਂ ਅਤੇ ਦਰਮਿਆਨੀਆਂ ਜੋਤਾਂ ਵਾਲੇ ਪਰਿਵਾਰ ਹਨ—ਨੂੰ ਝੱਲਣਾ ਪਿਆ ਹੈ। ਯਕੀਨਨ ਤੌਰ 'ਤੇ ਵੱਡੇ ਜ਼ਮੀਨ ਮਾਲਕਾਂ ਨੂੰ ਫ਼ਸਲਾਂ ਦਾ ਝਾੜ ਵਧਣ ਤੋਂ ਪੈਦਾ ਹੋਏ ਮੁਨਾਫ਼ੇ ਨਾਲ ਲਾਭ ਹੋਇਆ। ਵੱਧ ਅਹਿਮ ਇਹ ਕਿ, ਅਜਿਹੇ ਹਿੱਸਿਆਂ ਨੇ ਆਪਣਾ ਪੂੰਜੀ-ਨਿਵੇਸ਼ ਗ਼ੈਰ-ਖੇਤੀ ਖੇਤਰਾਂ ਵੱਲ ਮੋੜ ਲਿਆ ਜਿਸ ਦੇ ਕਾਰਨ ਖੇਤੀ ਉੱਪਰ ਉਨ੍ਹਾਂ ਦੀ ਨਿਰਭਰਤਾ ਮੁਕਾਬਲਤਨ ਘਟ ਗਈ, ਹਾਲਾਂਕਿ ਉਨ੍ਹਾਂ ਦੇ ਨਫ਼ੇ ਵਧ ਗਏ। ਹੋਰ ਖੇਤਰਾਂ 'ਚ ਪੂੰਜੀ-ਨਿਵੇਸ਼ ਨਾਲ ਉਨ੍ਹਾਂ ਦੀ ਅਗਲੀ ਪੀੜ੍ਹੀ ਲਈ ਖੇਤੀ ਵਿਚੋਂ ਬਾਹਰ ਨਿਕਲਣਾ ਮਾਲੀ ਤੌਰ 'ਤੇ ਮਹਿਫੂਜ਼ ਹੋ ਗਿਆ। ਜਦਕਿ, ਵੱਡੀ ਗਿਣਤੀ ਜਿਸਦੀ ਨਿਰਭਰਤਾ ਖੇਤੀਬਾੜੀ ਸੀ ਅਤੇ ਅੱਜ ਵੀ ਹੈ, ਲਈ ਮੌਜੂਦਾ ਢਾਂਚੇ ਦੀਆਂ ਸਮਾਜਿਕ ਅਤੇ ਆਰਥਕ ਰਿਸ਼ਤਿਆਂ ਵਿਚਲੀਆਂ ਨਾਬਰਾਬਰੀਆਂ ਹੋਰ ਵੀ ਵਧ ਗਈਆਂ। ਸਾਲਾਂ ਦੇ ਅਰਸੇ 'ਚ ਹੌਲੀ ਹੌਲੀ ਇਹ ਸਪਸ਼ਟ ਹੁੰਦਾ ਗਿਆ। ਜਿਵੇਂ ਇਸ ਕਾਂਡ ਵਿਚਲੀ ਪੁਣਛਾਣ 'ਚੋਂ ਸਾਹਮਣੇ ਆਵੇਗਾ ਜਗੀਰੂ ਅਤੇ ਸਰਮਾਏਦਾਰਾ ਦੋਵਾਂ ਪੈਦਾਵਾਰੀ ਢੰਗਾਂ ਅੰਦਰ ਔਰਤਾਂ ਦੀ ਕਿਰਤ ਨੂੰ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ, ਕਿਰਤ ਦੀ ਮਿਆਦੀ

ਅਤੇ ਵਿਸ਼ੇਸ਼ ਬੇਕਦਰੀ ਹੋਰ ਵੀ ਘੋਰ ਅੰਧਕਾਰ 'ਚ ਧਸ ਗਈ। ਔਰਤਾਂ ਦੀ ਕਿਰਤ ਉੱਪਰ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਪ੍ਰਭਾਵ ਦਾ ਖ਼ਾਕਾ ਦੇਣ ਤੋਂ ਪਹਿਲਾਂ, ਇਸ ਬਾਰੇ ਨਾਰੀਵਾਦੀ ਸਮਝ ਨੂੰ ਦੁਹਰਾਉਣਾ ਜ਼ਰੂਰੀ ਹੋ ਜਾਂਦਾ ਹੈ, ਖ਼ਾਸ ਕਰਕੇ ਜ਼ਰੱਈ ਸਮਾਜ ਅੰਦਰ ਔਰਤਾਂ ਦੇ ਪ੍ਰਸੰਗ 'ਚ।

ਪੈਦਾਵਾਰ ਅਤੇ ਸਮਾਜਿਕ ਪੁਨਰ ਉਤਪਾਦਨ ਦੀ ਅਹਿਮ ਨਾਰੀਵਾਦੀ ਸਮਝ ਨੇ ਉਸ ਬਾਰੇ ਵਧੇਰੇ ਭਰਵੀਂ ਸਮਝ ਦੇ ਅਹਿਮ ਨਵੇਂ ਮੋੜ ਨੂੰ ਦਰਸਾ ਦਿੱਤਾ ਹੈ ਜੋ ਸਮਾਜ ਵਿਚ "ਕੰਮ" ਬਣਦਾ ਹੈ। ਸਾਲਾਂ ਤੋਂ ਕਿਰਤ ਬਾਰੇ ਮਾਰਕਸਵਾਦੀ ਸਮਝ 'ਚ ਨਾਰੀਵਾਦ ਦੇ ਅਮੀਰ ਅਤੇ ਅਹਿਮ ਯੋਗਦਾਨ ਨੇ ਨਿਸ਼ਚਿਤ ਸ਼੍ਰੇਣੀਆਂ—ਕੰਮ/ਕਿਰਤ, ਹੁਨਰੀ/ਗ਼ੈਰਹੁਨਰੀ, ਦਿੱਖ-ਅਦਿੱਖ, ਭੁਗਤਾਈ/ਅਣਭੁਗਤਾਈ, ਜਥੇਬੰਦ/ਗ਼ੈਰਜਥੇਬੰਦ, ਮਾਨਤਾ/ਗ਼ੈਰਮਾਨਤਾ, ਰਸਮੀ/ਗ਼ੈਰਰਸਮੀ ਆਦਿ—ਦਰਮਿਆਨ ਨਿਖੇੜੇ ਨੂੰ ਸਹਿਜੇ ਸਹਿਜੇ ਧੁੰਦਲਾ ਪਾ ਦਿੱਤਾ ਹੈ। ਜਦਕਿ, ਇਹ ਧੁੰਦਲੀਆਂ ਸ਼੍ਰੇਣੀਆਂ ਦਾ ਬੋਧ ਨਾਰੀਵਾਦੀ ਅਤੇ ਜਮਾਤੀ ਦੋਵਾਂ ਤਰ੍ਹਾਂ ਦੇ ਘੋਲਾਂ 'ਚ ਧੀਮੀ ਰਫ਼ਤਾਰ ਨਾਲ ਅਤੇ ਮੁਸ਼ਕਲਾਂ ਭਰਿਆ ਰਿਹਾ ਹੈ ਅਤੇ ਕਈ ਸਮਿਆਂ 'ਤੇ ਸਿਆਸੀ ਅਭਿਆਸ 'ਚ ਇਨ੍ਹਾਂ ਨੂੰ ਮੁਕੰਮਲ ਤਿਲਾਂਜਲੀ ਦੇ ਦਿੱਤੀ ਗਈ।

ਭਾਰਤ ਅੰਦਰ, ਮਾਤਰਾ ਅਤੇ ਕਦਰ ਦੇ ਰੂਪ 'ਚ ਔਰਤਾਂ ਦੀ ਕਿਰਤ ਦਾ ਅੰਦਾਜ਼ਾ ਲਾਉਣ ਦੇ ਢੰਗਾਂ ਦਾ ਕਾਫ਼ੀ ਵਿਸ਼ਲੇਸ਼ਣ ਕੀਤਾ ਗਿਆ ਹੈ। ਘਰ-ਪਰਿਵਾਰ ਨੂੰ ਚਲਾਉਣ 'ਚ ਸ਼ਾਮਲ ਔਰਤਾਂ ਦੇ ਨਿੱਤ ਦੇ ਅਕਾਊ ਕੰਮਾਂ ਦੇ ਵੇਰਵੇ 'ਚ ਖਾਣਾ ਬਣਾਉਣਾ, ਝਾੜੂ-ਪੋਚਾ ਲਾਉਣਾ, ਕੱਪੜੇ ਧੋਣਾ, ਬੱਚੇ ਜੰਮਣਾ ਤੇ ਪਾਲਣਾ, ਬਜ਼ੁਰਗਾਂ ਦੀ ਦੇਖਭਾਲ, ਬਾਲਣ ਅਤੇ ਪੱਠੇ-ਦੱਥੇ ਦਾ ਜੁਗਾੜ ਕਰਨਾ, ਸਬਜ਼ੀਆਂ ਉਗਾਉਣਾ ਵਗੈਰਾ ਸ਼ਾਮਲ ਹੈ। ਵਿਅਕਤੀਆਂ ਦੀ ਜ਼ਿੰਦਗੀ ਅਤੇ ਉਨ੍ਹਾਂ ਨੂੰ ਖਵਾਉਣ-ਪਿਆਉਣ, ਪਾਲਣ-ਪੋਸ਼ਣ ਅਤੇ ਦੇਖਭਾਲ ਸਮੇਤ ਅਜਿਹੇ ਸਾਰੇ ਆਮ ਤੇ ਵਾਰ ਵਾਰ ਕੀਤੇ ਜਾਂਦੇ ਕੰਮਾਂਕਾਰਾਂ ਨੂੰ ਸਮਾਜਿਕ ਪੁਨਰ ਉਤਪਾਦਨ ਦੇ ਖੇਤਰ ਦੇ ਕੰਮ ਮੰਨਿਆ ਜਾ ਸਕਦਾ ਹੈ। ਅਜਿਹੇ ਸਾਰੇ ਕੰਮਾਂ ਨੂੰ ਕੋਈ ਵੀ ਸਮੂਹ ਮਿੱਥ ਸਕਦਾ ਹੈ ਜਿਵੇਂ ਭਾਈਚਾਰਾ ਅਤੇ ਰਾਜ। ਨਾਲ ਹੀ ਇਹ ਟੱਬਰ ਦੇ ਹੋਰ ਜੀਆਂ, ਜਿਹੜੇ ਇਕ ਛੱਤ ਹੇਠ ਰਹਿੰਦੇ ਹਨ ਅਤੇ ਜ਼ਿੰਦਗੀ ਦੀਆਂ ਸਹੂਲਤਾਂ ਹਾਸਲ ਕਰਦੇ ਹਨ, ਦੀ ਹਿੱਸੇਦਾਰੀ ਨਾਲ ਮਿਥੇ ਜਾ ਸਕਦੇ ਹਨ। ਫੇਰ ਵੀ, ਪਰਿਵਾਰ 'ਚ ਔਰਤ ਦਾ ਰੁਤਬਾ ਧਾਰਮਿਕ-ਜਗੀਰੂ ਵਿਚਾਰਧਾਰਾ ਅਤੇ ਆਧੁਨਿਕ ਸਰਮਾਏਦਾਰੀ ਅਧੀਨ ਵਧੇਰੇ ਵਿਅਕਤੀ ਕੇਂਦਰਤ ਸਮਾਜ ਵੱਲ ਮੋੜਾ ਇਹ ਸਭ ਇਨ੍ਹਾਂ ਭੂਮਿਕਾਵਾਂ ਵਿਚ ਔਰਤ ਉੱਪਰ ਜਕੜ ਨੂੰ ਮਜ਼ਬੂਤ ਬਣਾਉਣ ਦਾ ਕੰਮ ਹੀ ਕਰਦੇ ਹਨ। ਇਨ੍ਹਾਂ ਕੰਮਾਂ ਦੇ ਵੱਖੋ-ਵੱਖਰੇ ਜੁੱਟ ਹਨ, ਜੋ ਇਸ 'ਤੇ ਮੁਨੱਸਰ ਕਰਦੇ ਹਨ ਕਿ ਮਾਹੌਲ ਪੇਂਡੂ ਹੈ ਜਾਂ ਸ਼ਹਿਰੀ ਅਤੇ ਔਰਤ 'ਕੱਲੀ-ਇਕਹਿਰੀ ਹੈ, ਮਾਂ ਹੈ, ਨੂੰਹ ਹੈ ਜਾਂ ਸੱਸ ਹੈ। ਇਨ੍ਹਾਂ 'ਚ ਕੁਝ ਕੰਮ ਕੁਝ ਸਾਲਾਂ ਤੱਕ ਚਲਦੇ ਰਹਿੰਦੇ ਹਨ ਜਦਕਿ ਕੁਝ ਪੂਰੀ ਜ਼ਿੰਦਗੀ ਚਲਦੇ ਰਹਿਣ ਵਾਲੇ ਹੁੰਦੇ ਹਨ; ਇਹ ਔਰਤ ਦੀ ਉਮਰ ਅਤੇ ਪਰਿਵਾਰ ਵਿਚ ਹੋਰ ਔਰਤਾਂ ਦੀ ਮੌਜੂਦਗੀ 'ਤੇ ਮੁਨੱਸਰ ਕਰਦਾ ਹੈ। ਜਿਵੇਂ ਅਸੀਂ ਇਸ ਕਾਂਡ ਅੰਦਰ ਬਾਅਦ 'ਚ ਦੇਖਾਂਗੇ, ਖ਼ਾਸ ਤੌਰ 'ਤੇ ਇਨ੍ਹਾਂ ਵਿਚੋਂ ਕੁਝ ਕੰਮ ਸੰਕਟ ਦੇ ਸਮਿਆਂ 'ਚ ਬੁਢਾਪੇ ਦੌਰਾਨ ਮੁੜ ਗਲ ਪੈ ਜਾਂਦੇ ਹਨ। ਇਹ ਅੰਦਾਜ਼ਾ ਲਾਉਣਾ ਮੁਸ਼ਕਲ

ਹੈ ਕਿ ਪਰਿਵਾਰ ਦੇ ਹੋਰ ਜੀਅ ਘਰੇਲੂ ਕੰਮ 'ਚ ਕਿੰਨਾ ਸ਼ਾਮਲ ਰਹਿੰਦੇ ਹਨ। ਜਾਂ, ਉਹ ਹੋਰ ਕਿਹੜੇ ਢੰਗ ਹਨ ਜਿਨ੍ਹਾਂ ਰਾਹੀਂ ਘਰੇਲੂ ਕੰਮ ਕਿਸੇ ਵਿਅਕਤੀ ਦੀ ਜ਼ਿੰਦਗੀ ਦਾ ਲਾਜ਼ਮੀ ਹਿੱਸਾ ਬਣ ਜਾਂਦਾ ਹੈ; ਜਾਂ ਕੀ ਇਸ ਨੂੰ ਐਸੀ ਸਸਤੀ ਕਿਰਤ ਸਮਝਣ ਦਾ ਰੁਝਾਨ ਜਾਰੀ ਹੈ ਜਿਸ ਨੂੰ ਸਭ ਤੋਂ ਸਸਤੀ ਦਰ ਨਾਲ ਖ਼ਰੀਦਿਆ ਜਾ ਸਕਦਾ ਹੋਵੇ।

ਔਰਤਾਂ ਦੇ ਇਕ ਛੋਟੇ ਹਿੱਸੇ, ਖ਼ਾਸ ਕਰਕੇ ਕਸਬਿਆਂ ਅਤੇ ਸ਼ਹਿਰਾਂ ਵਿਚ, ਵਲੋਂ ਘਰੇਲੂ ਸੰਦ ਅਤੇ ਮਸ਼ੀਨਾਂ ਖ਼ਰੀਦਣ ਦੇ ਨਾਲ-ਨਾਲ ਘਰੇਲੂ ਕੰਮ ਕਰਨ ਵਾਲਿਆਂ ਨੂੰ ਕੰਮ 'ਤੇ ਰੱਖਿਆ ਜਾਂਦਾ ਹੈ। ਵੱਡੀ ਗਿਣਤੀ ਔਰਤਾਂ ਲਈ, ਇਹ ਚੋਣ ਹਾਸਲ ਨਹੀਂ ਹੈ। ਇਸ ਨਿੱਕੇ ਜਹੇ ਹਿੱਸੇ ਵਿਚੋਂ, ਬਹੁਤ ਹੀ ਛੋਟਾ ਜਿਹਾ ਹਿੱਸਾ ਔਰਤਾਂ ਪਰਿਵਾਰ ਅਤੇ ਇਸ ਦੇ ਘਰੇਲੂ ਅਕਾਊ ਕੰਮਾਂ ਅਤੇ ਸੰਦਾਂ ਦੀ ਸਮੁੱਚੀ ਜ਼ਿੰਮੇਵਾਰੀ ਤੋਂ ਧਾਰਨਾ ਦੇ ਪੱਧਰ 'ਤੇ ਮੁਕਤ ਹੋਣ 'ਚ ਕਾਮਯਾਬ ਹੋ ਗਈਆਂ ਹਨ। ਇਹ ਮਰਦ ਮੈਂਬਰਾਂ ਦੀ ਘਰੇਲੂ "ਇੰਤਜ਼ਾਮ" 'ਚ ਸ਼ਮੂਲੀਅਤ, ਹੱਕ ਜਤਾਈ ਰਾਹੀਂ ਜਾਂ ਸੰਘਰਸ਼ ਰਾਹੀਂ ਕੰਮ ਵੰਡਾਉਣ 'ਚ ਕਾਮਯਾਬੀ ਹਾਸਲ ਕਰਨ ਰਾਹੀਂ ਹੋ ਸਕਦਾ ਹੈ। ਦੂਜੇ ਪਾਸੇ, ਦੁਖਦਾਈ ਹਾਲਤ ਇਹ ਹੈ ਕਿ ਸਮਾਜ ਦੀਆਂ ਵਿਸ਼ਾਲ ਬਹੁਗਿਣਤੀ ਔਰਤਾਂ ਲਈ ਹਕੀਕਤ ਜਿਉਂ ਦੀ ਤਿਉਂ ਬਣੀ ਹੋਈ ਹੈ। ਇਸ ਦੌਰਾਨ, ਘਰੇਲੂ ਕੰਮ ਵਾਲੀਆਂ ਦੀ ਹਾਲਤ ਹੋਰ ਵੀ ਭੈੜੀ ਹੋਈ ਹੈ। ਉਜਰਤ ਲੈਕੇ ਘਰੇਲੂ ਕੰਮ ਕਰਨ ਵਾਲੀਆਂ ਦੀ ਸਿਰੇ ਦੀਆਂ ਬੇਯਕੀਨੀਆਂ ਸ਼ਰਤਾਂ ਅਤੇ ਕੰਮ ਹਾਲਤਾਂ ਤਹਿਤ ਉਜਰਤੀ ਲੁੱਟਖਸੁੱਟ ਜਾਰੀ ਹੈ। ਨਾਲ ਹੀ ਉਨ੍ਹਾਂ ਨੇ ਤਾਂ "ਕੰਮ" 'ਤੇ ਜਾਣ ਤੋਂ ਪਹਿਲਾਂ ਅਤੇ ਵਾਪਸ ਆਕੇ ਉਹੀ ਕੰਮ ਦੁਹਰਾਉਣੇ ਹੁੰਦੇ ਹਨ। ਜਾਂ, ਕਦੇ-ਕਦਾਈਂ ਉਨ੍ਹਾਂ ਦੀਆਂ ਬਾਲੜੀਆਂ ਧੀਆਂ ਮਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ। ਇਸ ਲਈ, ਜੇ ਅਸੀਂ ਖੇਤੀਬਾੜੀ ਪ੍ਰਧਾਨ ਸਮਾਜ ਦੇ ਪ੍ਰਸੰਗ 'ਚ ਔਰਤਾਂ 'ਤੇ ਨਜ਼ਰ ਮਾਰੀਏ, ਚਾਹੇ ਔਰਤਾਂ ਜ਼ਮੀਨ ਮਾਲਕ ਪਰਿਵਾਰਾਂ ਵਿਚੋਂ ਹਨ ਜਾਂ ਬੇਜ਼ਮੀਨਿਆਂ ਵਿਚੋਂ, ਅਸੀਂ ਦੇਖਦੇ ਹਾਂ ਕਿ ਖੇਤੀਬਾੜੀ ਸਰਗਰਮੀ ਨਾਲ ਅਹਿਮ ਰੂਪ 'ਚ ਸਬੰਧਤ ਹੋਣ ਕਾਰਨ ਔਰਤਾਂ ਦਾ ਕੰਮ ਹੋਰ ਵੀ ਵਧ ਜਾਂਦਾ ਹੈ; ਜਦਕਿ ਖੇਤੀਬਾੜੀ "ਪੈਦਾਵਾਰ ਨੂੰ ਗਿਣਨਯੋਗ ਰੂਪ 'ਚ ਮਰਦ ਦੇ ਕੰਮ" ਵਜੋਂ ਪੇਸ਼ ਕਰਨ ਦਾ ਦਸਤੂਰ ਜਾਰੀ ਹੈ।

ਇਸ ਸਮਾਜ ਵਿਚ ਔਰਤ ਦੇ ਕੰਮ ਦੀ ਬੇਕਦਰੀ ਦਾ ਪ੍ਰਗਟਾਵਾ, ਔਰਤਾਂ ਦੀ ਕਿਰਤ ਦਾ ਮੁੱਲ ਨਾ ਪੈਣ ਅਤੇ ਕੰਮ ਕਿਸੇ ਗਿਣਤੀ 'ਚ ਆਉਣ, ਘੱਟ ਉਜਰਤਾਂ, ਉਜਰਤੀ ਕੰਮਾਂ ਤੱਕ ਪਹੁੰਚ ਨਾ ਹੋਣ ਅਤੇ ਨਾਲ ਹੀ ਫ਼ੈਸਲੇ ਲੈਣ ਦੇ ਅਮਲਾਂ ਤੋਂ ਬਾਹਰ ਰੱਖਣ ਦੇ ਰੂਪ 'ਚ ਹੁੰਦਾ ਹੈ। ਜ਼ਮੀਨ ਮਾਲਕ ਪਰਿਵਾਰਾਂ 'ਚ ਔਰਤਾਂ ਦੇ ਖੇਤੀਬਾੜੀ ਕੰਮ ਅਦਿੱਖ ਅਤੇ ਮਿਹਨਤ ਦਾ ਭੁਗਤਾਨ ਨਾ ਕੀਤੇ ਜਾਣ ਵਾਲੇ ਹੁੰਦੇ ਹਨ ਜਦਕਿ ਮਿਹਨਤ ਹਾਸਲ ਕਰਨ ਵਾਲੇ ਖੇਤ ਮਜ਼ਦੂਰਾਂ ਦੇ ਸਬੰਧ 'ਚ ਔਰਤ ਕਿਰਤੀਆਂ ਲਈ ਇਸ ਦਾ ਅਰਥ ਹੁੰਦਾ ਹੈ ਗ਼ੈਰਬਰਾਬਰ ਉਜਰਤਾਂ। ਦੋਵੇਂ ਤਰ੍ਹਾਂ ਦੇ ਮਾਮਲਿਆਂ 'ਚ, ਰੋਜ਼ਮਰਾ ਦਾ ਲੱਕ ਤੋੜ ਘਰੇਲੂ ਕੰਮ ਅਤੇ ਪਸ਼ੂਆਂ ਅਤੇ ਜਾਨਵਰਾਂ ਦੀ ਸਾਂਭ-ਸੰਭਾਲ ਦੇ ਕੰਮ ਨੂੰ ਔਰਤਾਂ ਦੇ ਕਰਨ ਵਾਲਾ ਕੰਮ ਹੀ ਮੰਨਿਆ ਜਾਂਦਾ ਹੈ। ਡੂੰਘੇ ਹੋ ਰਹੇ ਖੇਤੀਬਾੜੀ ਸੰਕਟ ਦੇ ਪ੍ਰਸੰਗ 'ਚ, ਔਰਤਾਂ—ਨਾਲ ਹੀ ਵਸੋਂ ਦੇ ਇਕ ਸਮੁੱਚੇ ਗਿਣਨਯੋਗ ਹਿੱਸੇ ਵਜੋਂ ਬੇਜ਼ਮੀਨਿਆਂ—ਦੀ ਕਿਰਤ ਨੂੰ ਬਹੁਤ ਸਾਰੀਆਂ

ਹੋਰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਨਾਲ ਉਨ੍ਹਾਂ ਦੀ ਜਿੰਦਗੀ ਅਤੇ ਜੀਵਨ ਗੁਜ਼ਾਰੇ ਦਾ ਟਿਕਾਊਪਣ ਅਸੰਭਵ ਬਣ ਜਾਂਦਾ ਹੈ। ਇਸ ਨੂੰ ਹੋਰ ਨੇੜਿਉਂ ਸਮਝਣ ਲਈ, ਆਓ ਔਰਤਾਂ ਦੇ ਵੱਖ-ਵੱਖ ਹਿੱਸਿਆਂ ਦੀ ਜ਼ਿੰਦਗੀ ਅਤੇ ਜੀਵਨ ਗੁਜ਼ਾਰੇ ਅਤੇ ਇਨ੍ਹਾਂ ਨਾਲ ਸਬੰਧਤ ਮੁੱਦਿਆਂ ਤੇ ਝਾਤ ਮਾਰੀਏ।

2.2 ਕਿਸਾਨ ਔਰਤਾਂ ਜਾਂ ਕਿਸਾਨਾਂ ਦੀਆਂ ਪਤਨੀਆਂ

ਜਿਵੇਂ ਸਾਰੇ ਕਿਸਾਨ ਘੋਲਾਂ ਅਤੇ ਜ਼ਰੱਈ ਸੰਕਟ ਬਾਰੇ ਅਧਿਐਨਾਂ ਤੋਂ ਪਤਾ ਲੱਗਦਾ ਹੈ ਜ਼ਮੀਨ ਉੱਪਰ ਨਿਰਭਰਤਾ ਵੱਖਰੀ ਤਰ੍ਹਾਂ ਦੇ ਖ਼ਤਰਿਆਂ ਨਾਲ ਭਰੀ ਹੋਈ ਹੈ। ਇਸ ਤੋਂ ਇਲਾਵਾ, ਸੋਧੇ ਹੋਏ ਹਿੰਦੂ ਵਿਰਾਸਤ (ਸੋਧ) ਐਕਟ 2005 ਦੇ ਬਾਵਜੂਦ, ਔਰਤਾਂ ਦੇ ਜ਼ਮੀਨ ਮਾਲਕੀ ਦੇ ਹੱਕ ਸਬੰਧੀ ਮੁੱਦੇ ਅਜੇ ਤੱਕ ਸਪਸ਼ਟ ਨਹੀਂ ਹਨ। ਹਾਲਾਂਕਿ ਸੋਧ ਨਾਲ ਸਬੰਧਤ ਉਸ ਵਿਤਕਰੇਬਾਜ਼ ਮੱਦ ਤੋਂ ਕਾਨੂੰਨੀ ਤੌਰ 'ਤੇ ਛੁਟਕਾਰਾ ਮਿਲ ਗਿਆ ਜੋ ਔਰਤਾਂ ਨੂੰ ਖੇਤੀਬਾੜੀ ਵਾਲੀ ਜ਼ਮੀਨ ਉੱਪਰ ਹੱਕ ਇਸਤੇਮਾਲ ਕਰਨ ਤੋਂ ਰੋਕਦੀ ਸੀ, ਪਰ ਜ਼ਿਆਦਾਤਰ ਔਰਤਾਂ ਲਈ ਪਰਿਵਾਰਕ ਤਾਕਤ ਦੇ ਢਾਂਚੇ ਨਾਲ ਟੱਕਰ ਲੈਣੀ ਹਾਲੇ ਵੀ ਮੁਸ਼ਕਲ ਬਣੀ ਹੋਈ ਹੈ। ਅਸਲ ਵਿਚ, ਬਹੁਤ ਥੋੜ੍ਹੀਆਂ ਦੇ ਨਾਂ ਹੀ ਜ਼ਮੀਨ ਦਾ ਪਟਾ ਹੈ। ਅਤੇ ਐਸੇ ਮਾਮਲੇ ਹਨ ਜਿਥੇ ਪਤੀ ਦੀ ਮੌਤ ਤੋਂ ਬਾਅਦ ਕਾਗਜ਼ਾਂ ਵਿਚ ਤਾਂ ਪਟਾ ਔਰਤ ਦੇ ਨਾਂ ਹੁੰਦਾ ਹੈ ਪਰ ਅਕਸਰ ਹੀ ਜ਼ਮੀਨ ਅਤੇ ਖੇਤੀਬਾੜੀ ਦਾ ਕਰਤਾ-ਧਰਤਾ ਦਿਉਰ-ਜੇਠ ਜਾਂ ਸਹੁਰਾ ਹੁੰਦਾ ਹੈ। ਜਦੋਂ ਭਾਈਆਂ ਦੇ ਪਰਿਵਾਰ ਜੁਦਾ ਚੱਲ ਰਹੇ ਹੋਣ ਅਕਸਰ ਹੀ ਮਾਮਲਾ ਇੰਞ ਹੁੰਦਾ ਹੈ। ਜੋ ਸਿੱਧੇ ਰੂਪ 'ਚ ਖੇਤੀਬਾੜੀ 'ਚ ਲੱਗੀਆਂ ਹੁੰਦੀਆਂ ਹਨ ਸ਼ੁਰੂ 'ਚ ਉਹ ਜਿਵੇਂ ਹਿਸਾਬ-ਕਿਤਾਬ ਦੀਆਂ ਹੱਕਦਾਰ ਹੁੰਦੀਆਂ ਹਨ, ਇਸ ਦੇ ਉਲਟ, ਜੋ ਜ਼ਿਆਦਾਤਰ ਔਰਤਾਂ ਜ਼ਮੀਨ ਦੀਆਂ ਮਾਲਕ ਹੁੰਦੀਆਂ ਹਨ ਉਹ ਜਾਂ ਤਾਂ ਜ਼ਮੀਨ ਨਗਦ ਪੈਸੇ ਖ਼ਾਤਰ ਠੇਕੇ 'ਤੇ ਦੇ ਦਿੰਦੀਆਂ ਹਨ ਜਾਂ ਫ਼ਸਲ ਲੈਣ ਲਈ ਖੇਤੀਬਾੜੀ ਦਾ ਕੰਮ ਦਿਉਰਾਂ-ਜੇਠਾਂ ਹਵਾਲੇ ਕਰ ਦਿੰਦੀਆਂ ਹਨ ਜਾਂ ਕਦੇ-ਕਦਾਈਂ ਪੁੱਤਰਾਂ ਜਾਂ ਦਿਹਾੜੀਦਾਰ ਕਾਮਿਆਂ ਦੇ ਕੰਮ ਦੀ ਨਿਗਰਾਨੀ ਕਰਦੀਆਂ ਹਨ। ਇਸ ਲਈ ਇਹ ਦੇਖਣਾ ਵਿਅੰਗਮਈ ਹੈ ਕਿ ਕਿਵੇਂ ਅਤੇ ਕਿਨ੍ਹਾਂ ਤਣਾਅਪੂਰਨ ਅਤੇ ਦਰਦਨਾਕ ਹਾਲਾਤਾਂ 'ਚ ਔਰਤਾਂ ਜ਼ਮੀਨ ਅਤੇ ਇਸ ਦੀ ਪੈਦਾਵਾਰ ਹਾਸਲ ਕਰਦੀਆਂ ਹਨ। ਆਓ ਤਿੰਨ ਦਰਮਿਆਨੀਆਂ ਜੋਤਾਂ ਵਾਲੇ ਪਰਿਵਾਰਾਂ ਵਿਚੋਂ ਇਕ ਦੀ ਮਿਸਾਲ ਲਈਏ ਜੋ ਸਾਨੂੰ ਇਹ ਕਲਪਨਾ ਕਰਨ 'ਚ ਸਹਾਈ ਹੋਵੇਗੀ ਕਿ ਬਾਕੀਆਂ ਦੀ ਹਾਲਤ ਕਿਹੋ ਜਿਹੀ ਹੋਵੇਗੀ। 51 ਸਾਲ ਦੀ ਕੁਲਵਿੰਦਰ ਕੌਰ, 2007 'ਚ ਜਿਸ ਦਾ 31 ਸਾਲ ਦਾ ਪੁੱਤ ਵਿਛੋੜਾ ਦੇ ਗਿਆ, ਘਰੇਲੂ ਕੰਮਾਂ-ਧੰਦਿਆਂ ਅਤੇ ਪਸ਼ੂਆਂ ਦੀ ਦੇਖਭਾਲ ਦੇ ਕੰਮ 'ਚ ਜੁੱਟੇ ਰਹਿਣ ਤੋਂ ਇਲਾਵਾ ਖੇਤੀਬਾੜੀ ਦੇ ਜ਼ੋਰਦਾਰ ਕੰਮ 'ਚ ਵੀ ਲੱਗੀ ਰਹਿੰਦੀ ਹੈ। ਉਸ ਕੋਲ 13 ਏਕੜ ਜ਼ਮੀਨ ਹੈ, ਉਹ ਕਾਮੇ ਰੱਖਕੇ ਖੇਤੀ ਦਾ ਸਿਲਸਿਲਾ ਚਲਾਉਂਦੀ ਹੈ। ਪਰਿਵਾਰ 'ਚ ਉਸ ਨੂੰ ਦੋ ਮਰੀਜ਼ਾਂ ਦੀ ਦੇਖਭਾਲ ਕਰਨੀ ਪੈਂਦੀ ਹੈ—ਬੀਮਾਰ ਪਤੀ ਅਤੇ ਸਹੁਰੇ ਦੀ। ਵਿਲੱਖਣ ਗੱਲ ਇਹ ਹੈ ਕਿ ਉਹ ਜ਼ਮੀਨ ਦੀ ਮਾਲਕ ਨਹੀਂ ਹੈ ਪਰ ਪਰਿਵਾਰ ਦੇ ਮਰਦਾਂ ਦੀ ਸਿਹਤ ਕਮਜ਼ੋਰ ਹੋਣ ਕਾਰਨ ਅਤੇ ਉਨ੍ਹਾਂ ਦੇ ਸਰੀਰ ਜ਼ਮੀਨ ਦੀ ਦੇਖਭਾਲ ਕਰਨ ਜੋਗੇ ਨਾ ਹੋਣ ਕਾਰਨ

ਸਭ ਕਾਸੇ ਦੀ ਕਰਤਾ-ਧਰਤਾ ਉਹੀ ਹੈ। ਪੁੱਤ ਦੇ ਖ਼ੁਦਕੁਸ਼ੀ ਕਰ ਲੈਣ ਕਾਰਨ ਉਸ ਦਾ ਪਤੀ ਡੂੰਘੇ ਮਾਨਸਿਕ ਸਦਮੇ ਦਾ ਸ਼ਿਕਾਰ ਹੈ। ਕੁਲਵਿੰਦਰ ਕੌਰ ਦੇ ਆਪਣੇ ਤਿੰਨ-ਚਾਰ ਓਪਰੇਸ਼ਨ ਹੋ ਚੁੱਕੇ ਹਨ, ਇਨ੍ਹਾਂ ਲਈ ਵੀ ਉਸਨੂੰ ਕਰਜ਼ਾ ਲੈਣਾ ਪਿਆ; ਪਰ ਦਿਨ-ਰਾਤ ਸਖ਼ਤ ਮਿਹਨਤ ਕਰਕੇ ਉਹ ਜ਼ਮੀਨ, ਪਰਿਵਾਰ, ਕਾਮਿਆਂ, ਪਸ਼ੂਆਂ ਅਤੇ ਦੋ ਮਰੀਜ਼ਾਂ ਨੂੰ ਸਾਂਭ ਰਹੀ ਹੈ। ਸ਼ਾਇਦ, ਉਹ ਆਪਣੀ ਮਿਹਨਤ ਸਦਕਾ ਕਰਜ਼ਾ ਲਾਹੁਣ 'ਚ ਕਾਮਯਾਬ ਹੋ ਜਾਵੇ। ਪਰ ਇਹ ਸਪਸ਼ਟ ਦੇਖਿਆ ਜਾ ਸਕਦਾ ਹੈ ਕਿ ਇਨ੍ਹਾਂ ਘੋਰ ਅਤੇ ਦਰਦਨਾਕ ਹਾਲਾਤਾਂ 'ਚ ਹੀ ਔਰਤਾਂ ਨੂੰ ਸਾਰੇ ਫ਼ੈਸਲੇ ਲੈਣੇ ਪੈਂਦੇ ਹਨ। ਫ਼ਿਰੋਜ਼ਪੁਰ ਦੇ ਮਮਦੋਟ ਬਲਾਕ ਨਾਲ ਸਬੰਧਤ 10 ਏਕੜ ਦੀਆਂ ਮਾਲਕ ਔਰਤਾਂ ਦੀ ਕਹਾਣੀ ਵੱਖਰੀ ਹੈ। ਜ਼ਮੀਨ ਉਨ੍ਹਾਂ ਦੇ ਨਾਂ ਹੈ ਪਰ ਜਾਇਦਾਦ ਵੇਚਣ, ਨਵੇਂ ਕਰਜ਼ੇ ਲੈਣ ਜਾਂ ਅਗਾਂਹ ਪੈਸਾ ਕਿਥੇ ਖ਼ਰਚਣਾ ਹੈ ਇਸ ਦੇ ਸਾਰੇ ਫ਼ੈਸਲੇ ਇਨ੍ਹਾਂ ਦੇ ਦਿਉਰ-ਜੇਠ ਲੈਂਦੇ ਹਨ। ਅਸਲ ਵਿਚ, ਦੋਵਾਂ ਮਾਮਲਿਆਂ 'ਚ ਭਤੀਜੇ ਗੱਲਬਾਤ 'ਚ ਸ਼ਾਮਲ ਸਨ ਅਤੇ ਉਨ੍ਹਾਂ ਨੇ ਸ਼ਰੇਆਮ ਕਿਹਾ, "ਇਸ ਨੂੰ ਕੀ ਪਤੈ।" ਔਰਤਾਂ ਦੇ ਫ਼ੈਸਲੇ ਲੈਣ ਅਤੇ ਉਨ੍ਹਾਂ ਦੇ ਆਪਣੀ ਜ਼ਮੀਨ-ਜਾਇਦਾਦ ਦੇ ਕੰਟਰੋਲ ਦੇ ਹੱਕ ਨੂੰ ਅਕਸਰ ਹੀ ਪਰਿਵਾਰ ਦਾ ਢਾਂਚਾ ਤੈਅ ਕਰਦਾ ਹੈ।

ਜਦੋਂ ਆੜ੍ਹਤੀਏ ਨੂੰ ਇਕ ਹਿੱਸਾ ਜ਼ਮੀਨ ਵੇਚਕੇ ਵੀ ਮਿੱਠੂ ਸਿੰਘ ਦੇ ਹੱਥ-ਪੱਲੇ ਕੁਝ ਨਾ ਪਿਆ ਤਾਂ ਉਸਨੇ ਖ਼ੁਦਕੁਸ਼ੀ ਕਰ ਲਈ। ਇਹ ਜਨਵਰੀ 2004 ਦੀ ਗੱਲ ਹੈ। ਉਸ ਦਾ ਪਿੰਡ ਮਾਨਸਾ ਬਲਾਕ 'ਚ ਹੈ। ਉਸਦੀ ਪਤਨੀ ਅੱਜਕੱਲ੍ਹ ਆਪਣੇ ਦਿਉਰ ਦੀ ਸਵਾ ਏਕੜ ਜ਼ਮੀਨ ਠੇਕੇ 'ਤੇ ਲੈਕੇ ਖੇਤੀ ਕਰਦੀ ਹੈ। ਉਸ ਦਾ ਪੁੱਤਰ ਉਦਾਸੀ ਰੋਗ ਤੋਂ ਪੀੜਤ ਅਤੇ ਸ਼ਰਾਬੀ ਹੈ। ਉਹ ਕਹਿੰਦੀ ਹੈ ਕਿ ਸਾਰੇ ਫ਼ੈਸਲੇ ਉਸ ਨੂੰ ਖ਼ੁਦ ਹੀ ਲੈਣੇ ਪੈਂਦੇ ਹਨ ਕਿਉਂਕਿ ਹੋਰ ਕੋਈ ਚਾਰਾ ਹੀ ਨਹੀਂ ਹੈ ਅਤੇ ਇਸ ਨਾਲ ਆਮ ਹੀ ਦਿਮਾਗ 'ਤੇ ਬੋਝ ਬਣਿਆ ਰਹਿੰਦਾ ਹੈ। ਬੋਲਚਾਲ ਪੱਖੋਂ ਖੁੱਲ੍ਹੇ ਸੁਭਾਅ ਦੀ ਅਤੇ ਮਿਹਨਤੀ ਹੋਣ ਕਾਰਨ ਉਹ ਕੰਮ 'ਚ ਜੁੱਟੀ ਰਹਿੰਦੀ ਹੈ, ਅਤੇ ਜ਼ਮੀਨ, ਪਸ਼ੂਆਂ, ਬੱਚਿਆਂ ਅਤੇ ਪੋਤਿਆਂ ਬਾਰੇ ਵੀ ਆਪ ਹੀ ਫ਼ੈਸਲੇ ਲੈਂਦੀ ਹੈ। ਜਦਕਿ ਸਾਂਝਾ ਪਰਿਵਾਰ ਨਾ ਹੋਣ ਦੇ ਬਾਵਜੂਦ ਵੀ, ਔਰਤਾਂ ਨੂੰ ਦਿੱਤਾ ਗਿਆ ਨੀਵਾਂ ਰੁਤਬਾ ਵੀ ਕਈ ਮਾਮਲਿਆਂ 'ਚ ਅਕਸਰ ਹੀ ਉਨ੍ਹਾਂ ਦੀਆਂ ਖ਼ੁਦ ਦੀਆਂ ਸਵੈ-ਧਾਰਨਾਵਾਂ ਨੂੰ ਪ੍ਰਭਾਵਤ ਕਰਦਾ ਹੈ। ਤਾਂ ਵੀ, ਔਰਤਾਂ ਨੂੰ ਕਿਸਾਨ ਨਹੀਂ ਸਮਝਿਆ ਜਾਂਦਾ—ਸਿਰਫ਼ ਕਿਸਾਨਾਂ ਦੀਆਂ ਪਤਨੀਆਂ ਸਮਝਿਆ ਜਾਂਦਾ ਹੈ।[1]

---

1. ਦੇਸ਼ ਦੇ ਵੱਡੇ ਹਿੱਸਿਆਂ ਵਿਚ ਆਦਮੀ ਤਾਂ ਖੇਤੀਬਾੜੀ ਦਾ ਕੰਮ ਛੱਡ ਦਿੰਦੇ ਹਨ ਪਰ ਔਰਤਾਂ ਕਰਦੀਆਂ ਰਹਿੰਦੀਆਂ ਹਨ। ਪੇਂਡੂ ਆਰਥਿਕਤਾ ਅੰਦਰ, ਚਾਹੇ ਇਸ ਖੇਤਰ ਵਿਚਲਾ ਕੁੱਲ ਰੁਜ਼ਗਾਰ ਘਟ ਗਿਆ ਹੈ ਫਿਰ ਵੀ 83 ਫ਼ੀ ਸਦੀ ਔਰਤਾਂ ਅਤੇ 67 ਫ਼ੀ ਸਦੀ ਆਦਮੀ ਖੇਤੀਬਾੜੀ ਦੇ ਕੰਮ ਵਿਚ ਲੱਗੇ ਹੋਏ ਹਨ। ਭਾਵੇਂ ਆਰਥਿਕਤਾ ਦੇ ਪ੍ਰਾਇਮਰੀ ਖੇਤਰ (ਖੇਤੀਬਾੜੀ) ਅੰਦਰ ਮਰਦ ਮਜ਼ਦੂਰਾਂ ਦੀ ਫ਼ੀ ਸਦੀ 1972-73 ਤੋਂ 2005-05 ਵਿਚ 83.3 ਤੋਂ ਘਟ ਕੇ 67.1 ਰਹਿ ਗਈ ਹੈ ਪਰ ਔਰਤਾਂ ਦਾ ਹਿੱਸਾ ਇਸੇ ਸਮੇਂ ਵਿਚ 89.7 ਫ਼ੀ ਸਦੀ 83.3 ਫ਼ੀ ਸਦੀ ਤਕ ਹੀ ਘਟਿਆ ਹੈ। ਮੈਥਰੇਈ ਕਰਿਸ਼ਨਾਰਾਜ ਅਤੇ ਅਰੁਨਾ ਕਾਂਚੀ, Women Farmers in India, page 44, National Book Trust, 2008, New Delhi.

ਕੁਝ ਟਾਵੇਂ-ਟਾਵੇਂ ਮਾਮਲਿਆਂ 'ਚ, ਜਿਥੇ ਔਰਤਾਂ ਨੇ ਮਾਲਕੀ ਦੇ ਨਾਲ-ਨਾਲ ਜ਼ਮੀਨ ਦਾ ਕੰਟਰੋਲ ਵੀ ਹਾਸਲ ਕਰ ਲਿਆ ਉਥੇ ਹਿੰਸਕ ਅਤੇ ਸ਼ਰਾਬੀ ਪਤੀ ਦੇ ਨਿੱਤ ਦੇ ਜ਼ੁਲਮਾਂ ਤੋਂ ਨਿਜਾਤ ਮਿਲ ਜਾਣ ਦੀ ਅਜੀਬ ਸ਼ਾਂਤੀ ਵੀ ਹੈ। 40 ਸਾਲਾਂ ਦੀ ਕੁਲਜੀਤ ਕੌਰ ਆਪਣੀ ਮਾਂ ਦੇ ਸਰਗਰਮ ਸਹਿਯੋਗ ਨਾਲ ਚਾਰ ਬੱਚੇ ਪਾਲ ਰਹੀ ਹੈ ਜੋ ਹਰ ਪੈਰ 'ਤੇ ਉਸਦੀ ਮਦਦ ਕਰਦੀ ਹੈ ਅਤੇ ਤਕੜਾ ਇਖ਼ਲਾਕੀ ਸਹਾਰਾ ਬਣੀ ਹੋਈ ਹੈ। ਜਿਵੇਂ ਅਗਲੇ ਕਾਂਡ 'ਚ ਚਰਚਾ ਕੀਤੀ ਜਾਵੇਗੀ ਮਾਪਿਆਂ ਦਾ ਸਹਾਰਾ ਲੈਣਾ ਵੀ ਆਪਣੇ ਆਪ 'ਚ ਵਿਲੱਖਣ ਹੈ। ਉਸ ਕੋਲ 3.5 ਏਕੜ ਜ਼ਮੀਨ ਹੈ। ਉਸਦੇ ਪਤੀ ਨੇ ਕਰਜ਼ਾ ਲਾਹੁਣ ਲਈ ਡੇਢ ਏਕੜ ਜ਼ਮੀਨ ਵੇਚ ਦਿੱਤੀ ਸੀ ਅਤੇ ਨਿੱਤ ਦਾ ਸ਼ਰਾਬੀ ਬਣ ਗਿਆ ਸੀ। ਉਹ ਐਨਾ ਮੁਥਾਜ ਸੀ ਕਿ ਪਿੰਡ ਵਿਚ ਕੋਈ ਘਰ ਐਸਾ ਨਹੀਂ ਸੀ ਜਿਸ ਤੋਂ ਉਸਨੇ ਦਾਰੂ ਲੈਣ ਲਈ ਉਧਾਰ ਨਾ ਲਿਆ ਹੋਵੇ। ਉਹ ਘਰ ਦਾ ਸਮਾਨ ਵੀ ਵੇਚਣ ਲੱਗ ਪਿਆ ਸੀ ਅਤੇ ਅਕਸਰ ਹੀ ਉਹ ਆਪਣੀ ਪਤਨੀ ਦੀ ਮਾਰਕੁੱਟ ਕਰਦਾ ਸੀ। 2005 'ਚ ਉਸਨੇ ਖ਼ੁਦਕੁਸ਼ੀ ਕਰ ਲਈ ਸੀ। ਕੁਲਜੀਤ ਕੌਰ ਸਾਲ 'ਚ ਦੋ ਵਾਰ ਆਪਣੇ ਦਿਉਰ ਦੇ ਘਰੋਂ ਦਾਣਾ-ਫੱਕਾ ਲੈ ਆਉਂਦੀ ਹੈ ਅਤੇ ਆਪਣੇ ਘਰੋਂ ਪਸ਼ੂਆਂ ਅਤੇ ਖੇਤੀ ਸਬੰਧੀ ਹੋਰ ਕੰਮਕਾਰ ਦੀ ਨਿਗਰਾਨੀ ਕਰਦੀ ਹੈ। ਉਹ ਹੋਰ ਨਿੱਕੇ-ਮੋਟੇ ਖ਼ਰਚਿਆਂ ਅਤੇ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਭਵਿੱਖ ਦੀ ਵਿਉਂਤਬੰਦੀ ਕਰਦੀ ਹੈ। ਭਾਵੇਂ ਉਹ ਹੱਦੋਂ ਵੱਧ ਬੋਝ ਮਹਿਸੂਸ ਕਰਦੀ ਹੈ, ਪਰ ਉਸ ਨੇ ਆਪਣੀ ਜ਼ਿੰਦਗੀ, ਜਾਇਦਾਦ ਅਤੇ ਬੱਚਿਆਂ ਬਾਰੇ ਜੋ ਥੋੜ੍ਹੀ ਰਾਹਤ ਪਾ ਲਈ ਹੈ ਉਹ ਸਭ ਦੇ ਸਾਹਮਣੇ ਹੈ।

ਜਿਨ੍ਹਾਂ ਮਾਮਲਿਆਂ 'ਚ ਪਤੀ ਦੀ ਮੌਤ ਲੰਮਾ ਸਮਾਂ ਪਹਿਲਾਂ ਹੋ ਗਈ ਸੀ, ਜਾਪਦਾ ਹੈ ਕਿ ਉੱਥੇ ਔਰਤਾਂ ਨੇ ਜ਼ਮੀਨ ਸਬੰਧੀ ਮਾਮਲਿਆਂ 'ਚ ਫ਼ੈਸਲੇ ਲੈਣ ਦੀ ਪੁੱਗਤ ਤਾਂ ਹਾਸਲ ਕਰ ਲਈ ਪਰ ਮਾਲਕੀ ਨਹੀਂ ਮਿਲੀ। ਜਦਕਿ, ਥੁੜ ਜ਼ਮੀਨੇ ਜਾਂ ਛੋਟੇ ਕਿਸਾਨ ਪਰਿਵਾਰਾਂ ਲਈ ਅਜਿਹੀ ਹਾਲਤ ਵੀ ਰਾਹਤ ਵਾਲੀ ਨਹੀਂ ਹੈ ਕਿਉਂਕਿ ਕੁਝ ਕਨਾਲ ਜਾਂ ਦੋ ਏਕੜ ਜ਼ਮੀਨੀ ਜੋਤ ਦੇ ਫ਼ੈਸਲੇ ਮੁੱਖ ਤੌਰ 'ਤੇ ਇਸ ਨੂੰ ਠੇਕੇ 'ਤੇ ਦੇਣ ਅਤੇ ਸਾਲ 'ਚ ਦੋ ਵਾਰ ਠੇਕੇ ਦੀ ਰਕਮ ਪ੍ਰਾਪਤ ਕਰਨ ਦੇ ਹੀ ਹੁੰਦੇ ਹਨ। ਅਜਿਹੇ ਮਾਮਲਿਆਂ 'ਚ, ਆਮ ਤੌਰ 'ਤੇ ਜ਼ਮੀਨ ਠੇਕੇ 'ਤੇ ਦੇ ਦਿੱਤੀ ਜਾਂਦੀ ਹੈ। ਇਸ ਸਰਵੇਖਣ 'ਚ ਜੋ ਥੁੜ ਜ਼ਮੀਨੀਆਂ ਜਾਂ ਛੋਟੀਆਂ ਜੋਤਾਂ ਨਾਲ ਸਬੰਧਤ ਔਰਤਾਂ ਸ਼ਾਮਲ ਕੀਤੀਆਂ ਗਈਆਂ, ਸਾਰੇ ਖ਼ਰਚੇ ਕੱਢਕੇ ਉਨ੍ਹਾਂ ਦੀ ਆਮਦਨੀ ਸਾਲ 'ਚ ਦੋ ਵਾਰ ਦਸ ਹਜ਼ਾਰ ਰੁਪਏ ਪ੍ਰਤੀ ਏਕੜ ਤੋਂ ਲੈ ਕੇ ਵੱਧ ਤੋਂ ਵੱਧ ਬਾਰਾਂ ਹਜ਼ਾਰ ਰੁਪਏ ਹੀ ਹੁੰਦੀ ਹੈ। ਇਹ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਵੀ ਕਾਫ਼ੀ ਨਹੀਂ ਹੈ। ਰੋਜ਼ਾਨਾ ਖ਼ਰਚੇ ਦੁੱਧ ਵੇਚਕੇ ਪੂਰੇ ਕੀਤੇ ਜਾਂਦੇ ਹਨ। ਜਿਵੇਂ ਪਿਛਲੇ ਕਾਂਡ ਵਿਚ ਚਰਚਾ ਕੀਤੀ ਗਈ ਹੈ ਜੇ ਦਿਉਰ-ਜੇਠ ਜਾਂ ਸਹੁਰਾ ਨਾ ਹੋਵੇ ਤਾਂ ਜ਼ਮੀਨ ਠੇਕੇ 'ਤੇ ਦੇਣ ਸਮੇਂ ਪੰਚਾਇਤ ਜਾਂ ਕਿਸਾਨ ਜਥੇਬੰਦੀ ਦੀ ਮਦਦ ਲਈ ਜਾਂਦੀ ਹੈ।

ਸਮਾਜ 'ਚ ਵਿਚਰਨ ਦੀ ਖੁੱਲ੍ਹ ਨਾ ਹੋਣ ਕਾਰਨ ਬਹੁਤੀਆਂ ਜੱਟ ਸਿੱਖ ਔਰਤਾਂ ਨੇ ਦਿਹਾੜੀ-ਦੱਪਾ ਕਰਨ ਨੂੰ ਅਸੰਭਵ ਦੱਸਿਆ। ਘਰੋਂ ਬਾਹਰ ਜਾ ਕੇ, ਖ਼ਾਸ ਕਰਕੇ ਬੇਗਾਨੇ ਖੇਤਾਂ ਵਿਚ ਕੰਮ ਕਰਨਾ ਉਨ੍ਹਾਂ ਲਈ ਮਿਹਣਾ ਹੈ। ਪਰ ਜਦੋਂ ਕਿਸੇ ਔਰਤ ਦਾ ਕੋਈ ਨਹੀਂ ਹੁੰਦਾ ਤਾਂ ਜਾਤਪਾਤੀ ਪਛਾਣ ਦਾ ਬਹੁਤਾ ਅਰਥ ਨਹੀਂ ਰਹਿ ਜਾਂਦਾ।

ਇਕ ਮਿਸਾਲ, 65 ਸਾਲ ਦੀ ਜੱਟ ਸਿੱਖ ਔਰਤ ਦੀ ਹੈ, ਜਿਸ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੈ, ਉਸਨੇ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਜਾਤਪਾਤੀ ਨੇਮਾਂ ਨੂੰ ਠੋਕਰ ਮਾਰ ਦਿੱਤੀ ਕਿਉਂਕਿ ਉਸਦੇ ਪਰਿਵਾਰ 'ਚ ਕੋਈ ਨਹੀਂ ਬਚਿਆ। ਉਹ ਗੋਹਾ-ਕੂੜਾ ਕਰਕੇ 450 ਰੁਪਏ ਮਹੀਨਾ ਕਮਾਉਂਦੀ ਹੈ; 200 ਰੁਪਏ 12 ਮੱਝਾਂ ਵਾਲੇ ਦੇ ਅਤੇ 150 ਰੁਪਏ ਪੰਜ ਮੱਝਾਂ ਵਾਲੇ ਦੇ ਕੰਮ ਕਰਕੇ। ਆਮ ਤੌਰ 'ਤੇ ਇਕ ਮੱਝ ਦੇ ਗੋਹੇ-ਕੂੜੇ ਦੀ ਮਜ਼ਦੂਰੀ 25 ਰੁਪਏ ਮਹੀਨਾ ਹੈ। ਭਾਵੇਂ 12 ਵਜੇ ਤੱਕ ਉਹ ਕੰਮ ਮੁਕਾ ਲੈਂਦੀ ਹੈ, ਪਰ ਉਸਦੀ ਉਮਰ ਦੇ ਲਿਹਾਜ਼ ਨਾਲ ਇਹ ਕੰਮ ਕਾਫ਼ੀ ਸਖ਼ਤ ਹੈ। ਉਹ ਨਰਮਾ ਚੁਗਕੇ ਆਪਣਾ ਤੋਰਾ ਤੋਰਨਾ ਚਾਹੁੰਦੀ ਹੈ ਪਰ ਹੱਥਾਂ ਦੇ ਅੱਟਣ ਇਹ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੰਦੇ।

ਜਿਨ੍ਹਾਂ ਕੁਝ ਔਰਤਾਂ ਨੇ ਸਕੂਲ ਜਾਂ ਥੋੜ੍ਹੀ ਕਾਲਜ ਦੀ ਪੜ੍ਹਾਈ ਕੀਤੀ ਹੋਈ ਹੈ, ਕਮਾਈ ਦੇ ਹੋਰ ਸਾਧਨ ਲੱਭਣਾ ਉਨ੍ਹਾਂ ਦੀ ਸੋਚ ਤੋਂ ਵੀ ਬਾਹਰੀ ਚੀਜ਼ ਹੈ। ਇਕ 23 ਸਾਲਾਂ ਦੀ ਕੁੜੀ ਨੇ ਆਪਣੇ ਬਾਪ ਦੀ ਮੌਤ ਤੋਂ ਬਾਅਦ ਥੋੜ੍ਹੇ ਸਮੇਂ ਲਈ ਬਿਊਟੀ ਪਾਰਲਰ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਭਰਾ ਨੂੰ ਇਹ ਮਨਜ਼ੂਰ ਨਹੀਂ ਸੀ ਇਸ ਕਰਕੇ ਉਸਨੂੰ ਇਹ ਕੰਮ ਛੱਡਣਾ ਪਿਆ। ਜੱਟ ਸਿੱਖ ਔਰਤਾਂ ਮਜ਼ਦੂਰੀ ਦੇ ਕੰਮ ਨੂੰ ਵਿਸ਼ੇਸ਼ ਹਾਲਤ 'ਚ ਹੀ ਪ੍ਰਵਾਨ ਕਰਦੀਆਂ ਹਨ, ਖ਼ਾਸ ਕਰਕੇ ਜਦੋਂ ਖਾਣ ਲਈ ਕੁਝ ਨਾ ਹੋਵੇ। ਨਹੀਂ ਤਾਂ ਜਾਤਪਾਤੀ ਨੇਮਾਂ ਵਿਰੁੱਧ ਜਾਣ ਦਾ ਉਨ੍ਹਾਂ ਦਾ ਹੌਸਲਾ ਨਹੀਂ ਪੈਂਦਾ ਜਿਨ੍ਹਾਂ ਨੇ ਉਨ੍ਹਾਂ ਦੇ ਘਰੋਂ ਬਾਹਰ ਨਿਕਲਣ 'ਤੇ ਸਖ਼ਤ ਪਾਬੰਦੀ ਲਾਈ ਹੋਈ ਹੈ। ਮਾਨਸਾ ਜ਼ਿਲ੍ਹੇ ਵਿਚ, 38 ਸਾਲ ਦੀ ਔਰਤ ਚਰਨਜੀਤ ਕੌਰ ਦਾ ਪਤੀ 1998 'ਚ ਫ਼ੌਤ ਹੋ ਗਿਆ। ਉਸਦਾ ਕਹਿਣਾ ਹੈ, ਜੇ ਉਸਨੇ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਸ ਨੂੰ ਪਿੰਡ ਵਿਚੋਂ ਛੇਕ ਦਿੱਤਾ ਜਾਵੇਗਾ। ਉਹ ਕਹਿੰਦੀ ਹੈ, "ਮਨ ਤਾਂ ਕੰਮ ਲਈ ਤਰਸਦਾ.......ਕੰਮ ਨਹੀਂ ਕਰਾਂਗੇ ਤਾਂ ਖਾਵਾਂਗੇ ਕੀ।" ਉਸ ਦੀ ਜ਼ਮੀਨ ਪਸ਼ੂਆਂ ਲਈ ਪੱਠੇ ਬੀਜਣ ਜੋਗੀ ਹੀ ਹੈ, ਜੋ ਉਸਦੇ ਗੁਜ਼ਾਰੇ ਦਾ ਇਕੋ ਇਕ ਸਾਧਨ ਹੈ। ਸਮਾਜ ਵਲੋਂ ਛੇਕੇ ਜਾਣ ਜਾਂ ਪਰਿਵਾਰ ਦੇ ਸਹਿਮਤ ਨਾ ਹੋਣ ਦਾ ਤੌਖਲਾ ਕਈ ਔਰਤਾਂ ਨੇ ਜ਼ਾਹਰ ਕੀਤਾ। ਕੁਝ ਤਾਂ ਚਰਨਜੀਤ ਵਾਂਗ ਸਪਸ਼ਟ ਕਹਿ ਦਿੰਦੀਆਂ ਪਰ ਕਈ ਹੋਰ ਟੇਢੇ ਢੰਗ ਨਾਲ ਹੀ ਅਜਿਹਾ ਕਹਿੰਦੀਆਂ ਸਨ।

ਸੰਘਣੇ ਸਰਮਾਏ ਵਾਲੀ ਖੇਤੀ ਦੇ ਜੋਖ਼ਮ ਨੇ ਬਹੁਤ ਸਾਰੇ ਕਿਸਾਨਾਂ ਨੂੰ ਭੁੱਖਮਰੀ ਜਾਂ ਖ਼ੁਦਕੁਸ਼ੀ ਦੇ ਵੱਸ ਪਾ ਦਿੱਤਾ, ਇਸ ਹਾਲਤ 'ਚ ਔਰਤਾਂ ਦੀ ਜ਼ਿੰਦਗੀ ਹੋਰ ਵੀ ਦੁੱਭਰ ਹੋ ਜਾਂਦੀ ਹੈ। ਐਸੀਆਂ ਮਿਸਾਲਾਂ ਵੀ ਹਨ ਜਦੋਂ ਪਤੀ ਦੀ ਮੌਤ ਹੋ ਜਾਣ 'ਤੇ ਸਹੁਰਿਆਂ ਨੇ ਕੁਝ ਜੱਟ ਸਿੱਖ ਔਰਤਾਂ ਨੂੰ ਬੇਦਖ਼ਲ ਕਰ ਦਿੱਤਾ। ਰਵਾਇਤੀ ਮਰਦ ਪ੍ਰਧਾਨ ਸਮਾਜ ਨੂੰ ਨੂੰਹ ਫੁੱਟੀ ਅੱਖ ਨਹੀਂ ਭਾਉਂਦੀ, ਖ਼ਾਸ ਕਰਕੇ ਜਦੋਂ ਉਸ ਦੀ ਗੋਦ ਹਰੀ ਨਾ ਹੋਵੇ ਜਾਂ ਹੋਰ ਵੀ ਖ਼ਾਸ ਹਾਲਤ ਜੇ ਉਸ ਦੇ ਮੁੰਡਾ ਨਾ ਹੋਵੇ। ਘਰ ਵਿਚ ਔਰਤ ਐਨੀ ਮੁਥਾਜ ਹੁੰਦੀ ਹੈ ਕਿ ਇਨ੍ਹਾਂ ਜ਼ਿਆਦਾਤਰ ਔਰਤਾਂ ਦੀ ਖ਼ੁਦ ਦੀ ਸੋਚ ਵੀ ਪੂਰੀ ਤਰ੍ਹਾਂ ਨਾਂਹਪੱਖੀ ਹੋ ਜਾਂਦੀ ਹੈ, ਇਸ ਵਿਚ ਘਰੋਂ ਬਾਹਰ ਕੰਮ ਕਰਨ ਵਾਲੀਆਂ ਔਰਤਾਂ ਬਾਰੇ ਇਨ੍ਹਾਂ ਦਾ ਪ੍ਰਤੀਕਰਮ ਵੀ ਸ਼ਾਮਲ ਹੈ। ਜਿੱਥੋਂ ਤੱਕ ਕੰਮ ਦਾ ਸਵਾਲ ਹੈ, ਜ਼ਿਆਦਾਤਰ ਔਰਤਾਂ ਆਪਣੇ ਕੰਮ ਨੂੰ ਆਪ ਹੀ ਨਿਗੂਣਾ ਆਖ ਦਿੰਦੀਆਂ ਹਨ। ਇਸ ਕਰਕੇ, ਭਾਵੇਂ ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਕੱਖ-ਪੱਠੇ ਦੇ

ਕੰਮ ਨਿਰੋਲ ਆਰਥਕ ਕੰਮ ਹਨ ਜੋ ਮੁੱਖ ਤੌਰ ’ਤੇ ਔਰਤਾਂ ਕਰਦੀਆਂ ਹਨ ਪਰ ਉਹ ਆਪਣੇ ਆਪ ਨੂੰ ਪਰਿਵਾਰ ਦੀਆਂ ਕਮਾਊ ਮੈਂਬਰ ਨਹੀਂ ਸਮਝਦੀਆਂ। ਜ਼ਿਆਦਾਤਰ ਔਰਤਾਂ ਇਸ ਨੂੰ ਵਧਵਾਂ ਘਰੇਲੂ ਕੰਮ ਹੀ ਸਮਝਦੀਆਂ ਹਨ।

ਜੇ ਇਹ ਜਾਇਜ਼ਾ ਲੈਣਾ ਹੋਵੇ ਕਿ ਪੰਜਾਬ ਵਿਚ ਔਰਤਾਂ ਲਈ ਖੇਤੀਬਾੜੀ ਦੇ ਆਧੁਨਿਕੀਕਰਨ ਦਾ ਕੀ ਅਰਥ ਹੈ ਤਾਂ ਸਿੱਧੀ ਜਿਹੀ ਗੱਲ ਹੈ ਇਸ ਨੇ ਉਨ੍ਹਾਂ ਨੂੰ ਡੂੰਘੀ ਦਲਦਲ ਵਿਚ ਸੁੱਟ ਦਿੱਤਾ ਹੈ। ਪਹਿਲੀ ਗੱਲ, ਕਣਕ ਦੀ ਬਿਜਾਈ ਅਤੇ ਕਣਕ ਤੇ ਝੋਨੇ ਦੀ ਕਟਾਈ ਦਾ ਮਸ਼ੀਨੀਕਰਨ ਹੋ ਜਾਣ ਕਾਰਨ, ਲੋਕਾਂ ਦੀ ਵਿਸ਼ਾਲ ਗਿਣਤੀ ਖੇਤੀਬਾੜੀ ਦੇ ਪੈਦਾਵਾਰੀ ਅਮਲ ’ਚੋਂ ਬਾਹਰ ਧੱਕੀ ਗਈ। ਇਸ ਦਾ ਅਰਥ ਸੀ ਔਰਤਾਂ ਦਾ ਵੀ ਘਰ ਤੱਕ ਸੀਮਤ ਹੋ ਜਾਣਾ। ਦੂਜਾ, ਖੇਤੀਬਾੜੀ ਦੇ ਸੰਘਣੇ ਸਰਮਾਏ ਵਾਲੇ ਸੁਭਾਅ ਨੇ ਕਿਸਾਨਾਂ ਨੂੰ ਘੋਰ ਕਰਜ਼ਾਈ ਬਣਾ ਦਿੱਤਾ, ਜਿਥੇ ਲਖੂਖਾ ਕਿਸਾਨ ਖੇਤੀਬਾੜੀ ’ਚੋਂ ਬਾਹਰ ਹੋ ਗਏ ਜਾਂ ਮਾਯੂਸੀ ਵਿਚੋਂ ਖ਼ੁਦਕੁਸ਼ੀ ਦਾ ਸਿਰੇ ਦਾ ਕਦਮ ਚੁੱਕਣ ਦੇ ਰਾਹ ਪੈ ਤੁਰੇ। ਇਸ ਪੱਖੋਂ ਔਰਤਾਂ ਦੀ ਪਛਾਣ ਜਾਂ ਉਹ ਖ਼ੁਦ ਨੂੰ ਕਿਵੇਂ ਦੇਖਦੀਆਂ ਹਨ, ਇਹ ਸਪਸ਼ਟ ਨਹੀਂ ਹੈ। ਪੰਜਾਬ ਦੀ ਮਿਹਨਤੀ ਕਿਸਾਨ ਔਰਤ ਦਾ ਜ਼ਿਕਰ ਕਿਸਾਨ ਦੀ ਪਤਨੀ ਵਜੋਂ ਹੀ ਹੋਇਆ, ਵਿਧਵਾ ਪੈਨਸ਼ਨ ਦੀ ਤੁਛ ਜਿਹੀ ਰਕਮ ਦਾ ਫਾਰਮ ਭਰਨ ਵਾਲੀ ਵਿਧਵਾ ਵਜੋਂ। ਲੱਗਦਾ ਹੈ ਕਿ ਆਧੁਨਿਕੀਕਰਨ ਦੀ ਸਮਾਜਿਕ ਕੀਮਤ, ਖ਼ਾਸ ਕਰਕੇ ਔਰਤਾਂ ਅਤੇ ਬੇਜ਼ਮੀਨਿਆਂ ਲਈ ਐਨੀ ਨੁਕਸਾਨਦੇਹ ਹੈ ਜਿਸਦੀ ਪੂਰਤੀ ਨਹੀਂ ਹੋ ਸਕਦੀ।

ਕਈ ਔਰਤਾਂ ਦੱਸਦੀਆਂ ਹਨ ਕਿ ਉਹ ਪਹਿਲੇ ਸਾਲਾਂ ਵਿਚ ਉਪਜਾਊ ਮਿਹਨਤ ਕਰਦੀਆਂ ਰਹੀਆਂ ਹਨ। 55 ਸਾਲ ਤੋਂ ਵੱਧ ਉਮਰ ਦੀਆਂ ਤਕਰੀਬਨ ਸਾਰੀਆਂ ਔਰਤਾਂ ਚਾਹੇ ਉਨ੍ਹਾਂ ਦੀ ਜ਼ਮੀਨ ਕਿੰਨੀ ਵੀ ਹੋਵੇ, ਦੱਸਦੀਆਂ ਹਨ ਕਿ ਉਹ ਘਰੋਂ ਬਾਹਰ ਖੇਤੀਬਾੜੀ ਦਾ ਕੰਮ ਕਰਿਆ ਕਰਦੀਆਂ ਸਨ। ਕੁਝ 40 ਕੁ ਸਾਲ ਦੀ ਉਮਰ ਦੀਆਂ ਔਰਤਾਂ ਵੀ ਇਸੇ ਤਰ੍ਹਾਂ ਦੱਸਦੀਆਂ ਹਨ। ਜਦਕਿ, ਜਵਾਨ ਔਰਤਾਂ ਇਸ ਬਾਰੇ ਗੱਲ ਕਰਨ ਤੋਂ ਜਕਦੀਆਂ ਹਨ, ਕਿਉਂਕਿ ਇਹ ਮਾਮਲਾ ਜ਼ਮੀਨ ਵਿਕ ਜਾਣ ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਚੇਤੇ ਕਰਨਾ ਦੁਖਦਾਈ ਜਾਂ ਨਮੋਸ਼ੀ ਵਾਲੀ ਗੱਲ ਹੈ। ਸੱਜਰੀਆਂ ਮੁਸ਼ਕਲਾਂ ਦੇ ਬੱਦਲ ਬੀਤੇ ਨੂੰ ਢਕੀ ਰੱਖਦੇ ਹਨ ਅਤੇ ਇਹ ਇਨ੍ਹਾਂ ਯਾਦਾਂ ਨੂੰ ਚੇਤੇ ਕਰਨ ਜਾਂ ਇੱਥੋਂ ਤੱਕ ਕਿ ਐਸੀ ਪੁਰਾਣੀ ਯਾਦ ਨੂੰ ਚੇਤੇ ਕਰਨ ’ਚ ਵੀ ਐਸੀ ਰੁਕਾਵਟ ਬਣ ਜਾਂਦੇ ਹਨ ਜਿਨ੍ਹਾਂ ਦੀ ਉਹ ਵਿਆਖਿਆ ਨਹੀਂ ਕਰ ਪਾਉਂਦੀਆਂ। ਇਸ ਪੱਖੋਂ ਕਿਰਤ ਬਾਰੇ ਔਰਤਾਂ ਦੀ ਆਪਣੀ ਸੋਚ ਨੂੰ ਅਨੇਕਾਂ ਪਛਾੜਾਂ ’ਚੋਂ ਗੁਜ਼ਰਨਾ ਪੈਂਦਾ ਹੈ। ਸਿਰਫ਼ 60 ਜਾਂ 65 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਹੀ ਉਨ੍ਹਾਂ ਸਾਲਾਂ ਦੀਆਂ ਯਾਦਾਂ ਨੂੰ ਵੱਧ ਹੇਰਵੇ ਨਾਲ ਚੇਤੇ ਕਰ ਪਾਉਂਦੀਆਂ ਹਨ।

ਮੋਗਾ ਜ਼ਿਲ੍ਹੇ ਵਿਚ ਇਕ ਸੱਤਰ ਸਾਲ ਦੀ ਔਰਤ ਨੇ ਕਿਹਾ: “ਮੈਂ ਖੇਤਾਂ ’ਚ ਬਥੇਰਾ ਕੰਮ ਕਰ ਲੈਂਦੀ ਸੀ। ਮੇਰੀਆਂ ਧੀਆਂ ਵੀ ਮੇਰੇ ਨਾਲ ਕੰਮ ਕਰਦੀਆਂ ਸਨ। ਹੁਣ ਮੁਟਿਆਰਾਂ ਇੰਞ ਨਹੀਂ ਕਰਦੀਆਂ। ਮੇਰੀ ਨੂੰਹ ਇਸ ਬਾਰੇ ਸੋਚ ਵੀ ਨਹੀਂ ਸਕਦੀ ਕਿਉਂਕਿ ਹੁਣ ਕੋਈ ਵੀ ਕੰਮ ਨਹੀਂ ਕਰਦੀ। ਕੁਝ ਵੀ ਹੋਵੇ, ਜ਼ਮੀਨ ਨਹੀਂ ਰਹੀ।” ਜਦਕਿ ਇਸੇ ਜ਼ਿਲ੍ਹੇ ਦੀ ਇਸੇ ਉਮਰ ਦੀ ਇਕ ਹੋਰ ਔਰਤ ਜਿਸਨੇ ਸ਼ੁਰੂ ’ਚ ਸਪਸ਼ਟ

ਕਿਹਾ ਸੀ ਕਿ ਔਰਤਾਂ ਹੁਣ ਘਰ ਤੋਂ ਬਾਹਰ ਕੰਮ ਨਹੀਂ ਕਰਦੀਆਂ, ਨੂੰ ਜਦੋਂ ਪਿਛਲੇ ਜ਼ਮਾਨੇ ਬਾਰੇ ਪੁੱਛਿਆ ਗਿਆ ਤਾਂ ਉਸਨੇ ਕਿਹਾ: "ਮੈਂ ਬਾਹਰ ਬਥੇਰਾ ਕੰਮ ਕਰ ਲੈਂਦੀ ਸੀ ਅਤੇ ਮੇਰੀ ਸਿਹਤ ਵੀ ਤਕੜੀ ਸੀ। ਫੇਰ, ਮਸ਼ੀਨਰੀ ਆ ਗਈ। ਕੁਝ ਸਾਲਾਂ ਬਾਅਦ, ਜ਼ਮੀਨ ਵੀ ਵਿਕ ਗਈ। ਕੁਝ ਵੀ ਹੋਵੇ, ਹੁਣ ਔਰਤਾਂ ਬਾਹਰ ਜਾਕੇ ਕੰਮ ਨਹੀਂ ਕਰਦੀਆਂ। ਕਿਸਾਨ ਪਰਿਵਾਰਾਂ ਦੀਆਂ ਔਰਤਾਂ ਕੰਮ ਨਹੀਂ ਕਰਦੀਆਂ।"

ਜਾਤਪਾਤੀ ਪੱਖ ਤੋਂ ਇਸ ਹਵਾਲੇ ਤੋਂ ਸਪਸ਼ਟ ਹੈ ਕਿ ਜ਼ਿਆਦਾਤਰ ਇਹ ਦਲਿਤ ਔਰਤਾਂ ਹੀ ਹਨ ਜੋ ਖੇਤਾਂ 'ਚ ਕੰਮ ਕਰਨ ਲਈ ਘਰੋਂ ਬਾਹਰ ਪੈਰ ਧਰਦੀਆਂ ਹਨ। ਜੱਟੀਆਂ ਇਹ ਵਾਰ-ਵਾਰ ਦੁਹਰਾਕੇ ਕਿ ਔਰਤਾਂ ਘਰੋਂ ਬਾਹਰ ਜਾ ਕੇ ਕੰਮ ਨਹੀਂ ਕਰਦੀਆਂ ਅਤੇ ਨਾਲ ਹੀ ਇਹ ਮੰਨਕੇ ਕਿ ਉਹ ਪਹਿਲਾਂ ਹਮੇਸ਼ਾ ਹੀ ਖੇਤਾਂ 'ਚ ਜਾ ਕੇ ਕੰਮ ਕਰਦੀਆਂ ਸਨ, ਆਪਣੀ ਗੱਲ ਦਾ ਤੋੜਾ ਮੌਜੂਦਾ ਪ੍ਰਸੰਗ 'ਚ ਇੱਥੇ ਝਾੜਦੀਆਂ ਕਿ ਹੁਣ ਉਨ੍ਹਾਂ ਕੋਲ ਜ਼ਮੀਨ ਨਹੀਂ ਹੈ। ਇੰਝ ਖੇਤੀਬਾੜੀ ਦੇ ਸੰਕਟ ਨੇ ਔਰਤ ਦੀ ਹੈਸੀਅਤ ਘਰ ਤੱਕ ਸੀਮਤ ਕਰ ਦਿੱਤੀ ਹੈ। ਜਾਂ ਇਸ ਤੋਂ ਇਹ ਪ੍ਰਤੀਤ ਹੁੰਦਾ ਜਾਪਦਾ ਹੈ ਕਿ ਖੇਤੀਬਾੜੀ ਦਾ ਲਾਜ਼ਮੀ ਹਿੱਸਾ ਪਰਿਵਾਰਕ ਕਿਰਤ ਵੀ ਆਦਰਸ਼ਕ ਹਾਲਾਤਾਂ 'ਤੇ ਨਿਰਭਰ ਕਰਦੀ ਹੈ। ਜਦੋਂ ਮੁਸ਼ਕਲਾਂ ਵਧਦੀਆਂ ਹਨ ਤਾਂ ਪੈਦਾਵਾਰੀ ਅਮਲ ਵਿਚੋਂ ਔਰਤਾਂ ਨੂੰ ਪਹਿਲਾਂ ਬਾਹਰ ਧੱਕਿਆ ਜਾਂਦਾ ਹੈ।[2] ਅਤੇ ਫੇਰ ਸੱਭਿਆਚਾਰਕ ਢਲਾਈ ਦੀ ਜਕੜ ਅਸਾਨੀ ਨਾਲ ਪੱਕੀ ਹੋ ਜਾਂਦੀ ਹੈ ਕਿਉਂਕਿ ਇਕ ਵਾਰ ਫੇਰ ਘਰੋਂ ਬਾਹਰ ਕੰਮ ਕਰਨ ਨੂੰ ਵਰਜਿਤ ਕਰ ਦਿੱਤਾ ਜਾਂਦਾ ਹੈ। ਇਸ ਕਾਂਡ ਦੇ ਅੰਤ ਵਿਚ ਦਿੱਤੀ ਸਾਰਣੀ 2.1 ਦਿਖਾਉਂਦੀ ਹੈ ਕਿ ਜ਼ਮੀਨ ਮਾਲਕੀ ਵਾਲੇ ਅਤੇ ਬੇਜ਼ਮੀਨੇ ਘਰਾਂ ਦੀਆਂ ਔਰਤਾਂ ਖੇਤੀਬਾੜੀ ਦੇ ਕਿਸ ਤਰ੍ਹਾਂ ਦੇ ਕੰਮ ਕਰਦੀਆਂ ਹਨ।

ਜਸਬੀਰ ਕੌਰ ਕੋਲ ਇਕ ਏਕੜ ਜ਼ਮੀਨ ਹੈ ਅਤੇ ਉਸਨੇ ਚਾਰ ਮੱਝਾਂ ਰੱਖੀਆਂ ਹੋਈਆਂ ਹਨ। ਉਸ ਦੀ ਮਹੀਨਾਵਾਰ ਆਮਦਨੀ 2500 ਰੁਪਏ ਹੈ। "ਜਦੋਂ ਸਾਡੇ ਕੋਲ ਢਾਈ ਏਕੜ ਜ਼ਮੀਨ ਸੀ ਤਾਂ ਮੈਂ ਖੇਤਾਂ 'ਚ ਜਾਕੇ ਕੰਮ ਕਰਦੀ ਸੀ। ਹੁਣ ਸਿਰਫ਼ ਇਕ ਕਿੱਲਾ ਹੀ ਬਚਿਐ। ਮੈਂ ਦੁੱਧ ਵੇਚਕੇ ਗੁਜ਼ਾਰਾ ਕਰਦੀ ਹਾਂ। ਮੇਰਾ ਪੁੱਤ ਦਿਲ ਦਾ ਮਰੀਜ਼ ਹੈ। ਪਹਿਲਾਂ ਮੇਰੀਆਂ ਧੀਆਂ ਵੀ ਖੇਤਾਂ 'ਚ ਕੰਮ ਕਰਦੀਆਂ ਸਨ। ਹੁਣ ਮੇਰੀ ਨੂੰਹ ਲਈ ਕਰਨ ਵਾਲਾ ਕੰਮ ਹੀ ਨਹੀਂ ਬਚਿਆ। ਸਾਨੂੰ ਪੱਠੇ-ਦੱਥੇ ਲਈ ਵੀ ਜ਼ਮੀਨ ਚਾਹੀਦੀ ਹੈ। ਹੁਣ ਅਸੀਂ ਸਾਰਾ ਟੱਬਰ ਘਰ 'ਚ ਬੈਠੇ ਰਹਿੰਦੇ ਹਾਂ। ਕੀ ਕਰੀਏ? ਘਰ 'ਚ ਵੀ ਐਨਾ ਕੁ ਹੀ ਕੰਮ ਹੁੰਦਾ ਹੈ।" ਉਨ੍ਹਾਂ ਔਰਤਾਂ ਦੀ ਹਾਲਤ ਹੋਰ ਵੀ ਭੈੜੀ ਹੈ ਜਿਨ੍ਹਾਂ ਨੇ ਆਪਣੀ ਇਕ-ਦੋ ਏਕੜ ਜ਼ਮੀਨ ਠੇਕੇ 'ਤੇ ਦੇ ਦਿੱਤੀ ਹੈ ਅਤੇ

2. ਪੀ ਏ ਯੂ ਦਾ ਇਕ ਅਧਿਐਨ ਦਿਖਾਉਂਦਾ ਹੈ ਕਿਵੇਂ 1990 ਤੋਂ ਲੈ ਕੇ ਕੰਮ 'ਚ ਔਰਤਾਂ ਦੀ ਹਿੱਸੇਦਾਰੀ ਲਗਾਤਾਰ ਘਟੀ ਹੈ। ਇਥੋਂ ਤੱਕ ਕਿ ਬੰਦਿਆਂ ਲਈ ਖੇਤਾਂ 'ਚ ਰੋਟੀ ਲਿਜਾਣ ਜਾਂ ਘਰੋਂ ਬਾਹਰ ਖੇਤੀਬਾੜੀ ਦੇ ਕੰਮ ਕਰਨ ਵਰਗੀਆਂ ਸਰਗਰਮੀਆਂ ਵੀ ਕ੍ਰਮਵਾਰ 59.72 ਅਤੇ 33.61% ਤੋਂ ਹੁਣ 42.50 ਅਤੇ 24.44% ਰਹਿ ਗਈਆਂ ਹਨ। ਦੇਖੋ ਪੰਜਾਬ ਵਿਚ ਕਿਸਾਨ ਪਰਿਵਾਰਾਂ ਦੀ ਸਮਾਜੀ-ਸੱਭਿਆਚਾਰਕ ਗਤੀਸ਼ੀਲਤਾ, ਮਨਿੰਦਰ ਕੌਰ ਅਤੇ ਸੁਖਪਾਲ ਸਿੰਘ ਵਲੋਂ ਇਕ ਜਾਇਜ਼ਾ, ਜਰਨਲ ਆਫ ਐਗਰੀਕਲਚਰਲ ਡਿਵੈਲਮੈਂਟ ਐਂਡ ਪਾਲਿਸੀ, ਜਿਲਦ ਅਠਾਈ, ਜਨਵਰੀ-ਦਸੰਬਰ 2006, ਅੰਕ 182, ਇੰਡੀਅਨ ਸੋਸਾਇਟੀ ਫਾਰ ਐਗਰੀਕਲਚਰਲ ਡਿਵੈਲਪਮੈਂਟ ਐਂਡ ਪਾਲਿਸੀ, ਲੁਧਿਆਣਾ।

ਪਸ਼ੂਆਂ ਦਾ ਵੀ ਕੋਈ ਕੰਮ ਨਹੀਂ ਹੈ। ਜ਼ਿਆਦਾਤਰ ਆਮਦਨ ਦਸ ਹਜ਼ਾਰ ਤੋਂ ਵੀਹ ਹਜ਼ਾਰ ਰੁਪਏ ਹੋਣ ਕਾਰਨ ਰੋਟੀ ਦਾ ਜੁਗਾੜ ਵੀ ਅਗਨੀ ਪ੍ਰੀਖਿਆ ਬਣਿਆ ਹੋਇਆ ਹੈ। ਇੰਞ, ਕੰਗਾਲੀ ਅਤੇ ਕੰਮ ਦੀ ਘਾਟ ਨਾਂਹਪੱਖੀ ਸੋਚ ਅਤੇ ਘੋਰ ਚਿੰਤਾ ਨੂੰ ਹੋਰ ਵਧਾਉਂਦੀ ਹੈ। ਬੇਰੁਜ਼ਗਾਰੀ ਬਾਰੇ ਠੰਢੇ ਅੰਕੜਿਆਂ 'ਚ ਕੰਮ ਦੇ ਨਰੋਈ ਸਿਹਤ ਨਾਲ ਰਿਸ਼ਤੇ ਨੂੰ ਅਕਸਰ ਹੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਇਹ ਰਿਸ਼ਤਾ ਤਿੜਕ ਜਾਂਦਾ ਹੈ। ਇਸ ਤਰ੍ਹਾਂ ਜੋ ਨੁਕਸਾਨ ਹੁੰਦਾ ਹੈ, ਉਹ ਉਸ ਤੋਂ ਕਿਤੇ ਭੈੜਾ ਹੁੰਦਾ ਹੈ ਜਿਸ ਦਾ ਅੰਦਾਜ਼ਾ ਸਿਰਫ਼ ਆਰਥਕ ਰੂਪ 'ਚ ਲਾਇਆ ਜਾਂਦਾ ਹੈ।

2.3 ਮਜ਼ਦੂਰੀ ਦਾ ਕੰਮ ਅਤੇ ਸੀਮਤ ਹੋ ਰਹੀਆਂ ਚੋਣਾਂ

ਬੇਜ਼ਮੀਨਿਆਂ ਦੀ ਸਮੁੱਚੀ ਵਸੋਂ ਮਜ਼ਦੂਰੀ ਦੇ ਕੰਮ ਜਾਂ ਖੇਤੀਬਾੜੀ ਪੈਦਾਵਾਰ ਨਾਲ ਸਬੰਧਤ ਮੌਸਮੀ ਕੰਮ 'ਤੇ ਨਿਰਭਰ ਹੈ। ਖੇਤੀਬਾੜੀ ਪੈਦਾਵਾਰ ਗ਼ੈਰਟਿਕਾਊ ਹੈ ਤੇ ਉੱਥਲ-ਪੁੱਥਲ ਵਾਲੀਆਂ ਤਬਦੀਲੀਆਂ 'ਚੋਂ ਲੰਘ ਰਹੀ ਹੈ ਇਸ ਕਾਰਨ, ਮੌਸਮੀ ਕੰਮ 'ਤੇ ਨਿਰਭਰ ਕਾਮੇ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ। ਚੌਲ ਮਿੱਲਾਂ, ਮਿੱਲਾਂ ਜਾਂ ਗਰਾਜਾਂ 'ਚ ਕੰਮ ਕਰਨਾ, ਟਰੈਕਟਰ ਜਾਂ ਟਰੱਕ ਚਲਾਉਣਾ, ਕੰਬਾਈਨਾਂ ਚਲਾਉਣਾ ਮਰਦਾਂ ਲਈ ਆਮਦਨ ਦਾ ਸੋਮਾ ਹੋ ਸਕਦਾ ਹੈ ਉਹ ਵੀ ਸਿਰਫ਼ ਇਕ ਹੱਦ ਤੱਕ, ਜਦਕਿ ਖੇਤੀਬਾੜੀ ਕੰਮਾਂ ਉੱਪਰ ਉਜਰਤੀ ਕੰਮ ਲਈ ਔਰਤਾਂ ਦੀ ਨਿਰਭਰਤਾ ਕੰਮ ਦੇ ਗ਼ੈਰਟਿਕਾਊਪਣ ਪੱਖੋਂ ਬੁਰੀ ਤਰ੍ਹਾਂ ਡਿੱਕੋਡੋਲੇ ਖਾ ਰਹੀ ਹੈ। ਬੀਤੇ ਦਹਾਕੇ 'ਚ ਔਰਤਾਂ ਦੇ ਕੰਮ ਨੂੰ ਭਾਰੀ ਸੱਟ ਪਈ ਹੈ। ਵਧ ਰਹੇ ਕਰਜ਼ੇ ਦੀ ਹਾਲਤ 'ਚ, ਕੁਝ ਮਰਦ ਮੈਂਬਰ ਆਮ ਤੌਰ 'ਤੇ ਕਿਸੇ ਜ਼ਿਮੀਦਾਰ ਨਾਲ 18 ਤੋਂ 20,000 ਰੁਪਏ ਸਾਲਾਨਾ 'ਤੇ ਪੱਕੇ ਤੌਰ 'ਤੇ ਲੱਗ ਜਾਂਦੇ ਹਨ ਤਾਂ ਜੋ ਘਰ ਦੀਆਂ ਆਮ ਲੋੜਾਂ ਪੂਰੀਆਂ ਹੋ ਸਕਣ। ਜਦੋਂ ਇਹ ਪੈਸਾ ਮੁੱਕ ਜਾਂਦਾ ਹੈ ਤਾਂ ਕਰਜ਼ਾ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ, ਇਸ ਨਾਲ ਉਹ ਹੋਰ ਵੀ ਘੋਰ ਜ਼ਲਾਲਤ ਅਤੇ ਬਦਸਲੂਕੀ ਲਈ ਸਰਾਪੇ ਜਾਂਦੇ ਹਨ। ਜਦੋਂ ਅਜਿਹੇ ਜਾਂ ਇਹੋ ਜਿਹੇ ਹੋਰ ਹਾਲਾਤ 'ਚ ਖ਼ੁਦਕੁਸ਼ੀ ਦਾ ਦੁਖਾਂਤ ਵਾਪਰ ਜਾਂਦਾ ਹੈ ਤਾਂ ਔਰਤਾਂ ਆਪਣਾ ਅਤੇ ਆਪਣੇ ਪਰਿਵਾਰ ਦਾ ਤੋਰਾ ਤੋਰਨ ਲਈ ਜਿਹੋ ਜਿਹਾ ਵੀ ਕੰਮ ਮਿਲਦਾ ਹੈ ਕਰਕੇ ਡੰਗ ਟਪਾਉਣ ਦਾ ਯਤਨ ਕਰਦੀਆਂ ਹਨ। ਪਰ ਇਥੇ ਉਜਰਤੀ ਮਜ਼ਦੂਰੀ ਲਈ ਜ਼ਿਆਦਾ ਕੰਮ ਨਾ ਹੋਣ ਕਾਰਨ ਉਨ੍ਹਾਂ ਦਾ ਵਾਹ ਕੰਮ ਦੀ ਚੋਣ ਦੀ ਅਣਹੋਂਦ ਦੀ ਵਧੇਰੇ ਤਲਖ਼ ਹਕੀਕਤ ਨਾਲ ਪੈਂਦਾ ਹੈ।

ਸਰਵੇਖਣ 'ਚ ਸ਼ਾਮਲ ਲੋਕਾਂ ਦੀ ਕੁਲ ਗਿਣਤੀ ਦਾ 40% ਦਲਿਤਾਂ 'ਚ ਜ਼ਿਆਦਾਤਰ ਔਰਤਾਂ ਵਲੋਂ ਉਜਰਤੀ ਕੰਮ ਦੇ ਦੋ ਪਹਿਲੂ ਧਿਆਨ 'ਚ ਲਿਆਂਦੇ ਗਏਃ ਉਜਰਤੀ ਕੰਮ ਹੋਰ ਘਟਦੇ ਜਾਣਾ ਅਤੇ ਜਦੋਂ ਕੰਮ ਹੋਵੇ ਵੀ ਓਦੋਂ ਬਹੁਤ ਹੀ ਘੱਟ ਮਜ਼ਦੂਰੀ ਮਿਲਣਾ। ਜ਼ਿੰਦਗੀ ਦੀਆਂ ਜ਼ਰੂਰਤਾਂ ਦੇ ਵਧ ਰਹੇ ਖ਼ਰਚਿਆਂ ਦੇ ਮੁਕਾਬਲੇ ਉਜਰਤਾਂ ਬਹੁਤ ਘੱਟ ਹੁੰਦੀਆਂ ਹਨ। ਮੌਸਮੀ ਕੰਮ ਸਿਰਫ਼ ਕਣਕ ਅਤੇ ਝੋਨੇ ਦੀ ਕਟਾਈ ਅਤੇ ਨਰਮਾ ਚੁਗਣ ਦੇ ਸਮੇਂ ਹੀ ਮਿਲਦਾ ਹੈ। ਆਮਦਨੀ ਦਾ ਹੋਰ ਵਸੀਲਾ ਗਾਜਰ, ਮੂਲੀਆਂ ਅਤੇ ਆਲੂ ਪੁੱਟਣਾ ਹੈ। ਗੋਹਾ-ਕੂੜਾ ਕਰਨ ਦੇ ਪ੍ਰਤੀ ਮੱਝ 25 ਰੁਪਏ ਮਿਲਦੇ ਹਨ। ਇਹ ਕੰਮ ਕਰਕੇ ਔਰਤਾਂ ਹਰ ਮਹੀਨੇ 200 ਤੋਂ 450

ਰੁਪਏ ਕਮਾ ਲੈਂਦੀਆਂ ਹਨ। ਕਈ ਔਰਤਾਂ ਦੂਜਿਆਂ ਦੇ ਘਰਾਂ 'ਚ ਝਾੜੂ-ਪੋਚਾ ਲਾਉਣ ਦਾ ਕੰਮ ਕਰਦੀਆਂ ਹਨ। ਘੱਟ ਮਜ਼ਦੂਰੀ ਹੋਣ ਦੇ ਬਾਵਜੂਦ, ਇਹ ਖ਼ਾਸ ਤੌਰ 'ਤੇ ਸਾਰਾ ਸਾਲ ਆਮਦਨ ਦਾ ਇਕੋ ਇਕ ਸਾਧਨ ਹੈ ਜਦੋਂ ਮੌਸਮੀ ਕੰਮ ਨਹੀਂ ਹੁੰਦਾ। ਬਠਿੰਡਾ, ਮੋਗਾ ਅਤੇ ਬਰਨਾਲਾ ਸ਼ਹਿਰਾਂ ਨੇੜਲੇ ਪਿੰਡਾਂ ਦੀਆਂ ਔਰਤਾਂ ਨੂੰ 300 ਜਾਂ 350 ਰੁਪਏ ਪ੍ਰਤੀ ਮਹੀਨਾ 'ਤੇ ਆਮ ਤੌਰ 'ਤੇ ਕੰਮ ਮਿਲ ਜਾਂਦਾ ਹੈ। ਵੱਡੇ ਜਾਂ ਦਰਮਿਆਨੇ ਕਿਸਾਨਾਂ ਦੇ ਘਰਾਂ 'ਚ ਕਈ ਔਰਤਾਂ ਕੰਮ ਕਰਦੀਆਂ ਹਨ। ਅਜਿਹੇ ਮਾਮਲਿਆਂ 'ਚ, ਤਨਖ਼ਾਹ ਤੋਂ ਇਲਾਵਾ ਉਨ੍ਹਾਂ ਨੂੰ ਕੁਝ ਦਾਣਾ-ਫੱਕਾ ਜਾਂ ਸਾਗ-ਸਬਜ਼ੀ ਵੀ ਮਿਲ ਜਾਂਦੀ ਹੈ। ਭਾਵੇਂ ਉਨ੍ਹਾਂ ਦੇ ਤੁਰਨ-ਫਿਰਨ ਉੱਪਰ ਜਾਤਪਾਤੀ ਰੋਕਾਂ ਨਾ ਹੋਣ ਕਾਰਨ ਖੇਤੀਬਾੜੀ ਕੰਮਾਂ 'ਚ ਉਹ ਵੱਧ ਹਿੱਸਾ ਪਾ ਸਕਦੀਆਂ ਹਨ ਪਰ ਉਨ੍ਹਾਂ ਨੂੰ ਕੰਮ ਦੀ ਅਣਹੋਂਦ ਦੀ ਹਕੀਕਤ ਨਾਲ ਮੱਥਾ ਲਾਉਣਾ ਪੈਂਦਾ ਹੈ। ਕੁਝ ਔਰਤਾਂ ਨੇ ਆਪਣੇ ਘਰਾਂ 'ਚ ਹੀ ਸਿਲਾਈ-ਕਢਾਈ ਜਾਂ ਦਰੀਆਂ ਬੁਨਣ ਦਾ ਕੰਮ ਚਲਾਇਆ ਹੋਇਆ ਹੈ। ਇਨ੍ਹਾਂ ਕੰਮਾਂ ਨੂੰ ਛੱਡਕੇ, ਅਜਿਹਾ ਕੋਈ ਘਰ 'ਚ ਕੀਤੇ ਜਾਣ ਵਾਲਾ ਹੋਰ ਕੰਮ ਧਿਆਨ 'ਚ ਨਹੀਂ ਆਇਆ ਜਿਸਨੂੰ ਕਰਕੇ ਔਰਤਾਂ ਗੁਜ਼ਾਰਾ ਕਰ ਸਕਣ। ਬਹੁਤ ਸਾਰੀਆਂ ਔਰਤਾਂ ਨੇ ਦੱਸਿਆ ਕਿਵੇਂ ਘਰ 'ਚ ਜਾਂ ਥੋੜ੍ਹੀ ਵਾਟ ਦੂਰ ਬਾਹਰ ਜਾ ਕੇ ਕਰਨ ਵਾਲਾ ਕੋਈ ਕੰਮ ਵੀ ਨਹੀਂ ਹੈ ਜਿਸਤੋਂ ਕੁਝ ਪੈਸੇ ਮਿਲ ਸਕਣ। ਨਿਗੂਣੀ ਕਮਾਈ ਵਾਲੇ ਦਿਹਾੜੀ ਦੇ ਮੌਸਮੀ ਕੰਮ ਦੀਆਂ ਅਜਿਹੀਆਂ ਸੀਮਾਵਾਂ ਦੇ ਅੰਦਰ ਮਜ਼ਦੂਰੀ ਦਾ ਕੰਮ ਬਹੁਤ ਔਖਾ ਕੰਮ ਹੈ।

ਬਹੁਤ ਥੋੜ੍ਹੀ ਕਮਾਈ : ਘਰ 'ਚ ਕਦਰ ਨਾ ਪੈਣ ਵਾਲੇ ਕੰਮ ਤੋਂ ਇਲਾਵਾ, ਔਰਤਾਂ ਬਹੁਤ ਥੋੜ੍ਹੀ ਮਜ਼ਦੂਰੀ ਉੱਪਰ ਸਖ਼ਤ ਮਿਹਨਤ ਕਰਦੀਆਂ ਹਨ। ਇੰਞ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਲੋੜੀਂਦੀ ਆਮਦਨੀ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੈ ਜਾਂ ਹੈ ਹੀ ਨਹੀਂ। ਇਕ ਬੇਜ਼ਮੀਨੀ ਦਲਿਤ ਔਰਤ ਨਾਲ ਗੱਲਬਾਤ ਤੋਂ ਇਹ ਤੱਥ ਉਜਾਗਰ ਹੋ ਜਾਂਦਾ ਹੈ ਕਿ ਗੁਜ਼ਾਰਾ ਕਰਨਾ ਹੀ ਅਸੰਭਵ ਹੋ ਗਿਆ ਹੈ। ਸਰਵੇਖਣ ਦੇ ਸੈਂਪਲ 'ਚ ਸ਼ਾਮਲ ਔਰਤਾਂ 'ਚ ਉਹ ਇਕੋ ਇਕ ਔਰਤ ਸੀ ਜਿਸ ਕੋਲ ਪੱਕਾ ਪਾਰਟ-ਟਾਈਮ ਕੰਮ ਹੈ।

"ਮੈਂ ਇਕ ਦਫ਼ਤਰ ਵਿਚ ਪਾਰਟ-ਟਾਈਮ ਸਫ਼ਾਈ ਸੇਵਕ ਵਜੋਂ ਕੰਮ ਕਰਦੀ ਹਾਂ। ਮੈਂ 750 ਰੁਪਏ ਮਹੀਨਾ ਕਮਾਉਂਦੀ ਹਾਂ ਜਿਸ ਵਿਚ ਮੇਰੇ 8 ਰੁਪਏ ਰੋਜ਼ਾਨਾ ਆਉਣ-ਜਾਣ ਦੇ ਕਿਰਾਏ 'ਤੇ ਖ਼ਰਚ ਹੋ ਜਾਂਦੇ ਹਨ। ਜਦੋਂ ਮੌਸਮੀ ਕੰਮ ਮਿਲਦਾ ਹੋਵੇ, ਓਦੋਂ ਮੈਂ ਹੋਰ ਪੰਜਾਹ ਰੁਪਏ ਰੋਜ਼ਾਨਾ ਕਮਾ ਲੈਂਦੀ ਹਾਂ.......ਪਰ ਅਜਿਹਾ ਸਿਰਫ਼ ਸਾਲ ਵਿਚ ਤਿੰਨ ਮਹੀਨੇ ਹੀ ਹੁੰਦਾ ਹੈ। ਲੰਮਾ ਸਮਾਂ ਪਹਿਲਾਂ ਜਦੋਂ ਸਾਰਾ ਸਾਲ ਕੰਮ ਮਿਲਦਾ ਰਹਿੰਦਾ ਸੀ ਮੈਂ ਸਿਰਫ਼ 10 ਰੁਪਏ ਰੋਜ਼ਾਨਾ ਕਮਾਉਂਦੀ ਸੀ, ਫੇਰ ਵੀ ਖਾਣ-ਪੀਣ ਦੀ ਤੋਟ ਨਹੀਂ ਸੀ। ਹੁਣ, ਜਦੋਂ ਮੈਨੂੰ ਸਰਦੀ ਦੇ ਮੌਸਮ 'ਚ ਜ਼ਿੰਮੀਦਾਰ ਦੇ ਖੇਤਾਂ 'ਚੋਂ ਸਾਗ ਤੋੜਨ ਲਈ ਨਹੀਂ ਮਿਲਦਾ ਓਦੋਂ ਤੱਕ ਮੈਂ ਨਿੱਤ ਲੂਣ-ਚਟਣੀ ਨਾਲ ਹੀ ਰੋਟੀ ਖਾਂਦੀ ਹਾਂ। ਕਦੇ ਸਬਜ਼ੀ ਖ਼ਰੀਦ ਲੈਣ ਦਾ ਸਵਾਲ ਹੀ ਨਹੀਂ ਹੈ।"

ਸਵਰਨਜੀਤ ਕੌਰ ਮਾਨਸਾ ਦੇ ਇਕ ਪਿੰਡ ਨਾਲ ਸਬੰਧਤ ਹੈ ਜਿਥੇ 30 ਤੋਂ ਵੱਧ ਖ਼ੁਦਕੁਸ਼ੀਆਂ ਹੋ ਚੁੱਕੀਆਂ ਹਨ। ਡੂੰਘੇ ਹੋ ਰਹੇ ਸੰਕਟ ਦੇ ਸਮਿਆਂ 'ਚ, ਮੌਸਮੀ ਮਜਦੂਰੀ ਦੀ ਕਮਾਈ ਦੇ ਨਾਲ-ਨਾਲ ਸਫ਼ਾਈ ਸੇਵਕਾ ਦੀ ਥੋੜ੍ਹੀ ਜਹੀ ਬੱਝਵੀਂ

ਮਜ਼ਦੂਰੀ ਨਾਲ ਗੁਜ਼ਾਰਾ ਕਰਨ ਤੋਂ ਇਹ ਪਤਾ ਲੱਗਦਾ ਹੈ ਕਿ ਬੇਜ਼ਮੀਨੀਆਂ ਦਲਿਤ ਔਰਤਾਂ ਦੀ ਜ਼ਿੰਦਗੀ ਦੀ ਹਕੀਕਤ ਹੋਰ ਵੀ ਮੁਸ਼ਕਲਾਂ ਭਰੀ ਹੈ। ਉਹ ਨਿੱਤ ਦੇ ਅਕਾਊ ਘਰੇਲੂ ਕੰਮ ਵੀ ਕਰਦੀ ਹੈ ਅਤੇ ਨਾਲ ਹੀ 2003 ’ਚ ਪੁੱਤ ਵਲੋਂ ਕੀਤੀ ਖ਼ੁਦਕੁਸ਼ੀ ਦੇ ਗ਼ਮ ਦਾ ਬੋਝ ਢੋਂਦੀ ਹੋਈ ਦਿਨ-ਰਾਤ ਟੁੱਟ-ਟੁੱਟ ਮਰਦੀ ਹੈ। ਹੋਰ ਦਲਿਤ ਔਰਤਾਂ ਨਾਲੋਂ ਉਸਦੀ ਹਾਲਤ ਮੁਕਾਬਲਤਨ ਬਿਹਤਰ ਹੈ ਜੋ ਸਿਰਫ਼ ਉਜਰਤੀ ਕੰਮ ’ਤੇ ਨਿਰਭਰ ਹਨ। ਜ਼ਿਆਦਾਤਰ ਔਰਤਾਂ ਨੇ ਮਜ਼ਦੂਰੀ ਦਾ ਕੰਮ ਨਾ ਹੋਣ ਦਾ ਰੋਣਾ ਹੀ ਰੋਇਆ।

ਕੰਮ ਦੀ ਅਣਹੋਂਦ : ਗੁਜ਼ਾਰਾ ਚਲਾਉਣ ਲਈ ਔਰਤਾਂ ਜਿਹੋ ਜਿਹੇ ਕੰਮ ’ਤੇ ਨਿਰਭਰ ਹਨ ਉਸ ਵਿਚ ਝੋਨਾ ਲਾਉਣਾ ਸ਼ਾਮਲ ਹੈ ਜੋ ਮਹੀਨਾ ਭਰ ਚਲਦਾ ਰਹਿੰਦਾ ਹੈ। ਇਸੇ ਤਰ੍ਹਾਂ ਨਰਮਾ ਚੁਗਣ ਦਾ ਕੰਮ ਦੋ ਕੁ ਮਹੀਨੇ ਮਿਲ ਜਾਂਦਾ ਹੈ। ਆਲੂ ਪੁੱਟਣ ਦਾ ਕੰਮ ਦੁਆਬੇ ’ਚ ਵੱਧ ਹੈ। ਜਦਕਿ ਮਾਲਵੇ ’ਚ ਇਸ ਦੀ ਓਨੀ ਗੁੰਜਾਇਸ਼ ਨਹੀਂ ਹੈ। ਕੁਝ ਔਰਤਾਂ, ਜੋ ਗਾਹੇ-ਬਗਾਹੇ ਮਕਾਨ ਉਸਾਰੀ ਜਾਂ ਇੱਟਾਂ ਦੇ ਭੱਠੇ ’ਤੇ ਕੰਮ ਵੀ ਕਰਦੀਆਂ ਹਨ, ਨੇ ਕਿਹਾ ਕਿ ਉਨ੍ਹਾਂ ਨੂੰ ਮਹੀਨੇ ’ਚ ਵੱਧ ਤੋਂ ਵੱਧ 10 ਦਿਨ ਜਾਂ ਸਾਲ ’ਚ 120 ਦਿਨ ਹੀ ਕੰਮ ਮਿਲਦਾ ਹੈ। ਕੰਮ ਦੇ ਮੰਦੇ ਦੇ ਸਮਿਆਂ ’ਚ ਧਾਰਮਿਕ ਇਕੱਠਾਂ ਅਤੇ ਸਮਾਗਮਾਂ ਦੀ ਭੀੜ ਵਧਦੀ ਜਾਂਦੀ ਹੈ। ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਬਲਾਕ ਦੇ ਪਿੱਥੋ ਪਿੰਡ ਦੀ ਇਕ 43 ਸਾਲਾਂ ਦੀ ਔਰਤ ਨੇ ਸੱਚ ਕਿਹਾ:

“ਜਦੋਂ ਹਜ਼ਾਰਾਂ ਦੀ ਤਦਾਦ ’ਚ ਕਿਸਾਨ ਦਿਹਾੜੀ ਕਰਨ ਲੱਗੇ ਹਨ ਤਾਂ ਸਾਨੂੰ ਮਜ਼ਦੂਰਾਂ ਨੂੰ ਕੰਮ ਮਿਲਣ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ। ਅਸਲ ਵਿਚ ਸਚਾਈ ਇਹ ਹੈ ਕਿ ਕੰਮ ਕਿਸੇ ਨੂੰ ਵੀ ਨਹੀਂ ਮਿਲ ਰਿਹਾ। ਇਥੇ ਕਿਸੇ ਤਰ੍ਹਾਂ ਦੀ ਨਰੇਗਾ ਸਕੀਮ ਅਮਲ ’ਚ ਨਹੀਂ ਹੈ। ਅਸੀਂ ਕੰਮ ਚਾਹੁੰਦੇ ਹਾਂ।”

ਇਸ ਤੋਂ ਇਲਾਵਾ, ਮੋਗਾ ਜ਼ਿਲ੍ਹੇ ਦੇ ਅਜੀਤਵਾਲ ਪਿੰਡ ਦੀ ਇਕ 35 ਸਾਲ ਦੀ ਔਰਤ ਨੇ ਕਿਹਾ:

“ਮੈਂ ਕੰਮ ਕਰਨਾ ਚਾਹੁੰਦੀ ਹਾਂ ਪਰ ਕੋਈ ਕੰਮ ਹੀ ਨਹੀਂ ਮਿਲਦਾ। ਮੇਰੇ ਛੋਟੇ ਛੋਟੇ ਬੱਚੇ ਹਨ ਜਿਨ੍ਹਾਂ ਨੂੰ ਖਵਾਉਣਾ ਸਾਡੀ ਵੱਡੀ ਲੋੜ ਹੈ। ਇਥੋਂ ਤੱਕ ਕਿ ਮੇਰਾ ਪਤੀ ਵੀ ਸਦਾ ਹੀ ਕੰਮ ਦੀ ਜ਼ੋਰਦਾਰ ਭਾਲ ’ਚ ਰਹਿੰਦਾ ਹੈ। ਸਾਡੇ ਔਰਤਾਂ ਲਈ ਤਾਂ ਇਹ ਹੋਰ ਵੀ ਮੁਸ਼ਕਲ ਹੋ ਗਿਆ ਹੈ।”

ਇਸ ਬਲਾਕ ਦੀਆਂ ਤਕਰੀਬਨ ਸਾਰੀਆਂ ਔਰਤਾਂ ਨੇ ਕੰਮ ਨਾ ਹੋਣ ਦਾ ਇਹੀ ਰੋਣਾ ਰੋਇਆ। ਕੁਝ ਸੂਤ ਕੱਤਣ-ਬੁਨਣ ਦਾ ਕੰਮ ਕਰਦੀਆਂ ਹਨ ਪਰ ਇਹ ਵੀ ਬਹੁਤ ਥੋੜ੍ਹਾ ਹੈ। ਪਹਿਲਾਂ ਖਾਦੀ ਬੋਰਡ ਦੇ ਭੰਡਾਰ ਚਲਦੇ ਸਨ ਪਰ ਉਹ ਵੀ ਆਮ ਤੌਰ ’ਤੇ ਠੱਪ ਪਏ ਹਨ। ਹੁਣ ਕੱਤਣ-ਬੁਨਣ ਦਾ ਕੰਮ ਘੱਟ ਹੈ ਅਤੇ ਇਹ ਆਮ ਤੌਰ ’ਤੇ ਪੁਰਾਣੇ ਕੱਪੜਿਆਂ ਤੋਂ ਗਰਮ ਖੇਸ ਜਾਂ ਦਰੀਆਂ ਆਪਣੇ ਘਰ ਵਰਤਣ ਲਈ ਬਣਾਉਣ ਦਾ ਹੁੰਦਾ ਹੈ। ਇਹ ਹੁਣ ਕਿਸੇ ਵੀ ਪੱਖੋਂ ਆਮਦਨੀ ਦਾ ਪੱਕਾ ਸਾਧਨ ਨਹੀਂ ਹੈ।

ਜਿਉਂ ਜਿਉਂ ਔਰਤਾਂ ਬੁੱਢੀਆਂ ਹੁੰਦੀਆਂ ਜਾਂਦੀਆਂ ਹਨ ਉਨ੍ਹਾਂ ਦੀਆਂ ਮੁਸ਼ਕਲਾਂ ਵੱਸ ਤੋਂ ਬਾਹਰ ਹੁੰਦੀਆਂ ਜਾਂਦੀਆਂ ਹਨ। ਸਾਲਾਂਬੱਧੀ ਘਰੇਲੂ ਕੰਮ ਅਤੇ ਖੇਤੀਬਾੜੀ

ਦਾ ਕੰਮ ਕਰਨ ਤੋਂ ਬਾਅਦ ਘੱਟੋ-ਘੱਟ ਸੁਰੱਖਿਆ ਵੀ ਯਕੀਨੀ ਨਹੀਂ ਬਣਦੀ ਅਤੇ ਅਕਸਰ ਹੀ ਪਰਿਵਾਰ ਉਨ੍ਹਾਂ ਨਾਲੋਂ ਨਾਤਾ ਤੋੜ ਲੈਂਦੇ ਹਨ। ਨਥਾਣਾ ਬਲਾਕ ਦੇ ਇਕ ਪਿੰਡ ਵਿਚ ਰਾਮਦਾਸੀਆ ਸਿੱਖ ਪਰਿਵਾਰ ਦੀ ਇਕ 65 ਸਾਲ ਦੀ ਔਰਤ ਇਕੱਲੀ ਰਹਿੰਦੀ ਹੈ, ਉਸਦੇ ਪਤੀ ਨੇ 2000 ਵਿਚ ਖ਼ੁਦਕੁਸ਼ੀ ਕਰ ਲਈ ਸੀ। ਉਸ ਨੇ ਕਿਹਾ ਕਿ ਉਸ ਨੂੰ ਚੰਗੀ ਜ਼ਿੰਦਗੀ ਦੀ ਆਸ ਸੀ ਅਤੇ ਕੁਝ ਕਮਾ ਵੀ ਸਕਦੀ ਸੀ। ਉਸਦੇ ਬੱਚਿਆਂ ਨੇ ਉਸ ਸਿਰ ਕਰਜ਼ਾ ਦੇਖਕੇ ਉਸ ਤੋਂ ਮੂੰਹ ਮੋੜ ਲਿਆ। ਕਰਜ਼ਾ ਹਾਲੇ ਵੀ ਖੜ੍ਹਾ ਹੈ। ਉਹ ਕੰਮ ਕਰਨਾ ਚਾਹੁੰਦੀ ਹੈ ਅਤੇ ਉਸ ਦੀ ਖਾਹਸ਼ ਹੈ ਕਿ ਉਸ ਕੋਲ ਘਰ 'ਚ ਥੋੜ੍ਹੀ ਥਾਂ ਹੋਰ ਹੋਵੇ ਜਿਥੇ ਉਹ ਮੱਝ ਰੱਖ ਸਕੇ ਅਤੇ ਦੁੱਧ ਵੇਚਕੇ ਕੁਝ ਕਮਾ ਸਕੇ।

ਬਾਰਾਂ ਜਮਾਤਾਂ ਜਾਂ ਕਾਲਜ ਪੜ੍ਹੀਆਂ ਨੌਜਵਾਨ ਦਲਿਤ ਕੁੜੀਆਂ ਘਰ ਅਤੇ ਪਿੰਡ ਦੇ ਮਾਹੌਲ 'ਚੋਂ ਬਾਹਰ ਨਿਕਲਣਾ ਚਾਹੁੰਦੀਆਂ ਹਨ, ਉਨ੍ਹਾਂ ਮੂਹਰੇ ਵੀ ਹਨੇਰਾ ਹੀ ਹੈ। ਮਾਨਸਾ ਬਲਾਕ ਦੇ ਇਕ ਪਿੰਡ ਦੀਆਂ ਦੋ ਭੈਣਾਂ, ਜੋ 18 ਅਤੇ 19 ਸਾਲ ਦੀਆਂ ਹਨ, ਨੇ ਦੁੱਖ ਸਾਂਝਾ ਕੀਤਾ ਕਿ ਉਹ ਆਪਣੇ 25 ਸਾਲਾ ਭਰਾ ਦੀ ਮੌਤ ਤੋਂ ਬਾਅਦ ਪਰਿਵਾਰ ਦੀ ਦੇਖਭਾਲ ਕਿਵੇਂ ਕਰਦੀਆਂ ਹਨ। ਉਨ੍ਹਾਂ ਦੇ ਭਰਾ ਨੇ ਜੂਨ 2008 'ਚ ਕੀੜੇਮਾਰ ਦਵਾਈ ਪੀਕੇ ਖ਼ੁਦਕੁਸ਼ੀ ਕਰ ਲਈ ਸੀ। ਮਾਂ ਹੈਪੇਟਾਈਟਸ ਦੀ ਮਰੀਜ਼ ਹੈ; ਉਸਦੇ ਇਲਾਜ ਖ਼ਾਤਰ ਅਤੇ ਘਰ ਦੇ ਖ਼ਰਚੇ ਲਈ ਪੰਜਾਹ ਹਜ਼ਾਰ ਰੁਪਏ ਦਾ ਕਰਜ਼ਾ ਲਿਆ ਗਿਆ ਹੈ।

ਉਨ੍ਹਾਂ ਵਿਚੋਂ ਇਕ ਨੇ ਕਿਹਾ: "ਅਸੀਂ ਕੰਮ ਕਰਨਾ ਚਾਹੁੰਦੀਆਂ ਹਾਂ। ਸਾਨੂੰ ਸਭ ਤੋਂ ਵੱਡੀ ਚਿੰਤਾ ਆਪਣੇ ਮਾਪਿਆਂ ਦੀ ਹੈ—ਉਨ੍ਹਾਂ ਦੇ ਫ਼ਿਕਰਾਂ ਦੀ ਪੰਡ ਕਿਵੇਂ ਲਾਹੀ ਜਾਵੇ। ਅਸੀਂ ਇਹੋ ਸੋਚਦੀਆਂ ਰਹਿੰਦੀਆਂ ਹਾਂ ਕਿ ਉਹ ਇਸ ਗ਼ਮ ਵਿਚੋਂ ਕਿਵੇਂ ਨਿਕਲਣ ਅਤੇ ਆਉਣ ਵਾਲੇ ਦਿਨ ਕਿਹੋ ਜਿਹੇ ਹੋਣਗੇ। ਤੁਸੀਂ ਸਾਨੂੰ ਦੱਸੋ ਅਸੀਂ ਕੀ ਕੰਮ ਕਰ ਸਕਦੀਆਂ ਹਾਂ। ਜੇ ਲੋੜ ਪਈ ਤਾਂ ਸਾਡੇ ਵਿਚੋਂ ਇਕ ਜਣੀ ਪਿੰਡ ਵੀ ਛੱਡ ਸਕਦੀ ਹੈ।"

ਇਹ ਕਾਫ਼ੀ ਅਲੋਕਾਰੀ ਗੱਲ ਸੀ ਕਿ ਬਠਿੰਡਾ ਜ਼ਿਲ੍ਹੇ ਦੇ ਨਥਾਣਾ ਬਲਾਕ ਦੇ ਇਕ ਪਿੰਡ ਦੀਆਂ 18 ਅਤੇ 19 ਸਾਲ ਦੀਆਂ ਦੋ ਹੋਰ ਭੈਣਾਂ ਨੇ ਵੀ ਇਸੇ ਤਰ੍ਹਾਂ ਦੀ ਔਕੜ ਦੱਸੀ। ਉਨ੍ਹਾਂ ਦਾ 23 ਸਾਲ ਦਾ ਭਰਾ ਇਕ ਪ੍ਰਾਈਵੇਟ ਕਾਰੋਬਾਰ 'ਚ 1800 ਰੁਪਏ ਪ੍ਰਤੀ ਮਹੀਨਾ 'ਤੇ ਨੌਕਰੀ ਕਰਦਾ ਸੀ, ਜਨਵਰੀ 2003 'ਚ ਉਸਨੇ ਫਾਹਾ ਲੈ ਲਿਆ ਸੀ। ਮਾਂ ਨੂੰ ਆਂਗਨਬਾੜੀ ਕੇਂਦਰ ਤੋਂ 700 ਰੁਪਏ ਮਹੀਨਾ ਤਨਖ਼ਾਹ ਮਿਲਦੀ ਹੈ ਜਦਕਿ ਉਨ੍ਹਾਂ ਦਾ ਬਾਪ ਰੀੜ੍ਹ ਦੀ ਹੱਡੀ ਦਾ ਲੰਮੇ ਸਮੇਂ ਤੋਂ ਮਰੀਜ਼ ਹੋਣ ਕਰਕੇ ਮੰਜੇ 'ਤੇ ਹੀ ਹੈ।

ਦੋਵੇਂ ਭੈਣਾਂ ਕੰਮ ਕਰਨਾ ਚਾਹੁੰਦੀਆਂ ਹਨ ਅਤੇ ਵਾਰ-ਵਾਰ ਜ਼ੋਰ ਦੇ ਰਹੀਆਂ ਸਨ, "ਅਸੀਂ ਕਿਤੇ ਵੀ ਜਾ ਕੇ ਕੁਝ ਵੀ ਕਰਨ ਲਈ ਤਿਆਰ ਹਾਂ। ਤੁਸੀਂ ਸਾਨੂੰ ਦੱਸੋ ਅਸੀਂ ਕਿੱਥੇ ਜਾ ਸਕਦੀਆਂ ਹਾਂ? ਅਸੀਂ ਲੁਧਿਆਣੇ, ਜਲੰਧਰ ਜਾਂ ਦਿੱਲੀ ਕਿਤੇ ਵੀ ਜਾ ਸਕਦੀਆਂ ਹਾਂ।"

ਉਨ੍ਹਾਂ ਨੇ ਸਾਨੂੰ ਪੂਰੇ ਭਰੋਸੇ ਨਾਲ ਕਿਹਾ ਕਿ ਉਹ ਵੀ ਪੁੱਤਾਂ ਵਾਂਗ ਬਣਕੇ ਦਿਖਾ ਸਕਦੀਆਂ ਹਨ। ਭਾਵੇਂ ਉਨ੍ਹਾਂ ਦੀਆਂ ਅੱਖਾਂ 'ਚ ਹੰਝੂ ਸਨ, ਫੇਰ ਵੀ ਉਨ੍ਹਾਂ

ਨੇ ਦਰਸਾਇਆ ਕਿ ਉਨ੍ਹਾਂ ਦੇ ਇਰਾਦੇ ਕਿੰਨੇ ਦ੍ਰਿੜ੍ਹ ਹਨ। ਉਹ ਥਾਂ-ਥਾਂ ਨੌਕਰੀਆਂ ਲਈ ਅਰਜ਼ੀਆਂ ਦਿੰਦੀਆਂ ਹਨ ਅਤੇ ਇੰਟਰਵਿਊ 'ਤੇ ਜਾਣ ਦੇ ਖ਼ਰਚੇ ਗਿਣਾਉਂਦੀਆਂ ਹਨ।

ਉਨ੍ਹਾਂ ਨੇ ਚੇਤੇ ਕੀਤਾ, "ਸਾਡਾ ਵੀਰ ਹਮੇਸ਼ਾ ਕਿਹਾ ਕਰਦਾ ਸੀ ਕਿ ਅਸੀਂ ਪੜ੍ਹੀਆਂ ਹੋਣ ਕਾਰਨ ਉਸ ਤੋਂ ਵਧ ਕਮਾ ਸਕਦੀਆਂ ਹਾਂ।"

ਆਜ਼ਾਦ ਹੋਣ ਦੇ ਨਾਲ-ਨਾਲ ਆਪਣੇ ਮਾਪਿਆਂ ਦੀ ਦੇਖਭਾਲ ਕਰਨ ਦੀ ਇਨ੍ਹਾਂ ਨੌਜਵਾਨ ਕੁੜੀਆਂ ਦੀ ਤਾਂਘ ਔਰਤਾਂ ਦੀ ਇਕ ਪੂਰੀ ਦੀ ਪੂਰੀ ਨਵੀਂ ਪੀੜ੍ਹੀ ਦੇ ਜਾਗ੍ਰਿਤ ਹੋਣ ਦੀ ਆਵਾਜ਼ ਹੈ। ਸਮਾਜ ਇਸ ਨੌਜਵਾਨ ਪੀੜ੍ਹੀ ਨੂੰ ਕੀ ਦੇ ਸਕਦਾ ਹੈ ਜੋ ਹੁਣ ਚਾਹੁੰਦੀ ਹੈ ਕਿ ਔਰਤ ਹੋਣ ਕਾਰਨ ਉਸ ਨੂੰ ਬੋਝ ਨਾ ਸਮਝਿਆ ਜਾਵੇ ਅਤੇ ਜਿਸ ਦੇ ਰਾਹ ਵਿਚ ਬਹੁਤ ਸਾਰੀਆਂ ਨਵੀਆਂ ਮੁਸ਼ਕਲਾਂ ਹਨ? ਅਜਿਹੀਆਂ ਮੁਸ਼ਕਲਾਂ 'ਚੋਂ ਉੱਭਰਦੇ ਸਵਾਲ ਕਿਸਾਨ ਜਥੇਬੰਦੀਆਂ ਅਤੇ ਔਰਤ ਜਥੇਬੰਦੀਆਂ ਲਈ ਸਭ ਤੋਂ ਵੱਡੀ ਚੁਣੌਤੀ ਹਨ।

ਕੁਝ ਬੇਜ਼ਮੀਨੇ ਜੱਟ ਸਿੱਖ ਪਰਿਵਾਰਾਂ ਨੇ ਕਰਜ਼ਾ ਮੋੜਨ ਦੇ ਅਮਲ ਦੌਰਾਨ ਜਾਂ ਤਾਂ ਸਾਰੀ ਜ਼ਮੀਨ ਵੇਚ ਦਿੱਤੀ ਸੀ ਜਾਂ ਸਹੁਰਿਆਂ ਨੇ ਨੂੰਹਾਂ ਤੋਂ ਜ਼ਮੀਨ ਦਾ ਵਿਰਾਸਤੀ ਹੱਕ ਖੋਹ ਲਿਆ ਹੈ। ਜਿਨ੍ਹਾਂ ਨੇ ਜ਼ਮੀਨ ਵੇਚ ਦਿੱਤੀ ਹੈ ਉਨ੍ਹਾਂ ਨੂੰ ਜ਼ਿਆਦਾ ਜੜ੍ਹਤਾ (ਸੁਸਤੀ) ਅਤੇ ਘੋਰ ਉਦਾਸੀ ਨੇ ਜਕੜ ਲਿਆ ਹੈ ਕਿਉਂਕਿ ਪਹਿਲਾਂ ਉਹ ਖੇਤਾਂ 'ਚ ਜਾਂ ਘਰ ਕੰਮ ਕਰਦੇ ਸਨ। ਉਨ੍ਹਾਂ ਦੀ ਆਪਣੇ ਬਾਰੇ ਵੀ ਇਹੀ ਸੋਚ ਹੈ ਕਿ ਉਹ ਤਾਂ ਬਸ ਵਕਤ ਨੂੰ ਧੱਕਾ ਦੇ ਰਹੇ ਹਨ ਕਿਉਂਕਿ ਮੂਹਰੇ ਕੁਝ ਆਸ ਜਾਂ ਰੁਝੇਵਾਂ ਦਿਖਾਈ ਨਹੀਂ ਦੇ ਰਿਹਾ।

2.4 ਔਰਤਾਂ ਅਤੇ ਘਰ-ਪਰਿਵਾਰ

ਗੱਲਬਾਤ ਲਈ ਸਮਾਂ ਕੱਢਣਾ ਲਗਭਗ ਸਾਰੀਆਂ ਔਰਤਾਂ ਲਈ ਹੀ ਸੁਖਾਲਾ ਨਹੀਂ ਸੀ ਕਿਉਂਕਿ ਘਰੇਲੂ ਕੰਮ 'ਚ ਬਹੁਤ ਜ਼ਿਆਦਾ ਰੁੱਝੀਆਂ ਹੁੰਦੀਆਂ ਸਨ। ਜਦੋਂ ਇਨ੍ਹਾਂ ਔਰਤਾਂ ਨਾਲ ਕੰਮ ਅਤੇ ਜ਼ਿੰਮੇਵਾਰੀਆਂ ਦੀ ਚਰਚਾ ਕੀਤੀ ਜਾਂਦੀ ਹੈ ਤਾਂ ਵਿਆਹ ਮਗਰੋਂ ਪਤੀ ਦੇ ਘਰ ਰਹਿਣ ਦੀ ਪ੍ਰਥਾ ਵਾਲੇ ਸਮਾਜ ਦੀ ਹਕੀਕਤ ਮੱਥੇ 'ਚ ਵੱਜਦੀ ਹੈ। ਕਿਉਂਕਿ ਉਹ ਬਹੂਆਂ ਹਨ ਇਸ ਲਈ ਵੱਡਿਆਂ ਦਾ ਕਿਹਾ ਮੰਨਣਾ ਅਤੇ ਚੁੱਪ ਰਹਿਣਾ ਫਰਜ਼ ਸਮਝਿਆ ਜਾਂਦਾ ਹੈ। ਕਿਉਂਕਿ ਉਨ੍ਹਾਂ ਲਈ ਵਿਆਹ ਦੀ ਸੰਸਥਾ ਰਾਹੀਂ ਹਾਸਲ ਮਰਦ ਦੀ ਸੁਰੱਖਿਆ ਜਾਂ ਨੇੜਤਾ ਵਰਗੀ ਕਿਸੇ ਚੀਜ਼ ਦੀ ਮਨਾਹੀ ਹੈ, ਜਾਪਦਾ ਹੈ ਕਿ ਜਿਵੇਂ ਸਮੇਂ ਨੇ ਪੰਜਾਬ ਦੇ ਪਿੰਡਾਂ ਵਿਚ "ਖੁਸ਼ੀ ਲਈ ਕੰਮ" ਵੀ ਪੁਰਾਣੀ ਮਿੱਥ ਬਣਾ ਦਿੱਤਾ ਹੋਵੇ। ਆਮ ਨਿੱਤਪ੍ਰਤੀ ਕੰਮਾਂ 'ਚ ਬੱਚਿਆਂ ਦੀ ਸਾਂਭ-ਸੰਭਾਲ ਵੀ ਸ਼ਾਮਲ ਹੈ, ਕਈ ਵਾਰ ਤਾਂ ਪੋਤੇ ਪੋਤੀਆਂ ਨੂੰ ਵੀ ਸਾਂਭਣਾ ਪੈਂਦਾ ਹੈ। ਸਾਰਣੀ 2.2 ਦਰਸਾਉਂਦੀ ਹੈ ਕਿ ਘਰ ਨੂੰ ਚਲਾਉਣ ਅਤੇ ਇਸ ਦੇ ਮੈਂਬਰਾਂ ਦੀ ਸਾਂਭ ਸੰਭਾਲ ਲਈ ਔਰਤਾਂ ਕਿਸ ਤਰ੍ਹਾਂ ਦੇ ਕੰਮ ਕਰਦੀਆਂ ਹਨ। ਦਿਨ 'ਚ ਤਿੰਨ ਵਾਰ ਜਾਂ ਕਈ ਵਾਰ ਦੋ ਵਾਰ ਖਾਣਾ ਬਣਾਉਣਾ ਪੈਂਦਾ ਹੈ। ਘਰ, ਵਿਹੜੇ, ਪਸ਼ੂ ਬੰਨ੍ਹਣ ਦੀ ਥਾਂ, ਭਾਂਡੇ, ਕੱਪੜਿਆਂ ਅਤੇ ਪਸ਼ੂਆਂ ਦੀ ਸਾਫ਼-ਸਫ਼ਾਈ ਕਰਨੀ ਹੁੰਦੀ ਹੈ। ਧਾਰਾਂ ਚੋਣੀਆਂ, ਸਬਜ਼ੀਆਂ ਦੀ ਸਾਂਭ-ਸੰਭਾਲ, ਪੀਣ ਵਾਲਾ ਪਾਣੀ

ਲਿਆਉਣਾ ਅਤੇ ਪੱਠੇ-ਦੱਥੇ ਲਿਆਉਣਾ ਉਨ੍ਹਾਂ ਦੇ ਹੀ ਜ਼ਿੰਮੇ ਹੈ। ਕਈ ਵਾਰ ਦੁਪਹਿਰ ਨੂੰ ਕੱਤਣ-ਬੁਨਣ ਦਾ ਕੰਮ ਵੀ ਕਰਨਾ ਹੁੰਦਾ ਹੈ। ਬਜ਼ੁਰਗਾਂ ਦੀ ਦੇਖਭਾਲ ਦਾ ਕੰਮ ਕਈ ਘਰਾਂ 'ਚ ਆਮ ਹੈ ਅਤੇ ਕੁਝ ਘਰਾਂ 'ਚ ਸੱਸ-ਸਹੁਰਾ ਜਾਂ ਵੱਡੇ ਬੱਚੇ ਬੀਮਾਰ ਹਨ ਜਿਨ੍ਹਾਂ ਦੀ ਲਗਾਤਾਰ ਦੇਖਭਾਲ ਕਰਨੀ ਪੈਂਦੀ ਹੈ। ਦੁੱਧ ਰਿੜਕ ਕੇ ਮੱਖਣ ਲੱਸੀ ਜਾਂ ਹੋਰ ਚੀਜ਼ਾਂ ਬਣਾਉਣ ਦਾ ਕੰਮ ਹੈ। ਸਾਗ ਚੀਰਨਾ ਘੰਟਿਆਂ ਬੱਧੀ ਕੀਤੇ ਜਾਣ ਵਾਲਾ ਕੰਮ ਹੈ। ਸਾਗ ਨਾਲ ਰੋਟੀ ਹੀ ਐਸਾ ਖਾਣਾ ਹੈ ਜੋ ਤਿੰਨ-ਚਾਰ ਦਿਨ ਤੱਕ ਚਲਦਾ ਹੈ ਪਰ ਇਸ ਨੂੰ ਬਣਾਉਣ 'ਤੇ ਅੱਧਾ ਦਿਨ ਲੱਗ ਜਾਂਦਾ ਹੈ। ਕਈ ਵਾਰ, ਇਸ ਨੂੰ ਥੋੜ੍ਹਾ-ਥੋੜ੍ਹਾ ਕਰਕੇ ਕੀਤਾ ਜਾਂਦਾ ਹੈ ਅਤੇ ਓਦੋਂ ਲੱਗਦਾ ਹੈ ਕਿ ਇਸ 'ਤੇ ਕੋਈ ਸਮਾਂ ਨਹੀਂ ਲੱਗਿਆ। ਜਿਵੇਂ ਪੂਰੇ ਦੇਸ਼ 'ਚ ਔਰਤਾਂ ਦੇ ਕੰਮ ਬਾਰੇ ਸੱਚ ਹੈ, ਇਨ੍ਹਾਂ ਕੰਮਾਂ ਬਾਰੇ ਅਸਾਨੀ ਨਾਲ ਹੀ ਕਹਿ ਦਿੱਤਾ ਜਾਂਦਾ ਹੈ ਕਿ ਇਹ ਕਿਹੜੇ ਕੰਮਾਂ ਵਿਚੋਂ ਕੰਮ ਹੈ। ਔਰਤਾਂ ਵੀ ਸਮਝਦੀਆਂ ਹਨ ਕਿ ਇਹ ਉਨ੍ਹਾਂ ਦਾ ਨਿੱਤ ਦਾ ਕੰਮ ਹੈ ਜਾਂ, "ਹੋਰ ਕੌਣ ਕਰੇਗਾ"। ਅਤੇ ਔਰਤਾਂ ਦੇ ਘਰੇਲੂ ਕੰਮ ਦੀ ਚਰਚਾ ਕਰਨ ਸਮੇਂ ਪਰਿਵਾਰ ਦੇ ਹੋਰ ਜੀਅ ਬਸ ਮੁਸਕਰਾ ਛੱਡਦੇ ਹਨ। ਮੁਸਕਰਾਹਟ ਜੋ ਔਰਤਾਂ ਦੇ ਕੰਮ ਨੂੰ ਕਿੱਤੂਰਹਿਤ ਸਧਾਰਨ ਗੱਲ ਸਮਝਣ ਨੂੰ ਜਾਇਜ਼ ਠਹਿਰਾਉਂਦੀ ਹੈ—ਇਹ ਐਸਾ ਅਣਐਲਾਨਿਆ ਸਮਝੌਤਾ ਹੈ ਜਿਸ 'ਚ ਮਿਥੀ ਭੂਮਿਕਾ ਦੀ ਲਛਮਣ-ਰੇਖਾ ਨੂੰ ਔਰਤਾਂ ਕਦੇ ਨਹੀਂ ਉਲੰਘਦੀਆਂ। ਇੰਞ ਲਿੰਗ ਅਧਾਰ 'ਤੇ ਕਿਰਤ ਦੀ ਵੰਡ ਅਤੇ ਇਸ ਦੇ ਸਹਿਜ ਜਾਪਦੇ ਹੋਣ ਕਾਰਨ ਇਨ੍ਹਾਂ ਅਕਾਊ ਕੰਮਾਂ ਦੀ ਕਦਰ ਨਹੀਂ ਪੈਂਦੀ; ਇਸ ਨਾਲ ਔਰਤ ਦੀ ਪਛਾਣ, ਉਜਰਤਾਂ ਜਾਂ ਵਸੀਲਿਆਂ ਤੱਕ ਔਰਤਾਂ ਦੀ ਪਹੁੰਚ ਕਾਰਗਰ ਤੌਰ 'ਤੇ ਲਛਮਣ-ਰੇਖਾ ਦੇ ਅੰਦਰ ਰਹਿੰਦੀ ਹੈ।[3] ਅਤੇ ਇਨ੍ਹਾਂ ਸਾਰੇ ਘਰਾਂ ਅੰਦਰ ਪਰਿਵਾਰ ਅਤੇ ਵਿਆਹ ਦੀ ਸੁਰੱਖਿਆ ਵਿਲੱਖਣ ਰੂਪ 'ਚ ਕਮਜ਼ੋਰ ਪੈ ਜਾਂਦੀ ਹੈ। ਬੱਚਿਆਂ ਦੇ ਭਵਿੱਖ ਤੋਂ ਥੋੜ੍ਹਾ ਆਸਵੰਦ ਹੋਣ ਨੂੰ ਛੱਡਕੇ ਨਾ ਕੋਈ ਭਾਵਕ ਸੁਰੱਖਿਆ ਹੁੰਦੀ ਹੈ ਨਾ ਭਵਿੱਖ ਦੀ ਕੋਈ ਉਮੀਦ। ਲਗਭਗ 96% ਔਰਤਾਂ ਨੇ ਦੱਸਿਆ ਕਿ ਉਹ ਘਰੇਲੂ ਕੰਮ ਕਰਦੀਆਂ ਹਨ—ਜਿਹੜੀਆਂ ਨਹੀਂ ਕਰਦੀਆਂ ਉਹ ਜਾਂ ਤਾਂ ਬੀਮਾਰ ਸਨ ਜਾਂ ਜ਼ਿਆਦਾ ਬ੍ਰਿਧ ਜਾਂ

---

3. 2004-05 ਦੇ ਐੱਨ.ਐੱਨ.ਐੱਸ.ਓ. ਦੇ ਸਰਵੇਖਣ ਮੁਤਾਬਕ, ਪੇਂਡੂ ਇਲਾਕਿਆਂ ਦੀਆਂ 57 ਫ਼ੀ ਸਦੀ ਅਤੇ ਸ਼ਹਿਰੀ ਇਲਾਕਿਆਂ ਦੀਆਂ 19 ਫ਼ੀ ਸਦੀ ਔਰਤਾਂ ਘਰੇਲੂ ਵਰਤੋਂ ਲਈ ਬਾਲਣ ਇਕੱਠਾ ਕਰਦੀਆਂ ਹਨ; 15 ਫ਼ੀ ਸਦੀ ਔਰਤਾਂ ਅਨਾਜ ਦਾ ਪੀਹਣਾ ਕਰਨ ਤੇ ਪੀਸਣ ਦੇ ਕੰਮ ਵਿਚ ਹਨ; ਘਰ ਦੀ ਸਬਜ਼ੀ ਕਿਆਰੀ ਅਤੇ ਡੰਗਰਾਂ ਦੀ ਦੇਖਭਾਲ ਵਿਚ 60 ਫ਼ੀ ਸਦੀ ਪਿੰਡਾਂ ਦੀਆਂ ਔਰਤਾਂ ਅਤੇ 24 ਫ਼ੀ ਸਦੀ ਸ਼ਹਿਰੀ ਇਲਾਕਿਆਂ ਦੀਆਂ ਔਰਤਾਂ ਲੱਗੀਆਂ ਹੋਈਆਂ ਹਨ। ਜੈਅਤੀ ਘੋਸ਼ ਅਜਿਹੇ ਬਿਨਾ ਕਿਸੇ ਕਮਾਈ ਵਾਲੇ ਘਰ ਚਲਾਉਣ ਨਾਲ ਸਬੰਧਤ ਕੰਮਾਂ ਬਾਰੇ ਕਹਿੰਦੀ ਹੈ ਕਿ ਇਹ ਸਪਸ਼ਟ ਤੌਰ 'ਤੇ ਆਰਥਕ ਸੁਭਾਅ ਵਾਲੇ ਕੰਮ ਹਨ ਜਿਨ੍ਹਾਂ ਨੂੰ ਵਿਕਸਤ ਦੇਸ਼ਾਂ ਵਿਚ ਇਸੇ ਤਰ੍ਹਾਂ ਮੰਨਿਆ ਜਾਂਦਾ ਹੈ ਕਿਉਂਕਿ ਇਹ ਜ਼ਿਆਦਾਤਰ ਤਨਖ਼ਾਹ ਉੱਤੇ ਕੀਤੇ ਜਾਂਦੇ ਹਨ, ਅਤੇ ਇਸ ਤਰ੍ਹਾਂ ਸੇਵਾਵਾਂ ਵਿਚਲੇ ਰੁਜ਼ਗਾਰ ਦਾ ਹਿੱਸਾ ਬਣਦੇ ਹਨ। ਸਫ਼ਾ 161, Never Done, Poorly Paid–Women's work in globalising India, Jayati Ghosh, Women Unlimited, New Delhi, 2009.

ਦੋਵੇਂ ਤਰ੍ਹਾਂ ਨਾਕਾਬਿਲ।[4] ਇਸ ਤਰ੍ਹਾਂ ਔਰਤਾਂ ਦਾ ਕੰਮ ਕਿਸੇ ਤਰ੍ਹਾਂ ਦੀ ਵਿਹਲ, ਛੁੱਟੀ ਜਾਂ ਸੇਵਾ ਮੁਕਤੀ ਦੇ ਸੰਕਲਪ ਤੋਂ ਅਣਭਿੱਜ ਹੀ ਰਹਿੰਦਾ ਹੈ; ਵਿਹਾਰਕ ਅਤੇ ਸੋਚ ਦੋਵਾਂ ਪੱਧਰਾਂ 'ਤੇ। ਇਕ ਨੌਜਵਾਨ ਔਰਤ ਇਸ ਨੂੰ ਕਿੰਨਾ ਬਾਖ਼ੂਬੀ ਪੇਸ਼ ਕਰਦੀ ਹੈ:

"ਮੈਂ ਖੇਤੀਬਾੜੀ ਦੇ ਕੰਮ 'ਚ ਆਪਣੇ ਸਹੁਰੇ ਦੀ ਮਦਦ ਕਰਦੀ ਹਾਂ ਅਤੇ ਘਰ ਦਾ ਸਾਰਾ ਕੰਮ ਕਰਦੀ ਹਾਂ। ਇਹ ਹੋਰ ਕੌਣ ਕਰੇਗਾ? ਮੈਨੂੰ ਇਸ ਘਰ ਜਾਂ ਮੇਰੀ ਮਾਂ ਦੇ ਘਰ ਦਾ ਸੁੱਖ ਨਸੀਬ ਨਹੀਂ ਹੁੰਦਾ। ਸੰਗਰੂਰ ਤੋਂ ਮੇਰੀ ਮਾਂ ਮੈਨੂੰ ਸੁਨੇਹੇ ਭੇਜਦੀ ਰਹਿੰਦੀ ਹੈ ਕਿਉਂਕਿ ਮੈਂ ਹਮੇਸ਼ਾ ਬਹੁਤ ਜ਼ਿਆਦਾ ਉਦਾਸ ਰਹਿੰਦੀ ਹਾਂ। ਪਰ ਮੈਂ ਬੱਚਿਆਂ, ਮੱਝਾਂ ਅਤੇ ਬੀਮਾਰ ਸੱਸ ਦੀ ਦੇਖਭਾਲ ਕਰਨੀ ਹੁੰਦੀ ਹੈ। ਮੇਰੀ ਗ਼ੈਰਹਾਜ਼ਰੀ 'ਚ ਇਹ ਕੌਣ ਕਰੇਗਾ? ਇਸ ਕਰਕੇ ਮੈਨੂੰ ਸਾਰਾ ਦਿਨ ਕੰਮ ਕਰਨਾ ਪੈਂਦਾ ਹੈ। ਵਿਹਲ ਜਾਂ ਹੱਸਣ-ਖੇਡਣ ਲਈ ਸਮਾਂ ਹੀ ਨਹੀਂ ਹੁੰਦਾ।" ਸ਼ਹਿਰੀ ਮਜ਼ਦੂਰਾਂ ਅਤੇ ਪੇਂਡੂ ਕਿਸਾਨ ਪਰਿਵਾਰਾਂ ਦੇ ਘਰਾਂ ਦਾ ਸਿਲਸਿਲਾ ਨੌਜਵਾਨ ਕੁੜੀਆਂ ਵਲੋਂ ਚਲਾਉਣ 'ਚ ਕੁਝ ਵੀ ਖ਼ਾਸ ਨਹੀਂ ਹੈ ਪਰ ਅੱਜਕੱਲ ਇਹ ਗਿਣਤੀ ਵਧ ਰਹੀ ਹੈ।[5] ਔਰਤਾਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੀ ਤਰੱਕੀ ਦੀਆਂ ਸੰਭਾਵਨਾਵਾਂ 'ਚ ਸੁਧਾਰ ਲਿਆਉਣ ਲਈ ਰਜ਼ਾਮੰਦ ਇਕ ਆਧੁਨਿਕ ਸਮਾਜ ਸਿਖਿਆ ਜਾਂ ਰੁਜ਼ਗਾਰ ਪੱਖੋਂ ਔਰਤਾਂ ਨੂੰ ਜਨਤਕ ਖੇਤਰ 'ਚ ਖਿੱਚਣ ਦੀ ਕੋਸ਼ਿਸ਼ ਕਰਦਾ ਹੈ। ਇਸ ਦੇ ਉਲਟ, ਖੇਤੀਬਾੜੀ ਦਾ ਸੰਕਟ ਔਰਤਾਂ ਲਈ ਮਿਥੇ ਦਿਸਹੱਦਿਆਂ ਨੂੰ ਛਾਂਗਣ ਵਾਲਾ ਇਕ ਵੱਡਾ ਕਾਰਕ ਬਣਦਾ ਜਾ ਰਿਹਾ ਹੈ। ਕਿਰਤ ਦੀ ਲਿੰਗ ਅਧਾਰਤ ਵੰਡ ਨਾਲ ਸਮਾਜਾਂ ਅਤੇ ਪੀੜ੍ਹੀ ਦਾ ਪਾੜਾ ਉਸੇ ਰੂਪ 'ਚ ਮੌਜੂਦ ਹੈ ਅਤੇ ਅਜਿਹੇ ਸਮਿਆਂ 'ਚ ਖੇਤੀ ਸੰਕਟ ਔਰਤਾਂ ਨੂੰ ਹੋਰ ਵੀ ਹੀਣੀ ਹੈਸੀਅਤ 'ਚ ਸੁੱਟ ਦਿੰਦਾ ਹੈ। ਨੌਜਵਾਨ ਕੁੜੀਆਂ ਘਰ ਨੂੰ ਚਲਾਉਣ ਅਤੇ ਛੋਟੇ ਬੱਚਿਆਂ ਦੀ ਦੇਖਭਾਲ ਕਰਨ 'ਚ ਲੱਗ ਜਾਂਦੀਆਂ ਹਨ ਤਾਂ ਕਿ ਮਾਪੇ ਕੰਮ ਕਰਦੇ ਰਹਿਣ। ਫ਼ਰੀਦਕੋਟ ਜ਼ਿਲ੍ਹੇ ਦੇ ਇਕ ਪਿੰਡ ਦੀ 18 ਸਾਲ ਦੀ

4. ਐੱਨ.ਐੱਨ.ਐੱਸ. ਦੇ 61ਵੇਂ ਗੇੜ ਅਨੁਸਾਰ, 5 ਸਾਲ ਤੋਂ ਵੱਧ ਉਮਰ ਦੀਆਂ 40 ਫ਼ੀ ਸਦੀ ਪੇਂਡੂ ਔਰਤਾਂ ਅਤੇ 50 ਫ਼ੀ ਸਦੀ ਸ਼ਹਿਰੀ ਔਰਤਾਂ ਘਰੇਲੂ ਫ਼ਰਜ਼ਾਂ ਨੂੰ ਨਿਭਾਉਣ ਵਿਚ ਰੁੱਝੀਆਂ ਰਹਿੰਦੀਆਂ ਹਨ। ਇਨ੍ਹਾਂ ਵਿਚੋਂ 30.7 ਪੇਂਡੂ ਅਤੇ 46.8 ਫ਼ੀ ਸਦੀ ਸ਼ਹਿਰੀ ਔਰਤਾਂ ਘਰ ਦੇ ਕੰਮਾਂ ਬਿਨਾਂ ਹੋਰ ਕੋਈ ਕੰਮ ਨਹੀਂ ਕਰਦੀਆਂ। ਮੈਥਰੇਈ ਕਰਿਸ਼ਨਾਰਾਜ ਅਤੇ ਅਰੁਨਾ ਕਾਂਚੀ, Women Farmers in India page 68, National Book Trust, 2008, New Delhi.

5. 2004-05 ਦੇ ਸਰਵੇਖਣ ਮੁਤਾਬਕ, ਕੁੜੀਆਂ ਦਾ 25 ਫ਼ੀ ਸਦੀ ਹਿੱਸਾ ਸਕੂਲ ਨਹੀਂ ਜਾਂਦਾ ਸਗੋਂ ਬਾਕਾਇਦਾ ਕੰਮ ਕਰਦਾ ਹੈ, ਸ਼ਹਿਰਾਂ ਵਿਚ ਇਹ ਫ਼ੀ ਸਦੀ 12 ਹੈ। ਇੱਥੋਂ ਤੱਕ ਕਿ ਜਿਹੜੀਆਂ ਕੁੜੀਆਂ ਸਕੂਲ ਜਾਂਦੀਆਂ ਵੀ ਹਨ ਉਨ੍ਹਾਂ ਦਾ ਵਾਹਵਾ ਹਿੱਸਾ ਘਰੇਲੂ ਕੰਮ ਵੀ ਕਰਦਾ ਹੈ ਜਿਸ ਦਾ ਕੋਈ ਮਿਹਨਤਾਨਾ ਨਹੀਂ; ਇਨ੍ਹਾਂ ਵਿਚੋਂ 75 ਫ਼ੀ ਸਦੀ ਨੂੰ ਇਸ ਲਈ ਇਹ ਕੰਮ ਕਰਨਾ ਪੈਂਦਾ ਹੈ ਕਿਉਂਕਿ ਹੋਰ ਕੋਈ ਵੀ ਅਜਿਹਾ ਵਿਅਕਤੀ ਮੌਜੂਦ ਨਹੀਂ ਜਿਹੜਾ ਇਨ੍ਹਾਂ ਕੰਮਾਂ ਨੂੰ ਕਰੇ। ਸਫ਼ਾ 164, ਜੈਅਤੀ ਘੋਸ਼, Never Done, Poorly Paid– Women's work in globalising India, Women Unlimited, New Delhi, 2009.

ਕੁੜੀ ਸੱਤ ਜੀਆਂ ਦੇ ਟੱਬਰ ਦਾ ਸਾਰਾ ਘਰੇਲੂ ਕੰਮ ਕਰਦੀ ਹੈ ਕਿਉਂਕਿ ਇੰਞ ਕਰਨ ਨਾਲ ਬਾਲਗਾਂ ਨੂੰ ਮਜ਼ਦੂਰੀ ਕਰਨ 'ਚ ਸਹਾਇਤਾ ਮਿਲਦੀ ਹੈ। ਉਹ 13 ਵਰ੍ਹਿਆਂ ਦੀ ਸੀ ਜਦੋਂ ਉਸਨੇ ਆਪਣੇ ਭਰਾ ਦੇ ਨਵ-ਜੰਮੇ ਬਾਲ ਦੀ ਮਾਂ ਦੀ ਭੂਮਿਕਾ ਸੰਭਾਲ ਲਈ ਸੀ। ਉਸਦੇ ਭਰਾ ਨੇ ਖ਼ੁਦਕੁਸ਼ੀ ਕਰ ਲਈ ਸੀ ਅਤੇ ਉਸ ਦੀ ਭਰਜਾਈ ਘਰ "ਛੱਡਕੇ" ਚਲੀ ਗਈ ਸੀ। ਉਹ ਦੁੱਖ ਸਾਂਝਾ ਕਰਦੀ ਹੈ ਕਿ ਉਸ ਦੀ ਇੱਛਾ ਸਦਾ ਪੜ੍ਹਨ ਦੀ ਰਹੀ ਹੈ ਪਰ ਉਸ ਦੀਆਂ ਘਰੇਲੂ ਜ਼ਿੰਮੇਵਾਰੀਆਂ ਵੀ ਅਹਿਮ ਸਨ। ਉਹ ਪਰਿਵਾਰ 'ਚ ਆਪਣੀ ਭੂਮਿਕਾ ਬਾਰੇ ਸਪਸ਼ਟ ਤੌਰ 'ਤੇ ਜਾਗਰੂਕ ਸੀ, ਜਿਸ ਨਾਲ ਉਸ ਦੇ ਪਰਿਵਾਰ ਨੂੰ ਰੋਟੀ ਕਮਾਉਣ 'ਚ ਸਹਾਇਤਾ ਮਿਲਦੀ ਸੀ। ਹਾਂ-ਪੱਖੀ ਸਵੈਮਾਣ ਦੁਰਲੱਭ ਚੀਜ਼ ਸੀ; ਉਸਦਾ ਇਸ ਨਾਲ ਸਮਝੌਤਾ ਕਰ ਲੈਣਾ ਬਰਾਬਰ ਚੁੱਭਦਾ ਸੀ। ਫੇਰ ਵੀ, ਸਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲਾ ਸੀ ਭਾਣਾ ਮੰਨਣਾ ਜਿਸ ਦਾ ਇਜ਼ਹਾਰ ਉਨ੍ਹਾਂ ਸਾਰਿਆਂ ਨੇ ਕੀਤਾ ਜਿਨ੍ਹਾਂ ਨਾਲ ਅਸੀਂ ਪਰਿਵਾਰ ਦੀਆਂ ਮੁਸ਼ਕਲਾਂ ਬਾਰੇ ਚਰਚਾ ਕੀਤੀ। ਘਰੇਲੂ ਕੰਮ ਦੇ ਜਕੜ-ਪੰਜੇ 'ਚ ਫਸੀਆਂ ਨੌਜਵਾਨ ਕੁੜੀਆਂ ਦੀ ਹਾਲਤ ਐਨੀ ਸੁਭਾਵਿਕ ਹੈ ਜਿਸ ਨੂੰ ਰੱਦ ਕਰਨਾ ਮੁਸ਼ਕਲ ਹੈ।

ਪਿਛਲ ਝਾਤ ਮਾਰਦਿਆਂ, ਬਠਿੰਡਾ ਜ਼ਿਲ੍ਹੇ ਦੀ ਚਰਨਜੀਤ ਕੌਰ ਨਾਲ ਗੱਲਬਾਤ ਤੋਂ ਪੂਰੇ ਖੇਤਰ 'ਚ ਔਰਤਾਂ ਦੀ ਸਾਂਭ-ਸੰਭਾਲ ਅਤੇ ਪਾਲਣ-ਪੋਸਣ ਦੀ ਭੂਮਿਕਾ ਦਾ ਨਮੂਨਾ ਮਿਲ ਜਾਂਦਾ ਹੈ—ਇਸ ਜ਼ਿਲ੍ਹੇ 'ਚ ਲੰਮੇ ਸਮੇਂ ਦੀਆਂ ਅਤੇ ਗੰਭੀਰ ਬੀਮਾਰੀਆਂ ਦੀ ਸਭ ਤੋਂ ਵੱਧ ਗਿਣਤੀ ਸਾਹਮਣੇ ਆਈ। ਉਸਦੇ 17 ਸਾਲ ਦੇ ਪੁੱਤ ਨੇ 1996 'ਚ ਖ਼ੁਦਕੁਸ਼ੀ ਕਰ ਲਈ ਸੀ।

"ਸਮੱਸਿਆ ਅਮਰੀਕਣ ਸੁੰਡੀ ਤੋਂ ਸ਼ੁਰੂ ਹੋਈ। ਉਸ ਸਮੇਂ ਸਾਨੂੰ ਸਮਝ ਨਹੀਂ ਸੀ ਕਿ ਫ਼ਸਲ ਕਿਉਂ ਮਾਰੀ ਗਈ। ਜ਼ਮੀਨ ਵਿਕਣ ਦੀ ਨੌਬਤ ਅਤੇ ਕਰਜ਼ੇ ਮੋੜਨ ਲਈ ਆੜ੍ਹਤੀਏ ਦਾ ਦਬਾਅ ਦੋਵੇਂ ਉਸ ਲਈ ਅਸਹਿ ਸਨ ਹਾਲਾਂਕਿ ਉਸਦਾ ਬਾਪੂ ਅਤੇ ਦੋ ਭਰਾ ਹੋਰ ਵੀ ਸਨ।"

ਉਸਨੇ ਦੱਸਿਆ ਕਿ ਉਸਦੇ ਦੂਜੇ ਪੁੱਤ ਨੇ ਸਾਲਾਂ ਤੋਂ ਮੰਜਾ ਮੱਲਿਆ ਹੋਇਆ ਸੀ ਅਤੇ ਉਹ ਹੀ ਉਸਦੀ ਸਾਰੀ ਦੇਖਭਾਲ ਕਰਦੀ ਸੀ। ਉਹ ਲੰਮੇ ਸਮੇਂ ਤੋਂ ਆਪਣੇ ਪਤੀ ਦੀ ਦੇਖਭਾਲ ਵੀ ਕਰ ਰਹੀ ਸੀ। ਘਰ 'ਚ ਘੋਰ ਉਦਾਸੀ ਸੀ। ਉਨ੍ਹਾਂ ਦੀ ਸਿਰਫ਼ ਇਕ ਏਕੜ ਜ਼ਮੀਨ ਬਚੀ ਸੀ। ਉਹ ਅਤੇ ਉਸ ਦਾ ਸਭ ਤੋਂ ਛੋਟਾ ਪੁੱਤ ਹਾੜੀ-ਸਾਉਣੀ ਕੰਮ ਕਰਦੇ ਸਨ।

ਉਸਨੇ ਕਿਹਾ, "ਮੈਂ ਕਈ ਸਾਲਾਂ ਤੋਂ ਹਾੜੀ-ਸਾਉਣੀ ਕੰਮ ਕਰ ਰਹੀ ਹਾਂ—ਪਹਿਲਾਂ ਆਪਣੀ ਜ਼ਮੀਨ 'ਤੇ ਅਤੇ ਹੁਣ ਬੇਗਾਨੇ ਖੇਤਾਂ 'ਚ। ਮੈਂ ਘਰ ਅਤੇ ਬੱਚਿਆਂ ਦੀ ਸਾਂਭ-ਸੰਭਾਲ ਕੀਤੀ ਹੈ ਅਤੇ ਆਪਣੇ ਬੀਮਾਰ ਪਤੀ ਅਤੇ ਪੁੱਤ ਨੂੰ ਸਾਂਭਦੀ ਹਾਂ। ਇਸ ਘਰ ਨੂੰ ਕਦੇ ਸੁੱਖ ਜਾਂ ਸ਼ਾਂਤੀ ਨਸੀਬ ਨਹੀਂ ਹੁੰਦੀ। ਮੈਂ ਸੌਂ ਨਹੀਂ ਸਕਦੀ। ਨਾ ਹੀ ਮੇਰਾ ਪੁੱਤ ਸੌਂ ਸਕਦਾ ਹੈ। ਮੈਂ ਨਹੀਂ ਜਾਣਦੀ ਮੇਰੇ ਕੰਮ ਦਾ ਕੀ ਫ਼ਾਇਦਾ ਹੈ ਪਰ ਮੈਂ ਕੰਮ ਨਹੀਂ ਛੱਡ ਸਕਦੀ।"

ਉਸ ਨੂੰ 250 ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ ਅਤੇ ਸਾਲ 'ਚ ਦੋ ਮਹੀਨੇ ਉਸ ਨੂੰ ਦਿਹਾੜੀ ਕਰਕੇ 100 ਰੁਪਏ ਮਜ਼ਦੂਰੀ ਮਿਲ ਜਾਂਦੀ ਹੈ। ਉਸਨੇ ਦੱਸਿਆ

ਕਿ ਨਰਮਾ ਚੁਗਣਾ ਸਿਹਤ ਲਈ ਚੰਗਾ ਨਹੀਂ ਹੈ ਪਰ ਉਹ ਹੁਣ ਐਨੀ ਬੁੱਢੀ ਹੋ ਗਈ ਹੈ ਕਿ ਸਿਹਤ ਦੀ ਪ੍ਰਵਾਹ ਨਹੀਂ ਕਰਦੀ। ਉਸਨੂੰ ਇਹੀ ਫ਼ਿਕਰ ਵੱਢ-ਵੱਢ ਖਾਂਦਾ ਹੈ ਕਿ ਸਿਰਫ਼ ਇਕ ਏਕੜ ਪੈਲੀ ਬਚੀ ਹੋਣ ਕਾਰਨ ਉਸ ਦਾ ਛੋਟਾ ਮੁੰਡਾ ਵਿਆਹੁਣੋ ਰਹਿ ਜਾਵੇਗਾ। 70 ਸਾਲ ਤੋਂ ਵੱਧ ਉਮਰ ਦੀ ਹੋ ਕੇ ਵੀ, ਚਰਨਜੀਤ ਕੌਰ ਨਾਲੇ ਬੱਚਿਆਂ ਅਤੇ ਬੀਮਾਰਾਂ ਦੀ ਸਾਂਭ-ਸੰਭਾਲ ਦਾ ਕੰਮ ਕਰਦੀ ਹੈ ਅਤੇ ਨਾਲੇ ਘਰੇਲੂ ਕੰਮ ਅਤੇ ਸੀਜ਼ਨ ਮੌਕੇ ਮਜ਼ਦੂਰੀ ਕਰਦੀ ਹੈ। ਬੱਚਿਆਂ ਦੇ ਪਾਲਣ-ਪੋਸਣ ਅਤੇ ਪਰਿਵਾਰਾਂ ਦੀ ਦੇਖਭਾਲ ਦਾ ਮੁੱਖ ਕੰਮ ਉਹਦੇ ਵਰਗੀਆਂ ਔਰਤਾਂ ਨੂੰ ਹੀ ਕਰਨਾ ਪੈਂਦਾ ਹੈ, ਇਸ ਕਰਕੇ ਉਹ ਖ਼ੁਦ ਬੁੱਢੀਆਂ ਹੋਣ ਦੇ ਬਾਵਜੂਦ ਬੀਮਾਰਾਂ ਅਤੇ ਬੱਚਿਆਂ ਦੀ ਦੇਖਭਾਲ ਕਰੀ ਜਾ ਰਹੀਆਂ ਹਨ। ਉਨ੍ਹਾਂ ਨੂੰ ਆਪ ਨੂੰ ਪਰਿਵਾਰ ਦੀ ਸੁਰੱਖਿਆ ਨਹੀਂ ਹੈ ਪਰ ਸਾਰੇ ਫਰਜ਼ ਅਤੇ ਜ਼ਿੰਮੇਵਾਰੀਆਂ ਹਮੇਸ਼ਾਂ ਵਾਂਗ ਨਿਭਾਉਣੀਆਂ ਪੈਂਦੀਆਂ ਹਨ।

ਸਮਾਜਿਕ ਪੁਨਰ ਉਤਪਾਦਨ 'ਚ ਔਰਤਾਂ ਦੀ ਭੂਮਿਕਾ ਕਈ ਤਰ੍ਹਾਂ ਨਾਲ ਅਲੌਕਿਕ ਰੂਪ 'ਚ ਮਿਲਦੀ-ਜੁਲਦੀ ਹੈ ਪਰ ਪਰਿਵਾਰ ਦੀ ਹਾਲਤ 'ਤੇ ਨਿਰਭਰ ਕਰਦਿਆਂ ਇਸਦਾ ਵਖਰੇਵਾਂ ਵੀ ਹੈ। ਕਈਆਂ ਨੇ ਇਹ ਦੱਸਿਆ ਕਿ ਨੌਜਵਾਨ ਮਾਵਾਂ ਨਿਰੋਲ ਕਮਜ਼ੋਰੀ ਅਤੇ ਥਕੇਵੇਂ ਕਾਰਨ ਕੰਮ ਕਰਦਿਆਂ ਬੇਸੁਰਤ ਹੋ ਜਾਂਦੀਆਂ ਹਨ। ਭਾਵੇਂ ਔਰਤਾਂ ਨੂੰ ਨਾ ਵੀ ਪੁੱਛੋ ਪਰ ਨਰੋਈ ਖ਼ੁਰਾਕ ਦੀ ਘਾਟ ਬਹੁਤ ਜ਼ਿਆਦਾ ਰੜਕਵੀਂ ਹੈ। ਕਈ ਮਾਮਲੇ ਦੇਖਣ 'ਚ ਆਏ ਜਿਨ੍ਹਾਂ 'ਚ 65 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨਿੱਕੇ ਨਿੱਕੇ ਬੱਚਿਆਂ ਦੀ ਸਾਂਭ-ਸੰਭਾਲ ਕਰ ਰਹੀਆਂ ਸਨ ਹਾਲਾਂਕਿ ਉਨ੍ਹਾਂ ਦੀ ਆਪਣੀ ਸਿਹਤ ਖ਼ਰਾਬ ਸੀ। ਇਕ ਪਿੰਡ ਵਿਚ, ਇਕ 68 ਸਾਲ ਦੀ ਔਰਤ ਗੁਆਂਢੀਆਂ ਦੀ ਮਦਦ ਨਾਲ ਆਪਣੇ ਸੱਤ ਸਾਲ ਦੇ ਪੋਤੇ ਦੀ ਪਰਵਰਿਸ਼ ਕਰ ਰਹੀ ਹੈ। ਪਰਿਵਾਰ ਦੇ ਸਿਰਫ਼ ਇਹੀ ਮੈਂਬਰ ਬਚੇ ਹਨ। ਜ਼ਿੰਦਗੀ ਜਾਂ ਭਵਿੱਖ ਦੀਆਂ ਸੰਭਾਵਨਾਵਾਂ ਐਨੀਆਂ ਉਤਸ਼ਾਹਹੀਣ ਹਨ ਕਿ ਸ਼ਾਇਦ ਹੀ ਕੋਈ ਆਤਮਾ ਮਾਹੌਲ ਅਤੇ ਹਾਲਤ ਨਾਲ ਇਕਸੁਰ ਹੋਵੇ। ਅਕਸਰ ਹੀ, ਔਰਤਾਂ ਚੁੱਪਚਾਪ ਜਾਂ ਬੇਹਰਕਤ ਬੈਠੀਆਂ ਮਿਲ ਜਾਣਗੀਆਂ ਜਿੱਥੇ ਘਰੇਲੂ ਕੰਮ ਕੋਈ ਮਾਅਨੇ ਨਹੀਂ ਰੱਖਦਾ ਨਾ ਹੀ ਇਸ ਦਾ ਕੋਈ ਮੰਤਵ ਹੁੰਦਾ ਹੈ।

2.5 **ਕੁਝ ਪ੍ਰਭਾਵ**

ਇਹ ਬਿਆਨ ਕਰਨਾ ਔਖਾ ਹੈ ਕਿ ਔਰਤਾਂ ਦੇ ਕੰਮ ਦੀ ਮਾਨਤਾ ਦਾ ਸਹੀ ਸਿੱਟਾ ਕੀ ਹੋਵੇਗਾ ਕਿਉਂਕਿ ਮਾਨਤਾ ਦੀ ਘਾਟ ਔਰਤਾਂ ਨੂੰ ਜਿਨ੍ਹਾਂ ਪੱਖਾਂ ਤੋਂ ਪ੍ਰਭਾਵਤ ਕਰਦੀ ਹੈ ਉਹ ਨਾ ਸਿਰਫ਼ ਕਾਨੂੰਨੀ ਅਤੇ ਆਰਥਕ ਹਨ ਸਗੋਂ ਸਮਾਜਿਕ ਅਤੇ ਮਨੋਵਿਗਿਆਨਕ ਵੀ ਹਨ; ਕੰਮ ਦੇ ਬੋਝ ਹੇਠ ਦੱਬੀ ਅਤੇ ਅਕਸਰ ਹੀ ਨਰੋਈ ਖ਼ੁਰਾਕ ਦੀ ਘਾਟ ਦਾ ਸ਼ਿਕਾਰ ਔਰਤ ਦੀ ਜ਼ਿੰਦਗੀ ਜੋਖ਼ਮ ਭਰੀ ਹੈ। ਜ਼ਰੱਈ ਮੰਦਹਾਲੀ ਵਾਲੇ ਹਾਲਾਤ 'ਚ, ਘਰੇਲੂ ਆਰਥਿਕਤਾ ਅਤੇ ਘਰੇਲੂ ਮਿਹਨਤ ਦੋਵੇਂ ਡੂੰਘੇ ਰੂਪ 'ਚ ਪ੍ਰਭਾਵਿਤ ਹੁੰਦੇ ਹਨ। ਘਰ ਦੀ ਲਾਜ਼ਮੀ ਜ਼ਿੰਮੇਵਾਰੀ ਘਰ ਤੋਂ ਬਾਹਰਲੇ ਕੰਮ ਦੀ ਸਮਰੱਥਾ ਪੱਖੋਂ ਉਨ੍ਹਾਂ ਦੇ ਵਿਕਾਸ ਦੀਆਂ ਕਈ ਹੋਰ ਚੋਣਾਂ ਨੂੰ ਵਿਚਾਰਨ 'ਤੇ ਬੰਦਸ਼ ਹੋ ਨਿੱਬੜਦੀ ਹੈ।

ਔਰਤਾਂ ਦੀ ਕਿਰਤ ਦੀ ਮਾਨਤਾ ਲਈ ਸੰਘਰਸ਼ ਸਾਰੇ ਪੱਖਾਂ ਤੋਂ ਆਪਣੀ ਮਿਆਦੀ ਕੰਗਾਲੀ ਅਤੇ ਨਿਰਾਸ਼ਤਾ 'ਚੋਂ ਖ਼ੁਦਕੁਸ਼ੀ ਕਰਨ ਦੀ ਹਾਲਤ 'ਚ ਕੁਥਾਵਾਂ ਹੋਣ ਦੀ ਥਾਂ ਅਸਲ ਵਿਚ ਇਹ ਭਵਿੱਖ-ਨਕਸ਼ਾ ਮੁਹੱਈਆ ਕਰੇਗਾ ਕਿ ਅਜਿਹੇ ਚੁਣੌਤੀ ਵਾਲੇ ਸਮਿਆਂ ਦੇ ਰੂਬਰੂ ਔਰਤਾਂ ਕਿਵੇਂ ਜੱਦੋਜਹਿਦ ਕਰ ਰਹੀਆਂ ਹਨ। ਉਨ੍ਹਾਂ ਦੇ ਯੋਗਦਾਨ ਦੀ ਪ੍ਰਵਾਨਗੀ ਨਾਲ ਔਰਤਾਂ ਨੂੰ ਹੈਰਾਨੀਜਨਕ ਆਫ਼ਤ ਦੀਆਂ ਸ਼ਿਕਾਰ ਘੱਟ ਅਤੇ ਇਕ ਅਦਿੱਖ ਅਤੇ ਅਣਭੁਗਤਾਈ ਕਿਰਤ ਸ਼ਕਤੀ ਦੀ ਰੌਸ਼ਨੀ 'ਚ ਜ਼ਿਆਦਾ ਦੇਖਿਆ ਜਾਵੇਗਾ। ਜੇ ਸਮਾਜ ਅੰਦਰ ਔਰਤਾਂ ਦੀ ਕਿਰਤ ਦੀ ਮਾਨਤਾ ਵੱਧ ਸਪਸ਼ਟ ਹੋਵੇਗੀ, ਔਰਤਾਂ ਦੀ ਬੇਕਦਰੀ ਵੀ ਓਨੀ ਹੀ ਘੱਟ ਹੋਵੇਗੀ। ਲਿੰਗ ਦੇ ਅਧਾਰ 'ਤੇ ਕਿਰਤ ਦੀ ਵੰਡ ਨੂੰ ਚੁਣੌਤੀ ਦੇਣ ਨਾਲ ਮਰਦਾਂ ਦੀ ਇਸ ਵਿਚਾਰ ਤੋਂ ਖ਼ਲਾਸੀ ਹੋ ਜਾਵੇਗੀ ਕਿ ਉਹ ਪਰਿਵਾਰ ਦਾ ਢਿੱਡ ਭਰਨ ਦੀ ਜ਼ਿੰਮੇਵਾਰੀ ਨਿਭਾਉਣ 'ਚ ਅਸਫ਼ਲ ਰਹੇ ਹਨ ਅਤੇ ਔਰਤਾਂ ਪਰਿਵਾਰ ਅਤੇ ਵਿਆਹ ਦੀ ਸੰਸਥਾ ਉੱਪਰ ਵਧ ਰਹੀ ਨਿਰਭਰਤਾ ਤੋਂ ਮੁਕਤ ਹੋ ਜਾਣਗੀਆਂ।

ਵਿਚਾਰਧਾਰਕ ਅਤੇ ਵਿਹਾਰਕ ਦੋਵਾਂ ਪੱਧਰਾਂ 'ਤੇ, ਇਸ ਦਾ ਮਤਲਬ ਹੋਵੇਗਾ, ਜ਼ਰੱਈ ਸੰਕਟ ਦੇ ਜੋਖ਼ਮ ਨੂੰ ਪ੍ਰਵਾਨ ਕਰਨ 'ਚ ਅਤੇ ਭਿਆਨਕ ਸਮਿਆਂ ਵਿਰੁੱਧ ਲੈਸ ਹੋਣ ਪੱਖੋਂ ਇਕ ਕਦਮ ਹੋਰ ਅੱਗੇ ਵਧਣਾ। ਅਜਿਹੀ ਕਿਸੇ ਚੁਣੌਤੀ ਦੀ ਅਣਹੋਂਦ 'ਚ, ਔਰਤਾਂ ਜਾਤਪਾਤ, ਜਮਾਤ ਅਤੇ ਮਰਦ ਪ੍ਰਧਾਨ ਸੱਤਾ ਵਲੋਂ ਪੈਦਾ ਕੀਤੇ ਫੰਦੇ 'ਚ ਹੋਰ ਵੀ ਜ਼ਿਆਦਾ ਜਕੜੀਆਂ ਜਾਂਦੀਆਂ ਹਨ।

ਇਸ ਕਾਂਡ ਤੋਂ ਇਹ ਸਪਸ਼ਟ ਹੈ ਕਿ ਔਰਤਾਂ ਦੀ ਕਿਰਤ ਦੀ ਮਾਨਤਾ ਦੀ ਅਣਹੋਂਦ ਕਿਵੇਂ ਸਮਾਜਿਕ ਪੈਦਾਵਾਰ ਅਤੇ ਸੰਤਾਨ ਉਤਪਤੀ ਦੇ ਦੋਵਾਂ ਖੇਤਰਾਂ 'ਚ ਔਰਤਾਂ ਦੀ ਭੂਮਿਕਾ ਦਾ ਨਿਖੇਧ ਕਰਦੀ ਹੈ। ਪਰਿਵਾਰ 'ਚ ਔਰਤ ਦੀ ਹੈਸੀਅਤ ਅਤੇ ਜਮਾਤ-ਜਾਤ ਦੀ ਦਰਜੇਬੰਦੀ ਵਿਚ ਉਸਦੇ ਭਾਈਚਾਰੇ ਦੇ ਰੁਤਬੇ ਦੇ ਅਧਾਰ 'ਤੇ, ਕੰਮ ਤੱਕ ਔਰਤਾਂ ਦੀ ਰਸਾਈ ਤੈਅ ਹੁੰਦੀ ਹੈ। ਜਮਾਤੀ-ਜਾਤਪਾਤੀ ਤਾਣੇਬਾਣੇ ਵਿਚ ਪਰਿਵਾਰ ਦੀ ਹੈਸੀਅਤ ਦੇ ਨਾਲ-ਨਾਲ, ਭਾਈਚਾਰੇ ਦੀ ਸਮੂਹਕ ਪਛਾਣ ਅਤੇ ਇਸ ਦਾ ਸਿੱਟਾ ਲੋਕਾਚਾਰ ਅਤੇ ਮਾਪਦੰਡ ਵੀ ਮਰਦਾਂ ਨਾਲੋਂ ਵੱਧ ਔਰਤਾਂ ਨੂੰ ਹੀ ਕੰਮ ਦੀਆਂ ਭਰੋਸੇਯੋਗ ਚੋਣਾਂ ਅਤੇ ਗੁਜ਼ਾਰੇ ਦੀਆਂ ਚੋਣਾਂ ਦੀ ਭਾਲ ਕਰਨ ਤੋਂ ਹਟਕਦੇ ਹਨ। ਇਸ ਦੌਰਾਨ ਕੰਮ ਦੇ ਚਾਹਵਾਨਾਂ ਲਈ ਗੁੰਜਾਇਸ਼ਾਂ ਦੀ ਅਣਹੋਂਦ, ਜਾਂ ਸਗੋਂ ਕੰਮ ਨਾ ਹੋਣਾ ਆਰਥਕ ਕਾਰਕਾਂ ਅਤੇ ਨੀਤੀਆਂ ਦੀ ਅਸਫ਼ਲਤਾ ਦਾ ਸਿੱਟਾ ਹੈ। ਇਸ ਸਬੰਧੀ ਰਾਜ ਦੂਹਰੀ ਭੂਮਿਕਾ ਨਿਭਾਉਂਦਾ ਹੈ। ਇਹ ਇਸ ਤਰੀਕੇ ਨਾਲ ਔਰਤਾਂ ਦੇ ਸ਼ਕਤੀਕਰਨ ਦੇ ਪ੍ਰਚਾਰ ਨੂੰ ਜਿਊਂਦਾ ਰੱਖਦਾ ਹੈ ਅਤੇ ਆਰਥਿਕਤਾ ਤੇ ਖੇਤੀਬਾੜੀ ਦੀ ਢਾਂਚਾ-ਢਲਾਈ ਕਰਦਿਆਂ ਸਰਮਾਏ ਦੀ ਇਸ ਤਰੀਕੇ ਨਾਲ ਮਦਦ ਕਰਦਾ ਹੈ ਜੋ ਔਰਤਾਂ ਅਤੇ ਦਲਿਤਾਂ, ਨਾਲ ਦੀ ਨਾਲ ਛੋਟੇ ਅਤੇ ਥੁੜ ਜ਼ਮੀਨੇ ਕਿਸਾਨਾਂ ਸਾਰਿਆਂ ਲਈ ਸਪਸ਼ਟ ਤੌਰ 'ਤੇ ਘਾਤਕ ਹੈ।

ਇਸ ਤਰੀਕੇ ਨਾਲ ਰਾਜ, ਉਨ੍ਹਾਂ ਵੱਡੀ ਗਿਣਤੀ ਗ਼ਰੀਬ ਔਰਤਾਂ ਦੀ ਬਦਹਾਲੀ ਅਤੇ ਕੰਗਾਲੀ 'ਤੇ ਬਹੁਤ ਹੀ ਨਿਝੱਕ ਹੋ ਕੇ ਪਰਦਾ ਪਾਉਣ ਲਈ ਉਨ੍ਹਾਂ ਨੂੰ ਉੱਦਮੀ ਅਤੇ ਆਰਥਕ ਏਜੰਟ ਵਜੋਂ ਪੇਸ਼ ਕਰਨ ਦੀ ਹੱਦ ਤੱਕ ਜਾ ਪਹੁੰਚਿਆ ਹੈ। ਔਰਤਾਂ ਨਾਲ ਸਬੰਧਤ ਸਰਕਾਰੀ ਨੀਤੀਆਂ ਨੇ ਹਾਲੇ ਜ਼ਿੰਮੇਵਾਰੀ ਚੁੱਕਣ ਵਾਲੀ ਆਰਥਿਕਤਾ

ਬਾਰੇ ਵਿਚਾਰ ਕਰਨ ਦੀ ਸ਼ੁਰੂਆਤ ਕਰਨੀ ਹੈ ਜੋ ਬਹੁਤ ਪਹਿਲਾਂ ਹੀ ਹੋ ਜਾਣੀ ਚਾਹੀਦੀ ਸੀ। ਕੌਮਾਂਤਰੀ ਏਜੰਸੀਆਂ ਅਤੇ ਫੰਡ ਮੁਹੱਈਆ ਕਰਨ ਵਾਲੀਆਂ ਏਜੰਸੀਆਂ ਤੋਂ ਹਾਸਲ ਕੀਤਾ ਜਾਂਦਾ ਪੈਸਾ ਐੱਨ.ਜੀ.ਓਆਂ ਰਾਹੀਂ ਇਸ ਤਰਾਂ ਵਰਤਿਆ ਜਾਂਦਾ ਹੈ ਕਿ ਮਰਦਾਂ ਲਈ ਮੁਆਫ਼ਕ ਪ੍ਰਬੰਧ ਚੱਲਦਾ ਰਹੇ ਤੇ ਗ਼ਰੀਬ ਔਰਤਾਂ ਦੀ ਇਸ ਵਿਚ ਲਾਜ਼ਮੀ ਸ਼ਮੂਲੀਅਤ ਹੁੰਦੀ ਰਹੇ। ਅੱਜ ਕੱਲ, ਅਜਿਹੇ ਪ੍ਰੋਗਰਾਮਾਂ ਨੂੰ ਚਲਾਉਣ ਵਾਸਤੇ ਖਦਾਨ ਕਾਰਪੋਰੇਸ਼ਨਾਂ ਅਤੇ ਵੱਡੀਆਂ ਵੱਡੀਆਂ ਇਲੈਕਟਰਾਨਿਕ ਕੰਪਨੀਆਂ ਖੁੱਲ੍ਹ ਦਿਲੀ ਨਾਲ ਪੈਸਾ ਦਿੰਦੀਆਂ ਹਨ। ਇਸ ਤਰ੍ਹਾਂ ਭਲਾਈ ਦੀ ਲੱਫਾਜ਼ੀ ਦੇ ਪਰਦੇ ਹੇਠ ਕੌਮਾਂਤਰੀ ਸਰਮਾਏ ਅਤੇ ਕੌਮਾਂਤਰੀ ਵਪਾਰ ਦੇ ਹਿੱਤਾਂ ਵਿਚ ਜਮਾਤੀ ਵੰਡ ਨੂੰ ਮਜ਼ਬੂਤ ਕੀਤਾ ਜਾਂਦਾ ਹੈ। ਔਰਤਾਂ ਨੂੰ ਐਸੀਆਂ ਆਰਥਕ ਏਜੰਟ ਵਜੋਂ, ਜੋ ਪਰਿਵਾਰ, ਕਾਰੋਬਾਰ/ਸਰਮਾਏ ਅਤੇ ਰਾਜ ਦਰਮਿਆਨ ਰਾਖਵਾਂ ਖੇਤਰ ਮੁਹੱਈਆ ਕਰਨਗੀਆਂ, ਸਮੋਣ ਦੀ ਵਕਾਲਤ ਕਰਨਾ ਸਭ ਤੋਂ ਅਸਾਨ ਤਰੀਕਾ ਹੈ ਜਿਸ ਨਾਲ ਰਾਜ ਅਤੇ ਸਰਮਾਇਆ ਕਿਰਤੀਆਂ ਨੂੰ ਬਾਹਰ ਧੱਕਣ ਦੀ ਸਿਆਸਤ ਨੂੰ ਤਰਕਸੰਗਤ ਬਣਾਕੇ ਪੇਸ਼ ਕਰ ਰਹੇ ਹਨ ਜੋ ਦਹਾਕਿਆਂ ਤੋਂ ਜਾਰੀ ਹੈ।[6] ਸਵੈ-ਰੋਜ਼ਗਾਰ 'ਚ ਲੱਗੀ ਵਿਸ਼ਾਲ ਗਿਣਤੀ ਦੀ ਸੁਰੱਖਿਆ ਕਰਨ ਵਾਲੇ ਕਾਨੂੰਨ ਜਾਂ ਸਮਾਜਿਕ ਸੁਰੱਖਿਆ ਪੱਖੋਂ, ਕਿਸੇ ਸੁਰੱਖਿਆ ਤਾਣੇਬਾਣੇ ਦੀ ਅਣਹੋਂਦ ਕਿਸਾਨੀ ਨੂੰ ਜ਼ਰੱਈ ਬਦਹਾਲੀ ਦੇ ਸਮਿਆਂ 'ਚ ਹੋਰ ਵੀ ਨਿਤਾਣੇ ਬਣਾ ਦਿੰਦੀ ਹੈ। ਔਰਤਾਂ ਦੇ ਕੰਮ ਨੂੰ ਕਿਰਤ ਦਾ ਰੁਤਬਾ ਦੇਣ ਦੀ ਪੁਰਾਣੀ ਨਾਰੀਵਾਦੀ ਮੰਗ ਹਾਲੇ ਵੀ ਪੂਰੀ ਨਹੀਂ ਹੋਈ।


6. ਰਾਜ ਵਲੋਂ ਤੈਅ ਕੀਤੇ ਏਜੰਡਿਆਂ ਨਾਲ ਔਰਤਾਂ ਨੂੰ ਜੋੜੇ ਜਾਣ ਨਾਲ ਔਰਤਾਂ ਦੀ ਸੰਤਾਨ ਉਤਪਤੀ ਦੀ ਘਾਲਣਾ ਅਤੇ ਸਮਾਜਿਕ ਪੁਨਰ ਉਤਪਾਦਨ ਦੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਦੇਖੋ Gender and Public Policy in India: Invisibilizing Socially Reproductive Labour; ਸਾਧਨਾ ਆਰੀਆ, ਦੀ ਇੰਡੀਅਨ ਹਿਸਟਾਰੀਕਲ ਰੀਵਿਊ, ਜਿਲਦ 35, ਅੰਕ ਦੂਜਾ, ਜੁਲਾਈ 2008, ਸਫ਼ਾ 71.

ਸਾਰਣੀ 2.1 : ਘਰ ਦੇ ਅੰਦਰ ਅਤੇ ਘਰੋਂ ਬਾਹਰ ਖੇਤੀ ਦਾ ਕੰਮ

ਸ਼੍ਰੇਣੀ		ਬਾਹਰ ਆਪਣੇ ਖੇਤ ਵਿਚ ਕੰਮ		ਆਪਣੀ ਜ਼ਮੀਨ ਉੱਪਰ ਮੌਸਮੀ ਕੰਮ (ਬਿਨਾਂ ਭੁਗਤਾਨ)		ਦੂਜੇ ਦੀ ਜ਼ਮੀਨ ਉੱਪਰ ਮੌਸਮੀ ਕੰਮ (ਉਜਰਤ ਲੈਕੇ)		ਕੁਲ ਪਰਿਵਾਰ
		ਹਾਂ	ਪਹਿਲਾਂ	ਹਾਂ	ਪਹਿਲਾਂ	ਹਾਂ	ਪਹਿਲਾਂ	
ਬੇਜ਼ਮੀਨੇ	ਗਿਣਤੀ	0	15	0	15	36	6	57
	ਲਾਈਨ ਦੀ ਫ਼ੀ ਸਦੀ	0.0%	26.3%	0.0%	26.3%	63.2%	10.5%	
ਸੀਮਾਂਤ	ਗਿਣਤੀ	3	21	13	23	8	1	43
	ਲਾਈਨ ਦੀ ਫ਼ੀ ਸਦੀ	7.0%	48.8%	30.2%	53.5%	18.6%	2.3%	
ਛੋਟੇ	ਗਿਣਤੀ	6	7	11	7	0	0	18
	ਲਾਈਨ ਦੀ ਫ਼ੀ ਸਦੀ	33.3%	38.9%	61.1%	38.9%	0.00%	0.00%	
ਨੀਮ ਦਰਮਿਆਨੇ, ਦਰਮਿਆਨੇ ਅਤੇ ਵੱਡੇ	ਗਿਣਤੀ	4	9	6	9	0	0	18
	ਲਾਈਨ ਦੀ ਫ਼ੀ ਸਦੀ	22.20%	50.0%	33.30%	50.0%	0.00%	0.00%	
ਕੁਲ	ਗਿਣਤੀ	13	52	30	54	44	7	136
	ਲਾਈਨ ਦੀ ਫ਼ੀ ਸਦੀ	9.6%	38.2%	22.1%	39.7%	32.4%	5.1%	

ਸਾਰਣੀ 2.2 : ਘਰ ਦੇ ਅੰਦਰ ਕੀਤੇ ਜਾਣ ਵਾਲੇ ਕੰਮ ਦੀ ਕਿਸਮ

ਸ਼੍ਰੇਣੀ		ਘਰ ਦਾ ਕੰਮ	ਬੱਚਿਆਂ ਦਾ ਧਿਆਨ ਰੱਖਣਾ	ਬੱਚਿਆਂ ਤੇ ਬਜ਼ੁਰਗਾਂ ਦੀ ਸਾਂਭ-ਸੰਭਾਲ	ਪਸ਼ੂਆਂ ਦੀ ਸੰਭਾਲ	ਕੱਖ-ਪੱਠੇ ਦਾ ਇੰਤਜ਼ਾਮ ਕਰਨਾ	ਸਬਜ਼ੀਆਂ ਦੀ ਦੇਖਭਾਲ	ਕੁਲ ਪਰਿਵਾਰ
ਬੇਜ਼ਮੀਨੇ	ਗਿਣਤੀ	56	46	27	24	23	5	57
	ਲਾਈਨ ਦੀ ਫ਼ੀ ਸਦੀ	98.2%	80.7%	47.4%	42.1%	40.4%	8.8%	
ਸੀਮਾਂਤ	ਗਿਣਤੀ	40	33	22	39	33	15	43
	ਲਾਈਨ ਦੀ ਫ਼ੀ ਸਦੀ	93.0%	76.7%	51.2%	90.7%	76.7%	34.9%	
ਛੋਟੇ	ਗਿਣਤੀ	18	15	5	18	14	10	18
	ਲਾਈਨ ਦੀ ਫ਼ੀ ਸਦੀ	100%	83.3%	27.8%	100%	77.8%	55.6%	
ਨੀਮ ਦਰਮਿਆਨੇ, ਦਰਮਿਆਨੇ ਅਤੇ ਵੱਡੇ	ਗਿਣਤੀ	17	13	11	13	8	12	18
	ਲਾਈਨ ਦੀ ਫ਼ੀ ਸਦੀ	94.40%	72.20%	61.10%	72.20%	44.40%	66.70%	
ਕੁਲ	ਗਿਣਤੀ	131	107	65	94	78	42	136
	ਲਾਈਨ ਦੀ ਫ਼ੀ ਸਦੀ	96.3%	78.7%	47.8%	69.1%	57.4%	30.9%	



ਕਾਂਡ ਤੀਜਾ
ਔਖੀਆਂ ਘੜੀਆਂ 'ਚ ਦਾਜ ਦੇਣ ਦੀ ਮਜਬੂਰੀ

ਦੁਲਹਨ ਬਨਕੇ ਗੋਰੀ ਖੜੀ ਹੈ
ਕੋਈ ਨਹੀਂ ਅਪਨਾ ਕੈਸੀ ਘੜੀ ਹੈ
ਕੋਈ ਯਹਾਂ, ਕੋਈ ਵਹਾਂ, ਕੋਈ ਕਹਾਂ ਰੇ
ਚਲ ਰੀ ਸਜਨੀ, ਅਬ ਕਯਾ ਸੋਚੇ........

ਜਿਵੇਂ ਅਕਸਰ ਹੀ ਵਿਆਹ-ਸ਼ਾਦੀਆਂ ਮੌਕੇ ਗਾਏ ਜਾਂਦੇ ਇਸ ਹਰਮਨਪਿਆਰੇ ਗੀਤ ਵਿਚ ਦਰਸਾਇਆ ਗਿਆ ਹੈ ਇਕ ਔਰਤ ਲਈ ਉਹ ਘਰ ਛੱਡਣਾ, ਜਿਥੇ ਉਹ ਜੰਮੀ-ਪਲੀ ਸੀ, ਬੇਦਖ਼ਲੀ ਦੀ ਘੜੀ ਹੁੰਦੀ ਹੈ। ਇਹ ਘਰ ਹੁਣ ਉਸ ਦਾ ਨਹੀਂ ਹੁੰਦਾ ਅਤੇ ਉਹ ਚੌਰਾਹੇ 'ਚ ਖੜ੍ਹੀ ਹੁੰਦੀ ਹੈ, ਬੇਯਕੀਨੀ ਦੀ ਹਾਲਤ 'ਚ ਕਿ ਜਿਸ ਘਰ ਉਸ ਨੂੰ ਭੇਜਿਆ ਜਾ ਰਿਹਾ ਹੈ ਉਥੇ ਉਸ ਦਾ ਭਵਿੱਖ ਕੀ ਹੋਵੇਗਾ। ਬੇਦਖ਼ਲ ਕਰ ਦਿੱਤਾ ਜਾਣਾ, ਬੀਆਬਾਨ 'ਚ ਸਫ਼ਰ ਕਰਨ ਵਾਂਗ ਹੈ। ਦਾਜ ਦਾ ਕੋਈ ਵੀ ਵਿਚਾਰ ਸਮਾਜ ਵਿਚ ਔਰਤਾਂ ਦੇ ਅਧੀਨ ਦਰਜੇ ਤੋਂ ਟੁੱਟਿਆ ਹੋਇਆ ਨਹੀਂ ਹੁੰਦਾ ਦਰਜਾ ਜਿਸ ਨੂੰ ਵਿਆਹ, ਟੱਬਰ, ਜਾਇਦਾਦ ਅਤੇ ਵਿਰਾਸਤ ਦੀਆਂ ਸੰਸਥਾਵਾਂ ਤੈਅ ਕਰਦੀਆਂ ਹਨ।

ਮੰਡੀ ਆਰਥਿਕਤਾ ਜਿਣਸਾਂ ਅਤੇ ਐਸ਼-ਅਰਾਮ ਦੀਆਂ ਚੀਜ਼ਾਂ ਦੀ ਗਤੀਸ਼ੀਲਤਾ ਨੂੰ ਤੇਜ਼ ਕਰਦੀ ਹੈ। ਇਨ੍ਹਾਂ ਨਾਲ ਜੁੜੇ ਲਾਭ ਨੇ 1970ਵਿਆਂ 'ਚ ਵਿਆਹ ਅਤੇ ਦਾਜ ਨੂੰ ਕੁਲਹਿਣੀ ਤਿੱਖ ਮੁਹੱਈਆ ਕਰਨੀ ਸ਼ੁਰੂ ਕਰ ਦਿੱਤੀ। ਇਹ ਦੇਸ਼ ਦੀਆਂ ਅਨੇਕ ਲਾੜੀਆਂ ਦੀਆਂ ਜਾਨਾਂ ਦਾ ਖੌਅ ਬਣ ਗਈ। 1980ਵਿਆਂ ਦੇ ਸ਼ੁਰੂ 'ਚ, ਜਦੋਂ ਲਾਲਚੀ ਸਹੁਰਿਆਂ ਦੀ ਦਾਜ ਦੀ ਹਵਸ ਪੂਰੀ ਨਾ ਹੋਣ ਕਾਰਨ ਲਾੜੀਆਂ ਨੂੰ ਅੱਗ ਲਾਕੇ ਸਾੜਿਆ ਜਾਣ ਲੱਗਿਆ, ਓਦੋਂ ਤੋਂ ਦਾਜ ਵਿਰੁੱਧ ਔਰਤਾਂ ਦੇ ਸੰਘਰਸ਼ ਨੇ ਵੀ ਰਫ਼ਤਾਰ ਫੜ੍ਹ ਲਈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦਾਜ ਵਿਰੁੱਧ ਕਾਨੂੰਨ ਦਾ ਚੋਖਾ ਪ੍ਰਭਾਵ ਪਿਆ ਹੈ। ਜਿਸ ਤਰ੍ਹਾਂ ਦਾ ਰੁਦਨ ਕਰਨ ਵਾਲਾ ਇਹ ਕਾਨੂੰਨ ਹੈ, ਇਸ ਨੇ ਬਸਤੀਵਾਦ ਦੇ ਸਮਿਆਂ ਤੋਂ ਲੈਕੇ ਹੁਣ ਤੱਕ ਜਾਇਦਾਦ ਅਤੇ ਵਿਰਾਸਤ ਦੇ ਹੱਕਾਂ ਸਬੰਧੀ ਮਾਮਲਿਆਂ 'ਚ ਇਸ ਢਾਂਚੇ ਵਲੋਂ ਔਰਤਾਂ ਬਾਰੇ ਬਰਕਰਾਰ ਰੱਖੀ ਜਾ ਰਹੀ ਨਾਬਰਾਬਰੀ ਬਾਰੇ ਕਿੰਤੂਪ੍ਰੰਤੂ ਨਹੀਂ ਕੀਤਾ। ਇਹ ਕਾਨੂੰਨ ਲਗਭਗ ਪੂਰੀ ਤਰ੍ਹਾਂ, ਔਰਤ ਦੇ ਵਿਆਹੇ ਜਾਣ ਉਪਰੰਤ ਪਤੀ ਦੇ ਘਰ ਜਾਣ ਦੇ ਨਜ਼ਰੀਏ ਤੋਂ ਸੋਚਕੇ ਬਣਾਏ ਗਏ ਹਨ।

ਅੱਜ ਤੱਕ ਵੀ ਕੁਝ ਲੋਕ ਇਹੀ ਵਕਾਲਤ ਕਰੀ ਜਾ ਰਹੇ ਹਨ ਕਿ ਦਾਜ ਜ਼ਾਹਰਾ ਤੌਰ 'ਤੇ ਧੀ ਦਾ ਵਿਰਾਸਤ ਦਾ ਹੱਕ ਖੁਸ ਜਾਣ ਦਾ ਮੁਆਵਜ਼ਾ ਹੈ। ਇਹ ਗੱਲ ਤਾਂ ਜਾਇਦਾਦ ਮਾਲਕ ਜਮਾਤ ਬਾਰੇ ਵੀ ਸੱਚ ਨਹੀਂ ਹੈ ਜਿਸ ਕੋਲ ਧੀਆਂ ਨੂੰ ਦੇਣ ਜਾਂ ਨਾ ਦੇਣ ਲਈ ਜਾਇਦਾਦ ਹੁੰਦੀ ਹੈ। ਉਲਟਾ ਇਹ ਅਮਲ ਦਾਜ ਦੇਣ ਵਾਲਿਆਂ

ਲਈ ਸਭ ਤੋਂ ਵੱਡਾ ਬੋਝ ਬਣਿਆ ਹੋਇਆ ਹੈ, ਖ਼ਾਸ ਕਰਕੇ ਉਨ੍ਹਾਂ ਲਈ ਜੋ ਔਖੇ ਸੌਖੇ ਜ਼ਿੰਦਗੀ ਦਾ ਤੋਰਾ ਚੱਲਦਾ ਰੱਖਣ ਲਈ ਖੌਝਲ ਰਹੇ ਹਨ। ਇਹ ਕਾਂਡ ਮੁੱਖ ਤੌਰ 'ਤੇ ਜ਼ਰੱਈ ਸਮਾਜ ਵਿਚ ਦਾਜ ਦੇਣ ਲਈ ਮਜਬੂਰ ਲੋਕਾਂ ਦੀ ਮੋੜਾਂ-ਘੋੜਾਂ ਭਰੀ ਜ਼ਿੰਦਗੀ ਦੀ ਵਿਥਿਆ ਬਾਰੇ ਹੈ। ਜਿੱਥੇ ਇਸ ਵਕਤ ਛੋਟੀ ਕਿਸਾਨੀ ਅਤੇ ਬੇਜ਼ਮੀਨੇ ਹਿੱਸਿਆਂ ਦਾ ਜ਼ਮੀਨ ਨਾਲੋਂ ਟੁੱਟਣ ਦਾ ਵਰਤਾਰਾ ਹਰ ਸਮੇਂ ਨਾਲੋਂ ਵੱਧ ਹੈ। ਇਹ ਅਮਲ ਜੱਟ ਸਿੱਖਾਂ ਵਲੋਂ ਵਿਆਹਾਂ ਉੱਪਰ ਖੁੱਲ੍ਹਾ ਖ਼ਰਚ ਕਰਨ ਅਤੇ ਦਾਜ ਦੇ ਸੱਭਿਆਚਾਰ 'ਚੋਂ ਉਪਜਦਾ ਹੈ।

3.1 ਬੇਜ਼ਮੀਨੇ ਅਤੇ ਪੇਂਡੂ ਗ਼ਰੀਬ

ਮੋਗਾ ਜ਼ਿਲ੍ਹੇ ਦੀ ਵੀਰਪਾਲ ਕੌਰ ਮਜ਼੍ਹਬੀ ਸਿੱਖ ਭਾਈਚਾਰੇ ਵਿਚੋਂ ਅਤੇ 60 ਸਾਲ ਤੋਂ ਵੱਧ ਉਮਰ ਦੀ ਹੈ। ਉਸ ਨੇ ਕਈ ਸਾਲ ਆਪਣੇ ਪਤੀ ਨਾਲ ਭੱਠੇ 'ਤੇ ਕੰਮ ਕੀਤਾ। ਮਾਲਕ ਦੇ ਦੇਣਦਾਰ ਹੋਣ ਕਾਰਨ ਉਨ੍ਹਾਂ ਨੂੰ ਅਕਸਰ ਹੀ ਘੋਰ ਜ਼ਲਾਲਤ ਸਹਿਣੀ ਪੈਂਦੀ ਸੀ। ਸਭ ਤੋਂ ਵੱਡੀ ਧੀ ਵਿਆਹੁਣ ਤੋਂ ਬਾਅਦ 1999 'ਚ ਉਸਦੇ ਪਤੀ ਨੇ ਖ਼ੁਦਕੁਸ਼ੀ ਕਰ ਲਈ। ਕਰਜ਼ਾ ਤੇਜ਼ੀ ਨਾਲ ਚੜ੍ਹਨਾ ਸ਼ੁਰੂ ਹੋ ਗਿਆ। ਪਤੀ ਦੇ ਖ਼ੁਦਕੁਸ਼ੀ ਕਰਨ ਤੋਂ ਬਾਅਦ 1995 'ਚ ਉਸਨੂੰ ਸੱਤ ਸਾਲ ਉਸੇ ਭੱਠੇ 'ਤੇ ਕੰਮ ਕਰਨਾ ਪਿਆ, ਹੋਰ ਕੋਈ ਚਾਰਾ ਹੀ ਨਹੀਂ ਸੀ। 2001 ਅਤੇ 2002 'ਚ ਉਸਨੇ ਜਿਵੇਂ ਕਿਵੇਂ ਦੋ ਹੋਰ ਧੀਆਂ ਦੇ ਹੱਥ ਪੀਲੇ ਕਰ ਦਿੱਤੇ। ਇਸ ਸਮੇਂ, ਕਰਜ਼ੇ ਦਾ ਵਿਆਜ ਐਨਾ ਵਧ ਗਿਆ ਸੀ ਕਿ ਅਸਲ ਰਕਮ ਵੀ ਬੌਣੀ ਜਾਪਦੀ ਸੀ। ਇਕ ਹਜ਼ਾਰ ਇੱਟ ਮਗਰ 7 ਰੁਪਏ ਦੀ ਨਿਗੂਣੀ ਜਹੀ ਕਮਾਈ ਨਾਲ ਕਰਜ਼ਾ ਲਾਹੁਣਾ ਬਹੁਤ ਮੁਸ਼ਕਲ ਸੀ।

ਉਸਨੇ ਕਿਹਾ, "ਤਿੰਨ ਧੀਆਂ ਹਨ ਅਤੇ ਉਨ੍ਹਾਂ ਦੇ ਹੱਥ ਪੀਲੇ ਕਰਨਾ ਮੇਰੀ ਸਭ ਤੋਂ ਵੱਡੀ ਚਿੰਤਾ ਸੀ। ਓੜਕ ਜਦੋਂ ਮਾਲਕ ਨੇ ਦੇਖ ਲਿਆ ਕਿ ਨਾ ਤਾਂ ਮੇਰੇ ਤੋਂ ਹੋਰ ਕੰਮ ਕਰਾਇਆ ਜਾ ਸਕਦਾ ਹੈ ਅਤੇ ਨਾ ਕਰਜ਼ਾ ਵਸੂਲਿਆ ਜਾ ਸਕਦਾ ਹੈ ਤਾਂ ਮੇਰੀ ਜਾਨ ਛੁੱਟੀ।"

ਅੱਜ ਵੀ ਕੰਮ ਲੱਭਣਾ ਉਸ ਦੀ ਜ਼ਿੰਦਗੀ ਦੀ ਸਭ ਤੋਂ ਔਖੀ ਚੀਜ਼ ਹੈ। ਪਰ ਹੁਣ ਉਹ ਇਸ ਕਰਕੇ ਬੇਫ਼ਿਕਰ ਹੈ ਕਿ ਹੁਣ ਉਸਦੇ ਸਿਰ ਕਬੀਲਦਾਰੀ ਦਾ ਬੋਝ ਨਹੀਂ ਹੈ ਅਤੇ ਭੱਠੇ ਦੇ ਕੰਮ ਤੋਂ ਵੀ ਓੜਕ ਉਸਦਾ ਖਹਿੜਾ ਛੁੱਟ ਗਿਆ।

50 ਸਾਲ ਦੀ ਇਕ ਹੋਰ ਰਾਏ ਸਿੱਖ ਔਰਤ ਸਬਜ਼ੀ ਵੇਚਦੀ ਹੈ ਅਤੇ ਉਸਦੀ ਜ਼ਿਆਦਾਤਰ ਕਮਾਈ ਪਿੰਡ ਦੇ ਜ਼ਿੰਮੀਦਾਰ ਦੀ ਜੇਬ 'ਚ ਚਲੀ ਜਾਂਦੀ ਹੈ ਜਿਸ ਤੋਂ ਉਸਨੇ 2007 'ਚ ਆਪਣੀ ਧੀ ਦੇ ਵਿਆਹ ਲਈ ਕਰਜ਼ਾ ਲਿਆ ਸੀ। 1998 'ਚ ਉਸਦੇ ਪਤੀ ਨੇ ਕਰਜ਼ੇ ਦੇ ਭਾਰੀ ਬੋਝ ਅਤੇ ਇਕ ਹੋਰ ਸੂਦਖ਼ੋਰ ਦੀ ਜ਼ਲਾਲਤ ਤੋਂ ਤੰਗ ਆਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਸੀ। ਉਹ ਤਾਂ ਪਹਿਲਾਂ ਹੀ ਕਰਜ਼ਾਈ ਸਨ, ਉੱਪਰੋਂ ਘਰ ਦਾ ਤੋਰਾ ਤੋਰਨ ਲਈ ਹੋਰ ਕਰਜ਼ਾ ਲੈਣਾ ਪਿਆ। ਇਹ ਹੋਰ ਬਹੁਤ ਸਾਰੀਆਂ ਔਰਤਾਂ ਬਾਰੇ ਵੀ ਸੱਚ ਹੈ।

ਜਸਮੀਤ ਕੌਰ ਦੇ ਪੁੱਤ ਨੇ ਜਨਵਰੀ 2009 'ਚ ਖ਼ੁਦਕੁਸ਼ੀ ਕਰ ਲਈ ਸੀ। ਉਹ ਤੇ ਉਸਦਾ ਪਤੀ ਮਜ਼ਦੂਰੀ ਤੋਂ 3000 ਰੁਪਏ ਮਹੀਨਾ ਦੀ ਕਮਾਈ ਨਾਲ ਡੰਗ ਟਪਾਈ

ਕਰਦੇ ਹਨ। ਉਨ੍ਹਾਂ ਨੇ 2007 'ਚ ਆਪਣੀਆਂ ਦੋ ਧੀਆਂ ਦੇ ਹੱਥ ਪੀਲੇ ਕਰਨ ਲਈ ਜੋ ਖ਼ਰਚ ਕੀਤਾ ਸੀ ਉਸ ਦਾ ਇਕ ਲੱਖ ਕਰਜ਼ਾ ਹਾਲੇ ਵੀ ਸਿਰ ਖੜ੍ਹਾ ਹੈ। ਉਹ ਮਸਾਂ ਹੀ ਕਰਜ਼ਾ ਅਤੇ ਵਿਆਜ ਮੋੜ ਰਹੇ ਹਨ। ਉਨ੍ਹਾਂ ਵਰਗੇ ਹੋਰ ਵੀ ਬਥੇਰੇ ਪਰਿਵਾਰ ਹਨ ਜਿਨ੍ਹਾਂ ਨੂੰ ਨੱਕ ਰੱਖਣ ਦੀ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਭਾਵੇਂ ਉਹ ਕਿੰਨਾ ਘੱਟ ਦਾਜ ਦੇਣ, ਪਰ ਦਾਜ ਤੇ ਹੋਰ ਘੱਟੋ-ਘੱਟ ਖ਼ਰਚ ਕਰਨ ਤੋਂ ਬਗ਼ੈਰ ਧੀ ਵਿਆਹੁਣ ਦੀ ਗੱਲ ਉਹ ਸੋਚ ਵੀ ਨਹੀਂ ਸਕਦੇ। ਧੀ ਦੇ ਹੱਥ ਪੀਲੇ ਕਰਨ ਦੀ ਚਿੰਤਾ ਨਾਲੋਂ ਸ਼ਾਹੂਕਾਰਾਂ ਹੱਥੋਂ ਜ਼ਲਾਲਤ ਸਹਿਣੀ ਉਹ ਸੌਖੀ ਸਮਝਦੇ ਹਨ। ਧੀ ਨਾ ਵਿਆਹ ਸਕਣਾ ਪਰਿਵਾਰ, ਖ਼ਾਸ ਕਰਕੇ ਮਰਦ ਮੁਖੀ ਲਈ ਵੱਡੀ ਮਿਹਣੇ ਵਾਲੀ ਗੱਲ ਹੈ।

ਇਸ ਤਰੀਕੇ ਨਾਲ ਦਾਜ ਦੀ ਮਰਦ ਪ੍ਰਧਾਨ ਮਜਬੂਰੀ ਬੇਜ਼ਮੀਨੇ, ਥੁੜਜ਼ਮੀਨੇ ਅਤੇ ਛੋਟੇ ਕਿਸਾਨ ਪਰਿਵਾਰਾਂ ਲਈ ਭਾਰੀ ਵਿਤੀ ਦੇਣਦਾਰੀ ਬਣ ਜਾਂਦੀ ਹੈ। ਭਾਵੇਂ ਦਾਜ ਨੂੰ ਸਮਾਜਿਕ ਅਤੇ ਸੱਭਿਆਚਾਰਕ ਰਵਾਇਤ ਵਜੋਂ ਰੱਦ ਕੀਤਾ ਗਿਆ ਹੈ ਪਰ ਰਾਜ, ਸਮਾਜ ਅਤੇ ਪਰਿਵਾਰ ਵਲੋਂ ਇਸ ਨੂੰ ਵਿਚਾਰਧਾਰਕ ਪ੍ਰਵਾਨਗੀ ਦਿੱਤੀ ਹੋਣ ਕਾਰਨ ਅੱਜ ਇਹ ਇਕ ਸਭ ਤੋਂ ਭਖਦਾ ਮੁੱਦਾ ਬਣਿਆ ਹੋਇਆ ਹੈ। ਇਸ ਦੀਆਂ ਜੜ੍ਹਾਂ ਰਵਾਇਤੀ ਅਤੇ ਜਗੀਰੂ ਜਾਤਪਾਤੀ ਸਮਾਜ ਵਿਚ ਹੋਣ ਕਾਰਨ, ਜਿੱਥੇ ਵਿਆਹ ਧਨਾਢਾਂ ਦਰਮਿਆਨ ਜਾਇਦਾਦ ਦੇ ਵੱਟੇ-ਸੱਟੇ ਦਾ ਜ਼ਰੀਆ ਹੈ, ਮਰਦ ਪ੍ਰਧਾਨ ਸਮਾਜ ਵਿਚ ਇਸ ਦਸਤੂਰ ਦੀ ਵਰਤੋਂ ਬੁਨਿਆਦੀ ਤੌਰ 'ਤੇ ਧੀਆਂ ਤੋਂ ਵਿਰਾਸਤ ਦਾ ਹੱਕ ਖੋਹਣ ਲਈ ਕੀਤੀ ਜਾਂਦੀ ਹੈ। ਕੋਈ ਸਮਾਂ ਸੀ ਜਦੋਂ ਕਿਸਾਨੀ ਵਿਚ ਵਿਆਹ ਦਾ ਸਧਾਰਨ ਜਿਹਾ ਅਰਥ ਹੁੰਦਾ ਸੀ ਟੱਬਰ ਦੀ ਕਿਰਤ ਸ਼ਕਤੀ 'ਚ ਵਾਧਾ ਹੋਣਾ। ਇਹ ਵੱਖਰੀ ਗੱਲ ਹੈ ਕਿ ਹਮੇਸ਼ਾ ਹੀ ਇਹ ਖ਼ਾਸੀਅਤ ਰਹੀ ਹੈ ਕਿ ਔਰਤਾਂ ਦੀ ਕਿਰਤ ਦੇ ਯੋਗਦਾਨ ਨੂੰ ਮੌਜ ਨਾਲ ਹੀ ਛੁਪਾ ਜਾਣ ਅਤੇ ਬਿਨਾ ਭੁਗਤਾਨ ਕੀਤੇ ਕੰਮ ਲੈਣ ਜਾਂ ਮਾੜਾ-ਮੋਟਾ ਭੁਗਤਾਨ ਕਰਨ ਦਾ ਦਸਤੂਰ ਰਿਹਾ ਹੈ।

ਸਮੇਂ ਨਾਲ, ਦਾਜ 'ਲਾੜੇ ਦਾ ਮੁੱਲ ਵੱਟਣ' ਦਾ ਸਾਧਨ ਬਣ ਗਿਆ, ਜਿਥੇ ਲਾੜਾ ਚਾਹੇ ਕਾਬਲ ਹੋਵੇ ਜਾਂ ਨਾ ਪਰ ਉਸ ਦਾ ਮੁੱਲ ਜ਼ਰੂਰ ਤਾਰਨਾ ਪੈਂਦਾ ਹੈ। ਜਿਵੇਂ ਇਸ ਅਧਿਐਨ ਤੋਂ ਸਪਸ਼ਟ ਹੈ, ਲਾੜਾ ਲੱਭਣਾ ਕਿਸਾਨਾਂ ਅਤੇ ਮਜ਼ਦੂਰਾਂ ਲਈ ਸਭ ਤੋਂ ਮਹਿੰਗੀ ਖ਼ਰੀਦਦਾਰੀ ਬਣ ਚੁੱਕਾ ਹੈ, ਜਿਸ ਨਾਲ ਉਹ ਕਰਜ਼ੇ 'ਚ ਹੋਰ ਵੀ ਡੂੰਘੇ ਧਸ ਜਾਂਦੇ ਹਨ। ਜਿਵੇਂ ਇਸ ਕਾਂਡ ਤੋਂ ਵੀ ਸਪਸ਼ਟ ਉਜਾਗਰ ਹੋ ਜਾਵੇਗਾ, ਇਸ ਸਮਾਜ ਦੀ ਵਿਸ਼ਾਲ ਬਹੁਗਿਣਤੀ ਲਈ 'ਲਾੜੇ ਦਾ ਮੁੱਲ' ਤਾਰਨਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਹੈ। ਖੇਤੀਬਾੜੀ ਆਰਥਿਕਤਾ ਨੂੰ ਲੱਗੀ ਪਛਾੜ ਨਾਲ, ਖ਼ਾਸ ਕਰਕੇ ਬੀਤੇ ਦੋ ਦਹਾਕਿਆਂ 'ਚ, ਬਹੁਗਿਣਤੀ ਗ਼ਰੀਬਾਂ ਲਈ ਦਾਜ ਦੇਣਾ ਉੱਕਾ ਹੀ ਅਸੰਭਵ ਹੋ ਗਿਆ ਹੈ। ਇਸੇ ਬਹੁਗਿਣਤੀ ਨੂੰ ਇਕ ਪਾਸੇ ਗੁਜ਼ਾਰੇ ਦੀਆਂ ਚੋਣਾਂ ਤੋਂ ਗਿਣਮਿੱਥਕੇ ਵਾਂਝਾ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਬਾਕੀ ਦੇ ਲੋਕ ਲਾਹੇਵੰਦੀ ਹਾਲਾਤ ਵਾਲੇ ਛੋਟੇ ਜਿਹੇ ਹਿੱਸੇ ਦੇ ਰਵਾਇਤੀ ਔਰਤ ਵਿਰੋਧੀ ਅਮਲਾਂ ਦੇ ਬੋਝ ਹੇਠ ਦੱਬੇ ਹੋਏ ਹਨ।

ਕਈ ਵਾਰ, ਦਲਿਤ ਪਰਿਵਾਰਾਂ ਵਲੋਂ ਵਿਆਹਾਂ ਲਈ ਲਿਆ ਕਰਜ਼ਾ ਤਿੰਨ ਲੱਖ

ਜਾਂ ਇਸ ਤੋਂ ਵੱਧ ਵੀ ਹੋ ਜਾਂਦਾ ਹੈ, ਜੋ ਕਿਸੇ ਵੀ ਲਿਹਾਜ਼ ਨਾਲ ਉਨ੍ਹਾਂ ਲਈ ਹੈਰਾਨੀਜਨਕ ਰਕਮ ਹੈ ਜੋ ਆਮ ਤੌਰ 'ਤੇ ਮਜ਼ਦੂਰੀ ਕਰਕੇ ਗੁਜ਼ਾਰਾ ਕਰਦੇ ਹਨ। ਜਿਵੇਂ ਕਿਵੇਂ ਉਹ ਵੀ ਜ਼ਿਮੀਦਾਰਾਂ ਅਤੇ ਧਨਾਢ ਜਾਤਾਂ ਅਤੇ ਜਮਾਤਾਂ ਵਲੋਂ ਵਿਛਾਏ ਖ਼ਰਚੀਲੇ ਵਿਆਹਾਂ ਦੀ ਰੀਸ ਕਰਨ ਦੇ ਜਾਲ 'ਚ ਫਸ ਚੁੱਕੇ ਹਨ। ਜਿਵੇਂ ਅਕਸਰ ਹੀ ਹੁੰਦਾ ਹੈ ਮੁਕਤਸਰ ਜ਼ਿਲ੍ਹੇ ਦੀ ਇਕ ਔਰਤ ਨੇ ਕਰਜ਼ੇ ਦੀ ਰਕਮ ਦੀ ਧੂੰ ਨਹੀਂ ਨਿਕਲਣ ਦਿੱਤੀ। ਉਸਦੇ ਪਤੀ ਨੇ 2001 'ਚ ਧੀਆਂ ਦੇ ਹੱਥ ਪੀਲੇ ਕਰਨ ਲਈ ਇਕ ਜ਼ਿਮੀਦਾਰ ਅਤੇ ਕੁਝ ਸਕੇ-ਸਬੰਧੀਆਂ ਤੋਂ ਵੱਡਾ ਕਰਜ਼ਾ ਲਿਆ ਸੀ। ਕਰਜ਼ਾ ਮੋੜਨ ਲਈ ਉਸਨੇ ਖ਼ੂਨ-ਪਸੀਨਾ ਇਕ ਕਰ ਦਿੱਤਾ ਪਰ ਕਦੇ ਵੀ ਆਪਣੀ ਪਤਨੀ ਅਤੇ ਬੱਚਿਆਂ ਨਾਲ ਫ਼ਿਕਰਾਂ ਦਾ ਰਾਜ਼ ਸਾਂਝਾ ਨਾ ਕੀਤਾ।

ਉਸਨੇ ਕਿਹਾ, "ਸਾਨੂੰ ਉਸਦੇ ਨਿੱਤ ਖ਼ੁਰਦੇ ਜਾਣ ਦੀ ਭਿਣਕ ਪੈ ਗਈ ਸੀ। ਇਕ ਸਾਲ 'ਚ ਹੀ ਉਹ ਮੁੱਕ ਗਿਆ। ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਕਈ ਦਿਨ ਉਸ ਨੂੰ ਨੀਂਦ ਨਹੀਂ ਆਈ। ਦਿਲ ਦਾ ਦੌਰਾ ਪੈਣ ਨਾਲ ਮੇਰਾ ਇਕ ਮੁੰਡਾ ਚਲ ਵਸਿਆ। ਮੈਂ ਕਿਵੇਂ ਜਾਣਦੀ ਉਸ ਨੂੰ ਕੀ ਗ਼ਮ ਸੀ। ਉਸਨੇ ਕਦੇ ਦੁੱਖ ਸਾਂਝਾ ਨਹੀਂ ਕੀਤਾ।"

ਉਹ ਆਪਣੀ ਅਤੇ ਆਪਣੇ ਦੋ ਪੁੱਤਾਂ ਦੀ ਮਜ਼ਦੂਰੀ ਦੀ ਕਮਾਈ ਨਾਲ ਇਕ ਲੱਖ ਰੁਪਏ ਦਾ ਕਰਜ਼ਾ ਮੋੜਨ ਦੀਆਂ ਵਿਉਂਤਾਂ ਬਣਾਉਂਦੀ ਹੈ। ਪੂਰੀ ਤਰ੍ਹਾਂ ਫ਼ਿਕਰਾਂ ਦੇ ਖਾਧੇ ਅਤੇ ਕਰਜ਼ਾ ਮੋੜਨ ਤੋਂ ਅਵਾਜ਼ਾਰ ਇਨ੍ਹਾਂ ਲੋਕਾਂ ਲਈ ਇਹ ਕਲਪਨਾ ਕਰਨਾ ਵੀ ਮੁਸ਼ਕਲ ਹੈ ਕਿ ਉਨ੍ਹਾਂ ਦੇ ਮਨਾਂ 'ਚ ਕੀ ਚੱਲ ਰਿਹਾ ਹੈ। ਤਾਂ ਫੇਰ ਕਿਹੜੀ ਚੀਜ਼ ਉਨ੍ਹਾਂ ਨੂੰ ਵੱਡਾ ਕਰਜ਼ਾ ਲੈਣ ਲਈ ਉਕਸਾਉਂਦੀ ਹੈ? ਸਮਾਜ ਦੀ ਦਰਜੇਬੰਦੀ ਦੀ ਸੋਚ ਪਰਿਵਾਰਾਂ ਲਈ ਉੱਪਰ ਉੱਠਣਾ ਜ਼ਰੂਰੀ ਬਣਾ ਦਿੰਦੀ ਹੈ। ਉਹ ਸਾਰੇ ਸਮਾਜਿਕ ਪੌੜੀ ਦੇ ਉੱਪਰਲੇ ਡੰਡੇ 'ਤੇ ਬੈਠੇ ਹੋਣ ਦਾ ਦਿਖਾਵਾ ਕਰਨਾ ਚਾਹੁੰਦੇ ਹਨ ਅਤੇ ਦਾਜ ਦੇਣਾ ਉੱਚੇ ਸਮਾਜਿਕ ਰੁਤਬੇ ਦੇ ਸਭ ਤੋਂ ਪ੍ਰਵਾਨਤ ਸੂਚਕਾਂ ਵਿਚੋਂ ਇਕ ਹੈ।

ਜਿਨ੍ਹਾਂ ਪਰਿਵਾਰਾਂ ਨੇ ਕਰਜ਼ੇ ਹੋਰ ਕੰਮਾਂ ਲਈ ਲੈ ਕੇ ਦਾਜ ਅਤੇ ਵਿਆਹ ਲਈ ਵਰਤ ਲਏ, ਉਨ੍ਹਾਂ ਵਿਚੋਂ 22% ਕੋਲ ਕੁਝ ਨਾ ਕੁਝ ਜ਼ਮੀਨ ਹੈ। ਵੱਡੀ ਚਿੰਤਾ ਵਾਲੀ ਗੱਲ ਤਾਂ ਇਹ ਹੈ ਕਿ 23% ਬੇਜ਼ਮੀਨੇ ਪਰਿਵਾਰ ਵੀ ਵਿਆਹਾਂ ਦੇ ਖ਼ਰਚੇ ਅਤੇ ਦਾਜ ਕਾਰਨ ਕਰਜ਼ਾਈ ਹਨ। ਖ਼ਰਚੇ ਦੇ ਇਹ ਮਾਪਦੰਡ ਅਤੇ ਮਿਆਰ ਕੌਣ ਤੈਅ ਕਰਦਾ ਹੈ ਕਿ ਦਲਿਤ ਬੇਜ਼ਮੀਨੇ ਹੋਰ ਵੱਧ ਕਰਜ਼ਾਈ ਹੋਣ ਲਈ ਸਰਾਪੇ ਜਾਂਦੇ ਹਨ? ਸੱਭਿਆਚਾਰ ਅਤੇ ਪਛਾਣ 'ਚ ਐਨੀਆਂ ਡੂੰਘੀਆਂ ਜੜ੍ਹਾਂ ਜਮਾਈ ਬੈਠੇ ਦਸਤੂਰ ਨੂੰ ਠੱਲ ਪਾਉਣ ਲਈ ਕਾਨੂੰਨ ਬਣਾ ਲੈਣਾ ਹੀ ਕਾਫ਼ੀ ਨਹੀਂ ਹੈ; ਕਾਨੂੰਨ ਗ਼ਰੀਬ ਨੂੰ ਨਹੀਂ ਟੁੰਬਦੇ। ਜਮਾਤੀ-ਜਾਤਪਾਤੀ ਦਰਜਾਬੰਦੀਆਂ 'ਤੇ ਅਧਾਰਤ ਸਮਾਜ ਅੰਦਰ ਉੱਪਰਲਿਆਂ ਦੀ ਰੀਸ ਕਰਨ ਦਾ ਰੁਝਾਨ ਹੈ। ਅਜਿਹਾ ਸਮਾਜ ਬੇਜ਼ਮੀਨੇ ਅਤੇ ਪੇਂਡੂ ਗ਼ਰੀਬਾਂ ਅਤੇ ਖ਼ਾਸ ਕਰਕੇ ਦਲਿਤਾਂ ਦੇ ਦਿਲ-ਦਿਮਾਗਾਂ 'ਚ ਤਾਂਘ ਪੈਦਾ ਕਰਦਾ ਹੈ। ਬ੍ਰਾਹਮਣਵਾਦ ਅਤੇ ਬ੍ਰਾਹਮਣਵਾਦੀ ਸੱਭਿਆਚਾਰ ਦੇ ਲਗਾਤਾਰ ਵਿਰੋਧ ਤਹਿਤ ਕੁਝ ਖੇਤਰਾਂ 'ਚ ਬਰਾਬਰੀ ਵਾਲੀਆਂ ਤਬਦੀਲੀਆਂ ਹੋਈਆਂ ਹਨ, ਪਰ ਵਿਆਹ ਅਤੇ ਦਾਜ ਦਾ ਇਨ੍ਹਾਂ ਭਾਈਚਾਰਿਆਂ ਉੱਪਰ ਉਹੀ ਪੁਰਾਣਾ ਦਬਾਅ ਬਣਿਆ ਹੋਇਆ

ਹੈ।[1] ਸ਼ਾਇਦ, ਜਿਉਂ-ਜਿਉਂ ਅਸੀਂ ਸੰਚਾਰ ਮਾਧਿਅਮਾਂ ਅਤੇ ਰੂੜ੍ਹੀਵਾਦੀ ਤਾਕਤਾਂ ਵਲੋਂ ਰੀਤੀ-ਰਿਵਾਜਾਂ ਦੀ ਮੁੜ-ਸੁਰਜੀਤੀ ਦੇ ਨਾਲ-ਨਾਲ ਜਿਣਸੀ ਬਣ ਰਹੀ ਆਰਥਿਕਤਾ 'ਚ ਵੱਧ ਧੱਸਦੇ ਜਾ ਰਹੇ ਹਾਂ, ਵਿਆਹ ਅਤੇ ਦਾਜ ਦੀ ਜਕੜ ਵੀ ਵੱਧ ਰਹੀ ਹੈ।

ਕੁਝ ਜੱਟ ਸਿੱਖ ਪਰਿਵਾਰ ਐਸੇ ਸਨ ਜੋ ਕਰਜ਼ੇ ਮੋੜਨ ਦੇ ਅਮਲ 'ਚ ਜ਼ਮੀਨਾਂ ਵਿਕ ਜਾਣ ਨਾਲ ਬੇਜ਼ਮੀਨੇ ਬਣ ਗਏ। ਫ਼ਰੀਦਕੋਟ ਜ਼ਿਲ੍ਹੇ ਦੀ ਇਕ ਔਰਤ ਨੇ ਦੱਸਿਆ ਕਿਵੇਂ ਉਸ ਦੇ ਪਤੀ ਨੇ ਆਖ਼ਰੀ ਏਕੜ ਜ਼ਮੀਨ ਵਿਕ ਜਾਣ 'ਤੇ 2007 'ਚ ਖ਼ੁਦਕੁਸ਼ੀ ਕਰ ਲਈ ਸੀ। ਵਿਆਜ ਦੀਆਂ ਭਾਰੀ ਦਰਾਂ ਨਾਲ ਛੋਟਾ ਜਿਹਾ ਕਰਜ਼ਾ ਵੀ ਕਿਤੇ ਵੱਡਾ ਹੋ ਸਕਦਾ ਹੈ। ਇੰਞ 5 ਲੱਖ ਦਾ 9 ਲੱਖ ਬਣ ਗਿਆ ਅਤੇ ਜ਼ਮੀਨ ਕਰਜ਼ਾ ਮੋੜਨ ਲਈ ਕਾਫ਼ੀ ਨਹੀਂ ਸੀ। ਉਹ ਅਤੇ ਉਸਦਾ ਪੁੱਤ ਹੁਣ ਖੇਤੀ ਕਰਨ ਲਈ ਠੇਕੇ 'ਤੇ ਜ਼ਮੀਨ ਲੈਂਦੇ ਹਨ। ਜਿਵੇਂ ਅਨੇਕਾਂ ਮਾਮਲਿਆਂ 'ਚ ਵਾਪਰਦਾ ਹੈ, ਖੇਤੀਬਾੜੀ ਲਈ ਲਏ ਕਰਜ਼ੇ ਬੱਚਿਆਂ ਦੇ ਵਿਆਹਾਂ ਦੇ ਬਿਲੇ ਲੱਗ ਗਏ। 1998 ਅਤੇ 2001 'ਚ ਉਨ੍ਹਾਂ ਨੇ ਧੀ ਅਤੇ ਪੁੱਤ ਦੇ ਵਿਆਹਾਂ ਲਈ ਸਾਢੇ ਤਿੰਨ ਲੱਖ ਰੁਪਏ ਖ਼ਰਚ ਕੀਤੇ ਸਨ। ਹੋਂਦ ਬਚਾਉਣ ਦੀਆਂ ਮਜਬੂਰੀਆਂ ਐਨੀਆਂ ਡਾਹਢੀਆਂ ਹਨ ਕਿ ਉਨ੍ਹਾਂ ਨੂੰ ਹਾਲੇ ਵੀ ਹੋਰ ਕਰਜਿਆਂ ਦੀ ਲੋੜ ਹੈ। ਉਸ ਨੇ ਦੱਸਿਆ, "ਆੜ੍ਹਤੀਏ ਦਾ ਤੰਗ-ਪ੍ਰੇਸ਼ਾਨ ਕਰਨਾ ਨਿੱਤ ਦਾ ਕੰਮ ਹੈ। ਜਦੋਂ ਉਹ ਪੈਸੇ ਵਸੂਲਣ ਆਉਂਦਾ ਹੈ ਤਾਂ ਕਿੰਨੀ ਨਮੋਸ਼ੀ ਹੁੰਦੀ ਹੈ।"

ਇਕ ਹੋਰ ਜੱਟ ਸਿੱਖ ਪਰਿਵਾਰ ਦੀ ਮਿਸਾਲ ਲੈ ਲਓ। ਮੁਕਤਸਰ ਜ਼ਿਲ੍ਹੇ ਦੇ ਗਿੱਦੜਬਾਹਾ ਬਲਾਕ 'ਚ ਤੇਜ਼ ਕੌਰ ਦੇ ਪਤੀ ਤੇ ਉਸਦੇ ਭਰਾ ਨੇ 1999 'ਚ ਕੀੜੇਮਾਰ ਦਵਾਈ ਪੀ ਲਈ ਸੀ। ਅਮਰੀਕਣ ਸੁੰਡੀ ਨੇ ਆਮ ਹੀ ਫ਼ਸਲ ਤਬਾਹ ਕਰ ਦਿੱਤੀ ਸੀ ਅਤੇ ਉਸਦੇ ਸਿਰ 9 ਲੱਖ ਰੁਪਏ ਕਰਜ਼ਾ ਚੜ੍ਹ ਗਿਆ ਸੀ। ਸਾਰੀ ਦੀ ਸਾਰੀ ਦਸ ਏਕੜ ਜ਼ਮੀਨ ਵੇਚਕੇ ਵੀ ਉਹ ਕਰਜ਼ਾ ਨਹੀਂ ਮੋੜ ਸਕਿਆ। ਉਸ ਦੀ ਦੇਖਭਾਲ ਦੀ ਗੱਲ ਤਾਂ ਛੱਡੋ, ਉਲਟਾ ਤੇਜ ਕੌਰ ਨੂੰ ਹੁਣ 1500 ਰੁਪਏ ਮਹੀਨਾ 'ਤੇ ਪਸ਼ੂਆਂ ਦੀ ਸਾਂਭ-ਸੰਭਾਲ ਦਾ ਕੰਮ ਕਰਨਾ ਪੈ ਰਿਹਾ ਹੈ। 2006 'ਚ ਧੀ ਦੇ ਹੱਥ ਪੀਲੇ ਕਰਨ ਲਈ ਉਸ ਨੂੰ ਫੇਰ ਡੇਢ ਲੱਖ ਰੁਪਏ ਕਰਜ਼ਾ ਲੈਣਾ ਪਿਆ। ਉਹ ਹੁਣ ਤੱਕ ਇਹ ਕਰਜ਼ਾ ਲਾਹ ਰਹੀ ਹੈ। ਕਈਆਂ ਦੇ ਉਲਟ, ਉਸਦੀ ਇੱਛਾ ਸੀ ਕਿ

---

1. ਪੂਰੇ ਦੇਸ਼ 'ਚ ਦਸ ਹਜ਼ਾਰ ਤੋਂ ਉੱਪਰ ਔਰਤਾਂ ਬਾਰੇ ਕੀਤੇ ਗਏ ਸਰਵੇਖਣ ਵਿਚ, ਇਸ ਅਮਲ ਦੇ ਅਨੇਕਾਂ ਹੋਰ ਪਸਾਰਾਂ ਦੇ ਨਾਲ-ਨਾਲ, ਆਲ ਇੰਡੀਆ ਡੈਮੋਕਰੇਟਿਕ ਵੂਮੈੱਨ ਐਸੋਸੀਏਸ਼ਨ ਨੇ ਰਿਪੋਰਟ ਕੀਤੀ ਕਿ ਐਸ ਸੀ, ਐਸ ਟੀ ਅਤੇ ਹੋਰ ਦਲਿਤ ਭਾਈਚਾਰਿਆਂ ਅੰਦਰ ਦਾਜ ਦਾ ਰੁਝਾਨ ਹੋਰ ਵਧਿਆ ਹੈ। ਪਿਛਲੇ ਦਸ-ਪੰਦਰਾਂ ਸਾਲਾਂ 'ਚ, ਉੱਚ ਜਾਤਾਂ ਦੀ ਰੀਸ ਕਰਨ ਦੀ ਰੁਚੀ ਉੱਘੜਕੇ ਸਾਹਮਣੇ ਆਈ ਹੈ ਅਤੇ ਖ਼ਪਤਕਾਰੀ ਸੱਭਿਆਚਾਰ ਦੇ ਪਸਾਰੇ ਦਾ ਅਰਥ ਰੰਗਦਾਰ ਟੀ ਵੀ, ਫਰਿਜਾਂ, ਮੋਟਰ ਸਾਈਕਲਾਂ, ਕੂਲਰ ਆਦਿ ਦੀ ਮੰਗ ਵੀ ਹੈ। ਮੁੰਡੇ ਦੇ ਟੱਬਰ ਨੂੰ ਕੁੜੀ ਦਿਖਾਉਣ ਜਾਂ ਬਰਾਤ ਦੀ ਖ਼ੂਬ ਖ਼ਾਤਰਦਾਰੀ ਕਰਨ ਜਹੇ ਰਿਵਾਜਾਂ ਦੀ ਰੀਸ ਵੀ ਕੀਤੀ ਜਾਣ ਲੱਗੀ ਹੈ। ਸਰਦੇ-ਪੁੱਜਦੇ ਦਲਿਤ ਪਰਿਵਾਰ ਇਸ ਦੀ ਲਪੇਟ 'ਚ ਆਉਣ ਨਾਲ ਇਸ 'ਚ ਤੇਜ਼ੀ ਆਈ ਹੈ। ਦੇਖੋ ਦਾਜ ਦੇ ਵਧ ਰਹੇ ਪਸਾਰ— ਏ ਆਈ ਡੀ ਡਬਲਯੂ ਏ ਦੀ ਰਿਪੋਰਟ, 2003.

ਉਸ ਦੀਆਂ ਧੀਆਂ ਨੂੰ ਕਿਤੇ ਕੋਈ ਚੰਗੀ ਨੌਕਰੀ ਮਿਲ ਜਾਵੇ ਅਤੇ ਉਨ੍ਹਾਂ ਦੀ ਹੋਣੀ ਉਸ ਵਰਗੀ ਨਾ ਹੋਵੇ। ਉਸ ਦੀ ਦਰਾਣੀ, ਜਿਸਦੇ ਦੋ ਮੁਟਿਆਰ ਧੀਆਂ ਸਨ, ਵੀ ਚਾਹੁੰਦੀ ਸੀ ਕਿ ਉਨ੍ਹਾਂ ਲਈ ਨੌਕਰੀ ਲੱਭੀ ਜਾਵੇ ਅਤੇ ਉਹ ਉਨ੍ਹਾਂ ਦੇ ਵਿਆਹਾਂ ਬਾਰੇ ਐਨੀ ਫ਼ਿਕਰਮੰਦ ਨਹੀਂ ਸੀ। ਤੇਜ ਕੌਰ ਨੇ ਮੰਨਿਆ ਕਿ ਦਾਜ ਦੀ ਰਕਮ ਉਨ੍ਹਾਂ ਦੇ ਵੱਸੋਂ ਬਾਹਰੀ ਹੈ। ਉਸ ਨੇ ਕਿਹਾ, "ਇਸ ਨਾਲ ਵੀ ਉਸਦਾ ਭਵਿੱਖ ਸੁਰੱਖਿਅਤ ਨਹੀਂ ਹੈ, ਕਿਉਂਕਿ ਉਹ ਵੀ ਕਿਸਾਨ ਦੀ ਬਹੂ ਹੈ।" ਜਦੋਂ ਜ਼ਰੱਈ ਸੰਕਟ ਕਿਸਾਨਾਂ ਦੀਆਂ ਜਾਨਾਂ ਦਾ ਖੌਅ ਬਣਿਆ ਹੋਇਆ ਹੈ, ਉਸ ਵਰਗੀਆਂ ਔਰਤਾਂ, ਭਾਵੇਂ ਥੋੜ੍ਹੀਆਂ ਹੀ ਸਹੀ, ਪਰ ਉਹ ਵਿਆਹ 'ਤੇ ਨਿਰਭਰ ਹੋਣ ਦੇ ਜੋਖ਼ਮਾਂ ਤੋਂ ਸੁਚੇਤ ਹਨ। ਫੇਰ ਵੀ ਉਹ, ਕਰਜ਼ਾਈ ਹੋਣ ਦੀ ਕੀਮਤ ਤਾਰਕੇ ਵੀ, ਆਪਣੀਆਂ ਧੀਆਂ ਦਾ ਭਵਿੱਖ ਮਹਿਫੂਜ਼ ਕਰਨ ਦੀ ਆਸ ਨਾਲ, ਪੈਸਾ-ਪੈਸਾ ਤੱਕ ਖ਼ਰਚ ਕਰ ਦਿੰਦੀਆਂ ਹਨ।

ਇਹ ਇਕ ਵਾਰ ਦਾ ਮਾਮਲਾ ਨਹੀਂ ਹੈ, ਧੀਆਂ ਦੇ ਵਿਆਹਾਂ ਦੇ ਖ਼ਰਚੇ ਅਸਲ ਵਿਚ ਅਮੁੱਕ ਅਮਲ ਹੈ। ਇਨ੍ਹਾਂ ਵਿਚ ਦੋਵਾਂ ਪਰਿਵਾਰਾਂ 'ਚ ਆਉਣ-ਜਾਣ ਸਮੇਂ ਲੈਣ-ਦੇਣ, ਵਿਸ਼ੇਸ਼ ਮੌਕਿਆਂ 'ਤੇ ਸਹੁਰਿਆਂ ਲਈ ਤੋਹਫੇ, ਅਤੇ ਪਲੇਠਾ ਬੱਚਾ ਜੰਮਣ ਵੇਲੇ ਲੈਣ-ਦੇਣ ਸ਼ਾਮਲ ਹਨ, ਉਵੇਂ ਹੀ ਜਿਵੇਂ ਦੇਸ਼ ਦੇ ਹੋਰ ਹਿੱਸਿਆਂ 'ਚ ਚਲਦਾ ਹੈ। ਇੰਞ ਕਰਜ਼ੇ ਲੈਣ ਅਤੇ ਨਾਲ ਹੀ ਕਰਜ਼ਾ ਮੋੜਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ।

ਐਸੇ ਸਮਾਜ, ਜੋ ਜਮਾਤੀ-ਜਾਤਪਾਤੀ ਦਰਜੇਬੰਦੀ ਦਾ ਐਨਾ ਸਖ਼ਤ ਪਾਬੰਦ ਹੈ, ਵਿਚ ਦਾਜ ਨਾ ਦੇ ਸਕਣ ਕਾਰਨ ਲਗਾਤਾਰ ਕਲੇਸ਼ ਵੀ ਹੋ ਸਕਦਾ ਹੈ। ਇਸ ਦੇ ਸਿੱਟੇ ਵਜੋਂ ਸਿਰ ਨੀਵਾਂ ਹੋਣ ਅਤੇ ਸਵੈ-ਗਿਲਾਨੀ ਦੀ ਨੌਬਤ ਆ ਸਕਦੀ ਹੈ। ਸਥਾਈ ਥੁੜ ਅਤੇ ਵਾਂਝੇਪਣ ਦੀ ਹਾਲਤ 'ਚ, ਮਰਦ ਪ੍ਰਧਾਨ ਸੱਤਾ ਵਲੋਂ ਮਰਦਾਂ ਅਤੇ ਪਰਿਵਾਰਾਂ ਉੱਪਰ ਧੀਆਂ ਦੇ ਹੱਥ ਪੀਲੇ ਕਰਨ ਦਾ ਬੋਝ, ਪਰਿਵਾਰਾਂ ਨੂੰ ਹੋਰ ਕਰਜ਼ਾਈ ਹੋਣ ਵੱਲ ਧੱਕਦਾ ਹੈ। ਇਹ ਐਸਾ ਜੰਜਾਲ ਬਣ ਜਾਂਦਾ ਹੈ ਜਿਸ ਨੂੰ ਤੋੜਿਆ ਨਹੀਂ ਜਾ ਸਕਦਾ। ਸਰਕਾਰੀ ਸੰਸਥਾਵਾਂ ਦੇ ਕਰਜ਼ਿਆਂ ਤੱਕ ਪਹੁੰਚ ਨਾ ਹੋਣ ਕਾਰਨ, ਗ਼ਰੀਬਾਂ ਕੋਲ ਨਿੱਜੀ ਸ਼ਾਹੂਕਾਰਾਂ ਅਤੇ ਜ਼ਿੰਮੀਦਾਰਾਂ ਕੋਲ ਪਹੁੰਚ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਹੁੰਦਾ, ਜੋ ਉਨ੍ਹਾਂ ਦੀ ਬੇਵਸੀ ਦਾ ਲਾਹਾ ਲੈਕੇ ਉਨ੍ਹਾਂ ਨੂੰ ਨਿਚੋੜ ਸੁੱਟਦੇ ਹਨ।

ਇੱਥੇ ਘਰ ਵਿਚ ਵਿਆਹ ਨਿਪਟਾਉਣ ਤੋਂ ਤੁਰੰਤ ਬਾਅਦ ਖ਼ੁਦਕੁਸ਼ੀ ਕਰ ਲੈਣ ਦੀਆਂ ਮਿਸਾਲਾਂ ਵੀ ਮੌਜੂਦ ਹਨ। ਫਰਵਰੀ 2004 'ਚ, ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਬਲਾਕ ਦੇ ਹਰਦੇਵ ਸਿੰਘ ਨੇ ਆਪਣੀ ਸਭ ਤੋਂ ਵੱਡੀ ਧੀ ਦਾ ਵਿਆਹ ਕਰਨ ਤੋਂ ਛੇਤੀ ਬਾਅਦ ਸ਼ਾਹੂਕਾਰਾਂ ਦੇ ਭਾਰੀ ਦਬਾਅ ਕਾਰਨ ਖ਼ੁਦਕੁਸ਼ੀ ਕਰ ਲਈ। ਉਸ ਨੇ ਦੋ ਲੱਖ ਰੁਪਏ ਕਰਜ਼ਾ ਲਿਆ ਸੀ ਅਤੇ ਅੱਧਾ ਏਕੜ ਪੈਲੀ ਵੀ ਵੇਚਣੀ ਪੈ ਗਈ ਸੀ। ਸਿਰੇ ਦਾ ਕਦਮ ਚੁੱਕਣ ਤੋਂ ਪਹਿਲਾਂ ਉਹ ਘੋਰ ਉਦਾਸੀ ਅਤੇ ਦਾਰੂ ਪੀਣ ਦੇ ਦੌਰ 'ਚੋਂ ਗੁਜ਼ਰਿਆ। ਅੱਜਕੱਲ੍ਹ, ਉਸਦੀ ਪਤਨੀ ਦੁੱਧ ਵੇਚਕੇ ਇਕ ਹਜ਼ਾਰ ਰੁਪਏ ਮਹੀਨਾ ਦੀ ਨਿਗੂਣੀ ਜਹੀ ਆਮਦਨੀ ਨਾਲ ਦਿਨ ਕੱਟ ਰਹੀ ਹੈ। ਆੜ੍ਹਤੀਆ ਉਸ ਨੂੰ ਨਿੱਤ ਪ੍ਰੇਸ਼ਾਨ ਕਰਦਾ ਹੈ। ਫ਼ਿਕਰਾਂ ਕਾਰਨ ਉਸ ਨੂੰ ਨੀਂਦ ਨਹੀਂ ਆਉਂਦੀ। ਉਹ

ਜਾਣਦੀ ਹੈ ਕਿ ਛੇਤੀ ਹੀ ਉਸ ਨੂੰ ਦੂਜੀ ਧੀ ਦੇ ਹੱਥ ਪੀਲੇ ਕਰਨੇ ਪੈਣਗੇ, ਜੋ ਹੁਣ ਸਤਾਰਾਂ ਸਾਲ ਦੀ ਹੋ ਚੁੱਕੀ ਹੈ।

ਬਠਿੰਡਾ ਜ਼ਿਲ੍ਹੇ ਦੇ ਨਥਾਣਾ ਬਲਾਕ ਦੇ ਇਕ ਪਿੰਡ 'ਚ, ਦੋ ਮਜ਼੍ਹਬੀ ਸਿੱਖਾਂ ਸੱਤਪਾਲ ਸਿੰਘ ਅਤੇ ਗੋਰਾ ਸਿੰਘ ਨੇ ਕ੍ਰਮਵਾਰ ਜਨਵਰੀ ਅਤੇ ਮਾਰਚ 2009 'ਚ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਸੱਤਪਾਲ ਨੇ ਘਰ ਨੇੜੇ ਇਕ ਦਰਖ਼ਤ ਨਾਲ ਫਾਹਾ ਲੈ ਲਿਆ। ਉਸ ਨੇ ਦੋ ਲੱਖ ਰੁਪਏ ਕਰਜ਼ਾ ਚੁੱਕਕੇ ਅਕਤੂਬਰ 2008 'ਚ ਤੀਜੀ ਭੈਣ ਦਾ ਵਿਆਹ ਕੀਤਾ ਸੀ। ਦੋ ਭੈਣਾਂ ਪਹਿਲਾਂ ਵਿਆਹ ਦਿੱਤੀਆਂ ਸਨ। ਉਸ ਦੀ ਮਹੀਨੇ ਦੀ ਕਮਾਈ ਮਸਾਂ ਹੀ 1800 ਰੁਪਏ ਸੀ। ਇਸ ਕਰਕੇ ਉਹ ਕਰਜ਼ੇ ਦਾ ਮਾਨਸਿਕ ਬੋਝ ਝੱਲ ਨਹੀਂ ਸਕਿਆ। ਇਥੋਂ ਤੱਕ ਕਿ ਨਰਮਾ ਚੁਗਣ ਦੀ ਮਜ਼ਦੂਰੀ ਅਤੇ ਸਥਾਨਕ ਆਂਗਨਬਾੜੀ ਤੋਂ ਉਸ ਦੀ ਮਾਂ ਨੂੰ ਮਿਲਦੇ 700 ਰੁਪਏ ਵੀ ਕਾਫ਼ੀ ਨਹੀਂ ਸਨ।

ਬਾਪ ਰੀੜ੍ਹ ਦੀ ਹੱਡੀ ਦਾ ਮਰੀਜ਼ ਹੈ, ਇਸ ਕਰਕੇ ਸਾਰਾ ਟੱਬਰ ਸੱਤਪਾਲ ਦੇ ਵਿਛੋੜੇ ਦੇ ਗ਼ਮ 'ਚ ਡੁੱਬਿਆ ਹੋਇਆ ਹੈ। ਛੋਟੀਆਂ ਦੋ ਭੈਣਾਂ ਕਮਾਕੇ ਟੱਬਰ ਲਈ ਯੋਗਦਾਨ ਪਾਉਣਾ ਚਾਹੁੰਦੀਆਂ ਹਨ। ਉਨ੍ਹਾਂ ਨੇ ਸਾਨੂੰ ਤਰਲਾ ਕੀਤਾ ਕਿ ਅਸੀਂ ਉਨ੍ਹਾਂ ਦੇ ਮਾਪਿਆਂ ਨੂੰ ਸਹਿਮਤ ਕਰੀਏ ਕਿ ਉਨ੍ਹਾਂ ਨੂੰ ਕੰਮ ਕਰਨ ਦੀ ਇਜਾਜ਼ਤ ਦੇ ਦੇਣ। ਇਕ ਬੀ ਏ ਕਰ ਰਹੀ ਹੈ ਜਦਕਿ ਦੂਜੀ ਹਾਈ ਸਕੂਲ 'ਚ ਪੜ੍ਹਦੀ ਹੈ। ਕਰਜ਼ੇ ਦਾ ਅਸਹਿ ਬੋਝ ਹੀ ਪਿੰਡ ਦੇ ਇਕ ਹੋਰ ਟੱਬਰ ਦੇ ਸੰਤਾਪ ਦੀ ਵਜ੍ਹਾ ਹੈ। ਗੋਰਾ ਸਿੰਘ ਨੇ ਮਾਰਚ ਮਹੀਨੇ ਫਾਹਾ ਲੈ ਲਿਆ। ਉਸ ਦੇ ਸਿਰ ਦੋ ਲੱਖ ਰੁਪਏ ਦਾ ਕਰਜ਼ਾ ਸੀ। 2007 ਅਤੇ 2009 'ਚ ਉਸਨੇ ਡੇਢ ਲੱਖ ਰੁਪਏ ਖ਼ਰਚੇ ਸਨ। ਉਸਦੀ ਪਤਨੀ ਨੇ ਦੱਸਿਆ, ਦਿਹਾੜੀਦਾਰ ਮਜ਼ਦੂਰ ਹੋਣ ਕਾਰਨ ਉਸ ਨੂੰ ਮੁਸ਼ਕਲ ਨਾਲ 60 ਦਿਨ ਕੰਮ ਮਿਲਦਾ ਸੀ। ਬੈਂਕ ਵਾਲਿਆਂ ਨੇ ਉਸ ਨੂੰ ਐਨਾ ਸਤਾਇਆ ਕਿ ਉਹ ਗੁੰਮਸੁੰਮ ਹੋ ਗਿਆ। ਉਸ ਦੀ ਪਤਨੀ ਦਾ ਦੁੱਖ ਸਾਫ਼ ਝਲਕਦਾ ਸੀ: "ਹੁਣ ਮੈਂ ਕਰਜ਼ਾ ਕਿਵੇਂ ਮੋੜਾਂ? ਦੋ ਲੱਖ ਤੋਂ ਉੱਪਰ ਹੈ।"

ਬਠਿੰਡਾ ਜ਼ਿਲ੍ਹੇ ਦੇ ਬਲਾਕ ਰਾਮਪੁਰਾ 'ਚ, ਫਰਵਰੀ 2009 'ਚ ਖ਼ੁਦਕੁਸ਼ੀ ਦੀ ਘਟਨਾ ਵਾਪਰੀ। ਇਕ 40 ਸਾਲ ਦੇ ਮਜ਼ਦੂਰ ਨੇ ਰੇਲਵੇ ਪਟੜੀ ਉੱਪਰ ਆਪਣੀ ਜ਼ਿੰਦਗੀ ਖ਼ਤਮ ਕਰ ਲਈ। ਉਸਨੇ ਅਕਤੂਬਰ 2008 'ਚ ਆਪਣੀ ਭੈਣ ਦੇ ਵਿਆਹ ਲਈ ਡੇਢ ਲੱਖ ਰੁਪਏ ਕਰਜ਼ਾ ਲਿਆ ਸੀ। ਮ੍ਰਿਤਕ ਦੀ ਮਾਂ ਅਤੇ ਪਤਨੀ ਦੋਵਾਂ ਨੇ ਪੁਸ਼ਟੀ ਕੀਤੀ:

"ਭੈਣ ਦੇ ਵਿਆਹ ਲਈ ਲਏ ਕਰਜ਼ੇ ਦਾ ਫ਼ਿਕਰ ਉਸ ਨੂੰ ਵੱਢ-ਵੱਢ ਖਾਂਦਾ ਸੀ। ਉਸਨੇ ਤਾਂ ਹੋਰਾਂ ਨਾਲ ਬੋਲਣਾ ਵੀ ਬੰਦ ਕਰ ਦਿੱਤਾ ਸੀ। ਕੰਮ ਕੋਈ ਮਿਲਦਾ ਨਹੀਂ ਸੀ। ਐਸਾ ਸੰਪੂਰਨਤਾਪਸੰਦ ਸੀ ਕਿ ਉਹ ਕਦੇ ਕਿਸੇ ਪੱਖੋਂ ਨਾਕਾਮਯਾਬ ਨਹੀਂ ਸੀ ਹੋਣਾ ਚਾਹੁੰਦਾ। ਪਰ ਜ਼ਿੰਦਗੀ ਨੇ ਉਸਨੂੰ ਮੋਹਲਤ ਨਾ ਦਿੱਤੀ।"

ਜਦੋਂ ਪਿਉ ਬਾਰੇ ਕੋਈ ਗੱਲ ਚੱਲਦੀ ਹੈ ਤਾਂ ਉਸਦਾ ਨੌਂ ਸਾਲ ਦਾ ਪੁੱਤ ਬੇਸੁਰਤ ਹੋ ਜਾਂਦਾ ਹੈ। ਉਸਦੀ ਪਤਨੀ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਇਹ ਦਿਲ-ਕੰਬਾਊ ਬਿਰਤਾਂਤ ਦਰਸਾਉਂਦੇ ਹਨ ਕਿ ਬੇਜ਼ਮੀਨੇ ਮਜ਼ਦੂਰ ਲਈ ਦਾਜ ਕਿੰਨਾ ਅਸੰਭਵ ਹੈ। ਜਿਵੇਂ ਦਾਜ ਨੌਜਵਾਨ ਲੜਕੀਆਂ ਦੀਆਂ ਜਾਨਾਂ ਲੈਂਦਾ ਸੀ ਉਸੇ ਤਰ੍ਹਾਂ ਇਹ

ਲਾਹਣਤ ਉਨ੍ਹਾਂ ਦੀਆਂ ਜਾਨਾਂ ਲੈ ਰਹੀ ਹੈ ਜਿਨ੍ਹਾਂ ਨੂੰ ਦਾਜ ਦੇਣਾ ਪੈਂਦਾ ਹੈ।

ਇਥੋਂ ਤੱਕ ਕਿ ਵਿਆਹ ਤੋਂ ਪਹਿਲਾਂ ਖ਼ੁਦਕੁਸ਼ੀ ਕਰ ਲੈਣ ਦੀਆਂ ਘਟਨਾਵਾਂ ਵੀ ਵਾਪਰਦੀਆਂ ਹਨ—ਕਰਜ਼ੇ ਤੋਂ ਬਚਣ ਦਾ ਘਿਣਾਉਣਾ ਅਤੇ ਹਿੰਸਕ ਸਾਧਨ। ਖ਼ੁਦਕੁਸ਼ੀ ਦਾ ਸ਼ਿਕਾਰ ਹੋਣ ਵਾਲੇ ਦੀ ਵਿਅਰਥ ਸੋਚ ਅਤੇ ਪਿਛਲੇ ਜੀਆਂ ਦੀ ਵੇਦਨਾ ਅਤੇ ਸੰਤਾਪ ਦੀ ਕਲਪਨਾ ਕੀਤੀ ਜਾ ਸਕਦੀ ਹੈ। ਮਿਸਰੀ ਜਾਤ ਨਾਲ ਸਬੰਧਤ ਇਕ ਚਾਲੀ ਸਾਲ ਦੇ ਮਜ਼ਦੂਰ ਨੇ ਅਪ੍ਰੈਲ 2008 'ਚ ਰੇਲ ਗੱਡੀ ਹੇਠ ਆਕੇ ਜਾਨ ਦੇ ਦਿੱਤੀ। ਸਿਰ 'ਤੇ ਚਾਰ ਧੀਆਂ ਦੀ ਜ਼ਿੰਮੇਵਾਰੀ ਅਤੇ ਕੋਈ ਕੰਮ ਨਾ ਮਿਲਦਾ ਹੋਣ ਕਾਰਨ, ਉਹ ਸਦਾ ਡੂੰਘੇ ਫ਼ਿਕਰਾਂ 'ਚ ਡੁੱਬਿਆ ਰਹਿੰਦਾ ਸੀ। ਉਸ ਦੀ ਪਤਨੀ ਖ਼ੁਦਕੁਸ਼ੀ ਦੀ ਘਟਨਾ ਬਿਆਨ ਕਰਨ ਸਮੇਂ ਹਾਲੇ ਤੱਕ ਵੀ ਸਦਮੇ 'ਚ ਸੀ। ਬਾਪ ਦੇ ਖ਼ੁਦਕੁਸ਼ੀ ਕਰ ਲੈਣ ਤੋਂ ਤੁਰੰਤ ਬਾਅਦ, ਪਿੰਡ ਦੇ ਲੋਕਾਂ ਨੇ ਥੋੜ੍ਹੇ-ਥੋੜ੍ਹੇ ਪੈਸੇ ਖ਼ਰਚਕੇ ਦੋ ਵੱਡੀਆਂ ਕੁੜੀਆਂ ਵਿਆਹ ਦਿੱਤੀਆਂ। ਗੁਆਂਢੀਆਂ ਨੇ ਦੱਸਿਆ, "ਇਹ ਉਸਦੇ ਮਾਨਸਿਕ ਤਣਾਅ ਦੀ ਮੁੱਖ ਵਜ੍ਹਾ ਸੀ।"

ਧੀ ਜਾਂ ਭੈਣ ਨੂੰ ਵਿਆਹੁਣ ਦਾ ਪਰਿਵਾਰ ਦੇ ਮਰਦਾਂ 'ਚ ਅਗਾਊਂ ਹਿੰਸਕ ਪ੍ਰਤੀਕਰਮ ਪੈਦਾ ਹੁੰਦਾ ਹੈ। ਇੰਞ ਖ਼ੁਦਕੁਸ਼ੀ ਆਕੀ ਕਾਰਵਾਈ ਹੋ ਨਿੱਬੜਦੀ ਹੈ। ਇਕ ਤਰ੍ਹਾਂ ਨਾਲ ਉਹ ਸਮਾਜ ਦੇ ਘਿਣਾਉਣੇ ਮਾਪਦੰਡਾਂ ਦੀ ਪਾਲਣਾ ਕਰਨ ਤੋਂ ਇਨਕਾਰੀ ਹਨ। ਹਾਲਾਂਕਿ ਪਰਿਵਾਰ ਇਸ ਨੂੰ ਉਨ੍ਹਾਂ ਦੀ ਅਸਫ਼ਲਤਾ ਜਾਂ ਹਾਰ ਵਜੋਂ ਲੈਂਦੇ ਹਨ। ਹੁਣ ਸਮਾਂ ਹੈ ਕਿ ਕਿਸਾਨ ਜਥੇਬੰਦੀਆਂ ਇਸ ਮੁੱਦੇ ਬਾਰੇ ਚਿੰਤਨ ਸ਼ੁਰੂ ਕਰਨ। ਸਗੋਂ ਇਸ ਮੁੱਦੇ ਨੂੰ ਸਰਗਰਮੀ ਨਾਲ ਮੁਖ਼ਾਤਬ ਹੋਣਾ ਅਤੇ ਆਪਣੇ ਭਰਾਵਾਂ ਅਤੇ ਬਾਪੂਆਂ ਨੂੰ ਢਾਰਸ ਦੇਣਾ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ। ਸਾਨੂੰ ਇਕ ਸਿਆਸਤ ਬਾਰੇ ਸੋਚਣ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ ਜੋ ਅਖੌਤੀ ਸਮਾਜਿਕ ਜ਼ਿੰਮੇਵਾਰੀਆਂ ਦੇ ਵਧ ਰਹੇ ਬੋਝ ਨੂੰ ਸੰਬੋਧਤ ਹੋਵੇ। ਇਸ ਤੋਂ ਇਲਾਵਾ, ਦਾਜ ਦੇ ਵਿਰੋਧ ਨੂੰ ਵੱਧ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਬਣਾਉਣਾ ਚਾਹੀਦਾ ਹੈ।

ਇਸ ਕਰਜ਼ਾਈਪਣ ਦਾ ਦੂਜਾ ਨਿੱਘਰਿਆ ਪਹਿਲੂ ਇਹ ਹੈ ਕਿ ਬੱਚੇ ਜਵਾਨ ਹੋ ਕੇ ਆਪਣੇ ਮਾਪਿਆਂ ਨੂੰ ਤਿਲਾਂਜਲੀ ਦੇ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਟੱਬਰ ਦੇ ਕਰਜ਼ੇ ਦਾ ਬੋਝ ਵੰਡਾਉਣ ਦਾ ਕੋਈ ਕਾਰਨ ਨਹੀਂ ਜਾਪਦਾ। ਨਥਾਣਾ ਬਲਾਕ ਦੇ ਇਕ ਪਿੰਡ ਵਿਚ ਰਵਿਦਾਸੀਆ ਸਿੱਖ ਪਰਿਵਾਰ ਦੀ 65 ਸਾਲ ਦੀ ਇਕ ਔਰਤ ਓਦੋਂ ਤੋਂ ਇਕੱਲੀ ਦਿਨ ਕੱਟ ਰਹੀ ਹੈ ਜਦੋਂ 2000 'ਚ ਉਸ ਦੇ ਪਤੀ ਨੇ ਖ਼ੁਦਕੁਸ਼ੀ ਕਰ ਲਈ ਸੀ। ਮਰਨ ਤੋਂ ਪਹਿਲਾਂ ਉਸਨੇ ਚਾਰ ਭੈਣਾਂ ਅਤੇ ਦੋ ਧੀਆਂ ਦੇ ਹੱਥ ਪੀਲੇ ਕੀਤੇ ਸਨ। ਇਕ ਨਿੱਜੀ ਸ਼ਾਹੂਕਾਰ ਦੀ ਆਖ਼ਰੀ ਡੇਢ ਲੱਖ ਦੀ ਦੇਣਦਾਰੀ ਵਿਚੋਂ 70,000 ਰੁਪਏ ਕਰਜ਼ਾ ਹਾਲੇ ਵੀ ਸਿਰ ਖੜ੍ਹਾ ਹੈ। ਉਸ ਦੀ ਪਤਨੀ ਨੇ ਮੰਨਿਆ, "ਸਾਰਾ ਕਰਜ਼ਾ ਦਾਜ ਦੇਣ ਲਈ ਚੁੱਕਿਆ ਗਿਆ। ਇਹ ਨਾ ਕਰਨਾ ਪੈਂਦਾ ਤਾਂ ਅਸੀਂ ਕਿਵੇਂ ਨਾ ਕਿਵੇਂ ਗੁਜ਼ਾਰਾ ਕਰ ਹੀ ਲੈਂਦੇ।" ਭੈਣਾਂ ਦੀ ਖ਼ਾਤਰ ਕਰਜ਼ਾ ਲਏ ਜਾਣ ਤੋਂ ਬਾਅਦ ਉਸਦੇ ਪੁੱਤ ਉਸ ਤੋਂ ਦੂਰ ਹੋ ਗਏ। ਇਸ ਉਮਰ 'ਚ ਵੀ, ਜਦੋਂ ਕੰਮ ਮਿਲ ਜਾਵੇ, ਉਹ ਕਰਜ਼ਾ ਲਾਹੁਣ ਲਈ ਮਜ਼ਦੂਰੀ ਕਰਦੀ ਹੈ। ਉਸਨੇ ਜ਼ੋਰਦਾਰ ਇੱਛਾ ਜ਼ਾਹਿਰ ਕੀਤੀ ਕਿ ਜੇ ਕਿਤੇ ਉਸ ਕੋਲ ਥੋੜ੍ਹੀ ਹੋਰ ਜਗ੍ਹਾ ਹੁੰਦੀ ਤਾਂ ਉਹ ਮੱਝ ਰੱਖਕੇ ਕੁਝ ਕਮਾਈ ਕਰ ਸਕਦੀ ਸੀ।

ਸਮਾਜ ਦੀ ਕੰਨੀ 'ਤੇ ਬੈਠੇ ਇਹ ਲੋਕ ਮਸਾਂ ਡੰਗ ਟਪਾ ਰਹੇ ਹਨ। ਇਹ ਜਾਇਦਾਦ ਤੋਂ ਵਾਂਝੀ ਜਮਾਤ ਹੈ। ਸਿਤਮ ਜ਼ਰੀਫ਼ੀ ਇਹ ਹੈ ਕਿ ਐਸੀ ਜਰਜਰੀ ਰੀਤ ਦੀ ਨਕਲ ਕਿਵੇਂ ਜਾਂ ਕਿਉਂ ਕੀਤੀ ਜਾ ਰਹੀ ਹੈ ਜਿਸ ਦਾ ਮਾਅਨਾ ਹੈ ਧੀ ਨੂੰ ਵਿਦਾ ਕਰਨਾ ਅਤੇ ਪੁੱਤਰ ਲਈ ਜਾਇਦਾਦ ਬਚਾਕੇ ਰੱਖਣਾ। ਜਦੋਂ ਧੀਆਂ-ਪੁੱਤਾਂ ਨੂੰ ਦੇਣ ਲਈ ਜਾਇਦਾਦ ਹੀ ਨਹੀਂ ਹੈ ਤਾਂ ਦਾਜ ਅਤੇ ਵਿਆਹ ਦੇ ਜਸ਼ਨਾਂ ਉੱਪਰ ਪੈਸਾ ਕਿਉਂ ਉਜਾੜਿਆ ਜਾਵੇ ? ਜ਼ਮੀਨ ਮਾਲਕ ਜਾਤਾਂ ਅਤੇ ਜਮਾਤਾਂ ਦੇ ਜਗੀਰੂ ਦਸਤੂਰ 'ਚੋਂ ਅਪਣਾਇਆ ਇਹ ਸੱਭਿਆਚਾਰਕ ਰਿਵਾਜ ਖੇਤ ਮਜ਼ਦੂਰਾਂ ਦੇ ਵੱਡੇ ਹਿੱਸੇ ਨੂੰ ਪੂਰੀ ਤਰ੍ਹਾਂ ਕੰਗਾਲ ਕਰ ਰਿਹਾ ਹੈ। ਆਓ ਜ਼ਰਾ ਜੱਟ ਸਿੱਖ ਪਰਿਵਾਰਾਂ ਅਤੇ ਉਨ੍ਹਾਂ ਦੇ ਖ਼ਰਚੀਲੇ ਵਿਆਹਾਂ ਦੇ ਰੁਝਾਨ 'ਤੇ ਝਾਤ ਮਾਰੀਏ।

3.2 ਦਾਜ ਜੱਟ ਸਿੱਖਾਂ ਲਈ ਰੁਤਬੇ ਦਾ ਪ੍ਰਤੀਕ

ਹਰੇ ਇਨਕਲਾਬ 'ਚੋਂ ਹਾਸਲ ਮੁਨਾਫ਼ਿਆਂ ਨੇ ਪੰਜਾਬ ਦੀ ਜ਼ਮੀਨ ਮਾਲਕ ਕਿਸਾਨੀ ਲਈ ਵਿਆਹ ਦੇ ਖ਼ਰਚੀਲੇ ਜਸ਼ਨ ਮਨਾਉਣਾ ਸੰਭਵ ਬਣਾ ਦਿੱਤਾ। ਇੰਞ, ਸੱਤਰਵਿਆਂ 'ਚ ਵਿਆਹਾਂ ਦੇ ਵੱਡੇ ਵੱਡੇ ਸਮਾਗਮ ਅਤੇ ਦਾਜ ਪੰਜਾਬ 'ਚ ਬਹੁਤ ਮਸ਼ਹੂਰ ਹੋ ਗਏ। ਸਜਾਵਟ, ਸ਼ਾਮਿਆਨਿਆਂ ਦਾ ਆਡੰਬਰ, ਪਾਰਟੀਆਂ, ਕੀਮਤੀ ਤੋਹਫ਼ੇ ਨਵੇਂ ਰੱਜਿਆਂ ਵਲੋਂ ਪੈਸੇ ਦਾ ਦਿਖਾਵਾ ਕਰਨ ਦੇ ਸਾਧਨ ਬਣ ਗਏ। ਵੱਡੇ ਅਤੇ ਦਰਮਿਆਨੇ ਕਿਸਾਨਾਂ ਦੇ ਇਸ ਆਡੰਬਰ ਦੀ ਰੀਸ ਸੀਮਤ ਹੱਦ ਤੱਕ ਥੋੜ੍ਹੀਆਂ ਜ਼ਮੀਨਾਂ ਵਾਲੇ ਵੀ ਕਰਨ ਲੱਗ ਪਏ। ਹਰੇ ਇਨਕਲਾਬ ਦੀ ਚੜ੍ਹਤ ਦਾ ਜਨੂੰਨ ਐਨਾ ਜ਼ਿਆਦਾ ਸੀ ਕਿ ਹਾਲਾਂਕਿ ਲਾਗਤ ਖ਼ਰਚੇ ਤੇਜ਼ੀ ਨਾਲ ਵਧ ਰਹੇ ਸਨ ਫੇਰ ਵੀ ਨਵੇਂ ਕਰਜ਼ੇ ਪੂਰੇ ਭਰੋਸੇ ਨਾਲ ਲਏ ਜਾ ਰਹੇ ਸਨ। ਪਰ ਇਹ ਚੜ੍ਹਤ ਦਾ ਰੌਂਅ ਬਹੁਤਾ ਚਿਰ ਨਾ ਰਿਹਾ, ਕਿਉਂਕਿ ਪ੍ਰਤੀ ਏਕੜ ਝਾੜ ਘਟਣਾ ਸ਼ੁਰੂ ਹੋ ਚੁੱਕਾ ਸੀ।

ਹੁਣ, ਬਹੁਤ ਸਾਰੇ ਜ਼ਮੀਨ ਮਾਲਕ ਪਰਿਵਾਰ ਅਜਿਹੇ ਖੁੱਲ੍ਹੇ ਖ਼ਰਚ ਵਾਲੇ ਵਿਆਹਾਂ ਨੂੰ ਦੋਸ਼ ਅਤੇ ਹੇਰਵੇ ਦੀਆਂ ਰਲੀਆਂ-ਮਿਲੀਆਂ ਭਾਵਨਾਵਾਂ ਨਾਲ ਚੇਤੇ ਕਰਦੇ ਹਨ। ਵਿਆਹ-ਸ਼ਾਦੀਆਂ ਅਤੇ ਦਾਜ ਲਈ ਲਏ ਕਰਜਿਆਂ ਦੀ ਵਸੂਲੀ ਇਸੇ ਸਮੇਂ ਵਾਪਰ ਰਹੀਆਂ ਹੋਰ ਤਬਾਹੀਆਂ ਅਤੇ ਨੁਕਸਾਨਾਂ ਨਾਲ ਪੱਕੇ ਤੌਰ 'ਤੇ ਰਲ਼ਗੱਡ ਹੋਈ ਪਈ ਹਨ। 1990ਵਿਆਂ ਦੇ ਅਖ਼ੀਰ 'ਚ ਫ਼ਸਲਾਂ ਮਰ ਜਾਣ ਨੂੰ ਹਾਲੇ ਵੀ ਸਦਮੇ ਨਾਲ ਚੇਤੇ ਕੀਤਾ ਜਾਂਦਾ ਹੈ। ਅਣਵਰਤੇ ਖੜ੍ਹੇ ਟਰੈਕਟਰ ਉਨ੍ਹਾਂ ਖੁਸ਼ਹਾਲ ਦਿਨਾਂ ਦਾ ਚੇਤਾ ਕਰਾਉਂਦੇ ਹਨ ਜਦੋਂ ਉਹ ਹੋਰ ਪਿੰਡਾਂ 'ਚ ਵਿਆਹਾਂ 'ਤੇ ਜਾਣ ਦੇ ਕੰਮ ਆਉਂਦੇ ਸਨ। ਇਨ੍ਹਾਂ ਵਿਚੋਂ ਕਈਆਂ ਲਈ ਪੁਰਾਣੇ ਕਰਜ਼ੇ ਅੱਜ ਵੀ ਨਾਸੂਰ ਬਣੇ ਹੋਏ ਹਨ। ਇੰਞ ਕਰਜ਼ਾਈਪਣ ਨਵਾਂ ਵਰਤਾਰਾ ਨਹੀਂ ਹੈ। ਨਵਾਂ ਇਹ ਹੈ ਕਿ ਇਸ ਨੇ ਹੁਣ ਜ਼ਮੀਨ ਮਾਲਕ ਕਿਸਾਨੀ ਦੀਆਂ ਜਾਨਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਘੱਟੋਘੱਟ ਦੋ ਮਾਮਲੇ ਐਸੇ ਧਿਆਨ 'ਚ ਆਏ ਜਿਨ੍ਹਾਂ ਵਿਚ ਚੋਖੀ ਜ਼ਮੀਨ ਵਾਲਿਆਂ ਨੇ ਭੈਣ ਦੇ ਵਿਆਹ ਤੋਂ ਤੁਰੰਤ ਬਾਅਦ ਖ਼ੁਦਕੁਸ਼ੀ ਕੀਤੀ ਸੀ। 2007 'ਚ, ਫ਼ਿਰੋਜ਼ਪੁਰ ਜ਼ਿਲ੍ਹੇ ਦੇ 31 ਸਾਲ ਦੇ ਸਤਨਾਮ ਸਿੰਘ ਨੇ ਖ਼ੁਦਕੁਸ਼ੀ ਕਰ ਲਈ ਸੀ। ਉਹ ਮਾਪਿਆਂ ਦਾ ਇਕਲੌਤਾ ਪੁੱਤ ਸੀ। ਪਰਿਵਾਰ ਕੋਲ 13 ਏਕੜ ਜ਼ਮੀਨ ਸੀ। ਇਹ ਸਪਸ਼ਟ ਸੀ ਕਿ ਭੈਣ ਦੇ ਵਿਅਹ ਲਈ ਚੁੱਕੇ ਕਰਜ਼ੇ ਨੇ ਉਸ ਦੀ ਜਾਨ

ਲੈ ਲਈ ਸੀ।

"ਉਸਨੇ ਕਈਆਂ ਤੋਂ ਥੋੜ੍ਹਾ-ਥੋੜ੍ਹਾ ਕਰਜ਼ਾ ਲਿਆ ਸੀ। ਉਸਨੇ ਤਾਂ ਰਿਸ਼ਤੇਦਾਰਾਂ ਨੂੰ ਵੀ ਕਹਿ ਦਿੱਤਾ ਸੀ ਕਿ ਕੋਈ ਤੋਹਫ਼ਾ ਲੈਕੇ ਨਾ ਆਇਓ ਇਸ ਦੀ ਥਾਂ ਨਗ਼ਦ ਰੁਪਏ ਦੇ ਜਾਓ। ਉਸਨੇ ਦਾਜ 'ਚ ਕਾਰ ਦੇਣ ਲਈ ਵੀ ਕਰਜ਼ਾ ਲਿਆ ਸੀ। ਕੁਲ ਸਾਢੇ ਸੱਤ ਲੱਖ ਰੁਪਏ ਖ਼ਰਚ ਹੋ ਗਏ। ਇਸ ਪਿੱਛੋਂ ਉਹ ਹਮੇਸ਼ਾ ਲਈ ਪ੍ਰੇਸ਼ਾਨ ਤੇ ਗੁੰਮਸੁੰਮ ਰਹਿਣ ਲੱਗਿਆ। ਮੈਂ ਅਕਸਰ ਹੀ ਉਸ ਨੂੰ ਦਿਲਾਸਾ ਦਿੰਦੀ ਕਿ ਇਹ ਉਸ ਦੀਆਂ ਜ਼ਿੰਮੇਵਾਰੀਆਂ ਦਾ ਹਿੱਸਾ ਸਨ। ਇਕ ਦਿਨ, ਖੇਤ ਜਾਕੇ ਉਸਨੇ ਸਪਰੇਅ ਪੀ ਲਈ। ਉਹ ਸਕੂਟਰ 'ਤੇ ਘਰ ਪਹੁੰਚਦੇ ਸਾਰ ਧੜੰਮ ਡਿਗ ਗਿਆ। ਅਸੀਂ ਡਾਕਟਰ ਬੁਲਾਇਆ, ਪਰ ਓਦੋਂ ਬਹੁਤ ਦੇਰ ਹੋ ਚੁੱਕੀ ਸੀ। ਉਹ ਤਾਂ ਹੁਣ ਮਿੱਟੀ ਸੀ।"

ਦੋ ਸਾਲ ਪਹਿਲਾਂ, ਅਗਸਤ 2005 'ਚ ਸੰਗਰੂਰ ਜ਼ਿਲ੍ਹੇ ਦਾ ਧਿਆਨ ਸਿੰਘ ਇਕ ਦਿਨ ਜਦੋਂ ਖੇਤੋਂ ਵਾਪਸ ਆਇਆ ਤਾਂ ਉਸਨੇ ਦੱਸਿਆ ਕਿ ਉਸਦੇ ਪੇਟ ਵਿਚ ਦਰਦ ਹੋ ਰਿਹਾ ਹੈ। ਉਸਨੇ ਜਾਨਲੇਵਾ "ਸਪਰੇਅ" ਪੀ ਲਈ ਸੀ। ਉਸ ਦੀ ਮਾਂ ਨੇ ਦੱਸਿਆ ਕਿ ਉਸਦੇ ਮਨ ਉੱਪਰ ਭੈਣ ਦੇ ਵਿਆਹ ਦੇ ਖ਼ਰਚਿਆਂ ਦਾ ਬੋਝ ਸੀ। ਉਸਨੇ ਪਹਿਲਾਂ ਹੀ 60,000 ਰੁਪਏ ਕਰਜ਼ਾ ਲਿਆ ਹੋਇਆ ਸੀ, ਹੁਣ ਉਹ ਹੋਰ ਕਰਜ਼ੇ ਦਾ ਜੁਗਾੜ ਕਰ ਰਿਹਾ ਸੀ। ਪੁੱਤ ਦੀ ਮੌਤ ਤੋਂ ਮਹੀਨੇ ਦੇ ਅੰਦਰ ਹੀ ਮਾਂ ਖੇਤੀਬਾੜੀ ਖ਼ਾਤਰ ਇਕ ਲੱਖ ਰੁਪਏ ਕਰਜ਼ਾ ਲੈਣ ਲਈ ਮਜਬੂਰ ਹੋ ਗਈ ਤਾਂ ਜੋ ਆਪਣੀ ਚਾਰ ਏਕੜ ਜ਼ਮੀਨ ਵਾਹੁਣ-ਬੀਜਣ ਦਾ ਇੰਤਜ਼ਾਮ ਕਰ ਸਕੇ। ਇਸ ਨਵੇਂ ਕਰਜ਼ੇ ਨਾਲ ਉਸਨੇ ਇਕ ਹੱਦ ਤੱਕ ਪਹਿਲਾ ਕਰਜ਼ਾ ਲਾਹ ਦਿੱਤਾ। ਅਤੇ ਇਸ ਦਾ ਇਕ ਹਿੱਸਾ ਦੂਜੀ ਧੀ ਦੇ ਹੱਥ ਪੀਲੇ ਕਰਨ 'ਤੇ ਖ਼ਰਚਿਆ ਗਿਆ। ਉਹ ਕਹਿੰਦੀ ਹੈ, "ਜ਼ਿੰਦਗੀ ਚਲਦੀ ਰਹਿਣੀ ਹੈ ਅਤੇ ਜ਼ਿੰਮੇਵਾਰੀਆਂ ਨਿਭਾਉਣੀਆਂ ਹੀ ਪੈਣਗੀਆਂ।" ਜਾਪਦਾ ਸੀ ਕਿ ਗੁਆਂਢੀ ਵੀ ਇਸ ਵਿਹਾਰਕ ਸਿਆਣਪ ਦੀ ਸਿਰ ਹਿਲਾਕੇ ਹਾਮੀ ਭਰ ਰਹੇ ਸਨ। ਅਜਿਹੇ ਮਾਮਲਿਆਂ 'ਚ ਜਿਹੜਾ ਪੱਖ ਪੁਣ-ਛਾਣ ਤੋਂ ਬਚ ਨਹੀਂ ਸਕਦਾ ਉਹ ਹੈ ਇਕ ਭਰਾ ਉੱਪਰ ਵਾਧੂ ਬੋਝ ਜੋ ਉਹ ਇਕੱਲਾ ਮੁੰਡਾ ਹੋਣ ਕਾਰਨ ਮਹਿਸੂਸ ਕਰਦਾ ਹੈ।

ਔਰਤਾਂ ਨੂੰ ਵੀ ਵਾਰ-ਵਾਰ ਕਰਜ਼ੇ ਲੈਣੇ ਪੈਂਦੇ ਹਨ। ਆਪਣੇ ਪਤੀਆਂ ਜਾਂ ਪੁੱਤਾਂ ਦੇ ਖ਼ੁਦਕੁਸ਼ੀ ਕਰ ਲੈਣ ਤੋਂ ਬਾਅਦ ਧੀਆਂ ਦੇ ਹੱਥ ਪੀਲੇ ਕਰਨ ਲਈ ਉਨ੍ਹਾਂ ਨੂੰ ਕਰਜ਼ੇ ਲੈਣੇ ਪੈਂਦੇ ਹਨ। ਸੰਗਰੂਰ ਜ਼ਿਲ੍ਹੇ ਦੀ ਬਲਜੀਤ ਕੌਰ ਦੇ ਪਤੀ ਨੇ 2001 'ਚ ਖ਼ੁਦਕੁਸ਼ੀ ਕਰ ਲਈ ਸੀ। ਉਸਨੇ ਆਪਣੀ ਡੇਢ ਕਿੱਲਾ ਜ਼ਮੀਨ ਵੇਚਕੇ ਸ਼ਾਹੂਕਾਰ ਦਾ ਥੋੜ੍ਹਾ ਕਰਜ਼ਾ ਮੋੜ ਦਿੱਤਾ ਸੀ। ਪਤੀ ਦੀ ਮੌਤ ਤੋਂ ਬਾਅਦ, ਉਸਨੇ ਦੋ ਲੱਖ ਰੁਪਏ ਕਰਜ਼ਾ ਲਿਆ। ਉਸਨੇ ਇਕ ਏਕੜ ਗਹਿਣੇ ਧਰੀ ਹੋਈ ਜ਼ਮੀਨ ਛੁਡਾ ਲਈ ਅਤੇ ਵੱਡੀ ਧੀ ਵਿਆਹ ਦਿੱਤੀ। ਗਹਿਣੇ-ਗੱਟੇ ਦਾ ਖ਼ਰਚਾ ਪਾਕੇ ਸਧਾਰਨ ਵਿਆਹ ਉੱਪਰ ਘੱਟੋਘੱਟ ਦੋ ਲੱਖ ਰੁਪਏ ਖ਼ਰਚ ਹੋ ਜਾਂਦੇ ਹਨ। ਉਹ ਪਹਿਲਾ ਕਰਜ਼ਾ ਲਾਹੁਣ ਲਈ ਜਦੋਜਹਿਦ ਕਰ ਰਹੀ ਹੈ ਪਰ ਉਸਨੂੰ ਦੂਜੀ ਧੀ ਦੇ ਹੱਥ ਪੀਲੇ ਕਰਨ ਲਈ ਵੀ ਇੰਨੀ ਰਕਮ ਦੀ ਲੋੜ ਪਵੇਗੀ।

ਬੇਜ਼ਮੀਨਿਆਂ ਵਾਂਗ ਹੀ, ਜ਼ਮੀਨ ਮਾਲਕ ਕਿਸਾਨੀ ਵਿਚ ਵੀ ਕੁੜੀ ਦੇ ਵਿਆਹ ਤੋਂ ਪਹਿਲਾਂ ਖ਼ੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ। ਇਹ ਹੋਰ ਕਰਜ਼ਾਈ ਹੋਣ ਤੋਂ

ਬਚਣ ਦੀ ਖ਼ਾਤਰ ਕੀਤਾ ਜਾਂਦਾ ਹੈ। ਬਠਿੰਡੇ ਜ਼ਿਲ੍ਹੇ ਦੇ ਨਥਾਣਾ ਬਲਾਕ ਨਾਲ ਸਬੰਧਤ 68 ਸਾਲ ਦੀ ਔਰਤ ਦੱਸਦੀ ਹੈ ਕਿਵੇਂ ਉਸਦੇ ਚਾਲੀ ਸਾਲ ਦੇ ਪੁੱਤ ਬੂਟਾ ਸਿੰਘ ਨੇ ਅਪ੍ਰੈਲ 2007 'ਚ ਕੀੜੇਮਾਰ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਉਸਨੇ ਕੁੜੀ ਦਾ ਵਿਆਹ ਕਰਨਾ ਸੀ। ਸਾਂਝੇ ਪਰਿਵਾਰ ਦੀ 10 ਏਕੜ ਜ਼ਮੀਨ ਸੀ। ਉਸਨੇ ਕੈਂਸਰ ਦੀ ਮਰੀਜ਼ ਪਤਨੀ ਦੇ ਇਲਾਜ ਲਈ ਦੋ ਲੱਖ ਰੁਪਏ ਕਰਜ਼ਾ ਲਿਆ ਸੀ। 2002 'ਚ ਉਸ ਦੀ ਮੌਤ ਹੋ ਗਈ। "ਮੇਰੀ ਪੋਤੀ ਨਾਨਕੇ ਰਹਿੰਦੀ ਸੀ। ਉਨ੍ਹਾਂ ਨੇ ਉਸ ਲਈ ਵਰ ਪਸੰਦ ਕੀਤਾ ਸੀ ਅਤੇ ਮੇਰੇ ਪੁੱਤ ਨੂੰ ਤਿੰਨ ਲੱਖ ਰੁਪਏ ਦਾ ਇੰਤਜ਼ਾਮ ਕਰਨ ਲਈ ਕਿਹਾ। ਐਨੀ ਵੱਡੀ ਰਕਮ ਦਾ ਇੰਤਜ਼ਾਮ ਨਾ ਕਰ ਸਕਣ ਦੀ ਨਮੋਸ਼ੀ ਮੰਨਕੇ ਉਸਦਾ ਦਿਮਾਗ ਹਿੱਲ ਗਿਆ।" ਕੁੜੀ ਵਿਆਹੁਣ ਲਈ ਦਾਦੀ ਨੇ ਦੋ ਲੱਖ ਰੁਪਏ ਇਕੱਠੇ ਕਰਕੇ ਦਿੱਤੇ। ਉਹ ਹਾਲੇ ਤੱਕ ਕਰਜ਼ਾ ਲਾਹ ਰਹੀ ਹੈ।

3.3 **ਭਵਿੱਖ ਖ਼ਾਤਰ ਕਰਜ਼ੇ ਦੀ ਪੇਸ਼ਬੰਦੀ ਅਤੇ ਜ਼ਮੀਨ ਵੇਚਣਾ**

ਸੁਭਾਵਿਕ ਤੌਰ 'ਤੇ, ਹੋਰ ਬਹੁਤ ਸਾਰੇ ਲੋਕ ਵੀ ਘੋਰ ਚਿੰਤਾ ਦਾ ਸ਼ਿਕਾਰ ਹਨ। ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਬਿਨਾ ਜ਼ਮੀਨ ਵੇਚੇ ਜਾਂ ਹੋਰ ਕਰਜ਼ਾ ਲਏ ਕੁੜੀਆਂ ਦੇ ਹੱਥ ਪੀਲੇ ਕਿਵੇਂ ਕਰਨ। ਬਿਨਾ ਦਾਜ ਵਿਆਹ ਕਰਨਾ ਉਨ੍ਹਾਂ ਦੀ ਸਮਝ ਤੋਂ ਪਰੇ ਹੈ। 1990 'ਚ, ਬਠਿੰਡਾ ਜ਼ਿਲ੍ਹੇ ਦੇ ਜੱਟ ਸਿੱਖ ਚੂਹੜ ਸਿੰਘ ਨੇ ਕਰਜ਼ਾ ਮੋੜਨ ਲਈ ਆਪਣੀ ਛੇ ਏਕੜ ਵਿਚੋਂ ਦੋ ਏਕੜ ਜ਼ਮੀਨ ਵੇਚਣ ਉਪਰੰਤ ਕੀੜੇਮਾਰ ਦਵਾਈ ਪੀ ਲਈ ਸੀ। ਉਸ ਦੀਆਂ ਛੇ ਧੀਆਂ ਸਨ; 2001 ਅਤੇ 2004 'ਚ ਦੋ ਕੁੜੀਆਂ ਵਿਆਹ ਦਿੱਤੀਆਂ ਗਈਆਂ। ਉਸ ਦੀ ਪਤਨੀ ਘੋਰ ਦੋਚਿੱਤੀ 'ਚ ਹੈ।

"ਮੇਰਾ ਪਤੀ ਹਮੇਸ਼ਾ ਫ਼ਿਕਰਮੰਦ ਰਹਿੰਦਾ ਸੀ। ਮੇਰੇ ਸਿਰ ਦੋ ਵਿਆਹਾਂ ਦਾ ਦੋ ਲੱਖ ਤੋਂ ਵੱਧ ਕਰਜ਼ਾ ਹੈ। ਸਾਡੇ ਕੋਲ ਹੁਣ ਸਿਰਫ਼ ਚਾਰ ਕਿੱਲੇ ਜ਼ਮੀਨ ਹੈ। ਮੈਂ ਕੁੜੀਆਂ ਦੇ ਵਿਆਹ ਕਰਾਂ ਜਾਂ ਕਰਜ਼ਾ ਮੋੜਾਂ ਜਾਂ ਹੋਰ ਕਰਜ਼ਾ ਲਵਾਂ? ਸੱਚੀ ਗੱਲ ਦੱਸਾਂ, ਮੇਰੀ ਇਕੋ ਇਕ ਚਿੰਤਾ ਇਹ ਹੈ ਕਿ ਬਿਨਾ ਜ਼ਮੀਨ ਵੇਚੇ ਸਾਰਾ ਕੁਝ ਕਿਵੇਂ ਕਰਾਂ। ਮੈਂ ਤੇ ਮੇਰੀਆਂ ਧੀਆਂ ਦਿਨ-ਰਾਤ ਮਿਹਨਤ ਕਰਦੀਆਂ ਹਾਂ। ਸਿਲਾਈ-ਕਢਾਈ ਅਤੇ ਬੜਾ ਕੁਝ ਕਰਦੀਆਂ ਹਾਂ ਤਾਂ ਜੋ ਹੋਰ ਕਰਜ਼ਾ ਨਾ ਲੈਣਾ ਪਵੇ। ਫੇਰ ਵੀ ਜੇ ਇਹ ਨੌਬਤ ਆਈ, ਮੈਂ ਜ਼ਮੀਨ ਵੇਚ ਦਿਆਂਗੀ। ਇਹ ਮਹਿੰਗੇ ਭਾਅ ਵਿਕ ਜਾਵੇਗੀ, ਪਰ ਸਾਡੇ ਪੱਲੇ ਇਹੀ ਕੁਝ ਹੈ ਜਿਥੋਂ ਸਾਨੂੰ ਢਿੱਡ ਭਰਨ ਨੂੰ ਮਿਲਦਾ ਹੈ। ਮੇਰੇ ਦਿਉਰ ਨੇ ਪੈਸੇ ਦੀ ਤੰਗੀ ਕਾਰਨ ਵਿਆਹ ਨਹੀਂ ਕਰਾਇਆ। ਇਥੇ ਹਰ ਪਰਿਵਾਰ ਦੀ ਇਹੋ ਕਹਾਣੀ ਹੈ। ਮੈਂ ਜੋ ਕਰ ਸਕਦੀ ਹਾਂ ਕਰ ਰਹੀ ਹਾਂ। ਮੇਰੀ ਜ਼ਿੰਦਗੀ ਦਾ ਹਰ ਦਿਨ ਲੜਾਈ ਵਾਂਗ ਹੈ। ਬਿਨਾ ਦਾਜ ਤੋਂ ਮੇਰੀਆਂ ਧੀਆਂ ਨਾਲ ਕੌਣ ਵਿਆਹ ਕਰਾਏਗਾ?"

ਇਸ ਘਰ ਵਿਚ ਕੰਮ ਦੀ ਹਲਚਲ ਤੋਂ ਇੰਞ ਲਗਦਾ ਸੀ ਜਿਵੇਂ ਇਹ ਇਕ ਨਿੱਕਾ ਜਿਹਾ ਕਾਰਖ਼ਾਨਾ ਹੁੰਦਾ ਹੈ।

ਮਾਨਸਾ ਜ਼ਿਲ੍ਹੇ ਨਾਲ ਸਬੰਧਤ 26 ਸਾਲ ਦਾ ਕੁਲਦੀਪ ਸਿੰਘ ਫ਼ਿਕਰਮੰਦ ਹੈ ਕਿ ਉਸਦੀ ਵਿਆਹੀ ਭੈਣ ਨੂੰ ਤੰਗ ਕੀਤਾ ਜਾ ਰਿਹਾ ਹੈ। ਉਹ ਆਪਣੀ ਛੋਟੀ ਭੈਣ ਬਾਰੇ ਵੀ ਬਰਾਬਰ ਫ਼ਿਕਰਮੰਦ ਹੈ ਅਤੇ ਕਹਿੰਦਾ ਹੈ ਕਿ ਉਨ੍ਹਾਂ ਨੂੰ ਘੱਟੋਘੱਟ ਤਿੰਨ ਲੱਖ ਰੁਪਏ ਦੀ ਲੋੜ ਹੈ। ਉਹ ਖ਼ੁਦ ਦਾਜ ਨਹੀਂ ਲੈਣਾ ਚਾਹੁੰਦਾ ਅਤੇ ਉਸ ਨੂੰ ਆਸ

ਹੈ ਕਿ ਉਸ ਦੀ ਭੈਣ ਨੂੰ ਚੰਗੀ ਨੌਕਰੀ ਮਿਲ ਜਾਵੇਗੀ। ਉਸ ਨੇ ਮਾਣ ਨਾਲ ਦੱਸਿਆ, "ਸਾਡੇ ਟੱਬਰ ਵਿਚ ਇਹੀ ਪੋਸਟ ਗਰੈਜੂਏਸ਼ਨ ਕਰ ਰਹੀ ਹੈ।" ਉਸ ਦਾ ਜਨਮ 1980ਵਿਆਂ ਦਾ ਹੈ, ਉਹ ਹਰੇ ਇਨਕਲਾਬ ਸਮੇਂ ਦੀ ਸੰਤਾਨ ਹੈ ਜਿਸਦਾ ਇਸ ਸਮੇਂ ਘ੍ਰਿਣਤ ਚਿਹਰਾ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਸੀ। ਉਸਨੇ ਚੁੱਪਚੁਪੀਤੇ ਟੱਬਰ ਦੇ ਮਰਦ ਵਲੋਂ ਨਿਭਾਈਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਜ਼ਰੂਰ ਸੰਭਾਲ ਲਈਆਂ ਪਰ ਉਹ ਇਨ੍ਹਾਂ ਦੇ ਪੁੱਠੇ ਗੇੜ ਨੂੰ ਭਾਂਪ ਸਕਦਾ ਹੈ।

3.4 ਤੋਹਫ਼ੇ ਅਤੇ ਸਮਾਜਿਕ ਫਰਜ਼

ਸੰਗਰੂਰ ਜ਼ਿਲ੍ਹੇ ਵਿਚ ਇਕ ਨੌਜਵਾਨ ਨੇ ਖ਼ੁਦਕੁਸ਼ੀ ਕਰ ਲਈ। ਉਸਦੇ ਦਿਮਾਗ ਉੱਪਰ ਭੈਣ ਦੇ ਵਿਆਹ ਦੇ ਖ਼ਰਚਿਆਂ ਦਾ ਬੋਝ ਸੀ। ਪੁੱਤ ਦੀ ਮੌਤ ਦੇ ਇਕ ਮਹੀਨੇ ਦੇ ਅੰਦਰ ਹੀ, ਮਾਂ ਨੂੰ ਆਪਣੀ ਧੀ ਨੂੰ ਦੇਣ ਲਈ ਸਮਾਨ ਖ਼ਰੀਦਣ ਵਾਸਤੇ ਇਕ ਲੱਖ ਰੁਪਏ ਕਰਜ਼ਾ ਲੈਣਾ ਪਿਆ ਸੀ। ਧੀ ਦੇ ਬੱਚਾ ਹੋਣ ਵਾਲਾ ਸੀ ਅਤੇ ਉਨ੍ਹਾਂ ਕੋਲ ਜਣੇਪਾ ਕਰਨ ਆਈ ਹੋਈ ਸੀ। ਧੀ ਨੂੰ ਸਹੁਰੇ ਘਰ ਭੇਜਣ ਤੋਂ ਪਹਿਲਾਂ ਉਸਨੂੰ ਦੋਹਤੇ ਉੱਪਰ ਵੀ ਖ਼ਰਚ ਕਰਨਾ ਪਿਆ। ਇਹ ਸਭ ਕੁਝ ਰੀਤੀ-ਰਿਵਾਜ ਦਾ ਹਿੱਸਾ ਹੈ। ਉਸਦਾ ਕਹਿਣਾ ਸੀ, ਇਹ ਸਭ ਕਰਨਾ ਹੀ ਪੈਂਦਾ ਹੈ। ਇਹ ਵੀ ਤਾਜ਼ਾ ਕਰਜ਼ੇ 'ਚੋਂ ਖ਼ਰਚ ਕੀਤਾ ਗਿਆ ਜਿਸ ਨਾਲ ਉਨ੍ਹਾਂ ਦਾ ਗੁਜ਼ਾਰਾ ਚੱਲ ਰਿਹਾ ਹੈ। ਉਸਨੇ ਦੱਸਿਆ, "ਕੁਝ ਨਹੀਂ ਕੀਤਾ ਜਾ ਸਕਦਾ, ਕਰਜ਼ਾ ਮੋੜਨ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ।" ਕਰਜ਼ਾ ਲਾਹੁਣ ਲਈ ਉਹ ਹਰ ਛਿਮਾਹੀ 12,000 ਰੁਪਏ ਭਰਦੀ ਹੈ।

ਲੈਣ-ਦੇਣ ਅਤੇ ਮਿਲਣ ਜਾਣ ਦਾ ਫ਼ਰਜ਼ ਤਾਂ ਨਿਭਾਉਣਾ ਹੀ ਪਵੇਗਾ। ਨਹੀਂ ਤਾਂ ਮਾਪੇ ਨਮੋਸ਼ੀ ਨਾਲ ਝੂਰਦੇ ਰਹਿੰਦੇ ਹਨ ਕਿ ਉਹ ਵਿਆਹੀਆਂ ਧੀਆਂ ਨੂੰ ਮਿਲਣ ਵੀ ਨਹੀਂ ਜਾ ਸਕਦੇ।[2] ਬਠਿੰਡਾ ਜ਼ਿਲ੍ਹੇ ਦੀ ਇਕ ਬੇਜ਼ਮੀਨੀ ਔਰਤ ਨੂੰ ਪਤੀ ਦੇ ਖ਼ੁਦਕੁਸ਼ੀ ਕਰ ਲੈਣ ਤੋਂ ਸਾਲ ਦੇ ਵਿਚ ਵਿਚ ਹੀ ਆਪਣੇ ਭਤੀਜੇ ਦੇ ਵਿਆਹ ਲਈ 50,000 ਰੁਪਏ ਦਾ ਨਵਾਂ ਕਰਜ਼ਾ ਚੁੱਕਣਾ ਪੈ ਗਿਆ ਸੀ। ਉਹ ਆਪਣੇ ਬਾਪ ਕੋਲ ਰਹਿਕੇ ਸਿਲਾਈ ਦਾ ਕੰਮ ਕਰਕੇ ਗੁਜ਼ਾਰਾ ਕਰਦੀ ਹੈ। ਸ਼ਾਹੂਕਾਰ ਰੋਜ਼ ਪੈਸੇ ਵਸੂਲਣ ਲਈ ਗੇੜੇ ਮਾਰਦਾ ਹੈ। ਮਾਨਸਾ ਜ਼ਿਲ੍ਹੇ ਦੀ ਇਕ ਔਰਤ ਨੇ ਦੁੱਖ ਸਾਂਝਾ ਕੀਤਾ ਕਿ ਕਿਵੇਂ ਉਸਦੀ ਧੀ ਮੁੰਡੇ ਦੇ ਵਿਆਹ ਲਈ 30,000 ਰੁਪਏ ਮੰਗ ਰਹੀ ਹੈ। ਉਸ ਕੋਲ ਐਨੀ ਰਕਮ ਦਾ ਜੁਗਾੜ ਕਰਨ ਦਾ ਕੋਈ ਵਸੀਲਾ ਨਹੀਂ ਹੈ ਉਹ

---

2. ਦਿੱਲੀ ਵਿਚ ਫ਼ੈਕਟਰੀਆਂ ਬੰਦ ਹੋਣ ਉਪਰੰਤ ਕੀਤੇ ਇਕ ਸਰਵੇਖਣ ਵਿਚ ਔਰਤਾਂ ਨੇ ਦੱਸਿਆ ਕਿ ਕਿਵੇਂ ਹੁਣ ਉਹ ਵਿਆਹੀਆਂ ਧੀਆਂ ਨੂੰ ਮਿਲਣ ਵੀ ਨਹੀਂ ਜਾ ਸਕਦੀਆਂ ਕਿਉਂਕਿ ਹੁਣ ਉਹ ਲੈਣ-ਦੇਣ ਦਾ ਰਿਵਾਜੀ ਖ਼ਰਚਾ ਨਹੀਂ ਚੁੱਕ ਸਕਦੀਆਂ। ਇਨ੍ਹਾਂ ਯੁਗਾਂ ਪੁਰਾਣੇ ਰਿਵਾਜਾਂ ਦਾ ਬੰਧਨ ਤੋੜਨ ਤੋਂ ਅਸਮਰੱਥ ਮਾਪਿਆਂ ਨੂੰ ਹੁਣ ਆਪਣੇ ਬੱਚਿਆਂ ਨੂੰ ਮਿਲਣ ਦੀ ਆਸ ਵੀ ਨਹੀਂ ਹੈ। ਭੁੱਖਮਰੀ ਦੀ ਨੌਬਤ ਨੂੰ ਅੱਪੜੇ ਮਾਪੇ ਹੋਰ ਥਾਂ ਰਹਿੰਦੇ ਪਰਿਵਾਰ ਦੇ ਜੀਆਂ ਨਾਲ ਦੁੱਖ ਵੀ ਸਾਂਝਾ ਨਹੀਂ ਕਰ ਸਕਦੇ ਜਾਂ ਆਪਣੇ ਪਿਆਰਿਆਂ ਦੇ ਮੂੰਹ ਦੇਖਕੇ ਮਿਲਦੀ ਤਸੱਲੀ ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਟੁੱਟਭੱਜ: ਦਿੱਲੀ ਦੀਆਂ 168 ਫ਼ੈਕਟਰੀਆਂ ਦੇ ਬੰਦ ਹੋਣ ਤੋਂ ਪ੍ਰਭਾਵਿਤ ਹੋਈਆਂ ਔਰਤਾਂ ਦੀ ਵੇਦਨਾ, ਦਿੱਲੀ ਜਨਵਾਦੀ ਅਧਿਕਾਰ ਮੰਚ ਦੀ ਰਿਪੋਰਟ, ਮਾਰਚ 1998, ਸਫ਼ਾ 11.

ਤਾਂ ਪਹਿਲਾਂ ਹੀ ਕਰਜ਼ਾਈ ਹੈ। ਪਰ ਉਹ ਧੀ ਦਾ ਦਬਾਅ ਮੰਨ ਰਹੀ ਹੈ ਜਿਸ ਨੇ ਨਾਤਾ ਤੋੜ ਲੈਣ ਦੀ ਧਮਕੀ ਦਿੱਤੀ ਹੈ।

ਮੋਗਾ ਜ਼ਿਲ੍ਹੇ ਦੇ 30 ਅਤੇ 24 ਸਾਲ ਦੀ ਉਮਰ ਦੇ ਮਜ਼ਬੀ ਸਿੱਖ ਜੋੜੇ ਨੇ 1994 'ਚ ਵਿਆਹ ਹੋਣ ਤੋਂ ਛੇ ਮਹੀਨੇ ਦੇ ਅੰਦਰ ਹੀ ਇਕੱਠਿਆਂ ਨੇ ਖ਼ੁਦਕੁਸ਼ੀ ਕਰ ਲਈ ਸੀ। ਵਿਆਹ ਦਾ ਕਰਜ਼ਾ ਸ਼ਾਇਦ ਉਨ੍ਹਾਂ ਲਈ ਅਸਹਿ ਹੋ ਗਿਆ ਸੀ। ਇਸੇ ਸਮੇਂ 40,000 ਅਤੇ 50,000 ਰੁਪਏ ਦੇ ਕਰਜ਼ੇ ਲੈ ਕੇ ਉਸਦੀਆਂ ਦੋ ਭੈਣਾਂ ਦੇ ਹੱਥ ਪੀਲੇ ਕੀਤੇ ਗਏ ਸਨ। ਹੁਣ ਉਸ ਦੇ ਬਾਪ ਨੂੰ ਦੋਹਤੀ ਖ਼ਾਤਰ ਹੋਰ ਕਰਜ਼ਾ ਲੈਣਾ ਪਿਆ, ਜੋ ਵਿਆਹੁਣ ਵਾਲੀ ਸੀ। ਉਸਨੇ ਕਿਹਾ:

"ਮੈਨੂੰ ਦੋਹਤੀ ਦੇ ਵਿਆਹ ਲਈ 80,000 ਰੁਪਏ ਦੇਣੇ ਪਏ।" ਹੁਣ ਵੀ ਉਹ ਫਰਜ਼ਾਂ ਤੋਂ ਸੁਰਖ਼ਰੂ ਨਹੀਂ ਹੈ। "ਮੇਰੇ ਸਾਹਮਣੇ ਹੋਰ ਕੋਈ ਚਾਰਾ ਹੀ ਨਹੀਂ ਸੀ। ਜੇ ਮੈਂ ਪੈਸੇ ਨਾ ਦਿੰਦਾ ਰਿਸ਼ਤਾ ਪੂਰੀ ਤਰ੍ਹਾਂ ਟੁੱਟ ਜਾਣਾ ਸੀ। ਅਤੇ ਇਹ ਬਹੁਤ ਹੀ ਨਮੋਸ਼ੀ ਵਾਲੀ ਗੱਲ ਹੋਣੀ ਸੀ। ਮੇਰਾ ਦਵਾ-ਦਾਰੂ ਦਾ ਖ਼ਰਚਾ ਹੀ ਢਾਈ ਹਜ਼ਾਰ ਰੁਪਏ ਹੈ ਅਤੇ ਉੱਪਰੋਂ ਇਹ ਕਰਜ਼ੇ ਦਾ ਬੋਝ।"

ਮਾਵਾਂ ਦੀਆਂ ਗੱਲਾਂ ਸੁਣ ਰਹੇ ਵਿਆਹੇ ਮੁੰਡੇ ਹੌਲੀ ਜਿਹੇ ਕਹਿ ਦਿੰਦੇ ਕਿ ਉਨ੍ਹਾਂ ਦੇ ਵਿਆਹਾਂ ਲਈ ਵੀ ਕਰਜ਼ਾ ਲਿਆ ਗਿਆ ਸੀ। ਮਾਨਸਾ ਜ਼ਿਲ੍ਹੇ ਵਿਚ ਇਕ ਬੰਦੇ ਨੇ ਦੱਸਿਆ ਕਿ ਕਿਵੇਂ ਉਸਨੂੰ ਆਪਣੇ ਵਿਆਹ ਦੇ ਖ਼ਰਚੇ ਕਰਨ ਲਈ 45,000 ਰੁਪਏ 'ਚ ਦੋ ਮੱਝਾਂ ਵੇਚਣੀਆਂ ਪਈਆਂ ਸਨ। ਇਸ ਦਾ ਘਰ ਦੀ ਕਮਾਈ ਉੱਪਰ ਲੰਮੇ ਸਮੇਂ ਲਈ ਅਸਰ ਪਿਆ, ਕਿਉਂਕਿ ਘਰ ਦੇ ਖ਼ਰਚੇ ਪੂਰੇ ਕਰਨ ਲਈ ਹੁਣ ਦੁੱਧ ਵੇਚਣ ਦਾ ਕੰਮ ਖ਼ਤਮ ਹੋ ਗਿਆ ਸੀ। ਪਟਿਆਲੇ ਜ਼ਿਲ੍ਹੇ ਦੀ ਇਕ ਸੱਤ ਏਕੜ ਜ਼ਮੀਨ ਦੀ ਮਾਲਕ ਔਰਤ ਨੂੰ ਆਪਣੇ ਪੁੱਤ ਦੇ ਵਿਆਹ ਲਈ ਡੇਢ ਲੱਖ ਰੁਪਏ ਕਰਜ਼ਾ ਲੈਣਾ ਪਿਆ ਸੀ। ਖ਼ਰਚ ਉਸ ਦਾ ਇਸ ਤੋਂ ਕਿਤੇ ਵੱਧ ਹੋਇਆ।

ਜਿਨ੍ਹਾਂ ਜੱਟ ਸਿੱਖ ਪਰਿਵਾਰਾਂ ਨੇ ਆਪਣੀ ਸਾਰੀ ਜ਼ਮੀਨ ਵੇਚ ਦਿੱਤੀ ਸੀ ਉਨ੍ਹਾਂ ਦੀ ਹਾਲਤ ਹੋਰ ਵੀ ਖ਼ਰਾਬ ਸੀ। ਸੰਗਰੂਰ ਜ਼ਿਲ੍ਹੇ ਦੀ ਪਰਮਿੰਦਰ ਕੌਰ ਕੋਲ ਬਿਲਕੁਲ ਜ਼ਮੀਨ ਨਾ ਹੋਣ ਕਾਰਨ ਉਸ ਨੂੰ ਪਿੰਡ ਅਤੇ ਭਾਈਚਾਰੇ 'ਚ ਸਭ ਤੋਂ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਦੇ ਪਤੀ ਨੇ ਸਾਰੀ ਦੀ ਸਾਰੀ 10 ਏਕੜ ਜ਼ਮੀਨ ਵੇਚ ਦਿੱਤੀ ਸੀ ਅਤੇ ਸੰਨ 2000 'ਚ ਖ਼ੁਦਕੁਸ਼ੀ ਕਰ ਲਈ ਸੀ। ਉਸਦੇ ਤਿੰਨ ਪੁੱਤ ਹੁਣ ਦਿਹਾੜੀ ਕਰਕੇ 70-80 ਰੁਪਏ ਕਮਾਉਂਦੇ ਹਨ। ਪਰ ਹਰੇਕ ਮਹੀਨੇ ਕੰਮ ਗਾਰੰਟੀ ਨਾਲ ਨਹੀਂ ਮਿਲਦਾ। ਜਿਸ ਕੋਲ ਜ਼ਮੀਨ ਨਹੀਂ ਹੁੰਦੀ ਉਸ ਦੇ ਵਿਆਹ ਦੀਆਂ ਸੰਭਾਵਨਾਵਾਂ ਚੋਖੀਆਂ ਘਟ ਜਾਂਦੀਆਂ ਹਨ। ਇਸ ਨਾਲ ਉਨ੍ਹਾਂ ਨੂੰ ਹੋਰ ਨਮੋਸ਼ੀ ਹੁੰਦੀ ਹੈ ਅਤੇ ਉਹ ਭਾਈਚਾਰੇ 'ਚੋਂ ਛੇਕੇ ਜਾਂਦੇ ਹਨ। ਉਸ ਨੂੰ ਇਹ ਘੋਰ ਚਿੰਤਾ ਵੀ ਹੈ ਅਤੇ ਉਹ ਸ਼ਰਮ ਵੀ ਮਹਿਸੂਸ ਕਰਦੀ ਹੈ ਕਿ ਉਹ ਆਪਣੇ ਮੁੰਡੇ ਨਹੀਂ ਵਿਆਹ ਸਕੇਗੀ। ਬੇਜ਼ਮੀਨੇ ਹੋਣ ਦੀ ਨਮੋਸ਼ੀ ਤੋਂ ਬਿਨਾ ਕੁਝ ਔਰਤਾਂ ਨੇ ਦੱਸਿਆ ਕਿ ਉਹ ਆਪਣੇ ਮੁੰਡਿਆਂ ਦੇ ਵਿਆਹ ਦੇ ਖ਼ਰਚੇ ਕਰਨ ਤੋਂ ਵੀ ਅਸਮਰੱਥ ਹਨ। ਇਕੋ ਇਕ ਬੱਚਾ ਜੰਮਣ ਦੇ ਮਾਪਦੰਡ ਵਾਲੀ ਜਾਂ 'ਕੱਲੇ ਪੁੱਤਾਂ ਦੀ ਪੂਰੀ ਦੀ ਪੂਰੀ ਪੀੜ੍ਹੀ ਅਜੀਬ ਅੰਨ੍ਹੀ ਗਲੀ 'ਚ ਫਸ ਗਈ ਹੈ। 'ਕੱਲੇ ਪੁੱਤ ਭੈਣਾਂ ਵਿਆਹੁਣ ਦੇ ਬੋਝ ਦਾ ਜ਼ਿਕਰ ਆਮ ਹੀ ਕਰਦੇ ਹਨ ਪਰ ਆਪਣਾ ਵਿਆਹ ਨਾ ਹੋਣ ਦਾ ਦੁੱਖ

ਕੋਈ ਵਿਰਲਾ-ਟਾਵਾਂ ਹੀ ਫਰੋਲਦਾ ਹੈ ਕਿਉਂਕਿ ਇਹ ਸੌਖਾ ਨਹੀਂ ਹੈ। ਇਕ 26 ਸਾਲ ਦੇ ਮੁੰਡੇ ਨੇ ਆਪਣੀ ਭੈਣ ਦੇ ਵਿਆਹ ਲਈ ਲਏ ਕਰਜ਼ੇ ਅਤੇ ਇਸ ਨੂੰ ਮੋੜਨ ਤੋਂ ਅਸਮਰੱਥਾ ਪ੍ਰਗਟਾਈ। ਨਾਲ ਹੀ ਉਸਨੇ ਕਿਹਾ ਕਿ ਉਹ ਆਪਣੇ ਵਿਆਹ ਬਾਰੇ ਸੋਚ ਵੀ ਨਹੀਂ ਸਕਦਾ ਅਤੇ ਉਸ ਦੀ ਇੱਛਾ ਸੀ ਕਿ ਉਹ 'ਕੱਲਾ ਪੁੱਤ ਨਾ ਹੁੰਦਾ ਕਿਉਂਕਿ ਉਸ ਉੱਪਰ ਬੋਝ ਬਹੁਤ ਜ਼ਿਆਦਾ ਹੈ। ਇਹ ਥਾਹ ਪਾਉਣੀ ਐਨੀ ਮੁਸ਼ਕਲ ਨਹੀਂ ਹੈ ਕਿ ਮਰਦ ਪ੍ਰਧਾਨ ਸੱਤਾ ਦਾ ਬੋਝ ਲੜਕਿਆਂ ਅਤੇ ਗੱਭਰੂਆਂ ਦੀ ਮਰਦ ਹਸਤੀ ਦਾ ਸਰੂਪ ਘੜ ਰਿਹਾ ਹੈ। ਪੁੱਤਰ ਅਤੇ ਭਰਾ ਵਜੋਂ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣ ਤਹਿਤ ਇਕ ਪੁੱਤਰ ਦੀ ਜੋ ਭੂਮਿਕਾ ਚਿਤਵੀ ਜਾਂਦੀ ਹੈ ਘੋਰ ਅਸਫ਼ਲਤਾ ਦੀ ਭਾਵਨਾ ਸਿੱਧੀ ਇਸੇ 'ਚੋਂ ਪੈਦਾ ਹੁੰਦੀ ਹੈ। ਇਸ ਦੀ ਓਨੀ ਮਹੱਤਤਾ ਨਹੀਂ ਹੈ ਕਿ ਉਹ ਖ਼ੁਦਕੁਸ਼ੀ ਕਰ ਗਏ ਕਿਸਾਨ ਦਾ ਪੁੱਤ ਹੈ; ਕੁਝ ਵੀ ਹੋਵੇ ਫਰਜ਼ ਤਾਂ ਉਸਨੂੰ ਨਿਭਾਉਣੇ ਹੀ ਪੈਣਗੇ।

ਜ਼ਮੀਨ ਵਿਕ ਜਾਣ ਦੀ ਨਮੋਸ਼ੀ ਛੋਟੀ ਉਮਰ ਦੀ ਪੀੜ੍ਹੀ ਨੂੰ ਵੀ ਡੂੰਘੇ ਰੂਪ 'ਚ ਪ੍ਰਭਾਵਿਤ ਕਰਦੀ ਹੈ। ਬਠਿੰਡਾ ਜ਼ਿਲ੍ਹੇ ਦੀ ਇਕ ਔਰਤ ਨੇ ਦੱਸਿਆ ਕਿ ਕਿਵੇਂ ਉਸਨੇ 1994 'ਚ ਧੀ ਦੇ ਵਿਆਹ ਅਤੇ ਹੋਰ ਲੋੜਾਂ ਦੀ ਪੂਰਤੀ ਲਈ ਕਰਜ਼ਾ ਲਿਆ ਸੀ। 1996 'ਚ ਪਤੀ ਵਲੋਂ ਖ਼ੁਦਕੁਸ਼ੀ ਕਰ ਲੈਣ ਤੋਂ ਬਾਅਦ, ਉਸ ਨੇ ਤਿੰਨ ਏਕੜ ਜ਼ਮੀਨ ਵੇਚ ਦਿੱਤੀ। ਜ਼ਮੀਨ ਵੇਚੇ ਜਾਣ ਦੀ ਗੱਲ, ਉਸਦੇ ਸਤਾਰਾਂ ਸਾਲ ਦੇ ਪੁੱਤ ਜਸਵਿੰਦਰ ਨੇ ਮਨ ਨੂੰ ਲਾ ਲਈ। ਚਾਰ ਏਕੜ ਤੋਂ ਇਕ ਏਕੜ ਰਹਿ ਜਾਣ ਦਾ ਅਰਥ ਸੀ ਸਮਾਜਿਕ ਵੱਕਾਰ ਨੂੰ ਸੱਟ ਪੈਣਾ, ਜਿਸ ਨੇ ਉਸ ਦਾ ਮਾਨਸਿਕ ਬੋਝ ਹੋਰ ਵਧਾ ਦਿੱਤਾ।

ਚਰਨਜੀਤ ਕੌਰ ਨੇ ਕਿਹਾ, "ਮੇਰੇ ਦੋ ਪੁੱਤ ਹਨ ਅਤੇ ਜ਼ਮੀਨ ਸਿਰਫ਼ ਇਕ ਕਿੱਲਾ ਹੈ। ਕੋਈ ਵੀ ਮੇਰੇ ਮੁੰਡਿਆਂ ਨੂੰ ਸਾਕ ਕਰਨ ਲਈ ਤਿਆਰ ਨਹੀਂ ਹੈ। ਨਾ ਮੈਨੂੰ ਨੀਂਦ ਆਉਂਦੀ ਹੈ ਨਾ ਮੇਰੇ ਇਸ ਪੁੱਤ ਨੂੰ। ਪਹਿਲਾਂ ਮੈਨੂੰ ਪਤੀ ਦਾ ਖ਼ਿਆਲ ਰੱਖਣਾ ਪੈਂਦਾ ਸੀ ਅਤੇ ਹੁਣ ਇਸਦਾ। ਦੂਜਾ ਮੁੰਡਾ ਕੰਮ 'ਤੇ ਹੁੰਦਾ ਹੈ। ਕੋਈ ਵੀ ਉਸ ਨੂੰ ਕੁੜੀ ਵਿਆਹੁਣ ਲਈ ਤਿਆਰ ਨਹੀਂ ਹੈ। 1996 'ਚ ਫ਼ਸਲ ਮਰਨ ਨਾਲ ਸਾਨੂੰ ਬਹੁਤ ਧੱਕਾ ਲੱਗਿਆ। ਓਦੋਂ ਸਾਡੇ ਸਮਝ ਨਹੀਂ ਸੀ ਪੈਂਦਾ ਕਿ ਕੀ ਹੋ ਰਿਹਾ ਹੈ।"

ਹੋਰ ਨਗਦਨਾਮੇ ਅਤੇ ਸਮਾਨ ਦੀ ਮੰਗ ਅਤੇ ਇਸ ਦੇ ਸਿੱਟੇ ਵਜੋਂ ਵਿਆਹੀਆਂ ਧੀਆਂ ਨੂੰ ਤੰਗ-ਪ੍ਰੇਸ਼ਾਨ ਕਰਨਾ ਉਸ ਕਰੜੀ ਅਜ਼ਮਾਇਸ਼ ਅਤੇ ਸਖ਼ਤ ਜੱਦੋਜਹਿਦ ਦਾ ਹਿੱਸਾ ਹੈ ਜਿਸ ਦਾ ਇਹ ਪਰਿਵਾਰ ਪਹਿਲਾਂ ਹੀ ਸਾਹਮਣਾ ਕਰ ਰਹੇ ਹਨ। ਵਿਆਹ ਸਮੇਂ ਦਾਜ ਇਕ ਵਾਰ ਦਾ ਕੰਮ ਨਹੀਂ ਹੈ ਕਿਉਂਕਿ ਸਹੁਰਿਆਂ ਦੀਆਂ ਇਛਾਵਾਂ ਵਧਦੀਆਂ ਹੀ ਰਹਿੰਦੀਆਂ ਹਨ। ਸੰਗਰੂਰ ਜ਼ਿਲ੍ਹੇ ਦੀ ਹਰਜਿੰਦਰ ਕੌਰ ਦੇ ਪਤੀ ਨੇ 2002 'ਚ ਖ਼ੁਦਕੁਸ਼ੀ ਕਰ ਲਈ ਸੀ ਇਸ ਪਿੱਛੋਂ ਉਸ ਨੇ ਦੋ ਧੀਆਂ ਦੇ ਵਿਆਹ ਬਿਨਾ ਦਾਜ ਕਰ ਦਿੱਤੇ। ਪਰ ਇਸ ਦੇ ਨਤੀਜੇ ਤਬਾਹਕੁਨ ਨਿਕਲੇ। ਉਸ ਦੀ ਇਕ ਧੀ ਨੂੰ ਦਾਜ ਨਾ ਲਿਆਉਣ ਕਾਰਨ ਲਗਾਤਾਰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਉਸ ਨੇ ਖ਼ੁਦਕੁਸ਼ੀ ਕਰ ਲਈ। ਉਹ ਸਿਰਫ਼ ਬਾਈ ਸਾਲ ਦੀ ਸੀ। ਪਤੀ ਦੀ ਖ਼ੁਦਕੁਸ਼ੀ ਤੋਂ ਬਾਅਦ ਧੀ ਦੀ ਖ਼ੁਦਕੁਸ਼ੀ ਨੇ ਉਸ ਨੂੰ ਹਿਲਾਕੇ ਰੱਖ ਦਿੱਤਾ। ਉਸ

ਦਾ ਕਹਿਣਾ ਸੀ ਜੇ ਤੁਸੀਂ ਧੀਆਂ ਦੀ ਸੁਰੱਖਿਆ ਚਾਹੁੰਦੇ ਹੋ ਤਾਂ ਦਾਜ ਤੋਂ ਬਚਿਆ ਨਹੀਂ ਜਾ ਸਕਦਾ। ਚੰਗੇ ਭਾਗਾਂ ਨੂੰ ਉਸ ਦੀ ਛੋਟੀ ਧੀ ਉਸਦਾ ਦੁੱਖ ਸਮਝਦੀ ਹੈ ਅਤੇ ਛੋਟੀਆਂ-ਛੋਟੀਆਂ ਗੱਲਾਂ 'ਚ ਉਸਦੀ ਸਹਾਇਤਾ ਕਰਦੀ ਹੈ, ਖ਼ਾਸ ਕਰਕੇ ਉਸਨੂੰ ਜਜ਼ਬਾਤੀ ਤੌਰ 'ਤੇ ਸੁਰੱਖਿਆ ਦੇਣ ਪੱਖੋਂ।

ਵਿਆਹ 'ਚ ਦਾਜ ਅਤੇ ਹੋਰ ਸਮਾਨ ਲੈਣਾ ਜਾਤਪਾਤੀ ਅਤੇ ਜਮਾਤੀ ਦਰਜਾਬੰਦੀਆਂ 'ਤੇ ਅਧਾਰਤ ਸਮਾਜ ਦੇ ਬਹੁਤ ਸਾਰੇ ਅਹਿਮ ਪਹਿਲੂਆਂ ਨਾਲ ਜੁੜਿਆ ਹੋਇਆ ਹੈ। ਇਹ ਪੁਰਾਣੀ ਕਹਾਣੀ ਉਨ੍ਹਾਂ ਦਹਿ-ਲੱਖਾਂ ਲੋਕਾਂ ਲਈ ਹੋਰ ਵੀ ਤਬਾਹਕੁਨ ਸਾਬਤ ਹੋ ਰਹੀ ਹੈ, ਅੱਜ ਜਿਨ੍ਹਾਂ ਦੀ ਹੋਂਦ ਹੀ ਖ਼ਤਰੇ ਮੂੰਹ ਆਈ ਹੋਈ ਹੈ। ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਅਤੇ ਵਿਦਵਾਨਾਂ ਨਾਲ ਗੱਲਬਾਤ ਦੌਰਾਨ ਜੋ ਟਾਲਮਟੋਲ ਵਾਲਾ ਪ੍ਰਤੀਕਰਮ ਦੇਖਣ 'ਚ ਆਇਆ, ਜਿਵੇਂ ਇਸ ਨੂੰ ਸਮਾਜਿਕ ਮੁੱਦੇ ਵਜੋਂ ਖਾਰਜ ਕੀਤਾ ਜਾਂਦਾ ਹੈ, ਇਹ ਇਸ ਨੂੰ ਯਕੀਨੀ ਬਣਾਉਣ ਦਾ ਪੱਕਾ ਢੰਗ ਹੈ ਕਿ ਇਹ ਹਮੇਸ਼ਾ ਹਾਸ਼ੀਏ 'ਤੇ ਹੀ ਰਹੇ। ਉਹ ਇਹ ਖ਼ਦਸ਼ਾ ਵੀ ਜ਼ਾਹਿਰ ਕਰਦੇ ਹਨ ਕਿ ਦਾਜ ਨੂੰ ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ਾਈਪਣ ਦਾ ਇਕ ਹੋਰ ਕਾਰਨ ਦੱਸੇ ਜਾਣ ਨਾਲ ਇਨ੍ਹਾਂ ਅਹਿਮ ਮੁੱਦਿਆਂ ਤੋਂ ਧਿਆਨ ਲਾਂਭੇ ਚਲਾ ਜਾਵੇਗਾ ਜਿਵੇਂ ਕੰਮ ਨਾ ਮਿਲਣਾ, ਮਹਿੰਗੀਆਂ ਕੀੜੇਮਾਰ ਦਵਾਈਆਂ, ਮੰਡੀ ਦੇ ਅਸਥਿਰ ਭਾਅ, ਕਾਨੂੰਨ ਬਣਾਕੇ ਆੜ੍ਹਤੀਆਂ ਨੂੰ ਨੱਥ ਪਾਉਣ ਦੀ ਜ਼ਰੂਰਤ, ਬਿਜਲੀ 'ਤੇ ਸਬਸਿਡੀ ਆਦਿ। ਇਸ ਤੱਥ ਦੀ ਲੋਅ 'ਚ ਉਨ੍ਹਾਂ ਦਾ ਇਹ ਖ਼ਦਸ਼ਾ ਸਹੀ ਹੋ ਸਕਦਾ ਹੈ ਕਿ ਕਿਸਾਨ ਜਥੇਬੰਦੀਆਂ ਦਾ ਪਹਿਲਾਂ ਹੀ ਤਾਣ ਲੱਗਿਆ ਹੋਇਆ ਹੈ ਕਿ ਪੰਜਾਬ ਸਰਕਾਰ ਇਹ ਤਾਂ ਮੰਨੇ ਕਿ ਖੇਤੀਬਾੜੀ ਸਚਮੁਚ ਸੰਕਟ 'ਚ ਹੈ। ਜ਼ਿੰਮੇਵਾਰੀ ਓਟਣ ਤੋਂ ਰਾਜ ਦੀ ਝਿਜਕ ਨਵੀਂ ਗੱਲ ਨਹੀਂ ਹੈ, ਪਰ ਇਸ ਨਾਲ ਉਨ੍ਹਾਂ ਕਾਰਨਾਂ ਨੂੰ ਬੁੱਝਣ ਦਾ ਅਮਲ ਹੋਰ ਵੀ ਉਲਝ ਜਾਂਦਾ ਹੈ ਜਿਨ੍ਹਾਂ ਕਾਰਨ ਕਿਸਾਨ ਖ਼ੁਦਕੁਸ਼ੀਆਂ ਕਰਦੇ ਹਨ। ਭਾਵ ਇਹ ਕਿਵੇਂ ਖੇਤੀ ਨਾਲ ਸਬੰਧਤ ਮਾਮਲਾ ਹੈ। ਇਹ ਸਪਸ਼ਟ ਹੈ ਕਿ ਆਰਥਕ ਮੁੱਦੇ ਉਠਾਕੇ ਜ਼ੋਰ ਲਾਉਣਾ ਟੱਬਰ ਦੀ ਸੰਸਥਾ ਦੀ ਸਮਾਜਿਕ ਜ਼ਰੂਰਤ ਤਾਂ ਹੈ ਹੀ। ਨਾਲ ਹੀ ਜ਼ਰੱਈ ਸੰਕਟ ਦੇ ਸਨਮੁੱਖ ਇਹ ਵੱਧ ਆਰਥਕ ਵੀ ਹੈ।

ਰਵਾਇਤੀ ਅਤੇ ਜਗੀਰੂ ਦਸਤੂਰ ਤੋਂ ਸ਼ੁਰੂ ਹੋਕੇ ਬਸਤੀਵਾਦੀ ਨੀਤੀਆਂ, ਸਮਾਜਿਕ ਰਿਵਾਜਾਂ, ਕਾਨੂੰਨ ਅਤੇ ਸਮਾਜਿਕ ਸੰਤਾਨ ਉਤਪਤੀ ਅਤੇ ਪੈਦਾਵਾਰ ਦੋਵਾਂ ਅਮਲਾਂ ਵਿਚ ਔਰਤਾਂ ਦੇ ਯੋਗਦਾਨ ਨੂੰ ਦਿੱਤੇ ਨੀਵੇਂ ਦਰਜੇ ਤੱਕ ਕਈ ਕਾਰਕ ਜੁੜਕੇ ਮਰਦ ਪ੍ਰਧਾਨ ਸੱਤਾ ਨੂੰ ਕਾਇਮ ਰੱਖਣ ਲਈ ਕੰਮ ਕਰਦੇ ਹਨ। ਕੁੜੀ ਜੰਮਣ ਨੂੰ ਮੰਦਭਾਗਾ ਜਾਂ ਐਸੀ ਜ਼ਿੰਮੇਵਾਰੀ ਸਮਝਣ ਦੀ ਸੋਚ ਜਿਸਨੂੰ ਕਾਫ਼ੀ ਪੈਸੇ ਜੋੜਕੇ ਹੀ ਪੂਰਾ ਕੀਤਾ ਜਾ ਸਕਦਾ ਹੈ, ਸਮਾਜ ਦੇ ਹਰ ਹਿੱਸੇ 'ਚ ਪਈ ਹੈ। ਪੰਜਾਬ ਵਿਚ ਦਾਜ ਬਾਰੇ ਜ਼ਰੱਈ ਸੰਕਟ ਦੇ ਪ੍ਰਸੰਗ 'ਚ ਲਿਖਦੇ ਵਕਤ ਮੁਸ਼ਕਲ ਖੇਤਰਾਂ ਦਾ ਅਗਾਊਂ ਅੰਦਾਜ਼ਾ ਲਾਉਣਾ ਜ਼ਰੂਰੀ ਹੈ। ਘਿਣਾਉਣੇ ਸਮਾਜ ਦੇ ਇਹ ਸਮਾਜਿਕ ਅਤੇ ਸੱਭਿਆਚਾਰਕ ਜੁਰਮ ਘੱਟ ਆਰਥਕ ਨਹੀਂ ਹਨ। ਜਦਕਿ, ਇਹੀ ਮਰਦ ਪ੍ਰਧਾਨ ਸੋਚਣੀ ਹੈ ਜੋ ਖ਼ੁਦਕੁਸ਼ੀਆਂ ਦੇ ਕਾਰਨਾਂ ਦਾ ਜਾਇਜ਼ਾ ਲੈਂਦੇ ਸਮੇਂ ਇਸ ਦੇ ਮੁਆਵਜ਼ੇ ਨੂੰ ਸਖ਼ਤੀ ਨਾਲ 'ਖੇਤੀਬਾੜੀ' ਹੀ ਅੰਗਦੀ ਹੈ। ਇਹ ਮੰਨਣਾ ਅਹਿਮ ਹੈ ਕਿ ਕੀ ਦਾਜ

ਸਮਾਜਿਕ ਮਸਲਾ ਹੈ ਜਾਂ ਆਰਥਕ ਜਾਂ ਸ਼ਾਇਦ ਦੋਵੇਂ, ਕਿਉਂਕਿ ਇਹ ਮਜ਼ਦੂਰ ਜਮਾਤ ਅਤੇ ਛੋਟੇ ਕਿਸਾਨਾਂ ਦੀਆਂ ਐਨੀ ਜ਼ਿਆਦਾ ਗਿਣਤੀ 'ਚ ਜਾਨਾਂ ਲੈ ਰਿਹਾ ਹੈ ਕਿ ਇਸ ਨੂੰ ਨਜ਼ਰਅੰਦਾਜ਼ ਕੀਤੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

3.5 ਦਾਜ ਪ੍ਰਥਾ ਬਾਰੇ ਕੁਝ ਵੀ "ਸਮਾਜਿਕ" ਨਹੀਂ

ਜਾਇਦਾਦ, ਵਿਰਾਸਤੀ ਹੱਕ ਅਤੇ ਪਰਿਵਾਰਕ ਰੁਤਬੇ ਵਾਂਗ ਦਾਜ ਦਾ ਮੁੱਦਾ ਆਰਥਕ ਹੈ, ਇਸ ਨੂੰ ਸਿਰਫ਼ "ਸਮਾਜਿਕ" ਦਸਤੂਰ ਵਜੋਂ ਜ਼ਿਕਰ ਕਰਨ ਨਾਲ ਇਸ ਵਰਤਾਰੇ ਬਾਰੇ ਕਿੰਤੂ-ਪ੍ਰੰਤੂ ਕਰਨ ਦੀ ਕੋਸ਼ਿਸ਼ ਅਸਫ਼ਲ ਹੋ ਜਾਂਦੀ ਹੈ ਜੋ ਸਮਾਜ ਵਿਚ ਔਰਤਾਂ ਦੀ ਬੇਕਦਰੀ 'ਚ ਸਿੱਧੇ ਤੌਰ 'ਤੇ ਹਿੱਸਾ ਪਾ ਰਿਹਾ ਹੈ। ਇਹ ਜਾਇਦਾਦਹੀਣ ਜਮਾਤਾਂ ਦੀ ਬਹੁਗਿਣਤੀ ਲਈ ਇਸ ਜ਼ਾਲਮ ਦਸਤੂਰ ਦੀਆਂ ਅਰਥ-ਸੰਭਾਵਨਾਵਾਂ ਨੂੰ ਵੀ ਭੈੜੀ ਤਰ੍ਹਾਂ ਕਮਜ਼ੋਰ ਕਰਦਾ ਹੈ, ਕਿਉਂਕਿ ਇਹ ਕਹਿਰ ਜਮਾਤੀ-ਜਾਤਪਾਤੀ ਦਰਜਾਬੰਦੀਆਂ ਦੇ ਸਭ ਤੋਂ ਹੇਠਲੇ ਹਿੱਸੇ ਤੱਕ ਪਹੁੰਚ ਚੁੱਕਾ ਹੈ। ਮਰਦ ਫ਼ਤੂਰ 'ਚ ਬੁਰੀ ਤਰ੍ਹਾਂ ਗ੍ਰਸਤ ਇਸ ਸਮਾਜ ਅੰਦਰ ਦੋ ਦਹਾਕਿਆਂ ਤੋਂ ਤਕਨਾਲੋਜੀ ਦੀ ਦੁਰਵਰਤੋਂ ਨਾਲ ਧੀਆਂ ਦੀ ਬੇਦਖ਼ਲੀ ਨੂੰ ਹੋਰ ਬਲ ਮਿਲਿਆ। ਇਕ ਵਾਰ ਫੇਰ ਇਹ ਕੋਸ਼ਿਸ਼ ਕੀਤੀ ਗਈ ਕਿ ਬੱਚਾ ਜੰਮਣ ਤੋਂ ਪਹਿਲਾਂ, ਲਿੰਗ ਨਿਰਧਾਰਨ ਬਾਰੇ ਐਕਟ-2001 ਤਹਿਤ ਲਿੰਗ ਨਿਰਧਾਰਨ ਟੈਸਟਾਂ ਦਾ ਅਮਲ ਗ਼ੈਰਕਾਨੂੰਨੀ ਬਣ ਜਾਵੇਗਾ। ਇਸ ਦੇ ਬਾਵਜੂਦ ਅੱਜ ਤੱਕ ਉੱਤਰੀ ਭਾਰਤ ਅੰਦਰ ਅਜਿਹੇ ਟੈਸਟ ਹੋਣ ਦੀਆਂ ਰਿਪੋਰਟਾਂ ਆ ਰਹੀਆਂ ਹਨ।

ਭਾਰਤ ਵਿਚ 1000 ਮਰਦਾਂ ਪਿੱਛੇ 914 ਔਰਤਾਂ ਹਨ। ਇਸ ਦੇ ਮੁਕਾਬਲੇ ਪੰਜਾਬ ਵਿਚ ਇਹ ਔਸਤ ਸਿਰਫ਼ 914 (ਜਦ ਕਿ 0-6 ਦੇ ਗਰੁੱਪ ਵਿਚ 846) ਹੈ। ਇਹ ਘ੍ਰਿਣਤ ਅਨੁਪਾਤ ਬਾਖ਼ੂਬੀ ਦਰਸਾਉਂਦਾ ਹੈ ਕਿ ਇਹ ਮੁੱਦੇ ਆਪੋ ਵਿਚ ਕਿੰਨਾ ਡੂੰਘੇ ਰੂਪ 'ਚ ਜੁੜੇ ਹੋਏ ਹਨ। ਪੁੱਤ ਨੂੰ ਪਹਿਲ ਦੇਣ ਦੀਆਂ ਜੜ੍ਹਾਂ ਇਸ ਸੂਬੇ ਦੇ ਇਤਿਹਾਸ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਬਾਕੀ ਉੱਤਰੀ ਭਾਰਤ ਵਾਂਗ ਪੰਜਾਬ ਵਿਚ ਵੀ ਕੁੜੀਆਂ ਨੂੰ ਮਾਰਨ ਦਾ ਦਸਤੂਰ ਵਿਆਪਕ ਪ੍ਰਚਲਤ ਸੀ। ਹਾਲਾਂਕਿ ਅੰਗਰੇਜ਼ਾਂ ਨੇ ਇਸ ਵਿਰੁੱਧ ਕਾਨੂੰਨ ਬਣਾਇਆ, ਪਰ ਜ਼ਮੀਨ ਮਾਲਕੀ ਸਬੰਧੀ ਉਨ੍ਹਾਂ ਦੀਆਂ ਨੀਤੀਆਂ ਨੇ ਸਮਾਜ ਵਿਚ ਔਰਤਾਂ ਦਾ ਦਰਜਾ ਹੋਰ ਨੀਵਾਂ ਕਰਨ 'ਚ ਸਿੱਧਾ ਹਿੱਸਾ ਪਾਇਆ। ਅੰਗਰੇਜ਼ਾਂ ਦਾ ਇਹ ਫ਼ੈਸਲਾ ਕਿ ਮਾਲੀਏ ਨੂੰ ਤਰਕ-ਸੰਗਤ ਅਤੇ ਆਧੁਨਿਕ ਬਣਾਇਆ ਜਾਵੇ ਨੇ ਔਰਤਾਂ ਨਾਲ ਖ਼ਾਸ ਤੌਰ 'ਤੇ ਹੀ ਧੱਕਾ ਕੀਤਾ। ਬਸਤੀਵਾਦ ਸ਼ੁਰੂ ਹੋਣ ਤੋਂ ਪਹਿਲਾਂ ਔਰਤਾਂ ਜ਼ਮੀਨ ਮਾਲਕੀ ਪ੍ਰਬੰਧ ਵਿਚ ਬਰਾਬਰ ਦੀਆਂ ਹਿੱਸੇਦਾਰ ਸਨ ਉਹ ਜਲਦੀ ਹੀ ਕਾਨੂੰਨੀ ਤੌਰ 'ਤੇ ਆਦਮੀਆਂ ਉੱਤੇ ਨਿਰਭਰ ਹੋ ਗਈਆਂ। ਆਰਥਕ ਵਸੀਲਿਆਂ ਤਕ ਉਨ੍ਹਾਂ ਦੀ ਪਹੁੰਚ ਉਨ੍ਹਾਂ ਦੇ ਪਤੀਆਂ ਦੇ ਕਬਜ਼ੇ ਅਤੇ ਇੱਛਾ ਦੇ ਹੋਰ ਵਧੇਰੇ ਅਧੀਨ ਹੁੰਦੀ ਗਈ। ਨਵੇਂ ਕਾਨੂੰਨਾਂ ਨੇ ਇਹ ਯਕੀਨੀ ਬਣਾ ਦਿੱਤਾ ਕਿ ਔਰਤਾਂ ਬਸਤੀਵਾਦ ਤੋਂ ਪਹਿਲਾਂ ਦੇ ਸਮਿਆਂ ਵਾਂਗ ਜ਼ਮੀਨ ਮਾਲਕੀ ਦੇ ਪ੍ਰਬੰਧ ਵਿਚ ਸਾਂਝੀਆਂ ਹਿੱਸੇਦਾਰ ਨਾ ਰਹਿਣ ਅਤੇ ਜ਼ਮੀਨੀ ਜਾਇਦਾਦ ਨਿਰੋਲ ਤੌਰ ਉੱਤੇ ਆਦਮੀਆਂ ਦੇ ਹੱਥਾਂ ਵਿਚ ਚਲੀ ਜਾਵੇ, ਅਤੇ ਆਦਮੀ ਹੀ ਮਾਲੀਆ ਅਦਾ ਕਰਨ ਦੇ ਜ਼ਿੰਮੇਦਾਰ ਹੋਣ, ਸਿੱਟੇ ਵਜੋਂ

ਭਾਰਤੀ ਆਦਮੀ ਉਨ੍ਹਾਂ ਦੀ ਮੁੱਖ ਕਾਨੂੰਨੀ ਪਰਜਾ ਬਣ ਗਏ। (ਸਫ਼ਾ 101, Veena Talwar Oldenburg's in *Dowry Murder, The Imperial Origins of a Cultural Crimes.)* ਕਿਸੇ ਵੀ ਹੁਕਮਰਾਨ ਜਮਾਤ ਵਾਂਗ ਜਿਥੇ ਸਿਆਸੀ ਗ਼ਲਬੇ ਦਾ ਹਾਸ਼ੀਏ 'ਤੇ ਧੱਕੇ ਵੱਖੋ-ਵੱਖਰੇ ਹਿੱਸਿਆਂ ਉੱਪਰ ਲੰਮੇ ਸਮੇਂ ਲਈ ਡੂੰਘਾ ਅਸਰ ਪਿਆ ਹੈ, ਇੱਥੇ ਵੀ ਵੱਖੋ-ਵੱਖਰੇ ਸੰਵਿਧਾਨਕ ਆਦੇਸ਼ਾਂ, ਕਾਨੂੰਨਾਂ ਅਤੇ ਤਕਨਾਲੋਜੀ ਦੀਆਂ ਨਵੀਆਂ ਕਾਢਾਂ ਰਾਹੀਂ ਔਰਤ ਦਾ ਦਰਜਾ ਵਾਰ-ਵਾਰ ਤੈਅ ਹੁੰਦਾ ਰਿਹਾ।

ਆਧੁਨਿਕ ਭਾਰਤ ਸਾਲਾਂਬੱਧੀ ਔਰਤ ਨੂੰ ਖੇਤੀਬਾੜੀ ਵਾਲੀ ਜ਼ਮੀਨ ਦਾ ਹੱਕ ਦੇਣ ਤੋਂ ਇਨਕਾਰੀ ਰਿਹਾ। ਆਖ਼ਿਰ 1956 'ਚ ਹਿੰਦੂ ਵਿਰਾਸਤ ਕਾਨੂੰਨ ਪਾਸ ਹੋ ਹੀ ਗਿਆ। ਕਾਨੂੰਨ 'ਚ ਤਾਜ਼ਾ ਸੋਧ (2005) ਨਾਲ ਖੇਤੀਬਾੜੀ ਵਾਲੀ ਜ਼ਮੀਨ ਬਾਰੇ ਮੱਦ ਨੂੰ ਰੱਦ ਕਰਕੇ ਔਰਤ ਵਿਰੋਧੀ ਪੱਖਪਾਤ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ। ਹਾਲਾਂਕਿ, ਇਹ ਹਾਲੇ ਵੀ ਮੁਸਲਮਾਨ, ਈਸਾਈ ਅਤੇ ਆਦਿਵਾਸੀ ਔਰਤਾਂ ਉੱਪਰ ਲਾਗੂ ਨਹੀਂ ਹੁੰਦਾ। ਅਤੇ ਬੇਸ਼ੱਕ, ਅਸੀਂ ਇਹ ਵੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਮਰਦ ਪ੍ਰਧਾਨ ਸਮਾਜ ਵਿਚ, ਜ਼ਮੀਨ ਦੀ ਮਾਲਕੀ ਅਤੇ ਜ਼ਮੀਨ ਉੱਪਰ ਅਸਲ ਕੰਟਰੋਲ ਕੌੜੀਆਂ ਹਕੀਕਤਾਂ ਹਨ ਜਿਥੇ ਵਿਰਲੀਆਂ ਟਾਵੀਂਆਂ ਔਰਤਾਂ ਨੂੰ ਹੀ ਮਰਦਾਂ ਦੇ ਬਰਾਬਰ ਮਾਲਕੀ ਅਤੇ ਕੰਟਰੋਲ ਦੇ ਦੋਵੇਂ ਹੱਕ ਹਾਸਲ ਹੁੰਦੇ ਹਨ।

ਦਾਜ ਕਦੇ ਵੀ ਵਿਰਾਸਤੀ ਹੱਕ ਦਾ ਬਦਲ ਨਹੀਂ ਹੋ ਸਕਦਾ। ਔਰਤਾਂ ਨੂੰ ਜੋ ਵੀ ਥੋੜ੍ਹਾ ਬਹੁਤਾ ਮਿਲਣਾ ਹੁੰਦਾ ਹੈ ਉਸ ਨੂੰ ਵੀ ਘਟਾਉਣ ਲਈ ਅੱਜ ਤੱਕ ਅਜਿਹੀਆਂ ਝੂਠੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ। ਦਾਜ ਨੂੰ ਇਸਤਰੀ-ਧਨ ਦੇ ਬਰਾਬਰ ਰੱਖਣ ਦੀ ਰੁਚੀ ਵੀ ਆਮ ਹੀ ਹੈ। ਇੱਥੋਂ ਤੱਕ ਕਹਿ ਦਿੱਤਾ ਜਾਂਦਾ ਹੈ ਕਿ ਔਰਤਾਂ ਆਪਣੇ ਮਾਂ-ਪਿਉ ਦੇ ਘਰੋਂ ਜਾਇਦਾਦ ਦਾ ਹਿੱਸਾ ਲੈਣ ਦਾ ਦਾਅਵਾ ਕਰ ਸਕਦੀਆਂ ਹਨ। ਸੱਚਾਈ ਇਹ ਹੈ ਕਿ ਉਹ ਸ਼ਾਇਦ ਹੀ ਅਜਿਹਾ ਕਰਦੀਆਂ ਹਨ। ਤਲਾਕ ਅਤੇ ਗੁਜ਼ਾਰੇ ਸਬੰਧੀ ਅਦਾਲਤੀ ਝਗੜਿਆਂ ਤੋਂ ਇਸਤਰੀ-ਧਨ ਉੱਪਰ ਔਰਤਾਂ ਦਾ ਨਾ-ਮਾਤਰ ਜਾਂ ਉੱਕਾ ਹੀ ਕੰਟਰੋਲ ਨਾ ਹੋਣ ਦਾ ਸਪਸ਼ਟ ਪਤਾ ਚਲਦਾ ਹੈ। ਤਜਰਬੇ ਨੇ ਦਿਖਾਇਆ ਹੈ ਕਿ ਇਸ ਨੂੰ ਕਾਨੂੰਨ ਰਾਹੀਂ ਵਾਪਸ ਲੈਣਾ ਵੀ, ਇਕ ਵੱਡਾ ਝਮੇਲਾ ਹੈ। ਰੰਜਨਾ ਸ਼ੀਲ ਦਲੀਲ ਦਿੰਦੀ ਹੈ ਕਿ ਕਿਵੇਂ ਇਸਤਰੀ-ਧਨ "ਔਰਤਾਂ ਦੀ ਸਥਾਈ ਨਿਰਭਰਤਾ ਦੇ ਸੰਸਥਾਕਰਨ" ਦਾ ਮੁਜੱਸਮਾ ਹੈ।[3] ਉਸ ਦੀ ਦਲੀਲ ਹੈ ਕਿ ਇਸਤਰੀ-ਧਨ ਵਿਚ ਸਿਰਫ਼ ਮਾਪਿਆਂ ਅਤੇ ਸਹੁਰੇ ਪਰਿਵਾਰ ਵਲੋਂ ਦਿੱਤਾ ਲੈਣ-ਦੇਣ ਹੀ ਸ਼ਾਮਲ ਹੁੰਦਾ ਹੈ; ਜਦਕਿ ਦਾਜ ਸਮੁੱਚੇ ਪਰਿਵਾਰ ਨੂੰ ਦਿੱਤਾ ਜਾਂਦਾ ਹੈ, ਇਸ ਵਿਚ ਸਹੁਰੇ ਪਰਿਵਾਰ ਦੇ ਸਕੇ-ਸਬੰਧੀਆਂ ਨੂੰ ਤੋਹਫ਼ੇ ਵੀ ਸ਼ਾਮਲ ਹੁੰਦੇ ਹਨ। ਉਸ ਦੇ ਵਿਚਾਰ ਅਨੁਸਾਰ, ਇਸਤਰੀ-ਧਨ ਨੂੰ ਦਾਜ ਦੇ ਬਰਾਬਰ ਸਮਝੇ ਜਾਣ ਨਾਲ "ਇਸ ਨੂੰ ਸੱਭਿਆਚਾਰਕ ਪ੍ਰਵਾਨਗੀ ਦਿੱਤੇ ਜਾਣ ਤੋਂ ਇਲਾਵਾ ਦਾਜ ਉੱਪਰ ਜਾਤਪਾਤ, ਉੱਚੇ ਰੁਤਬੇ ਵਾਲੇ ਪਰਿਵਾਰਾਂ 'ਚ ਵਿਆਹ ਕਰਨ ਅਤੇ ਜਾਇਦਾਦ ਦੀ

---

3. ਸਫ਼ਾ 197, ਦਾਜ ਦੀ ਸਿਆਸੀ ਆਰਥਿਕਤਾ: ਉੱਤਰੀ ਭਾਰਤ ਵਿਚ ਇਸਦਾ ਸੰਸਥਾਕਰਨ ਅਤੇ ਪਸਾਰਾ, ਰੰਜਨਾ ਸ਼ੀਲ, ਮਨੋਹਰ, 1999

ਛਾਪ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।"[4]

ਮਰਦ ਪ੍ਰਧਾਨ ਸਮਾਜ ਵਿਚ ਜਾਇਦਾਦ ਦਾ ਤਬਾਦਲਾ ਔਰਤ ਵਿਰੋਧੀ ਅਮਲਾਂ ਨੂੰ ਆਮ ਸੂਝ ਦੇ ਮਾਮਲੇ ਵਜੋਂ ਤਰਕਸੰਗਤ ਬਣਾ ਦਿੰਦਾ ਹੈ। ਇੱਥੋਂ ਤੱਕ ਕਿ ਇਨ੍ਹਾਂ ਅਮਲਾਂ ਦੀਆਂ ਸ਼ਿਕਾਰ ਔਰਤਾਂ ਵੀ ਇਸ ਜਾਬਰ ਵਿਚਾਰਧਾਰਾ ਦੇ ਭਾਰੂ ਸੁਭਾਅ ਨੂੰ ਜਜ਼ਬ ਕਰ ਲੈਂਦੀਆਂ ਹਨ ਅਤੇ ਇਸ ਅਨੁਸਾਰ ਆਪਣੇ ਵਤੀਰੇ ਨੂੰ ਢਾਲ ਲੈਂਦੀਆਂ ਹਨ। ਭਾਵੇਂ ਔਰਤਾਂ ਮਾਪਿਆਂ ਤੋਂ ਜ਼ਿਆਦਾ ਆਸਾਂ ਨਹੀਂ ਰੱਖਦੀਆਂ, ਉਹ ਕਿਸੇ ਵੀ ਤਰ੍ਹਾਂ ਦੇ ਐਸੇ ਵਸੀਲੇ ਦੀ ਲੋੜ ਮਹਿਸੂਸ ਜ਼ਰੂਰ ਕਰਦੀਆਂ ਹਨ ਜਿੱਥੋਂ ਖ਼ੁਦਕੁਸ਼ੀ ਤੋਂ ਬਾਅਦ ਆਮਦਨੀ ਹੋ ਸਕੇ। ਜਦਕਿ, ਭਰਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜਜ਼ਬਾਤੀ ਰਿਸ਼ਤੇ ਵਿਗੜਨ ਦੀ ਚਿੰਤਾ ਕਾਰਨ ਉਹ ਸੋਚ ਵੀ ਨਹੀਂ ਸਕਦੀਆਂ ਕਿ ਮਾਪਿਆਂ ਜਾਂ ਭਰਾਵਾਂ ਵੱਲ ਉਨ੍ਹਾਂ ਦਾ ਹੋਰ ਹੱਕ ਬਣਦਾ ਹੈ।

ਦਿੱਲੀ ਅਧਾਰਤ ਖੋਜ ਵਿਚ, ਸ੍ਰੀਮਤੀ ਬਾਸੂ ਨੇ ਦਿਖਾਇਆ ਹੈ ਕਿ ਕਿਵੇਂ ਭਰਾਵਾਂ ਨਾਲ ਮੋਹ ਭਿੱਜਿਆ ਰਿਸ਼ਤਾ ਬਣਾਈ ਰੱਖਣ ਲਈ ਭੈਣਾਂ ਵਿਰਾਸਤੀ ਹੱਕ ਛੱਡ ਦਿੰਦੀਆਂ ਹਨ ਜਾਂ ਜਦੋਂ ਉਹ ਮਾਪਿਆਂ ਦੀ ਜਾਇਦਾਦ ਵਿਚੋਂ ਹਿੱਸਾ ਮੰਗਦੀਆਂ ਹਨ ਤਾਂ ਮਾੜੀਆਂ/ਲੋਭੀ ਸਮਝੀਆਂ ਜਾਂਦੀਆਂ ਹਨ। ਔਰਤਾਂ ਮੌਜੂਦਾ ਸਿਲਸਿਲੇ 'ਚ ਬਹੁਤ ਥੋੜ੍ਹਾ ਹੱਕ ਜਤਾਉਂਦੀਆਂ ਹਨ ਅਤੇ ਲੱਗਦਾ ਹੈ ਕਿ ਉਹ "ਹੱਕ ਲੈਣ ਵਾਲੀ, ਮਾਪਿਆਂ ਦੀ ਜਾਇਦਾਦ ਹੜੱਪਣ ਵਾਲੀ ਅਤੇ ਲੋਭੀ ਹੋਣ" ਦੇ ਸਮਾਜਿਕ ਕਲੰਕ ਤੋਂ ਡਰਦੀਆਂ ਹਨ। ਪੇਕੇ ਘਰ 'ਚ ਬਣਿਆ ਮਾਣ-ਤਾਣ ਖੁੱਸ ਜਾਣ ਦੇ ਡਰੋਂ, ਅਕਸਰ ਹੀ ਔਰਤਾਂ ਮਾਪਿਆਂ ਦੀ ਜਾਇਦਾਦ ਵਿਚੋਂ ਹਿੱਸਾ ਲੈਣ ਤੋਂ ਮਨ੍ਹਾਂ ਕਰਕੇ ਪਤੀ ਅਤੇ ਸਹੁਰਿਆਂ ਉੱਪਰ ਗ਼ੈਰਭਰੋਸੇਯੋਗ ਨਿਰਭਰਤਾ ਅਰਥਾਤ ਵਿਆਹੁਤਾ ਬੰਧਨ 'ਚ ਬੱਝੇ ਰਹਿਣ ਨੂੰ ਪਹਿਲ ਦਿੰਦੀਆਂ ਹਨ।"[5] ਉਸ ਦੀ ਖੋਜ ਦੇ ਸਿੱਟੇ ਦਰਸਾਉਂਦੇ ਹਨ ਕਿ ਭਾਵੇਂ ਔਰਤਾਂ "ਮਾਪਿਆਂ ਦੀ ਵਿਰਾਸਤੀ ਜਾਇਦਾਦ" ਵਿਚੋਂ ਹਿੱਸਾ ਲੈਣ 'ਚ ਰੁਚੀ ਨਹੀਂ ਲੈਂਦੀਆਂ ਇਸ ਦੇ ਬਾਵਜੂਦ ਔਰਤਾਂ ਲਈ "ਅਸਲ ਵਿਚ ਆਪਣੇ ਫ਼ਿਕਰਾਂ ਅਤੇ ਸੁਪਨਿਆਂ ਨੂੰ ਮੁਖ਼ਾਤਬ ਹੋਣ ਪੱਖੋਂ ਇਹ ਕਿੰਨਾ ਅਹਿਮ ਹੈ।"[6]

ਮੌਜੂਦਾ ਪ੍ਰਸੰਗ 'ਚ, ਅਸੀਂ ਉਨ੍ਹਾਂ ਔਰਤਾਂ ਬਾਰੇ ਚਰਚਾ ਕਰ ਰਹੇ ਹਾਂ ਜੋ ਇਕਹਿਰੇ ਜਾਂ ਸਾਂਝੇ ਟੱਬਰ ਵਿਚ "ਵਿਧਵਾ" ਵਜੋਂ ਜਾਇਜ਼ ਰੂਪ 'ਚ ਵੱਧ ਹੱਕਦਾਰ ਹੋਣ ਦੇ ਬਾਵਜੂਦ ਟੱਬਰ ਦੇ ਵਸੀਲਿਆਂ ਉੱਪਰ ਆਪਣਾ ਬਣਦਾ ਹੱਕ ਜਤਾਉਣ ਤੋਂ ਅਸਮਰੱਥ ਹਨ। ਇਹ ਪ੍ਰਸੰਗ ਡੂੰਘੇ ਰੂਪ 'ਚ ਮੁਸ਼ਕਲ ਸਵਾਲਾਂ ਨਾਲ ਗੜੁੱਚ ਹੈ, ਕਿਉਂਕਿ ਜ਼ਰੱਈ ਢਾਂਚੇ ਵਿਚ ਵਸੀਲੇ ਜਾਂ ਜਾਇਦਾਦ ਵਜੋਂ ਜ਼ਮੀਨ ਹੋਰ ਵੀ ਗ਼ੈਰਭਰੋਸੇਯੋਗ ਬਣਦੀ ਜਾ ਰਹੀ ਹੈ। ਨਾਲ ਹੀ ਇਹ ਤੱਥ ਵੀ ਕਾਬਲੇਗ਼ੌਰ ਹੈ ਕਿ ਔਰਤਾਂ ਦੇ ਪੇਕਾ ਪਰਿਵਾਰ ਵੀ ਖੇਤੀ ਦੇ ਝਾੜ ਅਤੇ ਇਸ ਦੇ ਬਣੇ ਰਹਿਣ ਦੇ ਅਜਿਹੇ

4. ਉਪਰੋਕਤ, ਸਫ਼ਾ 197

5. ਉਪਰੋਕਤ, ਸਫ਼ਾ 223

6. ਸ੍ਰੀਮਤੀ ਬਾਸੂ, ਸਫ਼ਾ 222, ਉਹ ਆਪਣੇ ਹੱਕ ਲੈਣ ਆਉਂਦੀ ਹੈ: ਭਾਰਤੀ ਔਰਤਾਂ, ਜਾਇਦਾਦ ਅਤੇ ਮਾਲਕੀ, ਕਾਲੀ ਫਾਰ ਵੂਮੈੱਨ, ਨਵੀਂ ਦਿੱਲੀ, 2001.

ਹੀ ਧਰਮ-ਸੰਕਟ 'ਚੋਂ ਲੰਘ ਰਹੇ ਹਨ। ਫੇਰ ਵੀ ਕਾਨੂੰਨੀ ਤੌਰ 'ਤੇ ਹੱਕਦਾਰ ਹੋਣ ਅਤੇ ਇਸ ਨੂੰ ਸਮਾਜਿਕ ਪ੍ਰਵਾਨਗੀ ਮਿਲਣ ਨਾਲ ਫ਼ੈਸਲੇ ਲੈਣ ਅਤੇ ਆਪਣੇ ਤੇ ਆਪਣੇ ਬੱਚਿਆਂ ਦੇ ਭਵਿੱਖ ਲਈ ਰਸਤੇ ਤਲਾਸ਼ਣ 'ਚ ਔਰਤਾਂ ਨੂੰ ਇਸ ਹੱਦ ਤੱਕ ਖ਼ੁਦਮੁਖਤਿਆਰੀ ਮਿਲਣ ਦੀ ਸੰਭਾਵਨਾ ਤੇ ਸਮਰੱਥਾ ਵੱਧ ਜਾਵੇਗੀ।

ਇੰਞ, ਦਾਜ ਨੂੰ ਸਮਾਜਿਕ ਮੁੱਦੇ ਵਜੋਂ ਪ੍ਰਵਾਨਗੀ ਦੇਣ ਜਾਂ ਰੱਦ ਕਰਨ ਨਾਲ ਦਾਜ ਦੀ ਚਾਲਕ-ਸ਼ਕਤੀ ਉਨ੍ਹਾਂ ਸਮਿਆਂ ਵਿਚ ਖੁੰਢੀ ਹੋ ਜਾਂਦੀ ਹੈ ਜਦੋਂ ਖ਼ੁਦ ਔਰਤਾਂ ਦਰਮਿਆਨ ਨਾਬਰਾਬਰ ਅਸਾਸਿਆਂ ਅਤੇ ਜਾਇਦਾਦ ਦਾ ਪਾੜਾ ਵਧਦਾ ਜਾ ਰਿਹਾ ਹੋਵੇ। ਇਸ ਤੋਂ ਅੱਗੇ, ਇਸ ਪ੍ਰਬੰਧ ਦਾ ਬ੍ਰਾਹਮਣਵਾਦੀ ਮੁੱਢ ਹਿੰਦੂ ਧਰਮ ਤੋਂ ਕਿਤੇ ਪਾਰ ਤੱਕ ਫੈਲਿਆ ਹੋਇਆ ਹੈ।[7] ਦਾਜ ਨੂੰ ਸਹੁਰਿਆਂ ਨੂੰ ਖ਼ੁਸ਼ ਕਰਨ ਦੇ ਸਾਧਨ ਵਜੋਂ ਜਾਂ ਕੁੜੀ ਦੇ ਪੇਕਾ ਪਰਿਵਾਰ ਦੇ ਵਸੀਲਿਆਂ ਵਿਚੋਂ ਹਿੱਸੇ ਵਜੋਂ ਜ਼ਿਕਰ ਕਰਨ ਨਾਲ ਉਸ ਵਿਹਾਰ ਉੱਪਰ ਵਿਚਾਰਧਾਰਕ ਤੌਰ 'ਤੇ ਸਵਾਲ ਉਠਾਉਣਾ ਸੰਭਵ ਨਹੀਂ ਹੋ ਜਾਂਦਾ ਜੋ ਸੱਭਿਆਚਾਰਕ ਤੇ ਸਮਾਜਿਕ ਰੋਕਾਂ ਰਾਹੀਂ ਔਰਤਾਂ ਨੂੰ ਵਿਰਾਸਤੀ ਹੱਕ ਤੋਂ ਵਾਂਝੇ ਕਰਨ ਅਤੇ ਉਨ੍ਹਾਂ ਨੂੰ ਅਧੀਨ ਬਣਾਈ ਰੱਖਣ 'ਤੇ ਅਧਾਰਤ ਹੈ। ਦਾਜ ਅਤੇ ਇਸਤਰੀ-ਧਨ ਦੋਵੇਂ ਅਕਸਰ ਹੀ ਪਰਿਵਾਰਕ ਰੁਤਬੇ ਦਾ ਪ੍ਰਗਟਾਵਾ ਬਣ ਜਾਂਦੇ ਹਨ। ਸ਼ਾਇਦ, ਧਨਾਢ ਟੱਬਰ ਮੁੰਡਿਆਂ ਦੇ ਵਿਆਹਾਂ ਉੱਪਰ ਵੀ ਵੱਡੀਆਂ ਰਕਮਾਂ ਖ਼ਰਚ ਕਰਦੇ ਹਨ। ਜਦਕਿ, ਜੇ ਅਸੀਂ ਛੋਟੀ ਜਾਇਦਾਦ ਮਾਲਕ ਜਮਾਤ ਤੋਂ ਬਾਹਰ ਨਿਕਲ ਜਾਈਏ ਤਾਂ ਅਸੀਂ ਦੇਖਦੇ ਹਾਂ ਕਿ ਦਾਜ ਦੇ ਜ਼ੁਲਮ ਨੇ ਦਲਿਤਾਂ ਅਤੇ ਬੇਜ਼ਮੀਨਿਆਂ ਅਤੇ ਛੋਟੇ ਕਿਸਾਨਾਂ ਦੇ ਨੱਕ 'ਚ ਦਮ ਕੀਤਾ ਹੋਇਆ ਹੈ।

ਦਾਜ ਵਿਰੁੱਧ ਸੰਘਰਸ਼ ਨੂੰ ਇਸ ਤਰ੍ਹਾਂ ਪ੍ਰਚੰਡ ਕਰਨਾ ਤਾਂ ਜੋ ਇਹ ਸਮਾਜ ਦੇ ਆਰਥਕ ਪੱਖੋਂ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਹਿੱਸਿਆਂ ਦੀਆਂ ਔਰਤਾਂ ਤੱਕ ਪਹੁੰਚ ਜਾਵੇ, ਵਿਚ ਬਹੁਤ ਸਾਰੀਆਂ ਮੁਸ਼ਕਲਾਂ ਹਨ। ਜਿਵੇਂ ਪੂਰੇ ਦੇਸ਼ 'ਚ ਦਾਜ ਵਿਰੋਧੀ ਮੁਹਿੰਮਾਂ 'ਚ ਜਾਇਦਾਦ ਵਿਚ ਔਰਤਾਂ ਦੇ ਬਰਾਬਰ ਹਿੱਸੇ ਅਤੇ ਕਾਨੂੰਨੀ ਹੱਕਾਂ ਨੂੰ ਮੁਖ਼ਾਤਬ ਹੋਇਆ ਗਿਆ, ਜੋ ਅਕਸਰ ਹੀ ਬਹੁਗਿਣਤੀ ਨੂੰ ਹਾਸਲ ਨਹੀਂ ਹੋ ਸਕਦੇ, ਇਹ ਕਮਜ਼ੋਰੀ ਇਨ੍ਹਾਂ ਮੁਹਿੰਮਾਂ ਦੇ ਇਤਿਹਾਸ ਤੋਂ ਵੱਡੇ ਪੱਧਰ 'ਤੇ ਪ੍ਰਤੱਖ ਹੈ। ਜਾਇਦਾਦ ਅਤੇ ਸਹੁਰਾ ਘਰ ਵਿਚ ਬਰਾਬਰ ਹੱਕ ਦੀ ਮੱਧਵਰਗੀ ਹੱਕ-ਜਤਾਈ 'ਚ ਉਸ ਹਕੀਕਤ ਨੂੰ ਸ਼ਾਮਲ ਕਰਨ ਦੀ ਲੋੜ ਹੈ ਜੋ ਹਕੀਕਤ ਅੱਜਕੱਲ੍ਹ ਨੌਜਵਾਨ ਔਰਤਾਂ ਦੀ ਅਜੋਕੀ ਪੀੜ੍ਹੀ, ਖ਼ਾਸ ਕਰਕੇ ਸਨਅਤੀ ਮਜ਼ਦੂਰ ਜਮਾਤ, ਸ਼ਹਿਰੀ ਗ਼ਰੀਬਾਂ ਅਤੇ ਕਿਸਾਨੀ ਦੀਆਂ ਔਰਤਾਂ ਦੀ ਹੈ।

---

7. ਰੰਜਨਾ ਕੁਮਾਰੀ, 1999: ਜਿਵੇਂ ਕਈ ਅਧਿਐਨਾਂ ਨੇ ਸਾਬਤ ਕੀਤਾ ਹੈ, ਦਾਜ ਕਾਰਨ ਮੌਤਾਂ (1999 'ਚ ਪ੍ਰਕਾਸ਼ਤ ਰੰਜਨਾ ਕੁਮਾਰੀ ਦੇ ਅਧਿਐਨ ਦੀ ਰਿਪੋਰਟ) ਇਸ਼ਾਰਾ ਕਰਦੀ ਹੈ ਕਿ 150 ਮਾਮਲਿਆਂ ਵਿਚੋਂ 68% ਕੁੜੀਆਂ ਹਿੰਦੂ ਪਰਿਵਾਰਾਂ ਵਿਚੋਂ ਸਨ, 17% ਮੁਸਲਮਾਨ ਅਤੇ 15% ਸਿੱਖ ਪਰਿਵਾਰਾਂ ਵਿਚੋਂ ਸਨ। ਦਿੱਲੀ 'ਚ ਵਸੋਂ ਦੇ ਲਿਹਾਜ਼ ਨਾਲ ਮਗਰਲੇ ਦੋ ਭਾਈਚਾਰਿਆਂ 'ਚ ਇਹ ਗਿਣਤੀ ਬਹੁਤ ਹੀ ਜ਼ਿਆਦਾ ਸੀ। ਇਨ੍ਹਾਂ ਮੌਤਾਂ ਵਿਚੋਂ ਸਿਰਫ਼ 8% ਹੀ ਉੱਚ ਜਾਤੀ ਹਿੰਦੂ ਸਨ, ਬਾਕੀ ਦੀਆਂ ਨੀਵੀਂਆਂ ਜਾਤਾਂ ਦੇ ਸ਼ਹਿਰੀ ਪਰਿਵਾਰਾਂ ਵਿਚ ਹੋਈਆਂ ਸਨ। ਸਫ਼ਾ 95, ਏ ਆਈ ਡੀ ਡਬਲਯੂ ਏ.

ਅਸੀਂ ਜਿਹੜੇ ਲੋਕ ਔਰਤਾਂ ਦੀ ਲਹਿਰ 'ਚ ਸ਼ਾਮਲ ਹਾਂ, ਸਾਨੂੰ ਦਾਜ ਨੂੰ ਛਾਂਟੀਆਂ, ਫ਼ੈਕਟਰੀਆਂ ਬੰਦ ਹੋਣ, ਨੌਕਰੀਆਂ ਦੀ ਅਣਹੋਂਦ, ਉਜਾੜੇ ਅਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਨਵੇਂ ਸਿਲਸਿਲੇ ਤਹਿਤ ਦੇਖਣ-ਸੋਚਣ ਦੀ ਲੋੜ ਹੈ ਜੋ ਵਬਾ ਬਣਕੇ ਫੈਲ ਚੁੱਕਾ ਹੈ। ਸ਼ਾਇਦ ਫੇਰ ਦਾਜ ਵਿਰੁੱਧ ਮੁਹਿੰਮ ਨੂੰ ਔਰਤਾਂ ਦੇ ਉਨ੍ਹਾਂ ਹਿੱਸਿਆਂ ਨਾਲ ਨਵੀਂ ਤਾਕਤ ਮਿਲ ਜਾਵੇਗੀ ਜੋ ਸਭ ਤੋਂ ਵੱਧ ਨਿਤਾਣੀਆਂ ਮੰਨੀਆਂ ਜਾਂਦੀਆਂ ਹਨ। ਅਤੇ ਬੇਸ਼ੱਕ, ਫੇਰ ਮਜ਼ਦੂਰ ਜਮਾਤ ਅਤੇ ਕਿਸਾਨ ਔਰਤਾਂ ਦੇ ਹੱਕ ਆਪਣੇ ਆਪ ਹੀ ਉਨ੍ਹਾਂ ਢਾਂਚਾਗਤ ਨਾਬਰਾਬਰੀਆਂ ਨੂੰ ਮੁਖ਼ਾਤਬ ਹੋਣਗੇ ਜੋ ਔਰਤਾਂ ਅੰਦਰ ਵਿਸ਼ਾਲ ਜਮਾਤੀ ਅਤੇ ਸਮਾਜਿਕ ਵੰਡੀਆਂ ਪੈਦਾ ਕਰ ਰਹੀਆਂ ਹਨ। ਵਿਸ਼ੇਸ਼ ਅਧਿਕਾਰ ਬਣੀ ਜਾਇਦਾਦ ਨੂੰ ਚੁਣੌਤੀ ਦੇਣ ਦੀ ਲੋੜ ਹੈ, ਇਸ ਨਾਲ ਇਨ੍ਹਾਂ ਔਰਤਾਂ ਲਈ ਜਗੀਰੂ ਅਤੇ ਮਰਦ ਪ੍ਰਧਾਨ ਢਾਂਚਿਆਂ ਉੱਪਰ ਨਿਰਭਰ ਹੋਏ ਬਗ਼ੈਰ ਆਪਣਾ ਭਵਿੱਖ ਤਰਾਸ਼ਣ ਦੀਆਂ ਸੰਭਾਵਨਾਵਾਂ ਦਾ ਰਾਹ ਪੱਧਰਾ ਹੋ ਜਾਵੇਗਾ।

ਸੰਨ 1900 ਦੇ ਪੰਜਾਬ ਭੋਂਇ ਅਲਹਿਦਗੀ ਕਾਨੂੰਨ ਦਾ ਇਕ ਸਭ ਤੋਂ ਪ੍ਰਭਾਵਸ਼ਾਲੀ ਨਤੀਜਾ ਇਹ ਨਿਕਲਿਆ ਕਿ ਜ਼ਮੀਨ ਵੇਚੇ-ਖ਼ਰੀਦੇ ਜਾਣ ਵਾਲੀ ਜਿਣਸ ਬਣਾ ਦਿੱਤੀ ਗਈ। ਜਿਵੇਂ ਵੀਨਾ ਓਲਡਨਬਰਗ ਨੇ ਦਿਖਾਇਆ ਹੈ, ਅੰਗਰੇਜ਼ਾਂ ਵਲੋਂ ਲਗਾਨ ਨੂੰ ਤਰਕਸੰਗਤ ਅਤੇ ਆਧੁਨਿਕ ਬਣਾਉਣ ਦੇ ਫ਼ੈਸਲੇ ਨੇ ਔਰਤਾਂ ਨੂੰ ਜ਼ਮੀਨ ਦੇ ਹਰ ਤਰ੍ਹਾਂ ਦੇ ਹੱਕ ਤੋਂ ਵਾਂਝੇ ਕਰ ਦਿੱਤਾ। ਮਰਦ ਨੂੰ ਮਲਕੀਅਤੀ ਹੱਕ ਹਾਸਲ ਹੋਣ ਨਾਲ ਜ਼ਮੀਨ ਦੀ ਵਰਤੋਂ ਅਤੇ ਉਪਜ ਉੱਪਰ ਵੱਖ-ਵੱਖ ਹੋਰ ਮੈਂਬਰਾਂ ਦੇ ਦਾਅਵਿਆਂ ਦਾ ਵੀ ਭੋਗ ਪੈ ਗਿਆ। ਮਰਦ ਦੀ ਮਾਲਕੀ ਜਾਂ ਮਲਕੀਅਤ ਹੋਂਦ 'ਚ ਆ ਜਾਣ ਨਾਲ ਉਸ ਮਲਕੀਅਤ ਦੇ ਹੋਰ ਹਿੱਸੇਦਾਰ—ਪਤਨੀਆਂ, ਨਾਬਾਲਗ ਬੱਚੇ, ਵਿਧਵਾ ਮਾਵਾਂ ਅਤੇ ਅਣਵਿਆਹੀਆਂ ਧੀਆਂ—ਵੀ ਉਸ ਮਾਲਕ ਵਿਚ ਸਮੇਟ ਦਿੱਤੇ ਗਏ।[8]

ਗੁਜ਼ਾਰੇ ਲਈ ਖੇਤੀਬਾੜੀ ਉੱਪਰ ਨਿਰਭਰ ਦਹਿ-ਲੱਖਾਂ ਔਰਤਾਂ ਦੀ ਰੋਟੀ-ਰੋਜ਼ੀ ਅਤੇ ਅਧਿਕਾਰ ਮਿਲਣ ਦੀਆਂ ਸੰਭਾਵਨਾਵਾਂ ਉੱਪਰ ਜ਼ਮੀਨ ਬਾਰੇ ਉਨ੍ਹਾਂ ਦੇ ਕਾਨੂੰਨੀ ਹੱਕਾਂ ਦਾ ਅਸਰ ਪੈਂਦਾ ਹੈ। ਤਾਜ਼ਾ ਹਿੰਦੂ ਵਿਰਾਸਤ (ਸੋਧ) ਐਕਟ-2005 ਨਾਲ ਬਹੁਤ ਸਾਰੀਆਂ ਔਰਤਾਂ ਲਈ ਇਹ ਸੰਭਾਵਨਾਵਾਂ ਵਧ ਗਈਆਂ ਹਨ। ਪਰ ਅਸੀਂ ਹਾਲੇ ਇਹ ਦੇਖਣਾ ਹੈ ਕਿ ਇਸ ਉੱਤੇ ਅਮਲ ਕੀਤੇ ਜਾਣ ਅਤੇ ਇਸ ਨੂੰ ਲਾਗੂ ਕੀਤੇ ਜਾਣ ਦੌਰਾਨ ਕੀ ਸਿੱਟੇ ਨਿਕਲਦੇ ਹਨ।

ਵਰਿਆਂ ਬੱਧੀ ਅਧੀਨਗੀ ਔਰਤਾਂ ਦੇ ਆਪਣਾ ਬਣਦਾ ਹੱਕ ਲੈਣ ਦੀ ਯੋਗਤਾ ਨੂੰ ਬੇਹਿੱਸ ਕਰ ਦਿੰਦੀ ਹੈ। ਮਰਦ ਪ੍ਰਧਾਨ ਟੱਬਰ ਵੀ ਔਰਤਾਂ ਦਾ ਹੱਕ ਨਹੀਂ ਦੇਣਾ ਚਾਹੁੰਦਾ, ਖ਼ਾਸ ਕਰਕੇ ਪਤੀ ਦੇ ਖ਼ੁਦਕੁਸ਼ੀ ਕਰ ਲਏ ਜਾਣ ਤੋਂ ਬਾਅਦ। ਵਿਰੋਧਾਭਾਸ ਦੇਖੋ, ਜਿਹੜੀ ਔਰਤ ਆਪਣਾ ਬਣਦਾ ਹੱਕ ਮੰਗ ਲੈਂਦੀ ਹੈ ਉਸ ਨੂੰ "ਭੈੜੀ" ਜਾਂ "ਭੁੱਖੀ" ਸਮਝਿਆ ਜਾਂਦਾ ਹੈ ਜਦਕਿ ਇਸ ਵਿਚ ਸਹਾਇਤਾ ਕਰਨ ਵਾਲੇ ਸਹੁਰੇ

---

8. ਵੀਨਾ ਤਲਵਾੜ ਓਲਡਨਬਰਗ, ਦਾਜ ਦੇ ਕਤਲ: ਸੱਭਿਆਚਾਰਕ ਜੁਰਮ ਦੀ ਸ਼ਾਹੀ ਉਤਪਤੀ, ਸਫ਼ਾ 133।

ਨੂੰ ਪਰਉਪਕਾਰੀ ਸਮਝਿਆ ਜਾਂਦਾ ਹੈ। ਦੋਵੇਂ ਇਕੋ ਚੀਜ਼ ਚਾਹੁੰਦੇ ਹਨ ਪਰ ਇਨ੍ਹਾਂ ਭੂਮਿਕਾਵਾਂ ਨੂੰ ਸਮਾਜ ਅਤੇ ਸੱਭਿਆਚਾਰ ਤੈਅ ਕਰਦੇ ਹਨ ਕਿ ਉਹ ਸ਼ਾਂਤਮਈ ਰਹਿਣਗੇ ਜਾਂ ਸਰਾਪੀ ਜ਼ਿੰਦਗੀ ਜਿਊਣਗੇ। ਅਜਿਹਾ ਹੋਣ 'ਤੇ ਔਰਤ ਨੂੰ ਤਾਂ ਪਰਿਵਾਰ ਨੂੰ ਖੇਰੂੰ-ਖੇਰੂੰ ਕਰਨ ਵਾਲੀ ਸਮਝਿਆ ਜਾਂਦਾ ਹੈ ਪਰ ਉਸ ਨੂੰ ਬਣਦਾ ਹੱਕ ਦੇਣ ਵਾਲੇ ਸਹੁਰਿਆਂ ਨੂੰ ਪਰਿਵਾਰ ਨੂੰ ਇਕੱਠਾ ਰੱਖਣ ਵਾਲੇ ਮੰਨਿਆ ਜਾਂਦਾ ਹੈ।

ਸਪਸ਼ਟ ਹੈ ਕਿ ਅਚੱਲ ਜਾਇਦਾਦ ਪਰਿਵਾਰ ਦੇ ਹੱਥੋਂ ਨਿਕਲਣ ਦੀ ਸੰਭਾਵਨਾ ਪ੍ਰੇਸ਼ਾਨੀ ਖੜ੍ਹੀ ਕਰਦੀ ਹੈ। ਫੇਰ ਵੀ, ਕੁਝ ਮਾਮਲਿਆਂ 'ਚ ਔਰਤਾਂ ਨੂੰ ਆਪਣੇ ਹੱਕ ਜਤਾਉਂਦਿਆਂ ਦੇਖਣਾ ਉਤਸ਼ਾਹ ਦਿੰਦਾ ਹੈ। ਇਹ ਮਿਸਾਲਾਂ ਆਟੇ 'ਚ ਲੂਣ ਬਰਾਬਰ ਹਨ, ਪਰ ਇਹ ਸਪਸ਼ਟ ਤੌਰ 'ਤੇ ਹੱਕ-ਜਤਾਈ ਅਤੇ ਨਾਲ ਹੀ ਇਸ 'ਚ ਰੁਕਾਵਟਾਂ ਦੀਆਂ ਸੰਭਾਵਨਾਵਾਂ ਨੂੰ ਦਰਸਾਉਂਦੀਆਂ ਹਨ। ਕੁਝ ਔਰਤਾਂ ਹੱਕਾਂ ਬਾਰੇ ਜਾਗਰੂਕ ਹਨ ਪਰ ਸਮਾਜਿਕ ਤੌਰ 'ਤੇ ਅਲੱਗ-ਥਲੱਗ ਹੋ ਜਾਣ ਦੇ ਡਰੋਂ ਸ਼ਰੇਆਮ ਮੁਕੱਦਮੇਬਾਜ਼ੀ ਕਰਨ ਦੀ ਹਾਲਤ 'ਚ ਨਹੀਂ ਹਨ। ਉਨ੍ਹਾਂ ਨੂੰ ਸ਼ਾਇਦ ਹੀ ਕੋਈ ਮਦਦ ਮਿਲਦੀ ਹੈ। ਪੰਚਾਇਤਾਂ ਅਤੇ ਕਿਸਾਨ ਜਥੇਬੰਦੀਆਂ ਉਨ੍ਹਾਂ ਦੇ ਹੱਕ ਦਿਵਾਉਣ 'ਚ ਅਕਸਰ ਭੂਮਿਕਾ ਨਿਭਾਉਂਦੀਆਂ ਹਨ ਪਰ ਉਨ੍ਹਾਂ ਦੀ ਭੂਮਿਕਾ ਜ਼ਿਆਦਾਤਰ ਰਾਜ਼ੀਨਾਮਾ ਕਰਾਉਣ ਦੀ ਹੁੰਦੀ ਹੈ। ਬੇਸ਼ੱਕ, ਭਾਵੇਂ ਜਾਇਦਾਦ ਦੇ ਜਾਇਜ਼ ਹੱਕ ਬਾਰੇ ਉਨ੍ਹਾਂ ਦੀ ਚੇਤਨਾ ਅਤੇ ਘੋਲਾਂ ਨੇ ਉਨ੍ਹਾਂ ਦੀ ਸੌਦੇਬਾਜ਼ੀ ਦੀ ਸਮਰੱਥਾ ਵਧਾਈ ਹੈ, ਪਰ ਥੋੜ੍ਹੀ ਜ਼ਮੀਨ ਵਾਲੀਆਂ ਜਾਂ ਬੇਜ਼ਮੀਨੀਆਂ ਦਲਿਤ ਔਰਤਾਂ ਨੂੰ ਨਵੇਂ ਹਾਲਾਤ ਦੀਆਂ ਬੇਕਾਬੂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਖ਼ਿਰ ਇਹ ਜਿਸ ਹਾਲਤ ਵਿਚ ਵਾਪਰ ਰਿਹਾ ਹੈ ਉਸ ਉੱਪਰ ਸੰਘਣੇ ਸਰਮਾਏ ਦੀ ਖੇਤੀਬਾੜੀ ਦੀਆਂ ਉਨ੍ਹਾਂ ਨੀਤੀਆਂ ਅਤੇ ਅਮਲਾਂ ਦਾ ਡੂੰਘਾ ਅਸਰ ਹੈ ਜਿਨ੍ਹਾਂ ਨੇ ਜ਼ਮੀਨ ਅਤੇ ਖੇਤੀਬਾੜੀ ਦੋਵਾਂ ਨੂੰ ਗ਼ੈਰਟਿਕਾਊ ਬਣਾ ਦਿੱਤਾ ਹੈ। ਅਸਾਸਿਆਂ ਵਜੋਂ ਜ਼ਮੀਨ ਵੱਡੇ ਭੋਂਇ ਮਾਲਕਾਂ ਦੇ ਹੱਥਾਂ 'ਚ ਜਾ ਰਹੀ ਹੈ ਜਦਕਿ ਛੋਟੇ ਅਤੇ ਥੁੜਜ਼ਮੀਨੇ ਕਿਸਾਨ ਜ਼ਮੀਨ ਵੇਚਕੇ ਵੱਡੀ ਗਿਣਤੀ 'ਚ ਖੇਤੀ ਵਿਚੋਂ ਬਾਹਰ ਹੋ ਰਹੇ ਹਨ।

ਫ਼ਿਰੋਜ਼ਪੁਰ ਜ਼ਿਲ੍ਹੇ ਦੇ ਮਮਦੋਟ ਬਲਾਕ ਦੀ ਹਾਈ ਸਕੂਲ ਵਿਚ ਪੜ੍ਹਦੀ 16 ਸਾਲ ਦੀ ਕੁੜੀ ਨੇ ਕਿਹਾ ਕਿ ਜਦੋਂ ਉਸ ਦੀ ਮਾਂ ਨੇ ਉਨ੍ਹਾਂ ਖ਼ਰਚਿਆਂ ਦਾ ਜ਼ਿਕਰ ਕੀਤਾ ਜੋ ਦੋ ਸਾਲਾਂ ਨੂੰ ਉਸ ਦੇ ਵਿਆਹ ਲਈ ਜੁਟਾਉਣੇ ਪੈਣਗੇ ਤਾਂ ਕੁੜੀ ਨੇ ਇੱਛਾ ਜ਼ਾਹਿਰ ਕੀਤੀ ਕਿ ਉਹ ਪੜ੍ਹਾਈ ਕਰੇਗੀ ਅਤੇ ਕੰਮ ਕਰੇਗੀ ਅਤੇ ਵਿਆਹ ਨਹੀਂ ਕਰਾਏਗੀ। ਅਸਲ ਵਿਚ ਕੁੜੀ ਟੱਬਰ ਦੀ ਆਰਥਕ ਹਾਲਤ ਤੋਂ ਬੁਰੀ ਤਰ੍ਹਾਂ ਪ੍ਰੇਸ਼ਾਨ ਹੈ।

ਉਸਨੇ ਕਿਹਾ, "ਅਸੀ ਦੋ ਲੱਖ ਰੁਪਏ ਕਰਜ਼ਾ ਕਿਵੇਂ ਮੋੜਾਂਗੇ? ਵੇਚਣ ਲਈ ਕਿੰਨੀ ਕੁ ਜ਼ਮੀਨ ਹੈ? ਸਾਡੇ ਕੋਲ ਸਿਰਫ਼ ਛੇ ਕਨਾਲ ਪੈਲੀ ਹੈ ਇਹ ਵੇਚ ਦਿੱਤੀ ਤਾਂ ਅਸੀਂ ਗੁਜ਼ਾਰਾ ਕਿਵੇਂ ਕਰਾਂਗੇ? ਵਿਆਹ ਅਤੇ ਪੜ੍ਹਾਈ ਵੀ ਤਦ ਹੀ ਸੰਭਵ ਹੈ ਜੇ ਤੁਸੀਂ ਜ਼ਮੀਨ ਵੇਚ ਸਕਦੇ ਹੋ ਅਤੇ ਸਾਡੇ ਕੋਲ ਜ਼ਮੀਨ ਹੈ ਕਿਥੇ? ਸੋ ਤੁਸੀਂ ਸਾਡੇ ਤੋਂ ਕੀ ਆਸ ਕਰਦੇ ਹੋ? ਕੋਈ ਹੱਲ ਹੈ ਹੀ ਨਹੀਂ। ਇਕ ਸਾਲ 'ਚ ਫ਼ਸਲਾਂ ਤੋਂ ਸਾਡੇ ਪੱਲੇ ਮਸਾਂ ਹੀ 20,000 ਰੁਪਏ ਪੈਂਦੇ ਹਨ। ਸਾਡਾ ਰੋਜ਼ ਦਾ ਖ਼ਰਚਾ ਦੁੱਧ

ਵੇਚਕੇ ਚੱਲਦੈ।”[9]

ਉਸ ਦੀ ਚਿੰਤਾ ਸੀ ਕਿ ਜ਼ਮੀਨ ਉਸਦੇ ਵਿਆਹ ਲਈ ਵੇਚੀ ਜਾਵੇ, ਪੜ੍ਹਾਈ ਲਈ ਜਾਂ ਕਰਜ਼ਾ ਲਾਹੁਣ ਲਈ। ਮੌਕਿਆਂ ਦੀ ਮੁਕੰਮਲ ਅਣਹੋਂਦ ਦੀ ਗੱਲ ਕਰਨ ਸਮੇਂ ਉਹ ਜਿੰਨੀ ਪ੍ਰੇਸ਼ਾਨ ਸੀ, ਉਸਦਾ ਕਥਨ ਉਨ੍ਹਾਂ ਬਹੁਤੇ ਪਰਿਵਾਰਾਂ ਬਾਰੇ ਸੱਚ ਹੈ ਜਿਨ੍ਹਾਂ ਨੂੰ ਅਸੀਂ ਮਿਲੇ। ਇਨ੍ਹਾਂ ਨੌਜਵਾਨ ਮੁੰਡੇ-ਕੁੜੀਆਂ ਲਈ ਭਵਿੱਖ ਦੀ ਮੁੱਠੀ ਵਿਚ ਕੀ ਹੈ? ਉਨ੍ਹਾਂ ਦੇ ਭਵਿੱਖ ’ਚ ਦਿਲਚਸਪੀ ਰੱਖਣ ਵਾਲੀਆਂ ਸਮਾਜਿਕ ਅਤੇ ਅਗਾਂਹਵਧੂ ਤਾਕਤਾਂ ਕੀ ਕਰ ਰਹੀਆਂ ਹਨ?

9. ਕੁਝ ਮੁਲਾਕਾਤਾਂ ’ਚ ਮਾਵਾਂ ਨਾਲ ਗੱਲ ਕਰਨ ਸਮੇਂ ਸਕੂਲ ਜਾਂਦੀਆਂ ਧੀਆਂ ਉਨ੍ਹਾਂ ਦਾ ਅਨੁਵਾਦ ਹਿੰਦੀ ’ਚ ਕਰਨ ’ਚ ਮਦਦ ਕਰਦੀਆਂ ਸਨ। ਇਸ ਅਮਲ ’ਚ, ਉਹ ਆਪ ਵੀ ਗੱਲਬਾਤ ਦਾ ਹਿੱਸਾ ਬਣ ਜਾਂਦੀਆਂ। ਇਕ ਸਮੇਂ ਉਹ ਮਾਵਾਂ ਦੀ ਗੱਲ ਨੂੰ ਸਹਿਮੀਆਂ ਹੋਈਆਂ ਜਾਂ ਮਾਣ ਨਾਲ ਸੁਣਦੀਆਂ ਅਤੇ ਹੋਰ ਮੌਕੇ ਉਹ ਆਪਣੇ ਵਿਚਾਰ ਵੀ ਦੱਸਣ ਲੱਗ ਜਾਂਦੀਆਂ। ਬੇਸ਼ੱਕ ਇਹ ਪਲ ਬੜੇ ਭਾਵੁਕ ਅਤੇ ਮਨ ਦੀ ਘੁੰਢੀ ਖੋਹਲਣ ਵਾਲੇ ਸਨ। ਜਦੋਂ ਘਰ ਦੇ ਮਰਦ ਨੇੜੇ-ਤੇੜੇ ਨਹੀਂ ਹੁੰਦੇ ਸਨ ਤਾਂ ਇਹ ਕੁੜੀ ਪੂਰੇ ਪਰਿਵਾਰ ਵਲੋਂ ਗੱਲ ਕਰਨ ਸਮੇਂ ਵਿਸ਼ੇਸ਼ ਖ਼ੂਬੀ ਨਾਲ ਆਪਣੀ ਗੱਲ ਕਰਦੀ ਸੀ। ਅੰਤ ’ਚ, ਉਸਨੇ ਕਿਹਾ, “ਜ਼ਰਾ ਸਾਡਾ ਘਰ ਦੇਖੋ, ਐਨਾ ਵੱਡਾ ਘਰ ਦੇਖਕੇ ਕੋਈ ਵੀ ਵਿਸ਼ਵਾਸ ਨਹੀਂ ਕਰੇਗਾ ਅਸੀਂ ਕਿੰਨੇ ਗ਼ਰੀਬ ਹਾਂ। ਅਸਲ ’ਚ ਅਸੀਂ ਇਸ ਵਿਚ ਸਿਰਫ਼ ਰਹਿ ਰਹੇ ਹਾਂ। ਸਾਡੇ ਪੱਲੇ ਕੱਖ ਨਹੀਂ ਹੈ। ਅਸੀਂ ਕਦੇ ਕੋਈ ਨਵੀਂ ਚੀਜ਼ ਨਹੀਂ ਖ਼ਰੀਦਦੇ।” ਫੇਰ ਉਸਨੇ ਡੂੰਘੀ ਸੋਚਕੇ ਕਿਹਾ ਕਿ ਜੇ ਇਕ ਕੁੜੀ ਕੰਮ ਕਰਦੀ ਜਾਂ ਕਮਾਉਂਦੀ ਹੈ, ਉਹ ਆਪਣੇ ਮਾਂ ਦੇ ਪਰਿਵਾਰ ’ਚ ਸ਼ਾਇਦ ਹੀ ਕਦੇ ਮਦਦ ਕਰ ਸਕਦੀ ਹੋਵੇ। ਜਾਪਦਾ ਸੀ ਕਿ ਇਹ ਕੁੜੀ ਹੀ ਆਪਣੀ ਮਾਂ ਅਤੇ ਦੋ ਭਰਾਵਾਂ ਲਈ ਇਕੋ ਇਕ ਪ੍ਰੇਰਨਾ ਸਰੋਤ ਹੈ। ਉਸ ਦੀ ਮਾਂ ਨੇ ਪੂਰੀ ਸਿਆਣਪ ਨਾਲ ਕਿਹਾ ਕਿ ਹਰ ਥਾਂ ਗ਼ਰੀਬ ਕਿਸਾਨਾਂ ਦੀ ਇਹੋ ਦਰਦ ਕਹਾਣੀ ਹੈ।



ਕਾਂਡ ਚੌਥਾ

ਬੀਮਾਰ ਆਰਥਿਕਤਾ 'ਚ ਬੀਮਾਰੀਆਂ ਨਾਲ ਜਦੋਜਹਿਦ

ਹਰ ਏਕ ਜਿਸਮ ਘਾਇਲ, ਹਰ ਏਕ ਰੂਹ ਪਯਾਸੀ,
ਨਿਗਾਹੋਂ ਮੇਂ ਉਲਝਨ, ਦਿਲੋਂ ਮੇਂ ਉਦਾਸੀ,
ਯੇ ਦੁਨੀਆ ਹੈ ਯਾ ਆਲਮ-ਏ-ਬਦਹਵਾਸੀ,
ਯੇ ਦੁਨੀਆ ਅਗਰ ਮਿਲ ਭੀ ਜਾਏ ਤੋ ਕਯਾ ਹੈ।

ਪੰਜਾਬ ਅੰਦਰ ਜ਼ਰੱਈ ਸੰਕਟ ਕਿਸਾਨੀ 'ਤੇ ਬੇਸ਼ੁਮਾਰ ਤਰੀਕਿਆਂ ਨਾਲ ਅਸਰਅੰਦਾਜ਼ ਹੋ ਰਿਹਾ ਹੈ—ਘੋਰ ਚਿੰਤਾ, ਇਸ ਦੇ ਨਾਲੋ-ਨਾਲ ਨੀਂਦ ਨਾ ਆਉਣਾ ਜਾਂ ਦਿਲ ਦੀ ਧੜਕਣ ਤੇਜ਼ ਹੋਣਾ, ਔਰਤਾਂ 'ਚ ਆਮ ਹੈ। ਮਰਦਾਂ 'ਚ ਸ਼ਰਾਬ ਦਾ ਨਸ਼ਾ ਅਤੇ ਦਵਾਈਆਂ ਉੱਪਰ ਨਿਰਭਰਤਾ ਵੱਡੀ ਗਿਣਤੀ 'ਚ ਮਿਲਦੀ ਹੈ। ਕਈ ਤਰ੍ਹਾਂ ਦੇ ਮਨੋ-ਸਰੀਰਕ ਵਿਗਾੜਾਂ ਨਾਲ ਜੂਝ ਰਹੇ ਪਰਿਵਾਰਾਂ ਨੂੰ ਸਿਹਤ ਉੱਪਰ ਹੋਰ ਖ਼ਰਚੇ ਕਰਨੇ ਪੈਂਦੇ ਹਨ। ਸਰੀਰ ਅਤੇ ਮਨ ਦੇ ਸੂਖ਼ਮ ਰਿਸ਼ਤੇ 'ਚ ਪਈ ਬੇਰਹਿਮ ਦਰਾੜ ਨੇ ਉਨ੍ਹਾਂ ਨੂੰ ਘੋਰ ਨਿਰਾਸ਼ਤਾ 'ਚ ਸੁੱਟ ਦਿੱਤਾ ਹੈ। ਉਨ੍ਹਾਂ ਦੀਆਂ ਜ਼ਿਆਦਾਤਰ ਬੀਮਾਰੀਆਂ ਸਪਸ਼ਟ ਤੌਰ 'ਤੇ ਉਨ੍ਹਾਂ ਦੇ ਸਰੀਰਕ ਮਾਹੌਲ ਦੀ ਸਿੱਧੀ ਪੈਦਾਵਾਰ ਹੈ। ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਅੰਨ੍ਹੀ ਵਰਤੋਂ ਨੇ ਨਾ ਸਿਰਫ਼ ਮਿੱਟੀ, ਪੌਣ ਅਤੇ ਧਰਤੀ ਉੱਤਲੇ ਪਾਣੀ 'ਚ ਐਨੀ ਜ਼ਹਿਰ ਘੋਲ ਦਿੱਤੀ ਹੈ ਜਿਸ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ ਜਾਪਦਾ ਸਗੋਂ ਧਰਤੀ ਹੇਠਲੇ ਪਾਣੀ ਨੂੰ ਵੀ ਬੁਰੀ ਤਰ੍ਹਾਂ ਪਲੀਤ ਕਰ ਦਿੱਤਾ ਹੈ ਜੋ ਪੀਣ ਦੇ ਕੰਮ ਆਉਂਦਾ ਹੈ। ਇਸ ਦਾ ਸਿੱਟਾ ਕੈਂਸਰ ਦੇ ਮਾਮਲਿਆਂ ਦੀ ਗਿਣਤੀ ਵਧਣ 'ਚ ਨਿਕਲਿਆ ਹੈ।[1] ਜਿਹੜਾ ਪੰਜਾਬ ਕਦੇ ਖ਼ੁਸ਼ਹਾਲ ਖੇਤੀਬਾੜੀ ਅਤੇ ਮਿਹਨਤੀ ਕਿਸਾਨੀ ਲਈ ਪ੍ਰਸਿੱਧ ਸੀ, ਉਹ ਹੁਣ ਐਸੀ ਉਦਾਸ ਤਸਵੀਰ ਪੇਸ਼ ਕਰਦਾ ਹੈ ਜੋ ਉੱਘੜਵੀਂ ਮਿਸਾਲ ਹੈ ਕਿ ਮੰਡੀ ਅਤੇ ਰਾਜ ਦੀਆਂ ਤਾਕਤਾਂ ਵਲੋਂ ਮਿਲਕੇ ਕਿਸ ਤਰ੍ਹਾਂ ਦੀ ਯੋਜਨਾਬੱਧ ਨਾਬਰਾਬਰੀ ਪੱਕੇ ਤੌਰ 'ਤੇ ਪੈਦਾ ਕੀਤਾ ਜਾ ਸਕਦੀ ਹੈ।

ਸਿਹਤ ਸੰਭਾਲ ਦਾ ਵਪਾਰੀਕਰਨ ਸਭ ਤੋਂ ਭਿਆਨਕ ਰੁਕਾਵਟ ਪੈਦਾ ਕਰ ਰਿਹਾ ਹੈ, ਜਿਸ ਨਾਲ ਉਨ੍ਹਾਂ ਸਮੱਸਿਆਵਾਂ 'ਚ ਕਈ ਗੁਣਾ ਇਜ਼ਾਫ਼ਾ ਹੋ ਰਿਹਾ ਹੈ ਜਿਨ੍ਹਾਂ ਦਾ ਗ਼ਰੀਬਾਂ ਨੂੰ ਪਹਿਲਾਂ ਹੀ ਸਾਹਮਣਾ ਕਰਨਾ ਪੈ ਰਿਹਾ ਸੀ। ਇਥੇ ਹੁਣ ਇਕ ਪੂਰੀ-ਸੂਰੀ ਸਨਅਤ ਮੌਜੂਦ ਹੈ ਜੋ ਆਪਣੇ ਘਿਣਾਉਣੇ ਉਦੇਸ਼ਾਂ ਦੀ ਪੂਰਤੀ ਲਈ ਜਨਤਾ ਦੀ ਦੁਰਦਸ਼ਾ ਅਤੇ ਬੀਮਾਰੀਆਂ ਉੱਪਰ ਵਧ-ਫੁਲ ਰਹੀ ਹੈ—ਚਾਹੇ ਮੁਨਾਫ਼ੇ ਬਟੋਰਨੇ ਹੋਣ ਜਾਂ ਸਿਆਸੀ ਲਾਹਾ ਲੈਣਾ ਹੋਵੇ। ਸਰਮਾਏਦਾਰੀ ਪ੍ਰਬੰਧ ਪਹਿਲਾਂ ਪੱਕੇ ਤੌਰ 'ਤੇ

---

1. ਦੇਖੋ ਖ਼ਬਰ http://www.hindustantimes.com/News-Feed/India/Cancer-Express/Article1-498286. ਇਹ ਵੈੱਬ ਲਿੰਕ ਆਖ਼ਰੀ ਵਾਰ 24 ਜੂਨ 2010 ਨੂੰ ਖੋਲ੍ਹਿਆ ਗਿਆ।

ਵਾਂਝਾਪਣ ਅਤੇ ਬੀਮਾਰੀਆਂ ਪੈਦਾ ਕਰਦਾ ਹੈ ਅਤੇ ਫੇਰ ਇਲਾਜ ਦੇ ਸਾਧਨ ਮੁਹੱਈਆ ਕਰਕੇ ਤੇਜ਼ੀ ਨਾਲ ਪੈਸਾ ਬਣਾਉਂਦਾ ਹੈ।[2] ਇਹ ਸੰਸਾਰ ਬੈਂਕ ਦੇ ਸਿਖ਼ਰ ਤੋਂ ਸ਼ੁਰੂ ਹੋ ਕੇ ਪਿੰਡਾਂ 'ਚ ਦਵਾਈਆਂ ਦੇਣ ਵਾਲਿਆਂ ਅਤੇ ਕਸਬਿਆਂ ਤੇ ਸ਼ਹਿਰਾਂ ਦੇ ਨਸ਼ਾ-ਛੁਡਾਊ ਕੇਂਦਰਾਂ ਤੱਕ ਪਹੁੰਚਦਾ ਹੈ। ਗ਼ਰੀਬ ਨੂੰ ਇਨ੍ਹਾਂ ਦੀ ਓਨੀ ਲੋੜ ਨਹੀਂ ਹੁੰਦੀ ਜਿੰਨੀ ਇਨ੍ਹਾਂ ਨੂੰ ਗ਼ਰੀਬ ਦੀ।

ਸੰਸਾਰ ਬੈਂਕ ਦੇ ਦਬਾਅ ਹੇਠ, ਪੰਜਾਬ ਸਿਹਤ ਵਿਵਸਥਾ ਨਿਗਮ (ਪੀ ਐੱਚ ਐੱਸ ਸੀ) ਨੇ ਦੋ ਵਾਰ ਹਸਪਤਾਲਾਂ ਦੀ ਫ਼ੀਸ ਵਧਾਉਣ ਦੀ ਕੋਸ਼ਿਸ਼ ਕੀਤੀ, ਪਰ ਜਨਤਾ 'ਚ ਭਾਰੀ ਹਾਹਾਕਾਰ ਮੱਚ ਜਾਣ ਕਾਰਨ ਉਨ੍ਹਾਂ ਨੂੰ ਪਿੱਛੇ ਹਟਣਾ ਪਿਆ। ਜਦਕਿ, ਪੰਜਾਬ ਸਰਕਾਰ ਨੇ ਇਹ ਫ਼ੀਸ ਹੋਰ ਤਰੀਕਿਆਂ ਨਾਲ ਵਧਾ ਦਿੱਤੀ ਹੈ। ਮਿਸਾਲ ਵਜੋਂ ਡਾਕਟਰ ਪਹਿਲਾਂ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਦੇ ਸਨ। ਹੁਣ ਹਰੇਕ ਮਰੀਜ਼ ਨੂੰ ਹਰ ਤਰ੍ਹਾਂ ਦੇ ਮੈਡੀਕਲ ਟੈਸਟਾਂ ਦੇ ਪੈਸੇ ਦੇਣੇ ਪੈਂਦੇ ਹਨ ਅਤੇ ਹਰ ਦਵਾਈ ਬਜ਼ਾਰੋਂ ਖ਼ਰੀਦਣੀ ਪੈਂਦੀ ਹੈ। ਇਹ ਫ਼ੀਸਾਂ ਲਾਗੂ ਕੀਤੇ ਜਾਣ ਤੋਂ ਬਾਅਦ ਮਰੀਜ਼ਾਂ ਦੀ ਆਮਦ 'ਚ 20 ਤੋਂ ਲੈ ਕੇ 40% ਕਮੀ ਆਈ ਹੈ। ਇਸ ਦੀ ਵਜ੍ਹਾ ਇਹ ਹੈ ਕਿ ਗ਼ਰੀਬ ਲੋਕ ਇਹ ਖ਼ਰਚੇ ਨਹੀਂ ਦੇ ਸਕਦੇ।[3]

ਗ਼ਰੀਬਾਂ ਤੱਕ ਸਿਹਤ ਸੇਵਾਵਾਂ ਪਹੁੰਚਾਉਣ ਲਈ ਰਾਜ ਦੀ ਦਖ਼ਲਅੰਦਾਜ਼ੀ ਨੇ ਕੌਮਾਂਤਰੀ ਏਜੰਸੀਆਂ ਵਾਸਤੇ ਭ੍ਰਿਸ਼ਟਾਚਾਰ ਅਤੇ ਹੇਰਾਫੇਰੀ ਕਰਨ ਦਾ ਰਾਹ ਸਾਫ਼ ਕਰ ਦਿੱਤਾ ਹੈ। ਇਸ ਅਮਲ 'ਚ ਗ਼ਰੀਬ ਨੂੰ ਹੋਰ ਨਿਚੋੜਿਆ ਜਾ ਰਿਹਾ ਹੈ। ਇੰਞ ਲੋਕਾਂ ਅਤੇ ਖ਼ਾਸ ਕਰਕੇ ਕਿਸਾਨੀ ਨੂੰ ਸਿਹਤ ਸੇਵਾਵਾਂ ਤੋਂ ਵਾਂਝਾ ਕਰਨ ਦਾ ਅਮਲ ਉਸ ਤੋਂ ਕਿਤੇ ਵੱਧ ਗਿਣਿਆ ਮਿਥਿਆ ਹੈ ਜਿੰਨਾ ਦਿਖਾਈ ਦਿੰਦਾ ਹੈ। ਇਹ ਢੰਗਾਂ ਦੇ ਇਕ ਪੂਰੇ ਸਿਲਸਿਲੇ ਦਾ ਨਤੀਜਾ ਹੈ ਜਿਸ ਦਾ ਸਿੱਟਾ ਸਿਹਤ ਸੇਵਾਵਾਂ ਦੇ ਵਪਾਰੀਕਰਨ, ਅਤੇ ਰਾਜ ਵਲੋਂ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਤੋਂ ਕਿਨਾਰਾਕਸ਼ੀ ਕਰ ਲੈਣ 'ਚ ਨਿਕਲ ਰਿਹਾ ਹੈ। ਗ਼ਰੀਬ ਦੀ ਹੁਣ ਕਿਤੇ ਸੁਣਵਾਈ ਨਹੀਂ ਹੈ।

4.1 'ਕੈਂਸਰ ਐੱਕਸਪ੍ਰੈੱਸ'

ਮਾਲਵਾ ਖੇਤਰ ਦੇ ਸੈਂਕੜੇ ਲੋਕ ਰੋਜ਼ 'ਬਠਿੰਡਾ ਐਕਸਪ੍ਰੈੱਸ' 'ਚ ਚੜ੍ਹਕੇ

---

2. ਝਗੜੇ ਓਦੋਂ ਖੜ੍ਹੇ ਹੁੰਦੇ ਹਨ ਜਦ ਹਕੂਮਤ ਸਿਹਤ ਸਬੰਧੀ ਸਰਕਾਰੀ ਖ਼ਰਚਿਆਂ ਨੂੰ ਤਰਕਸੰਗਤ ਪੱਧਰ ਉੱਤੇ ਰੱਖਣ ਦੀਆਂ ਕੋਸ਼ਿਸ਼ਾਂ ਕਰੇ ਅਤੇ ਸਰਮਾਏਦਾਰਾਨਾ ਦਖ਼ਲਅੰਦਾਜ਼ੀ ਬਿਮਾਰਾਂ ਸਿਰੋਂ ਮੁਨਾਫ਼ਾ ਖੱਟਣ ਦੀ ਤਾਕ ਵਿਚ ਹੋਵੇ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਐਨ ਜਦੋਂ ਆਮ ਸਮਾਜਕ ਅਤੇ ਆਰਥਕ ਹਾਲਤਾਂ ਵਿਗੜ ਰਹੀਆਂ ਹੋਣ ਕਾਰਨ ਸਿਹਤ ਸੰਭਾਲ ਦਾ ਮਹੱਤਵ ਸਭ ਤੋਂ ਵੱਧ ਹੋ ਜਾਵੇ ਓਦੋਂ ਇਨ੍ਹਾਂ ਖ਼ਰਚਿਆਂ ਨੂੰ ਹੋਰ ਵੀ ਘਟਾ ਦਿੱਤਾ ਜਾਵੇ। ਦੇਖੋ The Political Economy of Health by Lesley Doyal and Imogen Pennel, Pluto Press, 1989. Pg 45.

3. ਦੇਖੋ Unhealthy Policies from the World Bank, An interview with Dr. Vineeta Gupta at http://www.multinationalmonitor.org/mm2000/00interview2.html. ਇਹ ਵੈੱਬ ਲਿੰਕ ਆਖ਼ਰੀ ਵਾਰ 22.01.2010 ਨੂੰ ਖੋਲ੍ਹਿਆ ਗਿਆ। ਇਹ ਵੀ ਦੇਖੋ Multinational Monitor, June 2000; volume 21; Number 6.

ਰਾਜਸਥਾਨ ਦੇ ਬੀਕਾਨੇਰ ਵਿਖੇ ਅਚਾਰੀਆ ਤੁਲਸੀ ਖੇਤਰੀ ਇਲਾਜ ਅਤੇ ਖੋਜ ਕੇਂਦਰ ਵਿਖੇ ਕੈਂਸਰ ਦੇ ਮੁਫ਼ਤ ਮੁਆਇਨੇ ਅਤੇ ਇਲਾਜ ਲਈ ਜਾਂਦੇ ਹਨ। ਇਸ ਰੇਲ ਗੱਡੀ 'ਚ ਜ਼ਿਆਦਾਤਰ ਮਰੀਜ਼ ਹੋਣ ਕਾਰਨ ਇਸ ਦੀ ਅੱਲ ਹੀ 'ਕੈਂਸਰ ਐਕਸਪ੍ਰੈੱਸ' ਪੈ ਗਈ ਹੈ।

70 ਸਾਲ ਤੋਂ ਵੱਧ ਉਮਰ ਦੀ ਹਰਪ੍ਰੀਤ ਕੌਰ, ਕਈ ਸਾਲਾਂ ਤੋਂ ਕੈਂਸਰ ਦੀ ਮਰੀਜ਼ ਹੈ। ਪਹਿਲਾਂ ਉਸਦੇ ਪੇਟ 'ਚ ਦਰਦ ਅਤੇ ਤਕਲੀਫ਼ ਸ਼ੁਰੂ ਹੋਈ ਸੀ ਅਤੇ ਸਮਾਂ ਪਾਕੇ ਇਹ ਹੋਰ ਅੰਗਾਂ ਤੱਕ ਫੈਲ ਗਿਆ। ਹੁਣ ਉਸਨੇ ਪੂਰੀ ਤਰ੍ਹਾਂ ਮੰਜਾ ਮੱਲ ਲਿਆ ਹੈ। ਉਸਦੇ ਪਤੀ ਨੇ ਆਟਾ ਚੱਕੀ ਲਾਉਣ ਲਈ ਭਾਰੀ ਕਰਜ਼ਾ ਲਿਆ ਸੀ, ਪਰ ਸਾਰਾ ਪੈਸਾ ਉਸਦੇ ਇਲਾਜ ਦੇ ਲੇਖੇ ਲੱਗ ਗਿਆ। ਸੰਨ 2000 'ਚ ਉਸਨੇ ਰੇਲ ਗੱਡੀ ਹੇਠ ਆ ਕੇ ਜਾਨ ਦੇ ਦਿੱਤੀ। ਉਹ ਆਪਣੇ ਪਤੀ ਨੂੰ ਬਹੁਤ ਹੀ ਮੋਹ ਨਾਲ ਚੇਤੇ ਕਰਦੀ ਹੋਈ ਉਨ੍ਹਾਂ ਮੁਸ਼ਕਲਾਂ ਬਾਰੇ ਦੱਸਦੀ ਹੈ ਜਿਨ੍ਹਾਂ ਦਾ ਉਹ ਸਾਹਮਣਾ ਕਰ ਰਿਹਾ ਸੀ। ਇਸ ਤਰ੍ਹਾਂ ਲਗਦਾ ਹੈ ਜਿਵੇਂ ਉਹ ਉਸ ਦੇ ਕੋਲ ਖੜ੍ਹਾ ਹੋਵੇ। ਉਸ ਨੂੰ ਚੇਤੇ ਨਹੀਂ ਹੈ ਕਿ ਉਸਦੇ ਪਤੀ ਸਿਰ ਕਿੰਨਾ ਕਰਜ਼ਾ ਸੀ, ਸਿਰਫ਼ ਇਹ ਚੇਤੇ ਹੈ ਕਿ ਉਸ ਦੇ ਪਤੀ ਨੂੰ ਉਸਦੇ ਇਲਾਜ 'ਤੇ ਲਗਭਗ ਚਾਰ ਲੱਖ ਰੁਪਏ ਖ਼ਰਚਣੇ ਪਏ ਸਨ। ਹਾਲੇ ਵੀ ਬੀਕਾਨੇਰ ਹਸਪਤਾਲ ਤੋਂ ਉਸਦਾ ਇਲਾਜ ਚੱਲ ਰਿਹਾ ਹੈ। ਹੁਣ ਉਹ ਬਠਿੰਡਾ ਜ਼ਿਲ੍ਹੇ 'ਚ ਆਪਣੇ ਭਰਾ ਦੇ ਪਰਿਵਾਰ ਨਾਲ ਰਹਿ ਰਹੀ ਹੈ ਜੋ ਉਸ ਨਾਲ ਹਮਦਰਦੀ ਕਰਦਾ ਹੈ। ਉਸਦੇ ਸਹੁਰਿਆਂ ਦੀ ਗੱਲ ਤੁਰੀ ਤਾਂ ਉਸਦੇ ਬੋਲਾਂ 'ਚ ਔਖ ਸਾਫ਼ ਝਲਕਦੀ ਸੀ:

"ਮੇਰਾ ਸਹੁਰਾ ਮੈਨੂੰ ਕੁਝ ਦੇਣ ਲਈ ਭੋਰਾ ਚਿੰਤਤ ਨਹੀਂ ਹੈ, ਖ਼ਾਸ ਕਰਕੇ ਪਤੀ ਦੀ ਮੌਤ ਤੋਂ ਬਾਅਦ। ਮੇਰੇ ਕੋਈ ਔਲਾਦ ਨਹੀਂ ਹੈ—ਉਹ ਮੈਨੂੰ ਕਿਉਂ ਦੇਵੇਗਾ। ਉਸ ਨੂੰ ਪਤਾ ਹੈ ਮੈਂ ਵੀ ਛੇਤੀ ਹੀ ਇਸ ਜਹਾਨ ਤੋਂ ਕੂਚ ਕਰ ਜਾਵਾਂਗੀ।"

ਉਹ ਐਨੀ ਕਮਜ਼ੋਰ ਹੈ ਕਿ ਬੋਲ ਵੀ ਨਹੀਂ ਸਕਦੀ, ਫੇਰ ਵੀ ਉਸਨੇ ਮੁੱਖ ਸਮੱਸਿਆਵਾਂ ਬਾਰੇ ਸਪਸ਼ਟ ਕਰਨ ਦੀ ਵਾਹ ਲਾਈ। 1990ਵਿਆਂ ਦੇ ਅਖ਼ੀਰ 'ਚ ਜਦੋਂ ਅਮਰੀਕਣ ਸੁੰਡੀ 'ਤੇ ਕਾਬੂ ਪਾਉਣ ਲਈ ਵਾਰ-ਵਾਰ ਦਵਾਈ ਛਿੜਕਣੀ ਪੈ ਰਹੀ ਸੀ, ਉਨ੍ਹਾਂ ਦੇ ਚਿਤ ਚੇਤੇ ਵੀ ਨਹੀਂ ਸੀ ਕਿ ਸੁੰਡੀ ਨਾਲੋਂ ਵੱਧ ਉਹ ਆਪਣੇ ਆਪ ਨੂੰ ਮਾਰ ਰਹੇ ਹਨ।[4] ਓਦੋਂ, ਉਸ ਨੂੰ ਸਮਝ ਨਹੀਂ ਆਇਆ ਕਿ ਇਕ ਦਿਨ

4. ਦੇਖੋ ਰਿਪੋਰਟ Women more vulnurable to cancer in Punjab's cotton fields at http://www.theindian.com/newsportal/health/women-more-vulnurable-to-cancer-in-punjabs-cotton-fields_10033375.html. ਇਹ ਵੈੱਬ ਲਿੰਕ ਆਖ਼ਰੀ ਵਾਰ 18 ਅਗਸਤ 2009 ਨੂੰ ਖੋਲ੍ਹਿਆ ਗਿਆ। ਇਹ ਅਧਿਐਨ ਦਰਸਾਉਂਦਾ ਹੈ ਕਿ ਪੰਜਾਬ ਦੇ ਮਾਲਵਾ ਖੇਤਰ ਵਿਚ ਕਿਵੇਂ ਕੈਂਸਰ ਨਾਲ ਮਰ ਰਹੀਆਂ ਔਰਤਾਂ ਦੀ ਗਿਣਤੀ ਆਦਮੀਆਂ ਨਾਲੋਂ 20 ਫ਼ੀ ਸਦੀ ਜ਼ਿਆਦਾ ਹੈ ਜਦਕਿ ਸੰਸਾਰ ਪੱਧਰ ਉੱਤੇ ਕੈਂਸਰ ਨਾਲ ਮਰਨ ਵਾਲੇ ਆਦਮੀਆਂ ਦੀ ਦਰ 33 ਫ਼ੀ ਸਦੀ ਜ਼ਿਆਦਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚੋਂ ਚਾਰ—ਬਠਿੰਡਾ, ਮੁਕਤਸਰ, ਮਾਨਸਾ ਅਤੇ ਫਰੀਦਕੋਟ—ਬਾਰੇ ਰਿਪੋਰਟ ਹੈ ਕਿ ਕਪਾਹ ਦੀ ਪੈਦਾਵਾਰ ਵਾਲੇ ਇਨ੍ਹਾਂ ਇਲਾਕਿਆਂ ਵਿਚ ਕੀੜੇਮਾਰ ਦਵਾਈਆਂ ਦੀ ਵਿਆਪਕ ਵਰਤੋਂ

ਇਸ ਕਾਰਨ ਇਲਾਜ ਉੱਪਰ ਲੱਖਾਂ ਰੁਪਏ ਖ਼ਰਚਣੇ ਪੈਣਗੇ ਅਤੇ ਇਹ ਫ਼ਸਲ ਦਾ ਵੱਧ ਝਾੜ ਲੈਣ ਦੀ ਖਾਹਸ਼ ਤਹਿਤ ਸੌਦੇਬਾਜ਼ੀ ਦਾ ਸਹਿਜ ਸੁਭਾਅ ਅੰਗ ਬਣ ਜਾਵੇਗੀ। ਉਨ੍ਹਾਂ ਨੂੰ ਅਹਿਸਾਸ ਨਹੀਂ ਸੀ ਕਿ ਹਰੇ ਇਨਕਲਾਬ ਦੌਰਾਨ ਫ਼ਸਲਾਂ ਦੇ ਵੱਧ ਝਾੜ ਲੈਣ ਲਈ ਇਹ ਦਵਾਈਆਂ ਵਰਤਣ ਦੀ ਸ਼ੁਰੂਆਤ ਉਨ੍ਹਾਂ ਦੇ ਜਿਸਮਾਂ 'ਚ ਕੈਂਸਰ ਦੇ ਬੀਜ ਵੀ ਬੀਜ ਰਹੀ ਸੀ।

ਮਾਲਵਾ ਖੇਤਰ ਦੇ ਦੱਖਣੀ-ਪੱਛਮੀ ਇਲਾਕਿਆਂ ਵਿਚ ਨਰਮੇ ਦੀ ਫ਼ਸਲ 'ਚ ਦਵਾਈਆਂ ਦੇ ਛਿੜਕਾਅ ਦੀ ਸਭ ਤੋਂ ਵਧੇਰੇ ਵਰਤੋਂ ਦੇਖਣ 'ਚ ਆਈ ਹੈ। ਪੀ ਜੀ ਆਈ ਐਮ ਈ ਆਰ, ਚੰਡੀਗੜ੍ਹ ਵਲੋਂ ਕੀਤਾ ਇਕ ਅਧਿਐਨ ਦਰਸਾਉਂਦਾ ਹੈ ਕਿ ਅਸੁਰੱਖਿਅਤ ਦਵਾਈਆਂ ਦੀ ਬਹੁਤ ਜ਼ਿਆਦਾ ਅਤੇ ਅੰਨ੍ਹੇਵਾਹ ਵਰਤੋਂ ਕੈਂਸਰ ਅਤੇ ਕੈਂਸਰ ਕਾਰਨ ਮੌਤਾਂ ਦੇ ਮਾਮਲਿਆਂ 'ਚ ਤੇਜ਼ੀ ਨਾਲ ਵਾਧਾ ਹੋਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ ਜਦਕਿ, ਪੰਜਾਬ ਸਰਕਾਰ ਇਸ ਨੂੰ ਮੰਨਣ ਲਈ ਤਿਆਰ ਨਹੀਂ ਹੈ।[5] ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਖੇਤਰ ਵਿਚ ਕੈਂਸਰ ਦੇ ਜ਼ਿਆਦਾ ਮਾਮਲਿਆਂ ਨਾਲ ਵਾਹ ਪੈਂਦਾ ਹੈ, ਖ਼ਾਸ ਕਰਕੇ ਬਠਿੰਡਾ ਜ਼ਿਲ੍ਹੇ ਵਿਚ। ਰਾਮਪੁਰਾ ਬਲਾਕ ਦੀ 70 ਸਾਲ ਦੀ ਇਕ ਹੋਰ ਔਰਤ ਨੇ ਆਪਣੇ ਪਤੀ ਦੇ ਇਲਾਜ ਬਾਰੇ ਵਿਸਥਾਰ ਨਾਲ ਦੱਸਿਆ। 1997 'ਚ ਉਸ ਦੇ ਪੁੱਤ ਨੇ ਖ਼ੁਦਕੁਸ਼ੀ ਕਰ ਲਈ ਸੀ, ਇਸ ਤੋਂ ਪਹਿਲਾਂ 1993 'ਚ ਇਹ ਮਾਲੂਮ ਹੋ ਗਿਆ ਸੀ ਕਿ ਉਸ ਦੇ ਪਤੀ ਨੂੰ ਖ਼ੂਨ ਦਾ ਕੈਂਸਰ ਹੈ।

ਉਸ ਨੇ ਦੱਸਿਆ, "ਭਾਵੇਂ ਬੀਕਾਨੇਰ ਵਿਚ ਮੁਫ਼ਤ ਇਲਾਜ ਹੁੰਦਾ ਹੈ, ਫੇਰ ਵੀ ਅਸੀਂ ਇਸ ਨਾਲ ਸਬੰਧਤ ਹੋਰ ਖ਼ਰਚੇ ਨਹੀਂ ਦੇ ਸਕਦੇ। ਮੈਂ 15 ਸਾਲ ਉਸ ਦੀ ਸੇਵਾ ਕੀਤੀ। ਓੜਕ 2008 'ਚ ਉਸਦੀ ਮੌਤ ਹੋ ਗਈ।"

ਉਸਦੇ ਦੋ ਹੋਰ ਪੁੱਤਾਂ ਨੇ ਉਸ ਤੋਂ ਮੁੱਖ ਮੋੜ ਲਿਆ ਹੈ। ਪਰਿਵਾਰ ਦੀ ਨੌਂ ਏਕੜ ਜ਼ਮੀਨ ਵਿਚੋਂ ਹੁਣ ਸਿਰਫ਼ ਪੱਠੇ ਬੀਜਣ ਜੋਗੀ ਚਾਰ ਕਨਾਲ ਬਚੀ ਹੈ। ਪੁੱਤ ਦੀ ਖ਼ੁਦਕੁਸ਼ੀ, ਪਤੀ ਦਾ ਕੈਂਸਰ ਨਾਲ ਮਰਨਾ ਅਤੇ ਉਸਦੀ ਅਜੋਕੀ ਦੁਰਦਸ਼ਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਨੌਂ ਕਿੱਲਿਆਂ ਵਾਲੇ ਵੀ ਜ਼ਰੱਈ ਸੰਕਟ ਵਲੋਂ ਥੋਪੀ ਹੋਣੀ ਤੋਂ ਬਚ ਨਹੀਂ ਸਕਦੇ।

ਕੈਂਸਰ ਦਾ ਮਹਿੰਗਾ ਇਲਾਜ ਅਨੇਕ ਲੋਕਾਂ ਨੂੰ ਕਰਜ਼ੇ ਵੱਲ ਧੱਕ ਰਿਹਾ ਹੈ। 2008 ਦੇ ਅਖ਼ੀਰ 'ਚ, ਫ਼ਿਰੋਜ਼ਪੁਰ ਜ਼ਿਲ੍ਹੇ 'ਚ ਇਕ ਕਿਸਾਨ ਨੇ ਰੇਲ ਗੱਡੀ ਹੇਠ ਆਕੇ ਜਾਨ ਦੇ ਦਿੱਤੀ। ਸਪਸ਼ਟ ਸੀ ਕਿ ਆੜ੍ਹਤੀਏ ਵਲੋਂ ਨਿੱਤ ਤੰਗ ਕੀਤੇ ਜਾਣ

ਕਾਰਨ ਕੈਂਸਰ ਦੀ ਦਰ ਉੱਚੀ ਹੈ। ਅਧਿਐਨ ਵਿਚ ਫਿਰੋਜ਼ਪੁਰ, ਸੰਗਰੂਰ, ਬਰਨਾਲਾ ਅਤੇ ਮੋਗਾ ਜ਼ਿਲ੍ਹੇ ਵੀ ਲਏ ਗਏ ਹਨ। ਸੰਯੋਗ ਵੱਸ ਇਹ ਇਲਾਕਾ ਮੇਰੇ ਮੌਜੂਦਾ ਅਧਿਐਨ ਦਾ ਇਲਾਕਾ ਵੀ ਹੈ।

5. ਪੰਜਾਬ ਦਾ ਰਕਬਾ ਦੇਸ਼ ਦੇ ਰਕਬੇ ਦਾ ਸਿਰਫ਼ 1.5% ਹੈ ਪਰ ਇਥੇ ਦੇਸ਼ ਵਿਚ ਕੀੜੇਮਾਰ ਦਵਾਈਆਂ ਦੀ ਕੁਲ ਖਪਤ ਦਾ ਲਗਭਗ 18% ਵਰਤਿਆ ਜਾ ਰਿਹਾ ਹੈ। http://www.kheti-virasatmission.org/articles/env-health-crisis.php ਉੱਪਰ ਓਮੇਂਦਰ ਦੱਤ ਦਾ ਲੇਖ, ਵੈੱਬ ਲਿੰਕ 14 ਅਪ੍ਰੈਲ 2010 ਨੂੰ ਦੇਖਿਆ ਗਿਆ।

ਅਤੇ ਆਪਣੇ ਬੱਚਿਆਂ ਦੇ ਧੁੰਦਲੇ ਭਵਿੱਖ ਕਾਰਨ ਉਸ ਲਈ ਹਾਲਤ ਐਨੀ ਅਸਹਿ ਹੋ ਚੁੱਕੀ ਸੀ ਕਿ ਉਸਨੇ ਆਪਣੀ ਜੀਵਨ ਲੀਲਾ ਖ਼ਤਮ ਕਰ ਲੈਣ ਦਾ ਫ਼ੈਸਲਾ ਕਰ ਲਿਆ। ਪਿੱਛੇ ਪਰਿਵਾਰ ਦੇ ਹਾਲਾਤ ਓਦੋਂ ਤੋਂ ਹੋਰ ਵੀ ਭੈੜੇ ਹੋ ਗਏ ਹਨ, ਕਿਉਂਕਿ ਉਨ੍ਹਾਂ ਕੋਲ ਜੋ ਤਿੰਨ ਕਨਾਲ ਬਚੇ ਹਨ ਉਸ ਤੋਂ ਕੋਈ ਆਮਦਨੀ ਨਹੀਂ ਹੁੰਦੀ। ਬੱਚੇ ਸਰਕਾਰੀ ਸਕੂਲ 'ਚ ਪੜ੍ਹਨੇ ਪਾਉਣੇ ਪਏ ਕਿਉਂਕਿ ਉਹ ਮੁਕਾਬਲਤਨ ਬਿਹਤਰ ਪਰ ਮਹਿੰਗੇ ਸਕੂਲ ਦੀ ਫ਼ੀਸ ਨਹੀਂ ਦੇ ਸਕਦੇ। ਮਰਨ ਤੋਂ ਪਹਿਲਾਂ, ਇਸ ਕਿਸਾਨ ਨੇ ਆਪਣੀ ਕੁਝ ਜ਼ਮੀਨ ਆੜ੍ਹਤੀਏ ਨੂੰ ਕੁਝ ਪੈਸੇ ਦੇਣ ਖ਼ਾਤਰ ਵੇਚ ਦਿੱਤੀ ਸੀ। ਉਸ ਦੀ ਪਤਨੀ ਹਾਲੇ 30ਵਿਆਂ ਦੀ ਉਮਰ 'ਚ ਹੈ ਅਤੇ ਬੀਤੇ ਦੋ ਸਾਲ ਤੋਂ ਕੈਂਸਰ ਨਾਲ ਜੂਝ ਰਹੀ ਹੈ। ਉਸ ਵੱਲ ਜਲੰਧਰ ਦੇ ਇਕ ਨਿੱਜੀ ਹਸਪਤਾਲ ਦਾ ਇਕ ਲੱਖ ਰੁਪਏ ਬਕਾਇਆ ਖੜ੍ਹਾ ਹੈ, ਜਿਥੇ ਉਸ ਦਾ ਇਲਾਜ ਕਰਾਇਆ ਗਿਆ ਸੀ। ਉਸ ਨੂੰ ਪਛਤਾਵਾ ਹੈ ਕਿ ਬੀਮਾਰੀ ਕਾਰਨ ਉਹ ਕੋਈ ਕੰਮ ਨਹੀਂ ਕਰ ਸਕਦੀ। ਉਸ ਨੂੰ ਕੁਝ ਨਹੀਂ ਸੁੱਝਦਾ ਕਿ ਉਸਦੇ ਚਾਰ ਬੱਚਿਆਂ ਦਾ ਭਵਿੱਖ ਕੀ ਹੋਵੇਗਾ।

ਕੁਝ ਨੂੰ ਤਾਂ ਆਪਣੇ ਕੈਂਸਰ ਦੇ ਇਲਾਜ ਲਈ ਲਿਆ ਕਰਜ਼ਾ ਮੋੜਨਾ ਪੈ ਰਿਹਾ ਹੈ, ਜਦਕਿ ਹੋਰਨਾਂ ਨੂੰ ਉਹ ਕਰਜ਼ਾ ਦੇਣਾ ਪੈ ਰਿਹਾ ਹੈ ਜੋ ਖ਼ੁਦਕੁਸ਼ੀ ਤੋਂ ਪਹਿਲਾਂ ਉਨ੍ਹਾਂ ਦੇ ਪਤੀਆਂ ਦੇ ਇਲਾਜ 'ਤੇ ਖ਼ਰਚ ਆਇਆ ਸੀ। ਬਹੁਤ ਸਾਰੇ ਬੇਜ਼ਮੀਨੇ ਪਰਿਵਾਰ ਬੀਕਾਨੇਰ ਹਸਪਤਾਲ ਦੇ ਮੁਫ਼ਤ ਇਲਾਜ ਦੀ ਸਹੂਲਤ ਵੀ ਨਹੀਂ ਲੈ ਪਾਉਂਦੇ। ਬਠਿੰਡਾ ਦੇ ਰਾਮਪੁਰਾ ਬਲਾਕ ਦੀ ਚਰਨਜੀਤ ਕੌਰ ਐਸੇ ਲੋਕਾਂ ਵਿਚੋਂ ਇਕ ਸੀ, ਉਸਦੇ ਪਤੀ ਦਾ ਇਲਾਜ ਨਹੀਂ ਕਰਾਇਆ ਜਾ ਸਕਿਆ। ਉਸ ਨੇ ਦੱਸਿਆ, "ਪੈਸਾ ਰਾਮਪੁਰਾ ਅਤੇ ਪਟਿਆਲਾ ਆਉਣ-ਜਾਣ 'ਤੇ ਹੀ ਖ਼ਰਚਿਆ ਗਿਆ। ਅਸੀਂ ਉਸ ਨੂੰ ਬਚਾ ਨਹੀਂ ਸਕੇ। ਉਹ ਐਨਾ ਨਿਰਾਸ਼ ਹੋ ਗਿਆ ਕਿ ਉਸਨੇ ਮਰਨ ਦਾ ਰਾਹ ਚੁਣ ਲਿਆ।" ਇਕ ਚਾਲੀ ਸਾਲ ਦੇ ਕਿਸਾਨ ਦੀ ਮਾਂ ਨੇ ਦੱਸਿਆ ਕਿ 2002 'ਚ ਉਸ ਦੀ ਨੂੰਹ ਦੀ ਕੈਂਸਰ ਨਾਲ ਮੌਤ ਹੋ ਗਈ ਸੀ। ਉਸਦੇ ਪੁੱਤ ਨੇ ਪਤਨੀ ਦੇ ਇਲਾਜ ਲਈ ਦੋ ਲੱਖ ਤੋਂ ਵੱਧ ਕਰਜ਼ਾ ਲਿਆ ਸੀ। ਜਦੋਂ 2007 'ਚ ਉਸ ਨੂੰ ਆਪਣੀ ਧੀ ਦਾ ਵਿਆਹ ਕਰਨ ਲਈ ਹੋਰ ਕਰਜ਼ਾ ਲੈਣਾ ਪਿਆ ਤਾਂ ਉਸਨੇ ਖ਼ੁਦਕੁਸ਼ੀ ਕਰ ਲਈ।

ਮਿਆਦੀ ਸਰੀਰਕ ਬੀਮਾਰੀਆਂ ਤੋਂ ਬਾਅਦ ਲੰਮਾ ਸਮਾਂ ਉਦਾਸੀ ਦੇ ਆਲਮ 'ਚ ਡੁੱਬੇ ਰਹਿਣ ਨਾਲ, ਅਕਸਰ ਹੀ ਨਾਉਮੀਦੀ ਘਰ ਕਰ ਜਾਂਦੀ ਹੈ। ਇਸ ਨਾਲ ਖ਼ੁਦਕੁਸ਼ੀ ਵੱਲ ਝੁਕਾਅ ਵੱਧ ਜਾਂਦਾ ਹੈ। ਟੱਬਰ ਦੇ ਬਾਕੀ ਜੀਅ ਵੀ ਇਸਤੋਂ ਬੇਲਾਗ ਨਹੀਂ ਹੁੰਦੇ ਅਤੇ ਸਿੱਟੇ ਵਜੋਂ ਉਨ੍ਹਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈਂਦਾ ਹੈ। ਦੋ ਹੋਰ ਔਰਤਾਂ ਨੂੰ ਛਾਤੀ ਦਾ ਕੈਂਸਰ ਹੈ, ਇਹ ਨਿਸ਼ਚਿਤ ਹੋ ਜਾਣ ਤੋਂ ਬਾਅਦ ਉਨ੍ਹਾਂ ਦਾ ਵੀ ਚੈੱਕਅੱਪ ਸ਼ੁਰੂ ਹੋ ਗਿਆ ਹੈ। ਬੀਤੇ ਕੁਝ ਸਾਲਾਂ ਦੌਰਾਨ, ਇਸੇ ਭਿਆਨਕ ਬੀਮਾਰੀ ਕਾਰਨ ਬਜ਼ੁਰਗਾਂ ਦੀਆਂ ਮੌਤਾਂ ਅਤੇ ਇਸ ਦੇ ਖ਼ਰਚਿਆਂ ਦੀ ਗੱਲ ਵੀ ਬਹੁਤ ਸਾਰਿਆਂ ਨੇ ਦੱਸੀ।

ਉਹੀ ਸਮਾਜ ਇਸ ਭਿਆਨਕ ਬੀਮਾਰੀ ਅਤੇ ਖ਼ੁਦਕੁਸ਼ੀ ਦਾ ਸੋਮਾ ਹੈ, ਜਿੱਥੇ ਜੀਵਨ-ਚੱਕਰ ਖ਼ੁਦ ਕੀੜੇਮਾਰ ਦਵਾਈਆਂ ਨਾਲ ਗ੍ਰਸਤ ਹੈ। ਭਾਵੇਂ ਖ਼ੁਦਕੁਸ਼ੀ ਕਰਨ ਵਾਲੇ ਜ਼ਿਆਦਾਤਰ ਦਵਾਈ ਪੀਕੇ ਅਜਿਹਾ ਕਰਦੇ ਹਨ ਪਰ ਪਾਣੀ ਰਾਹੀਂ ਇਹ

ਦਵਾਈਆਂ ਨਿੱਤ ਹਰ ਕਿਸੇ ਦੇ ਜਿਸਮ 'ਚ ਘੁਸਪੈਠ ਕਰ ਰਹੀਆਂ ਹਨ। ਨਰਮਾ ਚੁਗਣ ਸਮੇਂ ਵੀ ਦਵਾਈਆਂ ਉਨ੍ਹਾਂ ਦੇ ਜਿਸਮਾਂ 'ਚ ਦਾਖ਼ਲ ਹੋ ਜਾਂਦੀਆਂ ਹਨ। ਇਹ ਰਸਾਇਣਕ ਦਵਾਈਆਂ ਹਰੇ ਇਨਕਲਾਬ ਦੇ ਆਗਾਜ਼ ਦੇ ਹਿੱਸੇ ਵਜੋਂ ਆਈਆਂ।[6] 2003 'ਚ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪੀਣ ਵਾਲੇ ਪਾਣੀ ਦੀ ਸਪਲਾਈ 'ਚ ਸੁਧਾਰ ਲਿਆਉਣ ਤੋਂ ਪਹਿਲਾਂ 80ਵਿਆਂ ਅਤੇ 90ਵਿਆਂ 'ਚ ਅਨੇਕਾਂ ਲੋਕ ਕੈਂਸਰ ਦਾ ਸ਼ਿਕਾਰ ਹੋ ਗਏ ਕਿਉਂਕਿ ਵੱਖ-ਵੱਖ ਖੇਤੀ ਰਸਾਇਣ ਪਾਣੀ 'ਚ ਘੁਲੇ ਹੋਏ ਸਨ। ਜਿਨ੍ਹਾਂ ਕੋਲ ਪੈਸਾ ਸੀ ਉਨ੍ਹਾਂ ਨੇ ਡੂੰਘੇ ਬੋਰ ਕਰਾ ਲਏ, ਬਾਕੀ ਲੋਕ ਜ਼ਹਿਰੀਲਾ ਪਾਣੀ ਪੀਣ ਲਈ ਮਜਬੂਰ ਹਨ ਕਿਉਂਕਿ ਪੂਰਾ ਜੀਵਨ-ਚੱਕਰ ਪਲੀਤ ਹੋ ਚੁੱਕਾ ਹੈ। ਕੀੜੇਮਾਰ ਦਵਾਈਆਂ ਬਣਾਉਣ ਵਾਲਿਆਂ ਵੱਲ ਉਂਗਲ ਕਰਨ ਦੀ ਕਿਸੇ 'ਚ ਹਿੰਮਤ ਨਹੀਂ ਹੈ ਜੋ ਇਥੇ ਕੈਂਸਰ ਫੈਲਾਉਣ ਲਈ ਜ਼ਿੰਮੇਵਾਰ ਹਨ। ਲੱਗਦਾ ਹੈ ਇਨ੍ਹਾਂ ਕੰਪਨੀਆਂ ਨੇ ਸਰਕਾਰ ਤੋਂ ਲਾਇਸੰਸ ਖ਼ਰੀਦਿਆ ਹੋਇਆ ਹੈ। ਵਿਆਪਕ ਪੱਧਰ 'ਤੇ ਕੈਂਸਰ ਨਾਲ ਮੌਤਾਂ ਦੇ ਕਾਰਨਾਂ ਬਾਰੇ ਅੱਜ ਤੱਕ ਸਰਕਾਰ ਨੇ ਮੂੰਹ ਨਹੀਂ ਖੋਹਲਿਆ। ਇੰਞ, ਸਰਮਾਏਦਾਰੀ ਦਾ ਸ਼ਰੇਆਮ ਲੋਭ ਸਮਾਜ ਦੇ ਸਭ ਤੋਂ ਨਿਤਾਣੇ ਹਿੱਸਿਆਂ ਲਈ ਮੌਤ ਦਾ ਜਾਲ ਵਿਛਾਉਣ 'ਚ ਮਸਰੂਫ਼ ਹੈ।

ਵਿਅੰਗ ਦੇਖੋ, ਮਾਲਵਾ ਖੇਤਰ ਵਿਚ ਜ਼ਮੀਨ ਦੀਆਂ ਕੀਮਤਾਂ ਬੇਮਿਸਾਲ ਰੂਪ 'ਚ ਵਧ ਰਹੀਆਂ ਹਨ ਅਤੇ ਵਿਸ਼ੇਸ਼ ਆਰਥਕ ਖੇਤਰਾਂ ਦੇ ਵਿਕਾਸ ਲਈ ਕਰੋੜਾਂ ਰੁਪਏ ਦਾ ਪੂੰਜੀ-ਨਿਵੇਸ਼ ਕੀਤਾ ਜਾ ਰਿਹਾ ਹੈ ਪਰ ਪੂਰੇ ਖੇਤਰ 'ਚ ਇਕ ਵੀ ਕੈਂਸਰ ਹਸਪਤਾਲ ਨਹੀਂ ਹੈ। ਪੌਣਪਾਣੀ ਸਿਹਤ ਦੇ ਅਨੁਕੂਲ ਨਾ ਹੋਣ ਕਾਰਨ ਅਤੇ ਜੀਵਨ ਮਿਆਰ 'ਚ ਤੇਜ਼ੀ ਨਾਲ ਗਿਰਾਵਟ ਆਉਣ ਕਾਰਨ ਬੀਮਾਰੀਆਂ ਦੀ ਭਰਮਾਰ ਹੈ ਅਤੇ ਸਿਹਤ ਸੇਵਾਵਾਂ ਦਾ ਭੋਗ ਪਾ ਦਿੱਤਾ ਗਿਆ ਹੈ। ਇਹ ਸਰਮਾਏਦਾਰ ਆਰਥਿਕਤਾ ਦੇ ਸਹਾਇਕ ਪਹਿਲੂ ਹਨ ਜਿਸ ਨੂੰ ਮਨੁੱਖੀ ਹਿੱਤਾਂ ਦੀ ਭੋਰਾ ਕਦਰ ਨਹੀਂ ਹੈ। ਇਸ ਲਈ, ਮੁੜ ਲੋਕਾਂ ਨੂੰ ਹੀ ਸਿਹਤ ਸੰਭਾਲ ਦੇ ਉੱਚੇ ਲਾਗਤ ਖ਼ਰਚੇ ਸਹਿਣੇ ਪੈਂਦੇ ਹਨ, ਭਾਵੇਂ ਇਸ ਦਾ ਸਿੱਟਾ ਕਰਜ਼ੇ ਦੇ ਜਾਲ ਵਿਚ ਹੋਰ ਡੂੰਘਾ ਧਸ ਜਾਣ 'ਚ ਹੀ ਨਿਕਲੇ।

4.2 ਮਹਿੰਗਾ ਇਲਾਜ

ਬੇਜ਼ਮੀਨੇ, ਥੁੜਜ਼ਮੀਨੇ ਅਤੇ ਛੋਟੇ ਕਿਸਾਨ ਪਰਿਵਾਰਾਂ ਲਈ ਵਧੀਆ ਸਿਹਤ ਸੰਭਾਲ ਹਾਸਲ ਕਰਨਾ ਖ਼ਾਸ ਕਰਕੇ ਡਾਹਢਾ ਮੁਸ਼ਕਲ ਹੈ। ਸਰਕਾਰੀ ਸਿਹਤ ਸੇਵਾਵਾਂ

---

6. ਅਕਸਰ ਹੀ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਤਾਂ "ਆਮ ਸਮਝ ਆਉਣ ਵਾਲੀ ਗੱਲ" ਹੈ ਕਿ ਸਰਮਾਏਦਾਰੀ ਵਿਕਾਸ ਦੇ ਸੁਭਾਅ ਕਾਰਨ ਕੁਝ ਮਨੁੱਖੀ ਤਬਾਹੀ ਤਾਂ ਹੋਵੇਗੀ ਹੀ। ਜਦਕਿ, ਸਮੁੱਚੇ ਜੀਵਨ ਮਿਆਰ 'ਤੇ ਕੇਂਦਰਤ ਕਰੇ ਬਗ਼ੈਰ ਸਰਮਾਏਦਾਰਾ ਸਮਾਜ ਵਿਚ ਮੁਨਾਫ਼ਾ ਹੀ ਆਰਥਕ ਅਤੇ ਫ਼ੈਸਲੇ ਲੈਣ ਦੇ ਅਮਲ ਦਾ ਅਹਿਮ ਫ਼ੈਸਲਾਕੁਨ ਕਾਰਕ ਬਣ ਜਾਂਦਾ ਹੈ ਤਾਂ ਇਹ ਸਿਹਤ ਅਤੇ ਬੀਮਾਰੀਆਂ ਦੇ ਨਮੂਨਿਆਂ 'ਚ ਪ੍ਰਤੀਬਿੰਬਤ ਲਾਜ਼ਮੀ ਹੋਵੇਗਾ। ਦੇਖੋ, ਲੈਸਲੇ ਡੋਏਲ ਅਤੇ ਇਮੋਜਨ ਪੈਨਲ ਦੀ ਲਿਖਤ *ਸਿਹਤ ਦੀ ਰਾਜਨੀਤਕ ਆਰਥਿਕਤਾ*, ਪਲੂਟੋ ਪ੍ਰੈੱਸ, 1989, ਸਫ਼ਾ 23.

ਦਾ ਢਾਂਚਾ ਲੜਖੜਾ ਜਾਣ ਕਾਰਨ ਬਹੁਤੇ ਲੋਕਾਂ ਨੂੰ ਨਿੱਜੀ ਹਸਪਤਾਲਾਂ ਅਤੇ ਨਿੱਜੀ ਡਾਕਟਰਾਂ ਦਾ ਸਹਾਰਾ ਲੈਣਾ ਪੈਂਦਾ ਹੈ। ਨਾਜ਼ੁਕ ਹਾਲਾਤਾਂ 'ਚ, ਨਿੱਜੀ ਹਸਪਤਾਲਾਂ 'ਚ ਜਾਕੇ ਲੋਕਾਂ ਨੂੰ ਸਧਾਰਨ ਬੀਮਾਰੀਆਂ 'ਤੇ ਵੀ ਭਾਰੀ ਰਕਮਾਂ ਖ਼ਰਚਣੀਆਂ ਪੈਂਦੀਆਂ ਹਨ। ਪਰ ਜਿਨ੍ਹਾਂ ਕੋਲ ਸਾਧਨ ਹੀ ਨਹੀਂ ਉਨ੍ਹਾਂ ਦਾ ਕਹਿਣਾ ਸੀ ਕਿ ਉਹ ਤਾਂ ਸਰਕਾਰੀ ਹਸਪਤਾਲ ਵੀ ਨਹੀਂ ਜਾ ਸਕਦੇ ਕਿਉਂਕਿ ਉਨ੍ਹਾਂ ਕੋਲ ਦਵਾਈਆਂ ਖ਼ਰੀਦਣ ਅਤੇ ਹੋਰ ਲੋੜਾਂ ਲਈ ਪੈਸੇ ਨਹੀਂ ਹਨ। ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਨੂੰ ਵੀ ਇਲਾਜ ਲਈ ਕਰਜ਼ੇ ਲੈਣੇ ਪੈਂਦੇ ਹਨ।

ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਬਲਾਕ ਦੇ ਇਕ ਪਿੰਡ ਵਿਚ 26 ਖ਼ੁਦਕੁਸ਼ੀਆਂ ਹੋਈਆਂ ਹਨ। ਇਥੇ ਕੈਂਸਰ ਕਾਰਨ ਵੀ ਕੁਝ ਮੌਤਾਂ ਹੋਈਆਂ ਹਨ। 5000 ਤੋਂ ਥੋੜ੍ਹੀ ਵੱਧ ਵਸੋਂ ਵਾਲੇ ਪਿੰਡ ਵਿਚ ਖ਼ੁਦਕੁਸ਼ੀਆਂ ਦੀ ਇਹ ਗਿਣਤੀ ਅਨੁਪਾਤ ਦੇ ਹਿਸਾਬ ਨਾਲ ਬਹੁਤ ਜ਼ਿਆਦਾ ਹੈ। ਇਕ ਘਰ ਵਿਚ ਸਾਂਝੇ ਪਰਿਵਾਰ ਦੇ ਛੇ ਬਾਲਗ ਮੈਂਬਰ ਅਤੇ ਪੰਜ ਛੋਟੇ ਬੱਚੇ ਹਨ। ਇਹ ਘਰ ਸੱਚੀਮੁੱਚੀਂ ਹਸਪਤਾਲ ਜਿਹਾ ਬਣ ਗਿਆ ਹੈ। ਪਰਿਵਾਰ ਦੀ 70 ਸਾਲ ਦੀ ਔਰਤ ਨੂੰ ਮੁਸ਼ਕਲ ਨਾਲ ਦਿਖਾਈ ਦਿੰਦਾ ਹੈ। ਲਗਾਤਾਰ ਫ਼ਿਕਰਾਂ ਅਤੇ ਵਗਦੇ ਹੰਝੂਆਂ ਨੇ ਉਸਦੇ ਦੀਦੇ ਗਾਲ ਦਿੱਤੇ ਹਨ। ਉਸਦੇ ਵੱਡੇ ਪੁੱਤ ਨੇ 1997 'ਚ ਖ਼ੁਦਕੁਸ਼ੀ ਕਰ ਲਈ ਸੀ। ਉਸ ਦੀ ਧੀ ਨੇ ਕਈ ਮਹੀਨਿਆਂ ਤੋਂ ਪੇਟ ਦਰਦ ਕਾਰਨ ਮੰਜਾ ਮੱਲਿਆ ਹੋਇਆ ਹੈ। ਉਹ ਕੁਝ ਨਹੀਂ ਖਾ ਸਕਦੀ। ਦੋ ਮੁੰਡੇ ਵਿਆਹੇ ਗਏ ਸਨ, ਉਨ੍ਹਾਂ ਵਿਚੋਂ ਇਕ ਮੁੰਡੇ ਅਤੇ ਉਸਦੀ ਪਤਨੀ ਨੇ ਐਨੇ ਵੱਡੇ ਪਰਿਵਾਰ ਦੀ ਜ਼ਿੰਮੇਵਾਰੀ ਓਟੀ ਹੋਈ ਹੈ। ਦੂਜਾ ਮੁੰਡਾ ਕਮਲਾ ਹੋ ਗਿਆ ਹੈ ਅਤੇ ਗੁੰਮਸੁੰਮ ਰਹਿੰਦਾ ਹੈ। ਉਹ ਸਾਰਾ ਦਿਨ ਭੈਭੀਤ ਨਜ਼ਰਾਂ ਨਾਲ ਖਾਲੀ ਖਾਲੀ ਝਾਕਦਾ ਰਹਿੰਦਾ ਹੈ ਅਤੇ ਉਸਦਾ ਚਿਹਰਾ ਪੀੜਾ ਅਤੇ ਚਿੰਤਾ ਦਾ ਵਿੰਨ੍ਹਿਆ ਵੱਟ ਖਾਂਦਾ ਰਹਿੰਦਾ ਹੈ। ਉਸ ਨੇ ਵੀ ਖਾਣਾ-ਪੀਣਾ ਬੰਦ ਕਰ ਦਿੱਤਾ ਹੈ। ਉਸ ਦੀ ਪਤਨੀ ਵੀ ਘੋਰ ਜਿਸਮਾਨੀ ਤਕਲੀਫ਼ ਤੋਂ ਪੀੜਤ ਹੈ ਅਤੇ ਸਾਰਾ ਦਿਨ ਉਲਟੀਆਂ ਕਰਦੀ ਰਹਿੰਦੀ ਹੈ:

"ਮੈਂ ਇਹ ਹਾਲਤ ਹੋਰ ਜ਼ਿਆਦਾ ਸਹਿਣ ਨਹੀਂ ਕਰ ਸਕਦੀ। ਨਣਦ ਅਤੇ ਪਤੀ ਦੀ ਸਾਂਭ-ਸੰਭਾਲ ਨੇ ਮੈਨੂੰ ਨਿਚੋੜ ਦਿੱਤਾ ਹੈ। ਹੁਣ ਮੈਂ ਖ਼ੁਦ ਬੀਮਾਰ ਹਾਂ, ਫੇਰ ਵੀ ਉਨ੍ਹਾਂ ਨੂੰ ਮੈਨੂੰ ਹੀ ਸੰਭਾਲਣਾ ਪੈਂਦਾ ਹੈ ਕਿਉਂਕਿ ਮੈਥੋਂ ਹੋਰ ਕੋਈ ਕੰਮ ਨਹੀਂ ਹੁੰਦਾ।"

ਬੁੱਢੀ ਆਪਣੀ ਹੀ ਕਹਾਣੀ ਛੋਹ ਕੇ ਬੈਠ ਗਈ:

"ਕਹਿੰਦੇ ਨੇ ਮੇਰੀ ਧੀ ਅਤੇ ਨੂੰਹ ਨੂੰ ਕੈਂਸਰ ਹੈ। ਅਸੀਂ ਇਲਾਜ 'ਤੇ ਹਜ਼ਾਰਾਂ ਰੁਪਏ ਰੋੜ੍ਹ ਦਿੱਤੇ ਹਨ। ਅਸੀਂ ਪਹਿਲਾਂ ਹੀ ਕਰਜ਼ਾਈ ਹਾਂ ਅਤੇ ਬੀਮਾਰੀਆਂ ਉੱਪਰ ਹੋਰ ਪੈਸਾ ਖ਼ਰਚਣ ਜੋਗੇ ਨਹੀਂ ਹਾਂ। ਇਕ ਦੂਜੇ ਦੀ ਸਾਂਭ-ਸੰਭਾਲ ਤੋਂ ਬਿਨਾਂ ਅਸੀਂ ਹੋਰ ਕੁਝ ਨਹੀਂ ਕਰ ਸਕਦੇ। ਕੋਈ ਵੀ ਦੂਜੇ ਨੂੰ ਬੀਕਾਨੇਰ ਲਿਜਾਣ ਜੋਗਾ ਨਹੀਂ ਹੈ।"

ਇਸ ਪਰਿਵਾਰ ਨੂੰ ਟਰੈਕਟਰ ਅਤੇ ਪੰਜ ਏਕੜ ਜ਼ਮੀਨ ਵੇਚਣੀ ਪਈ ਸੀ। ਇਨ੍ਹਾਂ ਕੋਲ ਹੁਣ ਦਸ ਕਿੱਲੇ ਬਾਕੀ ਹਨ। ਜੇ ਚੋਖੀ ਜ਼ਮੀਨ ਵਾਲੇ ਟੱਬਰ ਦੀ ਹਾਲਤ ਇਹ ਹੈ ਤਾਂ ਸਾਧਨਾਂ ਦੀ ਥੁੜ ਵਾਲੇ ਲੋਕਾਂ ਦੀ ਹਾਲਤ ਦੀ ਕਲਪਨਾ ਕੀਤੀ ਜਾ ਸਕਦੀ ਹੈ।

ਫ਼ਿਰੋਜ਼ਪੁਰ ਜ਼ਿਲ੍ਹੇ ਦੀ ਤੇਜਿੰਦਰ ਕੌਰ ਦੇ ਪਰਿਵਾਰ ਦੀ ਅੱਠ ਏਕੜ ਜ਼ਮੀਨ ਹੈ। ਪਰ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਕਰਾਉਣ ਅਤੇ ਚੰਗਾ ਖਵਾਉਣ-ਪਿਆਉਣ ਲਈ ਉਹ ਨਰਮਾ ਚੁਗ ਕੇ ਹੋਰ ਕਮਾਉਂਦੀ ਹੈ। ਫੇਰ ਵੀ ਉਸ ਕੋਲ ਹਮੇਸ਼ਾ ਪੈਸੇ ਦੀ ਤੋਟ ਰਹਿੰਦੀ ਹੈ। ਉਸਦਾ ਪਤੀ ਫ਼ਿਕਰਾਂ ਨੇ ਖਾ ਲਿਆ ਅਤੇ ਉਹ ਸ਼ਰਾਬ 'ਚ ਡੁੱਬਿਆ ਰਹਿੰਦਾ ਸੀ। ਉਹ ਅਕਸਰ ਹੀ ਉਸ ਉੱਤੇ ਹੱਥ ਵੀ ਚੁੱਕ ਲੈਂਦਾ। 32 ਸਾਲ ਦੀ ਉਮਰ 'ਚ 2007 'ਚ ਉਸਨੇ ਜ਼ਹਿਰੀਲੀ ਦਵਾਈ ਪੀ ਲਈ। ਮਰਨ ਤੋਂ ਪਹਿਲਾਂ 50,000 ਰੁਪਏ ਉਸਦੇ ਅਪੈਂਡਿਕਸ ਦੇ ਇਲਾਜ 'ਤੇ ਖ਼ਰਚ ਹੋ ਗਏ।

ਪਰਿਵਾਰ 'ਚ ਖ਼ੁਦਕੁਸ਼ੀ ਬਾਕੀ ਜੀਆਂ, ਖ਼ਾਸ ਕਰਕੇ ਔਰਤਾਂ, ਦੇ ਮਨਾਂ ਉੱਪਰ ਘਾਓ ਛੱਡ ਜਾਂਦੀ ਹੈ। ਕਈ ਔਰਤਾਂ ਨੇ ਦੱਸਿਆ ਕਿ ਖ਼ੁਦਕੁਸ਼ੀ ਤੋਂ ਬਾਅਦ ਉਨ੍ਹਾਂ ਨੂੰ ਬੀਮਾਰੀਆਂ ਨੇ ਖਾ ਲਿਆ। ਗੱਲ ਸਮਝ ਆਉਂਦੀ ਹੈ, ਬੀਮਾਰੀਆਂ ਦੀ ਭਰਮਾਰ ਅਤੇ ਤੀਬਰਤਾ ਦਾ ਨਾਤੂਆ ਲੰਮੇ ਸਮੇਂ ਤੋਂ ਚਿੰਬੜੇ ਦੁੱਖ ਅਤੇ ਜ਼ਿੰਦਗੀ ਦਾ ਇਕ ਮਿਆਰ ਬਣਾਈ ਰੱਖਣ ਲਈ ਖ਼ਰਚੇ ਜਾ ਰਹੇ ਵਿਤੀ ਵਸੀਲਿਆਂ ਨਾਲ ਜੁੜਿਆ ਹੋਇਆ ਹੈ ਜੋ ਖ਼ੁਰਦੇ ਜਾ ਰਹੇ ਹਨ।

ਫ਼ਿਰੋਜ਼ਪੁਰ ਜ਼ਿਲ੍ਹੇ ਦੇ ਮਮਦੋਟ ਬਲਾਕ ਦੀ 50 ਸਾਲ ਦੀ ਕੁਲਵਿੰਦਰ ਕੌਰ ਦੀ ਹਾਲਤ ਬੇਹੱਦ ਮਾੜੀ ਹੈ। ਉਸਦੇ ਪੁੱਤ ਨੇ 2007 'ਚ ਖ਼ੁਦਕੁਸ਼ੀ ਕਰ ਲਈ ਸੀ। 13 ਏਕੜ ਜ਼ਮੀਨ ਹੋਣ ਦੇ ਬਾਵਜੂਦ ਪਰਿਵਾਰ ਛੇ ਲੱਖ ਰੁਪਏ ਦਾ ਕਰਜ਼ਾਈ ਹੋ ਗਿਆ। ਪੇਸ਼ਾਬ ਦੀ ਸਮੱਸਿਆ, ਅਪੈਂਡਿਕਸ ਅਤੇ ਅੱਖਾਂ ਦੇ ਓਪਰੇਸ਼ਨ ਕਰਾਉਣ ਲਈ ਉਸ ਨੂੰ ਪੰਜਾਹ ਹਜ਼ਾਰ ਰੁਪਏ ਕਰਜ਼ਾ ਲੈਣਾ ਪਿਆ ਸੀ। ਨਾਲ ਹੀ ਉਸ ਦੇ ਸਿਰ ਬੀਮਾਰ ਪਤੀ ਅਤੇ ਸਹੁਰੇ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਹੈ। ਆਪਣੀ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਉਹ ਟੱਬਰ ਦੇ ਬੀਮਾਰ ਜੀਆਂ ਦੀ ਦੇਖਭਾਲ ਕਰਨ ਦੇ ਨਾਲ-ਨਾਲ ਆਪਣੇ ਇਲਾਜ ਲਈ ਕਰਜ਼ਾ ਵੀ ਲੈ ਰਹੀ ਹੈ।

ਫ਼ਿਰੋਜ਼ਪੁਰ ਜ਼ਿਲ੍ਹੇ ਦੀ ਲਖਬੀਰ ਕੌਰ ਦਾ ਪਤੀ ਜਦੋਂ ਲਗਾਤਾਰ ਵਿਤੀ ਸਮੱਸਿਆਵਾਂ ਸਹਿਣ ਤੋਂ ਅਸਮਰੱਥ ਹੋ ਗਿਆ ਤਾਂ ਨਵੰਬਰ 2008 'ਚ ਉਸਨੇ ਖ਼ੁਦਕੁਸ਼ੀ ਕਰ ਲਈ। ਉਹ ਲਹਿਣੇਦਾਰਾਂ ਦੀ ਜ਼ਲਾਲਤ ਅਤੇ ਬੱਚਿਆਂ ਦੀ ਪੜ੍ਹਾਈ ਦੀ ਚਿੰਤਾ ਤੋਂ ਤੰਗ ਆ ਚੁੱਕਾ ਸੀ। ਹੁਣ ਇਸ ਪਰਿਵਾਰ ਕੋਲ ਇਕ ਏਕੜ ਤੋਂ ਵੀ ਘੱਟ ਜ਼ਮੀਨ ਹੈ ਅਤੇ ਤਿੰਨ ਲੱਖ ਤੋਂ ਵੱਧ ਕਰਜ਼ਾ ਹੈ। ਦੋ ਸਾਲ ਪਹਿਲਾਂ, ਲਖਬੀਰ ਨੂੰ ਜਲੰਧਰ ਦੇ ਇਕ ਨਿੱਜੀ ਹਸਪਤਾਲ 'ਚ ਬੱਚੇਦਾਨੀ ਦੇ ਕੈਂਸਰ ਦਾ ਇਲਾਜ ਕਰਾਉਣ ਲਈ ਇਕ ਲੱਖ ਰੁਪਏ ਕਰਜ਼ਾ ਲੈਣਾ ਪਿਆ ਸੀ।

ਓਪਰੇਸ਼ਨ ਅਤੇ ਮਹਿੰਗਾ ਇਲਾਜ ਪਰਿਵਾਰ ਨੂੰ ਹੋਰ ਕਰਜ਼ਾਈ ਕਰਦੇ ਹਨ ਜਦਕਿ ਖ਼ਰਾਬ ਸਿਹਤ ਕਾਰਨ ਉਹ ਕੋਈ ਕਮਾਈ ਵਾਲਾ ਕੰਮ ਕਰਨ ਤੋਂ ਆਰੀ ਹੋ ਜਾਂਦੇ ਹਨ। ਬਜ਼ੁਰਗਾਂ ਦੇ ਇਲਾਜ ਅਤੇ ਹਸਪਤਾਲ 'ਚ ਦਾਖ਼ਲ ਕਰਾਉਣ ਲਈ ਵੀ ਪਰਿਵਾਰਾਂ ਨੂੰ ਕਰਜ਼ੇ ਲੈਣੇ ਪੈਂਦੇ ਹਨ। ਵਿਅਕਤੀ ਦੀ ਮੌਤ ਹੋ ਜਾਣ ਤੋਂ ਬਾਅਦ ਵੀ ਉਹ ਕਰਜ਼ੇ ਮੋੜਦੇ ਰਹਿੰਦੇ ਹਨ। ਜਦੋਂ ਜੁਲਾਈ 2009 'ਚ ਇਹ ਗੱਲਬਾਤ ਕੀਤੀ ਗਈ, ਓਦੋਂ ਮਾਨਸਾ ਜ਼ਿਲ੍ਹੇ 'ਚ ਦੋ ਐਸੇ ਪਰਿਵਾਰ ਕਰਜ਼ਾ ਮੋੜ ਰਹੇ ਸਨ ਜੋ ਉਨ੍ਹਾਂ ਨੇ ਘਰ ਦੀ ਬਜ਼ੁਰਗ ਔਰਤ ਦੇ ਕੈਂਸਰ ਦੇ ਇਲਾਜ ਲਈ ਲਏ ਸਨ ਅਤੇ ਇਹ ਮਰੀਜ਼ ਲੰਮਾ ਸਮਾਂ ਪਹਿਲਾਂ ਜਹਾਨੋਂ ਕੂਚ ਕਰ ਚੁੱਕਾ ਸੀ।

ਫ਼ਿਰੋਜ਼ਪੁਰ ਜ਼ਿਲ੍ਹੇ ਦੀ ਕੁਲਜੀਤ ਕੌਰ ਨੂੰ ਆਪਣੀ ਸੱਸ ਦੇ ਸਸਕਾਰ ਅਤੇ ਹੋਰ ਰਸਮਾਂ ਲਈ 13,000 ਰੁਪਏ ਹਿੱਸਾ ਦੇਣਾ ਪਿਆ। ਉਸ ਨੇ ਦੱਸਿਆ ਕਿ ਜੇ ਉਹ ਅਜਿਹਾ ਨਾ ਕਰਦੀ ਤਾਂ ਉਸਨੂੰ ਮ੍ਰਿਤਕ ਦੇ ਹਿੱਸੇ ਦੀ ਜ਼ਮੀਨ ਵਿਚੋਂ ਦੋ ਕਨਾਲ ਦਾ ਹਿੱਸਾ ਨਹੀਂ ਮਿਲਣਾ ਸੀ। ਉਸ ਦੀ ਮਾਂ ਨੇ ਇਹ ਖ਼ਰਚ ਕਰਨ ਲਈ ਸਹਾਇਤਾ ਦਿੱਤੀ। ਉਹ ਸੁਭਾਗੀ ਹੈ, ਇਸ ਪੱਖੋਂ ਕਿ ਆਮ ਤੌਰ 'ਤੇ ਪੇਕਿਆਂ ਵਲੋਂ ਅਜਿਹੀ ਮਦਦ ਬਹੁਤ ਹੀ ਦੁਰਲੱਭ ਹੈ। ਜਾਂ ਤਾਂ ਉਹ ਵੀ ਇਸੇ ਤਰ੍ਹਾਂ ਗ਼ਰੀਬ ਹੁੰਦੇ ਹਨ, ਜਾਂ ਮੂੰਹ ਫੇਰ ਲੈਂਦੇ ਹਨ ਜਾਂ ਦੋਵੇਂ ਤਰ੍ਹਾਂ ਦੀ ਸਮੱਸਿਆ ਹੁੰਦੀ ਹੈ।

ਫ਼ਰੀਦਕੋਟ ਜ਼ਿਲ੍ਹੇ ਦੀ ਇਕ 70 ਸਾਲ ਦੀ ਔਰਤ ਨੇ ਆਪਣੀ ਕਹਾਣੀ ਦੱਸੀ ਕਿ ਕਿਵੇਂ ਸਾਲਾਂ ਬੱਧੀ ਕਰਜ਼ਾ ਚੜ੍ਹਕੇ ਦਸ ਲੱਖ ਹੋ ਗਿਆ। ਕਦੇ ਉਨ੍ਹਾਂ ਕੋਲ ਪੰਜ ਏਕੜ ਜ਼ਮੀਨ ਸੀ, ਹੁਣ ਸਿਰਫ਼ ਪੌਣੇ ਦੋ ਏਕੜ ਬਚੀ ਹੈ।

"ਸਾਲਾਂ ਬੱਧੀ ਮੈਂ ਸੋਚਦੀ ਰਹੀ ਕਿ ਅਸੀਂ ਹੋਰ ਕਰਜ਼ਾ ਨਹੀਂ ਲਵਾਂਗੇ ਪਰ ਲੱਗਦਾ ਸੀ ਕਿ ਇਸ ਬਿਨਾ ਗੁਜ਼ਾਰਾ ਨਹੀਂ ਹੈ। ਜੇ ਤੁਸੀਂ ਘੱਟ ਤੋਂ ਘੱਟ ਖ਼ਰਚ ਕਰਨ ਤੱਕ ਆਪਣਾ ਮੂੰਹ ਬੰਨ੍ਹ ਲਵੋ, ਫੇਰ ਵੀ ਕਈ ਅਣਕਿਆਸੇ ਖ਼ਰਚੇ ਆ ਖੜ੍ਹਦੇ ਹਨ। ਮੇਰੇ ਪੋਤੇ ਨੂੰ ਛਾਤੀ ਦਾ ਰੋਗ ਚਿੰਬੜ ਗਿਆ ਅਤੇ ਹੁਣੇ ਜਹੇ ਇਕ ਹੋਰ ਬਹੂ ਦਾ ਛਾਤੀ ਦੇ ਕੈਂਸਰ ਦਾ ਓਪਰੇਸ਼ਨ ਹੋਇਆ ਹੈ। ਮੈਨੂੰ ਕੁਝ ਨਹੀਂ ਸੁੱਝਦਾ ਕਿ ਕਰਜ਼ੇ ਲਏ ਬਿਨਾ ਖ਼ਰਚੇ ਕਿਵੇਂ ਪੂਰਾਂ ਕਰਾਂ। ਇਲਾਜ ਉੱਪਰ ਇਕ ਲੱਖ ਰੁਪਿਆ ਖ਼ਰਚ ਹੋ ਗਿਆ। ਦੋਵੇਂ ਅੱਧ-ਪਚੱਧੇ ਤੰਦਰੁਸਤ ਹੋਏ ਹਨ। ਉਨ੍ਹਾਂ ਨੂੰ ਬਚਾਉਣ ਲਈ, ਹੋਰ ਪੈਸਾ ਚਾਹੀਦੈ। ਅਸੀਂ ਆਪਣੇ ਬੱਚਿਆਂ ਨੂੰ ਆਪਣੀਆਂ ਅੱਖਾਂ ਮੂਹਰੇ ਦਰਦ ਅਤੇ ਬੀਮਾਰੀ ਨਾਲ ਕਿਵੇਂ ਮਰ ਜਾਣ ਦੇਈਏ?"

ਇਲਾਜ ਲਈ ਲਿਆ ਇਕੋ ਕਰਜ਼ਾ ਲਾਹੁਣ ਲਈ ਕਈ ਸਾਲ ਲੱਗ ਜਾਂਦੇ ਹਨ। ਸੰਗਰੂਰ ਜ਼ਿਲ੍ਹੇ ਦੇ ਲਹਿਰਾਗਾਗਾ ਬਲਾਕ ਦੀ ਤਰਨਜੀਤ ਕੌਰ ਹਾਲੇ ਤੱਕ ਬਾਪ ਦੇ ਗ਼ਮ 'ਚੋਂ ਨਹੀਂ ਨਿਕਲ ਸਕੀ, ਜਿਸਨੇ 2007 'ਚ ਖ਼ੁਦਕੁਸ਼ੀ ਕਰ ਲਈ ਸੀ। ਜਨਮ ਲੈਣ ਤੋਂ ਇਕ ਮਹੀਨਾ ਬਾਅਦ ਹੀ ਉਸ ਦੀ ਮਾਂ ਦਾ ਸਾਇਆ ਸਿਰ ਤੋਂ ਉੱਠ ਗਿਆ ਸੀ। ਸਾਂਝੇ ਟੱਬਰ 'ਚ ਉਸ ਦੇ ਬਾਪ ਨੇ ਉਸ ਨੂੰ ਪਾਲਿਆ। ਉਸ ਦੇ ਹਿੱਸੇ ਡੇਢ ਕਿੱਲਾ ਜ਼ਮੀਨ ਹੀ ਆਈ ਜਿਸ ਵਿਚ ਬਹੁਤ ਥੋੜ੍ਹੀ ਫ਼ਸਲ ਹੁੰਦੀ ਸੀ ਅਤੇ ਉਹ 40,000 ਦਾ ਕਰਜ਼ਾਈ ਹੋ ਗਿਆ ਸੀ। ਇਹ ਕਰਜ਼ਾ ਉਸਨੇ ਆਪਣੀ ਪਤਨੀ ਦੇ ਇਲਾਜ ਲਈ ਲਿਆ ਸੀ। ਚੰਡੀਗੜ੍ਹ ਦੇ ਇਕ ਹਸਪਤਾਲ 'ਚ ਰਹਿਣ ਅਤੇ ਟੈਸਟਾਂ ਉੱਪਰ ਹੀ ਸਾਰਾ ਪੈਸਾ ਖ਼ਰਚ ਹੋ ਗਿਆ ਸੀ। ਬਾਅਦ 'ਚ ਉਸ ਦੀ ਮੌਤ ਹੋ ਗਈ। ਰਕਮ ਦਾ ਵਿਆਜ ਜਮਾਂ ਹੁੰਦਾ ਗਿਆ। ਰਕਮ ਵਧਦੀ ਦੇਖ ਆੜ੍ਹਤੀਆ ਵੀ ਉਸ 'ਤੇ ਦਬਾਅ ਪਾਉਣ ਅਤੇ ਜ਼ਲੀਲ ਕਰਨ ਲੱਗ ਪਿਆ। ਉਸਦੇ ਭਰਾ ਨੇ ਆਪਣੀ ਧੀ ਨੂੰ ਮਾਰਕੇ ਖ਼ੁਦ ਨੂੰ ਅੱਗ ਲਾਕੇ ਖ਼ਤਮ ਕਰ ਲਿਆ ਸੀ। ਟੱਬਰ ਦੇ ਬਾਕੀ ਜੀਅ ਇਨ੍ਹਾਂ ਅਣਹੋਣੀਆਂ ਦੇ ਸਦਮੇ ਤੇ ਗ਼ਮ ਦਾ ਬੋਝ ਢੋਅ ਰਹੇ ਹਨ।

ਬੇਜ਼ਮੀਨੇ ਮਜ਼ਦੂਰਾਂ ਜਾਂ ਥੁੜ ਜ਼ਮੀਨੇ ਕਿਸਾਨਾਂ ਦੀਆਂ ਦਰਦ-ਕਹਾਣੀਆਂ ਤਾਂ ਹੋਰ ਵੀ ਝੰਜੋੜਨ ਵਾਲੀਆਂ ਹਨ। ਫ਼ਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਬਲਾਕ ਦੀ ਇਕ ਔਰਤ ਨੇ ਦੱਸਿਆ ਕਿ ਉਸਦੇ ਪਤੀ ਨੂੰ ਦੋ ਮਹੀਨੇ ਲੁਧਿਆਣੇ ਦੇ ਹਸਪਤਾਲ 'ਚ ਰੱਖਣ ਤੋਂ ਬਾਅਦ, ਪਰਿਵਾਰ ਨੂੰ ਡੇਢ ਲੱਖ ਰੁਪਏ ਕਰਜ਼ਾ ਲੈਣਾ ਪਿਆ ਸੀ। ਪਹਿਲਾਂ

ਇਕੋ ਇਕ ਏਕੜ ਜ਼ਮੀਨ ਵੇਚਣੀ ਪਈ ਸੀ।

"ਮੇਰਾ ਪਤੀ ਫ਼ਿਕਰਾਂ 'ਚ ਡੁੱਬਿਆ ਚੰਗੀ ਤਰ੍ਹਾਂ ਖਾਂਦਾ-ਪੀਂਦਾ ਵੀ ਨਹੀਂ ਸੀ। ਮੈਂ ਆੜ੍ਹਤੀਏ ਨੂੰ ਉਸ ਨੂੰ ਮਿਲਣ ਨਾ ਦੇਂਦੀ ਤਾਂ ਜੋ ਉਹ ਉਸ ਦੇ ਮੱਥੇ ਨਾ ਲੱਗੇ। ਫੇਰ ਉਸ ਦੀ ਬੀਮਾਰੀ ਹੋਰ ਵੱਧ ਗਈ। ਡਾਕਟਰ ਉਸ ਨੂੰ ਚਿੰਤਾ ਤੋਂ ਬਚਣ ਦੀ ਸਲਾਹ ਦਿੰਦੇ। ਕੀ ਇਹ ਸੰਭਵ ਹੈ? ਜਦੋਂ 2007 'ਚ ਉਸਨੇ ਪਾਣੀ 'ਚ ਡੁੱਬਕੇ ਮੌਤ ਗਲੇ ਲਗਾ ਲਈ ਤਾਂ ਮੈਨੂੰ ਕੋਈ ਹੈਰਾਨੀ ਨਾ ਹੋਈ। ਉਹ ਲਗਾਤਾਰ ਡਰ ਦੇ ਸਾਏ ਹੇਠ ਜਿਊਂਦਾ ਸੀ। ਇਹ ਭਾਣਾ ਵਾਪਰਨਾ ਹੀ ਸੀ।"

ਮਾਨਸਾ ਜ਼ਿਲ੍ਹੇ 'ਚ ਇਕ ਔਰਤ ਕੋਲ ਇਕ ਏਕੜ ਜ਼ਮੀਨ ਹੀ ਸੀ। ਆਪਣੇ ਪਤੀ ਦੀ ਮੌਤ ਤੋਂ ਦੋ ਸਾਲ ਦੇ ਅੰਦਰ ਹੀ ਉਸ ਨੂੰ ਆਪਣੇ ਪੁੱਤ ਦੇ ਇਲਾਜ ਲਈ ਚਾਲੀ ਹਜ਼ਾਰ ਰੁਪਏ ਕਰਜ਼ਾ ਲੈਣਾ ਪਿਆ। ਉਸਦੇ ਗੋਡਿਆਂ 'ਚ ਨੁਕਸ ਪੈ ਗਿਆ ਸੀ। ਕਰਜ਼ੇ ਦੀ ਰਕਮ ਉਸ ਦੀ ਸਾਲਾਨਾ ਆਮਦਨੀ ਤੋਂ ਦੁੱਗਣੀ ਹੈ ਅਤੇ ਉਸ ਨੂੰ ਕੁਝ ਨਹੀਂ ਸੁੱਝਦਾ ਕਿ ਕਰਜ਼ਾ ਕਿਵੇਂ ਲੱਥੇਗਾ। ਉਸਦੀ ਧੀ ਵੀ ਪੋਲੀਓ ਕਾਰਨ ਇਕ ਲੱਤ ਤੋਂ ਅਪਾਹਜ ਹੈ, ਕਦੇ-ਕਦਾਈਂ ਉਸ ਦਾ ਵੀ ਇਲਾਜ ਕਰਾਉਣਾ ਪੈਂਦਾ ਹੈ। ਇਸ ਪਰਿਵਾਰ ਨੂੰ ਵੀ ਆੜ੍ਹਤੀਏ ਵਲੋਂ ਤੰਗ-ਪ੍ਰੇਸ਼ਾਨ ਕਰਨਾ ਨਿੱਤ ਦਾ ਕੰਮ ਹੈ।

ਅਕਸਰ ਹੀ ਡਾਕਟਰ ਓਪਰੇਸ਼ਨ ਕਰਾਉਣ ਦੀ ਸਲਾਹ ਦਿੰਦੇ ਹਨ। ਜਾਂ ਤਾਂ ਪੈਸੇ ਦੀ ਤੰਗੀ ਕਾਰਨ ਓਪਰੇਸ਼ਨ ਕਰਾਏ ਹੀ ਨਹੀਂ ਜਾਂਦੇ ਜਾਂ ਪੈਸਾ ਵਿਆਹਾਂ ਜਾਂ ਦੋਹਤਿਆਂ-ਪੋਤਿਆਂ ਦੇ ਲੈਣ-ਦੇਣ ਦੇ ਲੇਖੇ ਲੱਗ ਜਾਂਦਾ ਹੈ। ਖ਼ਾਸ ਕਰਕੇ ਇਹ ਔਰਤਾਂ ਦੇ ਮਾਮਲੇ 'ਚ ਵਾਪਰਦਾ ਹੈ, ਅਕਸਰ ਹੀ ਉਹ ਦੁਨੀਆਂਦਾਰੀ ਦੀ ਸੂਝ ਵਿਚੋਂ ਆਪਣੇ ਉੱਪਰ ਪੈਸੇ ਖ਼ਰਚੇ ਜਾਣ ਤੋਂ ਗੁਰੇਜ਼ ਕਰਦੀਆਂ ਹਨ। ਅਗਸਤ 2005 'ਚ ਸੰਗਰੂਰ ਜ਼ਿਲ੍ਹੇ ਦੀ ਨਰਿੰਦਰ ਕੌਰ ਦਾ 23 ਸਾਲ ਦਾ ਪੁੱਤ ਵਿਛੋੜਾ ਦੇ ਗਿਆ ਸੀ। ਉਹ ਬਹੁਤ ਬੀਮਾਰ ਅਤੇ ਕਮਜ਼ੋਰ ਦਿਖਾਈ ਦਿੰਦੀ ਸੀ। ਉਸਦੇ ਗੁਰਦਿਆਂ 'ਚ ਪੱਥਰੀਆਂ ਹਨ। ਉਸਨੇ ਬੱਚੇਦਾਨੀ 'ਚ ਨੁਕਸ ਦਾ ਜ਼ਿਕਰ ਵੀ ਕੀਤਾ। ਉਸਨੇ ਸੰਗਰੂਰ ਤੋਂ ਅਲਟਰਾ ਸਾਊਂਡ ਟੈਸਟ ਕਰਾਇਆ ਸੀ, ਜਿਸ ਉੱਤੇ 1200 ਰੁਪਏ ਖ਼ਰਚ ਆ ਗਏ। ਇਹੀ ਹੋ ਸਕਿਆ। ਡਾਕਟਰ ਨੇ ਓਪਰੇਸ਼ਨ ਦਾ ਅੰਦਾਜ਼ਨ ਖ਼ਰਚ 15,000 ਰੁਪਏ ਦੱਸਿਆ ਸੀ ਉਸਨੇ ਓਪਰੇਸ਼ਨ ਦਾ ਖ਼ਿਆਲ ਹੀ ਛੱਡ ਦਿੱਤਾ। ਜਦੋਂ ਡਾਕਟਰ ਮਹਿੰਗੇ ਇਲਾਜ ਦਾ ਮਸ਼ਵਰਾ ਦਿੰਦੇ ਹਨ ਤਾਂ ਪੈਸੇ ਦੀ ਤੰਗੀ ਦਾ ਸ਼ਿਕਾਰ ਪਰਿਵਾਰ ਇਸ ਤੋਂ ਟਾਲਾ ਵੱਟ ਜਾਂਦੇ ਹਨ।

ਮਾਨਸਾ ਜ਼ਿਲ੍ਹੇ ਦੀ ਇਕ 30 ਸਾਲ ਦੀ ਔਰਤ ਫਲੂ ਅਤੇ ਬੁਖ਼ਾਰ ਨਾਲ ਬੀਮਾਰ ਹੈ। ਉਹ ਹਸਪਤਾਲ ਜਾਣ ਦੀ ਨਹੀਂ ਸੋਚ ਸਕਦੀ। ਕਿਉਂਕਿ ਉਹ ਇਲਾਜ ਦਾ ਖ਼ਰਚ ਝੱਲਣ ਜੋਗੀ ਨਹੀਂ ਹੈ। ਉਸਨੇ ਆਪਣੀ ਦੋ ਏਕੜ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ ਜਿੱਥੋਂ ਉਸ ਨੂੰ ਹਰ ਸਾਲ 20 ਕਵਿੰਟਲ ਅਨਾਜ ਮਿਲ ਜਾਂਦਾ ਹੈ। ਉਹ ਦੋ ਮੱਝਾਂ ਰੱਖਕੇ ਤੇ ਦੁੱਧ ਵੇਚਕੇ ਗੁਜ਼ਾਰਾ ਚਲਾਉਂਦੀ ਹੈ।

"ਮੇਰੇ 15 ਅਤੇ 17 ਸਾਲ ਦੇ ਦੋ ਜਵਾਕ ਹਨ। ਧੀ ਦੇ ਹੱਥ ਪੀਲੇ ਕਰਨ ਲਈ ਹੋ ਸਕਦਾ ਹੈ ਮੈਨੂੰ ਜ਼ਮੀਨ ਵੇਚਣੀ ਪਵੇ। ਮੇਰੇ ਪਤੀ ਨੂੰ ਰੀੜ ਦੀ ਹੱਡੀ ਦੇ ਇਲਾਜ 'ਤੇ ਖ਼ਰਚੇ ਗਏ 30,000 ਰੁਪਏ ਦਾ ਬਹੁਤ ਝੋਰਾ ਲੱਗਾ। ਹੁਣ ਮੈਨੂੰ ਸਮਝ

ਆਉਂਦਾ ਹੈ ਉਸ ਦੀ ਕੀ ਹਾਲਤ ਰਹੀ ਹੋਵੇਗੀ। ਜਵਾਕਾਂ ਦਾ ਭਵਿੱਖ ਸਾਡੀ ਸਿਹਤ ਨਾਲੋਂ ਵੱਧ ਅਹਿਮ ਹੈ।"

ਬੇਜ਼ਮੀਨੀ ਔਰਤ ਹਰਜਿੰਦਰ ਕੌਰ ਦੇ ਚਾਰ ਬੱਚੇ ਹਨ। ਉਸ ਦੇ ਪਰਿਵਾਰ ਵਿਚੋਂ ਦੋ ਜਣੇ ਖ਼ੁਦਕੁਸ਼ੀ ਕਰ ਚੁੱਕੇ ਹਨ। ਹਰਪ੍ਰੀਤ ਕੌਰ ਦੀ ਸਾਰੀ ਦੇਹ ਸੁੱਜੀ ਹੋਈ ਹੈ। ਉਸਦੇ ਫੇਫੜਿਆਂ ਅਤੇ ਛਾਤੀ ਵਿਚ ਵੀ ਦਰਦ ਰਹਿੰਦਾ ਹੈ। ਦਰਦ ਐਨਾ ਜ਼ਿਆਦਾ ਹੁੰਦਾ ਹੈ ਕਿ ਉਹ 10 ਮਿੰਟ ਤੋਂ ਵੱਧ ਤੁਰ-ਫਿਰਕੇ ਘਰ ਦਾ ਕੰਮ ਵੀ ਨਹੀਂ ਕਰ ਸਕਦੀ। ਫੇਰ ਵੀ ਉਹ ਟੈਸਟ ਨਾ ਕਰਾਉਣ ਦਾ ਇਰਾਦਾ ਧਾਰੀ ਬੈਠੀ ਹੈ ਅਤੇ ਸਿਰਫ਼ ਦਰਦ ਨਿਵਾਰਕ ਦਵਾਈਆਂ ਨਾਲ ਡੰਗ ਟਪਾਉਂਦੀ ਹੈ। ਉਹ ਅਜੇ ਵੀ 8000 ਰੁਪਏ ਦਾ ਕਰਜ਼ਾ ਵਾਪਸ ਮੋੜ ਰਹੀ ਹੈ ਜਿਹੜਾ ਉਸਨੇ ਆਪਣੀ ਬੱਚੇਦਾਨੀ ਦੇ ਓਪਰੇਸ਼ਨ ਵਾਸਤੇ ਚੁੱਕਿਆ ਸੀ। ਸਿਹਤ ਨਾਲੋਂ ਵੱਧ ਉਸਨੂੰ ਆਪਣੇ ਨਸ਼ੇੜੀ ਪੁੱਤ ਦੀ ਚਿੰਤਾ ਹੈ। ਔਰਤਾਂ ਦੀ ਸਿਹਤ ਨੂੰ ਨਿਗੂਣੀ ਮਹੱਤਤਾ ਦਿੱਤੇ ਜਾਣ ਕਾਰਨ, ਉਸ ਨੂੰ ਕੋਈ ਵੀ ਪ੍ਰੇਰਨਾ ਨਹੀਂ ਦਿੰਦਾ ਕਿ ਉਸਨੂੰ ਆਪਣੀ ਸਿਹਤ ਦਾ ਵੀ ਓਨਾ ਹੀ ਖ਼ਿਆਲ ਰੱਖਣਾ ਚਾਹੀਦਾ ਹੈ।

ਬੀਮਾਰੀ ਦੇ ਇਲਾਜ ਲਈ ਜ਼ਰੂਰੀ ਹੈ ਹਸਪਤਾਲ ਦਾਖ਼ਲ ਹੋਣਾ ਜਾਂ ਮਹਿੰਗੇ ਟੈਸਟ। ਪਰ ਕਰਜ਼ਾ ਲਏ ਬਗ਼ੈਰ ਇਹ ਸੰਭਵ ਨਹੀਂ ਹੈ। ਹਰਨੀਆ, ਗੁਰਦੇ 'ਚ ਪੱਥਰੀ, ਬੱਚੇਦਾਨੀ ਦੀਆਂ ਰਸੌਲੀਆਂ ਅਤੇ ਮੋਤੀਆ ਬਿੰਦ ਵਰਗੇ ਆਮ ਓਪਰੇਸ਼ਨਾਂ ਦੀ ਸਹੂਲਤ ਸਰਕਾਰੀ ਹਸਪਤਾਲਾਂ 'ਚ ਆਮ ਹੀ ਹੋਣੀ ਚਾਹੀਦੀ ਹੈ—ਪਰ ਇਹ ਵੀ ਕਰਜ਼ੇ ਚੁੱਕੇ ਬਗ਼ੈਰ ਕਰਾਉਣੇ ਅਸੰਭਵ ਹੋ ਗਏ ਹਨ।

4.3 ਖ਼ੁਦਕੁਸ਼ੀ ਹੋਰ ਵੱਧ ਖ਼ਰਚ ਕਰਾਉਂਦੀ ਹੈ

ਖ਼ੁਦਕੁਸ਼ੀ ਕਰਨ 'ਚ ਅਸਫ਼ਲ ਰਹਿਣ 'ਤੇ ਵੀ ਕਰਜ਼ੇ ਲੈਣੇ ਪੈਂਦੇ ਹਨ। ਅਜਿਹੇ ਜਿੰਨੇ ਮਾਮਲੇ ਸਾਹਮਣੇ ਆਉਂਦੇ ਹਨ, ਇਨ੍ਹਾਂ ਦੀ ਗਿਣਤੀ ਇਸ ਤੋਂ ਕਿਤੇ ਵੱਧ ਹੋਣ ਦੀ ਸੰਭਾਵਨਾ ਹੈ। ਨਿੱਜੀ ਹਸਪਤਾਲਾਂ ਲਈ ਇਹ ਪੈਸੇ ਬਟੋਰਨ ਦਾ ਸਭ ਤੋਂ ਵਧੀਆ ਮੌਕਾ ਹੁੰਦਾ ਹੈ। ਇਸ ਸਮੇਂ ਪਰਿਵਾਰ ਆਪਣੇ ਜੀਅ ਨੂੰ ਮੌਤ ਦੇ ਮੂੰਹੋਂ ਬਚਾਉਣ ਲਈ ਵਾਹ ਜਹਾਨ ਦੀ ਲਾਉਂਦਾ ਹੈ। ਮਾਨਸਾ ਜ਼ਿਲ੍ਹੇ ਦੀ ਇਕ 18 ਸਾਲ ਦੀ ਲੜਕੀ ਨੇ ਆਪ ਬੀਤੀ ਬਿਆਨ ਕੀਤੀ ਕਿ ਕਿਵੇਂ ਉਸ ਦੇ ਭਰਾ ਵਲੋਂ ਖ਼ੁਦਕੁਸ਼ੀ ਕਰਨ 'ਚ ਸਫ਼ਲ ਨਾ ਹੋਣ ਤੋਂ ਬਾਅਦ ਉਸਦੇ ਇਲਾਜ 'ਤੇ ਸੱਠ-ਸੱਤਰ ਹਜ਼ਾਰ ਰੁਪਏ ਖ਼ਰਚ ਆ ਗਏ। ਫੇਰ ਵੀ, ਉਸ ਦੀ ਜਾਨ ਨਹੀਂ ਬਚ ਸਕੀ। ਨਾਲ ਹੀ ਉਸਨੇ ਦੱਸਿਆ ਕਿ ਪਹਿਲਾਂ ਉਨ੍ਹਾਂ ਦੇ ਪਰਿਵਾਰ ਨੂੰ ਮਾਂ ਦੇ ਹੈਪੇਟਾਈਟਸ ਦਾ ਇਲਾਜ ਕਰਾਉਣ ਲਈ 25,000 ਰੁਪਏ ਕਰਜ਼ਾ ਲੈਣਾ ਪਿਆ ਸੀ, ਉਹ ਹਾਲੇ ਵੀ ਠੀਕ ਨਹੀਂ ਹੈ। ਹੁਣ ਵੀ ਉਨ੍ਹਾਂ ਸਿਰ ਪੰਜਾਹ ਹਜ਼ਾਰ ਦੇ ਕਰੀਬ ਕਰਜ਼ਾ ਹੈ ਪਰ ਬੇਜ਼ਮੀਨੇ ਖੇਤ ਮਜ਼ਦੂਰ ਹੋਣ ਕਾਰਨ ਅਤੇ ਕੰਮ ਦੀ ਅਣਹੋਂਦ ਕਾਰਨ, ਉਨ੍ਹਾਂ ਲਈ ਇਹ ਕਰਜ਼ਾ ਲਾਹੁਣਾ ਵੀ ਅਸੰਭਵ ਬਣਿਆ ਹੋਇਆ ਹੈ।

ਕੁਝ ਮਾਮਲਿਆਂ 'ਚ, ਖ਼ੁਦਕੁਸ਼ੀਆਂ ਤੋਂ ਬਾਅਦ ਬੰਧੂਆ ਮਜ਼ਦੂਰੀ ਤੱਕ ਦੀ ਨੌਬਤ ਆ ਗਈ। ਮਾਨਸਾ ਜ਼ਿਲ੍ਹੇ 'ਚ ਵੀਹ ਸਾਲ ਦਾ ਲੜਕਾ ਜਗਦੇਵ ਸਿੰਘ ਜ਼ਿੰਮੀਦਾਰ ਨਾਲ ਸੀਰੀ ਰਲਿਆ ਹੋਇਆ ਸੀ। ਉਸਨੇ ਆਪਣੀ ਸਾਲਾਨਾ ਤਨਖ਼ਾਹ

ਬਦਲੇ ਥੋੜ੍ਹਾ ਕਰਜ਼ਾ ਲਿਆ ਹੋਇਆ ਸੀ। ਉਸ ਲਈ ਨਿੱਤ ਦੇ ਵਿਅੰਗ ਬਾਣ ਅਤੇ ਜ਼ਲਾਲਤ ਸਹਿਣੀ ਔਖੀ ਹੋ ਗਈ। ਓੜਕ ਉਸਨੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਹੁਣ ਉਸਦਾ ਬਜ਼ੁਰਗ ਬਾਪ 45,000 ਰੁਪਏ ਕਰਜ਼ਾ ਮੋੜਨ ਲਈ ਉਸੇ ਜ਼ਿਮੀਦਾਰ ਨਾਲ ਕੰਮ ਕਰਦਾ ਹੈ। ਇਹ ਕਰਜ਼ਾ ਉਸਨੇ ਪੁੱਤ ਨੂੰ ਹਸਪਤਾਲ ਦਾਖ਼ਲ ਕਰਾਕੇ ਉਸਦੀ ਜਾਨ ਬਚਾਉਣ ਦੀ ਖ਼ਾਤਰ ਲਿਆ ਸੀ। ਗ਼ਰੀਬੀ ਦੀ ਹਿੰਸਾ ਅਤੇ ਅਪਮਾਨ ਕਾਰਨ ਅੱਜ ਤੱਕ ਵੱਖ-ਵੱਖ ਰੂਪਾਂ 'ਚ ਬੰਧੂਆ ਮਜ਼ਦੂਰੀ ਮੌਜੂਦ ਹੈ।

ਬਹੁਤ ਸਾਰੇ ਹੋਰ ਵੀ ਪਰਿਵਾਰ ਹਨ ਜਿਨ੍ਹਾਂ ਨੂੰ ਹਜ਼ਾਰਾਂ ਰੁਪਏ ਹਸਪਤਾਲਾਂ 'ਚ ਖ਼ਰਚਣੇ ਪੈਂਦੇ ਹਨ ਕਿਉਂਕਿ ਉਨ੍ਹਾਂ ਦੇ ਪਰਿਵਾਰ ਦੇ ਜੀਅ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ 'ਚ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹੁੰਦੇ ਹਨ। ਫ਼ਰੀਦਕੋਟ ਜ਼ਿਲ੍ਹੇ ਦੇ 40 ਸਾਲ ਦੇ ਸ਼ਮਸ਼ੇਰ ਸਿੰਘ ਦੀ ਤਿੰਨ ਏਕੜ ਜ਼ਮੀਨ ਸੀ ਅਤੇ ਉਹ ਕਰਜ਼ੇ ਦੀ ਦਲਦਲ 'ਚ ਧਸਿਆ ਹੋਇਆ ਸੀ। ਉਸਨੇ ਦੋ ਏਕੜ ਜ਼ਮੀਨ ਵੇਚਕੇ ਕਰਜ਼ਾ ਮੋੜਕੇ ਖ਼ੁਦਕੁਸ਼ੀ ਕਰਨ ਦੀ ਵਿਉਂਤ ਬਣਾਈ। ਉਸਦੀ ਕੋਸ਼ਿਸ਼ ਸਫ਼ਲ ਨਾ ਹੋਈ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪਰਿਵਾਰ ਨੇ ਖੜ੍ਹੇ-ਪੈਰ 45,000 ਰੁਪਏ ਦਾ ਪ੍ਰਬੰਧ ਕੀਤਾ ਪਰ ਉਸ ਦੀ ਜਾਨ ਨਾ ਬਚਾ ਸਕੇ। ਕਈ ਮਾਮਲੇ ਐਸੇ ਹਨ ਜਦੋਂ ਪਰਿਵਾਰਾਂ ਨੇ ਖ਼ੁਦਕੁਸ਼ੀ ਕਰਨ ਵਾਲੇ ਦੀ ਜ਼ਿੰਦਗੀ ਬਚਾਉਣ ਲਈ ਪੈਸਾ ਪਾਣੀ ਵਾਂਗ ਵਹਾ ਦਿਤਾ। ਮਾਨਸਾ ਜ਼ਿਲ੍ਹੇ ਦੇ ਪੋਲਾ ਸਿੰਘ ਨੇ ਸੰਨ 2000 'ਚ ਖ਼ੁਦਕੁਸ਼ੀ ਕਰਨ ਦਾ ਯਤਨ ਕੀਤਾ। ਚਾਰ ਦਿਨ ਉਹ ਲੁਧਿਆਣੇ ਦੇ ਇਕ ਹਸਪਤਾਲ 'ਚ ਜ਼ਿੰਦਗੀ ਮੌਤ ਵਿਚਾਲੇ ਲਟਕਣ ਤੋਂ ਬਾਅਦ ਜ਼ਿੰਦਗੀ ਦੀ ਲੜਾਈ ਹਾਰ ਗਿਆ। ਹਸਪਤਾਲ ਦਾ ਬਿੱਲ 90,000 ਰੁਪਏ ਬਣ ਗਿਆ। ਇਹ ਸਾਰਾ ਪੈਸਾ ਕਰਜ਼ੇ ਦਾ ਸੀ। ਹੁਣ ਜ਼ਮੀਨ ਅਤੇ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਉਸ ਦੀ ਪਤਨੀ ਨਿਭਾ ਰਹੀ ਹੈ।

ਮਾਨਸਾ ਸ਼ਹਿਰ ਦੇ ਨਿੱਜੀ ਹਸਪਤਾਲ ਖ਼ੁਦਕੁਸ਼ੀ ਦੇ ਮਾਮਲੇ ਦਾ ਘੱਟੋ-ਘੱਟ 70,000 ਰੁਪਏ ਵਸੂਲਦੇ ਹਨ। ਸਿਰਫ਼ ਮਿਹਦੇ 'ਚੋਂ ਜ਼ਹਿਰ ਕੱਢਣ ਜਾਂ ਆਈ ਸੀ ਯੂ 'ਚ ਦੋ ਦਿਨ ਰੱਖਣ ਦੇ ਹੀ ਦਹਿ ਹਜ਼ਾਰਾਂ ਰੁਪਏ ਬਟੋਰ ਲੈਂਦੇ ਹਨ। ਅਤੇ ਜੇ ਕੋਈ ਕਰਜ਼ਾ ਲਿਆ ਹੋਵੇ ਤਾਂ ਲਾਹੁਣ ਲਈ ਹੋਰ ਕਈ ਸਾਲ ਲੱਗ ਜਾਂਦੇ ਹਨ। ਪੈਰ-ਪੈਰ 'ਤੇ ਖ਼ਰਚੇ ਕਰਨੇ ਪੈਂਦੇ ਹਨ। ਹਸਪਤਾਲ ਦੇ ਡਾਕਟਰਾਂ ਤੋਂ ਲੈਕੇ ਪੁਲਿਸ, ਸਰਕਾਰੀ ਮੁਲਾਜ਼ਮਾਂ ਤੱਕ ਅਤੇ ਜ਼ਹਿਰ ਪੀਣ ਵਾਲੇ ਨੂੰ ਹਸਪਤਾਲ ਲਿਆਉਣ ਵਾਲੇ ਡਰਾਈਵਰ ਤੱਕ ਹਰ ਕਿਸੇ ਨੂੰ ਵੱਢੀ ਦੇਣੀ ਪੈਂਦੀ ਹੈ। ਜੇ ਉਸ ਦੀ ਮੌਤ ਹੋ ਜਾਵੇ ਤਾਂ ਪੋਸਟਮਾਰਟਮ ਸਮੇਂ ਵੀ ਵੱਢੀ ਦੇਣੀ ਪੈਂਦੀ ਹੈ। ਇੰਞ, ਖ਼ੁਦਕੁਸ਼ੀ ਖ਼ਰਚ ਦਾ ਅੰਤ ਨਹੀਂ ਸਗੋਂ ਸ਼ੁਰੂਆਤ ਹੁੰਦੀ ਹੈ।[7]

4.4 ਕਰਜ਼ਾਈਪਣ ਅਤੇ ਖ਼ਰਾਬ ਸਿਹਤ

ਜਿਨ੍ਹਾਂ ਵੀ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ ਉਨ੍ਹਾਂ ਵਿਚ ਕਿਸੇ ਵੀ

---

7. ਮੌਤ ਤੋਂ ਬਾਅਦ ਦੀ ਸਨਅਤ ਬਾਰੇ ਪੀ ਸਾਈਨਾਥ, http://www. indiatogether.org/ 2004/aug/psa-postdeath.htm, ਇਹ ਸਾਈਟ 2 ਅਪ੍ਰੈਲ 2010 ਨੂੰ ਖੋਲ੍ਹੀ ਗਈ।

ਛੋਟੀ ਜਾਂ ਵੱਡੀ ਬੀਮਾਰੀ ਕਾਰਨ ਕਰਜ਼ੇ ਹੇਠ ਆਉਣਾ ਆਮ ਸੀ। ਇਹ ਪੂਰਾ ਕੁਚੱਕਰ ਹੈ ਅਤੇ ਖ਼ਾਸ ਕਰਕੇ ਔਰਤਾਂ ਤੋਂ ਇਹ ਉਨ੍ਹਾਂ ਦੀ ਮਿਹਨਤ ਦੀ ਕਮਾਈ ਹਥਿਆ ਲੈਂਦਾ ਹੈ। ਜੇ ਵਧੀਆ ਸਰਕਾਰੀ ਸਿਹਤ ਪ੍ਰਬੰਧ ਮੌਜੂਦ ਹੁੰਦਾ ਤਾਂ ਇਹੀ ਕਮਾਈ ਕਿਸੇ ਵੱਧ ਜ਼ਰੂਰੀ ਲੋੜ 'ਤੇ ਖ਼ਰਚੀ ਜਾ ਸਕਦੀ ਸੀ। ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਬਲਾਕ 'ਚ ਇਕ ਬੇਜ਼ਮੀਨੇ ਪਰਿਵਾਰ ਦੀ 35 ਸਾਲਾ ਔਰਤ ਕੁਲਵਿੰਦਰ ਕੌਰ ਆਪਣੇ ਦੋ ਬੱਚੇ ਪਾਲ ਰਹੀ ਹੈ। ਉਸਦੇ ਪਤੀ ਨੇ ਖ਼ੁਦਕੁਸ਼ੀ ਕਰ ਲਈ ਸੀ। ਤਿੰਨ ਸਾਲ ਦੇ ਅੰਦਰ ਹੀ ਉਸ ਨੂੰ ਆਪਣੇ ਬੱਚੇ ਦੇ ਫੇਫੜਿਆਂ ਦਾ ਇਲਾਜ ਕਰਾਉਣ ਲਈ 90,000 ਰੁਪਏ ਦਾ ਹੋਰ ਕਰਜ਼ਾ ਲੈਣਾ ਪਿਆ ਸੀ। ਆੜ੍ਹਤੀਆ ਪਹਿਲੇ ਅਤੇ ਇਸ ਨਵੇਂ ਕਰਜ਼ੇ ਲਈ ਉਸ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਹੈ। ਦੋਵਾਂ ਕਰਜ਼ਿਆਂ ਉੱਪਰ ਵਿਆਜ ਵਧਦਾ ਜਾ ਰਿਹਾ ਹੈ। ਜਿਵੇਂ ਉਸ ਤੋਂ ਉਮੀਦ ਕੀਤੀ ਗਈ, ਉਸ ਨੂੰ ਆਪਣੀ ਨਣਦ ਦੀ ਧੀ ਦੇ ਵਿਆਹ ਲਈ 2006 'ਚ 50,000 ਰੁਪਏ ਦੇਣੇ ਪਏ। ਇਸੇ ਤਰ੍ਹਾਂ ਇਕ ਸਬਜੀ ਵੇਚਣ ਵਾਲੀ ਔਰਤ ਦਾ ਮਾਮਲਾ ਹੈ। ਉਹ ਆਪਣੀ ਧੀ ਦਾ ਦਾਜ ਬਣਾਉਣ ਲਈ ਚੁੱਕਿਆ ਕਰਜ਼ਾ ਹਾਲੇ ਤੱਕ ਲਾਹ ਰਹੀ ਹੈ, ਉੱਪਰੋਂ ਉਸ ਨੂੰ ਰਾਜਸਥਾਨ ਦੇ ਇਕ ਹਸਪਤਾਲ 'ਚ ਧੀ ਦਾ ਓਪਰੇਸ਼ਨ ਕਰਾਉਣ ਲਈ 20,000 ਰੁਪਏ ਹੋਰ ਕਰਜ਼ਾ ਲੈਣਾ ਪਿਆ। ਜੇ ਉਸ ਦਾ ਜਵਾਈ ਉੱਥੇ ਨੌਕਰੀ ਨਾ ਕਰਦਾ ਹੁੰਦਾ ਤਾਂ ਉਸਦੀ ਧੀ ਦੇ ਇਲਾਜ ਲਈ ਹੋਰ ਵੱਧ ਪੈਸਾ ਲਾਉਣਾ ਪੈਣਾ ਸੀ।

ਉਸਨੇ ਵਿਅੰਗ ਨਾਲ ਮੁਸਕਰਾਉਂਦਿਆਂ ਕਿਹਾ, "ਜਦੋਂ ਮੈਨੂੰ ਇਹ ਓਪਰੇਸ਼ਨ ਕਰਾਉਣਾ ਪਿਆ ਤਾਂ ਮੈਂ ਸੋਚਿਆ ਸੀ ਕਿ ਮੈਂ ਜ਼ਿੰਮੇਵਾਰੀਆਂ ਅਤੇ ਲੋੜਾਂ ਤੋਂ ਸੁਰਖ਼ਰੂ ਹੋ ਗਈ ਹਾਂ। ਇੰਞ ਹੋਇਆ ਨਹੀਂ। ਮੈਂ ਆਪ ਸਾਰਾ ਕਰਜ਼ਾ ਕਿਵੇਂ ਲਾਹ ਸਕਦੀ ਹਾਂ? ਲੱਗਦਾ ਹੈ ਕਿ ਮੈਂ ਕਰਜ਼ਾਈ ਹੀ ਮਰਾਂਗੀ।"

ਜਦੋਂ ਗਿੱਦੜਬਾਹਾ ਬਲਾਕ ਦੀ ਇਕ 60 ਸਾਲ ਦੀ ਬੇਜ਼ਮੀਨੀ ਔਰਤ ਦੇ ਪੁੱਤ ਦਾ ਐਕਸੀਡੈਂਟ ਹੋ ਗਿਆ ਅਤੇ ਉਸ ਦਾ ਮੁਕਤਸਰ ਦੇ ਹਸਪਤਾਲ 'ਚ ਓਪਰੇਸ਼ਨ ਕਰਾਉਣਾ ਸੀ ਤਾਂ ਉਸ ਨੂੰ 50,000 ਰੁਪਏ ਦਾ ਹੋਰ ਕਰਜ਼ਾ ਲੈਣਾ ਪਿਆ ਸੀ। ਉਸਨੇ ਆਪਣੀ ਧੀ ਦੇ ਹੱਥ ਪੀਲੇ ਕਰਨ ਲਈ ਜੋ ਕਰਜ਼ਾ ਲਿਆ ਸੀ, ਇਹ ਉਸ ਤੋਂ ਵੱਖਰਾ ਸੀ। ਉਸ ਦੇ ਪਤੀ ਨੂੰ ਕਰਜ਼ੇ ਦੇ ਬੋਝ ਦਾ ਬਹੁਤ ਝੋਰਾ ਸੀ ਅਤੇ ਉਸ ਦੀ ਛਾਤੀ 'ਚ ਦਰਦ ਰਹਿਣ ਲੱਗਿਆ। ਸੰਨ 2002 'ਚ ਉਸਨੇ ਖ਼ੁਦਕੁਸ਼ੀ ਕਰ ਲਈ। ਦਿਲ ਦਾ ਦੌਰਾ ਪੈਣ ਨਾਲ ਉਸਦੇ ਦੂਜੇ ਲੜਕੇ ਦੀ ਮੌਤ ਹੋ ਗਈ। ਪਰਿਵਾਰ ਦੇ ਸਾਰੇ ਮਰਦ ਬਹੁਤ ਹੀ ਗੁੰਮਸੁੰਮ ਰਹਿੰਦੇ ਹਨ। ਉਸਨੂੰ ਖ਼ਦਸ਼ਾ ਹੈ ਕਿ ਪਰਿਵਾਰ 'ਚ ਇਕ ਹੋਰ ਦੁਖਾਂਤ ਵਾਪਰਨ ਵਾਲਾ ਹੈ।

ਪ੍ਰਬੰਧ ਦੀਆਂ ਦਿੱਤੀਆਂ ਬੇਸ਼ੁਮਾਰ ਬੀਮਾਰੀਆਂ ਅਤੇ ਇਨ੍ਹਾਂ ਦਾ ਇਲਾਜ ਉਨ੍ਹਾਂ ਨੂੰ ਕਰਜ਼ੇ ਦੀ ਦਲਦਲ 'ਚ ਫਸਾ ਦਿੰਦਾ ਹੈ। ਬਰਨਾਲਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਦੋ ਗੁਆਂਢੀ ਪਰਿਵਾਰਾਂ ਦੀ ਕਹਾਣੀ ਵਿਲੱਖਣ ਰੂਪ 'ਚ ਇਕੋ ਜਿਹੀ ਹੈ। ਸਾਹ ਲੈਣ 'ਚ ਗੰਭੀਰ ਤਕਲੀਫ਼ ਹੋਣ 'ਤੇ ਅਤੇ ਫੇਫੜਿਆਂ 'ਚ ਵਾਰ-ਵਾਰ ਇਨਫੈਕਸ਼ਨ ਹੋਣ ਕਾਰਨ ਸੰਨ 2003 'ਚ ਮਹਿਲ ਕਲਾਂ ਬਲਾਕ ਦੇ ਸਾਧੂ ਸਿੰਘ (45 ਸਾਲ) ਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ। ਉਸ ਦੀ ਪਤਨੀ ਦਾ ਕਹਿਣਾ ਸੀ ਕਿ ਨਰਮੇ

ਦੀ ਫ਼ਸਲ ਅਤੇ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਕਾਰਨ ਉਸਨੂੰ ਇਹ ਬੀਮਾਰੀਆਂ ਚਿੰਬੜੀਆਂ ਸਨ। ਉਹ ਸ਼ਰਾਬ ਪੀਣ ਲੱਗ ਗਿਆ ਅਤੇ ਉਸ ਦੇ ਮਨ ਉੱਪਰ ਆੜ੍ਹਤੀਏ ਦੇ ਕਰਜ਼ੇ ਦਾ ਭਾਰੀ ਬੋਝ ਸੀ। 2004 'ਚ, ਉਸਨੇ ਉਹੀ ਕੀੜੇਮਾਰ ਦਵਾਈ ਵੱਡੀ ਮਾਤਰਾ 'ਚ ਪੀ ਲਈ ਜੋ ਉਸਦੇ ਸਾਹ ਪਹਿਲਾਂ ਹੀ ਸੜਾਕ ਰਹੀ ਸੀ।

ਉਸੇ ਸਾਲ 2004 'ਚ ਉਸਦੇ ਗੁਆਂਢੀ ਸੁਦਾਗਰ ਸਿੰਘ ਨੂੰ ਦਿਲ ਦੀ ਤਕਲੀਫ਼ ਕਾਰਨ ਹਸਪਤਾਲ ਲਿਜਾਣਾ ਪਿਆ। ਆੜ੍ਹਤੀਏ ਵਲੋਂ ਫ਼ਸਲ ਦੀ ਅਦਾਇਗੀ ਨਾ ਕੀਤੇ ਜਾਣ ਨੇ ਉਸ ਨੂੰ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਦਿੱਤਾ ਸੀ। ਉਹ ਆਪਣੇ ਇਲਾਜ ਲਈ ਲਏ 70,000 ਰੁਪਏ ਦੇ ਕਰਜ਼ੇ ਤੋਂ ਵੀ ਪ੍ਰੇਸ਼ਾਨ ਸੀ। ਇਕ ਸਾਲ ਬਾਅਦ 2005 'ਚ, ਉਸਨੇ ਕੀੜੇਮਾਰ ਦਵਾਈ ਪੀ ਲਈ। ਉਸ ਦੀ ਉਮਰ ਓਦੋਂ 62 ਸਾਲ ਸੀ। ਹੁਣ ਉਸਦੇ ਪੁੱਤ ਨੂੰ ਵੀ ਦਿਲ ਦੀ ਤਕਲੀਫ਼ ਹੈ। ਇਨ੍ਹਾਂ ਦੋਵਾਂ ਦੀਆਂ ਪਤਨੀਆਂ ਜ਼ਿੰਦਗੀ ਦੇ ਹਰ ਉਤਰਾਅ-ਚੜ੍ਹਾਅ ਦਾ ਸਾਹਮਣਾ ਕਰ ਰਹੀਆਂ ਹਨ। ਉਹ ਤੰਦਰੁਸਤ ਰਹਿਣ ਦਾ ਯਤਨ ਕਰਦੀਆਂ ਹਨ, ਕਿਉਂਕਿ ਹੋਰ ਕੋਈ ਚਾਰਾ ਵੀ ਨਹੀਂ ਹੈ।

ਹੋਰ ਵੀ ਦੁਖਾਂਤਕ ਹਾਲਤ ਹੁੰਦੀ ਹੈ ਜਦੋਂ ਬ੍ਰਿਧ ਮਾਪਿਆਂ ਨੂੰ ਖ਼ੁਦਕੁਸ਼ੀ ਕਰ ਗਏ ਜਵਾਨ ਬੱਚਿਆਂ ਦੇ ਡੂੰਘੇ ਗ਼ਮ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਨਾਲ ਹੀ ਹਸਪਤਾਲ ਦੇ ਖ਼ਰਚੇ ਵੀ ਸਹਿਣੇ ਪੈਂਦੇ ਹਨ। ਅਜਿਹੀਆਂ ਅਚਾਨਕ ਅਤੇ ਬੇਵਕਤੀ ਮੌਤਾਂ ਦਾ ਨਤੀਜਾ ਟੱਬਰ ਦੇ ਬਾਕੀ ਜੀਆਂ ਦਾ ਬੀਮਾਰੀਆਂ ਦਾ ਸ਼ਿਕਾਰ ਹੋ ਜਾਣ 'ਚ ਨਿਕਲਦਾ ਹੈ ਜਿਸ ਦੇ ਇਲਾਜ ਲਈ ਹੋਰ ਕਰਜ਼ਾ ਲੈਣਾ ਪੈਂਦਾ ਹੈ। ਦੋ ਸਾਲ ਪਹਿਲਾਂ ਬਠਿੰਡਾ ਜ਼ਿਲ੍ਹੇ ਦੇ ਇਕ ਜੋੜੇ ਦੇ ਦੋ ਪੁੱਤ ਮੌਤ ਨੇ ਖੋਹ ਲਏ। ਵੱਡਾ ਪੁੱਤ 24 ਸਾਲ ਦਾ ਸੀ ਅਤੇ 2005 'ਚ ਉਸਨੇ ਕੀੜੇਮਾਰ ਦਵਾਈ ਪੀਕੇ ਜੀਵਨ ਲੀਲਾ ਖ਼ਤਮ ਕਰ ਲਈ। ਦੂਜਾ ਪੁੱਤ ਦਿਲ ਦਾ ਮਰੀਜ਼ ਸੀ, ਭਰਾ ਦੀ ਮੌਤ ਉਸ ਨੂੰ ਲੈ ਬੈਠੀ ਅਤੇ ਉਹ 2006 'ਚ ਦਮ ਤੋੜ ਗਿਆ। ਮੌਤ ਤੋਂ ਪਹਿਲਾਂ ਉਸ ਦੇ ਇਲਾਜ ਲਈ 50,000 ਰੁਪਏ ਕਰਜ਼ਾ ਲਿਆ ਗਿਆ ਸੀ। ਟੱਬਰ 'ਚ ਹੁਣ ਕੋਈ ਕਮਾਊ ਜੀਅ ਨਹੀਂ ਰਿਹਾ। ਮੁਕੱਦਮੇਬਾਜ਼ੀ ਉੱਪਰ ਭਾਰੀ ਖ਼ਰਚੇ ਆ ਰਹੇ ਹਨ। ਅਤੇ ਉਹ ਕਰਜ਼ੇ ਦੀ ਦਲਦਲ 'ਚ ਹੋਰ ਡੂੰਘਾ ਧਸ ਗਏ ਹਨ।

60 ਸਾਲ ਤੋਂ ਵੱਧ ਉਮਰ ਦੇ ਇਕ ਸਾਬਕਾ ਫ਼ੌਜੀ ਨੇ ਆਪਣੀ ਦਰਦ-ਕਹਾਣੀ ਸੁਣਾਈ। ਉਸਦੇ ਪੁੱਤ ਅਤੇ ਨੂੰਹ ਨੇ ਵਿਆਹ ਤੋਂ ਛੇ ਮਹੀਨੇ ਦੇ ਅੰਦਰ ਹੀ ਕਰਜ਼ੇ ਦੇ ਬੋਝ ਕਾਰਨ ਖ਼ੁਦ ਨੂੰ ਅੱਗ ਲਗਾ ਲਈ। ਇਹ 1994 ਦੀ ਗੱਲ ਹੈ। ਹੁਣ ਉਹ ਘੋਰ ਚਿੰਤਾ ਰੋਗ ਅਤੇ ਸ਼ੱਕਰ ਰੋਗ ਦਾ ਸ਼ਿਕਾਰ ਹੈ। ਹਰਨੀਆ ਦੇ ਦੋ ਸਧਾਰਨ ਓਪਰੇਸ਼ਨ ਕਰਾਉਣ ਉੱਪਰ ਉਸਦੇ 20,000 ਰੁਪਏ ਖ਼ਰਚ ਹੋ ਗਏ। ਉਸ ਨੂੰ ਖ਼ੂਨ ਦੇ ਦਬਾਅ ਅਤੇ ਸ਼ੱਕਰ ਰੋਗ ਦੀਆਂ ਦਵਾਈਆਂ ਉੱਪਰ ਹਰ ਮਹੀਨੇ ਢਾਈ ਹਜ਼ਾਰ ਰੁਪਏ ਦਾ ਖ਼ਰਚ ਕਰਨ 'ਚ ਭਾਰੀ ਮੁਸ਼ਕਲ ਆ ਰਹੀ ਹੈ ਕਿਉਂਕਿ ਉਸ ਨੇ ਕਰਜ਼ਾ ਵੀ ਤਾਂ ਮੋੜਨਾ ਹੁੰਦਾ ਹੈ। ਉਸਦਾ ਛੋਟਾ ਪੁੱਤ ਕੰਬਾਈਨ ਚਲਾਉਂਦਾ ਹੈ। ਬਠਿੰਡਾ ਜ਼ਿਲ੍ਹੇ ਦੀ ਇਕ ਔਰਤ ਦੇ ਪਤੀ ਨੇ ਨਹਿਰ 'ਚ ਡੁੱਬਕੇ ਖ਼ੁਦਕੁਸ਼ੀ ਕਰ ਲਈ ਸੀ। ਉਸਦੇ ਦੋ ਪੁੱਤਰ ਅਪਾਹਜ ਹਨ। ਇਕ ਲੜਕੇ ਦੇ ਪੋਲੀਓ ਦੇ ਇਲਾਜ ਉੱਪਰ

ਪਰਿਵਾਰ ਨੂੰ ਡੇਢ ਲੱਖ ਰੁਪਏ ਖ਼ਰਚਣੇ ਪਏ। ਫੇਰ ਕੰਬਾਈਨ ਚਲਾਉਂਦੇ ਸਮੇਂ ਦੁਰਘਟਨਾ ਹੋ ਜਾਣ ਨਾਲ ਦੂਜੇ ਮੁੰਡੇ ਦੀ ਲੱਤ ਨੁਕਸਾਨੀ ਗਈ। ਹੁਣ ਪਰਿਵਾਰ ਸਿਰ ਸਾਢੇ ਚਾਰ ਲੱਖ ਰੁਪਏ ਦਾ ਕਰਜ਼ਾ ਹੈ—ਖੇਤੀਬਾੜੀ ਨਾਲ ਸਬੰਧਤ ਆਮ ਖ਼ਰਚੇ ਪੂਰੇ ਕਰਨ ਤੋਂ ਇਲਾਵਾ ਇਸੇ ਵਿਚੋਂ ਇਲਾਜ ਦਾ ਖ਼ਰਚਾ ਕੀਤਾ ਗਿਆ। ਜਦੋਂ ਇਲਾਜ ਕਰਾਉਣ 'ਤੇ ਭਾਰੀ ਰਕਮ ਖ਼ਰਚਣੀ ਪੈ ਜਾਵੇ ਤਾਂ ਕਈ ਲੋਕ ਪੂਰੀ ਤਰ੍ਹਾਂ ਬਰਬਾਦ ਹੋ ਜਾਂਦੇ ਹਨ। ਜਿਨ੍ਹਾਂ ਨੂੰ ਕੈਂਸਰ ਦਾ ਇਲਾਜ ਕਰਾਉਣਾ ਪੈਂਦਾ ਹੈ ਉਨ੍ਹਾਂ ਦੇ ਕਰਜ਼ੇ ਕਈ ਗੁਣਾ ਵੱਧ ਗਏ ਹਨ।

4.5 **ਬੀਮਾਰੀ, ਇਲਾਜ ਅਤੇ ਖ਼ਰਚੇ**

ਜਿਨ੍ਹਾਂ 125 ਪਰਿਵਾਰਾਂ ਨੂੰ ਮਿਲਿਆ ਗਿਆ ਸਭ ਨੇ ਦੱਸਿਆ ਕਿ ਉਨ੍ਹਾਂ ਨੇ ਵੱਖ-ਵੱਖ ਮੰਤਵਾਂ ਲਈ ਕਰਜ਼ਾ ਲਿਆ ਸੀ। ਇਨ੍ਹਾਂ ਵਿਚੋਂ ਸਿਰਫ਼ 14 ਵਿਅਕਤੀਆਂ ਨੇ ਕਿਹਾ ਕਿ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਟੱਬਰ ਦੇ ਕਿਸੇ ਜੀਅ ਦਾ ਇਲਾਜ ਕਰਾਉਣ ਲਈ ਕਰਜ਼ਾ ਲਿਆ ਸੀ। ਜਦਕਿ, ਹੋਰ 36 ਵਿਅਕਤੀਆਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਜੋ ਕਰਜ਼ਾ, ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਪਰਿਵਾਰ 'ਚ ਇਲਾਜ ਕਰਾਉਣ ਦੇ ਮਕਸਦ ਨਾਲ ਲਿਆ ਸੀ ਪੂਰੀ ਤਰ੍ਹਾਂ ਖ਼ਰਚਿਆ ਗਿਆ। ਕੁਲਮਿਲਾਕੇ 50 ਪਰਿਵਾਰਾਂ ਨੇ ਟੱਬਰ ਵਿਚ ਬੀਮਾਰੀ ਦਾ ਜ਼ਿਕਰ ਕੀਤਾ। ਇਨ੍ਹਾਂ ਦੀ ਬਹੁਗਿਣਤੀ (5 ਪਰਿਵਾਰਾਂ ਵਿਚੋਂ 2) ਥੁੜਜ਼ਮੀਨੇ ਕਿਸਾਨਾਂ ਦੀ ਸ਼੍ਰੇਣੀ ਨਾਲ ਸਬੰਧਤ ਸੀ। ਇਨ੍ਹਾਂ ਤੋਂ ਬਾਅਦ ਬੇਜ਼ਮੀਨੇ (32%), ਛੋਟੇ (16%) ਆਉਂਦੇ ਸਨ ਅਤੇ ਬਾਕੀ ਦੇ 12% ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨ ਪਰਿਵਾਰ ਸਨ। (ਦੇਖੋ ਸਾਰਣੀ 4.1 ਇਸ ਕਾਂਡ ਦੇ ਅੰਤ 'ਤੇ)

ਲਗਭਗ ਦਸਵੇਂ ਹਿੱਸੇ (10 ਪਰਿਵਾਰਾਂ) ਨੇ ਟੱਬਰ ਵਿਚ ਖ਼ੁਦਕੁਸ਼ੀ ਦੀ ਕੋਸ਼ਿਸ਼ ਮਗਰੋਂ ਪੈਦਾ ਹੋਈਆਂ ਦਿੱਕਤਾਂ ਦਾ ਜ਼ਿਕਰ ਕੀਤਾ। ਜਿਨ੍ਹਾਂ ਪਰਿਵਾਰਾਂ ਨੇ ਇਹ ਦੱਸਿਆ ਅਤੇ ਇਲਾਜ ਦਾ ਖ਼ਰਚਾ ਸਹਿਣ ਕੀਤਾ, ਉਨ੍ਹਾਂ ਵਿਚੋਂ ਅੱਧਿਆਂ ਨੇ ਦੱਸਿਆ ਕਿ ਖ਼ੁਦਕੁਸ਼ੀ ਕਰਨ ਵਾਲਿਆਂ ਦੀ ਜਾਨ ਨਹੀਂ ਬਚਾਈ ਜਾ ਸਕੀ। 50 ਵਿਚੋਂ ਹੋਰ ਛੇ (12%) ਪਰਿਵਾਰਾਂ 'ਚ ਕੈਂਸਰ ਹੋਣ ਦਾ ਜ਼ਿਕਰ ਆਇਆ। ਬਾਕੀਆਂ ਨੇ ਪਰਿਵਾਰ 'ਚ ਔਰਤਾਂ ਦੇ ਰੋਗਾਂ ਅਤੇ ਸਾਹ ਦੀ ਬੀਮਾਰੀ (ਹਰੇਕ 10%), ਹੱਡੀਆਂ ਸਬੰਧੀ (8%) ਅਤੇ ਦਿਲ ਦੀਆਂ ਬੀਮਾਰੀਆਂ (6%) ਦਾ ਜ਼ਿਕਰ ਕੀਤਾ। ਇਨ੍ਹਾਂ ਤੋਂ ਬਿਨਾ 17 (34%) ਪਰਿਵਾਰਾਂ ਨੇ ਐਸੀਆਂ ਸਮੱਸਿਆਵਾਂ ਦੀ ਗੱਲ ਕੀਤੀ ਜਿਨ੍ਹਾਂ ਕਾਰਨ ਹਸਪਤਾਲ ਦਾਖ਼ਲ ਹੋਣਾ ਪੈਂਦਾ ਹੈ ਜਾਂ ਲਗਾਤਾਰ ਖ਼ਰਚੇ ਕਰਨੇ ਪੈਂਦੇ ਹਨ ਜਿਨ੍ਹਾਂ ਵਿਚ ਅੱਖਾਂ ਦਾ ਓਪਰੇਸ਼ਨ, ਚਮੜੀ ਦੇ ਰੋਗ, ਗਠੀਆ ਅਤੇ ਸ਼ੂਗਰ ਦੀ ਬੀਮਾਰੀ ਸ਼ਾਮਲ ਹੈ।

ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ ਘਟਨਾਵਾਂ ਮੁੱਖ ਤੌਰ 'ਤੇ ਬੇਜ਼ਮੀਨੇ ਅਤੇ ਛੋਟੇ ਕਿਸਾਨ ਪਰਿਵਾਰਾਂ 'ਚ ਦੇਖਣ 'ਚ ਆਈਆਂ। ਕੈਂਸਰ ਦੇ ਮਾਮਲੇ 'ਚ ਵੀ ਇਸੇ ਤਰ੍ਹਾਂ ਦਾ ਰੁਝਾਨ ਦੇਖਣ 'ਚ ਆਇਆ। ਜਿਨ੍ਹਾਂ ਪਰਿਵਾਰਾਂ ਨੇ ਕੈਂਸਰ ਬਾਰੇ ਦੱਸਿਆ ਉਨ੍ਹਾਂ ਵਿਚੋਂ ਤਿੰਨ ਥੁੜਜ਼ਮੀਨੇ ਕਿਸਾਨ ਪਰਿਵਾਰਾਂ ਨਾਲ ਸਬੰਧਤ ਸਨ ਜਦਕਿ

ਬਾਕੀ ਦੋ ਬੇਜ਼ਮੀਨੇ ਕਿਸਾਨ ਪਰਿਵਾਰਾਂ ਅਤੇ ਇਕ ਨੀਮ-ਦਰਮਿਆਨੀ/ਦਰਮਿਆਨੀ ਸ਼੍ਰੇਣੀ ਨਾਲ ਸਬੰਧਤ ਸੀ।

ਇਲਾਜ ਦੀ ਕਿਸਮ

ਇਨ੍ਹਾਂ ਵਿਚੋਂ ਜ਼ਿਆਦਾਤਰ ਬੀਮਾਰੀਆਂ ਦਾ ਇਲਾਜ ਨਿੱਜੀ ਹਸਪਤਾਲਾਂ 'ਚ ਕਰਾਇਆ ਜਾਂਦਾ ਹੈ। (ਦੇਖੋ ਇਸ ਕਾਂਡ ਦੇ ਅੰਤ 'ਤੇ ਸਾਰਣੀ 4.2) ਜਿਨ੍ਹਾਂ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ ਉਨ੍ਹਾਂ ਵਿਚੋਂ 41 (82%) ਨੇ ਇਹ ਦੱਸਿਆ।

ਸਿਰਫ਼ ਔਰਤਾਂ ਦੀਆਂ ਬੀਮਾਰੀਆਂ ਅਤੇ ਹੱਡੀਆਂ ਦੀਆਂ ਬੀਮਾਰੀਆਂ ਦੇ ਮਾਮਲੇ 'ਚ ਹੀ ਸਰਕਾਰੀ ਹਸਪਤਾਲਾਂ ਨੂੰ ਬਰਾਬਰ ਤਰਜੀਹ ਦਿੱਤੀ ਗਈ। ਜਦਕਿ ਖ਼ੁਦਕੁਸ਼ੀ ਦੇ ਮਾਮਲੇ 'ਚ ਸਾਰੇ ਮਰੀਜ਼ਾਂ ਨੂੰ ਇਲਾਜ ਲਈ ਨਿੱਜੀ ਹਸਪਤਾਲਾਂ 'ਚ ਲਿਜਾਇਆ ਗਿਆ।

ਬੀਮਾਰੀ ਉੱਪਰ ਖ਼ਰਚ

ਵੱਖੋ-ਵੱਖਰੀਆਂ ਬੀਮਾਰੀਆਂ ਦੇ ਇਲਾਜ ਉੱਪਰ ਕੀਤੇ ਜਾਣ ਵਾਲੇ ਜ਼ਿਆਦਾਤਰ ਖ਼ਰਚੇ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਕਰਜ਼ੇ ਦੇ ਪੈਸੇ ਨਾਲ ਕੀਤੇ ਜਾ ਰਹੇ ਹਨ। ਔਰਤਾਂ ਨੇ ਸਮੱਸਿਆ ਦੱਸੀ ਕਿ ਕਿਵੇਂ ਖੇਤੀਬਾੜੀ ਲਈ ਲਏ ਕਰਜ਼ਿਆਂ ਦਾ ਪੈਸਾ ਦਵਾਈਆਂ ਖ਼ਰੀਦਣ ਜਾਂ ਹਸਪਤਾਲ 'ਚ ਇਲਾਜ ਕਰਾਉਣ 'ਤੇ ਖ਼ਰਚਿਆ ਜਾਂਦਾ ਹੈ। ਵੱਖ-ਵੱਖ ਬੀਮਾਰੀਆਂ ਦੇ ਇਲਾਜ ਉੱਪਰ ਔਸਤ 60,000 ਰੁਪਏ ਤੋਂ ਵੱਧ ਖ਼ਰਚ ਆਏ ਅਤੇ ਵੱਧ ਤੋਂ ਵੱਧ ਚਾਰ ਲੱਖ ਰੁਪਏ। (ਦੇਖੋ ਸਾਰਣੀ 4.3) ਕੈਂਸਰ ਦੇ ਇਲਾਜ ਉੱਪਰ ਔਸਤ ਖ਼ਰਚ ਸਭ ਤੋਂ ਵੱਧ ਹੁੰਦਾ ਹੈ। ਕੁਲ-ਮਿਲਾਕੇ ਛੇ ਪਰਿਵਾਰਾਂ ਨੇ ਆਪਣੇ ਪਰਿਵਾਰ 'ਚ ਕੈਂਸਰ ਹੋਣ ਬਾਰੇ ਦੱਸਿਆ। ਉਨ੍ਹਾਂ ਨੇ ਔਸਤ ਡੇਢ ਲੱਖ ਰੁਪਏ ਦੇ ਕਰੀਬ ਖ਼ਰਚ ਕੀਤਾ—ਬੇਜ਼ਮੀਨੇ ਕਿਸਾਨ ਪਰਿਵਾਰਾਂ ਦੇ ਮਾਮਲੇ 'ਚ ਸਭ ਤੋਂ ਵੱਧ (ਸਵਾ ਦੋ ਲੱਖ ਰੁਪਏ), ਇਨ੍ਹਾਂ ਪਿੱਛੋਂ ਨੀਮ-ਦਰਮਿਆਨੇ ਕਿਸਾਨ ਪਰਿਵਾਰ ਆਉਂਦੇ ਸਨ (ਦੋ ਲੱਖ ਰੁਪਏ) ਅਤੇ ਇਨ੍ਹਾਂ ਤੋਂ ਬਾਅਦ ਥੁੜ ਜ਼ਮੀਨੇ ਕਿਸਾਨ ਪਰਿਵਾਰ (75,000 ਰੁਪਏ) ਆਉਂਦੇ ਸਨ।

ਜਿਸ ਹੋਰ ਬੀਮਾਰੀ ਉੱਪਰ ਕਿਸਾਨਾਂ ਨੂੰ ਵੱਡੇ ਖ਼ਰਚੇ ਕਰਨੇ ਪਏ ਉਹ ਸੀ ਸਾਹ ਦੀ ਤਕਲੀਫ਼। ਇਸ ਦੇ ਇਲਾਜ ਉੱਪਰ ਔਸਤ ਇਕ ਲੱਖ ਰੁਪਏ ਦੇ ਕਰੀਬ ਖ਼ਰਚ ਕੀਤੇ ਗਏ, ਘੱਟੋ-ਘੱਟ 50,000 ਰੁਪਏ ਤੋਂ ਲੈ ਕੇ ਵੱਧ ਤੋਂ ਵੱਧ ਡੇਢ ਲੱਖ ਰੁਪਏ। ਔਸਤ ਰਕਮ ਫੇਰ ਬੇਜ਼ਮੀਨੇ ਕਿਸਾਨ ਪਰਿਵਾਰਾਂ ਦੇ ਮਾਮਲੇ 'ਚ ਸਭ ਤੋਂ ਵੱਧ 1.20 ਲੱਖ ਰੁਪਏ ਸੀ। ਇਸ ਪਿੱਛੋਂ ਛੋਟੇ ਕਿਸਾਨ (ਇਕ ਲੱਖ ਰੁਪਏ) ਅਤੇ ਥੁੜ ਜ਼ਮੀਨੇ ਕਿਸਾਨ (70,000 ਰੁਪਏ) ਆਉਂਦੇ ਸਨ।

ਇਹ ਨੋਟ ਕਰਨਾ ਜ਼ਰੂਰੀ ਹੈ ਕਿ ਉਪਰੋਕਤ ਬੀਮਾਰੀਆਂ ਪੰਜਾਬ 'ਚ ਅਪਣਾਏ ਕੀੜੇਮਾਰ ਦਵਾਈਆਂ ਦੀ ਵਰਤੋਂ ਵਾਲੇ ਖੇਤੀਬਾੜੀ ਮਾਡਲ ਨਾਲ ਸਬੰਧਤ ਹਨ।

ਕੁਲ-ਮਿਲਾਕੇ ਦਸ ਅਜਿਹੇ ਮਾਮਲੇ ਸਾਹਮਣੇ ਆਏ ਜਿਥੇ ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ ਇਲਾਜ ਉੱਪਰ ਵੀ ਪੈਸੇ ਖ਼ਰਚ ਗਏ। ਇਨ੍ਹਾਂ ਦਸਾਂ ਵਿਚੋਂ ਪੰਜ ਵਿਅਕਤੀਆਂ ਦੀ ਜਾਨ ਨਹੀਂ ਬਚੀ। ਕਿਸਾਨਾਂ ਦੀ ਸ਼੍ਰੇਣੀ ਵੰਡ ਤੋਂ ਉੱਪਰ ਉੱਠਕੇ

ਹਿਸਾਬ ਲਾਇਆ ਗਿਆ ਤਾਂ ਔਸਤ ਖ਼ਰਚ 56,000 ਰੁਪਏ ਤੋਂ ਵੱਧ ਸੀ, ਘੱਟੋ-ਘੱਟ 21,000 ਰੁਪਏ ਅਤੇ ਵੱਧ ਤੋਂ ਵੱਧ 1.30 ਲੱਖ ਰੁਪਏ। ਇਲਾਜ ਉੱਪਰ ਸਭ ਤੋਂ ਵੱਧ ਔਸਤ ਰਕਮ ਥੁੜ ਜ਼ਮੀਨੇ ਕਿਸਾਨਾਂ (67,000 ਰੁਪਏ) ਦੇ ਮਾਮਲੇ 'ਚ ਸਾਹਮਣੇ ਆਈ।

4.6 ਸਰਵੇਖਣ 'ਚ ਸ਼ਾਮਲ ਕੀਤੇ ਗਏ ਲੋਕਾਂ ਦੀ ਮਾਨਸਿਕ ਸਿਹਤ

ਆਪਣੇ ਹੀ ਬੱਚਿਆਂ ਅਤੇ ਆਪਣੀ ਜ਼ਿੰਦਗੀ ਦੀ ਬਿਹਤਰੀ ਲਈ ਕੰਮ ਅਤੇ ਗੁਜ਼ਾਰੇ ਦੇ ਘਰੇਲੂ ਸਾਧਨਾਂ ਤੋਂ ਐਨੇ ਵਿਆਪਕ ਪੱਧਰ 'ਤੇ ਵਾਂਝੇ ਹੋਣ ਦਾ ਸਿੱਟਾ ਵੱਖ-ਵੱਖ ਮਾਤਰਾ 'ਚ ਮਾਨਸਿਕ ਦਬਾਅ ਵਧਣ 'ਚ ਨਿਕਲਦਾ ਹੈ। ਇਹ ਜਾਤ ਅਤੇ ਜਮਾਤ ਤੋਂ ਪਾਰ ਸਾਰੇ ਪਰਿਵਾਰਾਂ 'ਚ ਵਾਪਰਦਾ ਹੈ। ਨੀਂਦ ਨਾ ਆਉਣਾ ਆਮ ਵਰਤਾਰਾ ਹੈ, ਖ਼ਾਸ ਕਰਕੇ ਔਰਤਾਂ 'ਚ। ਘੋਰ ਨਿਰਾਸ਼ਾ ਦੀ ਹਾਲਤ 'ਚ, ਲੋਕ ਮਨ ਦਾ ਭਾਰ ਹੌਲਾ ਕਰਨ ਲਈ ਨਿਰਾਕਾਰ ਰੱਬ ਜਾਂ ਆਲੇ-ਦੁਆਲੇ ਮੌਜੂਦ ਅਜਿਹੇ ਹੋਰ ਬਾਬਿਆਂ ਦੀ ਓਟ ਤੱਕਦੇ ਹਨ। ਔਰਤਾਂ ਰੋਜ਼ ਸਵੇਰੇ ਅਰਦਾਸ ਕਰਦੀਆਂ ਹਨ ਅਤੇ ਦਿਲ 'ਚ ਆਸ ਲੈਕੇ ਗੁਰਦੁਆਰੇ ਜਾਂਦੀਆਂ ਹਨ। ਉਹ ਉੱਥੋਂ ਜ਼ਿੰਦਗੀ ਦੀ ਤਲਖ਼ ਹਕੀਕਤ ਵਲੋਂ ਉਨ੍ਹਾਂ ਅੱਗੇ ਖੜ੍ਹੀਆਂ ਕੀਤੀਆਂ ਅਪਾਰ ਮੁਸ਼ਕਲਾਂ ਦਾ ਮੁਕਾਬਲਾ ਕਰਨ ਦੀ ਤਾਕਤ ਭਾਲਦੀਆਂ ਹਨ।ਔਰਤਾਂ ਦੀਆਂ ਅੱਖਾਂ ਨਮ ਹੁੰਦੀਆਂ ਹਨ ਤੇ ਉਹ ਹੰਝੂ ਰੋਕਣ ਦੀ ਵਾਹ ਲਾਉਂਦੀਆਂ ਹਨ, ਇਸਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ। ਉਨ੍ਹਾਂ ਵਿਚੋਂ ਕਈ ਜਣੀਆਂ ਬਿਨਾ ਕੁਝ ਬੋਲੇ ਫੁੱਟ-ਫੁੱਟਕੇ ਰੋ ਪੈਂਦੀਆਂ ਹਨ। ਅਜਿਹੇ ਪਲ ਮਨ ਦਾ ਭਾਰ ਹੌਲਾ ਕਰਨ ਵਾਲੇ ਅਤੇ ਬੋਝਲ ਸਨ।

ਥੱਕੇ-ਟੁੱਟੇ ਅਤੇ ਸੱਖਣੇਪਣ ਨੂੰ ਦਰਸਾਉਂਦੇ ਪਥਰਾਏ ਚਿਹਰਿਆਂ ਦੀ ਝਲਕ ਦੇਖਕੇ ਹੋਰ ਪ੍ਰੇਸ਼ਾਨੀ ਹੁੰਦੀ ਸੀ। ਅਜਿਹੇ ਲੋਕ ਗੱਲਬਾਤ ਦੌਰਾਨ ਆਮ ਤੌਰ 'ਤੇ ਚੁੱਪ ਰਹਿੰਦੇ ਪਰ ਜਦੋਂ ਉਹ ਮੂੰਹ ਖੋਹਲਦੇ ਤਾਂ ਪੂਰੀ ਤਰ੍ਹਾਂ ਸਹਿਜ ਰਵਾਨਗੀ ਨਾਲ ਗੱਲ ਕਰਦੇ। ਉਨ੍ਹਾਂ ਦੇ ਬੋਲਾਂ ਦੇ ਅਨੁਵਾਦ 'ਚ ਜੋ ਪਾੜਾ ਹੁੰਦਾ ਉਸ ਨੂੰ ਉਨ੍ਹਾਂ ਦੀਆਂ ਨਜ਼ਰਾਂ ਪੂਰ ਦਿੰਦੀਆਂ ਸਨ। ਅਸਲ ਵਿਚ ਉਨ੍ਹਾਂ ਦੇ ਚਿਹਰੇ ਦੇ ਇਜ਼ਹਾਰ ਉਨ੍ਹਾਂ ਦੀ ਦਰਦ-ਕਹਾਣੀ ਦੀ ਵੱਧ ਸਪਸ਼ਟ ਝਲਕ ਪੇਸ਼ ਕਰਦੇ ਸਨ।

ਉਨ੍ਹਾਂ ਦੇ ਮਨ ਅਤੇ ਤਨ ਉੱਪਰ ਡੂੰਘੇ ਫੱਟ ਵੱਜਦੇ ਰਹਿਣ ਦਾ ਵਰਤਾਰਾ ਵਿਗੜ ਰਹੇ ਸਮਾਜਿਕ-ਆਰਥਕ ਹਾਲਾਤ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਲਗਾਤਾਰ ਵਾਂਝੇਪਣ ਅਤੇ ਨਾਂਹ 'ਚ ਜਵਾਬ ਮਿਲਦੇ ਰਹਿਣ ਕਾਰਨ ਗ਼ਰੀਬੀ ਅਤੇ ਮਾਨਸਿਕ ਸਿਹਤ ਨੇੜਿਉਂ ਜੁੜ ਜਾਂਦੀ ਹੈ। ਜਦੋਂ ਨਿਤਾਣੇ ਹਿੱਸਿਆਂ ਅੰਦਰ ਮਾਨਸਿਕ ਦਬਾਅ ਹੇਠ ਜੀਅ ਰਹੇ ਲੋਕਾਂ ਦੀ ਗਿਣਤੀ ਸਮੇਂ ਨਾਲ ਵਧਦੀ ਜਾਵੇ ਤਾਂ ਤੰਦਰੁਸਤੀ ਦਾ ਸੂਚਕ ਸਿਰਫ਼ ਬੀਮਾਰੀ ਨਾ ਹੋਣਾ ਹੀ ਨਹੀਂ ਹੋ ਸਕਦਾ। ਆਮ ਲੋਕਾਂ ਦੇ ਤੌਖਲੇ, ਆਸਾਂ ਅਤੇ ਸੱਧਰਾਂ ਨੇ ਹਾਲੇ ਸਮਾਜਿਕ ਤੰਦਰੁਸਤੀ ਦੇ ਸੂਚਕਾਂ ਰਾਹੀਂ ਜ਼ਾਹਿਰ ਹੋਣਾ ਹੈ। ਸੰਗਰੂਰ ਜ਼ਿਲ੍ਹੇ ਦੀ ਬਲਜੀਤ ਕੌਰ ਪੂਰੀ ਤਰ੍ਹਾਂ ਟੁੱਟੀ ਹੋਈ ਅਤੇ ਭਿਆਨਕ ਤੌਰ 'ਤੇ ਬੁੱਢੀ ਅਤੇ ਹਾਰੀ ਹੋਈ ਦਿਖਾਈ ਦਿੰਦੀ ਸੀ। ਉਸ ਦੇ ਫ਼ਿਕਰਾਂ ਦੀ ਪੰਡ ਐਨੀ ਭਾਰੀ ਹੈ ਕਿ ਸ਼ਾਇਦ ਹੀ ਕਿਸੇ ਨਾਲ ਗੱਲ ਕਰਦੀ ਹੈ। ਉਸ ਦੇ ਗੁਆਂਢੀਆਂ ਨੇ ਸਾਨੂੰ ਸਲਾਹ ਦਿੱਤੀ ਕਿ ਅਸੀਂ ਉਸ ਨਾਲ ਗੱਲ ਕਰਨ

ਦੀ ਬਜਾਏ ਟੱਬਰ ਦੇ ਕਿਸੇ ਹੋਰ ਜੀਅ ਨੂੰ ਮਿਲ ਲਈਏ ਕਿਉਂਕਿ ਉਹ ਮਾਨਸਿਕ ਤੌਰ 'ਤੇ ਐਨੀ ਪ੍ਰੇਸ਼ਾਨ ਸੀ ਕਿ ਗੱਲ ਨਹੀਂ ਕਰ ਸਕਦੀ। ਥੋੜ੍ਹੇ ਚਿਰ ਬਾਅਦ ਉਹ ਥੋੜ੍ਹਾ ਸੁਖਾਵਾਂ ਮਹਿਸੂਸ ਕਰਨ ਲੱਗੀ ਤੇ ਆਪਣੀ ਦਰਦ-ਕਹਾਣੀ ਛੋਹ ਲਈ। ਉਸਨੇ ਸਾਨੂੰ ਵਿਸਥਾਰ 'ਚ ਆਪਣੀਆਂ ਮੁਸ਼ਕਲਾਂ ਦੱਸੀਆਂ ਅਤੇ ਸਾਨੂੰ ਬੈਂਕ ਦੀ ਕਾਪੀ ਅਤੇ ਐੱਫ ਆਈ ਆਰ ਦੀ ਨਕਲ ਦਿਖਾਈ ਜੋ ਉਸਦੇ ਪਤੀ ਦੇ ਖ਼ੁਦਕੁਸ਼ੀ ਕਰ ਲੈਣ ਤੋਂ ਬਾਅਦ ਲਿਖੀ ਗਈ ਸੀ। ਉਸਦੇ ਬਿਆਨ ਤੋਂ ਸਪਸ਼ਟ ਸੀ ਕਿ ਉਸਨੂੰ ਆਪਣੀ ਅਤੇ ਆਪਣੇ ਬੱਚਿਆਂ ਦੀ ਜ਼ਿੰਦਗੀ ਦੀਆਂ ਕਮਜ਼ੋਰ ਤੰਦਾਂ ਨੂੰ ਬਚਾਕੇ ਰੱਖਣ 'ਚ ਕਿੰਨੀ ਦਿੱਕਤ ਆ ਰਹੀ ਸੀ।

ਉਸਨੇ ਦੱਸਿਆ, "ਡਾਕਟਰ ਮੈਨੂੰ ਕਹਿੰਦੇ ਹਨ ਚਿੰਤਾ ਨਾ ਕਰਿਆ ਕਰ। ਇਹ ਕਿਵੇਂ ਹੋ ਸਕਦੈ? ਸਿਰਫ਼ ਨੀਂਦ ਦੇ ਪਲ ਹੀ ਚਿੰਤਾ ਤੋਂ ਮੁਕਤ ਹੁੰਦੇ ਹਨ। ਪਰ ਨੀਂਦ ਆਉਣੀ ਵੀ ਐਨਾ ਸੁਖਾਲਾ ਕੰਮ ਨਹੀਂ ਹੈ ਜਿਵੇਂ ਸੋਚ ਲਿਆ ਜਾਂਦਾ ਹੈ। ਮੈਂ ਕਈ ਕਈ ਰਾਤਾਂ ਜਾਗਕੇ ਕੱਟਦੀ ਹਾਂ।"

ਉਸਦਾ ਇਕ ਪੁੱਤ ਮੰਦ ਬੁੱਧੀ ਹੈ ਅਤੇ ਉਸ ਦੇ ਰਾਜ਼ੀ ਹੋਣ ਦੀ ਕੋਈ ਉਮੀਦ ਉਸ ਨੂੰ ਨਹੀਂ ਹੈ। ਉਸਦਾ ਦੂਜਾ ਪੁੱਤ 16-17 ਸਾਲ ਦਾ ਹੈ ਜੋ ਪ੍ਰਾਈਵੇਟ ਸਕੂਲ 'ਚ ਪੜ੍ਹਦਾ ਹੈ। ਉਹ ਵੀ ਹਮੇਸ਼ਾ ਤਣਾਅ 'ਚ ਅਤੇ ਗੁੰਮਸੁੰਮ ਰਹਿੰਦਾ ਹੈ। ਮਾਂ ਦਾ ਮੁੱਖ ਫ਼ਿਕਰ ਇਹੀ ਹੈ ਕਿ ਕਿਤੇ ਉਸ ਨੂੰ ਘੋਰ ਉਦਾਸੀ ਦਾ ਗ੍ਰਹਿਣ ਨਾ ਲਗ ਜਾਵੇ।

ਉਹ ਕਹਿੰਦੀ ਹੈ, "ਮੇਰੀ ਇਹੀ ਇੱਛਾ ਹੈ ਕਿ ਮੇਰੇ ਬੱਚੇ ਇਨ੍ਹਾਂ ਔਖੀਆਂ ਘੜੀਆਂ 'ਚੋਂ ਸਹੀ-ਸਲਾਮਤ ਲੰਘ ਜਾਣ। ਮੇਰੀਆਂ ਆਸਾਂ ਇਸੇ ਪੁੱਤ ਉੱਪਰ ਹਨ। ਮੈਂ ਆਪਣੀ ਪ੍ਰਵਾਹ ਨਹੀਂ ਕਰਦੀ, ਮੈਂ ਚਾਹੁੰਦੀ ਹਾਂ ਉਹ ਜਿਊਣ ਜੋਗਾ ਹੋ ਜਾਵੇ।"

ਮੋਗਾ ਜ਼ਿਲ੍ਹੇ ਦੀ ਇਕ ਪੈਂਤੀ ਸਾਲ ਦੀ ਬੇਜ਼ਮੀਨੀ ਔਰਤ ਘਰੇਲੂ ਨੌਕਰਾਣੀ ਵਜੋਂ ਕੰਮ ਕਰਦੀ ਹੈ। ਉਹ ਭਿਆਨਕ ਰੂਪ 'ਚ ਕਮਜ਼ੋਰ ਸੀ ਅਤੇ ਉਸਦੀ ਸਿਹਤ ਬੜੀ ਖ਼ਰਾਬ ਸੀ। ਇਕ ਵਾਰ ਉਹ ਆਪਣੇ ਘਰ ਕੰਮ ਕਰਦਿਆਂ ਹੀ ਬੇਹੋਸ਼ ਹੋ ਗਈ ਸੀ। ਉਸਨੇ ਦੱਸਿਆ ਕਿ ਹਾਲਾਂਕਿ ਉਸਦੇ ਪਤੀ ਦੀ ਮੌਤ ਹੋਈ ਨੂੰ ਛੇ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ ਪਰ ਫ਼ਿਕਰਾਂ ਨੇ ਉਸਦਾ ਕਦੇ ਖਹਿੜਾ ਨਹੀਂ ਛੱਡਿਆ। ਉਹ ਹੁਣ ਆਪਣੇ ਬਾਪ ਦੇ ਘਰ ਰਹਿ ਰਹੀ ਹੈ। ਕੰਮ ਸਦਾ ਨਹੀਂ ਮਿਲਦਾ ਅਤੇ ਜੇ ਮਿਲ ਜਾਂਦਾ ਹੈ ਤਾਂ ਉਜਰਤ ਐਨੀ ਥੋੜ੍ਹੀ ਹੁੰਦੀ ਹੈ ਕਿ ਮੁਸ਼ਕਲ ਨਾਲ ਖ਼ਰਚੇ ਪੂਰੇ ਹੁੰਦੇ ਹਨ। ਜੇ ਬਾਹਰੋਂ ਆਇਆ ਇਕ ਅਮੀਰ ਬੰਦਾ ਹਮਦਰਦੀ ਨਾ ਕਰਦਾ ਅਤੇ ਇਲਾਜ ਦਾ ਖ਼ਰਚਾ ਨਾ ਕਰਦਾ ਤਾਂ ਉਸ ਨੇ ਮਹਿੰਗਾ ਇਲਾਜ ਕਿਥੋਂ ਕਰਵਾ ਲੈਣਾ ਸੀ। ਉਸਨੇ ਆਪਣਾ ਦੁੱਖ ਰੋਇਆ:

"ਭਾਵੇਂ ਮੈਂ ਕਿੰਨੀ ਵੀ ਮਿਹਨਤ ਕਰ ਲਵਾਂ, ਚਾਰ ਬੱਚਿਆਂ ਦੇ ਪਾਲਣ-ਪੋਸਣ ਜੋਗੇ ਪੈਸੇ ਕਦੇ ਨਹੀਂ ਹੁੰਦੇ। ਮੇਰਾ ਇਕ ਪੁੱਤ ਗੂੰਗਾ ਹੈ ਅਤੇ ਮੈਨੂੰ ਬਹੁਤ ਫ਼ਿਕਰ ਹੈ ਕਿ ਮੇਰੇ ਮਰਨ ਤੋਂ ਬਾਅਦ ਉਸ ਨੂੰ ਕੌਣ ਸੰਭਾਲੇਗਾ। ਇਕ ਪਲ ਵੀ ਮੈਨੂੰ ਚੈਨ ਨਹੀਂ ਮਿਲਦਾ।"

ਔਰਤਾਂ, ਖ਼ਾਸ ਕਰਕੇ ਜਿਨ੍ਹਾਂ ਦੇ ਬੱਚੇ ਛੋਟੇ ਹਨ, ਉਨ੍ਹਾਂ ਨੂੰ ਇਹ ਮੰਨਣ 'ਚ ਬਹੁਤ ਮੁਸ਼ਕਲ ਆਉਂਦੀ ਹੈ ਕਿ ਆਲੇ-ਦੁਆਲੇ ਕੋਈ ਉਨ੍ਹਾਂ ਨੂੰ ਦਿਲਾਸਾ ਦੇਣ ਵਾਲਾ ਨਹੀਂ ਹੈ। ਉਹ ਭਿਆਨਕ ਇਕੱਲਤਾ ਮਹਿਸੂਸ ਕਰਦੀਆਂ ਹਨ। ਮਾਨਸਾ

ਜ਼ਿਲ੍ਹੇ ਦੀ ਇਕ 29 ਸਾਲ ਦੀ ਔਰਤ ਨੇ ਅੱਖਾਂ ਭਰ ਲਈਆਂ ਤੇ ਦੱਸਿਆ:

"ਮੇਰੇ ਪਤੀ ਦੀ ਮੌਤ ਹੋਈ ਨੂੰ ਨੌਂ ਸਾਲ ਬੀਤ ਜਾਣ ਤੋਂ ਬਾਅਦ ਵੀ, ਆਏ ਦਿਨ ਮੇਰੀ ਇਕੱਲਤਾ ਵਧਦੀ ਜਾਂਦੀ ਹੈ। ਲੋਕ ਕਹਿੰਦੇ ਹਨ ਕਿ ਜਦੋਂ ਮੇਰੇ ਬੱਚੇ ਵੱਡੇ ਹੋ ਜਾਣਗੇ ਮੈਂ ਇਸ ਦੀ ਆਦੀ ਹੋ ਜਾਵਾਂਗੀ। ਹੁਣ ਮੇਰੇ ਪੁੱਤ 9 ਅਤੇ 10 ਸਾਲ ਦੇ ਹੋ ਗਏ ਹਨ, ਪਰ ਮੈਨੂੰ ਉਸ ਦੀ ਅਣਹੋਂਦ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ। ਮੈਂ ਹਰ ਸਮੇਂ ਕੰਮ 'ਚ ਰੁੱਝਣ ਦੀ ਕੋਸ਼ਿਸ਼ ਕਰਦੀ ਹਾਂ ਪਰ ਇਸ ਦਾ ਕੋਈ ਫ਼ਾਇਦਾ ਨਹੀਂ ਹੁੰਦਾ।"

ਸਾਰਣੀ 4.4 ਤੋਂ ਜ਼ਾਹਰ ਹੈ ਕਿ 92 (68%) ਔਰਤਾਂ ਨੇ ਕਿਹਾ ਕਿ ਉਹ ਤਕਰੀਬਨ ਹਰ ਵੇਲੇ ਹੀ ਫ਼ਿਕਰਾਂ ਨਾਲ ਗ੍ਰੱਸੀਆਂ ਰਹਿੰਦੀਆਂ ਹਨ। 66 (49%) ਦਸਦੀਆਂ ਹਨ ਕਿ ਉਹ ਮਹੀਨਿਆਂ ਬੱਧੀ ਉਦਾਸ ਰਹਿੰਦੀਆਂ ਹਨ। ਉਨ੍ਹਾਂ ਦਾ ਕਿਸੇ ਵੀ ਚੀਜ਼ 'ਚ ਦਿਲ ਨਹੀਂ ਲਗਦਾ। ਕਈਆਂ ਨੇ ਆਪਣੀ ਇਸ ਹਾਲਤ ਨੂੰ ਅੰਗਰੇਜ਼ੀ ਦੇ ਸ਼ਬਦ ਡਿਪਰੈਸ਼ਨ ਦਾ ਨਾਂਅ ਦਿੱਤਾ। 24 (18%) ਨੇ ਅਗਾਂਹ ਇਹ ਵੀ ਵਿਆਖਿਆ ਦਿੱਤੀ ਕਿ ਉਹ ਡਰ ਅਤੇ ਘਬਰਾਹਟ ਦੀ ਸਥਿੱਤੀ ਵਿਚ ਰਹਿੰਦੀਆਂ ਹਨ ਅਤੇ ਨਾਲ ਹੀ ਉਨ੍ਹਾਂ ਦੀ ਧੜਕਣ ਵਧ ਜਾਂਦੀ ਹੈ ਤੇ ਪਸੀਨੇ ਨਾਲ ਭਿੱਜ ਜਾਂਦੀਆਂ ਹਨ। ਉਨੀਂਦਰੇ ਦੀ ਸ਼ਿਕਾਇਤ ਤਾਂ 64 (46%) ਜਣੀਆਂ ਨੇ ਕੀਤੀ। ਕਈਆਂ ਨੇ ਤਾਂ ਇਹ ਸਵਾਲ ਹੀ ਬੇਹੂਦਾ ਸਮਝਿਆ ਤੇ ਇਸ ਉੱਤੇ ਹੱਸ ਦਿੱਤਾ ਕਿਉਂਕਿ ਉਨ੍ਹਾਂ ਦੀ ਤਾਂ ਜ਼ਿੰਦਗੀ ਹੀ ਇਸ ਤਰ੍ਹਾਂ ਬੀਤਦੀ ਹੈ। 40 ਸਾਲ ਤੋਂ ਵੱਧ ਉਮਰ ਦੀਆਂ ਬਹੁਤੀਆਂ ਔਰਤਾਂ ਨੇ ਕਿਹਾ ਕਿ ਉਹ ਕਮਜ਼ੋਰ ਮਹਿਸੂਸ ਕਰਦੀਆਂ ਹਨ ਅਤੇ ਹਮੇਸ਼ਾਂ ਥੱਕੀਆਂ ਥੱਕੀਆਂ ਰਹਿੰਦੀਆਂ ਹਨ। ਕੁਝ ਬਜ਼ੁਰਗ ਔਰਤਾਂ ਨੇ ਦੱਸਿਆ ਕਿ ਜਦ ਤਕ ਉਹ ਰਾਤ ਨੂੰ ਰੋ ਨਾ ਲੈਣ ਉਨ੍ਹਾਂ ਨੂੰ ਨੀਂਦ ਹੀ ਨਹੀਂ ਆਉਂਦੀ।

ਸਾਰੇ ਥਾਈਂ ਜਿਥੇ ਜਿਥੇ ਕੁਦਰਤੀ ਵਸੀਲੇ ਖ਼ੁਰਦੇ ਜਾਣ, ਗ਼ਰੀਬ ਬਸਤੀਆਂ ਢਾਹ ਦੇਣ, ਫ਼ੈਕਟਰੀਆਂ ਬੰਦ ਹੋਣ ਅਤੇ ਫਿਰਕੂ ਟਕਰਾਅ ਕਾਰਨ ਉਜਾੜੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਉਦਾਸੀ ਅਤੇ ਨਾਂਹਪੱਖੀ ਵਤੀਰੇ ਦੀ ਡੂੰਘੀ ਭਾਵਨਾ ਵੱਡੇ ਪੱਧਰ 'ਤੇ ਘਰ ਕਰ ਜਾਂਦੀ ਹੈ। ਦੂਜੇ ਪਾਸੇ, ਅਜਿਹੀ ਆਫ਼ਤ ਜਾਂ ਸਥਾਈ ਹਾਲਤ ਲੋਕਾਂ ਦੇ ਵੱਖੋ-ਵੱਖਰੇ ਹਿੱਸਿਆਂ 'ਚ ਵੱਖਰੀ ਤਰ੍ਹਾਂ ਦੀ ਨਾਉਮੀਦੀ ਪੈਦਾ ਕਰਦੀ ਹੈ।[8] ਅਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਮਾਮਲੇ 'ਚ, ਆਮ ਤੌਰ

---

8. *ਦੀ ਹਿੰਦੂ* ਨੇ ਰਿਪੋਰਟ ਛਾਪੀ ਸੀ ਕਿ ਦਿੱਲੀ ਨਗਰ ਨਿਗਮ ਵਲੋਂ ਢਾਹ-ਢੁਆਈ ਅਤੇ ਮਕਾਨ ਸੀਲ ਕਰਨ ਦੀ ਮੁਹਿੰਮ ਚਲਾਏ ਜਾਣ ਕਾਰਨ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ 'ਚ ਡੂੰਘੀ ਚਿੰਤਾ ਅਤੇ ਘੋਰ ਉਦਾਸੀ ਤੇਜ਼ੀ ਨਾਲ ਵਧੀ ਹੈ। *ਵਿਮਹਾਂਸ (ਵਿਦਿਆਸਾਗਰ ਇੰਸਟੀਚਿਊਟ)* ਦੇ ਡਾ. ਪਾਰਿਖ ਅਨੁਸਾਰ, ਜਦੋਂ ਮਕਾਨ ਅਤੇ ਦੁਕਾਨਾਂ ਢਾਹੇ ਜਾਣ ਦਾ ਐਲਾਨ ਹੋਇਆ ਤਾਂ ਮਿਜ਼ਾਜ 'ਚ ਤਿੱਖੀਆਂ ਤਬਦੀਲੀਆਂ, ਘੋਰ ਉਦਾਸੀ ਅਤੇ ਡੂੰਘੀ ਚਿੰਤਾ ਜਹੇ ਅਨੇਕਾਂ ਮਨੋਰੋਗੀ ਸਮੱਸਿਆਵਾਂ ਵਾਲੇ ਮਰੀਜ਼ਾਂ ਦਾ ਤਾਂਤਾ ਲਗ ਗਿਆ। ਘਰ ਅਤੇ ਦੁਕਾਨਾਂ ਖੁਸ ਜਾਣ ਦੀ ਚਿੰਤਾ ਪਹਿਲਾਂ ਘਰ ਬਣਾਉਣ ਵਾਲਿਆਂ 'ਤੇ ਅਸਰ ਪਾਉਂਦੀ ਹੈ ਅਤੇ ਫੇਰ ਬੱਚਿਆਂ ਉੱਪਰ। ਜਦਕਿ, ਜਦੋਂ ਢਾਹ-ਢੁਆਈ ਸਚਮੁਚ ਹੋ ਜਾਂਦੀ ਹੈ ਤਾਂ

'ਤੇ ਟੱਬਰ ਦੇ ਮਰਦ ਮੈਂਬਰਾਂ ਦੀ ਖ਼ੁਦਕੁਸ਼ੀ ਨਾਲ ਪੈਦਾ ਹੋਈ ਰੋਗੀ ਹਾਲਤ ਅਤੇ ਅਸਫ਼ਲ ਰਹਿਣ ਦੀ ਭਾਵਨਾ ਅਜੀਬ ਤਰੀਕੇ ਨਾਲ ਹਾਲਤ ਨੂੰ ਹੋਰ ਭੈੜੀ ਬਣਾ ਦਿੰਦੀ ਹੈ। ਗ਼ਮ ਅਤੇ ਸੋਗ ਖ਼ੁਦਕੁਸ਼ੀ ਕਰ ਗਏ ਵਿਅਕਤੀ ਦੇ ਟੱਬਰ ਦੇ ਜੀਆਂ ਦੀ ਡੂੰਘੀ ਚਿੰਤਾ ਦੇ ਨਾਲੋ-ਨਾਲ ਚਲਦੇ ਹਨ। ਕੁਝ ਔਰਤਾਂ ਨੂੰ ਕਿਸੇ ਹੋਰ ਜੀਅ ਵਲੋਂ ਖ਼ੁਦਕੁਸ਼ੀ ਕਰ ਲੈਣ ਦਾ ਤੌਖਲਾ ਰਹਿੰਦਾ ਹੈ ਅਤੇ ਉਹ ਟੱਬਰ ਦੇ ਜੀਆਂ, ਨੌਜਵਾਨ ਮੁੰਡਿਆਂ ਨੂੰ ਤਾੜਦੀਆਂ ਰਹਿੰਦੀਆਂ ਹਨ।

4.7 ਮਰਦਾਂ 'ਚ ਨਸ਼ੇ ਦੀ ਆਦਤ

ਹਾਲਾਂਕਿ ਤਿੰਨ ਦਹਾਕਿਆਂ ਤੋਂ ਮਾਲਵਾ ਖੇਤਰ 'ਚ ਨਸ਼ਿਆਂ ਦੀ ਵਰਤੋਂ ਵੱਧਣ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ, ਪਰ ਇਨ੍ਹਾਂ ਨੇ ਅੱਜ ਜਿੰਨਾ ਖ਼ਤਰਨਾਕ ਰੂਪ ਕਦੇ ਅਖ਼ਤਿਆਰ ਨਹੀਂ ਕੀਤਾ। ਨਸ਼ੇ ਦੀ ਵਬਾ ਪੂਰੇ ਸੂਬੇ 'ਚ ਫੈਲ ਚੁੱਕੀ ਹੈ। ਭਾਵੇਂ, ਹਰ ਉਮਰ ਦੇ ਮਰਦ ਇਸ ਦਾ ਸ਼ਿਕਾਰ ਹਨ, ਪਰ ਨੌਜਵਾਨ ਪੀੜ੍ਹੀ ਇਸ ਦੀ ਵੱਧ ਲਪੇਟ 'ਚ ਹੈ।[9] ਪੰਜਾਬ 'ਚ ਨਸ਼ਿਆਂ ਦਾ ਇਕ ਮੁੱਖ ਕਾਰਨ ਖੇਤੀਬਾੜੀ ਦੀ ਮੰਦੀ ਹਾਲਤ ਅਤੇ ਇਸ ਦੇ ਸਿੱਟੇ ਵਜੋਂ ਭਵਿੱਖ ਦਾ ਧੁੰਦਲਾ ਹੋਣਾ ਹੈ।

ਲੋਕਾਂ ਕੋਲ ਕਰਨ ਲਈ ਕੋਈ ਕੰਮ ਨਹੀਂ ਹੈ। ਸੈਂਕੜੇ ਬੰਦੇ ਅਤੇ ਨੌਜਵਾਨ ਮੁੰਡੇ ਸਾਰਾ ਦਿਨ ਵਿਹਲੇ ਟੀ ਵੀ ਦੇਖਦੇ ਰਹਿੰਦੇ ਹਨ, ਜਾਂ ਤਾਸ਼ ਤੇ ਕੈਰਮ ਖੇਡ੍ਹਦੇ ਰਹਿੰਦੇ ਹਨ। ਉਨ੍ਹਾਂ ਦੇ ਚਿਹਰਿਆਂ ਉਤਲੀ ਥਕਾਵਟ ਅਤੇ ਡੂੰਘੀ ਉਦਾਸੀ ਸਾਫ਼ ਪੜ੍ਹੀ ਜਾ ਸਕਦੀ ਹੈ। ਕਈ ਔਰਤਾਂ ਨੇ ਮੰਨਿਆ ਕਿ ਮਰਦਾਂ ਦੇ ਕਰਨ ਲਈ ਕੋਈ ਕੰਮ ਨਾ ਹੋਣ ਕਾਰਨ, ਉਹ ਜਿਵੇਂ ਕਿਵੇਂ ਵਕਤ ਲੰਘਾਉਂਦੇ ਹਨ। ਦੂਜੇ ਪਾਸੇ, ਔਰਤਾਂ ਜਾਂ ਤਾਂ ਘਰੇਲੂ ਕੰਮ 'ਚ ਜਾਂ ਬੱਚਿਆਂ ਦੀ ਸਾਂਭ-ਸੰਭਾਲ 'ਚ ਰੁੱਝੀਆਂ ਰਹਿੰਦੀਆਂ ਹਨ, ਜਾਂ ਪਰਿਵਾਰ ਦੇ ਬਜ਼ੁਰਗਾਂ ਅਤੇ ਮਰਦਾਂ ਦੀ ਸੇਵਾ ਕਰਦੀਆਂ ਹਨ।

ਸ਼ਰਾਬ ਨੂੰ ਨਸ਼ਾ ਨਹੀਂ ਸਮਝਿਆ ਜਾਂਦਾ। ਮ੍ਰਿਤਕ ਪਤੀ ਦੇ ਸ਼ਰਾਬ ਪੀਣ ਦਾ ਜ਼ਿਕਰ ਹੋਣ 'ਤੇ ਜ਼ਿਆਦਾਤਰ ਔਰਤਾਂ ਟਕੇ ਵਰਗਾ ਜਵਾਬ ਦਿੰਦੀਆਂ, "ਨਸ਼ਾ ਨੁਸ਼ਾ ਕੋਈ ਨਹੀਂ। ਰੋਜ਼ ਘੁੱਟ ਦਾਰੂ ਪੀ ਲੈਂਦੇ ਸੀ। ਕੋਈ ਵੈਲ ਨਹੀਂ ਸੀ।"[10] ਮਰਦ ਬਹੁਤਾ ਸਮਾਂ ਬਾਹਰ ਰਹਿੰਦੇ ਹਨ। ਨੌਜਵਾਨ ਮੁੰਡੇ ਵੀ ਇਵੇਂ ਹੀ ਕਰਦੇ ਹਨ। ਮੁੰਡੇ ਸਵੇਰੇ

ਇਸ ਤੋਂ ਬਾਅਦ ਮਾਨਸਿਕ ਇਲਾਜ ਲਈ ਆਉਣ ਵਾਲੇ ਕਮਾਊਆਂ ਦੀ ਗਿਣਤੀ ਵੱਧਦੀ ਜਾਂਦੀ ਹੈ। ਬਿੰਦੂ ਸ਼ਾਜਨ ਪੇਰਾਪਦਮ ਦੀ *ਢਾਹ-ਢੁਆਈ ਦੀ ਮੁਹਿੰਮ ਕਾਰਨ ਘੋਰ ਉਦਾਸੀ, ਚਿੰਤਾ ਰੋਗ ਦੀ ਵਧ ਰਹੀ ਗਿਣਤੀ* ਨਾਂ ਦੀ ਰਿਪੋਰਟ, ਦੀ ਹਿੰਦੂ, 2006.

9. 2005 'ਚ ਪੰਜਾਬ ਦੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਬਾਰੇ ਵਿਭਾਗ ਨੇ ਸਰਵੇਖਣ 'ਚ ਦੇਖਿਆ ਕਿ ਸੂਬੇ ਦੇ 67% ਪੇਂਡੂ ਪਰਿਵਾਰਾਂ ਵਿਚ ਇਕ ਬੰਦਾ ਨਸ਼ੇ ਨੂੰ ਲੱਗਿਆ ਹੋਇਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਮਾਜ ਵਿਗਿਆਨ ਵਿਭਾਗ ਦੇ ਡਾ. ਰਵਿੰਦਰ ਸਿੰਘ ਸੰਧੂ ਨੇ ਅਧਿਐਨ ਦੌਰਾਨ ਦੇਖਿਆ ਕਿ ਨਸ਼ੇ ਨੂੰ ਲੱਗੇ 73 ਵਿਅਕਤੀ 16 ਤੋਂ 35 ਸਾਲ ਦੇ ਹਨ। ਗੋਬਿੰਦ ਠੁਕਰਾਲ ਦੀ ਰਿਪੋਰਟ, *ਫੈਲ ਰਹੇ ਨਸ਼ੇ*, 9 ਮਈ 2009, ਚੰਡੀਗੜ੍ਹ।

10. ਦਿਲਚਸਪ ਗੱਲ ਇਹ ਹੈ ਕਿ ਨਸ਼ਿਆਂ ਨੂੰ ਲੱਗੇ ਮਰਦਾਂ ਤੇ ਮੁੰਡਿਆਂ ਦੇ ਅਜਿਹਾ ਕਰਨ ਦੀ ਹਕੀਕਤ ਦਾ ਅਧਿਐਨ ਮੇਰੇ ਸਵਾਲਨਾਮੇ ਦਾ ਤੈਅਸ਼ੁਦਾ ਹਿੱਸਾ ਨਹੀਂ ਸੀ, ਉਸ

10-11 ਵਜੇ ਤੋਂ ਬਾਅਦ ਅਤੇ ਫੇਰ ਸ਼ਾਮ ਨੂੰ ਚਾਰ ਵਜੇ ਤੋਂ ਬਾਅਦ ਪਿੰਡ ਵਿਚ ਆਮ ਹੀ ਤੁਰੇ ਫਿਰਦੇ ਰਹਿੰਦੇ ਹਨ। ਕੁਝ ਦੇਰ ਰਾਤ ਵਾਪਸ ਮੁੜਦੇ ਹਨ ਜਾਂ ਨਹਾਉਣ-ਧੋਣ ਜਾਂ ਰੋਟੀ ਖਾਣ ਘਰ ਆਉਂਦੇ ਹਨ, ਨਹੀਂ ਤਾਂ ਸਾਰਾ ਦਿਨ ਘਰੋਂ ਬਾਹਰ ਹੀ ਰਹਿੰਦੇ ਹਨ। ਅਨੇਕਾਂ ਲੋਕਾਂ ਨਾਲ ਕੀਤੀ ਗੱਲਬਾਤ 'ਚ ਮੁੰਡਿਆਂ ਦੇ ਨਸ਼ਿਆਂ ਨੂੰ ਲੱਗਣ ਦੇ ਤੌਖਲੇ ਦਾ ਜ਼ਿਕਰ ਆਇਆ। ਔਰਤਾਂ ਵਲੋਂ ਗੱਲਾਂ ਕਰਦਿਆਂ ਕਦੇ ਇਸ ਬਾਰੇ ਚਿੰਤਾ ਦਰਸਾਉਣਾ ਅਤੇ ਕਦੇ ਫਟਾਫਟ ਚਰਚਾ ਬੰਦ ਕਰ ਦੇਣਾ ਬਾਹਰੀ ਦੁਨੀਆ ਬਾਰੇ ਉਨ੍ਹਾਂ ਦੇ ਤੌਖਲਿਆਂ ਅਤੇ ਇਸ ਨਾਲ ਨਜਿੱਠਣ ਦੀ ਉਨ੍ਹਾਂ ਦੀ ਬੇਵਸੀ ਨੂੰ ਦਰਸਾਉਂਦਾ ਸੀ। ਇਸ ਦੇ ਸਿੱਟੇ ਵਜੋਂ ਉਨ੍ਹਾਂ ਦੀ ਬੇਵਸੀ ਸਪਸ਼ਟ ਸੀ। ਹਰ ਥਾਂ ਵਾਂਗ ਇਥੇ ਵੀ ਹਰੇਕ ਔਰਤ ਨੂੰ ਮਰਦ ਮੈਂਬਰਾਂ 'ਚ ਵਧ ਰਹੇ ਨਸ਼ਿਆਂ ਵਿਰੁੱਧ ਜੱਦੋਜਹਿਦ ਕਰਨੀ ਪੈਂਦੀ ਹੈ, ਖ਼ਾਸ ਕਰਕੇ ਜਦੋਂ ਘਰ ਦੀ ਕਮਾਈ ਦੋ ਡੰਗ ਦੀ ਰੋਟੀ ਲਈ ਵੀ ਪੂਰੀ ਨਾ ਫਟਦੀ ਹੋਵੇ।

ਜਦੋਂ ਔਰਤਾਂ ਪਤੀ ਵਲੋਂ ਖ਼ੁਦਕੁਸ਼ੀ ਕਰ ਲੈਣ ਤੋਂ ਪਹਿਲਾਂ ਦੀ ਜ਼ਿੰਦਗੀ ਬਿਆਨ ਕਰਦੀਆਂ ਤਾਂ ਸ਼ਰਾਬ ਪੀਣ ਜਾਂ ਨਸ਼ਿਆਂ ਦੀ ਆਦਤ ਕਾਰਨ ਘਰ 'ਚ ਹਿੰਸਾ ਅਤੇ ਲੜਾਈ-ਝਗੜੇ ਦੇ ਵੇਰਵੇ ਉੱਭਰਕੇ ਸਾਹਮਣੇ ਆ ਜਾਂਦੇ। ਕਈ ਔਰਤਾਂ ਨੂੰ ਇਹੀ ਝੋਰਾ ਵੱਢ-ਵੱਢ ਖਾਂਦਾ ਹੈ ਕਿ ਉਨ੍ਹਾਂ ਦੇ ਪੁੱਤ ਨਸ਼ਿਆਂ ਨੂੰ ਲੱਗ ਚੁੱਕੇ ਹਨ। ਔਰਤਾਂ ਦੇ ਬਿਆਨਾਂ ਤੋਂ ਸਪਸ਼ਟ ਹੈ ਕਿ ਨਸ਼ਿਆਂ ਨੂੰ ਲੱਗਿਆ ਬੰਦਾ ਨਸ਼ੇ ਦੀ ਤੋਟ ਪੂਰੀ ਕਰਨ ਲਈ ਕਿਸੇ ਹੱਦ ਤੱਕ ਵੀ ਜਾ ਸਕਦਾ ਹੈ। ਮਾਵਾਂ ਅਤੇ ਪਤਨੀਆਂ ਨਾਲ ਲੜਾਈ-ਝਗੜੇ ਵਧਣ ਦਾ ਅਕਸਰ ਹੀ ਇਹੀ ਕਾਰਨ ਹੁੰਦਾ ਹੈ। ਉਹ ਘਰ 'ਚ ਚੋਰੀ ਕਰਦੇ ਹਨ, ਸਕੇ-ਸਬੰਧੀਆਂ, ਦੋਸਤਾਂ-ਮਿੱਤਰਾਂ ਅਤੇ ਸ਼ਾਹੂਕਾਰਾਂ ਤੋਂ ਉਧਾਰ ਮੰਗਦੇ ਰਹਿੰਦੇ ਹਨ। ਕੁਝ ਮਾਮਲਿਆਂ 'ਚ ਤਾਂ ਇਸ ਦੇ ਸਿੱਟੇ ਵਜੋਂ ਜ਼ਮੀਨ ਵੀ ਵਿਕ ਗਈ।

ਨੌਜਵਾਨ ਮੁੰਡੇ ਪਹਿਲਾਂ ਭੁੱਕੀ ਨੂੰ ਲੱਗਦੇ ਹਨ ਜੋ ਖੇਤਾਂ 'ਚ ਅਸਾਨੀ ਨਾਲ ਹੀ ਮਿਲ ਜਾਂਦੀ ਹੈ। ਜਰਦਾ ਲਾਉਣ ਦਾ ਵਰਤਾਰਾ ਵੀ ਬਹੁਤ ਵੱਧ ਚੁੱਕਾ ਹੈ। ਨਸ਼ੇ ਦੀ ਡੂੰਘੀ ਲੋਰ 'ਚ ਜਾਣ ਲਈ ਕਿਰਲੀਆਂ ਦੀਆਂ ਪੂਛਾਂ ਛਕਣ, ਪੈਟਰੋਲ ਪੀਣ ਜਾਂ ਜੁੱਤਿਆਂ ਦਾ ਪਾਲਿਸ਼ ਛਕਣ ਦੀ ਆਦਤ ਵਧ ਰਹੀ ਹੈ। ਬਰੈੱਡ 'ਤੇ ਆਇਓਡੈਕਸ ਲਾਕੇ ਖਾਣਾ ਪਹਿਲਾਂ ਹੀ ਆਮ ਹੈ। ਸਹਿਜੇ-ਸਹਿਜੇ ਉਹ ਇਸਦੇ ਐਨੇ ਆਦੀ ਹੋ ਜਾਂਦੇ ਹਨ ਕਿ ਦਵਾਈਆਂ ਦੀਆਂ ਦੁਕਾਨਾਂ ਤੋਂ ਸਿੱਧੀਆਂ ਦਵਾਈਆਂ ਖ਼ਰੀਦਕੇ ਮਿਲਾਕੇ ਖਾਣ ਲੱਗਦੇ ਹਨ। ਫੈਂਸੀਡ੍ਰਿਲ, ਗ੍ਰਿਲਿਕਟਸ ਅਤੇ ਕਾਰੈਕਸ ਵਰਗੀਆਂ ਖੰਘ ਦੀਆਂ ਦਵਾਈਆਂ ਅਤੇ ਪਰੌਕਸੀਵਾਨ ਵਰਗੀ ਦਰਦਾਂ ਦੀ ਦਵਾਈ ਅਤੇ ਡਾਇਜ਼ੇਪਾਮ ਨੀਂਦ ਦੀ ਦਵਾਈ ਇਨ੍ਹਾਂ 'ਚ ਸ਼ਾਮਲ ਹਨ। ਉਹ ਅਫ਼ੀਮ, ਚਰਸ ਅਤੇ ਗਾਂਜਾ ਅਕਸਰ ਹੀ ਵਰਤਦੇ ਹਨ। ਜਦਕਿ, ਹੈਰੋਇਨ ਅਤੇ ਹੋਰ ਵੱਡੇ ਨਸ਼ੇ ਆਮ

ਨੂੰ ਛੱਡਕੇ ਜਿਥੇ ਇਹ ਖ਼ੁਦਕੁਸ਼ੀ ਦੇ ਕਾਰਨ ਵਜੋਂ ਸਾਹਮਣੇ ਆਇਆ। ਇਸੇ ਤਰ੍ਹਾਂ ਘਰੇਲੂ ਹਿੰਸਾ ਦੇ ਵੇਰਵੇ ਵੀ ਕਈ ਔਰਤਾਂ ਨੇ ਖ਼ੁਦ ਹੀ ਦੇ ਦਿੱਤੇ; ਕਿਸਾਨ ਯੂਨੀਅਨ ਵਾਲਿਆਂ ਦੀ ਮੌਜੂਦਗੀ 'ਚ ਉਨ੍ਹਾਂ ਦਾ ਤਸੱਲੀ ਮਹਿਸੂਸ ਕਰਨਾ ਵੀ ਪ੍ਰਤੱਖ ਦਿਖਾਈ ਦਿੰਦਾ ਸੀ। ਉਸੇ ਪਿੰਡ ਦੇ ਰਹਿਣ ਵਾਲੇ ਹੋਣ ਕਾਰਨ ਉਹ ਅਕਸਰ ਹੀ ਇਨ੍ਹਾਂ ਘਰੇਲੂ ਸੰਕਟਾਂ 'ਚ ਦਖ਼ਲਅੰਦਾਜ਼ੀ ਕਰਦੇ ਹਨ।

ਲੋਕਾਂ 'ਚ ਐਨੇ ਪ੍ਰਚਲਤ ਨਹੀਂ ਹਨ ਜਿਨ੍ਹਾਂ ਨੂੰ ਔਰਤਾਂ ਦਵਾਈ ਜਾਂ ਟੀਕਾ ਲਾਉਣਾ ਕਹਿੰਦੀਆਂ ਹਨ।

60ਵਿਆਂ ਨੂੰ ਪਹੁੰਚੀ ਇਕ ਦਲਿਤ ਔਰਤ ਟੱਬਰ ਦੀ ਇਕੱਲੀ ਕਮਾਊ ਜੀਅ ਹੈ, ਕਿਉਂਕਿ ਉਸਦਾ ਪਤੀ ਅਤੇ ਦੋਵੇਂ ਪੁੱਤ ਸਾਰਾ ਦਿਨ ਟੱਲੀ ਹੋਏ ਰਹਿੰਦੇ ਹਨ। ਉਹ ਜੋ ਮਾੜਾ-ਮੋਟਾ ਕਮਾਉਂਦੇ ਹਨ, ਦੇਸੀ ਸ਼ਰਾਬ 'ਚ ਰੋੜ੍ਹ ਦਿੰਦੇ ਹਨ। ਸਾਲ 'ਚ ਮੁਸ਼ਕਲ ਨਾਲ ਹੀ ਦੋ ਕੁ ਮਹੀਨੇ ਕੰਮ ਮਿਲਦਾ ਹੈ ਅਤੇ ਇਲਾਕੇ 'ਚ ਕੰਮ ਦੀ ਭਾਰੀ ਤੋਟ ਰਹਿੰਦੀ ਹੈ। ਉਹ ਮਹਿਸੂਸ ਕਰਦੀ ਹੈ ਕਿ ਉਸਦਾ ਪਤੀ ਸਭ ਤੋਂ ਵੱਡੇ ਪੁੱਤ ਦੀ ਮੌਤ ਦੇ ਸਦਮੇ 'ਚੋਂ ਹਾਲੇ ਤੱਕ ਨਹੀਂ ਨਿਕਲਿਆ।

"ਮੈਂ ਉਨ੍ਹਾਂ ਤੋਂ ਕੀ ਆਸ ਕਰ ਸਕਦੀ ਹਾਂ? ਤੂੰ ਉਨ੍ਹਾਂ ਦੀ ਹਾਲਤ ਆਪ ਦੇਖ ਲੈ। ਮੇਰੇ ਪੁੱਤਾਂ ਨੂੰ ਲੋੜੀਂਦਾ ਕੰਮ ਨਹੀਂ ਮਿਲਦਾ ਫੇਰ ਵੀ ਉਹ ਬਹੂਆਂ ਨੂੰ ਬਾਹਰ ਕੰਮ ਨਹੀਂ ਕਰਨ ਦਿੰਦੇ। ਅਤੇ ਉਹ ਬਹੂਆਂ ਨੂੰ ਛੱਡਕੇ ਕਿਸੇ ਸ਼ਹਿਰ 'ਚ ਕੰਮ ਦੀ ਭਾਲ 'ਚ ਵੀ ਨਹੀਂ ਜਾਂਦੇ। ਤੁਸੀਂ ਉਨ੍ਹਾਂ ਨੂੰ ਪੁੱਛ ਲਓ।" ਜਦੋਂ ਬਜ਼ੁਰਗ ਔਰਤ ਇਹ ਕਹਿ ਰਹੀ ਸੀ ਤਾਂ ਦੋਵੇਂ ਨੂੰਹਾਂ ਅਤੇ ਬੱਚੇ ਹਾਮੀ ਭਰ ਰਹੇ ਸਨ।

ਇਸ ਜ਼ਿਲ੍ਹੇ ਦੇ ਇਕ ਨਾਲ ਲੱਗਵੇਂ ਪਿੰਡ ਦੀ ਪਰਮਜੀਤ ਕੌਰ ਦਾ ਅਕਸਰ ਹੀ ਆਪਣੇ ਪਤੀ ਨਾਲ ਝਗੜਾ ਹੁੰਦਾ ਰਹਿੰਦਾ ਸੀ। ਪੈਸੇ ਦੀ ਤੋਟ ਕਾਰਨ ਉਸ ਨੂੰ ਢਿੱਡ ਭਰਨ ਦੇ ਲਾਲੇ ਪਏ ਰਹਿੰਦੇ। ਉਹ ਉਸ ਦੀ ਸ਼ਰਾਬ ਤੋਂ ਵੀ ਬਹੁਤ ਤੰਗ ਸੀ। ਇਕ ਦਿਨ ਪਤਨੀ ਨੇ ਖ਼ੁਦਕੁਸ਼ੀ ਕਰ ਲਈ। ਪਤਨੀ ਦੀ ਮੌਤ ਦੇ ਗ਼ਮ ਨੇ ਪਤੀ ਨੂੰ ਨਸ਼ਿਆਂ ਦੀ ਦਲਦਲ 'ਚ ਹੋਰ ਧੱਕ ਦਿੱਤਾ। ਕਰਜ਼ਾ ਸਿਰ ਖੜ੍ਹਾ ਹੈ ਅਤੇ ਜ਼ਮੀਨ ਠੇਕੇ 'ਤੇ ਦਿੱਤੀ ਹੋਈ ਹੈ, ਪਰ ਉਸ ਦਾ ਘਰ ਦੇ ਝਮੇਲਿਆਂ ਵੱਲ ਕੋਈ ਧਿਆਨ ਨਹੀਂ ਹੈ। ਉਹ ਸਵੇਰੇ ਘਰੋਂ ਨਿਕਲ ਜਾਂਦਾ ਹੈ ਅਤੇ ਦੇਰ ਰਾਤ ਨੂੰ ਵਾਪਸ ਮੁੜਦਾ ਹੈ। ਉਸਦੇ ਦੋ ਬੱਚਿਆਂ ਦੀ ਖ਼ਾਤਰ ਪਰਮਜੀਤ ਦੀ ਭੈਣ ਉਸਦਾ ਘਰ ਸਾਂਭਦੀ ਹੈ।

ਫ਼ਿਰੋਜ਼ਪੁਰ ਜ਼ਿਲ੍ਹੇ ਦੀਆਂ ਤਿੰਨ ਔਰਤਾਂ ਨੇ ਦੁੱਖ ਸਾਂਝਾ ਕੀਤਾ ਕਿ ਉਨ੍ਹਾਂ ਦੇ ਪਤੀਆਂ ਵਲੋਂ ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਘੋਰ ਹਿੰਸਾ ਦਾ ਨਰਕ ਭੋਗਣਾ ਪਿਆ। 40 ਸਾਲ ਦੀ ਇਕ ਔਰਤ ਨੇ ਦੱਸਿਆ ਕਿ ਪਤੀ ਦੇ ਜ਼ਿੰਦਾ ਹੋਣ ਸਮੇਂ ਨਾਲੋਂ ਉਹ ਹੁਣ ਬਿਹਤਰ ਹਾਲਤ 'ਚ ਹੈ। ਉਸਨੇ ਦੱਸਿਆ ਕਿ ਉਹ ਜਦੋਂ ਉਸ ਨੂੰ ਨਸ਼ਿਆਂ ਅਤੇ ਸ਼ਰਾਬ ਉੱਪਰ ਪੈਸੇ ਉਡਾਉਣ ਤੋਂ ਵਰਜਦੀ ਤਾਂ ਉਸਦਾ ਪਤੀ ਉਸਦੀ ਵਹਿਸ਼ੀ ਕੁੱਟਮਾਰ ਕਰਦਾ ਸੀ।

"ਉਹ ਨਸ਼ਾ ਖ਼ਰੀਦਣ ਲਈ ਸਾਬਣ-ਸੋਡੇ ਤੋਂ ਲੈਕੇ ਦਾਲਾਂ ਤੱਕ ਚੋਰੀ ਕਰਨ ਤੋਂ ਵੀ ਬਾਜ ਨਹੀਂ ਸੀ ਆਉਂਦਾ। ਉਹ ਹਰ ਕਿਸੇ ਤੋਂ ਉਧਾਰ ਮੰਗਦਾ ਰਹਿੰਦਾ। ਓੜਕ ਕੁਝ ਚੈਨ ਆਇਆ ਹੈ। ਮੈਂ ਆਪ ਖੇਤੀ ਕਰਦੀ ਹਾਂ। ਹੁਣ ਉਸਦੇ ਪਰਿਵਾਰ ਵਾਲੇ ਵੀ ਮੇਰੀ ਇੱਜ਼ਤ ਕਰਦੇ ਹਨ।"

ਲਾਗਲੇ ਪਿੰਡ ਦੀ ਇਕ ਹੋਰ 27 ਸਾਲ ਦੀ ਔਰਤ ਪਤੀ ਤੋਂ ਜੁਦਾ ਹੋਕੇ ਪੇਕੇ ਰਹਿ ਰਹੀ ਸੀ। ਉਸ ਦਾ ਸ਼ਰਾਬੀ ਪਤੀ ਬਹੁਤ ਕੁੱਟਮਾਰ ਕਰਦਾ ਸੀ। ਪਤੀ ਦੀ ਖ਼ੁਦਕੁਸ਼ੀ ਤੋਂ ਬਾਅਦ, ਉਸਦਾ ਸਹੁਰਾ ਜ਼ੋਰ ਪਾਕੇ ਉਸ ਨੂੰ ਵਾਪਸ ਘਰ ਲੈ ਆਇਆ।

ਉਸਨੇ ਦੱਸਿਆ, "ਮੈਂ ਕਈ ਮਹੀਨੇ ਇਸ ਘਰ ਤੋਂ ਦੂਰ ਰਹੀ। ਕਿਉਂਕਿ ਕੁੱਟਮਾਰ

ਸਹਾਰੀ ਨਹੀਂ ਸੀ ਜਾਂਦੀ। ਇਥੇ ਮੈਂ ਆਪਣੇ ਬੱਚਿਆਂ ਦੀ ਖ਼ਾਤਰ ਅਤੇ ਆਪਣੇ ਸਹੁਰੇ ਦੀ ਦਿਆਲਤਾ ਕਾਰਨ ਹਾਂ।"

ਇਕ ਹੋਰ ਔਰਤ ਸਾਲਾਂ ਬੱਧੀ ਘਰੇਲੂ ਹਿੰਸਾ ਦਾ ਸ਼ਿਕਾਰ ਰਹੀ। ਹਾਲੇ ਵੀ ਉਸ ਦੇ ਚਿਹਰੇ 'ਤੇ ਸੱਟਾਂ ਦੇ ਨਿਸ਼ਾਨ ਹਨ।

"ਜਦੋਂ ਮੈਂ ਉਸ ਨੂੰ ਜ਼ਮੀਨ ਵੇਚਣ ਤੋਂ ਵਰਜਦੀ ਉਹ ਮੈਨੂੰ ਵਾਰ-ਵਾਰ ਕੁੱਟਦਾ। ਉਸਨੇ ਮੇਰੀ ਇਕ ਨਾ ਸੁਣੀ ਅਤੇ ਸਾਰੀ ਜ਼ਮੀਨ ਵੇਚ ਦਿੱਤੀ। ਉਹ ਨਸ਼ਿਆਂ ਦਾ ਆਦੀ ਸੀ। ਉਸ ਦੇ ਬਾਪ ਨੇ ਵੀ ਖ਼ੁਦਕੁਸ਼ੀ ਕਰ ਲਈ ਸੀ। ਲੱਗਦਾ ਹੈ ਕਿ ਮੇਰਾ ਪੁੱਤ ਉਸੇ ਰਾਹ ਪੈ ਚੁੱਕਾ ਹੈ। ਮੈਂ ਉਸ ਦੇ ਹਾੜੇ ਕੱਢਦੀ ਹਾਂ 'ਕੁਝ ਕਮਾ ਲੈ, ਘਰ ਦੀ ਛੱਤ ਬਦਲ ਲਈਏ। ਨਹੀਂ ਤਾਂ ਇਸ ਘਰ ਨੂੰ ਨੂੰਹ ਕਿਵੇਂ ਨਸੀਬ ਹੋਵੇਗੀ?'..."

ਉਸ ਦਾ ਵੀਹ ਸਾਲ ਦਾ ਪੁੱਤ ਪੂਰੀ ਤਰ੍ਹਾਂ ਵਿਗੜਿਆ ਹੋਇਆ ਲੱਗਦਾ ਸੀ। ਉਸਨੇ ਸਾਡੇ ਵੱਲ ਸਰਸਰੀ ਜਹੇ ਤੱਕਿਆ ਅਤੇ ਮੁਸਕੜੀਏਂ ਹੱਸਦਾ ਆਪਣੀ ਦੂਜੀ ਦੁਨੀਆ 'ਚ ਮਸਤ ਹੋ ਗਿਆ। ਟੱਬਰ ਦੀ ਨਸ਼ਿਆਂ ਦੀ ਆਦਤ ਅਤੇ ਖ਼ੁਦਕੁਸ਼ੀ ਦੀ ਰੁਚੀ ਦਾ ਵਾਸਾ ਹੋਣ ਕਾਰਨ, ਆਪਣੇ ਪੁੱਤ ਬਾਰੇ ਉਸ ਦੇ ਤੌਖਲੇ ਨਿਰਅਧਾਰ ਨਹੀਂ ਸਨ। ਇਹ ਬੇਜ਼ਮੀਨੀ ਔਰਤ, ਘਰ ਦਾ ਸਾਰਾ ਸਿਲਸਿਲਾ ਖ਼ੁਦ ਚਲਾਉਂਦੀ ਹੈ। ਪਿੰਡ ਵਾਲੇ ਮਦਦ ਕਰਦੇ ਹਨ। ਪਰ ਪੁੱਤ ਦੇ ਇਲਾਜ ਬਾਰੇ ਉਹ ਬੇਵਸ ਹੈ। ਪ੍ਰਾਈਵੇਟ ਨਸ਼ਾ-ਛੁਡਾਊ ਕੇਂਦਰ 'ਚ ਧੋਖੇਬਾਜ਼ੀ ਦਾ ਡਰ ਰਹਿੰਦਾ ਹੈ ਅਤੇ ਇਲਾਜ ਵੀ ਜ਼ਿਆਦਾਤਰ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਇਕੋ ਇਕ ਸਰਕਾਰੀ ਕੇਂਦਰ ਪੀ ਜੀ ਆਈ ਚੰਡੀਗੜ੍ਹ ਵਿਖੇ ਹੈ।

ਪੀ ਜੀ ਆਈ ਦੇ ਨਸ਼ਾ-ਛੁਡਾਊ ਕੇਂਦਰ 'ਚ ਮਰੀਜ਼ਾਂ ਦੀ ਭੀੜ ਲੱਗੀ ਰਹਿੰਦੀ ਹੈ। ਇਸ ਦੇ ਕਲੀਨਿਕ 'ਚ ਹਰ ਸਾਲ ਲਗਭਗ ਇਕ ਹਜ਼ਾਰ ਮਰੀਜ਼ ਆਉਂਦੇ ਹਨ, 500 ਕੁ ਸੌ ਮਰੀਜ਼ ਓ ਪੀ ਡੀ 'ਚ ਰਜਿਸਟ੍ਰੇਸ਼ਨ ਕਰਵਾਕੇ ਇਲਾਜ ਕਰਾਉਂਦੇ ਹਨ ਅਤੇ ਲਗਭਗ ਢਾਈ ਸੌ ਨਸ਼ੇ ਦੇ ਆਦੀ ਮਰੀਜ਼ ਦਾਖ਼ਲ ਕੀਤੇ ਜਾਂਦੇ ਹਨ।[11] ਸਿੱਟੇ ਵਜੋਂ ਇਸ ਹਾਲਤ ਦਾ ਲਾਹਾ ਲੈਕੇ ਨਸ਼ਾ-ਛੁਡਾਊ ਕੇਂਦਰ ਵੱਡੀ ਗਿਣਤੀ 'ਚ ਖੁੰਭਾਂ ਵਾਂਗ ਉੱਗ ਆਏ ਹਨ। ਸੰਚਾਰ ਮਾਧਿਅਮ ਉਸ ਗੱਠਜੋੜ ਦਾ ਭਾਂਡਾ ਭੰਨਦੇ ਰਹਿੰਦੇ ਹਨ ਜੋ ਨਸ਼ੇ ਵੇਚਣ ਵਾਲਿਆਂ, ਪੁਲਿਸ, ਸਿਆਸਤਦਾਨਾਂ ਅਤੇ ਨਸ਼ੇ ਦੇ ਪ੍ਰਚੂਨ ਦੁਕਾਨਦਾਰਾਂ ਦਰਮਿਆਨ ਬਣਿਆ ਹੋਇਆ ਹੈ। ਮਗਰਲਿਆਂ 'ਚ ਦਵਾਈਆਂ ਦੀਆਂ ਦੁਕਾਨਾਂ ਤੋਂ ਲੈਕੇ ਨਕਲੀ ਨਸ਼ਾ-ਛੁਡਾਊ ਕੇਂਦਰ ਸ਼ਾਮਲ ਹਨ। ਜਿੱਥੇ ਇਨ੍ਹਾਂ ਤਾਕਤਾਂ ਦਾ ਜ਼ਬਰਦਸਤ ਗੱਠਜੋੜ ਗ਼ਰੀਬਾਂ ਨੂੰ ਨਸ਼ਿਆਂ 'ਤੇ ਲਾਉਣ ਅਤੇ ਨਿਰਭਰ ਬਣਾਈ ਰੱਖਣ ਲਈ ਸਿੱਧੇ ਤੌਰ 'ਤੇ ਕੰਮ ਕਰਦਾ ਹੈ ਉੱਥੇ ਵੱਢੀ ਦਾ ਲਾਲਚ ਇਨ੍ਹਾਂ ਵਿਰੁੱਧ ਕਾਰਵਾਈ ਨਹੀਂ ਹੋਣ ਦਿੰਦਾ। ਕਈ ਨਸ਼ਾ-ਛੁਡਾਊ ਕੇਂਦਰ ਲੇਜ਼ਰ ਕਿਰਨਾਂ ਨਾਲ ਇਲਾਜ ਕਰਨ ਦੇ ਦਾਅਵੇ ਕਰਦੇ ਹਨ ਤੇ ਇਸ ਦੀ ਧੂੰਆਂਧਾਰ ਇਸ਼ਤਿਹਾਰਬਾਜ਼ੀ ਕਰਦੇ ਹਨ। ਇਹ ਵੱਖਰੀ ਕਹਾਣੀ ਹੈ, ਅਤੇ ਭਾਰੀ ਚਿੰਤਾ ਦਾ ਵਿਸ਼ਾ ਵੀ ਹੈ, ਕਿ ਇਨ੍ਹਾਂ ਜ਼ਿਆਦਾਤਰ ਨਸ਼ਾ-ਛੁਡਾਊ ਕੇਂਦਰਾਂ 'ਚ ਲੋੜੀਂਦੀਆਂ ਸਹੂਲਤਾਂ ਵੀ ਨਹੀਂ

---

11. ਡੈਕਨ ਹੈਰਾਲਡ ਵਿਚ ਕ੍ਰਿਸ਼ਨ ਕੁਮਾਰ ਵੀ ਆਰ ਦੀ ਰਿਪੋਰਟ *ਪੰਜਾਬ ਦੀ ਕੌੜੀ ਫ਼ਸਲ*, http://www.deccanherald.com/cotent/10456/punjabs-bitter-harvest.html

ਹਨ।

ਇਹ ਭ੍ਰਿਸ਼ਟਾਚਾਰ ਅਤੇ ਬੁਰਾਈ ਦੇ ਅੱਡੇ ਬਣ ਚੁੱਕੇ ਹਨ। ਕੁਝ ਤਾਂ ਦਾਖ਼ਲ ਵਿਅਕਤੀਆਂ ਨੂੰ ਨਸ਼ੇ ਦੀਆਂ ਦਵਾਈਆਂ ਸਪਲਾਈ ਕਰਨ ਲਈ ਘ੍ਰਿਣਤ ਹੱਦ ਤੱਕ ਬਦਨਾਮ ਹਨ ਅਤੇ ਮਰੀਜ਼ਾਂ ਦੀ ਨਸ਼ਿਆਂ ਦੀ ਨਿਰਭਰਤਾ ਦਾ ਰੱਜਕੇ ਲਾਹਾ ਲੈਂਦੇ ਹਨ। ਮਰੀਜ਼ਾਂ ਨਾਲ ਅਣਮਨੁੱਖੀ ਵਰਤਾਓ ਦੀਆਂ ਰਿਪੋਰਟਾਂ ਵੀ ਛਪਦੀਆਂ ਰਹਿੰਦੀਆਂ ਹਨ। ਉਨ੍ਹਾਂ ਨੂੰ ਸੰਗਲਾਂ ਨਾਲ ਨੂੜਕੇ ਰੱਖਿਆ ਜਾਂਦਾ ਹੈ ਅਤੇ ਤਸੀਹੇ ਦਿੱਤੇ ਜਾਂਦੇ ਹਨ। ਚੰਡੀਗੜ੍ਹ ਨੇੜੇ ਮੁਹਾਲੀ 'ਚ, ਜਦੋਂ ਇਕ ਸਥਾਨਕ ਨਸ਼ਾ-ਛੁਡਾਊ ਕੇਂਦਰ 'ਚ ਦਾਖ਼ਲ ਨੌਜਵਾਨ ਦੀ ਹਾਲਤ ਵਿਗੜ ਗਈ ਤਾਂ ਕੇਂਦਰ ਦੇ ਮੁਲਾਜ਼ਮ ਉਸ ਨੂੰ ਘਰ ਦੇ ਦਰਵਾਜੇ ਮੂਹਰੇ ਸੁੱਟ ਗਏ। ਬਾਅਦ 'ਚ ਉਸਦੀ ਮੌਤ ਹੋ ਗਈ।[12] ਪੁਲਿਸ ਵਲੋਂ ਅਜਿਹੇ ਕੇਂਦਰਾਂ ਜਾਂ ਨਸ਼ੇ ਵੇਚਣ ਵਾਲਿਆਂ 'ਤੇ ਸ਼ਿਕੰਜਾ ਕੱਸਣ ਦੀਆਂ ਰਿਪੋਰਟਾਂ ਸਮੇਂ-ਸਮੇਂ 'ਤੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਰਹਿੰਦੀਆਂ ਹਨ ਪਰ ਸਮੱਸਿਆ ਜਿੰਨੀ ਗੰਭੀਰ ਹੈ ਇਸ ਲਈ ਵੱਧ ਵੱਡੇ ਪੱਧਰ 'ਤੇ ਅਤੇ ਬਹੁ-ਪਰਤੀ ਦਖ਼ਲਅੰਦਾਜ਼ੀ ਕਰਨ ਦੀ ਲੋੜ ਹੈ। ਪਿੱਛੇ ਜਹੇ ਤੋਂ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਮੁੱਦਿਆਂ ਨੂੰ ਮੁਖ਼ਾਤਬ ਹੋਣਾ ਸ਼ੁਰੂ ਕੀਤਾ ਹੈ।

4.8 ਖ਼ੁਦਕੁਸ਼ੀ ਕਰਨ ਵਾਲਿਆਂ ਦੀ ਮਾਨਸਿਕ ਹਾਲਤ

ਲਗਭਗ 80% ਖ਼ੁਦਕੁਸ਼ੀਆਂ 21 ਤੋਂ 50 ਸਾਲ ਦੀ ਉਮਰ ਦੇ ਲੋਕਾਂ ਵਲੋਂ ਕੀਤੀਆਂ ਜਾਦੀਆਂ ਹਨ। ਇਹੀ ਬੰਦੇ ਦੀ ਜ਼ਿੰਦਗੀ ਦੇ ਸਭ ਤੋਂ ਚੰਗੇ ਕੰਮ ਦੇ ਵਰ੍ਹੇ ਹੁੰਦੇ ਹਨ। 60 ਸਾਲ ਤੋਂ ਵੱਧ ਉਮਰ ਦੇ ਕੁਝ ਲੋਕਾਂ ਵਲੋਂ ਖ਼ੁਦਕੁਸ਼ੀ ਕਰਨ ਦੇ ਮਾਮਲਿਆਂ ਦੀਆਂ ਰਿਪੋਰਟਾਂ ਦੀ ਛਪੀਆਂ ਹਨ। ਸ਼ਾਇਦ ਇਸ ਉਮਰ ਵਿਚ ਖ਼ੁਦਕੁਸ਼ੀ ਸਾਲਾਂ ਬੱਧੀ ਜਮਾਂ ਹੋਈ ਨਿਰਾਸ਼ਤਾ ਦਾ ਸਿੱਟਾ ਹੈ। ਇਕ ਮਾਮਲੇ 'ਚ, ਇਕ ਬਜ਼ੁਰਗ ਨੇ ਪੁੱਤ ਦੇ ਖ਼ੁਦਕੁਸ਼ੀ ਕਰ ਲੈਣ ਤੋਂ ਬਾਅਦ ਜਾਨ ਦੇ ਦਿੱਤੀ। ਇਕ ਹੋਰ ਮਾਮਲੇ 'ਚ, ਜੋ ਵਿਰਲੀ ਮਿਸਾਲ ਹੈ, ਇਕ ਵਿਅਕਤੀ ਨੇ ਆਪਣੇ ਪੁੱਤ ਅਤੇ ਨੂੰਹ ਸਣੇ ਖ਼ੁਦਕੁਸ਼ੀ ਕਰ ਲਈ। ਸਪਸ਼ਟ ਹੈ ਕਿ ਉਹ ਹੁਣ ਪਰਿਵਾਰ ਦੀਆਂ ਵਧ ਰਹੀਆਂ ਮੁਸ਼ਕਲਾਂ ਦੇ ਬੇ-ਹਰਕਤ ਗਵਾਹ ਬਣੇ ਰਹਿਣ ਲਈ ਤਿਆਰ ਨਹੀਂ ਸਨ।

ਕੀੜੇਮਾਰ ਦਵਾਈਆਂ ਜ਼ਾਹਰਾ ਤੌਰ 'ਤੇ ਫ਼ਸਲਾਂ ਦਾ ਝਾੜ ਵਧਾਉਣ ਲਈ ਲਿਆਂਦੀਆਂ ਗਈਆਂ ਸਨ, ਪਰ ਹੁਣ ਇਹ ਮੰਦਹਾਲੀ ਦਾ ਸ਼ਿਕਾਰ ਲੋਕਾਂ ਵਲੋਂ ਆਪਣੀ ਜੀਵਨ ਲੀਲਾ ਖ਼ਤਮ ਕਰ ਲੈਣ ਦਾ ਸਭ ਤੋਂ ਸੁਖਾਲਾ ਤਰੀਕਾ ਬਣ ਚੁੱਕਾ ਹੈ। ਪੰਜਾਬ ਅਤੇ ਹੋਰ ਸੂਬਿਆਂ ਵਿਚ ਜਿਥੇ ਜਿਥੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ, ਇਹ ਮਹਿੰਗੀਆਂ ਦਵਾਈਆਂ ਉਨ੍ਹਾਂ ਦੇ ਗਲੇ ਦਾ ਫੰਦਾ ਬਣ ਗਈਆਂ ਹਨ।

ਇਸ ਸਰਵੇਖਣ 'ਚ ਸ਼ਾਮਲ ਲੋਕਾਂ ਦੇ 70% ਨੇ ਕੀੜੇਮਾਰ ਦਵਾਈ ਪੀ ਕੇ ਮੌਤ ਨੂੰ ਗਲੇ ਲਗਾਇਆ। ਆਮ ਲੋਕ ਇਸ ਨੂੰ "ਸਪਰੇਅ" ਕਹਿੰਦੇ ਹਨ। ਕਈ ਮਿਸਾਲਾਂ ਐਸੀਆਂ ਹਨ ਜਦੋਂ ਖ਼ੁਦਕੁਸ਼ੀ ਕਰਨ ਵਾਲਿਆਂ ਨੇ ਭਿਆਨਕ ਦਵਾਈ ਪੀਣ ਤੋਂ ਪਹਿਲਾਂ ਵੱਡੀ ਮਾਤਰਾ 'ਚ ਸ਼ਰਾਬ ਜਾਂ ਨਸ਼ੀਲੀ ਦਵਾਈ ਪੀਤੀ ਸੀ। "ਦੂਜੀ" ਸ਼੍ਰੇਣੀ

12. ਉਪਰੋਕਤ ਹਵਾਲਾ

ਦੀਆਂ ਅੱਧੀਆਂ ਮੌਤਾਂ ਨਸ਼ੇ, ਆਮ ਕਰਕੇ ਅੰਗਰੇਜ਼ੀ ਦਵਾਈਆਂ ਲੈਣ, ਦਾ ਨਤੀਜਾ ਸਨ। ਬਾਕੀ ਅੱਧੀ ਗਿਣਤੀ ਉਨ੍ਹਾਂ ਕਿਸਾਨਾਂ ਦੀ ਸੀ ਜਿਨ੍ਹਾਂ ਨੇ ਪੂਰੀ ਤਰ੍ਹਾਂ ਚੁੱਪ ਧਾਰ ਲਈ ਅਤੇ ਖਾਣ-ਪੀਣ ਪੂਰੀ ਤਰ੍ਹਾਂ ਬੰਦ ਕਰਕੇ ਮੌਤ ਨੂੰ ਗਲੇ ਲਗਾਇਆ ਸੀ। ਮੁਕਤਸਰ ਜ਼ਿਲ੍ਹੇ ਦੇ ਬੁੱਟਰ ਪਿੰਡ ਵਿਚ, ਇਕ 60 ਸਾਲ ਦੀ ਬੇਜ਼ਮੀਨੀ ਮਜ਼੍ਹਬੀ ਔਰਤ ਦੇ ਪਤੀ ਨੇ ਇਸੇ ਤਰ੍ਹਾਂ ਆਪਣੀ ਜਾਨ ਲੈ ਲਈ ਸੀ। ਉਸ ਨੇ ਇਕ ਲੱਖ ਰੁਪਏ ਕਰਜ਼ਾ ਲਿਆ ਸੀ, ਜਿਸ ਦਾ ਚੋਖਾ ਹਿੱਸਾ ਧੀ ਦੇ ਹੱਥ ਪੀਲੇ ਕਰਨ ’ਤੇ ਖ਼ਰਚਿਆ ਗਿਆ ਸੀ।

ਉਸਦੀ ਪਤਨੀ ਨੇ ਦੱਸਿਆ, “ਉਹ ਐਨਾ ਮਾਨਸਿਕ ਤਣਾਅ ’ਚ ਸੀ ਕਿ ਕੁਝ ਬੋਲਦਾ ਵੀ ਨਹੀਂ ਸੀ। ਐਨੀ ਸਖ਼ਤ ਮਿਹਨਤ ਕਰਨ ਦੇ ਬਾਵਜੂਦ, ਉਸ ਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਸੀ ਆਉਂਦੀ। ਸਾਨੂੰ ਪਤਾ ਸੀ ਕਿ ਉਹ ਬਹੁਤ ਔਖੇ ਦਿਨ ਕੱਟ ਰਿਹਾ ਸੀ। ਇਕ ਦਿਨ ਆਮ ਵਾਂਗ ਆੜ੍ਹਤੀਆ ਆਇਆ ਅਤੇ ਅਵਾ-ਤਵਾ ਬੋਲਣ ਲੱਗਿਆ, ਉਸੇ ਦਿਨ ਉਸਨੇ ਸ਼ਿਕਾਇਤ ਕੀਤੀ ਕਿ ਛਾਤੀ ’ਚ ਦਰਦ ਹੋ ਰਿਹਾ ਹੈ ਅਤੇ ਉਹ ਮੁੱਕ ਗਿਆ।”

ਕੀ ਇਹ ਖ਼ੁਦਕੁਸ਼ੀ ਸੀ ਜਾਂ ਕੁਦਰਤੀ ਮੌਤ? ਇਸੇ ਜ਼ਿਲ੍ਹੇ ’ਚ 2006 ’ਚ, ਇਕ ਏਕੜ ਜ਼ਮੀਨ ਦੇ ਮਾਲਕ ਇਕ ਸੱਠ ਸਾਲ ਦੇ ਬੰਦੇ ਨੂੰ ਇਹੀ ਡਰ ਵੱਢ-ਵੱਢ ਖਾਂਦਾ ਸੀ ਕਿ ਕਰਜ਼ਾ ਨਾ ਮੁੜਿਆ ਤਾਂ ਕਿਤੇ ਇਹ ਇਕ ਏਕੜ ਵੀ ਹੱਥੋਂ ਨਾ ਨਿਕਲ ਜਾਵੇ। ਦੋ ਮਹੀਨੇ ਨਾ ਉਸਨੇ ਕੁਝ ਖਾਧਾ ਅਤੇ ਨਾ ਉਸ ਨੂੰ ਨੀਂਦ ਆਈ। ਜਿਸ ਦਿਨ ਉਸ ਦੀ ਜ਼ਮੀਨ ਕੁਰਕ ਹੋਈ, ਉਹ ਦਿਲ ਦਾ ਦੌਰਾ ਪੈਣ ਨਾਲ ਮਰ ਗਿਆ। ਖ਼ੁਦਕੁਸ਼ੀ ਅਤੇ ਦਿਲ ਫੇਲ੍ਹ ਹੋ ਜਾਣ ਦਰਮਿਆਨ ਇਹ ਬਹੁਤ ਹੀ ਹਲਕੀ ਲਕੀਰ ਅੱਜ ਪੰਜਾਬ ਦੇ ਲੱਖਾਂ ਕਿਸਾਨਾਂ ਅਤੇ ਮਜ਼ਦੂਰਾਂ ਦੀ ਹਕੀਕਤ ਹੈ। ਇਸ ਕਰਕੇ ਚਿੰਤਾ ਰੋਗ ਅਤੇ ਨੀਂਦ ਨਾ ਆਉਣ ਤੋਂ ਪੀੜਤ ਲੋਕਾਂ ਦੀ ਸਹੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਸੰਭਵ ਨਹੀਂ ਹੈ, ਜੋ ਖ਼ੁਦਕੁਸ਼ੀ ਕਰਨ ਦੀ ਸੋਚ ਨਾਲ ਜੂਝ ਰਹੇ ਹੁੰਦੇ ਹਨ, ਨਾ ਬੁਰਕੀ ਮੂੰਹ ਪਾਉਂਦੇ ਹਨ ਅਤੇ ਨਾ ਗੱਲਬਾਤ ਕਰਦੇ ਹਨ। ਇਹ ਹੋਣੀ ਮੌਤ ਤੋਂ ਵੀ ਭੈੜੀ ਹੈ।

ਔਰਤਾਂ ਨੇ ਆਪਣੇ ਪਿੰਡਿਆਂ ’ਤੇ ਹੰਢਾਈ ਹਿੰਸਾ ਅਤੇ ਨਾਲ ਹੀ ਖ਼ੁਦਕੁਸ਼ੀ ਤੋਂ ਪਹਿਲਾਂ ਦੇ ਸਮਿਆਂ ਦੇ ਵੇਰਵੇ ਦੱਸੇ। ਕੁਝ ਮਿਸਾਲਾਂ ਵਿਚ, ਮਰਦਾਂ ਦੇ ਕਠੋਰ ਅਤੇ ਬੇਰਹਿਮ ਰਵੱਈਏ ਕਾਰਨ ਟੱਬਰ ’ਚ ਲਗਾਤਾਰ ਕਲੇਸ਼ ਅਤੇ ਦਬਾਉਣ-ਧਮਕਾਉਣ ਦਾ ਮਾਹੌਲ ਬਣਿਆ ਰਹਿੰਦਾ ਸੀ। ਅਜਿਹੇ ਵੇਰਵੇ ਥੋੜ੍ਹੇ ਹਨ ਅਤੇ ਇਸ ਕਰਕੇ ਇਨ੍ਹਾਂ ਤੋਂ ਆਮ ਸਿੱਟਾ ਨਹੀਂ ਕੱਢਿਆ ਜਾ ਸਕਦਾ। ਇਸ ਦੀ ਬਜਾਏ, ਹੋਰ ਕਈ ਔਰਤਾਂ ਨੇ ਮਰਦਾਂ ਵਲੋਂ ਚੁੱਪ-ਚੁਪੀਤੇ ਖਾਣ-ਪੀਣ ਬੰਦ ਕਰ ਦੇਣ ਜਾਂ ਕਿਸੇ ਨਾਲ ਨਾ ਬੋਲਣ ਦੀ ਗੱਲ ਕੀਤੀ। ਜਿਵੇਂ ਪਰਿਵਾਰ ਤੇ ਸਮਾਜ ਇਸ ਨੂੰ ਲੈਂਦਾ ਹੈ, ਅਸਫ਼ਲਤਾ ਦੀ ਡੂੰਘੀ ਭਾਵਨਾ ਕਾਰਨ ਬੰਦਾ ਅੰਦਰੋ ਅੰਦਰੀ ਖ਼ੁਰਦਾ ਰਹਿੰਦਾ ਹੈ। ਉਹ ਖ਼ੁਦ ਨੂੰ ਟੱਬਰ ਨੂੰ ਰੋਟੀ ਦੇਣ ਦਾ ਵਾਹਦ ਜ਼ਿੰਮੇਵਾਰ ਸਮਝਦਾ ਹੈ, ਇਸ ਕਾਰਨ ਉਹ ਆਪਣੀ ਪਤਨੀ ਨਾਲ ਮਨ ਦਾ ਦੁੱਖ ਸਾਂਝਾ ਨਹੀਂ ਕਰਦਾ ਅਤੇ ਆਲੇ-ਦੁਆਲੇ ਨਾਲੋਂ ਟੁੱਟ ਜਾਂਦਾ ਹੈ। ਚੁੱਪ-ਚੁਪੀਤੇ ਕਿਨਾਰਾ ਕਰ ਲੈਣਾ ਸ਼ਾਇਦ ਉਸ ਗਿਣੀਮਿਥੀ ਹਿੰਸਾ ਦਾ ਇਜ਼ਹਾਰ ਹੈ ਜਿਸਦੀਆਂ ਜੜ੍ਹਾਂ ਇਸੇ ਸਮਾਜ ’ਚ ਮੌਜੂਦ ਹਨ। ਬੀਮਾਰੀ

ਅੰਨਦਾਤਿਆਂ ਦੀ ਹੋਂਦ ਅਤੇ ਉੱਪ-ਚੇਤਨਾ 'ਚ ਘਰ ਕਰ ਚੁੱਕੀ ਹੈ। ਅਤੇ ਇਸੇ ਲਈ ਉਨ੍ਹਾਂ ਦੀ ਮਾਨਸਿਕ ਸਿਹਤ ਵੱਲ ਤੁਰੰਤ ਧਿਆਨ ਦੇਣ ਅਤੇ ਸਮੇਂ ਸਿਰ ਇਲਾਜ ਕਰਾਉਣ ਦੀ ਲੋੜ ਹੁੰਦੀ ਹੈ। ਉਹ ਸਮਝਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਫ਼ਾਇਦਾ ਨਹੀਂ ਹੈ ਅਤੇ ਖ਼ੁਦ ਨੂੰ ਘਾਤਕ ਸੱਟ ਮਾਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ।

4.9 ਬੀਮਾਰ ਸਿਹਤ ਦੀ ਸਿਆਸਤ

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸੰਘਣੇ ਸਰਮਾਏ ਦੀ ਲਾਗਤ ਵਾਲੀ ਖੇਤੀਬਾੜੀ ਦੀ ਖੋਜ ਨੇ ਨਾਬਰਾਬਰੀ 'ਚ ਵਾਧਾ ਕੀਤਾ ਹੈ। ਇਸ ਦੀ ਆਮਦ ਤੋਂ ਬਾਅਦ ਜੋ ਬੀਮਾਰੀਆਂ ਅਤੇ ਮੁਸ਼ਕਲਾਂ ਆਈਆਂ ਉਹ ਸਿਰਫ਼ ਜਿਸਮਾਨੀ ਹੀ ਨਹੀਂ ਮਾਨਸਿਕ ਵੀ ਹਨ। ਇਸ ਨੇ ਨਸ਼ਿਆਂ ਉੱਪਰ ਨਿਰਭਰਤਾ ਵੀ ਬਣਾ ਦਿੱਤੀ। ਇੰਞ ਲੋਕਾਂ ਦੀ ਬੀਮਾਰ ਸਿਹਤ ਉਨ੍ਹਾਂ ਦੀ ਹੋਰ ਲੁੱਟ ਦੀ ਜ਼ਰਖੇਜ਼ ਭੋਇੰ ਬਣ ਗਈ। ਸਿਹਤ ਸੇਵਾਵਾਂ ਨੂੰ ਮੰਡੀ ਦੀ ਜਿਣਸ ਅਤੇ ਵਪਾਰ ਬਣਾ ਦਿੱਤੇ ਜਾਣ ਨੇ ਨਿੱਜੀ ਮੁਨਾਫ਼ਿਆਂ ਨੂੰ ਖੁੱਲ੍ਹ-ਖੇਡ ਦੇ ਦਿੱਤੀ। ਜਿਹੜਾ ਰਾਜ, ਲੋਕਾਂ ਤੋਂ ਉਨ੍ਹਾਂ ਦੇ ਗੁਜ਼ਾਰੇ ਦੇ ਸਾਧਨ ਖੋਹਣ ਅਤੇ ਉਨ੍ਹਾਂ ਨੂੰ ਵਾਂਝੇ ਕਰਨ ਦਾ ਜ਼ਿੰਮੇਵਾਰ ਹੈ, ਜਦੋਂ ਅਸੀਂ ਉਸੇ ਤੋਂ ਵਧੀਆ ਅਤੇ ਮੁਫ਼ਤ ਸਿਹਤ ਸੇਵਾਵਾਂ ਦੀ ਤਵੱਕੋ ਕਰਦੇ ਹਾਂ ਤਾਂ ਇਥੇ ਕੋਈ ਗੰਭੀਰ ਗੜਬੜ ਜ਼ਰੂਰ ਹੈ।

ਪੰਜਾਬ ਵਿਕਾਸ ਰਿਪੋਰਟ-2002 ਲਈ ਕੀਤੇ ਗਏ ਸਰਵੇਖਣ 'ਚ ਸਾਹਮਣੇ ਆਇਆ ਕਿ 70% ਸਬ-ਸੈਂਟਰਾਂ, 67% ਸਬਸਿਡਰੀ ਸਿਹਤ ਕੇਂਦਰਾਂ ਜਾਂ ਡਿਸਪੈਂਸਰੀਆਂ ਅਤੇ 51% ਕਮਿਊਨਿਟੀ ਸਿਹਤ ਕੇਂਦਰਾਂ ਕੋਲ ਢੁਕਵੀਂ ਇਮਾਰਤ ਵੀ ਨਹੀਂ ਹੈ।[13] ਰੋਗ-ਪਛਾਣ ਦੀਆਂ ਸਹੂਲਤਾਂ ਦੀ ਹਾਲਤ ਤਰਸਯੋਗ ਸੀ ਅਤੇ ਹਸਪਤਾਲਾਂ 'ਚ ਪੈਰਾਸਿਟਾਮੋਲ ਵਰਗੀਆਂ ਆਮ ਦਵਾਈਆਂ ਵੀ ਨਹੀਂ ਸਨ। ਦਸਵੀਂ ਪੰਜ ਸਾਲਾ ਯੋਜਨਾ (2002-07) ਦੌਰਾਨ ਵੀ, ਸਿਹਤ ਉੱਪਰ ਸਰਕਾਰੀ ਖ਼ਰਚ ਬਜਟ ਦਾ ਸਿਰਫ਼ 2.28% ਰੱਖਿਆ ਗਿਆ ਸੀ।

ਸਿਹਤ ਸੇਵਾਵਾਂ ਨੂੰ ਸਹਿਜੇ-ਸਹਿਜੇ ਖ਼ਤਮ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਸਿੱਟੇ ਵਜੋਂ ਇਨ੍ਹਾਂ ਉੱਪਰ ਸਰਕਾਰੀ ਖ਼ਰਚ ਘਟਾਇਆ ਜਾ ਰਿਹਾ ਹੈ ਜਦਕਿ ਹੋਰ ਮਾਮਲਿਆਂ 'ਚ ਖ਼ਰਚ ਤੇਜ਼ੀ ਨਾਲ ਵੱਧ ਰਿਹਾ ਹੈ।[14] ਜਦਕਿ, ਸਿਹਤ ਸੇਵਾਵਾਂ ਹਾਸਲ ਨਾ ਹੋਣ ਜਾਂ ਆਪਣੇ ਲੋਕਾਂ ਦੀ ਸਿਹਤ ਲਈ ਪੈਸਾ ਖ਼ਰਚਣ ਦੀ (ਸਰਕਾਰੀ) ਦਰ ਘਟਦੇ ਜਾਣ ਤੱਕ ਸੀਮਤ ਰਹਿਣ ਵਾਲੀ ਕੋਈ ਆਲੋਚਨਾ ਉਸ ਮੂਲ ਆਲੋਚਨਾ

---

13. ਫਰੰਟਲਾਈਨ, 15 ਮਈ 2006, ਬਿਮਾਰ ਪ੍ਰਬੰਧ; ਸੈਂਚੀ 23-ਅੰਕ 07, ਅਪ੍ਰੈਲ 8-21, 2006

14. ਉਪਰੋਕਤ ਹਵਾਲਾ, 1980-81 'ਚ ਸਿਹਤ ਉੱਪਰ ਸਰਕਾਰੀ ਖ਼ਰਚ ਸੂਬੇ ਦੇ ਬਜਟ ਦਾ 5.49% ਜਦਕਿ ਪੁਲਿਸ ਅਤੇ ਪ੍ਰਸ਼ਾਸਨ ਉੱਪਰ ਖ਼ਰਚ 8.29% ਸੀ। 1990-91 'ਚ ਇਹ ਅੰਕੜੇ ਕ੍ਰਮਵਾਰ 4.61% ਅਤੇ 20.83% ਸਨ। 2003-04 'ਚ ਸਿਹਤ ਉੱਪਰ ਖ਼ਰਚ 3.86% ਸੀ ਜਦਕਿ ਪੁਲਿਸ ਅਤੇ ਪ੍ਰਸ਼ਾਸਨ ਉੱਪਰ 23.18%।

ਨੂੰ ਛਾਂਗ ਦਿੰਦੀ ਹੈ ਜੋ ਇਹ ਦਰਸਾਉਂਦੀ ਹੈ ਕਿ ਬੀਮਾਰੀਆਂ ਆਪਣੇ ਆਪ 'ਚ ਮੁਨਾਫ਼ਾਮੁਖੀ ਸਰਮਾਏਦਾਰੀ ਪ੍ਰਬੰਧ ਦੀਆਂ ਪੈਦਾ ਕੀਤੀਆਂ ਹੋਈਆਂ ਹਨ।

ਅਕਸਰ ਹੀ, ਰਾਜ ਦੀ ਦਖ਼ਲਅੰਦਾਜ਼ੀ ਜਨਤਕ ਸਿਹਤ ਨਾਲੋਂ ਕੌਮਾਂਤਰੀ ਏਜੰਸੀਆਂ ਦੇ ਹਿੱਤਾਂ ਲਈ ਵਧੇਰੇ ਹੁੰਦੀ ਹੈ। ਅਕਤੂਬਰ 1995 'ਚ ਪੰਜਾਬ ਸਿਹਤ ਸੇਵਾਵਾਂ ਕਾਰਪੋਰੇਸ਼ਨ ਬਣਾਈ ਗਈ। ਸਿਹਤ ਸੇਵਾਵਾਂ ਦੇ ਅਦਾਰੇ ਇਸ ਨੀਮ-ਸਰਕਾਰੀ ਸਿਹਤ ਸੰਸਥਾ ਦੇ ਹਵਾਲੇ ਕਰ ਦਿੱਤੇ ਗਏ। ਇਸ ਨੇ ਮਰੀਜ਼ਾਂ ਦੀ ਆਮਦਨੀ ਦੇ ਪੱਧਰ ਨੂੰ ਅੱਖੋਂ ਪਰੋਖੇ ਕਰਕੇ ਉਨ੍ਹਾਂ ਉੱਪਰ ਇਕ ਵਾਢਿਓਂ ਫ਼ੀਸਾਂ ਥੋਪ ਦਿੱਤੀਆਂ। ਇਸਨੇ ਗ਼ਰੀਬਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਮੁਹੱਈਆ ਕਰਨ ਦੇ ਨਾਂ ਹੇਠ "ਪੀਲੇ ਕਾਰਡ" ਸ਼ੁਰੂ ਕਰ ਦਿੱਤੇ। ਇਸ ਤੋਂ ਪਹਿਲਾਂ, ਇਕ ਹਜ਼ਾਰ ਰੁਪਏ ਤੋਂ ਘੱਟ ਮਾਸਿਕ ਆਮਦਨੀ ਵਾਲਿਆਂ ਤੋਂ ਕੋਈ ਫ਼ੀਸ ਨਹੀਂ ਸੀ ਲਈ ਜਾਂਦੀ। ਕਈ ਤਰ੍ਹਾਂ ਦੀਆਂ ਸੇਵਾਵਾਂ ਮੁਫ਼ਤ ਦਿੱਤੀਆਂ ਜਾਂਦੀਆਂ ਸਨ। ਮਿਸਾਲ ਵਜੋਂ, ਸਹਿਜ ਤਰੀਕੇ ਨਾਲ ਬੱਚਾ ਪੈਦਾ ਹੋਣ ਅਤੇ ਇਕ ਯੂਨਿਟ ਖ਼ੂਨ ਦੇ ਕੋਈ ਖ਼ਰਚੇ ਨਹੀਂ ਸੀ ਵਸੂਲੇ ਜਾਂਦੇ। ਇਨਸਾਫ ਇੰਟਰਨੈਸ਼ਨਲ ਦੇ ਇਕ ਸਰਵੇਖਣ[15] 'ਚ ਵੀ ਦੇਖਿਆ ਗਿਆ ਕਿ ਬਠਿੰਡਾ ਦੇ ਜਿਸ ਹਸਪਤਾਲ 'ਚ ਮਰੀਜ਼ਾਂ ਨੂੰ ਰੈਫਰ ਕਰਕੇ ਭੇਜਿਆ ਜਾਂਦਾ ਹੈ ਉੱਥੇ ਜੁਲਾਈ ਤੋਂ ਦਸੰਬਰ 2000 ਦਰਮਿਆਨ ਜਿਨ੍ਹਾਂ ਦਾ ਇਲਾਜ ਕੀਤਾ ਗਿਆ ਉਨ੍ਹਾਂ ਵਿਚੋਂ ਕਿਸੇ ਵੀ ਗ਼ਰੀਬ ਬੰਦੇ ਨੂੰ ਕੋਈ ਛੋਟ ਨਹੀਂ ਦਿੱਤੀ ਗਈ ਸੀ। ਇਹ ਹਸਪਤਾਲ 11 ਲੱਖ ਵਸੋਂ ਲਈ ਹੈ।

ਜਿਵੇਂ ਅਜਿਹੇ ਮਾਮਲਿਆਂ 'ਚ ਆਮ ਹੀ ਵਾਪਰਦਾ ਹੈ, ਕਾਰਡਾਂ ਸਬੰਧੀ ਵੀ ਬਲੈਕ ਮਾਰਕਿਟ ਵਧਣ-ਫੁਲਣ ਲੱਗੀ ਅਤੇ ਛੇਤੀ ਹੀ ਇਹ ਕਾਰਡ ਬਹੁਤ ਸਾਰੇ ਮੱਧ-ਵਰਗੀ ਅਤੇ ਧਨਾਢ ਲੋਕਾਂ ਦੇ ਹੱਥਾਂ 'ਚ ਚਲੇ ਗਏ। ਸਰਵੇਖਣ ਨੇ ਦਿਖਾਇਆ ਕਿ ਜ਼ਿਆਦਾਤਰ ਲੋਕ ਪੀਲੇ ਕਾਰਡਾਂ ਬਾਰੇ ਕੁਝ ਨਹੀਂ ਸੀ ਜਾਣਦੇ। ਮਿਸਾਲ ਵਜੋਂ, ਗ਼ਰੀਬ ਬਸਤੀਆਂ ਦੀਆਂ 150 ਔਰਤਾਂ ਵਿਚੋਂ ਸਿਰਫ਼ ਇਕ ਨੇ ਪੀਲੇ ਕਾਰਡ ਬਾਰੇ ਸੁਣਿਆ ਹੋਇਆ ਸੀ। ਹਾਲਾਂਕਿ ਦਿਖਾਵਾ ਇਹ ਕੀਤਾ ਗਿਆ ਕਿ ਇਹ ਗ਼ਰੀਬਾਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਬਣਾਏ ਗਏ ਹਨ, ਪਰ ਜੋ ਉੱਭਰਕੇ ਸਾਹਮਣੇ ਆਇਆ ਉਹ ਪਹਿਲਾਂ ਤੋਂ ਵੀ ਮਾੜਾ ਸੀ। ਪਹਿਲਾਂ ਲੋਕ ਸਿਹਤ ਸੇਵਾਵਾਂ ਲੈਣ ਲਈ ਵੱਢੀ ਦਿੰਦੇ ਸਨ। ਹੁਣ ਉਨ੍ਹਾਂ ਨੂੰ ਵੱਢੀ ਅਤੇ ਸੇਵਾਵਾਂ ਦੀ ਫ਼ੀਸ ਦੋਵੇਂ ਦੇਣੀਆਂ ਪੈ ਰਹੀਆਂ ਸਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਰਵੇਖਣ 'ਚ ਸਾਹਮਣੇ ਆਇਆ ਕਿ ਕਿਵੇਂ ਖ਼ੁਰਾਕੀ ਤੱਤਾਂ ਦੀ ਮਿਆਦੀ ਘਾਟ ਰਹਿਣ ਨਾਲ ਖੇਤ ਮਜ਼ਦੂਰ ਤੰਦਰੁਸਤ ਨਹੀਂ ਰਹਿੰਦੇ ਅਤੇ ਲਗਾਤਾਰ ਜਿਸਮਾਨੀ ਦਬਾਅ ਦਾ ਸ਼ਿਕਾਰ ਰਹਿੰਦੇ ਹਨ।[16] ਅਨਾਜ,

15. ਦੇਖੋ ਸ਼ੈਲਾਭ ਨਾਗਰ ਦੀ ਰਿਪੋਰਟ yellow cards for the poor, ਜਨਵਰੀ 2002 http://www.indiatogether.org/health/reports/insaaf01.htm. INSAAF International ਦੀ ਰਿਪੋਰਟ ਜਿਸ ਉੱਤੇ ਸ਼ੈਲਾਭ ਦਾ ਲੇਖ ਅਧਾਰਤ ਹੈ ਇਹ ਪੰਜਾਬ ਵਿਚ ਲੋਕਾਂ ਦੀ ਸਿਹਤ ਸਬੰਧੀ ਲਫ਼ੌੜਬਾਜ਼ੀ ਤੇ ਕਾਰਕਰਦਗੀ ਦਰਮਿਆਨ ਫ਼ਰਕ ਸਬੰਧੀ ਚਰਚਾ ਕਰਦੀ ਹੈ।

16. ਡਾਕਟਰ ਸੁਖਪਾਲ ਸਿੰਘ ਵਲੋਂ ਇੰਡੀਅਨ ਸੋਸਾਇਟੀ ਆਫ ਲੇਬਰ ਇਕਨਾਮਿਕਸ ਕਾਨਫਰੰਸ ਵਿਖੇ ਪੇਸ਼ ਕੀਤਾ ਵਿਸ਼ਲੇਸ਼ਣ, ਜੋ 12 ਦਸੰਬਰ 2009 ਨੂੰ ਪਟਿਆਲਾ 'ਚ ਕਰਵਾਈ ਗਈ ਸੀ।

ਦਾਲਾਂ, ਦੁੱਧ, ਸਬਜ਼ੀਆਂ, ਫ਼ਲ ਅਤੇ ਖਾਣ ਵਾਲੇ ਤੇਲ ਉਨ੍ਹਾਂ ਦੀ ਖ਼ੁਰਾਕ 'ਚ ਬਹੁਤ ਘੱਟ ਸ਼ਾਮਲ ਹੁੰਦੇ ਹਨ। ਸਮਾਜਿਕ ਸਹੂਲਤਾਂ ਜਾਂ ਸਰਕਾਰੀ ਸਕੀਮਾਂ ਤੋਂ ਫ਼ਾਇਦਾ ਲੈਣ ਵਾਲੇ ਮਜ਼ਦੂਰ ਪਰਿਵਾਰਾਂ ਦੀ ਗਿਣਤੀ ਵੀ ਤੇਜ਼ੀ ਨਾਲ ਘਟੀ ਹੈ। ਕਿਉਂਕਿ ਸਮਾਜਿਕ ਸਹੂਲਤਾਂ ਦੀ ਮਾਤਰਾ ਅਤੇ ਗੁਣਵੱਤਾ ਤਸੱਲੀਬਖ਼ਸ਼ ਨਹੀਂ ਹੈ। ਲਗਭਗ 96% ਖੇਤ ਮਜ਼ਦੂਰਾਂ ਨੇ ਜਨਤਕ ਵੰਡ ਪ੍ਰਣਾਲੀ ਦੀ ਜ਼ਰੂਰਤ ਬਿਆਨ ਕੀਤੀ ਜੋ ਬੁਨਿਆਦੀ ਖ਼ੁਰਾਕੀ ਵਸਤਾਂ ਮੁਹੱਈਆ ਕਰਦੀ ਹੋਵੇ। ਇਨ੍ਹਾਂ ਵਿਚੋਂ 92% ਨੇ ਕਣਕ ਅਤੇ ਹੋਰ ਅਨਾਜ ਸਸਤੇ ਭਾਅ ਦੇਣ 'ਤੇ ਜ਼ੋਰ ਦਿੱਤਾ।

1990 ਦੇ ਸ਼ੁਰੂ ਤੋਂ ਹੀ ਨਵੀਆਂ ਆਰਥਕ ਨੀਤੀਆਂ ਦੀ ਜੋ ਆਮ ਆਲੋਚਨਾ ਹੁੰਦੀ ਰਹੀ ਹੈ ਉਹ ਸਿਹਤ ਸੇਵਾਵਾਂ 'ਚ ਸਰਕਾਰੀ ਖ਼ਰਚ 'ਚ ਕਟੌਤੀ 'ਤੇ ਕੇਂਦਰਤ ਹੈ ਅਤੇ ਸਰਕਾਰ ਵਲੋਂ ਫ਼ੌਜੀਕਰਨ ਜਾਂ ਖਾਣ-ਖੁਦਾਈ ਵਰਗੇ ਆਪਣੇ ਮਨਪਸੰਦ ਖੇਤਰਾਂ 'ਚ ਪੂੰਜੀ-ਨਿਵੇਸ਼ ਵਧਾਉਣ ਨਾਲ ਤੁਲਨਾ ਕਰਕੇ ਅਸਾਵਾਂਪਣ ਦਰਸਾਇਆ ਜਾਂਦਾ ਹੈ। ਭਾਵੇਂ ਅਜਿਹੀਆਂ ਦਲੀਲਾਂ ਚੁਣੀਆਂ ਹੋਈਆਂ ਸਰਕਾਰਾਂ ਦੀਆਂ ਤਰਜੀਹਾਂ ਦਾ ਢੁੱਕਵਾਂ ਪਰਦਾਫਾਸ਼ ਕਰਦੀਆਂ ਹਨ, ਪਰ ਇਹ ਸਿਹਤ ਦੇ ਵਿਗਾੜਾਂ ਅਤੇ ਬੀਮਾਰੀਆਂ ਕਿਵੇਂ ਸਮਾਜ ਦੀ ਦੇਣ ਹਨ ਇਸ ਦੇ ਸਾਰਤੱਤ ਤੋਂ ਧਿਆਨ ਲਾਂਭੇ ਕਰਨ ਦੀ ਕੋਸ਼ਿਸ਼ ਵੀ ਕਰਦੀਆਂ ਹਨ। ਪੈਦਾਵਾਰੀ ਤਾਕਤਾਂ ਦੀ ਭੂਮਿਕਾ ਅਤੇ ਇੱਥੇ ਸਰਮਾਏਦਾਰਾ ਵਿਕਾਸ ਦੀ ਪੂਛ ਬਨਣ ਨੇ ਕਿਸਾਨੀ ਅਤੇ ਮਜ਼ਦੂਰ ਜਮਾਤ ਦੇ ਕੰਗਾਲ ਹੋਣ ਦਾ ਰਾਹ ਸਾਫ਼ ਕੀਤਾ ਹੈ। ਨਾਲ ਦੀ ਨਾਲ ਇਸ ਨੇ ਮਿੱਟੀ ਅਤੇ ਪਾਣੀ ਉੱਤੇ ਮਾੜਾ ਅਸਰ ਪਾਕੇ ਕੁਦਰਤੀ ਚੌਗਿਰਦੇ ਦੀ ਬੁਰੀ ਤਰ੍ਹਾਂ ਤਬਾਹੀ ਕੀਤੀ ਹੈ। ਲੱਗਦਾ ਹੈ ਕਿ ਇਸ ਦੀ ਪੂਰਤੀ ਹੋਣ ਨੂੰ ਬਹੁਤ ਸਮਾਂ ਲੱਗੇਗਾ। "ਪਹਿਲੀ ਗੱਲ ਤਾਂ ਬੰਦਾ ਬੀਮਾਰ ਹੀ ਕਿਸ ਕਾਰਨ ਹੁੰਦਾ ਹੈ ਅਤੇ ਇਸ ਤੋਂ ਕਿੰਨਾ ਬਚਿਆ ਜਾ ਸਕਦਾ ਹੈ" ਇਨ੍ਹਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਮਿਲਦਾ।[17]

ਹਰੇਕ ਰਾਤ ਬਠਿੰਡਾ ਤੋਂ ਚੱਲਦੀ 'ਕੈਂਸਰ ਐਕਸਪ੍ਰੈੱਸ' ਉਸ ਵਿਗਾੜ ਦਾ ਸਭ ਤੋਂ ਭੱਦਾ ਪ੍ਰਗਟਾਵਾ ਹੈ ਜੋ ਹਰੇ ਇਨਕਲਾਬ ਨੇ ਲਿਆਂਦੇ ਹਨ। ਇਸ ਲਈ, "ਆਰਥਕ ਅਤੇ ਸਮਾਜਿਕ ਜ਼ਿੰਦਗੀ ਦੇ ਉਨ੍ਹਾਂ ਪਹਿਲੂਆਂ ਬਾਰੇ ਜਾਗਰੂਕਤਾ ਪੈਦਾ ਕਰਨਾ" ਨਵੇਂ ਸਮਾਜ ਲਈ ਸੰਘਰਸ਼ ਦਾ ਇਕ ਅਹਿਮ ਅੰਗ ਬਣ ਜਾਂਦਾ ਹੈ "ਜੋ ਸਾਡੀ ਤੰਦਰੁਸਤੀ ਖੋਹ ਰਹੇ ਹਨ। ਇਸ ਤਰੀਕੇ ਨਾਲ ਸਿਹਤ 'ਚ ਸੁਧਾਰ ਲਿਆਉਣ ਦੀਆਂ ਰਣਨੀਤੀਆਂ ਨੂੰ ਸਮਾਜ ਨੂੰ ਬਦਲਣ ਦਾ ਹਿੱਸਾ ਬਣਾਇਆ ਜਾ ਸਕਦਾ ਹੈ—ਰਣਨੀਤੀਆਂ ਜੋ ਸਰਮਾਏਦਾਰੀ ਪ੍ਰਬੰਧ ਹੇਠ ਜ਼ਿੰਦਗੀ ਦੀਆਂ ਕੁਝ ਸਭ ਤੋਂ ਬੁਨਿਆਦੀ ਵਿਰੋਧਤਾਈਆਂ ਦਾ ਅਟੱਲ ਰੂਪ 'ਚ ਪਰਦਾਫਾਸ਼ ਕਰਨਗੀਆਂ।"[18] ਇਸ ਕਰਕੇ, ਸਿਹਤ ਦੀ ਬਿਹਤਰੀ ਦੀ ਮੰਗ ਆਪਣੇ ਆਪ 'ਚ ਹੀ ਇਨਕਲਾਬੀ ਮੰਗ ਹੈ ਜੋ ਮਾੜੀ ਸਿਹਤ, ਬੀਮਾਰੀਆਂ ਅਤੇ ਗ਼ਰੀਬੀ ਦੀ ਜੰਮਣ ਭੋਂਇ ਮੌਜੂਦਾ ਸਮਾਜੀ-ਆਰਥਕ ਪ੍ਰਬੰਧ ਨੂੰ ਉਲਟਾਉਣਾ ਚਾਹੁੰਦੀ ਹੈ।

---

17. ਸਿਹਤ ਦੀ ਰਾਜਨੀਤਕ ਆਰਥਿਕਤਾ, ਲੈਸਲੇ ਡੋਇਲ ਅਤੇ ਇਮੋਜਨ ਪੈਨੇਲ, ਪਲੂਟੋ ਪ੍ਰੈੱਸ, ਸਫ਼ਾ 292.
18. ਉਪਰੋਕਤ, ਸਫ਼ਾ 295.

ਸਾਰਣੀ 4.1 : ਕਿਸਾਨਾਂ ਦੀ ਸ਼੍ਰੇਣੀ ਅਤੇ ਬੀਮਾਰੀ ਦੀ ਕਿਸਮ

ਸ਼੍ਰੇਣੀ		ਕੈਂਸਰ	ਔਰਤਾਂ ਦੀਆਂ ਬੀਮਾਰੀਆਂ	ਸਾਹ ਦੀ ਬੀਮਾਰੀ	ਦਿਲ ਦੇ ਰੋਗ	ਹੱਡੀਆਂ ਦੇ ਰੋਗ	ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ	ਹੋਰ ਬੀਮਾਰੀਆਂ	ਕੁਲ ਪਰਿਵਾਰ
ਬੇਜ਼ਮੀਨੇ	ਗਿਣਤੀ	2	2	2	1	1	4	4	16
	ਲਾਈਨ ਦੀ ਫ਼ੀ ਸਦੀ	12.5%	12.5%	12.5%	6.3%	6.3%	25.0%	25.0%	100%
ਸੀਮਾਂਤ	ਗਿਣਤੀ	3	0	2	2	3	5	5	20
	ਲਾਈਨ ਦੀ ਫ਼ੀ ਸਦੀ	15.0%	0.0%	10.0%	10.0%	15.0%	25.0%	25.0%	100%
ਛੋਟੇ	ਗਿਣਤੀ	0	1	1	0	0	1	5	8
	ਲਾਈਨ ਦੀ ਫ਼ੀ ਸਦੀ	0.0%	12.5%	12.5%	0.0%	0.0%	12.5%	62.5%	100%
ਨੀਮ ਦਰਮਿਆਨੇ, ਦਰਮਿਆਨੇ ਅਤੇ ਵੱਡੇ	ਗਿਣਤੀ	1	2	0	0	0	0	3	6
	ਲਾਈਨ ਦੀ ਫ਼ੀ ਸਦੀ	16.7%	33.3%	0.0%	0.0%	0.0%	0.0%	50.0%	100%
ਕੁਲ	ਗਿਣਤੀ	6	5	5	3	4	10	17	50
	ਲਾਈਨ ਦੀ ਫ਼ੀ ਸਦੀ	12.0%	10.0%	10.0%	6.0%	8.0%	20.0%	34.0%	100%

ਸਾਰਣੀ 4.2 : ਬੀਮਾਰੀ ਦੀ ਸ਼੍ਰੇਣੀ ਅਤੇ ਇਲਾਜ ਦੀ ਕਿਸਮ


		ਪ੍ਰਾਈਵੇਟ	ਸਰਕਾਰੀ	ਕੁਲ
ਕੈਂਸਰ	ਗਿਣਤੀ	5	1	6
	ਲਾਈਨ ਦੀ ਫ਼ੀ ਸਦੀ	83.3%	16.7%	100.0%
ਔਰਤਾਂ ਦੀਆਂ ਬੀਮਾਰੀਆਂ	ਗਿਣਤੀ	2	3	5
	ਲਾਈਨ ਦੀ ਫ਼ੀ ਸਦੀ	40.0%	60.0%	100.0%
ਸਾਹ ਦੀਆਂ ਬੀਮਾਰੀਆਂ	ਗਿਣਤੀ	5	0	5
	ਲਾਈਨ ਦੀ ਫ਼ੀ ਸਦੀ	100.0%	0.0%	100.0%
ਦਿਲ ਦੀਆਂ ਬੀਮਾਰੀਆਂ	ਗਿਣਤੀ	2	1	3
	ਲਾਈਨ ਦੀ ਫ਼ੀ ਸਦੀ	66.7%	33.3%	100.0%
ਹੱਡੀਆਂ ਦੀਆਂ ਬੀਮਾਰੀਆਂ	ਗਿਣਤੀ	2	2	4
	ਲਾਈਨ ਦੀ ਫ਼ੀ ਸਦੀ	50.0%	50.0%	100.0%
ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ	ਗਿਣਤੀ	10	0	10
	ਲਾਈਨ ਦੀ ਫ਼ੀ ਸਦੀ	100.0%	100.0%	100.0%
ਹੋਰ ਬੀਮਾਰੀਆਂ	ਗਿਣਤੀ	15	2	17
	ਲਾਈਨ ਦੀ ਫ਼ੀ ਸਦੀ	88.2%	11.8%	100.0%
ਕੁਲ	ਗਿਣਤੀ	41	9	50
	ਲਾਈਨ ਦੀ ਫ਼ੀ ਸਦੀ	82.0%	18.0%	100.0%

ਸਾਰਣੀ 4.3
ਵੱਖ-ਵੱਖ ਕਿਸਮ ਦੀਆਂ ਬੀਮਾਰੀਆਂ ਉੱਪਰ ਕਿਸਾਨਾਂ ਦੀ ਸ਼੍ਰੇਣੀ ਵੰਡ ਅਨੁਸਾਰ ਖ਼ਰਚੇ

ਪਰਿਵਾਰ	ਬੀਮਾਰੀ	ਘੱਟੋ-ਘੱਟ ਖ਼ਰਚੇ	ਦਰਮਿਆਨੇ	ਵੱਧ ਤੋਂ ਵੱਧ	ਕੁਲ (ਕੇਸਾਂ ਦੀ ਗਿਣਤੀ)
ਬੇਜ਼ਮੀਨੇ	ਕੈਂਸਰ	50,000	2,25,000	4,00,000	2
	ਔਰਤਾਂ ਦੀਆਂ ਬੀਮਾਰੀਆਂ	8,000	14,000	20,000	2
	ਸਾਹ ਦੀਆਂ ਬੀਮਾਰੀਆਂ	90,000	1,20,000	1,50,000	2
	ਦਿਲ ਦੀਆਂ ਬੀਮਾਰੀਆਂ	50,000	50,000	50,000	1
	ਹੱਡੀਆਂ ਦੀਆਂ ਬੀਮਾਰੀਆਂ	50,000	50,000	50,000	1
	ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ	21,000	45,250	85,000	4
	ਹੋਰ	15,000	18,750	20,000	4
	ਕੁਲ	**8,000**	**67,125**	**4,00,000**	**16**
ਸੀਮਾਂਤ	ਕੈਂਸਰ	30,000	76,667	1,00,000	3
	ਸਾਹ ਦੀਆਂ ਬੀਮਾਰੀਆਂ	50,000	75,000	1,00,000	2
	ਦਿਲ ਦੀਆਂ ਬੀਮਾਰੀਆਂ	37,000	53,500	70,000	2
	ਹੱਡੀਆਂ ਦੀਆਂ ਬੀਮਾਰੀਆਂ	10,000	33,333	50,000	3
	ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ	45,000	67,000	1,30,000	5
	ਹੋਰ	30,000	74,000	1,50,000	5
	ਕੁਲ	**10,000**	**64,600**	**1,50,000**	20
ਛੋਟੇ	ਔਰਤਾਂ ਦੀਆਂ ਬੀਮਾਰੀਆਂ	15,000	15,000	15,000	1
	ਸਾਹ ਦੀਆਂ ਬੀਮਾਰੀਆਂ	1,00,000	1,00,000	1,00,000	1
	ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ	50,000	50,000	50,000	1
	ਹੋਰ	15,000	29,000	70,000	5
	ਕੁਲ	**15,000**	**38,750**	**1,00,000**	8
ਨੀਮ-ਦਰਮਿਆਨੇ ਅਤੇ ਦਰਮਿਆਨੇ	ਕੈਂਸਰ	2,00,000	2,00,000	2,00,000	0
	ਔਰਤਾਂ ਦੀਆਂ ਬੀਮਾਰੀਆਂ	20,000	35,000	50,000	2
	ਹੋਰ	40,000	46,667	60,000	3
	ਕੁਲ	**20,000**	**68,333**	**2,00,000**	6
ਸਾਰੇ	ਕੈਂਸਰ	30,000	1,46,667	4,00,000	6
	ਔਰਤਾਂ ਦੀਆਂ ਬੀਮਾਰੀਆਂ	8,000	22,600	50,000	5
	ਸਾਹ ਦੀਆਂ ਬੀਮਾਰੀਆਂ	50,000	98,000	1,50,000	5
	ਦਿਲ ਦੀਆਂ ਬੀਮਾਰੀਆਂ	37,000	52,333	70,000	3
	ਹੱਡੀਆਂ ਦੀਆਂ ਬੀਮਾਰੀਆਂ	10,000	37,500	50,000	4
	ਖ਼ੁਦਕੁਸ਼ੀ ਦੀ ਕੋਸ਼ਿਸ਼ ਨਾਲ ਸਬੰਧਤ	21,000	56,600	1,30,000	10
	ਹੋਰ	15,000	42,941	1,50,000	17
	ਕੁਲ	**8,000**	**61,720**	**4,00,000**	50

ਸਾਰਣੀ 4.4 : ਸਭਨਾਂ ਔਰਤਾਂ ਵਲੋਂ ਦਰਸਾਏ ਮਾਨਸਿਕ ਸਿਹਤ ਦੇ ਲੱਛਣ

ਜ਼ਮੀਨੀ ਜੋਤ ਦਾ ਅਕਾਰ		ਉਨੀਂਦਰਾ ਰੋਗ		ਅਕਸਰ ਉਦਾਸ		ਘੋਰ ਚਿੰਤਾ ਰੋਗ		ਡਰ ਅਤੇ ਘਬਰਾਹਟ		ਕਮਜ਼ੋਰੀ		ਕੋਈ ਲੱਛਣ ਨਾ ਹੋਣਾ	
	ਗਿਣਤੀ	ਗਿਣਤੀ	ਫ਼ੀ ਸਦੀ	ਗਿਣਤੀ	ਫ਼ੀ ਸਦੀ	ਗਿਣਤੀ	ਫ਼ੀ ਸਦੀ	ਗਿਣਤੀ	ਫ਼ੀ ਸਦੀ	ਗਿਣਤੀ	ਫ਼ੀ ਸਦੀ	ਗਿਣਤੀ	ਫ਼ੀ ਸਦੀ
ਜ਼ਮੀਨੀ	57	23	40%	19	33%	41	72%	10	18%	19	33%	8	14%
ਸੀਮਾਂਤ	43	23	53%	24	56%	28	65%	9	21%	18	42%	5	12%
ਛੋਟੀ	18	7	39%	11	61%	11	61%	2	11%	6	33%	3	17%
ਨੀਮ ਦਰਮਿਆਨੀ, ਦਰਮਿਆਨੀ, ਵੱਡੀ	18	9	50%	12	67%	12	67%	3	17%	5	28%	3	17%
ਕੁਲ	136	62	46%	66	49%	92	68%	24	18%	48	35%	19	14%



ਕਾਂਡ ਪੰਜਵਾਂ
ਪਰਿਵਾਰ ਤੋਂ ਪੁੱਛ-ਪੜਤਾਲ

ਬੱਚੇ ਬੁੱਢੇ ਸਭ ਦੁਖੀਆ ਹੈਂ, ਦੁਖੀਆ ਨਰ ਹੈ ਦੁਖੀਆ ਨਾਰੀ
ਬਸਤੀ ਬਸਤੀ ਲੂਟ ਮਚੀ ਹੈ, ਸਭ ਬਨੀਏ ਹੈਂ ਸਭ ਬਿਓਪਾਰੀ
ਬੋਲ ਅਰੀ ਓ ਧਰਤੀ ਬੋਲ, ਰਾਜ ਸਿਹਾਂਸਨ ਧਾਵਾ ਬੋਲ

• ਬਠਿੰਡਾ ਜ਼ਿਲ੍ਹੇ ਦੇ ਨਥਾਣਾ ਬਲਾਕ ਦੇ ਪਿੰਡ ਭੁੱਚੋ ਖੁਰਦ ਵਿਚ ਇਕ ਜੋੜੇ ਨੇ ਫਰਵਰੀ 2007 'ਚ ਖ਼ੁਦ ਨੂੰ ਅੱਗ ਲਗਾਕੇ ਖ਼ੁਦਕੁਸ਼ੀ ਕਰ ਲਈ। ਉਨ੍ਹਾਂ ਦੇ ਤਿੰਨ ਬੱਚੇ ਅੱਲੜ ਵਰੇਸ ਦੇ ਹਨ ਅਤੇ ਇਕ ਨੌਂ ਸਾਲਾਂ ਦਾ ਹੈ। ਇਨ੍ਹਾਂ ਦਾ ਦਾਦਾ ਅਤੇ ਉਸ ਦੀ ਧੀ ਇਨ੍ਹਾਂ ਦੀ ਦੇਖਭਾਲ ਕਰਦੇ ਹਨ ਅਤੇ ਉਨ੍ਹਾਂ ਨੇ ਘਟਨਾਵਾਂ ਦਾ ਵੇਰਵਾ ਦਿੱਤਾ।[1] ਇਨ੍ਹਾਂ ਬੱਚਿਆਂ ਉੱਪਰ ਇਸ ਅਹਿਸਾਸ ਦਾ ਪ੍ਰਛਾਵਾਂ ਹੈ ਕਿ ਕੁਝ ਸਾਲਾਂ ਦੀ ਉਮਰ ਤੱਕ ਪਾਲਣ-ਪੋਸਣ ਕਰਨ ਤੋਂ ਬਾਅਦ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਪਾਲਣ 'ਚ ਅਸਫ਼ਲ ਹੋਏ। ਆਲੇ-ਦੁਆਲੇ ਦੇ ਲੋਕਾਂ 'ਚ ਉਨ੍ਹਾਂ ਪ੍ਰਤੀ ਸਰੋਕਾਰ ਅਤੇ ਹਮਦਰਦੀ ਸਪਸ਼ਟ ਦਿਖਾਈ ਦਿੰਦੀ ਹੈ। ਸਥਾਨਕ ਸਕੂਲ ਵਾਲਿਆਂ ਨੇ ਉਨ੍ਹਾਂ ਦੀ ਫ਼ੀਸ ਮਾਫ਼ ਕੀਤੀ ਹੋਈ ਹੈ। ਇਹ ਮਾਮਲਾ ਸਮੁੱਚੇ ਖੇਤਰ ਦਾ ਇਕ ਸਭ ਤੋਂ ਵਿਲੱਖਣ ਮਾਮਲਾ ਹੈ ਅਤੇ ਖੇਤਰੀ ਪ੍ਰੈੱਸ ਵਿਚ ਇਸ ਦੀਆਂ ਵਿਆਪਕ ਰਿਪੋਰਟਾਂ ਛਪੀਆਂ ਸਨ।

• 2006 'ਚ ਬਰਨਾਲਾ ਜ਼ਿਲ੍ਹੇ ਦੇ ਇਕ ਪਿੰਡ ਵਿਚ, ਇਕ ਪੂਰੇ ਪਰਿਵਾਰ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਤਿੰਨ ਜੀਆਂ ਦੀ ਮੌਤ ਹੋ ਗਈ ਇਨ੍ਹਾਂ ਵਿਚ ਇਕ ਜੋੜਾ ਅਤੇ ਉਨ੍ਹਾਂ ਦਾ ਬਜ਼ੁਰਗ ਬਾਪ ਸ਼ਾਮਲ ਸੀ। ਉਨ੍ਹਾਂ ਨੇ ਦੋ ਬੱਚਿਆਂ ਨੂੰ ਵੀ ਜ਼ਹਿਰੀਲੀ ਦਵਾਈ ਪਿਆਉਣ ਦੀ ਕੋਸ਼ਿਸ਼ ਕੀਤੀ ਪਰ ਬੱਚਿਆਂ ਦੇ ਬਚਕੇ ਨਿਕਲ ਜਾਣ ਕਾਰਨ ਉਹ ਕਾਮਯਾਬ ਨਾ ਹੋਏ। ਨਿੱਕੀ ਜਹੀ ਕੁੜੀ ਦੇ ਮੂੰਹ ਉੱਤੇ ਹਾਲੇ ਵੀ ਇਸ ਦੇ ਨਿਸ਼ਾਨ ਹਨ। ਕੁੜੀ ਅਤੇ ਉਸਦੇ ਭਰਾ ਨੇ ਸ਼ਿਸ਼ਟਾਚਾਰ ਅਨੁਸਾਰ ਸਾਨੂੰ ਫ਼ਤਹਿ ਬੁਲਾਈ ਕਿਉਂਕਿ ਯੂਨੀਅਨ ਅਤੇ ਪ੍ਰੈੱਸ ਵਾਲੇ ਉੱਥੇ ਕਈ ਵਾਰ ਆ ਚੁੱਕੇ ਹਨ ਅਤੇ ਫੇਰ ਉਹ ਸ਼ਾਇਦ ਆਪਮੁਹਾਰੇ ਹੀ ਖੇਡ੍ਹਣ ਚਲੇ ਗਏ ਉਵੇਂ ਹੀ ਜਿਵੇਂ ਉਹ ਉਸ ਹੋਣੀ ਦੇ ਦਿਨ ਮੌਤ ਦੇ ਪੰਜੇ 'ਚੋਂ ਖਿਸਕ ਗਏ ਸਨ ਜੋ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਉੱਪਰ ਥੋਪਣੀ ਚਾਹੀ ਸੀ। ਜਾਂ ਸ਼ਾਇਦ ਉਨ੍ਹਾਂ ਦੇ ਨੰਨੇ ਬਾਲ ਮਨਾਂ ਉੱਪਰ ਸਦਮੇ ਦਾ ਪ੍ਰਛਾਵਾਂ ਮੰਡਲਾਉਂਦਾ ਰਹਿੰਦਾ ਹੈ, ਜੋ ਉਨ੍ਹਾਂ ਨੂੰ ਉਸ ਦਿਨ ਦੀ ਯਾਦ ਦਿਵਾਉਂਦਾ ਹੈ। ਬੱਚਿਆਂ ਦਾ ਪਾਲਣ-ਪੋਸਣ ਉਨ੍ਹਾਂ ਦੇ ਚਾਚਾ-ਚਾਚੀ ਕਰਦੇ ਹਨ, ਜਿਨ੍ਹਾਂ ਲਈ ਆਪਣੇ ਦੋ ਬੱਚਿਆਂ ਨੂੰ ਪਾਲਣਾ ਪਹਿਲਾਂ ਹੀ ਮੁਸ਼ਕਲ ਹੈ।

• ਮੋਗਾ ਜ਼ਿਲ੍ਹੇ ਵਿਚ, ਇਕ ਆਦਮੀ ਤੇ ਉਸ ਦੀ ਪਤਨੀ ਨੇ 1994 'ਚ

1. ਚੁੱਪਚੁਪੀਤੇ ਹੀ ਉਹ ਮੈਨੂੰ ਕੰਧ 'ਤੇ ਜੜੀ ਆਪਣੇ ਮਾਪਿਆਂ ਦੀ ਫ਼ੋਟੋ ਕੋਲ ਲੈ ਗਏ, ਜਦਕਿ ਬਾਕੀਆਂ ਨੇ ਮੈਨੂੰ ਕਿਹਾ ਕਿ ਮੈਂ ਮਾਪਿਆਂ ਦੀ ਫ਼ੋਟੋ ਕੋਲ ਬੱਚਿਆਂ ਨੂੰ ਬੈਠਾਕੇ ਫ਼ੋਟੋ ਜ਼ਰੂਰ ਲਵਾਂ। ਲਗਦਾ ਸੀ ਕਿ ਉਹ ਪਹਿਲਾਂ ਵੀ ਅਜਿਹਾ ਕਈ ਵਾਰ ਕਰ ਚੁੱਕੇ ਸਨ।

ਇਕੱਠਿਆਂ ਜ਼ਹਿਰੀਲੀ ਦਵਾਈ ਪੀ ਲਈ ਸੀ। ਹਾਲੇ ਉਨ੍ਹਾਂ ਦੇ ਵਿਆਹ ਨੂੰ ਛੇ ਮਹੀਨੇ ਹੀ ਹੋਏ ਸਨ। ਵਜ੍ਹਾ ਇਹ ਸੀ ਕਿ ਉਹ ਉਸ ਤਣਾਅ ਨੂੰ ਸਹਿਣ ਨਹੀਂ ਕਰ ਸਕੇ ਜੋ ਉਨ੍ਹਾਂ ਦੇ ਵਿਆਹ ਮੌਕੇ ਪਰਿਵਾਰ ਵਲੋਂ ਲਏ ਕਰਜ਼ੇ ਕਾਰਨ ਉਨ੍ਹਾਂ ਦੇ ਪਰਿਵਾਰ 'ਚ ਬਣਿਆ ਹੋਇਆ ਸੀ। ਬਜ਼ੁਰਗ ਬਾਪ ਹਾਲੇ ਵੀ ਸਦਮੇ 'ਚੋਂ ਨਹੀਂ ਨਿਕਲ ਸਕਿਆ। ਉਸਨੇ ਦੱਸਿਆ ਕਿ ਕਰਜ਼ਾ ਲੈਣ ਸਮੇਂ ਉਸ ਦੇ ਮਨ-ਚਿਤ ਵੀ ਨਹੀਂ ਸੀ ਕਿ ਉਸ ਨੂੰ ਇਸ ਤਰੀਕੇ ਨਾਲ ਸ਼ਜਾ ਮਿਲੇਗੀ। ਉਸ ਅਨੁਸਾਰ, ਉਹ ਜਵਾਨ ਸਨ ਅਤੇ ਉਨ੍ਹਾਂ ਮੂਹਰੇ ਪੂਰੀ ਜ਼ਿੰਦਗੀ ਪਈ ਸੀ। ਇਸ ਦੀ ਥਾਂ ਉਨ੍ਹਾਂ ਨੇ ਅਜਿਹਾ ਸਿਰੇ ਦਾ ਕਦਮ ਚੁੱਕਿਆ। ਓਦੋਂ ਤੋਂ ਲੈਕੇ ਪਹਿਲਾਂ ਵਾਲੀ ਗੱਲ ਕਦੇ ਨਹੀਂ ਬਣੀ।

ਭਾਰਤ ਵਿਚ ਟੱਬਰ ਇਕ ਇਕਾਈ ਵਜੋਂ, ਆਰਥਕ ਅਤੇ ਸਮਾਜਿਕ ਤੌਰ 'ਤੇ ਐਸੇ ਤਰੀਕਿਆਂ ਨਾਲ ਟਕਰਾਅ ਵਿਚੋਂ ਲੰਘ ਰਿਹਾ ਹੈ ਜਿਨ੍ਹਾਂ ਨੂੰ ਨਿਆਰੇ ਹੀ ਕਿਹਾ ਜਾ ਸਕਦਾ ਹੈ। ਜਦੋਂ ਕੰਗਾਲੀ ਅਤੇ ਕਰਜ਼ਾਈਪਣ ਇਸ ਦੇਸ਼ ਦੇ ਦਹਿ-ਲੱਖਾਂ ਪਰਿਵਾਰਾਂ ਨੂੰ ਘੂਰ ਰਿਹਾ ਹੈ ਤਾਂ ਇਸ ਸੰਸਥਾ ਦੀਆਂ ਉਹ ਪਦਾਰਥਕ ਨੀਹਾਂ ਹਿੱਲ ਰਹੀਆਂ ਹਨ ਜਿਨ੍ਹਾਂ ਦੀ ਭੂਮਿਕਾ ਹੁਣ ਤੱਕ ਪਰਿਵਾਰ ਨੂੰ ਸਲਾਮਤ ਰੱਖਣ 'ਚ ਅਹਿਮ ਮੰਨੀ ਜਾਂਦੀ ਸੀ। ਪਰਿਵਾਰ ਦੇ ਕਮਾਊ ਦੇ ਰੂਪ 'ਚ ਮਰਦ ਦੀਆਂ ਜ਼ਿੰਮੇਵਾਰੀਆਂ ਅਤੇ ਨਿਰਭਰ ਜੀਆਂ ਦੀਆਂ ਆਸਾਂ—ਚਾਹੇ ਉਹ ਬੱਚੇ ਹੋਣ, ਬਜ਼ੁਰਗ ਹੋਣ ਜਾਂ ਔਰਤਾਂ—ਅਸਹਿ ਬੋਝ ਬਣਦੀਆਂ ਜਾ ਰਹੀਆਂ ਹਨ। ਮਾਨਸਿਕ ਅਤੇ ਭਾਵਨਾਤਮਕ ਦੋਵਾਂ ਪੱਧਰਾਂ 'ਤੇ ਪਰਿਵਾਰ ਬਾਰੇ ਚਾਰ-ਚੁਫੇਰੇ ਘਚੋਲੇ ਅਤੇ ਉਲਝਣ ਦੀ ਹਾਲਤ ਬਣੀ ਹੋਈ ਹੈ। ਜਦੋਂ ਵੀ ਖ਼ੁਦਕੁਸ਼ੀ ਦੀ ਘਟਨਾ ਵਾਪਰਦੀ ਹੈ, ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੁੰਦਾ ਹੈ ਕਿ ਕਿਸ ਦਾ ਦੁੱਖ ਜਾਂ ਨੁਕਸਾਨ ਵੱਧ ਹੈ—ਪਤਨੀਆਂ ਦਾ, ਮਾਪਿਆਂ ਦਾ, ਬੱਚਿਆਂ ਦਾ ਜਾਂ ਭੈਣ-ਭਰਾਵਾਂ ਦਾ। ਜ਼ਰੱਈ ਸਮਾਜ ਵਿਚ, ਕਿਸਾਨ ਦੀ ਜ਼ਿੰਦਗੀ 'ਚ ਭਾਈਚਾਰਾ ਵੀ ਉਵੇਂ ਹੀ ਅਹਿਮ ਹੈ ਜਿਵੇਂ ਟੱਬਰ ਦੇ ਜੀਅ। ਇਸ ਕਰਕੇ, ਖ਼ੁਦਕੁਸ਼ੀਆਂ ਦਾ ਅਸਰ ਉਨ੍ਹਾਂ ਲੋਕਾਂ 'ਤੇ ਵੀ ਪੈਂਦਾ ਹੈ ਜੋ ਅਜਿਹੀ ਹੀ ਨਿਤਾਣੀ ਜ਼ਿੰਦਗੀ ਜੀਅ ਰਹੇ ਹੁੰਦੇ ਹਨ। ਇਸ ਨਾਲ ਭਵਿੱਖੀ ਜ਼ਿੰਦਗੀ ਬਾਰੇ ਉਨ੍ਹਾਂ ਦੇ ਤੌਖਲੇ ਅਤੇ ਅਸੁਰੱਖਿਆ ਦੀ ਭਾਵਨਾ ਹੋਰ ਡੂੰਘੀ ਹੋ ਜਾਂਦੀ ਹੈ। ਮੌਤ ਨੂੰ ਬਰਦਾਸ਼ਤ ਕਰਨਾ ਤਾਂ ਪਹਿਲਾਂ ਹੀ ਸੰਤਾਪ ਭੋਗਣਾ ਹੁੰਦਾ ਹੈ, ਇਹ ਹੁਣ ਸਮੇਂ ਅਤੇ ਤਾਕਤ ਦੀ ਬਰਬਾਦੀ ਬਣਦਾ ਜਾ ਰਿਹਾ ਹੈ। ਜਥੇਬੰਦੀਆਂ ਨਾਲ ਸਬੰਧਤ ਸਾਥੀਆਂ ਜਾਂ ਉਸੇ ਪਿੰਡ ਦੇ ਬਚਪਨ ਦੇ ਦੋਸਤਾਂ ਨੂੰ ਖ਼ੁਦਕੁਸ਼ੀਆਂ ਦਰਜ ਕਰਾਉਣ ਅਤੇ ਮੌਤ ਨਾਲ ਸਬੰਧਤ ਰਸਮਾਂ ਦਾ ਪ੍ਰਬੰਧ ਕਰਨ 'ਚ ਹੱਥ ਵਟਾਉਣਾ ਪੈਂਦਾ ਹੈ।

ਪੰਜਾਬ ਦੇ ਇਨ੍ਹਾਂ ਖ਼ੁਦਕੁਸ਼ੀਆਂ ਵਾਲੇ ਪਰਿਵਾਰਾਂ ਨਾਲ ਗੱਲ ਕਰਨ 'ਤੇ ਟੁੱਟ-ਭੱਜ ਦਾ ਉਹ ਅਮਲ ਸਾਹਮਣੇ ਆ ਜਾਂਦਾ ਹੈ ਜੋ ਅੱਜ ਹਰ ਤਰ੍ਹਾਂ ਦੇ ਪਰਿਵਾਰਕ ਬੰਧਨਾਂ ਅਤੇ ਰਿਸ਼ਤਿਆਂ ਨੂੰ ਦਰਪੇਸ਼ ਹੈ। ਕੁਝ ਔਰਤਾਂ ਨੇ ਆਪਣੇ ਹੱਢੀਂ ਹੰਢਾਏ ਤਜਰਬੇ ਸਾਂਝੇ ਕਰਨ ਦਾ ਜੇਰਾ ਕੀਤਾ ਕਿ ਉਨ੍ਹਾਂ ਦੇ ਪਤੀਆਂ ਵਲੋਂ ਖ਼ੁਦਕੁਸ਼ੀਆਂ ਕਰ ਲੈਣ ਤੋਂ ਪਹਿਲਾਂ ਉਹ ਕਿਸ ਤਰ੍ਹਾਂ ਦੇ ਨਰਕ ਅਤੇ ਘੋਰ ਸਰੀਰਕ ਹਿੰਸਾ ਹੇਠ ਜੀਅ ਰਹੀਆਂ ਸਨ। ਬੇਸ਼ੱਕ, ਚਲੰਤ ਵਿਸ਼ਾ ਕਰਜ਼ੇ ਦਾ ਬੋਝ ਅਤੇ ਰੋਟੀ-ਰੋਜ਼ੀ ਤੇ ਹੋਂਦ ਦੇ ਸਵਾਲ ਹੀ ਸੀ। ਕਰਨਾਟਕਾ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਕੇਰਲਾ, ਤਾਮਿਲਨਾਡੂ, ਛੱਤੀਸਗੜ੍ਹ ਅਤੇ ਦੇਸ਼ ਦੇ ਹੋਰ ਥਾਵਾਂ 'ਤੇ ਹਾਲਤ ਇਸ ਤੋਂ ਵੱਖਰੀ

ਨਹੀਂ ਹੈ। ਚੱਲ ਰਹੇ ਜ਼ਰੱਈ ਸੰਕਟ ਕਾਰਨ, ਜਿਉਂ ਜਿਉਂ ਪਰਿਵਾਰਕ ਬੰਧਨਾਂ 'ਚ ਤਣਾਅ ਵਧ ਰਿਹਾ ਹੈ, ਕਿਸਾਨ ਪਰਿਵਾਰਾਂ ਨੂੰ ਵੀ ਅਸੁਰੱਖਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਕਾਂਡ 'ਚ ਪਰਿਵਾਰ ਦੇ ਹੋਰ ਜੀਆਂ ਦੀਆਂ ਜ਼ਿੰਦਗੀਆਂ ਦੀ ਝਲਕ ਨੂੰ ਇਕ ਥਾਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਇਹ ਦਿਖਾਉਣ ਦੇ ਉਦੇਸ਼ ਨਾਲ ਕਿ ਕਿਵੇਂ ਪਰਿਵਾਰ 'ਚ ਖ਼ੁਦਕੁਸ਼ੀ ਦਾ ਸਾਰੇ ਜੀਆਂ ਉੱਪਰ ਡੂੰਘਾ ਅਸਰ ਪੈਂਦਾ ਹੈ। ਇਹ ਵੇਰਵਾ ਉਨ੍ਹਾਂ ਨਿਰੀਖਣਾਂ ਅਤੇ ਗੱਲਾਂਬਾਤਾਂ 'ਤੇ ਅਧਾਰਤ ਹੈ ਜੋ ਰਸਮੀ ਸਵਾਲਨਾਮੇ 'ਚ ਸ਼ਾਮਲ ਨਹੀਂ ਸਨ। ਕਿਸੇ ਔਰਤ ਦੀ ਮੌਜੂਦਾ ਹਾਲਤ 'ਚ ਟੱਬਰ ਦੇ ਹੋਰ ਜੀਆਂ ਨੂੰ ਸ਼ਾਮਲ ਕਰੇ ਬਗ਼ੈਰ ਮੁਕੰਮਲ ਤਸਵੀਰ ਪੇਸ਼ ਕਰਨਾ ਸੰਭਵ ਨਹੀਂ ਹੈ ਅਤੇ ਇਸ ਕਰਕੇ ਇਸ ਨੂੰ ਮੁੱਖ ਬਿਰਤਾਂਤ ਨਾਲ ਜੋੜਨ 'ਤੇ ਹੀ ਸਮੁੱਚੀ ਕੋਸ਼ਿਸ਼ ਵੱਧ ਮੁਕੰਮਲ ਬਣਦੀ ਹੈ। ਮੇਰੇ ਸਰਵੇਖਣ ਸਮੇਂ, ਇਹ ਆਮ ਹੀ ਸੀ ਕਿ ਪਰਿਵਾਰ ਵਿਚ ਜਾਂ ਤਾਂ ਕਿਸੇ ਦਾ ਸਰੀਰਕ ਅੰਗ ਨਕਾਰਾ ਹੋਇਆ ਮਿਲਦਾ ਜਾਂ ਫੇਰ ਕੈਂਸਰ ਜਾਂ ਹੋਰ ਕਿਸੇ ਜਾਨਲੇਵਾ ਬੀਮਾਰੀ ਦਾ ਮਰੀਜ਼ ਮਿਲ ਜਾਂਦਾ। ਕੰਮ ਜਾਂ ਰਿਹਾਇਸ਼ ਦੇ ਪੱਖੋਂ ਦਲਿਤ ਘਰਾਂ ਦੀ ਹਾਲਤ ਹੋਰ ਵੀ ਮਾੜੀ ਹੈ। ਅੱਲੜ ਵਰੇਸ ਅਤੇ ਨੌਜਵਾਨ ਕੁੜੀਆਂ ਤੇ ਮੁੰਡੇ ਮਿਆਦੀ ਉਦਾਸੀ ਦਾ ਸ਼ਿਕਾਰ ਹਨ ਅਤੇ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ। ਨਸ਼ਿਆਂ ਦਾ ਸ਼ਿਕਾਰ ਨੌਜਵਾਨਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਆਪਣੀ ਹੋਣੀ ਨੂੰ ਬਦਲਣ ਦੇ ਸੁਪਨੇ ਲੈਣ ਦਾ ਜੇਰਾ ਕਰਨ ਵਾਲਿਆਂ ਨੂੰ ਪੈਰ ਪੈਰ 'ਤੇ ਬੇਯਕੀਨੀ ਦੀ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਬਾਲਗ ਬੱਚਿਆਂ ਨੂੰ ਆਪਣੀ ਜ਼ਿੰਦਗੀ ਦੇ ਲਾਲੇ ਪਏ ਹੋਏ ਹਨ, ਉਹ ਆਪਣਾ ਤੋਰਾ ਤੋਰਨ ਲਈ ਬਜ਼ੁਰਗ ਮਾਪਿਆਂ ਨੂੰ ਧੱਕਾ ਦੇ ਰਹੇ ਹਨ।

5.1 ਪੁੱਤਰਾਂ ਦੀ ਅਹਿਸਾਨ-ਫ਼ਰਾਮੋਸ਼ੀ ਦਾ ਸਵਾਲ

ਮਾਪਿਆਂ ਨੂੰ ਬੁੱਢੀ ਉਮਰੇ ਕਿਉਂਕਿ ਇਕਲਾਪੇ ਨਾਲ ਸਮਝੌਤਾ ਕਰਨਾ ਪੈਂਦਾ ਹੈ, ਉਨ੍ਹਾਂ ਨੂੰ ਉਹ ਵਰ੍ਹੇ ਹੋਰ ਵੀ ਲੰਮੇ ਹੁੰਦੇ ਜਾਪਦੇ ਹਨ ਜੋ ਉਨ੍ਹਾਂ ਨੇ ਬੱਚਿਆਂ ਨੂੰ ਪ੍ਰਵਾਨ ਚੜ੍ਹਾਉਣ ਲਈ ਮੁਸ਼ਕਲਾਂ ਨਾਲ ਦਸਤ-ਪੰਜਾ ਲੈਂਦਿਆਂ ਗੁਜ਼ਾਰੇ। ਇਹ ਉਸ ਤੋਂ ਵੀ ਲੰਮੇ ਹੁੰਦੇ ਜਾਂਦੇ ਹਨ ਜਿਸ ਲਈ ਉਨ੍ਹਾਂ ਵਿਚੋਂ ਜ਼ਿਆਦਾਤਰ ਤਿਆਰ ਹੁੰਦੇ ਹਨ ਜਾਂ ਜਿੰਨੇ ਦੀ ਉਹ ਕਲਪਨਾ ਕਰਦੇ ਹਨ। ਸਮਾਜ ਦਾ ਢਿੱਡ ਭਰਨ ਲਈ ਅੰਨ ਪੈਦਾ ਕਰਦਿਆਂ ਉਨ੍ਹਾਂ ਦੀ ਉਮਰ ਬੀਤ ਜਾਂਦੀ ਹੈ ਅਤੇ ਫੇਰ ਵੀ ਉਨ੍ਹਾਂ ਲਈ ਕਿਸੇ ਤਰ੍ਹਾਂ ਦੀ ਸਮਾਜਿਕ ਸੁਰੱਖਿਆ ਨਹੀਂ ਹੈ ਜੋ ਬੁਢਾਪੇ 'ਚ ਉਨ੍ਹਾਂ ਦੀ ਡੰਗੋਰੀ ਬਣੇ। ਨਾ ਰਾਜ ਉਨ੍ਹਾਂ ਨੂੰ ਕੁਝ ਦਿੰਦਾ ਹੈ ਅਤੇ ਨਾ ਪਰਿਵਾਰ ਕੋਲ ਕੁਝ ਦੇਣ ਲਈ ਹੈ। ਸ਼ਾਇਦ ਸਰਮਾਏਦਾਰੀ ਦਾ ਸਭ ਤੋਂ ਕੁਢਬਾ ਇਜ਼ਹਾਰ ਉਹ ਤਰੀਕਾ ਹੈ ਜਿਸ ਦੁਆਰਾ ਇਹ ਬਜ਼ੁਰਗਾਂ ਨੂੰ ਮੁਥਾਜ ਬਣਾ ਦਿੰਦੀ ਹੈ, ਖ਼ਾਸ ਕਰਕੇ ਮਜ਼ਦੂਰ ਜਮਾਤ ਅਤੇ ਕਿਸਾਨੀ ਦੇ ਬਜ਼ੁਰਗਾਂ ਨੂੰ ਇਹ ਦਿਖਾਉਂਦੀ ਹੈ ਕਿ ਕਿਵੇਂ ਇਹ ਪ੍ਰਬੰਧ ਇਨਸਾਨਾਂ ਨੂੰ ਵਰਤਦਾ ਹੈ ਅਤੇ ਫੇਰ ਬੇਰਹਿਮੀ ਨਾਲ ਲੱਤ ਮਾਰ ਦਿੰਦਾ ਹੈ। ਬੁਢਾਪੇ ਸਮੇਂ ਇਨਸਾਨ ਦੀ ਸਾਂਭ-ਸੰਭਾਲ ਦੀ ਸਮਾਜ 'ਚ ਪ੍ਰਚਲਤ ਧਾਰਨਾ ਸ਼ਾਇਦ ਹੀ ਕਦੇ ਐਨੀ ਝੂਠੀ ਸਾਬਤ ਹੋਈ ਹੋਵੇ ਜਿੰਨੀ ਸਰਮਾਏਦਾਰਾ ਆਰਥਿਕਤਾ 'ਚ ਦਿਖਾਈ ਦੇ

ਰਹੀ ਹੈ। ਹਾਲਾਂਕਿ ਪੈਸੇ ਦੇ ਲੈਣ-ਦੇਣ ਵਾਲੀ ਆਰਥਿਕਤਾ ਇਨ੍ਹਾਂ ਪਰਿਵਾਰਕ ਬੰਧਨਾਂ ਨੂੰ ਤੈਅ ਕਰ ਰਹੀ ਸੀ ਫੇਰ ਵੀ ਹਾਲੇ ਰਵਾਇਤੀ ਜਗੀਰੂ ਸਮਾਜ ਅੰਦਰ ਅਜਿਹੇ ਸਮਾਜੀ ਮਾਪਦੰਡਾਂ 'ਚ ਨਿਘਾਰ ਆਉਣ ਦੀ ਇਜਾਜ਼ਤ ਮਿਲ ਜਾਣਾ ਐਨਾ ਅਸਾਨ ਨਹੀਂ ਸੀ। ਮਾਪੇ ਵੱਖੋ-ਵੱਖਰੇ ਢੰਗਾਂ ਨਾਲ ਚੇਤੇ ਕਰਦੇ ਹਨ ਕਿ ਉਨ੍ਹਾਂ ਨੂੰ ਕਿਵੇਂ ਅਤੇ ਕਿਉਂ ਇਕਲਾਪੇ ਦੇ ਨਰਕ 'ਚ ਧੱਕਾ ਦਿੱਤਾ ਗਿਆ। ਕੁਝ ਲਈ ਤਾਂ ਇਹ ਡੂੰਘੇ ਦੁੱਖ ਵਾਲੀ ਗੱਲ ਸੀ ਅਤੇ ਹੋਰਾਂ ਲਈ ਇਹ ਮੱਤ ਮਾਰ ਦੇਣ ਵਾਲਾ ਅਨੁਭਵ ਸੀ ਜਿਸ ਵਿਚੋਂ ਅਕਸਰ ਹੀ ਧੁਖਦਾ ਰੋਹ ਅਤੇ ਨਾਰਾਜ਼ਗੀ ਪੈਦਾ ਹੁੰਦੀ ਹੈ। ਹਾਲਾਂਕਿ ਸਾਰੇ ਇਕੋ ਤਰ੍ਹਾਂ ਮਹਿਸੂਸ ਨਹੀਂ ਕਰਦੇ; ਕੁਝ ਨੇ ਤਾਂ ਸੂਝ-ਬੂਝ ਨਾਲ ਵਿਆਖਿਆ ਕੀਤੀ ਜੋ ਮੌਜੂਦਾ ਬੇਰਹਿਮ ਹਕੀਕਤ ਦੇ ਬਾਵਜੂਦ ਰਿਸ਼ਤਿਆਂ ਨੂੰ ਸਲਾਮਤ ਰੱਖਣ 'ਚ ਸਹਾਈ ਹੁੰਦੀ ਸੀ। ਅਤੇ ਅਕਸਰ ਹੀ ਉਹ ਰਲੇ-ਮਿਲੇ ਰੂਪ 'ਚ ਇਨ੍ਹਾਂ ਭਾਵਨਾਵਾਂ ਦਾ ਇਜ਼ਹਾਰ ਕਰਦੇ। ਲੱਗਦਾ ਹੈ ਕਿ ਉਮਰ ਕਿੰਨੀ ਤੇਜ਼ੀ ਨਾਲ ਬੀਤ ਰਹੀ ਹੁੰਦੀ ਹੈ ਅਤੇ ਬੁੱਢੇ ਹੋ ਰਹੇ ਮਾਪੇ ਦੇਖਦੇ ਹਨ ਕਿ ਹਰ ਕਿਸੇ ਨੇ ਉਨ੍ਹਾਂ ਨੂੰ ਦੁਰਕਾਰ ਦਿੱਤਾ ਹੈ, ਸਮੇਤ ਉਨ੍ਹਾਂ ਦੇ ਆਪਣੇ ਬੱਚਿਆਂ ਦੇ। ਕਈ ਬਜ਼ੁਰਗ ਔਰਤਾਂ ਨੇ ਦੱਸਿਆ ਕਿ ਵਿਆਹੇ ਜਾਣ ਤੋਂ ਬਾਅਦ ਹੁਣ ਉਨ੍ਹਾਂ ਦੇ ਪੁੱਤ ਲਾਗੇ ਵੀ ਨਹੀਂ ਆਉਂਦੇ। ਲਾਚਾਰ ਬਜ਼ੁਰਗ ਕਰ ਕੁਝ ਨਹੀਂ ਸਕਦੇ ਬਸ ਨੀਂਦ ਨੂੰ ਉਡੀਕਦੇ ਵਿਰਲਾਪ ਕਰਦੇ ਰਹਿੰਦੇ ਹਨ। ਉਨ੍ਹਾਂ ਵਿਚੋਂ ਕੁਝ ਦੱਸਦੇ ਹਨ ਕਿ ਹਰ ਸਮੇਂ ਵਿਰਲਾਪ ਕਰਦੇ ਰਹਿਣ ਦੇ ਸਿੱਟੇ ਵਜੋਂ ਉਨ੍ਹਾਂ ਦੀਆਂ ਅੱਖਾਂ ਦੀ ਜੋਤ ਵੀ ਚਲੀ ਗਈ ਹੈ। ਚਾਹੇ ਉਨ੍ਹਾਂ ਦੀ ਨਿਗ੍ਹਾ ਹੈ ਜਾਂ ਨਹੀ ਉਹ ਦੇਖਦੇ ਹਨ ਕਿ ਬੁਢਾਪੇ 'ਚ ਪੁੱਤਾਂ ਦੇ ਡੰਗੋਰੀ ਬਣਨ ਦੀ ਮਿੱਥ ਉਨ੍ਹਾਂ ਦੀਆਂ ਅੱਖਾਂ ਅੱਗੇ ਤਾਰ-ਤਾਰ ਹੋ ਰਹੀ ਹੈ। ਜਦਕਿ ਜ਼ਿੰਦਗੀ ਨੂੰ ਚਿੰਬੜੇ ਰਹਿਣ ਦੀ ਜੋ ਲਚਕ ਉਹ ਦਿਖਾਉਂਦੇ ਹਨ ਉਸ ਨੂੰ ਦੇਖਕੇ ਯਕੀਨ ਨਹੀਂ ਆਉਂਦਾ ਉਸੇ ਤਰ੍ਹਾਂ ਜਿਵੇਂ ਉਨ੍ਹਾਂ ਦੇ ਇਕਲਾਪੇ ਅਤੇ ਵਾਂਝੇਪਾਣ ਦੀ ਤੀਬਰਤਾ ਦੀ ਥਾਹ ਪਾ ਸਕਣਾ ਅਸੰਭਵ ਲਗਦਾ ਹੈ।

ਜੱਟ ਸਿੱਖ ਔਰਤਾਂ ਵਲੋਂ ਬਿਆਨ ਕੀਤੇ ਸ਼ਿਕਵਿਆਂ ਅਤੇ ਦਿਲ-ਚੀਰਵੀਂਆਂ ਕਹਾਣੀਆਂ ਦਾ ਰੋਣ-ਧੋਣ ਸ਼ਾਇਦ ਹੀ ਕਦੇ ਵੇਦਨਾ ਅਤੇ ਪੀੜਾ ਤੋਂ ਮੁਕਤ ਹੋਵੇ। ਉਨ੍ਹਾਂ ਦੀਆਂ ਆਸਾਂ ਵੀ ਬਹੁਤ ਸਪਸ਼ਟ ਸਨ ਅਤੇ ਦਗ਼ਾ ਦੇ ਜਾਣ ਦੇ ਜਜ਼ਬਾਤ ਵੀ। ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਬਲਾਕ ਦੀ ਪ੍ਰੀਤ ਕੌਰ ਆਪਣੇ ਡਰਾਈਵਰ ਪਤੀ ਨਾਲ ਰਹਿ ਰਹੀ ਹੈ। ਉਸਨੇ ਕਰਜ਼ਾ ਚੁੱਕਕੇ ਟਰੱਕ ਪਾਇਆ ਸੀ। ਬੈਂਕ ਵਾਲਿਆਂ ਵਲੋਂ ਕਰਜ਼ਾ ਵਸੂਲਣ ਲਈ ਟਰੱਕ ਨੀਲਾਮ ਕਰ ਦਿੱਤੇ ਜਾਣ ਅਤੇ ਸਮਾਜ 'ਚ ਨਮੋਸ਼ੀ ਸਹਿਣ ਤੋਂ ਬਾਅਦ ਉਸ ਦੇ ਪੁੱਤ ਨੇ ਰੇਲ ਗੱਡੀ ਹੇਠ ਆ ਕੇ ਜੀਵਨ ਲੀਲਾ ਖ਼ਤਮ ਕਰ ਲਈ। ਇਸ ਉਪਰੰਤ ਉਨ੍ਹਾਂ ਨੂੰ ਰਹਿੰਦੀ ਦੋ ਕਨਾਲ ਜ਼ਮੀਨ ਵੀ ਵੇਚਣੀ ਪੈ ਗਈ। ਉਨ੍ਹਾਂ ਨੇ ਵਿਧਵਾ ਨੂੰਹ ਛੋਟੇ ਪੁੱਤ ਦੇ ਘਰ ਬੈਠਾ ਦਿੱਤੀ।[2] ਇਸ ਤੋਂ ਤੁਰੰਤ

2. ਹਰਿਆਣਾ ਅਤੇ ਪੰਜਾਬ 'ਚ ਕਰੇਵੇ ਦੀ ਰਵਾਇਤ ਪ੍ਰਚਲਤ ਹੈ ਜਿਥੇ ਜਵਾਨ ਵਿਧਵਾ ਨੂੰ ਉਸ ਦੇ ਦਿਉਰ ਦੇ ਘਰ ਬੈਠਾ ਦਿੱਤਾ ਜਾਂਦਾ ਹੈ। ਇਸ ਨਾਲ ਪਤੀ ਦੇ ਪਰਿਵਾਰ ਦੀ ਜਾਇਦਾਦ ਉਨ੍ਹਾਂ ਕੋਲ ਹੀ ਰਹਿੰਦੀ ਹੈ ਅਤੇ ਇਸ ਨੂੰ ਉਸ ਔਰਤ ਅਤੇ ਉਸਦੇ ਬੱਚਿਆਂ ਦੀ ਸੁਰੱਖਿਆ ਦਾ ਸਾਧਨ ਮੰਨਿਆ ਜਾਂਦਾ ਹੈ। ਸਰਵੇਖਣ ਦੌਰਾਨ ਮੇਰੇ ਵਾਹ 'ਚ ਅਜਿਹੇ

ਬਾਅਦ ਦੋਵਾਂ ਨੇ ਮਾਪਿਆਂ ਨਾਲੋਂ ਨਾਤਾ ਤੋੜ ਲਿਆ ਤਾਂ ਜੋ ਕਰਜ਼ਾ ਨਾ ਦੇਣਾ ਪਵੇ। ਪ੍ਰੀਤ ਕੌਰ ਨੂੰ ਉਮੀਦ ਨਹੀਂ ਹੈ ਕਿ ਉਹ ਦੁਬਾਰਾ ਉਨ੍ਹਾਂ ਨੂੰ ਮਿਲ ਵੀ ਸਕੇਗੀ। ਉਸ ਨੂੰ ਇਹ ਤੱਥ ਹਜ਼ਮ ਨਹੀਂ ਹੁੰਦਾ ਕਿ ਮਾੜੀ ਮਾਲੀ ਹਾਲਤ ਅਤੇ ਕਰਜ਼ਾਈ ਹੋਣ ਦੀ ਵਜ੍ਹਾ ਨਾਲ ਹੀ ਉਸ ਦੇ ਦੋਵੇਂ ਪੁੱਤ ਉਸ ਤੋਂ ਖੁੱਸ ਗਏ ਹਨ। ਜਦਕਿ, ਉਸਦਾ ਪਤੀ ਕਿਸਾਨ ਯੂਨੀਅਨ 'ਚ ਸ਼ਾਮਲ ਹੋਣ ਕਾਰਨ ਚੜ੍ਹਦੀ ਕਲਾ 'ਚ ਰਹਿੰਦਾ ਹੈ।

ਇਸੇ ਬਲਾਕ ਦੇ ਇਕ ਹੋਰ ਪਿੰਡ ਦੀ ਰਹਿਣ ਵਾਲੀ 70 ਸਾਲ ਦੀ ਗੁਰਪ੍ਰੀਤ ਕੌਰ ਨੇ ਪੰਜ ਪੁੱਤ ਜੰਮਕੇ ਪ੍ਰਵਾਨ ਚੜ੍ਹਾਏ ਪਰ ਹੁਣ ਇਕੱਲੀ ਰਹਿਣ ਲਈ ਮਜਬੂਰ ਹੈ। ਉਸ ਦੇ ਦੋ ਪੁੱਤ ਉਸ ਦੇ ਘਰ ਦੇ ਬਿਲਕੁਲ ਨਾਲ ਵਸਦੇ ਹਨ ਪਰ ਉਸ ਨਾਲ ਕੋਈ ਵਾਹ-ਵਾਸਤਾ ਨਹੀਂ ਰੱਖਦੇ। ਉਸਦੀ ਬੀਤੀ ਜ਼ਿੰਦਗੀ ਤ੍ਰਾਸਦਿਕ ਹੈ। ਉਸਦੇ ਪਤੀ ਨੂੰ ਖ਼ੂਨ ਦਾ ਕੈਂਸਰ ਸੀ ਤੇ 2008 'ਚ ਉਸਦੀ ਮੌਤ ਹੋ ਗਈ ਸੀ। ਉਹ ਪੰਦਰਾਂ ਸਾਲ ਮੰਜੇ 'ਤੇ ਰਿਹਾ। ਲਗਭਗ ਇਕ ਦਹਾਕਾ ਪਹਿਲਾਂ ਉਸਦੇ ਇਕ ਪੁੱਤ ਨੇ ਖ਼ੁਦਕੁਸ਼ੀ ਕਰ ਲਈ ਸੀ ਕਿਉਂਕਿ ਉਸ ਲਈ ਹੁਣ ਵਧ ਰਹੇ ਕਰਜ਼ੇ ਅਤੇ ਫ਼ਸਲਾਂ ਤਬਾਹ ਹੋਣ ਦਾ ਬੋਝ ਅਸਹਿ ਹੋ ਚੁੱਕਾ ਸੀ। ਫੇਰ ਦੂਜਾ ਪੁੱਤ ਦੁਰਘਟਨਾ 'ਚ ਮਾਰਿਆ ਗਿਆ। ਹੈਰਾਨੀ ਦੀ ਗੱਲ ਹੈ ਕਿ ਉਸਨੇ ਐਨੇ ਦੁੱਖ ਕਿਵੇਂ ਝੱਲੇ ਹੋਣਗੇ।

"ਬਸ ਗੁਜ਼ਾਰਾ ਚੱਲੀ ਜਾ ਰਿਹਾ ਹੈ। ਮੈਂ ਨਰਮਾ ਚੁਗ ਲੈਂਦੀ ਹਾਂ, ਕਿਸੇ ਨੂੰ ਵੀ ਮੇਰਾ ਇਹ ਕੰਮ ਪਸੰਦ ਨਹੀਂ ਹੈ। ਪੈਸੇ ਦੀ ਬਹੁਤ ਲੋੜ ਰਹਿੰਦੀ ਹੈ। ਮੇਰਾ ਸਭ ਤੋਂ ਛੋਟਾ ਪੁੱਤ ਦੂਜੇ ਨਾਲ ਖੇਤੀ 'ਚ ਹੱਥ ਵਟਾਉਂਦਾ ਹੈ। ਪਰ ਮੈਨੂੰ ਫੁੱਟੀ ਕੌਡੀ ਵੀ ਨਹੀਂ ਦਿੰਦੇ। ਹਾਲੇ ਵੀ ਨੌਂ ਏਕੜ ਜ਼ਮੀਨ ਬਚੀ ਹੋਈ ਹੈ ਪਰ ਫ਼ਸਲ 'ਚੋਂ ਸ਼ਾਇਦ ਹੀ ਕਦੇ ਕੁਝ ਬੱਚਤ ਹੁੰਦੀ ਹੋਵੇ। ਸਭ ਤੋਂ ਛੋਟੇ ਮੁੰਡੇ ਨੂੰ ਵਿਆਹੁਣ ਲਈ ਮੇਰੇ ਪੱਲੇ ਧੇਲਾ ਵੀ ਨਹੀਂ ਹੈ। ਭਲਾ, ਉਹ ਮੇਰੇ ਤੋਂ ਖ਼ੁਸ਼ ਕਿਉਂ ਹੋਵੇਗਾ? ਪਰ ਉਹ ਹੋਰ ਕਿੱਥੇ ਜਾਵੇਗਾ। ਮੈਨੂੰ ਸਭ ਤੋਂ ਵੱਧ ਦੁੱਖ ਇਸਦਾ ਹੈ ਕਿ ਮੇਰੇ ਬਿਲਕੁਲ ਨੇੜੇ ਰਹਿੰਦੇ ਦੋਵੇਂ ਪੁੱਤ ਨਾ ਮੇਰੇ ਵੱਲ ਦੇਖਦੇ ਹਨ ਨਾ ਕਦੇ ਮੇਰੇ ਨਾਲ ਬੋਲ ਸਾਂਝੇ ਕਰਦੇ ਹਨ। ਮਦਦ ਦੇਣ ਦੀ ਤਾਂ ਗੱਲ ਹੀ ਛੱਡੋ। ਮੈਂ ਇਹ ਸਹਿਣ ਨਹੀਂ ਕਰ ਸਕਦੀ ਕਿਉਂਕਿ ਮੈਂ ਸਭ ਤੋਂ ਵੱਧ ਦੁੱਖ ਝੱਲੇ ਹਨ। ਮੈਂ ਟੱਬਰ ਦੇ ਹਰ ਜੀਅ ਦੀ ਸੇਵਾ ਕੀਤੀ ਹੈ ਅਤੇ ਕਿਸੇ ਨੇ ਮੇਰੀ ਖ਼ਾਤਰ ਕੁਝ ਨਹੀਂ ਕੀਤਾ। ਅਜਿਹੀ ਹੈ ਮੇਰੀ ਜ਼ਿੰਦਗੀ। ਮੇਰੇ ਬੱਚਿਆਂ ਨਾਲੋਂ ਤਾਂ ਗੁਆਂਢੀ ਮੇਰਾ ਵੱਧ ਖ਼ਿਆਲ ਰੱਖਦੇ ਹਨ।"

1999 'ਚ ਮਾਨਸਾ ਜ਼ਿਲ੍ਹੇ ਦੀ ਇਕ ਔਰਤ ਦਾ ਪੁੱਤ ਵਿਛੋੜਾ ਦੇ ਗਿਆ ਸੀ, ਉਹ ਹੁਣ 70 ਸਾਲ ਦੀ ਹੋ ਚੁੱਕੀ ਹੈ।

"ਜਦੋਂ ਤੋਂ ਉਸਦੀ ਮੌਤ ਹੋਈ ਮੈਂ ਉਸੇ ਬਾਰੇ ਸੋਚਦੀ ਰਹਿੰਦੀ ਹਾਂ। ਉਸ ਦਾ ਅਕਸ ਮੇਰੀਆਂ ਅੱਖਾਂ ਅੱਗੇ ਘੁੰਮਦਾ ਰਹਿੰਦਾ ਹੈ। ਮੇਰੀ ਅੱਖ ਕਿਵੇਂ ਲੱਗ ਸਕਦੀ ਹੈ? ਮੇਰੇ ਗੁਆਂਢੀ ਦੋ ਟੈਮ ਮੈਨੂੰ ਰੋਟੀ ਦੇ ਜਾਂਦੇ ਹਨ। ਕਦੇ-ਕਦੇ ਉਹ ਚਾਹ ਵੀ ਦੇ ਜਾਂਦੇ ਹਨ।"

ਚਾਰ ਤੋਂ ਵੱਧ ਮਾਮਲੇ ਆਏ, ਇਨ੍ਹਾਂ ਵਿਚੋਂ ਦੋ ਔਰਤਾਂ ਗੱਲਬਾਤ ਸਮੇਂ ਮੇਰੇ ਸਵਾਲਾਂ ਦਾ ਜਵਾਬ ਦੇਣ 'ਚ ਸ਼ਾਮਲ ਸਨ।

ਇਸੇ ਤਰ੍ਹਾਂ ਮੋਗਾ ਜ਼ਿਲ੍ਹੇ ਦੀ ਇਕ 70 ਸਾਲ ਦੀ ਔਰਤ ਨੇ ਆਪਣੀ ਕਹਾਣੀ ਦੱਸੀ ਕਿ ਕਿਵੇਂ ਉਸਦਾ ਪੁੱਤ ਤੇ ਨੂੰਹ ਉਹ ਦੀ ਭੋਰਾ ਪ੍ਰਵਾਹ ਨਹੀਂ ਕਰਦੇ। ਲੰਮਾ ਸਮਾਂ ਰੋਂਦੇ ਰਹਿਣ ਕਾਰਨ ਉਸ ਦੀਆਂ ਅੱਖਾਂ ਦੀ ਜੋਤ ਚਲੀ ਗਈ ਹੈ। ਉਸਨੇ ਇਸ ਬਾਰੇ ਤਰਕ ਦਿੱਤਾ ਕਿ ਜਦੋਂ ਬੱਚਿਆਂ ਦੀਆਂ ਆਪਣੀਆਂ ਲੋੜਾਂ ਹੀ ਪੂਰੀਆਂ ਨਾ ਹੁੰਦੀਆਂ ਹੋਣ, ਉਹ ਉਸ ਦੀ ਪ੍ਰਵਾਹ ਕਿਉਂ ਕਰਨਗੇ?

ਕੁਝ ਬਜ਼ੁਰਗ ਲੋਕਾਂ ਨੇ ਇਹ ਵਿਚਾਰ ਸਾਂਝਾ ਕੀਤਾ ਕਿ ਜਦੋਂ ਬੱਚੇ ਖ਼ੁਦ ਹੀ ਔਖੇ ਹੋਕੇ ਗੁਜ਼ਾਰਾ ਕਰ ਰਹੇ ਹਨ ਤਾਂ ਉਹ ਬਜ਼ੁਰਗ ਮਾਪਿਆਂ ਦੀ ਸਾਂਭ-ਸੰਭਾਲ ਕਿੱਥੋਂ ਕਰਨਗੇ। ਔਖੇ ਵਕਤਾਂ 'ਚ ਮਾਪਿਆਂ ਦਾ ਮੋਹ ਖ਼ੁਦ ਨੂੰ ਅਣਡਿੱਠ ਕਰਨ ਨੂੰ ਤਰਕ-ਸੰਗਤ ਬਨਾਉਣ ਦੀ ਗੁੰਜਾਇਸ਼ ਪੈਦਾ ਕਰ ਦਿੰਦਾ ਹੈ।[3] ਅਤੇ ਇਸੇ ਤਰੀਕੇ ਨਾਲ ਬਹੁਤ ਸਾਰੇ ਹੋਰ ਲੋਕ ਦੁਰਕਾਰੇ ਜਾਣ ਨਾਲ ਸਮਝੌਤਾ ਕਰ ਲੈਂਦੇ ਹਨ। ਇਸੇ ਜ਼ਿਲ੍ਹੇ ਵਿਚ, ਇਕ ਹੋਰ ਵਿਅਕਤੀ, ਜਿਸ ਦੀ ਪਤਨੀ ਨੇ ਪੈਸੇ ਅਤੇ ਵਧ ਰਹੇ ਕਰਜ਼ੇ ਦੇ ਫ਼ਿਕਰ ਕਾਰਨ ਖ਼ੁਦਕੁਸ਼ੀ ਕਰ ਲਈ ਸੀ, ਨੇ ਆਪਣੀ ਵਿਥਿਆ ਸੁਣਾਈ ਕਿ ਕਿਵੇਂ ਉਸਦੀ ਸਾਰੀ ਜ਼ਮੀਨ ਵਿਕ ਗਈ।

"ਮੇਰੇ ਪੱਲੇ ਹੁਣ ਫੁੱਟੀ ਕੌਡੀ ਵੀ ਨਹੀਂ ਹੈ। ਮੈਂ ਤਾਂ ਇਸ ਘਰ ਨੂੰ ਵੀ ਨਹੀਂ ਸੰਭਾਲ ਸਕਦਾ, ਇਸ ਦੀ ਹਾਲਤ ਦੇਖਕੇ ਡਰ ਆਉਂਦਾ ਹੈ। ਮੇਰਾ ਪੁੱਤ ਅਤੇ ਨੂੰਹ ਮੈਨੂੰ ਦਿਲਾਸਾ ਵੀ ਨਹੀਂ ਦਿੰਦੇ। ਅਤੇ ਉਹ ਦੇਣ ਵੀ ਕਿਉਂ? ਮੈਂ ਉਨ੍ਹਾਂ ਲਈ ਛੱਡਿਆ ਹੀ ਕੀ ਹੈ? ਮੈਨੂੰ ਸਮਝ ਨਹੀਂ ਆਉਂਦੀ ਇਹ ਸਭ ਕੁਝ ਕਿਵੇਂ ਵਾਪਰ ਗਿਆ ਜਦੋਂ ਕਿ ਮੈਂ ਲਗਾਤਾਰ ਟੁੱਟ-ਟੁੱਟ ਮਰਦਾ ਸੀ, ਕਦੇ ਵਿਹਲਾ ਨਹੀਂ ਸੀ ਰਹਿੰਦਾ। ਇਹ ਬੁਢਾਪੇ ਦੇ ਖ਼ਾਸ ਝਮੇਲੇ ਹਨ। ਉਨ੍ਹਾਂ ਨੂੰ ਆਪਣੀਆਂ ਹੀ ਸਮੱਸਿਆਵਾਂ ਤੋਂ ਫ਼ੁਰਸਤ ਨਹੀਂ ਮਿਲਦੀ.......ਉਹ ਅਕਸਰ ਮੈਨੂੰ ਸਵਾਲ ਕਰਦੇ ਹਨ ਕਿ ਮੈਂ ਉਨ੍ਹਾਂ ਲਈ ਕੀ ਕੀਤਾ ਹੈ?"

ਇਹ ਪ੍ਰਤੱਖ ਸੀ ਕਿ ਉਸ ਅੰਦਰ ਅਸਫ਼ਲਤਾ ਅਤੇ ਦਿਲਗੀਰੀ ਦੀ ਭਾਵਨਾ ਡੂੰਘੀ ਘਰ ਕਰ ਚੁੱਕੀ ਸੀ। ਕਿਸਾਨ ਜਥੇਬੰਦੀ ਨਾਲ ਜੁੜਿਆ ਹੋਣ ਕਾਰਨ ਉਸ ਦਾ ਕੁਝ ਰੁਝੇਵਾਂ ਬਣਿਆ ਰਹਿੰਦਾ ਹੈ। ਜਦੋਂ ਕਰਜ਼ੇ ਲਏ ਜਾਂਦੇ ਹਨ, ਓਦੋਂ ਕਰਜ਼ਾਈ ਹੋਣ ਦੀ ਕੀਮਤ ਉਨ੍ਹਾਂ ਨੂੰ ਅਗੇਤੀ ਸਮਝ ਨਹੀਂ ਪੈਂਦੀ ਜੋ ਅੰਤ ਬੱਚਿਆਂ ਵਲੋਂ ਆਪਣੇ ਮਾਪਿਆਂ ਨੂੰ ਦੁਰਕਾਰ ਦੇਣ ਦੇ ਰੂਪ 'ਚ ਤਾਰਨੀ ਪੈਂਦੀ ਹੈ। ਮਾਪਿਆਂ ਨੂੰ ਇਹ ਤਲਖ਼ ਸਚਾਈ ਬਹੁਤ ਦੇਰ ਨਾਲ ਸਮਝ ਆਉਂਦੀ ਹੈ ਕਿ ਉਨ੍ਹਾਂ ਦੇ ਬੱਚਿਆਂ ਵਲੋਂ ਉਨ੍ਹਾਂ ਤੋਂ ਮੂੰਹ ਮੋੜ ਲੈਣ ਦੀ ਮੁੱਖ ਵਜ੍ਹਾ ਉਨ੍ਹਾਂ ਦਾ ਕਰਜ਼ਾਈ ਹੋਣਾ ਹੈ।

ਦੁਖਾਂਤ ਇਹ ਰਿਹਾ ਹੈ ਕਿ ਦਲਿਤਾਂ ਦੇ ਕਰਜ਼ਾਈ ਹੋਣ ਅਤੇ ਸਿੱਟੇ ਵਜੋਂ ਉਨ੍ਹਾਂ

---

3. ਜਿਸ ਵਿਸ਼ਾਲ ਦਾਇਰੇ ਨੂੰ ਮਾਪਿਆਂ ਦਾ ਪਿਆਰ ਬਿਆਨ ਕਰਦਾ ਹੈ ਇਹ ਦੂਸਰੇ ਸਮਾਜਿਕ ਰਿਸ਼ਤਿਆਂ 'ਚ ਵੀ ਇਵੇਂ ਹੀ ਬੇ-ਸ਼ਰਤ ਪਿਆਰ ਦੀ ਭੁੱਖ ਲਈ ਤਰਸੇਵਾਂ ਪੈਦਾ ਕਰਦਾ ਹੈ। ਪਰਿਵਾਰ, ਆਪਣੇ ਜੀਆਂ ਦੀ ਅਯੋਗਤਾ ਅਤੇ ਅਸਫ਼ਲਤਾ ਸਮੇਤ ਸਭ ਕਾਸੇ ਨੂੰ ਆਪਣੇ 'ਚ ਸਮੋ ਲੈਂਦਾ ਹੈ। ਫੇਰ ਵੀ ਇਹ ਪੁਸ਼ਤ-ਦਰ-ਪੁਸ਼ਤ ਤੱਕ ਕਾਇਮ ਰਹਿੰਦਾ ਹੈ। ਕਿਸਾਨੀ ਅੰਦਰ ਭਾਈਚਾਰੇ ਵੱਲੋਂ ਮਦਦ ਕਰਨ ਦੇ ਪ੍ਰਬੰਧ ਦਾ ਟੁੱਟਣਾ ਦਰ-ਹਕੀਕਤ ਆਰਥਿਕਤਾਵਿਚ ਪੈਸੇ ਦੇ ਵਧਦੇ ਹੋਏ ਦਖ਼ਲ ਦਾ ਸਿੱਟਾ ਹੈ।

ਦੀਆਂ ਖ਼ੁਦਕੁਸ਼ੀਆਂ ਨੂੰ ਸਮਝਣ ਅਤੇ ਇਨ੍ਹਾਂ ਨੂੰ ਮੰਨਣ 'ਚ ਵੱਧ ਸਮਾਂ ਲੱਗਿਆ। ਸੰਕਟ ਦੇ ਸਮਿਆਂ 'ਚ, ਗੁਜ਼ਾਰੇ ਦੇ ਸਾਧਨਾਂ ਦੇ ਸੁੰਗੜਨ ਅਤੇ ਨਾਲ ਹੀ ਰੀਝਾਂ ਨੂੰ ਦਬਾਉਣ ਦਾ ਦੋਵੇਂ ਤਰ੍ਹਾਂ ਦਾ ਦੁੱਖ ਸਹਿਣਾ ਪੈਂਦਾ ਹੈ। ਜਿਨ੍ਹਾਂ ਦੀਆਂ ਉਸੇ ਲੋਕਾਚਾਰ ਅਤੇ ਮਰਦ ਪ੍ਰਧਾਨ ਜਾਤਪਾਤੀ ਸਮਾਜ ਦੇ ਅਮਲਾਂ 'ਚ ਜੜ੍ਹਾਂ ਲੱਗ ਚੁੱਕੀਆਂ ਹਨ ਜਿਸ ਨੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਿਆ ਹੈ। ਨਾਲ ਹੀ, ਪੁੱਤ ਨੂੰ ਤਰਜੀਹ ਦੇਣ ਅਤੇ ਪੁੱਤਾਂ ਤੋਂ ਆਸ ਰੱਖਣ ਦੇ ਰਿਵਾਜ ਅਤੇ ਕਦਰਾਂ-ਕੀਮਤਾਂ ਦੀਆਂ ਵੀ ਡੂੰਘੀਆਂ ਜੜ੍ਹਾਂ ਲੱਗ ਚੁੱਕੀਆਂ ਹਨ। ਬੇਜ਼ਮੀਨੇ ਦਲਿਤ ਭਾਈਚਾਰਿਆਂ ਅੰਦਰ, ਵਿਆਹ ਅਤੇ ਵਿਆਹਾਂ ਦੇ ਸਮਾਗਮ ਜਥੇਬੰਦ ਕਰਨ ਸਮੇਂ ਜੱਟ ਭੋਂਇ ਮਾਲਕਾਂ ਦੀ ਵਾਹਵਾ ਰੀਸ ਕੀਤੀ ਜਾਂਦੀ ਹੈ। ਉੱਚ ਜਾਤੀਆਂ ਦੀ ਦਾਜ ਦੀ ਪ੍ਰਥਾ ਅਤੇ ਪੁੱਤ ਨੂੰ ਤਰਜੀਹ ਦੇਣ ਦੀ ਰੀਸ ਕਰਨ ਨਾਲ ਹੋਰ ਵਾਧੂ ਬੋਝ ਪੈਂਦੇ ਹਨ ਜੋ ਕਿ ਜਾਤਪਾਤੀ ਸਮਾਜ ਦੀ ਦੇਣ ਹਨ। ਇਸ ਲਈ, ਬੁਢਾਪੇ ਦੀ ਇਕੱਲਤਾ ਅਤੇ ਮੁਥਾਜਗੀ ਦਾ ਪ੍ਰਚਲਤ ਲੋਕਾਚਾਰ ਇਨ੍ਹਾਂ 'ਚ ਵੀ ਜੱਟ ਜ਼ਿੰਮੀਦਾਰਾਂ ਤੋਂ ਵੱਖਰਾ ਨਹੀਂ ਹੈ। ਪੁੱਤਾਂ ਵਲੋਂ ਮਾਪਿਆਂ ਨੂੰ ਦੁਰਕਾਰ ਦਿੱਤੇ ਜਾਣ ਦੀਆਂ ਕਹਾਣੀਆਂ ਵਾਰ-ਵਾਰ ਸੁਨਣ 'ਚ ਆਉਂਦੀਆਂ ਹਨ—ਜਿਸ ਦੁਰਕਾਰ ਦੇਣ ਨੂੰ ਜਾਤਪਾਤੀ ਸਮਾਜ ਵਿਚ ਵੱਧ ਨਿੰਦਣਯੋਗ ਸਮਝਿਆ ਜਾਂਦਾ ਹੈ।[4] ਹਾਸ਼ੀਏ 'ਤੇ ਧੱਕੇ ਭਾਈਚਾਰੇ ਜਾਬਰ ਢਾਂਚੇ ਦੀਆਂ ਹੋਰ ਹਕੀਕਤਾਂ ਤੋਂ ਲਾਜ਼ਮੀ ਹੀ ਮੁਕਤ ਨਹੀਂ ਹੁੰਦੇ ਅਤੇ ਮਰਦ ਪ੍ਰਧਾਨ ਮਾਪਦੰਡ ਅਤੇ ਇਛਾਵਾਂ ਵੱਧ ਤਰਲਤਾ ਨਾਲ ਇਨ੍ਹਾਂ ਅੰਦਰ ਵੀ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ।

ਖੇਤੀਬਾੜੀ ਦੇ ਢਹਿ ਢੇਰੀ ਹੋਣ ਨਾਲ ਜਾਂ ਅਸਲ ਵਿਚ ਖੇਤੀਬਾੜੀ ਦੇ ਸੰਘਣੀ ਪੂੰਜੀ ਲਾਗਤ ਵਾਲੀ ਬਣ ਜਾਣ ਨਾਲ ਖੇਤ ਮਜ਼ਦੂਰਾਂ ਦੀ ਹਾਲਤ ਹੋਰ ਵੀ ਭੈੜੀ ਹੋ ਜਾਂਦੀ ਹੈ। ਜਿਸ ਹਾਲਤ 'ਚ ਕੰਮ ਨਾ ਮਿਲਣਾ ਆਪਣੇ ਆਪ 'ਚ ਹੀ ਡਰਾਉਣੀ ਹਕੀਕਤ ਹੈ, ਉਨ੍ਹਾਂ ਵਲੋਂ ਲਏ ਕਰਜ਼ੇ ਜ਼ਿਆਦਾਤਰ ਘਰ ਦਾ ਤੋਰਾ ਤੋਰਨ ਅਤੇ ਬੱਚਿਆਂ ਦੇ ਪਾਲਣ-ਪੋਸਣ 'ਤੇ ਖ਼ਰਚ ਹੋ ਜਾਂਦੇ ਹਨ ਅਤੇ ਨਾ ਇਹ ਬੀਜ, ਕੀੜੇਮਾਰ ਦਵਾਈਆਂ, ਖਾਦਾਂ ਖ਼ਰੀਦਣ ਜਾਂ ਬੋਰ ਕਰਾਉਣ ਉੱਪਰ ਜ਼ਿਆਦਾ ਖ਼ਰਚੇ ਜਾਂਦੇ ਹਨ ਨਾ ਖੇਤੀ ਲਈ ਜ਼ਮੀਨ ਠੇਕੇ ਉੱਪਰ ਲੈਣ 'ਤੇ।

—ਬਠਿੰਡਾ ਦੇ ਨਥਾਣਾ ਬਲਾਕ ਦੀ ਹਰਪਾਲ ਕੌਰ ਨੇ ਆਪਣੀ ਵਿਥਿਆ ਦੱਸੀ ਕਿ ਕਿਵੇਂ ਉਹ ਬਿਲਕੁਲ ਇਕੱਲੀ ਰਹਿ ਰਹੀ ਹੈ ਅਤੇ ਕਰਜ਼ਾਈ ਹੈ। ਉਹ ਰਵਿਦਾਸੀਆ ਸਿੱਖ ਜਾਤ ਨਾਲ ਸਬੰਧਤ ਹੈ। ਉਸ ਦੇ ਬੇਜ਼ਮੀਨੇ ਪਤੀ ਵਾਸਤੇ ਜਦੋਂ ਵਧ ਰਹੇ ਵਿਆਜ ਦਾ ਬੋਝ ਅਸਹਿ ਹੋ ਗਿਆ ਤਾਂ ਸੰਨ 2000 'ਚ ਉਸਨੇ ਕੀੜੇਮਾਰ ਦਵਾਈ ਪੀ ਲਈ।

"ਇਨ੍ਹਾਂ ਕਰਜਿਆਂ ਨਾਲ ਹੀ ਅਸੀਂ ਆਪਣੀਆਂ ਧੀਆਂ ਅਤੇ ਮੇਰੀਆਂ ਨਣਦਾਂ ਦੇ ਵਿਆਹ ਕੀਤੇ। ਸਾਲਾਂ ਬੱਧੀ ਮੇਰੇ ਪੁੱਤਰ ਪੁਰਾਣੇ ਖੜ੍ਹੇ ਕਰਜ਼ੇ ਦੇਣ ਲਈ ਨਵੇਂ ਕਰਜ਼ੇ ਲੈਂਦੇ ਰਹੇ। ਛੇਤੀ ਹੀ ਉਹ ਤੰਗ ਆ ਗਏ ਅਤੇ ਉਨ੍ਹਾਂ ਦੀਆਂ ਘਰਵਾਲੀਆਂ

4. ਬੇਜ਼ਮੀਨੇ ਦਲਿਤ ਪਰਿਵਾਰਾਂ ਵਲੋਂ ਜੋ ਇਕੋ ਇਕ ਫ਼ਰਕ ਦਰਸਾਇਆ ਗਿਆ ਉਹ ਸੀ ਉਨ੍ਹਾਂ ਦੇ ਆਪਣੇ ਭਾਈਚਾਰੇ ਵਲੋਂ ਮਿਲਦੀ ਮਦਦ। ਨਾਲ ਹੀ ਉਹ ਮਦਦ ਜੋ ਕੁੜੀਆਂ ਨੂੰ ਦਿੱਤੀ ਜਾਂਦੀ ਹੈ ਜਦੋਂ ਉਹ ਮੰਦਹਾਲੀ 'ਚ ਘਿਰੀਆਂ ਹੁੰਦੀਆਂ ਹਨ। ਮਗਰਲੇ ਪਹਿਲੂ ਦੀ ਚਰਚਾ ਅਗਲੇ ਕਾਂਡ 'ਚ ਕੀਤੀ ਗਈ ਹੈ।

ਨਹੀਂ ਸੀ ਚਾਹੁੰਦੀਆਂ ਕਿ ਕਰਜ਼ੇ ਦਾ ਹੋਰ ਬੋਝ ਚੁੱਕਿਆ ਜਾਵੇ। ਕੁਝ ਵੀ ਹੋਵੇ, ਉਹ ਮਦਦ ਕਰਨ ਜੋਗੇ ਨਹੀਂ ਹਨ। ਜ਼ਿੰਦਗੀ ਉਨ੍ਹਾਂ ਦੀ ਵੀ ਬਹੁਤ ਔਖੀ ਹੈ। ਮੇਰੇ ਸਿਰ ਇਕ ਨਿੱਜੀ ਸ਼ਾਹੂਕਾਰ ਦਾ 70,000 ਰੁਪਏ ਕਰਜ਼ਾ ਹੈ। ਹੁਣ ਮੈਂ ਤਾਂ ਆਪਣੀ ਹਾਲਤ ਸੁਧਾਰਨ ਲਈ ਕੰਮ ਕਰਨ ਲਈ ਤਿਆਰ ਹਾਂ ਪਰ ਕੋਈ ਕੰਮ ਹੀ ਨਹੀਂ ਮਿਲਦਾ। ਮੈਂ ਆਪਣੀ ਇਸ ਹਾਲਤ ਲਈ ਆਪਣੇ ਪੁੱਤਾਂ ਨੂੰ ਦੋਸ਼ ਨਹੀਂ ਦਿੰਦੀ। ਮੈਂ ਝਾਕ ਨਹੀਂ ਰੱਖਦੀ ਕਿ ਮੇਰੇ ਪੁੱਤ ਕਰਜ਼ਾ ਮੋੜਨਗੇ। ਮੇਰੀ ਇੱਛਾ ਬਸ ਐਨੀ ਕੁ ਹੀ ਹੈ ਕਿ ਉਹ ਇਕ ਵਾਰ ਮੈਨੂੰ ਦੇਖ ਜਾਇਆ ਕਰਨ। ਉਨ੍ਹਾਂ ਨੇ ਮਿਥਿਆ ਹੋਇਆ ਹੈ ਕਿ ਮੇਰੇ ਨਾਲ ਕੋਈ ਲਾਗਾ-ਦੇਗਾ ਨਹੀਂ ਰੱਖਣਾ। ਮੈਂ ਨਹੀਂ ਸੀ ਜਾਣਦੀ ਕਿ ਇਕ ਦਿਨ ਮੈਂ ਐਨੀ ਇਕੱਲੀ ਹੋ ਜਾਵਾਂਗੀ। ਹਾਲੇ ਮੂਹਰੇ ਲੰਮੀ ਜ਼ਿੰਦਗੀ ਪਈ ਹੈ। ਮੈਂ ਜਾਨਣਾ ਚਾਹੁੰਦੀ ਹਾਂ ਇਸ ਸਮੇਂ ਮੇਰੇ ਨਾਲ ਕੌਣ ਖੜ੍ਹਦਾ ਹੈ।"

—ਮੁਕਤਸਰ ਜ਼ਿਲ੍ਹੇ ਦੇ ਗਿੱਦੜਬਾਹਾ ਬਲਾਕ ਦੀ ਤੇਜ ਕੌਰ ਵੀ ਇਕੱਲੀ ਹੀ ਹੈ। 2001 'ਚ ਉਸਦੇ ਪਤੀ ਦੀ ਮੌਤ ਹੋ ਗਈ ਸੀ। ਮਰਨ ਸਮੇਂ ਉਸਨੇ ਦੋ ਲੱਖ ਤੀਹ ਹਜ਼ਾਰ ਰੁਪਏ ਦੇਣੇ ਸਨ। ਉਸ ਦੀ ਮਾੜੀ-ਮੋਟੀ ਕਮਾਈ ਨਾਲ ਉਸਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ।

"ਮੱਤ ਪੁੱਛੋ ਕਿ ਲੋੜੀਂਦਾ ਪੈਸਾ ਹੈ ਜਾਂ ਨਹੀਂ। ਇਹ ਹੋ ਵੀ ਕਿਵੇਂ ਸਕਦਾ ਹੈ? ਅਸੀਂ ਇਕ ਦੂਜੇ ਦੇ ਸਹਾਰੇ ਜਿਊਂਦੇ ਹਾਂ ਪਰ ਅਸੀਂ ਸਾਰੇ ਹੀ ਗ਼ਰੀਬ ਹਾਂ। ਮੇਰੇ ਚਾਰ ਪੁੱਤ ਹਨ ਪਰ ਕੋਈ ਵੀ ਮੇਰੀ ਮਦਦ ਨਹੀਂ ਕਰਦਾ। ਉਹ ਮੈਨੂੰ ਕਹਿ ਦਿੰਦੇ ਹਨ 'ਕਰਜ਼ਾ ਲਾਹੁਣ ਲਈ ਝਾੜੂ ਲਾ ਜਾਂ ਜੋ ਮਰਜ਼ੀ ਕਰ—ਸਾਡੇ ਕੋਲ ਦੇਣ ਲਈ ਕੁਝ ਨਹੀਂ।' ਮੈਨੂੰ 250 ਰੁਪਏ ਪੈਨਸ਼ਨ ਮਿਲਦੀ ਹੈ। ਕਦੇ ਵੀ ਟੈਮ ਸਿਰ ਨਹੀਂ ਮਿਲਦੀ। ਜੇ ਮੈਂ ਕੰਮ ਕਰਨਾ ਬੰਦ ਕਰ ਦਿਆਂ ਤਾਂ ਭੁੱਖੀ ਮਰ ਜਾਵਾਂਗੀ। ਮੈਨੂੰ ਮਦਦ ਦੀ ਲੋੜ ਹੈ। ਮੇਰਾ ਘਰਵਾਲਾ ਹਮੇਸ਼ਾ ਫ਼ਿਕਰਮੰਦ ਰਹਿੰਦਾ ਸੀ—ਸ਼ਾਇਦ ਉਹ ਜਾਣਦਾ ਸੀ ਕਿ ਇਕ ਦਿਨ ਇਹ ਹੋ ਕੇ ਰਹੇਗਾ। ਅਤੇ ਉਸ ਨੇ ਹਾਲਤ ਤੋਂ ਖਹਿੜਾ ਛੁਡਾਉਣ ਦਾ ਰਾਹ ਚੁਣ ਲਿਆ। ਅਸੀਂ ਕਦੇ ਵੀ ਖੁਸ਼ੀ ਨਹੀਂ ਦੇਖੀ.....ਕਦੇ ਵੀ ਸਾਡੀਆਂ ਲੋੜਾਂ ਪੂਰੀਆਂ ਨਹੀਂ ਹੋਈਆਂ। ਪਰ ਹੁਣ ਮੈਂ ਸੋਚਦੀ ਹਾਂ ਕਿ ਇਕਲਾਪਾ ਹੋਰ ਵੀ ਮਾੜਾ ਹੁੰਦਾ ਹੈ।"

—ਰਾਮਪੁਰਾ ਬਲਾਕ ਦੀ ਚਰਨਜੀਤ ਕੌਰ ਆਪਣੇ ਪਤੀ ਦੀ ਸਾਂਭ-ਸੰਭਾਲ ਕਰਦੀ ਸੀ ਕਿਉਂਕਿ ਉਸ ਨੂੰ ਕੈਂਸਰ ਸੀ ਅਤੇ ਓੜਕ ਉਸ ਨੇ ਆਪ ਹੀ ਆਪਣੀ ਜਾਨ ਲੈ ਲਈ।

"ਜਦੋਂ ਦੇ ਬੱਚੇ ਵੱਡੇ ਹੋਏ ਹਨ, ਅਸੀਂ ਹਮੇਸ਼ਾ ਇਕੱਲੇ ਰਹਿੰਦੇ ਹਾਂ। ਵਿਆਹੇ ਜਾਣ ਤੋਂ ਬਾਅਦ ਦੋ ਪੁੱਤ ਸਾਡੇ ਤੋਂ ਜੁਦਾ ਹੋ ਗਏ। ਹੁਣ ਮੈਂ ਤੀਜੇ ਪੁੱਤ ਨੂੰ ਵਿਆਹ ਨਹੀਂ ਸਕਦੀ। ਕਿਉਂਕਿ ਪੱਲੇ ਕੋਈ ਪੈਸਾ ਨਹੀਂ ਹੈ। ਸਾਲਾਂ ਬੱਧੀ ਮੈਂ ਨਰਮਾ ਚੁਗਦੀ ਰਹੀ ਹਾਂ ਪਰ ਮੇਰੀ ਸਿਹਤ ਹੋਰ ਇਜਾਜ਼ਤ ਨਹੀਂ ਦਿੰਦੀ। ਮੈਂ ਅਤੇ ਮੇਰਾ ਪੁੱਤ ਦੋਵੇਂ ਆਪਣੇ ਭਵਿੱਖ ਤੋਂ ਅਣਜਾਣ ਹਾਂ। ਜਦੋਂ ਕੰਮ ਮਿਲ ਜਾਂਦਾ ਹੈ ਤਾਂ ਜੋ ਕੁਝ ਉਹ ਕਮਾਉਂਦਾ ਹੈ ਉਸੇ ਨਾਲ ਸਾਡਾ ਗੁਜ਼ਾਰਾ ਚਲਦਾ ਹੈ।"

—ਜੀਤ ਕੌਰ ਦੀ ਉਮਰ ਸਿਰਫ਼ 45 ਸਾਲ ਹੈ। ਉਹ ਮੋਗਾ ਜ਼ਿਲ੍ਹੇ 'ਚ ਪੈਂਦੇ ਆਪਣੇ ਪਿੰਡ ਨੇੜੇ ਘਰੇਲੂ ਨੌਕਰਾਣੀ ਵਜੋਂ ਕੰਮ ਕਰਦੀ ਹੈ। ਉਹ ਥੋੜ੍ਹਾ ਹੋਰ

ਕਮਾਉਣ ਲਈ ਹਾੜੀ-ਸਾਉਣੀ ਕੰਮ ਵੀ ਕਰ ਲੈਂਦੀ ਹੈ। ਉਸ ਨੂੰ ਨਿੱਕੇ ਜਹੇ ਕਮਰੇ ਦਾ 300 ਰੁਪਏ ਕਿਰਾਇਆ ਦੇਣਾ ਪੈਂਦਾ ਹੈ। ਉਹ ਇਕੱਲੀ ਹੀ ਰਹਿੰਦੀ ਹੈ, ਆਪਣੇ ਭਵਿੱਖ ਤੋਂ ਪੂਰੀ ਤਰ੍ਹਾਂ ਅਣਜਾਣ। ਉਸਦੇ ਪਹਿਲੇ ਪਤੀ ਨੇ ਖ਼ੁਦਕੁਸ਼ੀ ਕਰ ਲਈ ਸੀ, ਉਸ ਦਾ ਦੁਬਾਰਾ ਵਿਆਹ ਕਰ ਦਿੱਤਾ ਗਿਆ ਪਰ ਉਸਦੇ ਦੂਜੇ ਪਤੀ ਨਾਲ ਵੀ ਉਹੀ ਦੁਖਾਂਤ ਵਾਪਰਿਆ। ਉਸ ਨੂੰ ਆਪਣੇ ਮਤਰੇਏ ਪੁੱਤ ਹੱਥੋਂ ਬਹੁਤ ਜ਼ੁਲਮ ਸਹਿਣੇ ਪਏ ਅਤੇ ਉਸ ਨੂੰ ਉਹ ਛੋਟਾ ਜਿਹਾ ਪਲਾਟ ਵੇਚਣ ਲਈ ਮਜਬੂਰ ਹੋਣਾ ਪਿਆ ਜੋ ਉਸਨੇ ਆਪਣੇ ਲਈ ਰੱਖਿਆ ਹੋਇਆ ਸੀ। ਹੁਣ ਉਹ ਆਪਣੇ ਪਹਿਲੇ ਮੁੰਡੇ ਕੋਲ ਵਾਪਸ ਵੀ ਨਹੀਂ ਜਾ ਸਕਦੀ।

ਇਕ ਐਸੇ ਸਮਾਜ ਵਿਚ ਪੁੱਤਾਂ ਦੀ ਅਹਿਸਾਨ-ਫਰਾਮੋਸ਼ੀ ਸਹਿਣੀ ਬਹੁਤ ਔਖੀ ਹੈ ਜਿੱਥੇ ਸੱਭਿਆਚਾਰਕ ਮਾਪਦੰਡ ਅਤੇ ਆਰਥਕ ਹਾਲਾਤ ਮਾਪਿਆਂ ਨੂੰ ਬ੍ਰਿਧ ਉਮਰੇ ਕੁਝ ਸੁਰੱਖਿਆ ਪੱਖੋਂ ਬੱਚਿਆਂ, ਖ਼ਾਸ ਕਰਕੇ ਪੁੱਤਾਂ ਦੇ ਮੁਥਾਜ ਬਣਾ ਦਿੰਦੇ ਹਨ। ਜਾਤ-ਜਮਾਤ ਦੇ ਵਿਸ਼ੇਸ਼ ਅਧਿਕਾਰਾਂ 'ਤੇ ਅਧਾਰਤ ਸਮਾਜ, ਜੋ ਬਹੁਗਿਣਤੀ ਲੋਕਾਂ ਲਈ ਗੁਜ਼ਾਰਾ ਅਸੰਭਵ ਬਣਾ ਦਿੰਦਾ ਹੈ, ਪਰਿਵਾਰਕ ਬੰਧਨਾਂ ਅਤੇ ਇਛਾਵਾਂ ਨੂੰ ਵੀ ਲੀਰੋ-ਲੀਰ ਕਰ ਦਿੰਦਾ ਹੈ। ਜਿਹੜੇ ਲੋਕ ਦੂਜਿਆਂ ਦੇ ਖਾਣ ਲਈ ਕਣਕ ਅਤੇ ਚੌਲ ਪੈਦਾ ਕਰਕੇ ਉਨ੍ਹਾਂ ਦਾ ਬੋਝ ਢੋਂਦੇ ਹਨ ਜੇ ਉਨ੍ਹਾਂ ਦਾ ਆਪਣਾ ਗੁਜ਼ਾਰਾ ਗ਼ੈਰਭਰੋਸੇਯੋਗ ਬਣਿਆ ਹੋਇਆ ਹੈ ਤਾਂ ਇਸ ਨਤੀਜੇ ਲਈ ਉਹ ਸਿਰਫ਼ ਆਪਣੀ ਥੁੜਾਂ ਮਾਰੀ ਹਾਲਤ ਨੂੰ ਹੀ ਦੋਸ਼ ਨਹੀਂ ਦੇ ਸਕਦੇ। ਦੂਜੇ ਪਾਸੇ, ਸੰਕਟ ਨੇ ਨੌਜਵਾਨਾਂ ਨੂੰ ਬੇਹਿਸਾਬੀ ਮਨੋਵਿਗਿਆਨਕ ਸੱਟ ਮਾਰੀ ਹੈ, ਸ਼ਾਇਦ ਉਹ ਐਨੇ ਪੰਗੂ ਹੋ ਗਏ ਹਨ ਕਿ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਜੋਗੇ ਵੀ ਨਹੀਂ ਹਨ। ਪਰ ਜੇ ਮੁਕਾਬਲਤਨ ਰੂਪ 'ਚ ਦੇਖੀਏ ਤਾਂ ਬਜ਼ੁਰਗਾਂ ਦੀ ਹਾਲਤ ਹੋਰ ਵੀ ਪਤਲੀ ਹੈ। ਜਦੋਂ ਕਰਜ਼ਾ ਉਨ੍ਹਾਂ ਨੂੰ ਬਾਲਗ ਬੱਚਿਆਂ ਤੋਂ ਵਿਛੋੜ ਦਿੰਦਾ ਹੈ ਤਾਂ ਉਨ੍ਹਾਂ ਦੀ ਡੰਗੋਰੀ ਬਣਨ ਵਾਲਾ ਕੁਝ ਵੀ ਨਹੀਂ ਰਹਿੰਦਾ। ਪੰਜਾਬ ਵਿਚ, ਬੁਢਾਪਾ ਤੇ ਵਿਧਵਾ ਪੈਨਸ਼ਨ ਅਸਲ ਵਿਚ ਸਮਾਜਿਕ ਸੁਰੱਖਿਆ ਦੇ ਸੰਕਲਪ ਨਾਲ ਮਜ਼ਾਕ ਤੋਂ ਬਿਨਾ ਹੋਰ ਕੁਝ ਨਹੀਂ ਹੈ। ਹਾਲਾਂਕਿ, ਉਨ੍ਹਾਂ ਮਾਪਿਆਂ ਦਾ ਦਰਦ ਤਾਂ ਹੋਰ ਵੀ ਬੇਥਾਹ ਹੈ ਜਿਨ੍ਹਾਂ ਨੂੰ ਆਪਣੇ ਬੱਚਿਆਂ ਦੀ ਅਰਥੀ ਨੂੰ ਮੋਢਾ ਦੇਣਾ ਪਿਆ। ਜਵਾਨ ਬੱਚਿਆਂ ਦੀ ਮੌਤ ਦਾ ਗ਼ਮ ਉਨ੍ਹਾਂ ਲਈ ਐਨੀ ਵੱਡੀ ਸੱਟ ਹੈ ਜਿਸ ਨੂੰ ਪ੍ਰਵਾਨ ਕਰ ਲੈਣਾ ਬਹੁਤ ਮੁਸ਼ਕਲ ਹੈ। ਇਕ ਪਾਸੇ ਉਹ ਵਿਛੜੇ ਜੀਅ ਲਈ ਝੂਰਦੇ ਹਨ ਅਤੇ ਦੂਜੇ ਪਾਸੇ ਡੂੰਘੇ ਤੌਖਲੇ ਅਤੇ ਅਸੁਰੱਖਿਆ ਦੀ ਚਿੰਤਾ ਉਨ੍ਹਾਂ ਨੂੰ ਵੱਢ-ਵੱਢ ਖਾਂਦੀ ਹੈ, ਇਹ ਹਾਲਤ ਕੁਝ ਪੱਖਾਂ ਤੋਂ ਮੌਤ ਤੋਂ ਵੀ ਭੈੜੀ ਹੈ।

5.2 ਸ਼ੋਕ-ਗ੍ਰਸਤ ਮਾਪਿਆਂ ਬਾਰੇ

ਜ਼ਮੀਨ ਦੀ ਵੰਡ ਜ਼ਿਆਦਾਤਰ ਸਾਂਝੇ ਪਰਿਵਾਰ ਦੇ ਟੁੱਟਣ ਕਾਰਨ ਹੋਈ ਹੈ। ਇਸ ਨਾਲ ਛੋਟੀਆਂ ਜ਼ਮੀਨੀ ਜੋਤਾਂ ਦੀ ਆਮਦਨੀ ਹੋਰ ਵੀ ਗ਼ੈਰਟਿਕਾਊ ਬਣਦੀ ਗਈ। ਪਰਿਵਾਰਾਂ ਅੰਦਰ ਲੰਮੇ ਕਾਨੂੰਨੀ ਝਗੜਿਆਂ ਅਤੇ ਸ਼ਾਹੂਕਾਰਾਂ ਨਾਲ ਝਗੜਿਆਂ ਉੱਪਰ ਮੁਕੱਦਮੇਬਾਜ਼ੀ ਦੇ ਭਾਰੀ ਖ਼ਰਚਿਆਂ ਦਾ ਸਿੱਟਾ ਹੋਰ ਕਰਜ਼ਾਈ ਹੋਣ ਅਤੇ ਜ਼ਮੀਨ ਵਿਕ ਜਾਣ 'ਚ ਨਿਕਲਿਆ ਹੈ। ਇਸ ਨੇ ਅਨੇਕਾਂ ਜ਼ਮੀਨ ਮਾਲਕ ਪਰਿਵਾਰਾਂ

ਨੂੰ ਦੀਵਾਲੀਆ ਕਰਕੇ ਮਸਲਿਆਂ ਨੂੰ ਹੋਰ ਉਲਝਾ ਦਿੱਤਾ ਹੈ। ਕਈ ਕਈ ਸਾਲ ਉਹ ਕਾਨੂੰਨੀ ਲੜਾਈਆਂ 'ਚ ਉਲਝੇ ਰਹਿੰਦੇ ਹਨ ਪਰ ਝਗੜਿਆਂ ਦਾ ਨਬੇੜਾ ਨਹੀਂ ਹੁੰਦਾ। ਅਕਸਰ ਹੀ ਇਹ ਲੜਾਈਆਂ ਐਨੀਆਂ ਲਮਕ ਜਾਂਦੀਆਂ ਹਨ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਅਗਲੀ ਪੁਸ਼ਤ ਵਿਚ ਵੀ ਜਾਰੀ ਰਹਿੰਦੀਆਂ ਹਨ। ਜਦੋਂ ਖੇਤੀਬਾੜੀ ਪ੍ਰਬੰਧ ਖ਼ੁਦ ਹੀ ਤਹਿਸ਼-ਨਹਿਸ਼ ਹੋ ਚੁੱਕਾ ਹੈ, ਇਹ ਹੋਰ ਵੀ ਤਬਾਹਕੁਨ ਸਾਬਤ ਹੋ ਰਿਹਾ ਹੈ। ਜ਼ਮੀਨ ਵੇਚਣ ਦੇ ਵਰਤਾਰੇ ਦੀ ਭਰਮਾਰ ਹੈ ਅਤੇ ਨੌਜਵਾਨ ਪੀੜ੍ਹੀ ਰੋਜ਼ਗਾਰ ਦੇ ਹੋਰ ਮੌਕੇ ਤਲਾਸ਼ ਰਹੀ ਹੈ ਅਤੇ ਸਭ ਤੋਂ ਵੱਧ ਮਨੁੱਖੀ ਮਾਣ-ਸਨਮਾਨ ਦੀ ਭਾਵਨਾ ਉੱਭਰੀ ਹੈ।

ਬਠਿੰਡਾ ਜ਼ਿਲ੍ਹੇ ਦੇ ਇਕ ਜੋੜੇ ਲਈ ਵੀਹ ਸਾਲ ਦੇ ਦੋ ਪੁੱਤਰਾਂ ਦੀ ਮੌਤ ਬਹੁਤ ਦਰਦਨਾਕ ਸੀ। ਉਨ੍ਹਾਂ ਵਲੋਂ ਦੱਸੇ ਗਏ ਵੇਰਵੇ ਉਸ ਸੰਕਟ ਦੀ ਭਿਆਨਕਤਾ ਅਤੇ ਤਬਾਹੀ ਦੀ ਤਸਵੀਰ ਪੇਸ਼ ਕਰਦੇ ਹਨ ਜਿਸ ਦੀ ਮਾਰ ਹੇਠ ਸਾਰੇ ਨੌਜਵਾਨ ਲੋਕ ਆਏ ਹੋਏ ਹਨ। ਟੱਬਰ ਜਾਇਦਾਦ ਕਾਰਨ ਇਕੱਠੇ ਹਨ। ਅੰਦਰੂਨੀ ਹਾਲਤ ਵੱਖੋ-ਵੱਖਰੀ ਹੋ ਸਕਦੀ ਹੈ। ਮਾਪੇ ਤਾਂ ਕੁਝ ਲਚਕ ਦਿਖਾਉਂਦੇ ਹਨ ਪਰ ਨੌਜਵਾਨ ਬਦਲੀ ਹੋਈ ਹਕੀਕਤ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਹਨ।

ਸਭ ਤੋਂ ਵੱਡਾ ਪੁੱਤ 24 ਸਾਲ ਦਾ ਸੀ ਜਦੋਂ ਉਸਨੇ 2005 'ਚ ਕੀੜੇਮਾਰ ਦਵਾਈ ਪੀ ਕੇ ਆਪਣੀ ਜ਼ਿੰਦਗੀ ਦਾ ਅੰਤ ਕਰ ਲਿਆ। ਦੂਜਾ ਟਰੱਕ ਡਰਾਈਵਰ ਮੁੰਡਾ ਦਿਲ ਦਾ ਮਰੀਜ਼ ਸੀ। ਉਸ ਦੇ ਇਲਾਜ ਲਈ 50,000 ਰੁਪਏ ਕਰਜ਼ਾ ਲਿਆ ਗਿਆ। ਭਰਾ ਦੀ ਮੌਤ ਨੂੰ ਉਸ ਨੇ ਬਹੁਤ ਜ਼ਿਆਦਾ ਦਿਲ 'ਤੇ ਲਾ ਲਿਆ ਅਤੇ 2006 'ਚ ਉਸ ਦੀ ਵੀ ਮੌਤ ਹੋ ਗਈ।[5] ਪਰਿਵਾਰ ਦੀ 10 ਏਕੜ ਜ਼ਮੀਨ ਵੀ ਨਹੀਂ ਰਹੀ। ਪਰਿਵਾਰ ਵਿਚ ਹੁਣ ਕੋਈ ਵੀ ਜੀਅ ਕਮਾਉਣ ਵਾਲਾ ਨਹੀਂ ਰਿਹਾ ਅਤੇ ਕਰਜ਼ਾ ਸਿਰ ਖੜ੍ਹਾ ਹੈ। ਜਦੋਂ ਉਹ ਜਿਉਂਦੇ ਸਨ ਤਾਂ ਇਕ ਮੁੰਡਾ 15,000 ਰੁਪਏ, ਜਦਕਿ ਦੂਜਾ 24,000 ਰੁਪਏ ਸਾਲਾਨਾ ਕਮਾ ਲੈਂਦਾ ਸੀ। ਬਾਪ ਨੇ ਦੱਸਿਆ:

"ਮੇਰੀ ਸਾਰੀ ਜ਼ਮੀਨ ਮੇਰੇ ਭਾਈ ਅਤੇ ਉਸਦੇ ਮੁੰਡਿਆਂ ਨੇ ਦੱਬ ਲਈ ਹੈ। ਸਾਡੇ ਕੋਲ ਮੁਕੱਦਮਾ ਲੜਨ ਜੋਗੇ ਵਸੀਲੇ ਨਹੀਂ ਸਨ, ਫੇਰ ਵੀ ਅਸੀਂ ਉਧਾਰ ਲੈਕੇ ਮੁਕੱਦਮਾ ਲੜਦੇ ਰਹੇ ਅਤੇ ਸਭ ਕੁਝ ਗੁਆ ਬੈਠੇ। ਮੇਰਾ ਪੁੱਤ ਮਜ਼ਦੂਰੀ ਕਰਦਿਆਂ ਨਮੋਸ਼ੀ ਮਹਿਸੂਸ ਕਰਦਾ ਸੀ। ਅਜਿਹੀ ਹਾਲਤ ਦੇਖਕੇ, ਉਹ ਦਿਲ ਛੱਡ ਗਿਆ ਅਤੇ ਉਦਾਸ ਰਹਿਣ ਲੱਗਿਆ। ਹਾਲਾਂਕਿ, ਅਸੀਂ ਕਦੇ ਵੀ ਭਾਂਪ ਨਹੀਂ ਸਕੇ ਕਿ ਉਹ ਅਜਿਹਾ ਕਦਮ ਚੁੱਕ ਲਵੇਗਾ। ਸ਼ਾਇਦ ਸਾਰੀ ਜ਼ਮੀਨ ਖੁੱਸ ਜਾਣ ਦਾ ਉਸ ਨੂੰ ਵੀ ਡੂੰਘਾ ਝੋਰਾ ਸੀ। ਜ਼ਮੀਨ ਤੋਂ ਵਾਂਝੇ ਹੋ ਜਾਣ ਕਾਰਨ ਉਨ੍ਹਾਂ ਨੂੰ ਵਿਆਹੁਣ ਲਈ

---

5. ਜਦੋਂ ਉਹ ਵਿਹੜੇ 'ਚ ਮੰਜੀ 'ਤੇ ਬੈਠਕੇ ਆਪਣੀ ਵਿਥਿਆ ਸੁਣਾ ਰਹੇ ਸਨ, ਉਹ ਆਪਣੇ ਪੁੱਤਰਾਂ ਦੀਆਂ ਵੱਡ ਅਕਾਰੀ ਜੜੀਆਂ ਹੋਈਆਂ ਤਸਵੀਰਾਂ ਇਸ ਆਸ ਨਾਲ ਫੜਕੇ ਬੈਠੇ ਸਨ ਕਿ ਇਨ੍ਹਾਂ ਦੀ ਫੋਟੋ ਲਈ ਜਾਵੇਗੀ। ਜਾਪਦਾ ਸੀ ਕਿ ਪਹਿਲਾਂ ਵੀ ਉਹ ਅਜਿਹਾ ਕਰ ਚੁੱਕੇ ਸਨ। ਫੋਟੋ ਹੇਠਾਂ ਉਨ੍ਹਾਂ ਦੇ ਨਾਂ ਅਤੇ ਮੌਤ ਦੀ ਤਰੀਕ ਲਿਖੀ ਹੋਈ ਸੀ। ਮੇਰੇ ਮਨ 'ਚ ਉਹ ਤਸਵੀਰਾਂ ਅਤੇ ਪਲ ਅੱਜ ਵੀ ਤਾਜ਼ਾ ਹਨ ਹਾਲਾਂਕਿ ਮੈਂ ਫੋਟੋ ਨਹੀਂ ਲਈ।

ਸਾਡੇ ਕੋਲ ਕੋਈ ਜਾਇਦਾਦ ਨਹੀਂ ਸੀ ਬਚੀ। ਸੰਭਵ ਹੈ ਕਿ ਉਹ ਇਸ ਪੱਖੋਂ ਵੀ ਦੁਖੀ ਸੀ। ਓੜਕ, ਦੋਵੇਂ ਸਾਥੋਂ ਖੁੱਸ ਗਏ। ਹਾਲਤ ਨੇ ਉਨ੍ਹਾਂ ਦੀ ਜਾਨ ਲੈ ਲਈ।"

ਰਿਸ਼ਤਿਆਂ ਦਾ ਜ਼ਮੀਨ ਮਾਲਕੀ ਵਾਲਾ ਸੁਭਾਅ ਦੇਸ਼ ਦੇ ਪੇਂਡੂ ਹਿੱਸਿਆਂ ਵਿਚ ਟੱਬਰ ਦੀ ਸੰਸਥਾ ਦੀ ਨੁਹਾਰ ਘੜ ਰਿਹਾ ਹੈ ਅਤੇ ਇਸ ਨੂੰ ਪ੍ਰਭਾਸ਼ਿਤ ਕਰ ਰਿਹਾ ਹੈ। ਵਿਅਕਤੀ, ਟੱਬਰ ਜਾਂ ਭਾਈਚਾਰੇ ਵਲੋਂ ਤੈਅ ਕੀਤੇ ਜ਼ਮੀਨ ਨਾਲ ਰਿਸ਼ਤੇ ਦੇ ਅਧਾਰ 'ਤੇ ਰਿਸ਼ਤਿਆਂ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ। ਸੰਘਣੀ ਪੂੰਜੀ ਲਾਗਤ ਵਾਲੀ ਖੇਤੀ ਇਸ ਹਾਲਤ ਨੂੰ ਹੋਰ ਖ਼ਰਾਬ ਕਰ ਦਿੰਦੀ ਹੈ ਜੋ ਲੋਕਾਂ ਨੂੰ ਦੀਵਾਲੀਆਪਣ ਵੱਲ ਧੱਕਦੀ ਹੈ। ਲੋਕਾਂ ਦੀ ਪਛਾਣ ਅਤੇ ਸਵੈ-ਮਾਣ ਉੱਪਰ ਸੱਭਿਆਚਾਰਕ ਅਤੇ ਜਗੀਰੂ ਜਕੜ ਉਨ੍ਹਾਂ ਨੂੰ ਘੁਣ ਵਾਂਗ ਖਾ ਜਾਂਦੀ ਹੈ। ਸਮਾਜਿਕ ਸੰਸਥਾਵਾਂ ਜੋ ਕਿ ਉਸ ਤੋਂ ਕਿਤੇ ਵੱਧ ਰਵਾਇਤੀ ਅਤੇ ਜਗੀਰੂ ਹਨ ਜਿੰਨੀਆਂ ਕਿ ਦਿਖਾਈ ਦਿੰਦੀਆਂ ਹਨ ਜਾਂ ਜਿਨ੍ਹਾਂ ਦੀ ਕਲਪਨਾ ਕੀਤੀ ਜਾ ਸਕਦੀ ਹੈ, ਉੱਪਰ ਸੰਘਣੇ ਸਰਮਾਏ ਵਾਲੀ ਖੇਤੀ ਦੇ ਅਸਰ ਡਰਾਉਣੇ ਰੂਪ 'ਚ ਤੇਜ਼ੀ ਨਾਲ ਪੈ ਰਹੇ ਹਨ। ਹਿੰਸਾ ਦਾ ਅਜਿਹਾ ਗੇੜ ਇਕ ਸਮਾਜ ਅੰਦਰ ਮੌਜੂਦ ਪਰਿਵਾਰਕ ਢਾਂਚਿਆਂ ਅਤੇ ਪਰਿਵਾਰਕ ਸਹਿਹੋਂਦ ਦੇ ਸਥਾਨਕ ਨਮੂਨਿਆਂ ਨੂੰ ਲੀਰੋਲੀਰ ਕਰ ਦਿੰਦਾ ਹੈ ਜਿੱਥੇ ਪਰਿਵਾਰ ਦੀ ਸੰਸਥਾ ਸੈਂਕੜੇ ਸਾਲਾਂ ਤੋਂ ਸਭ ਤੋਂ ਆਮ ਅਤੇ ਜਾਣੀ-ਪਛਾਣੀ ਸੁਰੱਖਿਆ ਦੇ ਸੋਮੇ—ਵਿਤੀ ਅਤੇ ਭਾਵਕ, ਦੋਵੇਂ ਤਰ੍ਹਾਂ—ਦੀ ਨੁਮਾਇੰਦਗੀ ਕਰਦੀ ਹੈ। ਇਹ ਉਸ ਬੇਥਾਹ ਬੋਝ ਨੂੰ ਦਰਸਾਉਂਦਾ ਹੈ ਜੋ ਮਰਦ ਪ੍ਰਧਾਨ ਸੱਤਾ ਪਰਿਵਾਰਾਂ ਨੂੰ ਚਲਾਉਣ ਜਾਂ ਬਰਕਰਾਰ ਰੱਖਣ ਲਈ ਮਰਦਾਂ 'ਤੇ ਲੱਦਦੀ ਹੈ। ਇਸ ਤੋਂ ਇਹ ਵੀ ਸਾਹਮਣੇ ਆਉਂਦਾ ਹੈ ਕਿਵੇਂ ਅਜਿਹਾ ਕਰਨ 'ਚ ਅਸਫ਼ਲਤਾ ਸਭ ਤੋਂ ਤਬਾਹਕੁਨ ਢੰਗਾਂ ਨਾਲ ਇਸ 'ਚ ਜਜ਼ਬ ਹੋ ਜਾਂਦੀ ਹੈ ਅਤੇ ਇਸ ਦਾ ਇਜ਼ਹਾਰ ਅਜਿਹੇ ਦੁਖਾਂਤਕ ਢੰਗਾਂ ਜ਼ਰੀਏ ਹੁੰਦਾ ਹੈ।

ਜਿਵੇਂ ਮੇਰੀਆਂ ਇੰਟਰਵਿਊ ਤੋਂ ਸਾਹਮਣੇ ਆਇਆ, ਪੁਰਾਣੀ ਬੰਧੂਆ ਮਜ਼ਦੂਰੀ ਦੀ ਰਹਿੰਦ-ਖੂੰਹਦ ਵੱਖ-ਵੱਖ ਰੂਪਾਂ 'ਚ ਹਾਲੇ ਵੀ ਮੌਜੂਦ ਹੈ, ਖ਼ਾਸ ਕਰਕੇ ਬਠਿੰਡਾ, ਮਾਨਸਾ ਅਤੇ ਸੰਗਰੂਰ ਜ਼ਿਲ੍ਹਿਆਂ 'ਚ। ਜਾਂ ਤਾਂ ਮਾਪੇ ਬੱਚਿਆਂ ਤੋਂ ਓਦੋਂ ਜੁਦਾ ਹੋ ਜਾਂਦੇ ਹਨ ਜਦੋਂ ਉਨ੍ਹਾਂ ਦਾ ਪੁੱਤ ਖ਼ੁਦਕੁਸ਼ੀ ਕਰ ਲੈਂਦਾ ਹੈ ਜਾਂ ਜਦੋਂ ਜ਼ਿੰਮੀਦਾਰ ਨਾਲ ਕੀਤਾ ਠੇਕਾ ਜਵਾਨ ਉਮਰੇ ਉਨ੍ਹਾਂ ਨੂੰ ਮਾਪਿਆਂ ਤੋਂ ਦੂਰ ਹੋਣ ਲਈ ਮਜਬੂਰ ਕਰ ਦਿੰਦਾ ਹੈ ਤਾਂ ਕਿ ਘਰ ਦੇ ਕਰਜ਼ੇ ਮੋੜੇ ਜਾ ਸਕਣ। ਮਾਪਿਆਂ ਨੂੰ ਜੋ ਦੁੱਖ ਅਤੇ ਬੋਝ ਢੋਣਾ ਪੈਂਦਾ ਹੈ ਉਹ ਬਹੁਤ ਭਾਰੀ ਹੈ। ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਬਲਾਕ ਦਾ 20 ਸਾਲ ਦਾ ਜਗਦੇਵ ਸਿੰਘ ਜ਼ਿੰਮੀਦਾਰ ਨਾਲ ਸੀਰੀ ਰਲਿਆ ਹੋਇਆ ਸੀ। ਉਸ ਨੂੰ ਪੂਰੇ ਸਾਲ ਦੇ 18,000 ਰੁਪਏ ਪੇਸ਼ਗੀ ਦੇ ਦਿੱਤੇ ਜਾਂਦੇ ਸਨ। ਘਰ ਦੇ ਖ਼ਰਚੇ ਪੂਰੇ ਨਾ ਹੋਣ ਕਾਰਨ ਉਹ ਹਰ ਸਾਲ ਉਸੇ ਜ਼ਿੰਮੀਦਾਰ ਤੋਂ ਥੋੜ੍ਹਾ-ਥੋੜ੍ਹਾ ਕਰਜ਼ਾ ਲੈਂਦਾ ਸੀ। ਇਸ ਤਰ੍ਹਾਂ ਕਰਜ਼ਾ ਜਮ੍ਹਾਂ ਹੁੰਦਾ ਗਿਆ। ਬਹੁਤ ਸਾਰੇ ਖੇਤ ਮਜ਼ਦੂਰ, ਜੋ ਮੁੱਖ ਤੌਰ 'ਤੇ ਦਲਿਤ ਹਨ, ਇਸੇ ਤਰੀਕੇ ਨਾਲ ਗੁਜ਼ਾਰਾ ਕਰਦੇ ਹਨ। ਜ਼ਿੰਮੀਦਾਰ ਜਗਦੇਵ ਨੂੰ ਤਾਅਨੇ ਮਾਰਕੇ ਜ਼ਲੀਲ ਕਰਦਾ ਰਹਿੰਦਾ ਸੀ। ਕਰਜ਼ੇ ਦਾ ਪ੍ਰਛਾਵਾਂ ਉਸ ਦਾ ਪਿੱਛਾ ਨਾ ਛੱਡਦਾ। ਇਸ ਨਰਕ ਤੋਂ ਬਚਣ ਲਈ ਉਹ ਕੀੜੇਮਾਰ ਦਵਾਈ ਪੀਕੇ ਆਪਣੀ ਜ਼ਿੰਦਗੀ ਦਾ ਅੰਤ ਕਰਨ ਲਈ ਮਜਬੂਰ ਹੋ ਗਿਆ। ਉਸਦੇ ਮਾਪੇ ਜਿਵੇਂ ਆਪਣੇ ਪੁੱਤ ਦੀ ਦਾਸਤਾਂ ਬਿਆਨ ਕਰਦੇ ਹਨ ਉਸ ਤੋਂ ਇਹ ਕਲਪਨਾ

ਕੀਤੀ ਜਾ ਸਕਦੀ ਹੈ ਕਿ ਇਸ ਗੱਭਰੂ ਮਜ਼ਦੂਰ ਨੇ ਕਿੰਨਾ ਸੰਤਾਪ ਅਤੇ ਕਸ਼ਟ ਭੋਗਿਆ ਹੋਵੇਗਾ। ਮਾਪੇ ਵਾਰ-ਵਾਰ ਦੱਸਦੇ ਹਨ ਕਿ ਉਹ ਕਿੰਨਾ ਜ਼ਿੰਮੇਵਾਰ ਸੀ ਅਤੇ ਸਾਰੇ ਪਰਿਵਾਰ ਨਾਲ ਉਸ ਨੂੰ ਕਿੰਨਾ ਮੋਹ ਸੀ। 60 ਵਰ੍ਹਿਆਂ ਦਾ ਉਸਦਾ ਬਾਪ ਹੁਣ ਕਰਜ਼ਾ ਮੋੜਨ ਲਈ ਉਸੇ ਜ਼ਿੰਮੀਦਾਰ ਨਾਲ ਕੰਮ ਕਰ ਰਿਹਾ ਹੈ। ਜਦੋਂ ਮਰਨ ਤੋਂ ਪਹਿਲਾਂ ਜਗਦੇਵ ਨੂੰ ਹਸਪਤਾਲ ਦਾਖ਼ਲ ਕਰਾਇਆ ਗਿਆ ਤਾਂ ਇਸੇ ਜ਼ਿੰਮੀਦਾਰ ਤੋਂ 45,000 ਰੁਪਏ ਹੋਰ ਕਰਜ਼ਾ ਲੈਣਾ ਪਿਆ ਸੀ। ਵਿਰੋਧਾਭਾਸ ਦੇਖੋ, ਤਾਅਨੇ, ਮਾਨਸਿਕ ਬੋਝ, ਖ਼ੁਦਕੁਸ਼ੀ ਅਤੇ ਹਸਪਤਾਲ ਦਾਖ਼ਲ ਹੋਣ ਲਈ ਕਰਜ਼ਾ ਸਾਰਾ ਕੁਝ ਉਹੀ ਜ਼ਿੰਮੀਦਾਰ ਦਿੰਦਾ ਹੈ, ਉਹ ਮ੍ਰਿਤਕ ਦੇ ਬਜ਼ੁਰਗ ਅਤੇ ਬੀਮਾਰ ਬਾਪ ਦੀ ਮਿਹਨਤ ਵੀ ਨਿਚੋੜਦਾ ਹੈ। ਬਦਨਸੀਬ ਬਾਪ ਦੇ ਢਿੱਡ 'ਚ ਦਰਦ ਨਾਲ ਸੂਲ ਉੱਠਦਾ ਹੈ। ਉਹ ਹੈਰਾਨੀ ਨਾਲ ਕਹਿੰਦਾ ਹੈ ਕਿ ਕਿਤੇ ਇਹ ਕੀੜੇਮਾਰ ਜ਼ਹਿਰਾਂ ਦਾ ਸਿੱਟਾ ਤਾਂ ਨਹੀਂ। ਉਹ ਇਸ ਦਾ ਦੋਸ਼ ਨਸੀਬਾਂ ਨੂੰ ਦਿੰਦਾ ਹੈ ਜਿਸ ਨੇ ਉਸਦੇ ਪੁੱਤ ਨੂੰ ਖ਼ੁਦਕੁਸ਼ੀ ਵੱਲ ਧੱਕਿਆ ਸੀ।

"ਮੈਨੂੰ ਕਿਸੇ ਨਾਲ ਗੁੱਸਾ-ਗਿਲਾ ਨਹੀਂ ਹੈ। ਸਿਰਫ਼ ਦੁੱਖ ਅਤੇ ਨਾਉਮੀਦੀ ਬਾਕੀ ਹੈ। ਮੇਰਾ ਮਨ ਹੁਣ ਸੋਚਣ ਜੋਗਾ ਨਹੀਂ ਹੈ, ਸਿਰਫ਼ ਢਿੱਡ 'ਚ ਸੂਲ ਹੁੰਦਾ ਰਹਿੰਦਾ ਹੈ। ਜੇ ਮੈਂ ਉੱਥੇ ਕੰਮ ਨਹੀਂ ਕਰਦਾ, ਮੈਨੂੰ ਆਪਣੇ ਦੂਜੇ ਪੁੱਤ ਨੂੰ ਕੰਮ 'ਤੇ ਭੇਜਣਾ ਪਵੇਗਾ ਅਤੇ ਮੈਂ ਉਸਨੂੰ ਗੁਆਉਣਾ ਨਹੀਂ ਚਾਹੁੰਦਾ।"

ਉਹ ਸਖ਼ਤ ਮਿਹਨਤ ਕਰ ਰਿਹਾ ਹੈ ਤਾਂ ਜੋ ਉਸਦੇ ਦੂਜੇ ਪੁੱਤ ਨੂੰ ਉਹੀ ਕੁਝ ਨਾ ਕਰਨਾ ਪਵੇ। ਉਹ ਵੱਛੀਆਂ ਪਾਲਕੇ ਅਤੇ ਫੇਰ 20,000 ਰੁਪਏ 'ਚ ਵੇਚਕੇ ਗੁਜ਼ਾਰਾ ਕਰਦਾ ਹੈ। ਉਸਦੇ ਪੁੱਤ ਨੇ ਦੱਸਿਆ ਕਿ ਜੇ ਉਸ ਕੋਲ ਥੋੜ੍ਹੀ ਥਾਂ ਹੋਰ ਹੋਵੇ ਅਤੇ ਪੱਠੇ-ਦੱਥੇ ਦੀ ਹੋਰ ਗੁੰਜਾਇਸ਼ ਹੋਵੇ ਤਾਂ ਉਹ ਪਸ਼ੂ ਪਾਲ ਕੇ ਵੱਧ ਕਮਾ ਸਕਦਾ ਹੈ। ਪੰਜਾਬ ਵਿਚ ਦਲਿਤਾਂ ਕੋਲ ਰਹਿਣ ਵਾਸਤੇ ਅਤੇ ਪਸ਼ੂਆਂ ਲਈ ਥਾਂ ਦੀ ਖ਼ਾਸ ਕਰਕੇ ਤੰਗੀ ਹੈ। ਜ਼ਿੰਮੀਦਾਰ ਉੱਪਰ ਨਿਰਭਰਤਾ, ਘਰ ਨਾ ਹੋਣਾ ਅਤੇ ਖੇਤੀਬਾੜੀ ਦੇ ਸੰਕਟ ਕਾਰਨ ਕੰਮ ਦੀ ਅਣਹੋਂਦ ਹਜ਼ਾਰਾਂ ਦਲਿਤ ਪਰਿਵਾਰਾਂ ਦੀ ਹਕੀਕਤ ਹੈ। ਇਹ ਕੌੜੀਆਂ ਹਕੀਕਤਾਂ ਵੀ ਨਾਉਮੀਦੀ ਅਤੇ ਖ਼ੁਦਕੁਸ਼ੀ ਦਾ ਕਾਰਨ ਬਣ ਰਹੀਆਂ ਹਨ।

ਇਸੇ ਤਰ੍ਹਾਂ ਇਕ ਹੋਰ ਖੇਤ ਮਜ਼ਦੂਰ ਪਰਿਵਾਰ 'ਚ ਖ਼ੁਦਕੁਸ਼ੀ ਦੀ ਘਟਨਾ ਵਾਪਰੀ ਸੀ। ਗੱਲਬਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਕਿਵੇਂ ਮ੍ਰਿਤਕ ਚਾਚੇ ਦੀ ਥਾਂ ਆਪਣੇ ਦੋ ਅੱਲ੍ਹੜ ਵਰੇਸ ਪੁੱਤਾਂ ਨੂੰ ਭੋਂਇ ਸਰਦਾਰ ਨਾਲ ਕੰਮ 'ਤੇ ਲਾਉਣ ਤੋਂ ਬਿਨਾ ਪਰਿਵਾਰ ਕੋਲ ਹੋਰ ਕੋਈ ਚਾਰਾ ਨਹੀਂ ਸੀ। ਵਿਦਿਆ ਕੌਰ ਕੋਲੋਂ ਪਰਿਵਾਰ 'ਚ ਖ਼ੁਦਕੁਸ਼ੀ ਦਾ ਦੁੱਖ ਬਿਆਨ ਨਹੀਂ ਸੀ ਕੀਤਾ ਜਾਂਦਾ। ਉਨ੍ਹਾਂ ਨੂੰ ਆਪਣੇ ਮੁੰਡਿਆਂ ਦੀ ਬੰਦ-ਖ਼ਲਾਸੀ ਕਰਾਉਣ ਦੀ ਚਿੰਤਾ ਖਾਈ ਜਾ ਰਹੀ ਹੈ।

"ਮੈਂ ਚਾਹੁੰਦੀ ਹਾਂ ਮੇਰੇ ਬੰਧੂਆ ਮਜ਼ਦੂਰ ਬਣਾਏ ਮੁੰਡੇ ਵਾਪਸ ਆ ਜਾਣ। ਮੈਂ ਨਹੀਂ ਜਾਣਦੀ ਉਨ੍ਹਾਂ ਦੀ ਬੰਦ-ਖ਼ਲਾਸੀ ਲਈ ਕੀ ਕਰਨਾ ਹੈ? ਮੇਰੇ ਸਿਰ 80,000 ਰੁਪਏ ਕਰਜ਼ਾ ਹੈ। ਜਦੋਂ ਅਸੀਂ ਵਿਆਜ ਹੀ ਮੁਸ਼ਕਲ ਨਾਲ ਮੋੜ ਰਹੇ ਹਾਂ ਤਾਂ ਮੂਲ ਰਕਮ ਕਿਵੇਂ ਮੋੜੀ ਜਾ ਸਕਦੀ ਹੈ? ਕਰਜ਼ੇ ਦੇ ਬੋਝ ਕਾਰਨ ਹੀ ਮੇਰੇ ਦਿਉਰ ਨੇ ਖ਼ੁਦਕੁਸ਼ੀ ਕੀਤੀ ਸੀ। ਮੈਂ ਹੁਣ ਘੱਟੋ-ਘੱਟ ਆਪਣੇ ਪੁੱਤਰਾਂ ਦੀ ਜਾਨ ਬਚਾਉਣੀ

ਚਾਹੁੰਦੀ ਹਾਂ। ਕੀ ਪਤੈ ਉਹ ਆਪਣੇ ਚਾਚੇ ਵਾਲਾ ਕਦਮ ਚੁੱਕ ਲੈਣ? ਮੈਂ ਖ਼ੁਦ ਨੂੰ ਕੋਸ ਰਹੀ ਹਾਂ ਕਿ ਉਨ੍ਹਾਂ ਨੂੰ ਜਨਮ ਕਿਓਂ ਦਿੱਤਾ। ਅੱਜ ਉਨ੍ਹਾਂ ਨੂੰ ਜੋ ਸਾਹਮਣਾ ਕਰਨਾ ਪੈ ਰਿਹਾ ਹੈ ਉਸ ਦੀ ਜ਼ਿੰਮੇਵਾਰ ਮੈਂ ਹਾਂ।"

ਉਸ ਦੇ ਮਨ ਦਾ ਭਾਰ ਹੌਲਾ ਕਰਨ ਲੈਣ ਤੋਂ ਬਾਅਦ ਸਾਡੇ 'ਚ ਚੁੱਪ ਛਾ ਗਈ; ਖ਼ਾਮੋਸ਼ੀ ਜੋ ਹਾਲਤ ਦੀ ਨਾਉਮੀਦੀ ਵਾਂਗ ਹੀ ਪ੍ਰਤੱਖ ਸੀ। ਇਹ ਸਮੂਹਕ ਬੇਵਸੀ ਗੁਆਂਢੀਆਂ, ਪੰਚਾਇਤ ਅਤੇ ਕਿਸਾਨ ਯੂਨੀਅਨ ਦੇ ਸਾਥੀਆਂ ਦੀ ਖ਼ਾਮੋਸ਼ੀ ਤੋਂ ਮਹਿਸੂਸ ਕੀਤੀ ਜਾ ਸਕਦੀ ਹੈ ਜੋ ਕਹਿ ਰਹੀ ਹੈ ਕਿ ਉਹ ਉਸ ਦੇ ਦੁੱਖ ਨੂੰ ਮਹਿਸੂਸ ਕਰਦੇ ਹਨ। ਖ਼ੁਦਕੁਸ਼ੀ ਕਿਸੇ ਇਕ ਪਰਿਵਾਰ ਵਿਚ ਨਹੀਂ ਹੋਈ, ਨਾ ਹੀ ਇਹ ਇਕ ਜ਼ਿਲ੍ਹੇ ਦੇ ਇਕ ਪਿੰਡ ਤੱਕ ਸੀਮਤ ਹੈ। ਸਾਰੇ ਜ਼ਿਲ੍ਹਿਆਂ 'ਚ ਹੀ ਪੂਰੇ ਦੇ ਪੂਰੇ ਪਰਿਵਾਰ ਸੰਕਟ ਨੇ ਤਬਾਹ ਕਰ ਦਿੱਤੇ ਹਨ ਜਿਥੇ ਮਾਪਿਆਂ ਤੋਂ ਬੱਚੇ ਖੁੱਸ ਰਹੇ ਹਨ ਅਤੇ ਬੱਚਿਆਂ ਤੋਂ ਮਾਪੇ। ਇਹ ਪਰਿਵਾਰ ਉਨ੍ਹਾਂ ਭਾਈਚਾਰਿਆਂ ਵਿਚੋਂ ਹਨ ਜਿਨ੍ਹਾਂ ਉੱਪਰ ਵੱਡੇ ਜ਼ਿਮੀਦਾਰਾਂ ਦੀ ਜਕੜ ਵਧ ਰਹੀ ਹੈ। ਜਗੀਰੂ ਪ੍ਰਬੰਧ ਜਿਊਂਦਾ ਹੈ ਅਤੇ ਵੱਧ-ਫੁਲ ਰਿਹਾ ਹੈ ਹਾਲਾਂਕਿ ਖੇਤੀਬਾੜੀ ਦੇ ਮਸ਼ੀਨੀਕਰਨ ਅਤੇ ਸਰਮਾਏ ਦੀ ਸੰਘਣੀ ਲਾਗਤ ਵਾਲੀ ਖੇਤੀ ਦਾ ਅਰਥ ਹੀ ਇਸਦੇ ਰਸੂਖ਼ ਨੂੰ ਘਟਾਉਣਾ ਸੀ। ਜਦਕਿ ਮਜ਼ਦੂਰਾਂ 'ਚ ਘਰ ਕੀਤੀ ਅਸਫ਼ਲ ਰਹਿਣ ਅਤੇ ਅਲੱਗ-ਥਲੱਗ ਹੋ ਜਾਣ ਦੀ ਡੂੰਘੀ ਭਾਵਨਾ ਦਾ ਅੰਤ ਖ਼ੁਦਕੁਸ਼ੀ 'ਚ ਹੁੰਦਾ ਹੈ, ਓਥੇ ਔਰਤਾਂ ਉਸ ਸੁਰੱਖਿਆ ਤੋਂ ਵਾਂਝੀਆਂ ਹੋ ਜਾਂਦੀਆਂ ਹਨ ਜੋ ਪਰਿਵਾਰ ਉਨ੍ਹਾਂ ਨੂੰ ਦਿੰਦਾ ਜਾਪਦਾ ਹੈ ਅਤੇ ਜਿਹੜੀ ਮਾਪੇ ਆਪਣੇ ਬੱਚਿਆਂ ਨੂੰ ਦੇਣਾ ਲੋਚਦੇ ਹਨ।[6] ਜ਼ਿੰਦਗੀ ਅਤੇ ਜਿਊਣ ਦੇ ਮਕਸਦ ਬਾਰੇ ਸਵਾਲਾਂ ਦੇ ਜਵਾਬ ਨਿਰਾਸ਼ਤਾ 'ਚ ਡੁੱਬੇ ਹੁੰਦੇ ਹਨ ਅਤੇ ਅਜਿਹੇ ਸਵਾਲਾਂ 'ਚੋਂ ਪੈਦਾ ਹੁੰਦੀ ਨਿਰਾਸ਼ਤਾ ਅਤੇ ਥਕਾਵਟ ਵੀ ਅਨੰਤ ਰੂਪ ਅਖ਼ਤਿਆਰ ਕਰ ਰਹੀ ਹੈ। ਜਦੋਂ ਸਭ ਤੋਂ ਘੱਟ ਉਮਰ ਦੇ ਬੱਚੇ ਪਰਿਵਾਰ ਦੇ ਗੁਜ਼ਾਰੇ ਲਈ ਬੰਧੂਆ ਮਜ਼ਦੂਰ ਬਣ ਜਾਂਦੇ ਹਨ ਤਾਂ ਲੋਕ ਇੰਤਹਾ ਹੋ ਜਾਣ 'ਤੇ ਹੀ ਅਜਿਹਾ ਕਰਦੇ ਹਨ। ਹਾਲਤ ਦੀ ਨਜ਼ਾਕਤ ਦੇ ਮੱਦੇਨਜ਼ਰ, ਬੇਵਸ ਮਾਵਾਂ ਦੇ ਹੰਝੂ ਅਤੇ ਲੀਰੋਲੀਰ ਹੋਏ ਜਜ਼ਬਾਤ ਛੋਟੇ ਅਤੇ ਸੁਭਾਵਿਕ ਲੱਗਣ ਲੱਗ ਜਾਂਦੇ ਹਨ। ਇਕ ਹੋਰ ਖ਼ੁਦਕੁਸ਼ੀ ਦਾ ਤੌਖਲਾ ਘਰ ਕਰ ਜਾਂਦਾ ਹੈ; ਇਸ ਦੀ ਅਟੱਲਤਾ ਹਰ ਕਿਸੇ ਦੇ ਦਿਮਾਗ 'ਚ ਛਾ ਜਾਂਦੀ ਹੈ। ਪੁੱਤਾਂ ਲਈ ਤਾਂ ਚਿੰਤਾ ਦਿਖਾਈ ਜਾਂਦੀ ਹੈ, ਪਰ ਟੱਬਰ ਵਿਚ ਧੀਆਂ ਦਾ ਨਾ ਹੋਣਾ ਉੱਘੜਵੀਂ ਤੇ ਪ੍ਰਤੱਖ ਹਕੀਕਤ ਹੈ, ਕਿਉਂਕਿ ਧੀਆਂ ਨੂੰ ਮਾਰਨਾ ਹਰੇਕ ਸੱਭਿਆਚਾਰ ਅਤੇ ਸਮਾਜਿਕ ਢਾਂਚੇ ਮੁਤਾਬਕ ਵਿਲੱਖਣ ਰੂਪ ਧਾਰਦਾ ਹੈ। ਐਨੀਆਂ ਖ਼ੁਦਕੁਸ਼ੀਆਂ ਦੇ ਪ੍ਰਸੰਗ 'ਚ ਵਿਆਹੀਆਂ ਧੀਆਂ ਨਾਲ ਕੀ ਵਾਪਰਦਾ ਹੈ ਇਸ

---

6. 2008 'ਚ ਮੈਂ ਸ਼ੁਰੂ 'ਚ ਜੋ ਮੁਲਾਕਾਤਾਂ ਕੀਤੀਆਂ ਸਨ, ਉਸ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਸੁੱਚਾ ਸਿੰਘ ਗਿੱਲ ਨੇ ਵਿਸਥਾਰ 'ਚ ਵਿਆਖਿਆ ਕੀਤੀ ਸੀ ਕਿ ਖੇਤੀਬਾੜੀ ਦਾ ਐਨਾ ਵਿਸ਼ਾਲ ਢਾਂਚਾ ਢਹਿਢੇਰੀ ਹੋ ਰਿਹਾ ਹੈ। ਜਿਹੜੇ ਲੋਕ ਇਸ ਪ੍ਰਬੰਧ ਦੀ ਸਭ ਤੋਂ ਹੇਠਲੀ ਪਰਤ ਹਨ ਉਹ ਸਭ ਤੋਂ ਦੂਰ ਧੱਕ ਦਿੱਤੇ ਜਾਂਦੇ ਹਨ। ਉਹ ਕਿੱਥੇ ਧੱਕੇ ਜਾਂਦੇ ਹਨ ਨਾ ਇਸ ਦਾ ਕੋਈ ਸਬੂਤ ਜਾਂ ਰਿਕਾਰਡ ਹੈ ਅਤੇ ਨਾ ਇਹ ਪਤਾ ਲੱਗਦਾ ਹੈ ਕਿ ਕੋਈ ਉਨ੍ਹਾਂ ਦਾ ਨੋਟਿਸ ਵੀ ਲੈਂਦਾ ਹੈ ਜਾਂ ਨਹੀਂ।

ਕਹਾਣੀ ਬਾਰੇ ਕੋਈ ਘੱਟ ਹੀ ਜਾਣਦਾ ਹੈ ਜਿਵੇਂ ਅਸੀਂ ਬਾਅਦ 'ਚ ਦੇਖਾਂਗੇ।

5.3 ਗੁੰਮਸ਼ੁਦਾ ਨੂੰਹਾਂ ਬਾਰੇ

ਖ਼ੁਦਕੁਸ਼ੀ ਤੋਂ ਬਾਅਦ, ਪਰਿਵਾਰਾਂ ਵਲੋਂ ਔਰਤਾਂ ਨੂੰ ਧੱਕਾ ਦੇ ਦੇਣਾ ਅਤੇ ਉਨ੍ਹਾਂ ਤੋਂ ਪਰਿਵਾਰ ਦੀ ਜਾਇਦਾਦ ਵਿਚੋਂ ਨਿਗੂਣੇ ਹੱਕ ਖੋਹ ਲੈਣਾ ਆਮ ਗੱਲ ਹੈ। ਸ਼ੁਰੂ 'ਚ ਕਦੇ-ਕਦਾਈਂ ਅਜਿਹਾ ਸੁਨਣ 'ਚ ਆਉਣਾ ਅਜੀਬ ਨਹੀਂ ਸੀ ਲੱਗਦਾ ਕਿ ਔਰਤ ਪੇਕੇ ਚਲੀ ਗਈ ਸੀ ਜਾਂ ਗੁਆਂਢੀ ਪਿੰਡ। ਹਾਲਾਂਕਿ ਅਜਿਹਾ ਟਾਵਾਂ-ਟਾਵਾਂ ਹੀ ਹੁੰਦਾ ਸੀ। ਅਜਿਹੇ ਹਾਲਾਤ ਵਿਚ, ਗੱਲਬਾਤ ਉਸੇ ਘਰ ਦੀ ਮਾਂ ਜਾਂ ਧੀ ਜਾਂ ਨਣਦ ਨਾਲ ਹੁੰਦੀ। ਨਾਲ ਗਏ ਯੂਨੀਅਨ ਮੈਂਬਰ ਗੱਲਬਾਤ ਦੇ ਖੱਪੇ ਪੂਰਨ ਲਈ ਹੋਰ ਵੇਰਵੇ ਦਿੰਦੇ। ਪਰ ਸਮੇਂ ਦੇ ਨਾਲ ਇਹ ਟੁੱਟਵੇਂ ਵੇਰਵੇ ਇਕ ਨਮੂਨਾ ਬਣਕੇ ਉੱਭਰਨ ਲੱਗੇ। ਹਾਲਾਂਕਿ ਅਜਿਹੇ ਮਾਮਲੇ ਆਟੇ 'ਚ ਲੂਣ ਬਰਾਬਰ ਸਨ, ਪਰ ਫੇਰ ਵੀ ਇਹ ਨਜ਼ਰਅੰਦਾਜ਼ ਕਰਨ ਵਾਲੇ ਨਹੀਂ ਸਨ। ਜਦੋਂ ਕੋਈ ਆਪਣੇ ਬਾਰੇ ਕੁਝ ਦੱਸਣਾ ਸ਼ੁਰੂ ਕਰ ਦਿੰਦੀ ਤਾਂ ਆਮ ਹੀ ਇਹ ਜ਼ਿਕਰ ਹੁੰਦਾ ਹੈ ਕਿ ਕਿਵੇਂ ਉਸਨੇ ਮਰਜ਼ੀ ਨਾਲ ਦੂਸਰਾ ਵਿਆਹ ਕਰਵਾ ਲਿਆ; ਕਿਵੇਂ ਉਸਦੇ ਮਾਪਿਆਂ ਨੇ ਜ਼ਿੱਦ ਕੀਤੀ ਅਤੇ ਉਸਨੂੰ ਨਾਲ ਲੈ ਗਏ; ਜਾਂ ਕਿਵੇਂ ਉਹ ਕੁਝ ਦਿਨਾਂ ਲਈ ਚਲੀ ਗਈ ਸੀ ਆਦਿ। ਦੋ ਮਾਮਲਿਆਂ 'ਚ, ਉਨ੍ਹਾਂ ਨੇ ਦੱਸਿਆ ਕਿਵੇਂ ਰਹਿਣ ਲਈ ਭੁਸਲਾਉਣ ਦੇ ਬਾਵਜੂਦ ਉਹ ਜਾਣ 'ਤੇ ਬਜ਼ਿੱਦ ਰਹੀ। ਇਹ ਅਜਿਹੇ ਮਾਮਲੇ ਹਨ ਜਿਨ੍ਹਾਂ ਨੂੰ ਕੋਈ ਪਰਿਵਾਰ ਬੇਗਾਨੇ ਬੰਦੇ ਨੂੰ ਥੋੜ੍ਹੀ ਔਖ ਨਾਲ ਹੀ ਦੱਸੇਗਾ। ਇਹ ਸਪਸ਼ਟ ਸੀ ਕਿ ਇਨ੍ਹਾਂ ਔਰਤਾਂ ਦੀ ਦਾਸਤਾਂ ਬਾਰੇ ਜੋ ਕੁਝ ਨਜ਼ਰ ਆ ਰਿਹਾ ਸੀ ਉਸ ਤੋਂ ਕਿਤੇ ਜ਼ਿਆਦਾ ਘ੍ਰਿਣਤ ਉਨ੍ਹਾਂ ਨਾਲ ਵਾਪਰਿਆ ਹੋਵੇਗਾ।

—ਇਕ ਔਰਤ ਦੀ ਨੂੰਹ ਆਪਣੇ ਪਤੀ ਦੀ ਮੌਤ ਤੋਂ ਬਾਅਦ ਹੁਣ ਆਪਣੇ ਸਹੁਰੇ ਘਰ ਨਹੀਂ ਰਹਿੰਦੀ। ਗਿਆਰਾਂ ਸਾਲ ਪਹਿਲਾਂ ਉਸ ਦਾ ਵਿਆਹ ਹੋਇਆ ਸੀ। ਇਸ ਜੋੜੇ ਦੇ ਕੋਈ ਬੱਚਾ ਨਾ ਹੋਣਾ ਘਰ ਵਿਚ ਵੱਡੀ ਚਿੰਤਾ ਦਾ ਵਿਸ਼ਾ ਸੀ। ਜਦੋਂ ਉਸ ਬਜ਼ੁਰਗ ਔਰਤ ਨੇ ਧੀ ਵਿਆਹੀ ਤਾਂ ਕਰਜ਼ੇ ਦਾ ਬੋਝ ਪੈਣ ਨਾਲ ਉਸਦੇ ਪੁੱਤ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਅਤੇ ਉਸਨੇ ਆਪਣੀ ਜਾਨ ਲੈ ਲਈ। ਸ਼ੁਰੂ 'ਚ ਉਸ ਔਰਤ ਨੇ ਦੱਸਿਆ ਕਿ ਉਨ੍ਹਾਂ ਨੇ ਨੂੰਹ ਨੂੰ ਪੇਕੇ ਭੇਜ ਦਿੱਤਾ ਸੀ। ਪਰ ਜਦੋਂ ਉਸਨੇ ਹੋਰ ਵਿਸਥਾਰ 'ਚ ਗੱਲ ਕੀਤੀ ਤਾਂ ਉਹ ਬੁਰੀ ਤਰ੍ਹਾਂ ਭੜਕਕੇ ਨੂੰਹ ਨੂੰ ਬੁਰਾ-ਭਲਾ ਕਹਿਣ ਲੱਗੀ। ਉਸਨੇ ਦੱਸਿਆ ਕਿ ਨੂੰਹ ਨੂੰ ਇੱਥੇ ਰੱਖਣ ਲਈ ਉਨ੍ਹਾਂ ਪੂਰੀ ਵਾਹ ਲਾਈ ਸੀ।

ਉਸਨੇ ਦੱਸਿਆ, "ਅਸੀਂ ਉਸਨੂੰ ਗਹਿਣੇ ਖ਼੍ਰੀਦ ਕੇ ਦਿੱਤੇ, ਅਸੀਂ ਇੱਥੋਂ ਤੱਕ ਕਿਹਾ ਕਿ ਅਸੀਂ ਕੋਈ ਮੁੰਡਾ ਗੋਦ ਲੈ ਲਵਾਂਗੇ; ਕੁਝ ਵੀ ਕਰ ਪਰ ਵਾਪਸ ਨਾ ਜਾਹ ਪਰ ਉਹ ਨਹੀਂ ਮੰਨੀ। ਓਦੋਂ ਤੋਂ ਸਾਨੂੰ ਉਸਦੀ ਕੋਈ ਉੱਘ-ਸੁੱਘ ਨਹੀਂ ਹੈ।"

ਉਹ ਕਿਥੇ ਹੈ, ਕੀ ਸਚਮੁਚ ਉਸਨੇ ਆਪਣੀ ਮਰਜ਼ੀ ਨਾਲ ਜਾਣ ਦੀ ਜ਼ਿੱਦ ਕੀਤੀ ਜਾਂ ਸਹੁਰੇ ਘਰੋਂ ਜ਼ਬਰਦਸਤੀ ਕੱਢ ਦਿੱਤੀ ਗਈ? ਕੀ ਉਸਨੇ ਆਪਣੀ ਮਰਜ਼ੀ ਨਾਲ ਜਾਇਦਾਦ ਦਾ ਹਿੱਸਾ ਛੱਡਿਆ ਜੋ 13 ਏਕੜ ਦੇ ਕਰੀਬ ਹੈ? ਵਿਆਹ ਤੋਂ ਗਿਆਰਾਂ ਸਾਲ ਪਿੱਛੋਂ ਅਤੇ ਸਖ਼ਤ ਮਿਹਨਤ ਕਰਨ ਤੋਂ ਬਾਅਦ, ਕੀ ਉਸ ਨੂੰ

ਸਮਾਜਿਕ ਤੌਰ 'ਤੇ ਦੁਰਕਾਰਿਆ ਨਹੀਂ ਗਿਆ? ਸ਼ਾਇਦ ਇਹ ਕਲਪਨਾ ਕਰਨੀ ਔਖੀ ਨਹੀਂ ਹੈ ਕਿ ਇਸ ਪੂਰੀ ਅਜ਼ਮਾਇਸ਼ ਦੌਰਾਨ ਉਸਨੂੰ ਕਿਹੋ ਜਿਹੀ ਹਾਲਤ ਵਿਚੋਂ ਲੰਘਣਾ ਪਿਆ ਹੋਵੇਗਾ।

ਮਾਨਸਾ ਜ਼ਿਲ੍ਹੇ ਦੇ ਇਕ ਹੋਰ ਪਰਿਵਾਰ ਦੀ 7 ਏਕੜ ਤੋਂ ਵੱਧ ਜ਼ਮੀਨ ਸੀ। ਇਸ ਪਰਿਵਾਰ ਦੇ 25 ਸਾਲ ਦੇ ਨੌਜਵਾਨ ਨੇ 13 ਲੱਖ ਕਰਜ਼ੇ ਦਾ ਵਿਆਜ ਦੇਣ ਤੋਂ ਬਾਅਦ ਫਾਹਾ ਲੈ ਲਿਆ। ਬਹੁਤ ਸਾਰੇ ਮਾਮਲਿਆਂ ਵਾਂਗ, ਇਥੇ ਵੀ ਸਾਲਾਂ ਬੱਧੀ ਵਿਆਜ ਮੋੜਦਿਆਂ ਕੁਝ ਜ਼ਮੀਨ ਵੇਚਣੀ ਪਈ। ਉਸਦੇ 6 ਅਤੇ 12 ਸਾਲ ਦੇ ਦੋ ਬੱਚੇ ਸਨ। ਸਾਨੂੰ ਦੱਸਿਆ ਗਿਆ ਕਿ 2007 'ਚ ਉਸਦੀ ਪਤਨੀ ਬੱਚੇ ਛੱਡਕੇ ਚਲੀ ਗਈ ਅਤੇ ਹੋਰ ਵਿਆਹ ਕਰਵਾ ਲਿਆ। ਮ੍ਰਿਤਕ ਦੀ ਭੈਣ ਨੇੜੇ ਹੀ ਵਿਆਹੀ ਹੋਈ ਹੈ, ਉਹ ਅਕਸਰ ਆਉਂਦੀ ਰਹਿੰਦੀ ਹੈ ਅਤੇ ਬੱਚਿਆਂ ਦਾ ਖ਼ਿਆਲ ਰੱਖਦੀ ਹੈ। ਸਰਪੰਚ, ਜੋ ਮ੍ਰਿਤਕ ਦਾ ਦੋਸਤ ਸੀ, ਬੱਚਿਆਂ ਦਾ ਬਹੁਤ ਧਿਆਨ ਰੱਖਦਾ ਹੈ। ਉਸਨੇ ਬੇਬਾਕੀ ਨਾਲ ਮੰਨਿਆ:

"ਜੇ ਟੱਬਰ ਦੀ ਜ਼ਮੀਨ ਹੋਵੇ ਅਤੇ ਟੱਬਰ 'ਚ ਹੋਰ ਮੁੰਡੇ ਹੋਣ ਤਾਂ ਅਸੀਂ ਔਰਤ ਨੂੰ ਛੋਟੇ ਮੁੰਡੇ ਦੇ ਬੈਠਾ ਦਿੰਦੇ ਹਾਂ। ਬੇਸ਼ਕ ਅਜਿਹੀ ਹਾਲਤ 'ਚ ਔਰਤ ਦੀ ਸਲਾਹ ਲਈ ਜਾਂਦੀ ਹੈ। ਪਰ ਇਹ ਕਦੇ ਨਾ ਸੋਚੋ ਕਿ ਇਹ ਔਰਤ ਦੀ ਭਲਾਈ ਖ਼ਾਤਰ ਕੀਤਾ ਜਾਂਦਾ ਹੈ; ਬੁਨਿਆਦੀ ਤੌਰ 'ਤੇ ਇਸ ਤਰ੍ਹਾਂ ਕਰਨ ਦਾ ਮਕਸਦ ਹੈ ਕਿ ਜਾਇਦਾਦ ਪਰਿਵਾਰ ਦੇ ਕੋਲ ਹੀ ਰਹੇ। ਅਸੀਂ ਸਿਰਫ਼ ਇਹ ਯਕੀਨੀ ਬਣਾਉਂਦੇ ਹਾਂ ਕਿ ਅਜਿਹਾ ਉਸਦੀ ਰਜ਼ਾਮੰਦੀ ਨਾਲ ਕੀਤਾ ਜਾਵੇ। ਨਹੀਂ ਤਾਂ, ਔਰਤ ਅਸਲ ਵਿਚ ਕੀ ਚਾਹੁੰਦੀ ਹੈ ਇਹ ਅਸੀਂ ਕਦੇ ਵੀ ਨਹੀਂ ਜਾਣ ਸਕਦੇ। ਔਰਤ ਦੇ ਮਾਪੇ ਉਸਨੂੰ ਵਾਪਸ ਲਿਜਾਣਾ ਨਹੀਂ ਚਾਹੁੰਦੇ। ਇਸ ਕਰਕੇ, ਉਸ ਕੋਲ ਹੋਰ ਕੋਈ ਚਾਰਾ ਨਹੀਂ ਹੁੰਦਾ। ਇਸ ਹਾਲਤ ਵਿਚ ਵੀ ਬਾਕੀ ਜ਼ਮੀਨ ਦੇ ਵਾਰਿਸ ਬੱਚੇ ਹੋਣਗੇ। ਪਰ ਉਸਨੂੰ ਕੀ ਮਿਲਦਾ ਹੈ ਮੈਨੂੰ ਨਹੀਂ ਪਤਾ।"

ਨੂੰਹਾਂ ਨੂੰ ਛੱਡਣਾ ਜ਼ਮੀਨ ਵਾਲੇ ਪਰਿਵਾਰਾਂ ਦੀ ਹੀ ਵਿਸ਼ੇਸ਼ਤਾ ਨਹੀਂ ਹੈ। ਇਹ ਕੁਝ ਬੇਜ਼ਮੀਨਿਆਂ 'ਚ ਵੀ ਚਲਦਾ ਹੈ। 1996 ਦੀ ਗੱਲ ਹੈ ਇਕ ਬੇਜ਼ਮੀਨੇ ਮਜ਼੍ਹਬੀ ਪਰਿਵਾਰ 'ਚ ਪਤੀ ਦੀ ਮੌਤ ਹੋ ਗਈ ਸੀ। ਕਿਹਾ ਜਾਂਦਾ ਹੈ ਕਿ ਸਹੁਰੇ ਘਰ ਰਹਿਣ ਲਈ ਪ੍ਰੇਰਨ ਦੇ ਬਾਵਜੂਦ ਉਸਦੀ ਪਤਨੀ ਚਲੀ ਗਈ। ਮਾਨਸਾ ਜ਼ਿਲ੍ਹੇ ਦੀ ਇਕ ਜੱਟ ਸਿੱਖ ਔਰਤ ਦੇ ਪਤੀ ਨੇ 1996 'ਚ ਖ਼ੁਦਕੁਸ਼ੀ ਕਰ ਲਈ ਸੀ। ਉਸਨੇ ਦੱਸਿਆ ਕਿ 2007 'ਚ ਉਸਦਾ 31 ਸਾਲ ਦਾ ਪੁੱਤ ਵੀ ਕਰਜ਼ਾ ਚੜ੍ਹਨ ਕਾਰਨ ਡੂੰਘੀ ਚਿੰਤਾ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ 'ਚ ਜਾ ਪਿਆ।

"ਜਦੋਂ ਉਸਦੇ ਬਾਪ ਦੀ ਮੌਤ ਹੋਈ ਓਦੋ ਉਹ 20 ਸਾਲ ਦਾ ਸੀ। ਉਸਨੇ ਜਿਵੇਂ ਕਿਵੇਂ ਘਰ ਦਾ ਸਿਲਸਿਲਾ ਚਲਾਉਣ ਦੀ ਵਾਹ ਲਾਈ। ਪਰ ਉਹ ਹਰ ਸਮੇਂ ਤਣਾਅ 'ਚ ਰਹਿੰਦਾ ਸੀ। ਇਕ ਦਿਨ ਉਹ ਸੁੱਤਾ ਪਿਆ ਹੀ ਰਹਿ ਗਿਆ। ਮੇਰੀ ਨੂੰਹ ਦੋ ਬੱਚੇ ਨਾਲ ਹੀ ਲੈਕੇ ਚਲੀ ਗਈ। ਮੈਂ ਨਹੀਂ ਜਾਣਦੀ ਉਹ ਹੁਣ ਕਿਥੇ ਹੈ। ਉਸ ਨੂੰ ਲੱਭਣ ਦਾ ਕੋਈ ਹੀਲਾ ਨਹੀਂ ਹੈ। ਮੈਨੂੰ ਕੌਣ ਦੱਸੇਗਾ? ਕੁਝ ਲੋਕ ਕਹਿੰਦੇ ਹਨ ਉਸਨੇ ਹੋਰ ਵਿਆਹ ਕਰਵਾ ਲਿਆ। ਉਂਞ ਵੀ ਮੇਰਾ ਪੁੱਤ ਤੇ ਉਹ ਬਹੁਤ ਝਗੜਦੇ ਰਹਿੰਦੇ ਸਨ।"

ਔਰਤਾਂ ਸਹੁਰੇ ਘਰਾਂ ਨੂੰ ਛੱਡਕੇ ਕਿਉਂ ਅਤੇ ਕਿਵੇਂ ਜਾਂਦੀਆਂ ਹਨ ਇਸ ਦੇ ਪੂਰੇ ਇਤਿਹਾਸ ਤੋਂ ਜਾਣੂੰ ਹੋਏ ਬਗ਼ੈਰ ਹਾਲਤ ਦਾ ਤਕਾਜ਼ਾ ਸੀ ਕਿ ਇਨ੍ਹਾਂ ਫਟਾਫਟ ਲਾਏ ਬਹਾਨਿਆਂ ਅਤੇ ਜਲਦਬਾਜ਼ੀ 'ਚ ਕੀਤੀਆਂ ਵਿਆਖਿਆਵਾਂ ਨੂੰ ਸਹੀ ਮੰਨ ਲਿਆ ਜਾਵੇ। ਫੇਰ ਵੀ, ਇਹ ਹਕੀਕਤ ਦੀ ਇਕ ਝਲਕ ਹੀ ਦਿਖਾਉਂਦੀਆਂ ਸਨ ਜੋ ਸਪਸ਼ਟ ਤੇ ਵਿਲੱਖਣ ਨਮੂਨਾ ਮੁਹੱਈਆ ਕਰਦੀਆਂ ਸਨ। ਇਹ ਸਚਾਈਆਂ ਅਤੇ ਨੀਮ-ਸਚਾਈਆਂ ਉਨ੍ਹਾਂ ਅਣਗਿਣਤ ਤਰੀਕਿਆਂ ਦੀ ਇਕ ਹੋਰ ਹਕੀਕਤ ਤੋਂ ਪਰਦਾ ਚੁੱਕਦੀਆਂ ਸਨ ਜਿਥੇ ਔਰਤਾਂ ਨੂੰ ਧੱਕਾ ਦੇ ਦਿੱਤਾ ਜਾਂਦਾ ਹੈ ਅਤੇ ਪਰਿਵਾਰ ਵਿਚੋਂ ਬੇਦਖ਼ਲ ਕਰ ਦਿੱਤਾ ਜਾਂਦਾ ਹੈ, ਪਰਿਵਾਰ ਜੋ ਇਸ ਸਮਾਜ ਵਿਚ ਪਵਿੱਤਰ ਮੰਨਿਆ ਜਾਂਦਾ ਹੈ। ਇਨ੍ਹਾਂ ਅਰਥਾਂ 'ਚ, ਜੋ ਅਲੋਪ ਹੋ ਗਈਆਂ ਉਹ ਵਿਰਾਸਤੀ ਹੱਕ ਤੋਂ ਵਾਂਝੀਆਂ ਵੀ ਕਰ ਦਿੱਤੀਆਂ ਗਈਆਂ ਹਨ। ਇਹ ਬੱਚਿਆਂ ਅਤੇ ਪਰਿਵਾਰ ਲਈ ਕਮਾਉਣ ਵਾਲੇ ਜੀਅ ਨੂੰ ਉਸ ਦੇ ਵਿਰਾਸਤੀ ਹੱਕ ਤੋਂ ਜਬਰੀ ਵਾਂਝੇ ਕਰਨਾ ਹੈ। ਪਰਿਵਾਰ ਵਿਚ ਉਸਦੀ ਮਿਹਨਤ ਜਾਂ ਪੈਸੇ ਦੇ ਯੋਗਦਾਨ ਦੀ ਕਦਰ ਨਹੀਂ ਪਾਈ ਜਾਂਦੀ; ਉਸ ਨੂੰ ਸਿਰਫ਼ ਇਸ ਕਰਕੇ ਹੱਕ ਤੋਂ ਵਾਂਝੀ ਕਰ ਦਿੱਤਾ ਜਾਂਦਾ ਹੈ ਕਿ ਉਹ ਮਰਦ ਨਹੀਂ ਹੈ।

ਐਸੀਆਂ ਔਰਤਾਂ ਵੀ ਹਨ ਜੋ ਸਹੁਰੇ ਘਰ ਹੀ ਰਹਿ ਰਹੀਆਂ ਹਨ ਪਰ ਖੇਤੀਬਾੜੀ ਵਾਲੀ ਜ਼ਮੀਨ ਉੱਤੇ ਉਨ੍ਹਾਂ ਦਾ ਕੋਈ ਹੱਕ ਨਹੀਂ ਹੈ ਜਾਂ ਇਸ ਦੀ ਉਪਜ 'ਤੇ ਵੀ ਨਹੀਂ। ਬਰਨਾਲਾ ਜ਼ਿਲ੍ਹੇ ਦੀ ਇਕ ਔਰਤ ਨੇ ਆਪਣੀ ਵਿਥਿਆ ਦੱਸੀ ਕਿ ਕਿਵੇਂ 2007 'ਚ ਉਸਦੇ ਪਤੀ ਵਲੋਂ ਖ਼ੁਦਕੁਸ਼ੀ ਕਰ ਲਏ ਜਾਣ ਤੋਂ ਬਾਅਦ ਉਸ ਤੋਂ ਜ਼ਮੀਨ ਦਾ ਹੱਕ ਖੋਹ ਲਿਆ ਗਿਆ। ਆਪਣੀ ਹੋਣੀ ਚੁਨਣ ਤੋਂ ਪਹਿਲਾਂ ਉਸਦਾ ਪਤੀ ਘੋਰ ਉਦਾਸੀ ਦੇ ਬੇਹੱਦ ਲੰਮੇ ਦੌਰ ਵਿਚੋਂ ਗੁਜ਼ਰਿਆ ਸੀ, ਕਿਉਂਕਿ ਉਸਦਾ ਬਾਪ ਆਪਣੀ ਜਾਇਦਾਦ ਤਕਸੀਮ ਕਰਕੇ ਪੁੱਤਾਂ ਨੂੰ ਦੇਣ ਲਈ ਤਿਆਰ ਨਹੀਂ ਸੀ। ਖ਼ੁਦਕੁਸ਼ੀ ਤੋਂ ਬਾਅਦ, ਯੂਨੀਅਨ ਅਤੇ ਪੰਚਾਇਤ ਨੇ ਉਸਨੂੰ ਜਾਇਦਾਦ ਵਿਚੋਂ ਹਿੱਸਾ ਦਿਵਾਉਣ ਦੀ ਵਾਹ ਲਾਈ ਪਰ ਕੋਈ ਫ਼ਾਇਦਾ ਨਾ ਹੋਇਆ। ਉਸ ਦੇ ਦੋ ਬੱਚੇ ਹੁਣ ਅੱਲੜ ਵਰੇਸ 'ਚ ਹਨ ਜਿਨ੍ਹਾਂ ਤੋਂ ਉਸ ਨੂੰ ਮਦਦ ਦੀ ਆਸ ਬੱਝਦੀ ਹੈ। ਉਸ ਦੀ ਧੀ ਉਸ ਮੰਦਭਾਗੇ ਦਿਨ ਦੇ ਸਦਮੇ 'ਚੋਂ ਨਹੀਂ ਨਿਕਲ ਸਕੀ। ਉਸਨੇ ਹੀ ਪਹਿਲਾਂ ਬਾਪ ਦੀ ਰੁੱਖ ਨਾਲ ਲਟਕਦੀ ਲਾਸ਼ ਦੇਖੀ ਸੀ। ਫੇਰ ਵੀ, ਉਹ ਹੁਣ ਆਪਣੀ ਮਾਂ ਨੂੰ ਇਨਸਾਫ਼ ਦਿਵਾਉਣ ਦਾ ਦ੍ਰਿੜ੍ਹ ਇਰਾਦਾ ਧਾਰੀ ਬੈਠੀ ਹੈ। ਬਠਿੰਡਾ ਜ਼ਿਲ੍ਹੇ ਦੇ ਇਕ ਪਿੰਡ ਦੀ ਕੈਂਸਰ ਤੋਂ ਪੀੜਤ ਇਕ ਔਰਤ ਨੇ ਦੱਸਿਆ ਕਿ ਉਸ ਦੇ ਸਹੁਰਿਆਂ ਨੇ ਕਦੇ ਉਸ ਦੀ ਬਾਤ ਨਹੀਂ ਪੁੱਛੀ ਪਰ ਉਸਦਾ ਪਤੀ ਜਿੰਨਾ ਸਮਾਂ ਜਿਉਂਦਾ ਰਿਹਾ ਉਸਦੀ ਬਹੁਤ ਦੇਖਭਾਲ ਕਰਦਾ ਰਿਹਾ। ਉਹ ਮਹਿਸੂਸ ਕਰਦੀ ਸੀ ਕਿ ਇਹ ਮੁੱਖ ਤੌਰ 'ਤੇ ਉਸਦੇ ਬੇਔਲਾਦ ਹੋਣ ਕਾਰਨ ਹੋਵੇਗਾ।

5.4 ਹੋਰ ਖ਼ੁਦਕੁਸ਼ੀਆਂ ਅਤੇ ਮੌਤਾਂ ਬਾਰੇ

ਖ਼ੁਦਕੁਸ਼ੀਆਂ ਤੋਂ ਪਹਿਲਾਂ ਵੀ, ਟੱਬਰ ਦੇ ਹੋਰ ਜੀਆਂ ਦੀ ਜ਼ਿੰਦਗੀ 'ਚ ਬੀਮਾਰੀਆਂ ਅਤੇ ਹੋਰ ਸਮੱਸਿਆਵਾਂ ਦੀ ਭਰਮਾਰ ਹੁੰਦੀ ਹੈ। ਕੁਝ ਹੋਰ ਔਰਤਾਂ ਨੇ ਉਸੇ ਪਰਿਵਾਰ ਜਾਂ ਉਨ੍ਹਾਂ ਦੇ ਹੋਰ ਪਰਿਵਾਰ 'ਚ ਮੌਤਾਂ, ਹਾਦਸਿਆਂ ਜਾਂ ਹੋਰ

ਖ਼ੁਦਕੁਸ਼ੀਆਂ ਦੇ ਮਾਮਲਿਆਂ ਬਾਰੇ ਦੱਸਿਆ। ਇੰਞ, ਹਰੇਕ ਖ਼ੁਦਕੁਸ਼ੀ ਜਿਊਂਦੇ ਨਰਕ ਤੋਂ ਬਚਣ ਦਾ ਯਤਨ ਹੈ। ਜਦੋਂ ਕਿਸੇ ਫੌਰੀ ਕਾਰਨ ਖ਼ੁਦਕੁਸ਼ੀ ਕੀਤੀ ਜਾਂਦੀ ਹੈ ਤਾਂ ਇਸ ਨਾਲ ਦਿਨੋ-ਦਿਨ ਗ਼ੈਰਟਿਕਾਊ ਖੇਤੀਬਾੜੀ ਤੋਂ ਮਾਯੂਸੀ ਦਾ ਉਹ ਲੰਮਾ ਅਮਲ ਸਾਹਮਣੇ ਆ ਜਾਂਦਾ ਹੈ ਜਿਸ ਵਿਚੋਂ ਪਰਿਵਾਰ ਅਤੇ ਮ੍ਰਿਤਕ ਗੁਜ਼ਰ ਰਹੇ ਹੁੰਦੇ ਹਨ। ਜੋ ਪਰਿਵਾਰ ਦੇ ਵਿਗੜ ਰਹੇ ਹਾਲਾਤ ਨੂੰ ਦਰਸਾ ਰਿਹਾ ਹੁੰਦਾ ਹੈ।

ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਰੁਝਾਨ ਅਤੇ ਇਸਦੇ ਕਾਰਨਾਂ ਦੀ ਚੀਰਫਾੜ ਕਰਨ ਸਮੇਂ ਖ਼ੁਦਕੁਸ਼ੀ ਕਰਨ ਵਾਲੇ ਵਿਅਕਤੀ ਵੱਲ ਤਾਂ ਵਿਸਥਾਰ 'ਚ ਤਵੱਜੋ ਦਿੱਤੀ ਜਾਂਦੀ ਹੈ ਪਰ ਪਿੱਛੇ ਰਹਿ ਗਏ ਪਰਿਵਾਰ ਮੈਂਬਰਾਂ ਦੀ ਹਾਲਤ ਸਾਹਮਣੇ ਨਹੀਂ ਆਉਂਦੀ। ਕੁਝ ਖ਼ੁਦਕੁਸ਼ੀ ਦਾ ਇਰਾਦਾ ਬਣਾ ਰਹੇ ਹੋਣਗੇ, ਕੁਝ ਪਹਿਲਾਂ ਹੀ ਅਜਿਹਾ ਕਰ ਚੁੱਕੇ ਹੋਣਗੇ, ਅਤੇ ਬਾਕੀ ਦੇ ਮਰਨ ਦੇ ਅਮਲ 'ਚ ਹੋਣਗੇ। ਅਜਿਹਾ ਮਰਨਾ ਸੁਭਾਵਿਕ ਲੱਗਦਾ ਹੈ, ਪਰ ਅਸਲ ਵਿਚ ਇਹ ਲੰਮੇ ਸਮੇਂ ਤੋਂ ਅੱਖੋਂ ਪਰੋਖੇ ਕੀਤੇ ਜਾਣ ਅਤੇ ਥੁੜਾਂ ਮਾਰੇ ਹੋਣ ਦਾ ਨਤੀਜਾ ਹੈ। ਰੋਗੀ ਹੋਏ ਹੋਣ ਦੇ ਅਹਿਸਾਸਾਂ ਨਾਲ ਦੋ-ਚਾਰ ਹੁੰਦਿਆਂ ਅਤੇ ਜ਼ਿੰਦਗੀ ਦੀਆਂ ਰੋਜ਼ਮਰਾ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਅਜਿਹੇ ਪਰਿਵਾਰ ਐਨੇ ਵੱਡੇ ਦੁੱਖਾਂ-ਦਰਦਾਂ ਦਾ ਬੋਝ ਢੋਅ ਰਹੇ ਹੁੰਦੇ ਹਨ ਜਿਨ੍ਹਾਂ 'ਚ ਕਮੀ ਨਹੀਂ ਆਉਂਦੀ ਅਤੇ ਫੇਰ ਵੀ ਉਹ ਬਾਹਰੀ ਦੁਨੀਆਂ ਦੀ ਨਜ਼ਰ 'ਚ ਨਹੀਂ ਆਉਂਦੇ। ਨਿਗੂਣੇ ਵਸੀਲਿਆਂ, ਨਿੱਤ ਦੇ ਪਰਿਵਾਰਕ ਕਲੇਸ਼, ਢਹਿੰਦੀ ਕਲਾ ਅਤੇ ਅੰਤ ਇਸ ਅਮਲ ਅੰਦਰ ਆਪਣੇ ਪਿਆਰਿਆਂ ਦਾ ਵਿਛੋੜਾ ਆਮ ਜਾਣਕਾਰੀ ਦੀਆਂ ਗੱਲਾਂ ਹਨ। ਅਤੇ ਇਸ ਨੂੰ ਸਮਝਣਾ ਮੁਸ਼ਕਲ ਨਹੀਂ ਹੋਵੇਗਾ ਕਿ ਇਹ ਕੁਝ ਕਿਵੇਂ ਜਾਂ ਕਿਉਂ ਵਾਪਰ ਰਿਹਾ ਹੈ। ਜ਼ਰੱਈ ਸੰਕਟ ਨਾਲ ਸਬੰਧਤ ਵਿਚਾਰ-ਚਰਚਾਵਾਂ ਵਿਚ ਮਸ਼ੀਨੀਕਰਨ ਦੀ ਵਜ੍ਹਾ ਨਾਲ ਕਿਸਾਨ ਪਰਿਵਾਰਾਂ 'ਚ ਹੁੰਦੀਆਂ ਕਈ ਮੌਤਾਂ, ਖ਼ੁਦਕੁਸ਼ੀਆਂ ਅਤੇ ਹਾਦਸਿਆਂ ਵੱਲ ਬਹੁਤ ਘੱਟ ਗੌਰ ਕੀਤੀ ਜਾਂਦੀ ਹੈ। ਮਨ ਬਣਾਕੇ ਕੀਤੀਆਂ ਖ਼ੁਦਕੁਸ਼ੀਆਂ ਉਸ ਵਿਆਪਕ ਵਰਤਾਰੇ ਦਾ ਮਹਿਜ਼ ਲੱਛਣ ਹਨ ਜਿਸ ਦਾ ਸਿੱਟਾ ਖੇਤਬਾੜੀ ਨਾਲ ਜੁੜੇ ਭਾਈਚਾਰਿਆਂ ਨੂੰ ਕੰਗਾਲ ਕਰਨ ਅਤੇ ਅੰਤ ਉਨ੍ਹਾਂ ਦੀ ਹੋਂਦ ਮਿਟਾ ਦੇਣ 'ਚ ਨਿਕਲ ਰਿਹਾ ਹੈ।

ਕਈ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਇਕ ਤੋਂ ਵੱਧ ਖ਼ੁਦਕੁਸ਼ੀਆਂ ਹੋਈਆਂ ਹਨ। ਸੰਗਰੂਰ ਜ਼ਿਲ੍ਹੇ ਦੀ ਇਕ ਅਠਾਰਾਂ ਸਾਲ ਦੀ ਕੁੜੀ, ਜਿਸ ਦੀ ਮਾਂ ਉਸ ਦੇ ਪੈਦਾ ਹੋਣ ਦੇ ਇਕ ਮਹੀਨੇ ਦੇ ਅੰਦਰ ਹੀ ਰੱਬ ਨੂੰ ਪਿਆਰੀ ਹੋ ਗਈ ਸੀ, ਅੰਤ ਬਾਪ ਦੇ ਪਿਆਰ ਤੋਂ ਵਾਂਝੀ ਹੋ ਗਈ। ਉਸਦੇ ਬਾਪ ਨੇ 2007 'ਚ ਖ਼ੁਦਕੁਸ਼ੀ ਕਰ ਲਈ। ਹੁਣ ਉਸਦਾ ਪਾਲਣ-ਪੋਸਣ ਉਸਦੇ ਚਾਚਾ-ਚਾਚੀ ਕਰ ਰਹੇ ਹਨ। ਬਾਪ ਦੀ ਖ਼ੁਦਕੁਸ਼ੀ ਤੋਂ ਪਹਿਲਾਂ, ਉਸਦੇ ਭਰਾ ਨੇ ਕੁਝ ਵਰ੍ਹੇ ਪਹਿਲਾਂ ਆਪਣੀ ਧੀ ਦਾ ਕਤਲ ਕਰਕੇ ਖ਼ੁਦ ਨੂੰ ਜ਼ਿੰਦਾ ਜਲਾ ਲਿਆ ਸੀ।

ਮਾਨਸਾ ਜ਼ਿਲ੍ਹੇ ਦੇ ਇਕ ਪਰਿਵਾਰ ਵਿਚ, ਇਕ ਔਰਤ ਅਤੇ ਉਸ ਦੀ ਨੂੰਹ ਦੋਵਾਂ ਦੇ ਪਤੀ ਖ਼ੁਦਕੁਸ਼ੀ ਨੇ ਖੋਹ ਲਏ। ਰਿਸ਼ਤਾ ਵਿਗੜ ਜਾਣ ਕਾਰਨ, ਉਹ ਆਪਣੀ ਪਰਿਵਾਰਕ ਥਾਂ ਵਿਚ ਜੁਦਾ ਜੁਦਾ ਘਰਾਂ 'ਚ ਰਹਿ ਰਹੀਆਂ ਹਨ। ਆਪਣੇ ਖੋਟੇ ਨਸੀਬਾਂ ਦਾ ਦੋਸ਼ ਉਹ ਇਕ ਦੂਜੀ ਸਿਰ ਲਾਉਂਦੀਆਂ ਹਨ। ਬਜ਼ੁਰਗ ਔਰਤ ਕਹਿੰਦੀ ਹੈ ਕਿ ਉਨ੍ਹਾਂ ਦੀ ਡੇਢ ਏਕੜ ਜ਼ਮੀਨ ਉਸਦੇ ਤਿੰਨ ਪੁੱਤਾਂ ਅਤੇ ਉਸਦੇ

ਪਤੀ ਵਿਚਕਾਰ ਚਹੁੰ ਹਿੱਸਿਆਂ 'ਚ ਵੰਡੀ ਗਈ। ਉਸਦਾ ਸਭ ਤੋਂ ਛੋਟਾ ਪੁੱਤ ਫ਼ੌਜ 'ਚ ਸੀ, ਉਸਨੇ 1998 'ਚ ਖ਼ੁਦਕੁਸ਼ੀ ਕਰ ਲਈ। ਕਿਹਾ ਜਾਂਦਾ ਹੈ ਕਿ ਉਸਨੇ ਆਪਣੀ ਪਤਨੀ ਨਾਲ ਕਲੇਸ਼ ਰਹਿਣ ਕਾਰਨ ਖ਼ੁਦਕੁਸ਼ੀ ਕੀਤੀ ਸੀ। 2001 'ਚ ਪਰਿਵਾਰ 'ਚ ਬਹੁਤ ਜ਼ਿਆਦਾ ਕਲੇਸ਼ ਹੋਣ ਕਾਰਨ ਸਭ ਤੋਂ ਵੱਡੇ ਪੁੱਤ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਇਸੇ ਸਾਲ ਗਭਲੇ ਪੁੱਤ ਨੇ ਵੀ ਆਪਣੀ ਜਾਨ ਲੈ ਲਈ। ਬਜ਼ੁਰਗ ਔਰਤ ਨੇ ਕਿਹਾ ਕਿ ਆੜ੍ਹਤੀਏ ਅਤੇ ਬੈਂਕ ਵਾਲਿਆਂ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਤੋਂ ਦੁਖੀ ਹੋਣ ਕਾਰਨ ਉਸਦੇ ਪਤੀ ਨੂੰ 2004 'ਚ ਖ਼ੁਦਕੁਸ਼ੀ ਦਾ ਰਾਹ ਅਪਨਾਉਣਾ ਪਿਆ। ਉਸਦੇ ਸਿਰ ਚਾਰ ਲੱਖ ਰੁਪਏ ਦਾ ਕਰਜ਼ਾ ਸੀ।

"ਜਦੋਂ ਕਰਜ਼ਾ ਮੋੜਨ ਦੇ ਚੱਕਰ 'ਚ ਜ਼ਮੀਨ ਵਿਕ ਗਈ, ਮੈਨੂੰ ਬੇਗਾਨੇ ਖੇਤਾਂ 'ਚ ਦਿਹਾੜੀ ਕਰਨੀ ਪਈ। ਪਰ ਹੁਣ ਮੈਂ ਐਨੀ ਬੁੱਢੀ ਹੋ ਗਈ ਹਾਂ ਕਿ ਮੈਂ ਇਹ ਕੰਮ ਨਹੀਂ ਕਰ ਸਕਦੀ। ਮੈਨੂੰ 250 ਰੁਪਏ ਮਹੀਨਾ ਵਿਧਵਾ ਪੈਨਸ਼ਨ ਮਿਲਦੀ ਹੈ। ਮੈਂ ਤੈਨੂੰ ਜਾਂ ਯੂਨੀਅਨ ਵਾਲਿਆਂ ਜਾਂ ਸਰਕਾਰ ਨੂੰ ਕੀ ਦੱਸਾਂ। ਤੁਸੀਂ ਖ਼ੁਦ ਹੀ ਸੋਚੋ ਮੇਰੀ ਜ਼ਿੰਦਗੀ ਕਿਹੋ ਜਹੀ ਹੈ ਕਿਉਂਕਿ ਮੈਂ ਨਹੀਂ ਜਾਣਦੀ ਮੈਂ ਕਿਵੇਂ ਜਾਂ ਕਿਓਂ ਜੀਅ ਰਹੀ ਹਾਂ। ਨਾ ਮੈਨੂੰ ਕੋਈ ਆਸ ਹੈ, ਨਾ ਮੇਰੇ ਕੋਲ ਕੋਈ ਪੈਸਾ ਜਾਂ ਜ਼ਮੀਨ ਹੈ, ਨਾ ਮੇਰੀ ਕੋਈ ਇੱਜ਼ਤ ਹੈ, ਅਤੇ ਨਾ ਮੇਰੇ ਕੋਲ ਕੋਈ ਪੁੱਤ ਹੈ। ਮੈਂ ਤੈਨੂੰ ਕੀ ਦੱਸਾਂ? ਮੈਂ ਤੇ ਮੇਰੀ ਨੂੰਹ ਇਕੋ ਵਿਹੜੇ ਵਿਚ ਰਹਿੰਦੀਆਂ ਹਾਂ, ਪਰ ਸਾਡੀ ਆਪਸ 'ਚ ਬੋਲਚਾਲ ਵੀ ਨਹੀਂ ਹੈ। ਮੇਰਾ ਐਕਸੀਡੈਂਟ ਹੋ ਗਿਆ ਸੀ, ਮੈਨੂੰ ਸ਼ੂਗਰ ਦੀ ਬੀਮਾਰੀ ਵੀ ਹੈ। ਪਰ ਮੈਨੂੰ ਮੌਤ ਨਹੀਂ ਆਈ। ਮੈਂ ਸਚਮੁਚ ਚਾਹੁੰਦੀ ਸੀ ਕਿ ਮੈਂ ਉਸ ਹਾਦਸੇ 'ਚ ਮਰ ਕਿਉਂ ਨਹੀਂ ਗਈ।"

ਹੈਰਾਨੀ ਦੀ ਗੱਲ ਹੈ ਕਿ ਇਸੇ ਪਰਿਵਾਰ ਦੀਆਂ ਦੂਜੀਆਂ ਦੋ ਔਰਤਾਂ ਨਾਲ ਕੀ ਬੀਤੀ, ਜੋ ਆਪਣੇ ਪਤੀਆਂ ਵਲੋਂ ਖ਼ੁਦਕੁਸ਼ੀ ਕਰ ਲੈਣ ਤੋਂ ਬਾਅਦ ਪਰਿਵਾਰ ਨੂੰ ਛੱਡ ਗਈਆਂ ਸਨ। ਕਹਿੰਦੇ ਹਨ ਇਕ ਲੜਾਕੀ ਸੀ ਅਤੇ ਦੂਜੀ ਉੱਧਲ ਗਈ। ਹੁਣ ਉਨ੍ਹਾਂ ਦਾ ਕੋਈ ਜ਼ਿਕਰ ਕਰਨ ਨੂੰ ਤਿਆਰ ਨਹੀਂ ਹੈ। ਸਾਂਝੇ ਤਜਰਬੇ ਦੀਆਂ ਹੱਦਬੰਦੀਆਂ ਨਾਲ ਜੁਦਾ ਹੋਈਆਂ ਇਸ ਪਰਿਵਾਰ ਦੀਆਂ ਸਾਰੀਆਂ ਔਰਤਾਂ ਐਸੀ ਘੋਰ ਹਾਲਤ 'ਚ ਟੱਕਰਾਂ ਮਾਰ ਰਹੀਆਂ ਹਨ, ਜਿਸ ਦਾ ਅੰਤਮ ਨਤੀਜਾ ਆਪਣੇ ਪਰਿਵਾਰ ਅਤੇ ਆਪਣਿਆਂ ਤੋਂ ਘੋਰ ਬੇਗਾਨਗੀ ਪੈਦਾ ਹੋਣ 'ਚ ਨਿਕਲਦਾ ਹੈ।

ਮਾਨਸਾ ਜ਼ਿਲ੍ਹੇ ਵਿਚ ਜਿੰਨੇ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ, ਲਗਭਗ ਹਰੇਕ ਪਰਿਵਾਰ ਕਈ ਤਰ੍ਹਾਂ ਨਾਲ ਤਬਾਹ ਹੋਇਆ ਹੈ। ਇਸੇ ਜ਼ਿਲ੍ਹੇ 'ਚ ਇਕ ਹੋਰ ਜੱਟ ਸਿੱਖ ਪਰਿਵਾਰ ਦੀ ਪੰਜ ਏਕੜ ਜ਼ਮੀਨ ਸੀ। ਇਹ ਪੁੱਤਰਾਂ 'ਚ ਵੰਡੀ ਜਾਣ ਨਾਲ ਸਾਰੇ ਹੀ ਬੇਜ਼ਮੀਨੇ ਹੋ ਗਏ। ਮਾਨਸਾ ਜ਼ਿਲ੍ਹੇ ਦੀ ਇਕ ਔਰਤ ਨੇ ਆਪਣਾ ਦੁੱਖ ਫਰੋਲਿਆ ਕਿ ਉਹ ਅਤੇ ਉਸ ਦੀ ਧੀ ਕਿਵੇਂ ਗੋਹਾ-ਕੂੜਾ ਕਰਕੇ ਡੰਗ ਟਪਾ ਰਹੀਆਂ ਹਨ। 1996 'ਚ ਜਦੋਂ ਫ਼ਸਲਾਂ ਸੁੰਡੀ ਨੇ ਤਬਾਹ ਕਰ ਦਿੱਤੀਆਂ ਓਦੋਂ ਉਸ ਦੇ ਪਤੀ ਨੇ ਡੁੱਬਕੇ ਜਾਨ ਦੇ ਦਿੱਤੀ ਸੀ। ਇਹ ਦੁੱਖ ਨਾ ਸਹਾਰਦਾ ਹੋਇਆ, ਉਸ ਦਾ ਵੱਡਾ ਭਾਈ ਦੋ ਦਿਨ ਬਾਅਦ ਦਿਲ ਦਾ ਦੌਰਾ ਪੈਣ ਨਾਲ ਇਸ ਜਹਾਨੋਂ ਤੁਰ ਗਿਆ। 2006 'ਚ ਉਸਦੇ ਮੁੰਡੇ ਨੇ ਖ਼ੁਦਕੁਸ਼ੀ ਕਰ ਲਈ। ਉਸਦੀ ਪਤਨੀ ਬੱਚੇ

ਲੈਕੇ ਪੇਕੇ ਚਲੀ ਗਈ। ਜਿਵੇਂ ਵੱਖ-ਵੱਖ ਤਰ੍ਹਾਂ ਨਾਲ ਪਰਿਵਾਰ ਖੇਰੂੰ-ਖੇਰੂੰ ਹੁੰਦਾ ਹੈ ਅਤੇ ਔਰਤਾਂ ਜਿਹੋ ਜਿਹੀ ਬੇਯਕੀਨੀ ਹਾਲਤ 'ਚ ਘਿਰੀਆਂ ਹੋਈਆਂ ਹਨ, ਇਹ ਸਭ ਕੁਝ ਅਜੀਬ ਰੂਪ 'ਚ ਮਿਲਦਾ-ਜੁਲਦਾ ਹੈ—ਇਸ ਗਾਥਾ ਦੀ ਲਿਖਤ ਉਸ ਹਸ਼ਰ ਦੀ ਸ਼ੁਰੂਆਤ ਨਾਲ ਲਿਖੀ ਗਈ ਜੋ ਹਰੇ ਇਨਕਲਾਬ ਨੇ ਪੰਜਾਬ ਦਾ ਕੀਤਾ ਹੈ।

ਮੁਕਤਸਰ ਜ਼ਿਲ੍ਹੇ ਦੇ ਗਿਦੜਬਾਹਾ ਬਲਾਕ ਦੀ ਇਕ ਔਰਤ ਨੇ ਆਪਣੀ ਦਰਦ ਕਹਾਣੀ ਦੱਸੀ ਕਿ ਕਿਵੇਂ ਉਨ੍ਹਾਂ ਦੀ 40 ਏਕੜ ਜ਼ਮੀਨ ਚਾਰ ਭਰਾਵਾਂ 'ਚ ਵੰਡੀ ਗਈ। ਉਸਦਾ ਪਤੀ ਪਹਿਲਾਂ ਹੀ ਕਰਜ਼ਾਈ ਸੀ ਅਤੇ ਉਸਦੀ ਜ਼ਿਆਦਾਤਰ ਜ਼ਮੀਨ ਵਿਕ ਚੁੱਕੀ ਸੀ। ਜਦੋਂ 1999 'ਚ, ਅਮਰੀਕਣ ਸੁੰਡੀ ਨੇ ਸਾੜ੍ਹਸਤੀ ਮਚਾਈ ਤਾਂ ਉਹ ਨੁਕਸਾਨ ਨਾ ਝੱਲ ਸਕਿਆ ਅਤੇ ਕੀੜੇਮਾਰ ਦਵਾਈ ਪੀਕੇ ਜਾਨ ਗਵਾ ਲਈ। ਉਸਦੇ ਦੋ ਹੋਰ ਭਰਾਵਾਂ ਨੇ ਵੀ ਅਜਿਹੇ ਕਾਰਨ ਕਰਕੇ ਖ਼ੁਦਕੁਸ਼ੀ ਕਰ ਲਈ। ਅੱਜਕੱਲ੍ਹ ਇਹ ਬੇਜ਼ਮੀਨੀ ਔਰਤ ਇਕੱਲੀ ਰਹਿ ਗਈ ਹੈ। ਉਸ ਨੂੰ ਖ਼ਦਸ਼ਾ ਹੈ ਕਿ ਉਸਦੀ ਇਕ ਕਿਸਾਨ ਨੂੰ ਵਿਆਹੀ ਧੀ ਦਾ ਹਸ਼ਰ ਵੀ ਕਿਤੇ ਉਸੇ ਵਾਲਾ ਨਾ ਹੋ ਜਾਵੇ।

ਇਸੇ ਬਲਾਕ ਦੀ ਇਕ ਮਜ਼੍ਹਬੀ ਸਿੱਖ ਔਰਤ ਦਾ ਪਤੀ, ਜੋ ਖੇਤ ਮਜ਼ਦੂਰੀ ਕਰਦਾ ਸੀ, ਉਸਨੇ 2002 'ਚ ਆਪਣੀ ਜਾਨ ਲੈ ਲਈ। ਚਾਰ ਸਾਲ ਬਾਅਦ ਉਸਦੇ ਪੁੱਤ ਦੀ ਵੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਆਪਣੇ ਬਾਪ ਦੀ ਖ਼ੁਦਕੁਸ਼ੀ ਪਿੱਛੋਂ ਉਹ ਹਰ ਸਮੇਂ ਤਣਾਅ 'ਚ ਅਤੇ ਗੁੰਮਸੁੰਮ ਰਹਿੰਦਾ ਸੀ। ਬਠਿੰਡਾ ਜ਼ਿਲ੍ਹੇ ਦੀ ਇਕ ਔਰਤ 55 ਸਾਲ ਦੀ ਹੈ। ਉਸ ਦੇ ਪਤੀ ਨੇ ਜਦੋਂ 1990 'ਚ ਖ਼ੁਦਕੁਸ਼ੀ ਕਰ ਲਈ ਤਾਂ ਉਸਨੇ ਆਪਣੇ ਦਿਉਰ ਨਾਲ ਵਿਆਹ ਕਰ ਲਿਆ। ਇਸ ਦੂਜੇ ਪਤੀ ਨੇ ਵੀ 2003 'ਚ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਇਕ ਸਮੇਂ ਪਰਿਵਾਰ ਦੀ ਸੱਤ ਏਕੜ ਜ਼ਮੀਨ ਸੀ ਜੋ ਖੁਰਦੀ-ਖੁਰਦੀ 3 ਏਕੜ ਰਹਿ ਗਈ। ਉਸਦੇ ਦੋਵੇਂ ਪੁੱਤ ਹੁਣ ਜਵਾਨ ਹੋ ਚੁੱਕੇ ਹਨ ਅਤੇ ਉਨ੍ਹਾਂ ਨੇ ਖੇਤੀ ਦੇ ਕੰਮ ਨਾਲੋਂ ਨਾਤਾ ਤੋੜ ਲਿਆ ਹੈ। ਉਨ੍ਹਾਂ ਵਿਚੋਂ ਇਕ ਨੇੜੇ ਦੀ ਇਕ ਚੌਲਾਂ ਦੀ ਮਿੱਲ ਵਿਚ ਕੰਮ ਕਰਦਾ ਹੈ ਜਦਕਿ ਦੂਜਾ ਟਰੱਕ ਡਰਾਈਵਰੀ ਕਰਦਾ ਹੈ। ਇਸ ਤੋਂ ਉਸ ਨੂੰ ਆਸ ਬੱਝਦੀ ਹੈ ਕਿ ਘੱਟੋਘੱਟ ਉਨ੍ਹਾਂ ਦਾ ਅਜਿਹਾ ਹਸ਼ਰ ਨਹੀਂ ਹੋਵੇਗਾ।

"ਮੈਂ ਦੋ ਖ਼ੁਦਕੁਸ਼ੀਆਂ ਦੇਖ ਚੁੱਕੀ ਹਾਂ। ਮੇਰਾ ਦੂਜਾ ਪਤੀ ਮੇਰਾ ਬਹੁਤ ਜ਼ਿਆਦਾ ਖ਼ਿਆਲ ਰੱਖਦਾ ਸੀ ਪਰ ਖੇਤੀਬਾੜੀ ਤੋਂ ਉਹ ਬਹੁਤ ਮਾਯੂਸ ਸੀ। ਚੰਗੀ ਗੱਲ ਇਹ ਹੈ ਮੇਰੇ ਦੋਵੇਂ ਪੁੱਤ ਹੁਣ ਜ਼ਮੀਨ 'ਤੇ ਨਿਰਭਰ ਨਹੀਂ ਹਨ। ਜ਼ਮੀਨ ਠੇਕੇ 'ਤੇ ਦੇ ਦਿੱਤੀ ਹੈ। ਮੇਰੀ ਸਿਹਤ ਡਿਗਦੀ ਜਾ ਰਹੀ ਹੈ ਅਤੇ ਮੈਨੂੰ ਸ਼ੱਕ ਹੈ ਕਿ ਮੈਂ ਕਦੇ ਠੀਕ ਹੋ ਸਕਾਂਗੀ।"

ਬਠਿੰਡਾ ਜ਼ਿਲ੍ਹੇ ਵਿਚ ਇਕ ਤੋਂ ਵੱਧ ਖ਼ੁਦਕੁਸ਼ੀਆਂ ਵਾਲੇ ਅਜਿਹੇ ਬਹੁਤ ਸਾਰੇ ਪਰਿਵਾਰ ਹਨ।

ਇਸੇ ਜ਼ਿਲ੍ਹੇ ਦੇ ਨਥਾਣਾ ਬਲਾਕ ਦੀ ਇਕ ਮਜ਼੍ਹਬੀ ਸਿੱਖ ਔਰਤ ਨੇ ਦੱਸਿਆ ਕਿਵੇਂ 1999 'ਚ ਉਸਦੀ ਦਰਾਣੀ ਨੇ ਖ਼ੁਦਕੁਸ਼ੀ ਕਰ ਲਈ ਸੀ। ਉਹ ਉਨ੍ਹਾਂ ਨਿਤ ਦੀਆਂ ਸਮੱਸਿਆਵਾਂ ਦੀ ਸਤਾਈ ਹੋਈ ਸੀ ਜੋ ਕੰਮ ਅਤੇ ਪੈਸੇ ਦੀ ਤੋਟ ਕਾਰਨ ਉਸ ਨੂੰ ਘਰ ਚਲਾਉਣ 'ਚ ਆ ਰਹੀਆਂ ਸਨ। ਉਸਨੇ ਦੱਸਿਆ ਕਿ 2005 'ਚ ਉਸਦਾ ਪਤੀ ਵੀ ਦਿਲ ਦਾ ਦੌਰਾ ਪੈਣ ਨਾਲ ਮਰ ਗਿਆ ਅਤੇ ਬੱਚੇ ਹੁਣ ਉਸਦੀ

ਸੱਸ ਸਾਂਭਦੀ ਹੈ।

"ਦੋ ਦਹਾਕਿਆਂ ਤੋਂ, ਮੈਂ ਦੇਖਿਆ ਕਿ ਦੋਵਾਂ ਭਰਾਵਾਂ ਲਈ, ਹਰ ਚੀਜ਼ ਵੱਧ ਤੋਂ ਵੱਧ ਮੁਸ਼ਕਲ ਹੀ ਬਣਦੀ ਗਈ। ਕੰਮ ਦੀ ਅਣਹੋਂਦ ਅਤੇ ਕਰਜ਼ੇ ਦੀਆਂ ਪ੍ਰੇਸ਼ਾਨੀਆਂ ਕਾਰਨ ਮੇਰੇ ਪਤੀ ਨੇ 2009 'ਚ ਫਾਹਾ ਲੈ ਲਿਆ। ਬੇਕਾਰੀ ਦੀ ਵਜ੍ਹਾ ਖੇਤੀ ਦਾ ਮਸ਼ੀਨੀਕਰਨ ਹੈ ਜਿਸ ਨੇ ਮਨੁੱਖੀ ਕਿਰਤ ਨੂੰ ਵਿਹਲੀ ਕਰ ਦਿੱਤਾ ਹੈ। ਹੁਣ ਮਹੀਨੇ ਦਾ ਕੰਮ ਮਸ਼ੀਨਾਂ ਨਾਲ ਇਕੋ ਦਿਨ 'ਚ ਹੋ ਜਾਂਦਾ ਹੈ। ਸਪਰੇਅ ਕਰਨ, ਫ਼ਸਲ ਵੱਢਣ ਅਤੇ ਪੱਠੇ ਵੱਢਣ ਦਾ ਕੰਮ ਪਹਿਲਾਂ ਹੀ ਮਸ਼ੀਨਾਂ ਨਾਲ ਹੋ ਰਿਹਾ ਹੈ। ਅਸੀਂ ਕਿੱਥੇ ਜਾਵਾਂਗੇ? ਜਦੋਂ ਵਿਆਹ ਹੁੰਦੇ ਹਨ ਓਦੋਂ ਮੇਰੇ ਪੁੱਤ ਨੂੰ ਕੁਝ ਕੰਮ ਮਿਲ ਜਾਂਦਾ ਹੈ। ਇਹ ਕਾਫ਼ੀ ਨਹੀਂ ਹੁੰਦਾ ਪਰ ਮੈਂ ਉਸ ਨੂੰ ਕਹਿੰਦੀ ਹਾਂ ਫ਼ਿਕਰ ਨਾ ਕਰਿਆ ਕਰ। ਅਸੀਂ ਪਹਿਲਾਂ ਹੀ ਟੱਬਰ ਦੇ ਤਿੰਨ ਜੀਅ ਗੁਆ ਚੁੱਕੇ ਹਾਂ ਅਤੇ ਮੈਂ ਨਹੀਂ ਚਾਹੁੰਦੀ ਉਹ ਅਜਿਹਾ ਚੌਥਾ ਬਣ ਜਾਵੇ। ਉਹ ਸਵੇਰ ਤੋਂ ਰਾਤ ਤੱਕ ਹਰ ਵੇਲੇ ਉਦਾਸੀ 'ਚ ਝੂਰਦਾ ਰਹਿੰਦਾ ਹੈ।"

ਇਸੇ ਬਲਾਕ ਦੇ ਇਕ ਹੋਰ ਪਿੰਡ ਵਿਚ, ਇਕ ਰਵਿਦਾਸੀਆ ਜੋੜੇ ਨੇ ਬਿਆਨ ਕੀਤਾ ਕਿ ਕਿਵੇਂ ਉਨ੍ਹਾਂ ਦੇ 26 ਸਾਲ ਦੇ ਪੁੱਤ ਨੇ 2009 'ਚ ਮਜ਼ਦੂਰੀ ਦਾ ਕੰਮ ਨਾ ਮਿਲਣ ਤੋਂ ਮਾਯੂਸ ਹੋ ਕੇ ਕੀੜੇਮਾਰ ਦਵਾਈ ਪੀ ਲਈ ਸੀ। 2000 'ਚ ਉਸਦੇ ਬਾਪ ਕੋਲੋਂ ਉਸਦਾ ਭਰਾ ਵੀ ਅਜਿਹੇ ਹਾਲਾਤ ਨੇ ਖੋਹ ਲਿਆ ਸੀ। ਉਸ ਨੇ ਦੱਸਿਆ ਕਿ ਉਸ ਨੂੰ ਤਾਂ ਆਪਣੇ ਭਰਾ ਦੀ ਮੌਤ ਦਾ ਗ਼ਮ ਨਹੀਂ ਭੁੱਲਿਆ ਅਤੇ ਹੁਣ ਉਸਦਾ ਪੁੱਤ ਤੁਰ ਗਿਆ। ਜਿਨ੍ਹਾਂ ਪਰਿਵਾਰਾਂ ਨਾਲ ਗੱਲਬਾਤ ਕੀਤੀ ਗਈ, ਉਨ੍ਹਾਂ ਦਰਮਿਆਨ ਰਿਸ਼ਤਾ ਜਾਨਣ ਦਾ ਯਤਨ ਕੀਤੇ ਤੋਂ ਬਿਨਾ ਹੀ, ਇਨ੍ਹਾਂ ਦੇ ਸਕੇ ਪਰਿਵਾਰਾਂ ਬਾਰੇ ਇਹ ਸਾਹਮਣੇ ਆ ਗਿਆ ਕਿ ਇਨਾਂ ਦਾ ਘੱਟੋ-ਘੱਟ ਇਕ ਜੀਅ ਸੰਕਟ ਦੀ ਭੇਟ ਚੜ੍ਹ ਚੁੱਕਾ ਹੈ। ਇਨ੍ਹਾਂ ਦੋ ਪਰਿਵਾਰਾਂ ਦੇ ਮਾਮਲੇ 'ਚ, ਇਹ ਸਾਹਮਣੇ ਆਇਆ ਕਿ ਇਕ ਗੱਲਬਾਤ 'ਚ ਜੋ ਵਿਅਕਤੀ ਮ੍ਰਿਤਕ ਦਾ ਪਿਉ ਹੈ ਉਹ ਇਕ ਹੋਰ ਗੱਲਬਾਤ 'ਚ ਇਕ ਮ੍ਰਿਤਕ ਦਾ ਭਰਾ ਨਿਕਲ ਆਉਂਦਾ ਹੈ। ਇਸ ਅਧਿਐਨ 'ਚ ਸ਼ਾਮਲ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਸਮੁੱਚੀ ਤਸਵੀਰ ਦੀ ਸਿਰਫ਼ ਕੰਨੀ ਜਹੀ ਹਨ, ਜਿੱਥੇ ਹਰੇ ਇਨਕਲਾਬ ਦੀ ਤਬਾਹੀ ਨੂੰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਜੇ ਸਵਾਲਨਾਮਾ ਉਸੇ ਹੀ ਪਰਿਵਾਰ ਜਾਂ ਇਨ੍ਹਾਂ ਦੇ ਸਕੇ-ਸਬੰਧੀਆਂ ਅੰਦਰ ਹੋਰ ਖ਼ੁਦਕੁਸ਼ੀਆਂ ਦੀ ਛਾਣਬੀਣ ਕਰਨ ਦੇ ਉਦੇਸ਼ ਨਾਲ ਬਣਾਇਆ ਗਿਆ ਹੁੰਦਾ, ਜਿਨ੍ਹਾਂ ਵਿਚ ਖੇਤੀਬਾੜੀ ਨਾਲ ਸਬੰਧਤ ਹਾਦਸੇ ਅਤੇ ਬੰਦੇ ਦਾ ਮਾਨਸਿਕ ਤੌਰ 'ਤੇ ਟੁੱਟ ਜਾਣਾ ਸ਼ਾਮਲ ਹੋਵੇ ਤਾਂ ਇਸ ਨਾਲ ਤਬਾਹੀ ਦਾ ਸ਼ਿਕਾਰ ਹੋਈ ਕਿਸਾਨੀ ਦੀ ਕਿਤੇ ਵਡੇਰੀ ਤਸਵੀਰ ਉੱਭਰਕੇ ਸਾਹਮਣੇ ਆਉਣੀ ਸੀ।

ਇਨ੍ਹਾਂ ਪਰਿਵਾਰਾਂ ਨੂੰ ਕਈ-ਕਈ ਖ਼ੁਦਕੁਸ਼ੀਆਂ ਹੀ ਨਹੀਂ ਦੇਖਣੀਆਂ ਪਈਆਂ ਸਗੋਂ ਇਹ ਨਕਾਰਾ ਹੋ ਚੁੱਕੇ ਜੀਆਂ ਦਾ ਸੰਤਾਪ ਵੀ ਭੋਗ ਰਹੇ ਹਨ ਜੋ ਕੰਬਾਈਨਾਂ, ਹੜੰਬਿਆਂ 'ਤੇ ਕੰਮ ਕਰਦੇ ਵਕਤ ਹੋਏ ਹਾਦਸਿਆਂ ਦੇ ਸ਼ਿਕਾਰ ਹੋ ਗਏ। ਇਕ ਹੋਰ ਵਿਲੱਖਣ ਢੰਗ ਨਾਲ ਵੀ ਹਰੇ ਇਨਕਲਾਬ ਦੇ ਮਸ਼ੀਨੀਕਰਨ ਨੇ ਕਿਸਾਨੀ ਨੂੰ ਨਕਾਰਾ ਕੀਤਾ ਹੈ। ਮੋਗਾ ਜ਼ਿਲ੍ਹੇ ਦੀ ਇਕ 70 ਸਾਲ ਦੀ ਬਜ਼ੁਰਗ ਔਰਤ ਦੇ ਪਤੀ ਨੇ 1990 'ਚ ਖ਼ੁਦਕੁਸ਼ੀ ਕਰ ਲਈ ਸੀ। ਤੇ ਫੇਰ 2008 ਦੇ ਅਖ਼ੀਰ 'ਚ ਉਸਦੇ ਪੁੱਤ ਨੇ ਵੀ

ਇਸੇ ਤਰ੍ਹਾਂ ਆਪਣੀ ਜਾਨ ਲੈ ਲਈ। ਉਹ ਹੁਣ ਜਿਸ ਪੁੱਤ 'ਤੇ ਨਿਰਭਰ ਹੈ ਉਸ ਦੀ ਲੱਤ ਕੰਬਾਈਨ 'ਤੇ ਕੰਮ ਕਰਦੇ ਸਮੇਂ ਨਕਾਰਾ ਹੋ ਚੁੱਕੀ ਹੈ। ਬਠਿੰਡਾ ਜ਼ਿਲ੍ਹੇ 'ਚ, ਆੜ੍ਹਤੀਆਂ ਵਲੋਂ ਬਹੁਤ ਜ਼ਿਆਦਾ ਤੰਗ ਕੀਤੇ ਜਾਣ ਕਾਰਨ ਇਕ ਕਿਸਾਨ ਨੇ ਪਾਣੀ 'ਚ ਡੁੱਬਕੇ ਜਾਨ ਦੇ ਦਿੱਤੀ। ਦੋ ਪੁੱਤਾਂ ਦੇ ਪਾਲਣ-ਪੋਸਣ ਦਾ ਸਾਰਾ ਬੋਝ ਪਤਨੀ ਸਿਰ ਪੈ ਗਿਆ ਜੋ ਹੁਣ ਬਾਲਗ ਹੋ ਚੁੱਕੇ ਹਨ—ਇਨ੍ਹਾਂ ਵਿਚੋਂ ਇਕ ਪੋਲੀਓ ਦਾ ਮਰੀਜ਼ ਹੈ ਅਤੇ ਦੂਜੇ ਦੀ ਬਾਂਹ ਹੜੰਬੇ 'ਤੇ ਕੰਮ ਕਰਦੇ ਸਮੇਂ ਵੱਢੀ ਗਈ। ਸੰਘਣੇ ਸਰਮਾਏ ਵਾਲੀ ਖੇਤੀ ਨੇ ਪਿੱਛੇ ਪੰਜਾਬ 'ਚ ਜੋ ਮੌਤ, ਅੰਗਹੀਣਤਾ ਅਤੇ ਮੁਥਾਜਗੀ ਦੀ ਪੈੜ ਛੱਡੀ ਹੈ, ਉਸ ਦੀ ਇਸ ਤੋਂ ਵੱਧ ਕਰੁਣਾਮਈ ਤਸਵੀਰ ਹੋਰ ਨਹੀਂ ਲੱਭ ਸਕਦੀ।

5.5 ਹੱਥੋਂ ਨਿਕਲ ਰਿਹਾ ਭਵਿੱਖ

ਸਾਡਾ ਦੇਸ਼ ਜੋ ਭਾਰੂ ਰੂਪ 'ਚ ਪੇਂਡੂ ਅਤੇ ਖੇਤੀ ਪ੍ਰਧਾਨ ਹੈ, ਵਿਚ ਇਸ ਤੋਂ ਵਧਕੇ ਤਨਜ਼ੀਆ ਚੀਜ਼ ਕੀ ਹੋ ਸਕਦੀ ਹੈ ਕਿ ਦੇਸ਼ ਦੇ ਅੰਨ ਦਾਤਿਆਂ ਦੇ ਬੱਚੇ ਭੁੱਖ-ਨੰਗ ਅਤੇ ਥੁੜਾਂ ਮਾਰੀ ਜ਼ਿੰਦਗੀ ਜੀਅ ਰਹੇ ਹੋਣ। ਜਿਥੇ ਉਨ੍ਹਾਂ ਦੇ ਸੁਪਨੇ ਅਤੇ ਰੀਝਾਂ ਦਰੜੀਆਂ ਜਾ ਰਹੀਆਂ ਹੋਣ। ਕਿਸਾਨਾਂ ਦੀ ਔਲਾਦ ਅਤੇ ਦਿਹਾਤ ਦੀ ਜਵਾਨੀ ਦਾ ਭਵਿੱਖ ਪੂਰੀ ਤਰ੍ਹਾਂ ਧੁੰਦਲਾ ਜਾਪਦਾ ਹੈ। ਉਨ੍ਹਾਂ ਨੂੰ ਦੁਰਕਾਰੇ ਜਾਣ ਅਤੇ ਵਾਂਝੇਪਣ ਤੋਂ ਬਿਨਾ ਹੋਰ ਕੁਝ ਦਿਖਾਈ ਨਹੀਂ ਦੇ ਰਿਹਾ। ਇੰਞ, ਖੇਤੀਬਾੜੀ ਪ੍ਰਬੰਧ ਦੀ ਤਬਾਹੀ ਅਗਲੇ ਕੁਝ ਦਹਾਕਿਆਂ 'ਚ ਵੀ ਅਸਰ ਦਿਖਾਉਂਦੀ ਰਹੇਗੀ। ਇਸ ਪਟ-ਕਥਾ 'ਚ ਪੰਜਾਬ ਦੀ ਜਵਾਨੀ ਕੱਲ੍ਹ, ਅੱਜ ਅਤੇ ਭਲਕ ਦੀ ਸਾਕਾਰ ਮੂਰਤ ਹੈ। ਇਹ ਜ਼ਮੀਨ, ਪੌਣਪਾਣੀ ਅਤੇ ਭਵਿੱਖੀ ਪੀੜ੍ਹੀਆਂ ਨੂੰ ਬਚਾਉਣ ਲਈ ਪੰਜਾਬ ਦੀ ਕਿਸਾਨੀ ਦੀ ਸਖ਼ਤ ਮਿਹਨਤ ਦੇ ਬਾਵਜੂਦ ਹਰੇ ਇਨਕਲਾਬ ਵਲੋਂ ਧੋਖਾ ਦੇ ਜਾਣ ਦੀ ਸਾਖਿਆਤ ਮੂਰਤ ਹੈ। ਜ਼ਰੱਈ ਸੰਕਟ ਦੇ ਦਬੱਲੇ ਹੋਏ ਬੰਦਿਆਂ ਦੀਆਂ ਬਹੁਤ ਸਾਰੀਆਂ ਮਿਸਾਲਾਂ ਦੇਖਕੇ ਜਵਾਨ ਹੋ ਰਹੀ ਪੀੜ੍ਹੀ 'ਚ ਘੋਖੀ ਸ਼ੱਕ ਅਤੇ ਘੋਰ ਧੁੰਦੂਕਾਰ ਫੈਲ ਰਹੇ ਹਨ। ਸਭ ਤੋਂ ਆਮ ਉਮੀਦ, ਜੋ ਕਿਸੇ ਵੀ ਨਾਗਰਿਕ ਦਾ ਬੁਨਿਆਦੀ ਹੱਕ ਮੰਨੀ ਜਾਣੀ ਚਾਹੀਦੀ ਹੈ, ਐਸਾ ਮਨਚਾਹਿਆ ਖਵਾਬ ਬਣ ਜਾਂਦੀ ਹੈ ਜੋ ਹਮੇਸ਼ਾ ਖਵਾਬ ਹੀ ਰਹਿੰਦਾ ਹੈ। ਉਨ੍ਹਾਂ ਦੀ ਹੱਕ ਜਤਾਈ ਅਤੇ ਕਾਰਵਾਈਆਂ 'ਚ ਸਾਨੂੰ ਐਸੇ ਭਵਿੱਖ ਦੀ ਝਲਕ ਮਿਲਦੀ ਹੈ ਜਿਸ ਲਈ ਨਾ ਤਾਂ ਨੌਜਵਾਨ ਪੀੜ੍ਹੀ ਤਿਆਰ ਹੈ ਅਤੇ ਨਾ ਉਹ ਇਸ ਦਾ ਜਵਾਬ ਮੰਗਦੀ ਹੈ। ਅਤੇ ਜਦੋਂ ਇਹ ਸੂਬਿਆਂ ਤੋਂ ਪਾਰ ਐਨੇ ਵੱਡੇ ਪੱਧਰ 'ਤੇ ਵਾਪਰ ਰਿਹਾ ਹੈ ਤਾਂ ਕਿਰਤ ਦੇ ਸਮਾਜਿਕ ਪੁਨਰ-ਉਤਪਾਦਨ ਦੀਆਂ ਕੁਲ ਸਮਾਜੀ ਅਤੇ ਮਾਰਕਸਵਾਦੀ ਧਾਰਨਾਵਾਂ ਅੱਜ ਦੇ ਪ੍ਰਸੰਗ 'ਚ ਜਵਾਬ ਮੰਗਣਾ ਸ਼ੁਰੂ ਕਰ ਦਿੰਦੀਆਂ ਹਨ। ਲੱਗਦਾ ਹੈ ਕਿ ਕਿਰਤ ਦੀ ਮੁੜ-ਪੈਦਾਵਾਰ ਹੁਣ ਸਰਮਾਏਦਾਰੀ ਦਾ ਪ੍ਰਾਜੈਕਟ ਨਹੀਂ ਹੈ, ਖ਼ਾਸ ਕਰਕੇ ਜਦੋਂ ਅਸੀਂ ਸਾਲਮ ਭਾਈਚਾਰਿਆਂ ਦਾ ਸਫ਼ਾਇਆ ਹੋ ਰਿਹਾ ਦੇਖਦੇ ਹਾਂ। ਅਗਲੀ ਪੁਸ਼ਤ ਦੀ ਖੇਤੀਬਾੜੀ ਉੱਪਰ ਨਿਰਭਰਤਾ ਘਟਾਉਣ ਦੇ ਸਾਧਨ ਵਜੋਂ ਸਿਖਿਆ ਦੀ ਲੋੜ ਕਿਸਾਨੀ ਭਾਈਚਾਰੇ ਨੇ ਐਨੀ ਸ਼ਿੱਦਤ ਨਾਲ ਕਦੇ ਮਹਿਸੂਸ ਨਹੀਂ ਕੀਤੀ ਹੋਣੀ ਜਿੰਨੀ ਅੱਜ ਮਹਿਸੂਸ ਕੀਤੀ ਜਾ ਰਹੀ ਹੈ। ਪਰ ਇਹ ਵੀ ਐਨੀ ਸੁਖਾਲੀ ਨਹੀਂ ਹੈ, ਕਿਉਂਕਿ

ਉਨ੍ਹਾਂ 'ਚੋਂ ਜ਼ਿਆਦਾਤਰ ਤਾਂ ਆਪਣੇ ਬੱਚਿਆਂ ਨੂੰ ਮੁੱਢਲੀ ਸਿਖਿਆ ਦਿਵਾਉਣ ਜੋਗੇ ਵੀ ਨਹੀਂ ਹਨ।

2003 'ਚ ਬਠਿੰਡਾ ਜ਼ਿਲ੍ਹੇ ਵਿਚ ਇਕ 13 ਸਾਲ ਦੇ ਲੜਕੇ ਨੇ ਖ਼ੁਦਕੁਸ਼ੀ ਕਰ ਲਈ ਕਿਉਂਕਿ ਉਸਦੇ ਬਾਪ ਨੇ ਉਸਨੂੰ ਪੜਨੋਂ ਹਟਾ ਲਿਆ ਸੀ। ਉਸ ਦੀ ਮਾਂ ਅਨੁਸਾਰ, ਉਹ ਆਪਣੇ ਬਾਪ ਨੂੰ ਅਜਿਹਾ ਨਾ ਕਰਨ ਦੇ ਵਾਰ-ਵਾਰ ਵਾਸਤੇ ਪਾਉਂਦਾ ਰਿਹਾ ਸੀ। ਪਰ ਉਨ੍ਹਾਂ ਨੇ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਕਿ ਉਹ ਐਨਾ ਸਖ਼ਤ ਕਦਮ ਚੁੱਕ ਲਵੇਗਾ। ਇਹ ਸਚਮੁਚ ਘਿਣਾਉਣਾ ਵਾਕਿਆ ਸੀ। ਇਹ ਸੋਚਕੇ ਬੰਦਾ ਹੈਰਾਨ ਹੁੰਦਾ ਹੈ ਕਿ ਕੀੜੇਮਾਰ ਦਵਾਈ ਪੀਣ ਤੋਂ ਪਹਿਲਾਂ ਇਸ ਮਾਸੂਮ ਦੇ ਕੋਮਲ ਮਨ 'ਤੇ ਕੀ ਗੁਜ਼ਰੀ ਹੋਵੇਗੀ। ਰੋਹ ਅਤੇ ਸੰਤਾਪ ਦੀ ਉੱਥਲ-ਪੁੱਥਲ? ਗ਼ਮ ਅਤੇ ਜ਼ਲਾਲਤ? ਬੱਚਿਆਂ ਨੂੰ ਪੜ੍ਹਾਉਣ ਦੀਆਂ ਮੁਸ਼ਕਲਾਂ ਬਾਰੇ ਮਾਪਿਆਂ ਦੀ ਗੱਲਾਂ ਸੁਣ-ਸੁਣਕੇ ਵੱਖੋ-ਵੱਖਰੇ ਬੱਚਿਆਂ 'ਚ ਵੱਖੋ-ਵੱਖਰੇ ਪ੍ਰਤੀਕਰਮ ਪੈਦਾ ਹੁੰਦੇ ਹਨ। ਇਸ ਦਾ ਸਿੱਟਾ ਜਾਂ ਤਾਂ ਅਕਾਦਮਿਕ ਅਧਿਐਨ ਦਾ ਭੂਤ ਸਵਾਰ ਹੋਣ 'ਚ ਨਿਕਲਦਾ ਹੈ ਜਾਂ ਇਹ ਨਾਬਰ ਖ਼ੂਬੀਆਂ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ। ਜ਼ਿਆਦਾਤਰ ਬੱਚਿਆਂ ਦੀ ਰੁਚੀ ਮਰ ਜਾਂਦੀ ਹੈ ਅਤੇ ਇੰਞ ਉਹ ਬਚਪਨ ਦੀ ਮੌਜ-ਮਸਤੀ ਤੋਂ ਵਾਂਝੇ ਹੋ ਜਾਂਦੇ ਹਨ। ਕੁਝ ਬੱਚੇ ਜਦੋਂ ਅੱਠਵੀਂ ਜਮਾਤ ਤੱਕ ਪਹੁੰਚਦੇ ਹਨ ਤਾਂ ਸਿਖਿਆ ਦੀਆਂ ਭਵਿੱਖੀ ਸੰਭਾਵਨਾਵਾਂ ਬਾਰੇ ਕਿੰਤੂ-ਪ੍ਰੰਤੂ ਕਰਨਾ ਸ਼ੁਰੂ ਕਰ ਦਿੰਦੇ ਹਨ। ਜਦੋਂ ਉਹ, ਖ਼ਾਸ ਕਰਕੇ ਮੁੰਡੇ, ਥੋੜ੍ਹਾ ਵੱਡੇ ਹੋ ਜਾਂਦੇ ਹਨ ਤਾਂ ਜ਼ਿਆਦਾ ਸਮਾਂ ਘਰਾਂ ਤੋਂ ਬਾਹਰ ਗੁਜ਼ਾਰਨਾ ਸ਼ੁਰੂ ਕਰ ਦਿੰਦੇ ਹਨ। ਉਹ ਖਾਣ-ਪੀਣ ਜਾਂ ਟੀ ਵੀ ਦੇਖਣ ਲਈ ਹੀ ਘਰ ਗੇੜਾ ਮਾਰਦੇ ਹਨ। ਅਜਿਹੇ ਬੱਚਿਆਂ ਦੇ ਨਸ਼ਿਆਂ ਨੂੰ ਲੱਗਣ ਦੇ ਖ਼ੌਫ਼ ਕਾਰਨ ਮਾਵਾਂ ਦੀ ਜਾਨ ਸਦਾ ਸੂਲੀ ਟੰਗੀ ਰਹਿੰਦੀ ਹੈ।

ਜ਼ਰੱਈ ਸੰਕਟ ਦਾ ਮਨੋਵਿਗਿਆਨਕ ਪ੍ਰਭਾਵ ਜਿਵੇਂ ਉਨ੍ਹਾਂ ਦੇ ਸੰਵੇਦਨਸ਼ੀਲ ਮਨਾਂ ਉੱਪਰ ਪੈ ਰਿਹਾ ਹੈ, ਇਸ ਦਾ ਆਮਕਰਨ ਕਰਨਾ ਕਾਫ਼ੀ ਮੁਸ਼ਕਲ ਕੰਮ ਹੈ ਅਤੇ ਅਗਲੇ ਸਾਲਾਂ ਵਿਚ ਇਸ ਮੁਸੀਬਤਾਂ ਮਾਰੇ ਬਚਪਨ ਦੇ ਇਜ਼ਹਾਰ ਕਿਹੋ ਜਿਹੇ ਹੋਣਗੇ ਇਹ ਅੰਦਾਜ਼ਾ ਲਾਉਣਾ ਹੋਰ ਵੀ ਮੁਸ਼ਕਲ ਹੈ। ਦੇਖਣ ਨੂੰ ਲੱਗਦਾ ਹੈ ਬੱਚੇ ਚੁੱਪਚਾਪ ਪੜ੍ਹ ਰਹੇ ਹਨ। ਮਾਵਾਂ ਨੂੰ ਸ਼ਿਕਾਇਤ ਹੈ ਕਿ ਬੱਚੇ ਬਿਲਕੁਲ ਗੱਲਬਾਤ ਨਹੀਂ ਕਰਦੇ, ਇਸ ਕਾਰਨ ਉਨ੍ਹਾਂ ਦੇ ਆਲੇ-ਦੁਆਲੇ ਵਿਚਰਨ ਵਾਲਿਆਂ ਦੇ ਮਨਾਂ 'ਚ ਖ਼ਤਰੇ ਦੀ ਘੰਟੀ ਖੜ੍ਹਕਣ ਲੱਗਦੀ ਹੈ। ਕਈ ਵਾਰ ਮਾਵਾਂ ਉਨ੍ਹਾਂ ਦੇ ਬਾਪਾਂ ਦੀ ਮਨੋ-ਦਸ਼ਾ ਅਤੇ ਡੂੰਘੀ ਉਦਾਸੀ ਦੀ ਤੁਲਨਾ ਬੱਚਿਆਂ ਨਾਲ ਕਰਨ ਲੱਗ ਜਾਂਦੀਆਂ ਹਨ। ਅਕਸਰ ਹੀ ਉਹ ਅਜਿਹੇ ਬੱਚਿਆਂ ਨੂੰ ਖ਼ਬਰਦਾਰ ਕਰਦੀਆਂ ਹਨ ਕਿ ਆਪਣੇ ਬਾਪ ਦੇ ਰਾਹ ਨਾ ਪੈ ਜਾਇਓ। ਇਨ੍ਹਾਂ ਦੇ ਸੁਚੇਤ ਮਨਾਂ 'ਚ ਮੌਤ ਜ਼ਿਆਦਾ ਘਰ ਕਰ ਚੁੱਕੀ ਹੈ। ਜਦਕਿ ਜਿਊਣ ਦੀ ਖਾਹਸ਼ ਅਤੇ ਖਵਾਬ ਪਿੱਛੇ ਧੱਕੇ ਗਏ ਹਨ। ਉਨ੍ਹਾਂ ਲਈ ਆਪਣੇ ਖਵਾਬਾਂ ਅਤੇ ਰੀਝਾਂ ਦੀ ਪੂਰਤੀ ਨਾਲੋਂ ਮੌਤ ਦਾ ਤਸੱਵਰ ਕਰਨਾ ਵੱਧ ਸੁਖਾਲਾ ਹੈ। ਪੜ੍ਹੀਆਂ ਲਿਖੀਆਂ ਨੌਜਵਾਨ ਦਲਿਤ ਕੁੜੀਆਂ, ਪਿੰਡਾਂ ਦੀਆਂ ਵਲਗਣਾਂ 'ਚੋਂ ਨਿਕਲਕੇ ਕਿਰਤ ਸ਼ਕਤੀ ਦਾ ਹਿੱਸਾ ਬਣਨਾ ਲੋਚਦੀਆਂ ਹਨ। ਉਹ ਪੜ੍ਹਨਾ ਵੀ ਚਾਹੁੰਦੀਆਂ ਹਨ। ਜਾਤਪਾਤੀ ਚੀੜ੍ਹਾਪਣ ਘੱਟ ਹੋਣ ਕਾਰਨ ਦਲਿਤ ਕੁੜੀਆਂ ਲਈ ਜੱਟ ਸਿੱਖ ਭਾਈਚਾਰੇ ਦੀਆਂ ਕੁੜੀਆਂ ਨਾਲੋਂ ਰਵਾਇਤੀ ਭੂਮਿਕਾਵਾਂ

'ਚੋਂ ਬਾਹਰ ਆਉਣਾ ਸੁਖਾਲਾ ਹੈ, ਪਰ ਅਜਿਹਾ ਕਰਨ ਦੇ ਸਾਧਨ ਉਨ੍ਹਾਂ ਲਈ ਹੋਰ ਵੀ ਭੁਲਾਂਦਰਾ ਸਾਬਤ ਹੁੰਦੇ ਹਨ। ਆਪਣੇ ਮਾਪਿਆਂ ਦੀ ਲਹੂ-ਪਸੀਨੇ ਦੀ ਕਮਾਈ ਨਾਲ ਪੜ੍ਹ-ਲਿਖ ਜਾਣ ਦੇ ਬਾਵਜੂਦ, ਨਾ ਉਨ੍ਹਾਂ ਦੇ ਜੱਦੀ ਕਸਬਿਆਂ ਜਾਂ ਪਿੰਡਾਂ ਨੇੜੇ ਕੰਮ ਮਿਲਦਾ ਹੈ ਨਾ ਹੀ ਉਨ੍ਹਾਂ ਕੋਲ ਵੱਡੇ ਸ਼ਹਿਰਾਂ 'ਚ ਜਾਕੇ ਕੰਮ ਲੱਭਣ ਦੇ ਵਸੀਲੇ ਹਨ। ਇਕ ਜੱਟ ਸਿੱਖ ਕੁੜੀ ਮਾਨਸਾ ਤੋਂ ਐੱਮ ਏ ਕਰ ਰਹੀ ਹੈ। ਪਰ ਉਸ ਦੇ ਮਾਪੇ ਉਸ ਨੂੰ ਵਿਆਹੁਣਾ ਚਾਹੁੰਦੇ ਹਨ। ਮਾਯੂਸੀ ਦਾ ਸ਼ਿਕਾਰ ਹੋਕੇ ਉਹ ਬਹੁਤ ਜ਼ਿਆਦਾ ਵੈਰਾਗਣ ਬਣ ਚੁੱਕੀ ਹੈ। ਉਸ ਦੇ ਪਰਿਵਾਰ ਵਾਲੇ ਨਹੀਂ ਜਾਣਦੇ ਕਿ ਉਹ ਜ਼ਿੰਦਗੀ 'ਚ ਕੀ ਚਾਹੁੰਦੀ ਹੈ। ਉਹ ਸਮਝਦੇ ਹਨ ਕਿ ਉਸ ਨੂੰ ਵਿਆਹੁਣਾ ਉਨ੍ਹਾਂ ਦਾ ਫਰਜ਼ ਹੈ ਅਤੇ ਉਹ ਉਸਨੂੰ ਕਿਵੇਂ ਨਾ ਕਿਵੇਂ ਵਿਆਹ ਦੇਣਗੇ, ਚਾਹੇ ਇਸ ਦਾ ਅਰਥ ਹੋਰ ਕਰਜ਼ਾ ਲੈਣਾ ਹੀ ਕਿਉਂ ਨਾ ਹੋਵੇ। ਪਰ ਲੱਗਦਾ ਹੈ ਕਿ ਉਹ ਹੀ ਕੁੜੀਆਂ 'ਚੋਂ ਨਿਆਰੀ ਮਿਸਾਲ ਹੈ ਜੋ ਯੂਨੀਵਰਸਿਟੀ ਦੀ ਪੜ੍ਹਾਈ ਤੱਕ ਪਹੁੰਚੀ ਹੈ। ਇਸ ਅਧਿਐਨ 'ਚ ਸ਼ਾਮਲ ਕੁਝ ਕੁ ਨੌਜਵਾਨ ਔਰਤਾਂ ਨੂੰ ਛੱਡਕੇ, ਜ਼ਿਆਦਾਤਰ ਨੌਜਵਾਨ ਕੁੜੀਆਂ ਸਿਰਫ਼ ਘਰੇਲੂ ਕੰਮਾਂ-ਧੰਦਿਆਂ 'ਚ ਰੁੱਝੀਆਂ ਰਹਿੰਦੀਆਂ ਹਨ। ਦੋ ਮਾਮਲਿਆਂ 'ਚ, ਕੁੜੀਆਂ ਨੇ ਪੂਰੇ ਘਰ ਅਤੇ ਸਾਰੇ ਜੀਆਂ ਦੀਆਂ ਜ਼ਿੰਮੇਵਾਰੀਆਂ ਓਟੀਆਂ ਹੋਈਆਂ ਸਨ। ਉਨ੍ਹਾਂ ਦੀ ਦੁਨੀਆਂ ਮਾਵਾਂ ਦੇ ਸਾਥ, ਘਰੇਲੂ ਕੰਮ-ਧੰਦੇ ਅਤੇ ਪਸ਼ੂਆਂ ਦੀ ਸਾਂਭ-ਸੰਭਾਲ ਤੱਕ ਸੀਮਤ ਹੈ। ਜ਼ਿਆਦਾਤਰ ਗ਼ਰੀਬ ਪਰਿਵਾਰਾਂ ਵਿਚ, ਕੁੜੀਆਂ ਨੂੰ ਸਕੂਲੋਂ ਹਟਾ ਲਿਆ ਗਿਆ ਹੈ ਜਿਵੇਂ ਉਜਾੜੇ, ਬਸਤੀਆਂ ਢਾਹੇ ਜਾਣ ਜਾਂ ਪ੍ਰਵਾਸ ਕਾਰਨ ਪੈਦਾ ਹੋਈ ਆਰਥਕ ਤੰਗਦਸਤੀ ਦੀ ਹਾਲਤ 'ਚ ਹਮੇਸ਼ਾ ਹੁੰਦਾ ਹੈ। ਸਭ ਤੋਂ ਨਿਤਾਣਾ ਹਿੱਸਾ, ਜੋ ਆਪਣੇ ਵਡਾਰੂਆਂ ਨਾਲੋਂ ਵੱਖਰੇ ਰੂਪ 'ਚ ਇਕ ਪੁਲਾਂਘ ਅਗਾਂਹ ਪੁੱਟਣ ਵਾਲਾ ਆਖ਼ਰੀ ਹਿੱਸਾ ਹੁੰਦਾ ਹੈ, ਨੂੰ ਸੰਕਟਾਂ ਕਾਰਨ ਆਪਣਾ ਭਵਿੱਖ ਹਮੇਸ਼ਾ ਦਾਅ 'ਤੇ ਲਾਉਣਾ ਪੈਂਦਾ ਹੈ।

ਇੱਥੇ ਔਰਤਾਂ ਨੂੰ ਦਰਪੇਸ਼ ਘਰੇਲੂ ਹਿੰਸਾ ਨੂੰ ਸ਼ਰਾਬ ਅਤੇ ਨਸ਼ੀਲੀਆਂ ਦਵਾਈਆਂ ਉੱਪਰ ਮਰਦਾਂ ਦੀ ਨਿਰਭਰਤਾ ਦਾ ਨਿਘਾਰ ਦਰਸਾਇਆ ਗਿਆ ਹੈ। ਫ਼ਿਰੋਜ਼ਪੁਰ ਜ਼ਿਲ੍ਹੇ ਦੀਆਂ ਤਿੰਨ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਤੀਆਂ ਵੱਲੋਂ ਖ਼ੁਦਕੁਸ਼ੀ ਕਰ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਸ਼ਰਾਬੀ ਪਤੀਆਂ ਹੱਥੋਂ ਘੋਰ ਜਿਸਮਾਨੀ ਤਸੀਹੇ ਸਹਿਣੇ ਪਏ। ਸੰਗਰੂਰ ਜ਼ਿਲ੍ਹੇ ਵਿਚ, ਦੋ ਔਰਤਾਂ ਪਤੀ ਦੀ ਖ਼ੁਦਕੁਸ਼ੀ ਤੋਂ ਪਹਿਲਾਂ ਇਨ੍ਹਾਂ ਦਰਿੰਦਿਆਂ ਤੋਂ ਦੂਰ ਹੋ ਗਈਆਂ ਸਨ। ਸਾਰੇ ਹੀ ਮਾਮਲਿਆਂ ਵਿਚ, ਬੱਚਿਆਂ ਉੱਪਰ ਚੋਖਾ ਮਾੜਾ ਅਸਰ ਪਿਆ ਹੈ। ਬੱਚੇ ਢਿੱਡ ਨੂੰ ਝੁਲਕਾ ਦੇਣ ਬਾਰੇ ਪਰਿਵਾਰ ਦੀ ਨਿੱਤ ਦੀ ਅਮੁੱਕ ਘੈਂਸ-ਘੈਂਸ ਹੁੰਦੀ ਦੇਖਦੇ ਹਨ। ਕਦੇ-ਕਦੇ ਵੱਡੇ ਹੋ ਰਹੇ ਬੱਚੇ ਇਹ ਝਗੜੇ ਖ਼ੁਦ ਖੜ੍ਹੇ ਕਰਦੇ ਹਨ, ਜਦੋਂ ਹੋਰ ਕਾਰਨਾਂ ਦੇ ਨਾਲ-ਨਾਲ ਉਨ੍ਹਾਂ ਦੀਆਂ ਜ਼ਰੂਰਤਾਂ ਐਸੀ ਆਰਥਿਕਤਾ 'ਚ ਸ਼ਕਲ ਅਖ਼ਤਿਆਰ ਕਰਦੀਆਂ ਹਨ ਜੋ ਇਕ ਪਾਸੇ ਵਸੋਂ 'ਚ ਅਨੰਤ ਪਦਾਰਥਕ ਇੱਛਾਵਾਂ ਭੜਕਾ ਦਿੰਦੀ ਹੈ ਅਤੇ ਦੂਜੇ ਪਾਸੇ ਉਨ੍ਹਾਂ ਦੇ ਸਵੈ-ਨਿਰਭਰਤਾ ਦੇ ਵਸੀਲੇ ਖੋਹ ਲੈਂਦੀ ਹੈ। ਬਠਿੰਡਾ ਜ਼ਿਲ੍ਹੇ ਦੀ ਇਕ ਔਰਤ ਨੇ ਦੱਸਿਆ ਕਿ ਜਦੋਂ ਉਸ ਦੇ ਪੁੱਤ ਨੂੰ ਉਸ ਤੋਂ ਕੋਈ ਪੈਸਾ ਨਾ ਮਿਲਿਆ ਤਾਂ ਉਸਨੇ ਘਰ ਦਾ ਸਮਾਨ ਭੰਨਣਾ ਸ਼ੁਰੂ ਕਰ ਦਿੱਤਾ। ਉਹ ਪੁਰਾਣਾ ਮੋਟਰ ਸਾਈਕਲ ਖ਼ਰੀਦਣ ਲਈ ਵੀਹ ਹਜ਼ਾਰ ਰੁਪਏ ਲੈਣੇ ਚਾਹੁੰਦਾ ਸੀ। ਔਰਤ ਦਾ ਕਹਿਣਾ ਸੀ ਕਿ

ਉਸ ਦਾ ਪਿਉ ਵੀ ਐਨਾ ਭੈੜ੍ਹਾ ਨਹੀਂ ਸੀ। ਮੁੰਡਾ ਐਨਾ ਅਵੈੜਾ ਅਤੇ ਲਾਪਰਵਾਹ ਸੀ ਕਿ ਉਹ ਅਕਸਰ ਸੋਚਦੀ ਕਿ ਕਾਸ਼ ਇਹ ਵੀ ਹੋਰ ਬੱਚਿਆਂ ਵਾਂਗ ਧੀ ਹੁੰਦਾ। ਉਸਨੇ ਪੁੱਤ ਦੀ ਮੰਗ ਬਾਰੇ ਦਲੀਲ ਦਿੱਤੀ ਕਿ ਮੁੰਡੇ ਦਾ ਮੋਟਰ ਸਾਈਕਲ ਮੰਗਣਾ ਆਮ ਗੱਲ ਹੈ ਪਰ ਉਸ ਨੇ ਬੇਵਸੀ ਜ਼ਾਹਰ ਕੀਤੀ ਕਿ ਉਹ ਤਾਂ ਦੁੱਧ ਵੇਚਕੇ ਮਸਾਂ ਹੀ ਇਕ ਹਜ਼ਾਰ ਰੁਪਏ ਮਹੀਨਾ ਕਮਾਉਂਦੀ ਹੈ। ਉਹ ਆਸ ਕਰਦੀ ਹੈ ਕਿ ਆਪਣੇ ਬਾਪ ਵਾਂਗ ਉਹ ਕੋਈ ਸਖ਼ਤ ਕਦਮ ਨਹੀਂ ਚੁੱਕੇਗਾ। ਇਹ ਪ੍ਰਤੱਖ ਹੈ ਕਿ ਮੋਟਰ ਸਾਈਕਲ ਉਸ ਕਿਸਾਨ ਦੇ ਪੁੱਤ ਦੀ ਪਹੁੰਚ ਤੋਂ ਬਾਹਰ ਹੈ ਜਿਸ ਨੇ ਆਪਣੀ ਜਾਨ ਲੈ ਲਈ ਸੀ। ਇਨ੍ਹਾਂ ਮੁੰਡਿਆਂ ਦੀ ਤਲਖ਼ੀ ਸਪਸ਼ਟ ਹੈ ਅਤੇ ਇਹ ਕਲਪਨਾ ਕਰਨੀ ਔਖੀ ਹੈ ਕਿ ਇਸ ਦਾ ਸਿੱਟਾ ਕੀ ਨਿੱਕਲੇਗਾ।

ਜਿਹੜੇ ਵਿਅਕਤੀ ਵੱਧ ਸੰਵੇਦਨਸ਼ੀਲ ਅਤੇ ਜਜ਼ਬਾਤੀ ਹੁੰਦੇ ਹਨ ਉਹ ਵੱਧ ਪੀੜਾ ਹੰਢਾਉਂਦੇ ਹਨ। ਮਾਰਚ 2008 'ਚ, 21 ਸਾਲ ਦੇ ਇਕ ਲੜਕੇ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਜ਼ਿਆਦਾ ਭੰਗ ਪੀ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਉਸ ਦਿਨ ਉਹ ਖੇਤ ਕੰਮ 'ਤੇ ਨਾ ਜਾਣ ਦੀ ਬਹੁਤ ਜ਼ਿਆਦਾ ਜ਼ਿੱਦ ਕਰਦਾ ਰਿਹਾ। ਉਹ ਕੰਮ ਦੀ ਭਾਲ 'ਚ ਬਦਹਵਾਸ ਹੋਕੇ ਅਰਜ਼ੀਆਂ ਦਿੰਦਾ ਰਹਿੰਦਾ ਸੀ। ਇਸ ਤੋਂ ਬਿਨਾ, ਨਜ਼ਦੀਕੀ ਕਸਬੇ ਦੀ ਇਕ ਕੁੜੀ ਨੂੰ ਉਹ ਬਹੁਤ ਮੁਹੱਬਤ ਕਰਦਾ ਸੀ ਅਤੇ ਉਸ ਨੂੰ ਲਗਾਤਾਰ ਫ਼ੋਨ ਕਰਦਾ ਰਹਿੰਦਾ ਸੀ। ਜਿਸ ਤਰ੍ਹਾਂ ਦਾ ਸੰਤਾਪ ਉਸਨੇ ਭੋਗਿਆ ਇਹ ਸ਼ਾਇਦ ਇਨ੍ਹਾਂ ਅੱਲੜ ਵਰੇਸ ਵਾਲਿਆਂ ਅਤੇ ਜਵਾਨੀ 'ਚ ਪੈਰ ਧਰ ਰਹੇ ਬੱਚਿਆਂ ਦੀ ਮਾੜੀ ਹਾਲਤ ਦਾ ਪ੍ਰਤੀਕ ਹੈ। ਉਹ ਆਪਣੇ ਪਰਿਵਾਰ ਲਈ ਕੁਝ ਕਰਨਾ ਚਾਹੁੰਦਾ ਸੀ। ਉਹ ਨਵੇਂ ਨਵੇਂ ਤਜਰਬੇ ਕਰਨ ਦੇ ਖ਼ਿਆਲਾਂ ਨਾਲ ਭਰਪੂਰ ਸੀ। ਕਦੇ-ਕਦੇ ਉਹ ਐਨਾ ਨਿਰਮੋਹਾ ਹੋ ਜਾਂਦਾ ਕਿ ਆ ਕੇ ਕਹਿ ਦਿੰਦਾ ਕਿ ਉਹ ਹੁਣ ਨਹੀਂ ਬਚੇਗਾ। ਉਸ ਦੀ ਉਸਾਰੂ ਸੋਚ ਅਤੇ ਮੋਹ ਕਾਰਨ ਟੱਬਰ ਦੇ ਜੀਅ ਉਸ ਨੂੰ ਬਹੁਤ ਲਾਡ ਕਰਦੇ ਸਨ। ਉਨ੍ਹਾਂ ਨੂੰ ਉਸ ਤੋਂ ਹੌਂਸਲਾ ਮਿਲਦਾ ਸੀ ਅਤੇ ਉਹ ਕਦੇ ਵੀ ਉਸ ਅੰਦਰਲੇ ਗ਼ਮ ਅਤੇ ਦਰਦ ਦੀ ਥਾਹ ਨਹੀਂ ਪਾ ਸਕੇ। ਭਾਵੇਂ ਉਸਦੀਆਂ ਪਿਆਰ ਅਤੇ ਨੌਕਰੀ ਦੀਆਂ ਰੀਝਾਂ ਅਧੂਰੀਆਂ ਹੀ ਰਹਿ ਗਈਆਂ ਫੇਰ ਵੀ ਉਨ੍ਹਾਂ ਨੂੰ ਉਸ 'ਤੇ ਮਾਣ ਸੀ। ਉਨ੍ਹਾਂ ਦੀ ਉਮੀਦ ਦਾ ਸੋਮਾ ਵੀ ਖ਼ੁਦਕੁਸ਼ੀ ਦੀ ਭੇਟ ਚੜ੍ਹ ਜਾਂਦਾ ਹੈ ਕਿਉਂਕਿ ਉਸ ਦੀ ਸਵੈ-ਪਛਾਣ ਦੇ ਸਾਧਨ ਬਾਲਗ ਵਰੇਸ ਦੇ ਮੁੱਢ 'ਚ ਹੀ ਬਹੁਤ ਜ਼ਿਆਦਾ ਛਾਂਗੇ ਜਾਂਦੇ ਹਨ।

ਇਸ ਨੂੰ ਹਾਲੇ ਦਸਤਾਵੇਜ਼ੀ ਰੂਪ ਦਿੱਤਾ ਜਾਣਾ ਹੈ ਕਿ ਜਵਾਨ ਮੁੰਡੇ-ਕੁੜੀਆਂ ਜ਼ਰੱਈ ਸੰਕਟ ਦੇ ਆਰਥਕ, ਸਮਾਜਿਕ ਅਤੇ ਸਿਆਸੀ ਪਸਾਰਾਂ ਨੂੰ ਕਿਵੇਂ ਭੁਗਤਦੇ ਹਨ। ਇਹ ਤਾਂ ਉਨ੍ਹਾਂ ਦੇ ਮਾਪਿਆਂ ਦੀਆਂ ਗੱਲਾਂ ਸੁਣਕੇ ਹਾਸਲ ਹੋਈ ਨਿੱਕੀ ਜਹੀ ਝਲਕ ਹੀ ਹੈ। ਜਦੋਂ ਪਦਾਰਥਕ ਹਾਲਾਤ ਹੋਰ ਵਿਗੜਦੇ ਜਾ ਰਹੇ ਹਨ ਤਾਂ ਉਨ੍ਹਾਂ ਦੀ ਆਪਣੀ ਸ਼ਖਸੀਅਤ ਦੀ ਪਛਾਣ ਮੁਸ਼ਕਲ ਹੋ ਜਾਂਦੀ ਹੈ। ਕਿਉਂਕਿ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਦੀ ਖੇਤੀਬਾੜੀ ਉੱਪਰ ਨਿਰਭਰਤਾ ਘਟੇ ਇਸ ਲਈ ਸੁਭਾਵਿਕ ਉਮੀਦਾਂ ਤੋਂ ਦੂਰੀ ਬਣਾ ਲੈਣ ਦੀ ਸ਼ੁਰੂਆਤ ਹੋ ਰਹੀ ਹੈ। ਅਸਲ ਵਿਚ, ਐਸਾ ਕੁਝ ਨਹੀਂ ਹੈ ਜਿਸ ਦੀ ਉਹ ਸ਼ਰਣ ਲੈ ਸਕਣ। ਅੰਨ੍ਹੀ ਗਲੀ ਦੇ ਜਿਸ ਡਰ ਅਤੇ ਵਹਿਮ ਦੀ ਹਾਲਤ 'ਚ ਨੌਜਵਾਨਾਂ ਦੇ ਮਨ ਟੱਕਰਾਂ ਮਾਰ ਰਹੇ ਹਨ, ਜਦੋਂ ਅਸੀਂ


ਇਸ ਦੀ ਸ਼ਿੱਦਤ ਨੂੰ ਮਹਿਸੂਸ ਕਰਨ ਦੀ ਦੂਰੋਂ ਵੀ ਕੋਸ਼ਿਸ਼ ਕਰਦੇ ਹਾਂ ਤਾਂ ਵੀ ਇਹ ਭਿਆਨਕ ਜਾਪਦੀ ਹੈ।

ਜਦੋਂ ਨੌਜਵਾਨਾਂ ਦਾ ਵਾਹ ਹਕੀਕਤ ਨਾਲ ਪੈਂਦਾ ਹੈ ਅਤੇ ਉਹ ਪਰਿਵਾਰਕ ਜ਼ਿੰਮੇਵਾਰੀਆਂ ਓਟਣੀਆਂ ਸ਼ੁਰੂ ਕਰ ਦਿੰਦੇ ਹਨ ਤਾਂ ਉਹ ਆਪਣੀ ਉਮਰ ਨਾਲੋਂ ਵਧੇਰੇ ਬੁੱਢੇ ਅਤੇ ਸਿਆਣੇ ਹੋ ਜਾਂਦੇ ਹਨ। ਮਾਨਸਾ ਜ਼ਿਲ੍ਹੇ ਨਾਲ ਸਬੰਧਤ ਕੁਲਦੀਪ ਸਿੰਘ ਦੀ ਉਮਰ 16 ਸਾਲ ਸੀ ਜਦੋਂ 2000 'ਚ ਉਸ ਦੇ ਬਾਪ ਨੇ ਕੀੜੇਮਾਰ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਹੁਣ ਉਹ 26 ਸਾਲ ਦਾ ਹੋ ਗਿਆ ਹੈ। ਉਸ ਦੀ ਇਕ ਵਿਆਹੀ ਹੋਈ ਭੈਣ ਨਾਲ ਸਹੁਰਾ ਪਰਿਵਾਰ ਬਦਸਲੂਕੀ ਕਰ ਰਿਹਾ ਹੈ। ਉਸਦੀ ਛੋਟੀ ਭੈਣ ਹਾਲੇ ਕੁਆਰੀ ਹੈ ਅਤੇ ਉਹ ਸੋਚਦਾ ਹੈ ਕਿ ਛੋਟੀ ਭੈਣ ਦਾ ਵਿਆਹ ਕਰਨ ਲਈ ਉਸ ਨੂੰ ਘੱਟੋ-ਘੱਟ ਤਿੰਨ ਲੱਖ ਰੁਪਏ ਦੀ ਲੋੜ ਪਵੇਗੀ। ਇਹੀ ਤ੍ਰਾਸਦੀ ਕੁਲਦੀਪ ਦੇ ਚਾਚੇ ਦੇ ਪੁੱਤ ਦੀ ਹੈ। ਉਸ ਦੇ ਬਾਪ ਦਾ ਸਾਇਆ ਵੀ 2005 'ਚ ਸਿਰ ਤੋਂ ਉੱਠ ਗਿਆ ਸੀ। ਉਸ ਦਾ ਪਰਿਵਾਰ ਵੀ ਤਿੰਨ ਲੱਖ ਰੁਪਏ ਦੇ ਕਰਜ਼ੇ ਹੇਠ ਪਿਸ ਰਿਹਾ ਹੈ। ਉਨ੍ਹਾਂ ਦੀ ਦੋ ਏਕੜ ਜ਼ਮੀਨ ਵਿਚੋਂ ਜੋ ਫ਼ਸਲ ਹੁੰਦੀ ਹੈ, ਸਾਰੀ ਦੀ ਸਾਰੀ ਆੜ੍ਹਤੀਆ ਵਿਆਜ ਵਿਚ ਹੂੰਝ ਕੇ ਲੈ ਜਾਂਦਾ ਹੈ। ਆਪਣੀ ਬੇਵਸੀ ਬਿਆਨ ਕਰਦਿਆਂ ਕੁਲਦੀਪ ਕਹਿੰਦਾ ਹੈ ਕਿ ਗ਼ਰੀਬ ਗੁਰਬੇ ਕੋਲ ਤਾਂ ਸ਼ਹਿਰ ਕਿਸੇ ਕਾਰਖ਼ਾਨੇ ਜਾ ਕੇ ਨੌਕਰੀ ਦੀ ਭਾਲ ਕਰਨ ਜੋਗੇ ਪੈਸੇ ਵੀ ਨਹੀਂ ਹੁੰਦੇ। ਉਹ ਅਤੇ ਉਸ ਦੇ ਚਾਚੇ ਦੇ ਪੁੱਤ ਦੋਵਾਂ ਦਾ ਜਨਮ ਅੱਸੀਵਿਆਂ ਦੇ ਅੱਧ ਦਾ ਹੈ, ਸ਼ਾਇਦ ਸਾਕਾ ਨੀਲਾ ਤਾਰਾ ਦੇ ਸਾਲ ਦਾ। ਇਹ ਉਹ ਸਮਾਂ ਸੀ ਜਦੋਂ ਲੋਕਾਂ ਨੂੰ ਪ੍ਰਤੱਖ ਹੋਣਾ ਸ਼ੁਰੂ ਹੋ ਗਿਆ ਸੀ ਕਿ ਹਰੇ ਇਨਕਲਾਬ ਦੇ ਪ੍ਰਭਾਵ ਖੁਰਨੇ ਸ਼ੁਰੂ ਹੋ ਗਏ ਹਨ। ਬਾਲਗ ਵਰੇਸ 'ਚ ਪੈਰ ਧਰ ਰਹੇ ਬੱਚਿਆਂ ਦੀ ਪੂਰੀ ਦੀ ਪੂਰੀ ਪੀੜ੍ਹੀ ਲਈ ਇਸ ਤਬਦੀਲੀ ਅੰਦਰ ਜਿਸ ਤਰ੍ਹਾਂ ਦੀ ਮਨੋ-ਵਿਗਿਆਨਕ ਵਤੀਰੇ ਦੀ ਸ਼੍ਰੇਣੀ-ਵੰਡ ਹੋਂਦ 'ਚ ਆ ਰਹੀ ਹੈ ਇਸ ਦੀ ਖ਼ੂਬ ਕਲਪਨਾ ਕੀਤੀ ਜਾ ਸਕਦੀ ਹੈ। ਇਹ ਅੱਲੜ ਵਰੇਸ ਦਾ ਇਕ ਯੁੱਗ ਹੈ ਜੋ ਸੰਕਟ ਵਿਚੋਂ ਲੰਘ ਰਿਹਾ ਹੈ। ਇਹ ਅੱਜ ਪੰਜਾਬ ਦੇ ਗੱਭਰੂ ਹਨ ਜਿਨ੍ਹਾਂ ਉੱਪਰ ਖੇਤੀ ਸੰਕਟ ਦੀ ਮਾਰ ਪੈ ਰਹੀ ਹੈ। ਉਨ੍ਹਾਂ ਦੀ ਮਰਦ ਹਸਤੀ ਇਸ ਸੰਕਟ ਤੋਂ ਬੁਰੀ ਤਰ੍ਹਾਂ ਪੀੜਤ ਹੈ—ਇਹ ਉਨ੍ਹਾਂ ਬਾਪਾਂ ਦੇ ਪੁੱਤ ਹਨ ਜੋ ਘਰ ਦੇ ਮੁਖੀ ਵਜੋਂ ਆਪਣੇ ਪਰਿਵਾਰ ਚਲਾ ਨਹੀਂ ਸਕੇ। ਇਨ੍ਹਾਂ ਨੌਜਵਾਨ ਚਿਹਰਿਆਂ ਉੱਪਰ ਉੱਕਰੀ ਹੋਈ ਘੋਰ ਉਦਾਸੀ, ਮਾਨਸਿਕ ਉਦਰੇਵਾਂ ਅਤੇ ਖ਼ੁਦਕੁਸ਼ੀ ਸਾਫ਼ ਦੇਖੀ ਜਾ ਸਕਦੀ ਹੈ। ਹਰੇ ਇਨਕਲਾਬ ਦੇ ਪ੍ਰਚਾਰ ਲਈ ਬਣਾਈਆਂ ਤਸਵੀਰਾਂ ਵਿਚ ਪੰਜਾਬੀ ਕਿਸਾਨ ਨੂੰ ਜਿਸ ਤਰ੍ਹਾਂ ਸੰਤੁਸ਼ਟ ਅਤੇ ਖੁਸ਼ਹਾਲ ਬਣਾਕੇ ਪੇਸ਼ ਕੀਤਾ ਗਿਆ ਉਹ ਤਸਵੀਰ ਭੁਲੇਖਾ ਪਾਊ ਸੀ। ਅਸਲ ਵਿਚ, ਇਹੀ ਅਕਸ ਉਸ ਵਿਆਪਕ ਖੇਤੀ ਸੰਕਟ ਦੇ ਬੀਜ ਬੀਜ ਰਿਹਾ ਸੀ ਜਿਸ ਦੀਆਂ ਪਰਤਾਂ ਵੀਹ ਸਾਲ ਬਾਅਦ ਉੱਭਰਕੇ ਸਾਹਮਣੇ ਆਈਆਂ।

ਪਟਿਆਲਾ ਜ਼ਿਲ੍ਹੇ ਦੇ ਨਾਭਾ ਇਲਾਕੇ ਦੀ ਇਕ ਨੌਜਵਾਨ ਕੁੜੀ ਆਪਣੇ ਬਾਪ ਦੀ ਖ਼ੁਦਕੁਸ਼ੀ ਤੋਂ ਬਾਅਦ ਡੂੰਘੇ ਗ਼ਮ ਦਾ ਸ਼ਿਕਾਰ ਹੋ ਗਈ ਕਿਉਂਕਿ ਉਹ ਉਸ ਦੀ ਲਾਡਲੀ ਧੀ ਸੀ ਅਤੇ ਲਾਡਾਂ-ਚਾਵਾਂ ਨਾਲ ਪਲੀ ਸੀ। ਛੇਤੀ ਹੀ ਉਹ ਸਕੂਲੋਂ ਹਟ ਗਈ, ਗੁੰਮਸੁੰਮ ਰਹਿਣ ਲੱਗੀ ਅਤੇ ਵੱਡੀ ਹੋ ਕੇ ਵਿਆਹ ਤੋਂ ਇਨਕਾਰੀ ਹੋ ਗਈ।

ਹੁਣ ਉਹ 24 ਸਾਲ ਦੀ ਹੋ ਗਈ ਹੈ। ਆਖ਼ਿਰ ਉਹ ਵਿਆਹ ਬਾਰੇ ਸੋਚਣ ਲੱਗੀ ਹੈ ਪਰ ਮੁਸ਼ਕਲ ਨਾਲ ਹੀ ਕੋਈ ਗੱਲ ਕਰਦੀ ਹੈ। ਉਸ ਨੇ ਦੱਸਿਆ ਕਿ ਉਸ ਨੂੰ ਡੂੰਘੇ ਫ਼ਿਕਰਾਂ ਅਤੇ ਭੈਅ ਨੇ ਖਾ ਲਿਆ ਸੀ ਇਸ ਕਰਕੇ ਉਸ ਦੀ ਹਾਲਤ ਪਾਗਲਾਂ ਵਾਲੀ ਹੋ ਗਈ ਸੀ। ਸੰਗਰੂਰ ਜ਼ਿਲ੍ਹੇ ਦੇ ਲਹਿਰਾਗਾਗਾ ਬਲਾਕ 'ਚ ਇਕ ਅਠਾਰਾਂ ਸਾਲ ਦੀ ਬੱਚੀ ਦੇ ਸਿਰ 'ਤੇ ਉਸਦੇ ਮਾਂ-ਬਾਪ ਦਾ ਸਾਇਆ ਨਹੀਂ ਰਿਹਾ। ਜਦੋਂ ਇਕ ਨੌਂ ਸਾਲ ਦੇ ਲੜਕੇ ਨਾਲ ਉਸ ਦੇ ਖੇਤ ਮਜ਼ਦੂਰ ਬਾਪ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਉਹ ਬੇਹੋਸ਼ ਹੋ ਜਾਂਦਾ ਹੈ। ਜਦੋਂ ਪਰਿਵਾਰਾਂ ਦੀ ਹਾਲਤ ਲਿਖਤਾਂ 'ਚ ਨਹੀਂ ਆਉਂਦੀ ਅਤੇ ਔਰਤਾਂ ਦੀ ਹਾਲਤ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ ਤਾਂ ਅਸੀਂ ਇਨ੍ਹਾਂ ਬੱਚਿਆਂ ਵੱਲ ਇਸ ਤਰੀਕੇ ਨਾਲ ਧਿਆਨ ਦਿੱਤੇ ਜਾਣ ਦੀ ਉਮੀਦ ਨਹੀਂ ਕਰ ਸਕਦੇ ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਦੀਆਂ ਹਾਲਤਾਂ 'ਚ ਚੋਖਾ ਬਦਲਾਅ ਆ ਜਾਵੇ। ਸਾਡਾ ਸਮਾਜ ਐਸਾ ਹੈ ਜਿਥੇ ਨਾ ਬੱਚਿਆਂ ਦੀ ਸੁਣਵਾਈ ਹੁੰਦੀ ਹੈ ਨਾ ਉਨ੍ਹਾਂ ਵੱਲ ਗ਼ੌਰ ਕੀਤਾ ਜਾਂਦਾ ਹੈ। ਉਨ੍ਹਾਂ ਦੇ ਵਿਚਾਰਾਂ ਨੂੰ ਮਾਣ-ਤਾਣ ਦੇਣ ਦੀ ਤਾਂ ਗੱਲ ਹੀ ਛੱਡੋ। ਫੇਰ ਵੀ, ਇਹ ਬੱਚੇ ਦਿਲ-ਟੁੰਬਵੇਂ ਰੂਪ 'ਚ ਬਾਪੂਆਂ ਦਾ ਪੱਖ ਲੈਂਦੇ ਹਨ। ਇਕ ਗਿਆਰਾਂ ਸਾਲ ਦੇ ਲੜਕੇ ਦਾ ਬਾਪ ਕੁਝ ਮਹੀਨੇ ਪਹਿਲਾਂ ਇਸ ਜਹਾਨੋਂ ਤੁਰ ਗਿਆ ਸੀ। ਉਸ ਦੀਆਂ ਤਿੰਨ ਭੈਣਾਂ ਉਸ ਤੋਂ ਵੱਡੀਆਂ ਸਨ। ਉਹ ਸਾਰੀ ਗੱਲਬਾਤ ਦੌਰਾਨ ਚੁੱਪਚਾਪ ਬੈਠਾ ਸੁਣਦਾ ਰਿਹਾ ਪਰ ਜਦੋਂ ਅਸੀਂ ਉੱਥੋਂ ਚੱਲਣ ਲੱਗੇ ਤਾਂ ਉਸ ਨੇ ਬਹੁਤ ਹੀ ਸੰਜੀਦਗੀ ਨਾਲ ਕਿਹਾ ਕਿ ਉਹ ਆਪਣੀਆਂ ਭੈਣਾਂ ਦਾ ਪੂਰਾ ਖ਼ਿਆਲ ਰੱਖੇਗਾ। ਲੜਕਿਆਂ ਵਲੋਂ ਭੂਮਿਕਾ ਅਖ਼ਤਿਆਰ ਕਰਨ ਅਤੇ ਆਸ ਬੰਨ੍ਹਾਉਣ ਦਾ ਇਹ ਅਮਲ ਸਹਿਜ-ਸੁਭਾਅ ਹੀ ਵਾਪਰਦਾ ਹੈ। ਚਾਹੇ ਉਹ ਅਜਿਹੇ ਹਾਲਾਤ 'ਚ ਆਮ ਹੀ ਗੱਲਬਾਤ ਨੂੰ ਘੋਖਦੇ ਅਤੇ ਸੁਣਦੇ ਰਹਿੰਦੇ ਹਨ—ਪਰ ਅਜਿਹਾ ਕੁਝ ਨਹੀਂ ਹੁੰਦਾ ਜੋ ਬੱਚੇ ਗ੍ਰਹਿਣ ਨਾ ਕਰ ਸਕਣ। ਉਹ ਭੈਭੀਤ ਹੋਏ ਆਪਣੀਆਂ ਮਾਵਾਂ ਨੂੰ ਗੱਲਾਂ ਕਰਦਿਆਂ ਸੁਣਦੇ ਹਨ, ਸ਼ਾਇਦ ਪਹਿਲੀ ਵਾਰ ਉਹ ਦੇਖ ਰਹੇ ਹਨ ਕਿ ਉਹ ਕਿਸੇ ਬਾਹਰਲੇ ਬੰਦੇ ਨਾਲ ਗੱਲਾਂ ਕਰ ਰਹੀਆਂ ਹਨ ਅਤੇ ਆਪਣੇ ਖ਼ਿਆਲ ਦੱਸ ਰਹੀਆਂ ਹਨ। ਕਦੇ-ਕਦੇ ਇਹ ਉਨ੍ਹਾਂ ਅੰਦਰਲੀਆਂ ਸੂਖਮ ਸੰਵੇਦਨਾਵਾਂ ਨੂੰ ਟੁੰਬਣ ਦਾ ਕੰਮ ਵੀ ਕਰ ਸਕਦਾ ਹੈ। ਕੁਝ ਲੜਕੀਆਂ ਜਦੋਂ ਆਪਣੀਆਂ ਮਾਵਾਂ ਨੂੰ ਗੱਲਾਂ ਕਰਦਿਆਂ ਸੁਣ ਰਹੀਆਂ ਸਨ ਤਾਂ ਉਨ੍ਹਾਂ ਦੀਆਂ ਅੱਖਾਂ 'ਚ ਅੱਥਰੂ ਸਨ; ਦਰਦ ਨੂੰ ਮੁੜ ਜਿਊਣਾ ਬਹੁਤ ਜ਼ਿਆਦਾ ਮੁਸ਼ਕਲ ਹੁੰਦਾ ਹੈ। ਦੂਜੇ ਪਾਸੇ, ਇਹੀ ਬੱਚੇ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਬਾਪੂਆਂ ਦੀ ਬਦਖੋਹੀ ਕੀਤੀ ਜਾਵੇ ਅਤੇ ਉਹ ਵੀ ਕਿਸੇ ਓਪਰੇ ਸਾਹਮਣੇ। ਇਕ ਮਾਂ ਮੇਰੇ ਨਾਲ ਇਹ ਚਰਚਾ ਕਰ ਰਹੀ ਸੀ ਕਿ ਘਰ ਵਿਚ ਫ਼ੈਸਲੇ ਕਿਵੇਂ ਲਏ ਜਾਂਦੇ ਸਨ ਅਤੇ ਨਾਲ ਹੀ ਯਤਨ ਕਰ ਰਹੀ ਸੀ ਕਿ ਚਾਰੇ ਬੱਚੇ ਸੌਂ ਜਾਣ। ਉਸ ਨੇ ਕਿਹਾ ਕਿ ਕਿਸੇ ਵਿਰਲੇ-ਟਾਵੇਂ ਮੌਕੇ ਹੀ ਉਸ ਦੇ ਪਤੀ ਨੇ ਕਦੇ ਫ਼ੈਸਲਾ ਲਿਆ ਹੋਵੇਗਾ। ਅਜਿਹੇ ਦਬਾਅ ਵਾਲੇ ਹਾਲਾਤ 'ਚ ਉਹ ਅਕਸਰ ਹੀ ਬੇਚੈਨ ਹੋ ਜਾਂਦਾ ਜਾਂ ਘਬਰਾ ਜਾਂਦਾ ਅਤੇ ਦਾਰੂ ਪੀ ਕੇ ਟੱਲੀ ਹੋਣ ਨੂੰ ਤਰਜੀਹ ਦਿੰਦਾ। ਇਹ ਸੁਣਕੇ ਪੰਜ ਸਾਲ ਦੇ ਮੁੰਡੇ ਨੇ ਰਜਾਈ ਵਗਾਹ ਮਾਰੀ ਅਤੇ ਮੰਜੇ 'ਤੇ ਖੜ੍ਹਾ ਹੋ ਕੇ ਕਹਿਣ ਲੱਗਿਆ ਕਿ ਜਦੋਂ ਉਸਦਾ ਪਿਉ ਜਿਊਂਦਾ ਸੀ ਤਾਂ ਸਾਰੇ ਫ਼ੈਸਲੇ ਉਹੀ ਲੈਂਦਾ ਸੀ। ਇਹ ਹੈਰਾਨੀ ਦੀ ਗੱਲ ਹੈ ਕਿ ਨਿੱਕੇ ਜਹੇ

ਮਨ 'ਚ ਕੀ ਕੁਝ ਖੌਲ ਰਿਹਾ ਹੈ ਅਤੇ ਉਹ ਕਿੰਨੀ ਤੇਜ਼ੀ ਨਾਲ ਆਪਣੇ ਬਾਪ ਦਾ ਪੱਖ ਲੈਂਦਾ ਹੈ। ਮਾਂ ਨੇ ਉਸ ਨੂੰ ਡਾਂਟਿਆ, "ਜਾ ਵੇ ਸੌਂ ਜਾ ਕੇ, ਤੂੰ ਤਾਂ ਦੋ ਸਾਲ ਦਾ ਵੀ ਨਹੀਂ ਸੀ ਜਦੋਂ ਉਹ ਮਰ ਗਿਆ ਸੀ। ਤੂੰ ਕੀ ਜਾਣੇਂ?" ਪੂਰੇ ਕਮਰੇ ਵਿਚ ਹਾਸੜ ਮੱਚ ਗਈ। ਆਪਣੇ ਬਾਪ ਪ੍ਰਤੀ ਉਸ ਦੀ ਵਫ਼ਾਦਾਰੀ ਅਤੇ ਮ੍ਰਿਤਕ ਬਾਪ ਦੀ ਨੁਕਤਾਚੀਨੀ ਦੇਖਕੇ ਉਸ ਦਾ ਇਕਦਮ ਝੂਠ ਘੜਕੇ ਉਸ ਦਾ ਪੱਖ ਲੈਣਾ ਮਨ ਨੂੰ ਬਹੁਤ ਟੁੰਬਣ ਵਾਲਾ ਸੀ। ਹਾਲਾਂਕਿ ਇਹ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਸ ਨੂੰ ਕਿੰਨਾ ਕੁ ਚੇਤਾ ਹੋਵੇਗਾ। ਅਜਿਹੇ ਬੱਚੇ ਮਾਪਿਆਂ ਲਈ ਕਿੰਨਾ ਤਾਂਘਦੇ ਹਨ ਜਿਨ੍ਹਾਂ ਨੇ ਸ਼ਾਇਦ ਹੀ ਉਨ੍ਹਾਂ ਨੂੰ ਦੇਖਿਆ ਹੁੰਦਾ ਹੈ। ਅਤੇ ਉਨ੍ਹਾਂ ਅੱਗੇ ਜੋ ਭਵਿੱਖ ਹੈ ਉਹ ਤਾਂ ਹੋਰ ਵੀ ਧੁੰਦਲਾ ਜਾਪਦਾ ਹੈ।



ਕਾਂਡ ਛੇਵਾਂ

ਫ਼ੈਸਲੇ ਲੈਣ ਅਤੇ ਉਮੀਦਾਂ ਨੂੰ ਬੋਲਾਂ 'ਚ ਬਦਲਣ ਦਾ ਸਵਾਲ

ਹਰ ਕੋਈ ਚਾਹਤਾ ਹੈ ਏਕ ਮੁੱਠੀ ਆਸਮਾਨ
ਹਰ ਕੋਈ ਢੂੰਢਤਾ ਹੈ ਏਕ ਮੁੱਠੀ ਆਸਮਾਨ
ਜੋ ਸੀਨੇ ਸੇ ਲਗਾ ਲੇ, ਹੋ ਐਸਾ ਏਕ ਜਹਾਨ
ਹਰ ਕੋਈ ਚਾਹਤਾ ਹੈ ਏਕ ਮੁੱਠੀ ਆਸਮਾਨ[1]

ਮੁੱਠੀ ਭਰ ਤੱਕ ਹੀ ਨਹੀਂ ਸਗੋਂ ਅੱਧੇ ਆਸਮਾਨ ਤੱਕ ਪਹੁੰਚਣਾ ਔਰਤਾਂ ਦੀ ਮੁਕਤੀ ਦੀ ਹਮੇਸ਼ਾ ਤਾਂਘ ਰਹੀ ਹੈ। ਜਦੋਂ ਵਿਸ਼ੇਸ਼ ਅਧਿਕਾਰ ਪ੍ਰਾਪਤ ਔਰਤਾਂ ਦਾ ਇਕ ਨਿੱਕਾ ਜਿਹਾ ਹਿੱਸਾ ਉਸੇ ਆਸਮਾਨ ਦੇ ਅੱਧ ਤੋਂ ਵੱਧ ਹਿੱਸੇ ਤੱਕ ਪਹੁੰਚ ਰੱਖਦਾ ਹੈ ਅਤੇ ਜਦੋਂ ਇਨ੍ਹਾਂ ਹੀ ਕੁਝ ਸਾਲਾਂ 'ਚ ਲਿੰਗ ਅਨੁਪਾਤ ਸਭ ਤੋਂ ਵੱਧ ਘਟਿਆ ਹੈ,[2] ਰੋਜ਼ਮਰਾ ਜ਼ਿੰਦਗੀ 'ਚ ਮਰਦ ਪ੍ਰਧਾਨ ਰੋਕਾਂ ਨੂੰ ਦੂਰ ਕਰਨ ਲਈ ਸੰਘਰਸ਼ ਉੱਪਰ ਔਰਤਾਂ ਦੇ ਜਾਤਪਾਤੀ ਅਤੇ ਜਮਾਤੀ ਦਰਜੇ ਦਾ ਚੋਖਾ ਅਸਰ ਪੈਂਦਾ ਹੈ। ਜੋ ਲੋਕ ਤਬਦੀਲੀ ਲਿਆਉਣ ਦੇ ਅਮਲ 'ਚ ਜੁੱਟੇ ਹੋਏ ਹਨ, ਆਰਥਿਕਤਾ ਰਾਹੀਂ ਜਾਂ ਕਿਸੇ ਹੋਰ ਸਮੇਂ ਰੂੜ੍ਹੀਵਾਦੀ ਪ੍ਰਤੀਕਰਮ ਨਾਲ ਆਈਆਂ ਤਬਦੀਲੀਆਂ ਨਾਲ ਇਹ ਢਾਂਚਾਗਤ ਰੋਕਾਂ ਅਪਾਰ ਬਣ ਜਾਂਦੀਆਂ ਹਨ। ਜਿਵੇਂ ਅਸੀਂ ਇਥੇ ਅਤੇ ਆਪਣੇ ਆਲੇ-ਦੁਆਲੇ ਦੇਖਦੇ ਹਾਂ, ਔਰਤਾਂ ਦੀ ਬਹੁਗਿਣਤੀ ਆਪਣੀ ਜ਼ਿੰਦਗੀ ਦੀ ਤਰੱਕੀ ਦਾ ਸਾਧਨ ਬਨਣ ਵਾਲੇ ਵਸੀਲਿਆਂ ਤੋਂ ਮਹਿਰੂਮ ਹੈ। ਇਹ ਪ੍ਰਤੱਖ ਹੈ ਕਿ "ਵਿਅਕਤੀਗਤ ਸਿਆਸੀ ਮਾਮਲਾ ਹੈ" ਦੇ ਨਾਅਰੇ ਨਾਲ ਆਈ ਚੇਤਨਾ ਨੇ ਔਰਤ ਦੀ ਜ਼ਿੰਦਗੀ ਅਤੇ ਕਿਰਤ ਦੇ ਹਰ ਖੇਤਰ ਨੂੰ ਨਾਰੀਵਾਦੀ ਪੁਣ-ਛਾਣ ਦੇ ਘੇਰੇ 'ਚ ਲੈ ਆਂਦਾ, ਪਰ ਜ਼ਿਆਦਾਤਰ ਔਰਤਾਂ, ਖ਼ਾਸ ਕਰਕੇ ਪੇਂਡੂ ਭਾਰਤ ਅਤੇ ਸ਼ਹਿਰੀ ਗ਼ਰੀਬ ਔਰਤਾਂ ਲਈ ਮੁਕਤੀ ਦਾ ਪੈਂਡਾ ਹੋਰ ਵੀ ਬਿਖੜਾ ਹੋ ਗਿਆ ਹੈ। ਅਧੀਨ ਦਰਜੇ ਵਾਲੇ ਹਾਲਾਤ ਦਾ ਇਜ਼ਹਾਰ ਹੋਰ ਵੀ ਨਵੇਂ ਤਰੀਕਿਆਂ ਨਾਲ ਹੋ ਰਿਹਾ ਹੈ ਅਤੇ ਪੁਰਾਣੇ ਢਾਂਚੇ ਮਜ਼ਬੂਤ ਹੋ ਰਹੇ ਹਨ। ਸਿਲਸਿਲੇਵਾਰ ਸੰਕਟਾਂ ਕਰਕੇ ਮਰਦ ਪ੍ਰਧਾਨ ਸੱਤਾ ਨਾਲ ਔਰਤਾਂ ਦੀ ਔਰਤਾਂ ਦੀ ਲੈ-ਦੇ ਖ਼ਤਰਨਾਕ ਪਸਾਰਾਂ ਰਾਹੀਂ

---

1. ਮਦਨ ਮੋਹਣ ਦਾ ਲਿਖਿਆ ਇਕ ਹਿੰਦੀ ਫਿਲਮ ਦਾ ਗੀਤ

2. 31 ਮਾਰਚ ਨੂੰ ਜਾਰੀ ਕੀਤੀ ਗਈ ਆਰਜ਼ੀ ਮਰਦਮਸ਼ੁਮਾਰੀ ਰਿਪੋਰਟ-2011 ਅਨੁਸਾਰ ਭਾਰਤ ਵਿਚ ਬੱਚਿਆਂ ਦਾ ਲਿੰਗ-ਅਨੁਪਾਤ 1000 ਪਿੱਛੇ 914 ਕੁੜੀਆਂ ਤੱਕ ਘੱਟ ਗਿਆ—ਜੋ ਆਜ਼ਾਦੀ ਤੋਂ ਬਾਅਦ ਸਭ ਤੋਂ ਘੱਟ ਹੈ। ਮਾਦਾ ਭਰੂਣ ਹੱਤਿਆ ਰੋਕਣ ਲਈ ਕਾਨੂੰਨਾਂ ਅਤੇ ਧੀਆਂ ਦੇ ਜਨਮ ਨੂੰ ਉਤਸ਼ਾਹਤ ਕਰਨ ਦੀਆਂ ਸਕੀਮਾਂ ਦੇ ਬਾਵਜੂਦ, ਬੱਚਿਆਂ ਦਾ ਲਿੰਗ ਅਨੁਪਾਤ ਜੋ 2001 'ਚ 1000 ਪਿੱਛੇ 927 ਸੀ ਉਹ 914 ਰਹਿ ਗਿਆ। ਜੋ ਪੁੱਤ ਨੂੰ ਪਹਿਲ ਦੇਣ ਦੇ ਮਜ਼ਬੂਤ ਸੱਭਿਆਚਾਰ ਦਾ ਸੂਚਕ ਹੈ। ਦੇਖੋ http://articles.economictimes.indiatimes.com/2011-03-31/news/29365989-ratio-males-girl-child (ਸਾਈਟ ਪਹਿਲੀ ਅਪ੍ਰੈਲ 2011 ਨੂੰ ਦੇਖੀ ਗਈ).

ਸਾਹਮਣੇ ਆ ਰਹੀ ਹੈ ਜਿਸ ਨਾਲ ਜੇ ਹਾਲਤ ਅਣਮਨੁੱਖੀ ਨਹੀਂ, ਤਾਂ ਘੱਟੋ-ਘੱਟ ਨਿਤਾਣੀ ਜ਼ਰੂਰ ਬਣ ਰਹੀ ਹੈ। ਹਾਲਾਂਕਿ ਔਰਤ ਲਹਿਰ ਦੀਆਂ ਪ੍ਰਾਪਤੀਆਂ ਕਿਸੇ ਵੀ ਤਰ੍ਹਾਂ ਤੁੱਛ ਨਹੀਂ ਹਨ, ਇਸ ਦੇ ਬਾਵਜੂਦ ਇਹ ਸਪਸ਼ਟ ਹੈ ਕਿ ਅੱਜ ਦੇ ਪ੍ਰਸੰਗ 'ਚ ਮਰਦ ਪ੍ਰਧਾਨ ਸੱਤਾ ਦੀ ਜਕੜ ਹੋਰ ਡੂੰਘੀ ਹੋ ਰਹੀ ਹੈ। ਇਸ ਪ੍ਰਸੰਗ 'ਚ, ਮਰਦ ਪ੍ਰਧਾਨ ਸੱਤਾ ਨਾਲ ਔਰਤਾਂ ਦੀ ਰੋਜ਼ਮਰਾ ਦੀ ਜੱਦੋਜਹਿਦ ਨੂੰ ਨਵੇਂ ਸਿਰਿਉਂ ਪੜਤਾਲਣ ਦੀ ਲੋੜ ਹੈ।

ਭਾਰੂ ਜਗੀਰੂ ਅਤੇ ਮਰਦ ਪ੍ਰਧਾਨ ਢਾਂਚੇ ਅੰਦਰ ਸਾਲਾਂ ਬੱਧੀ ਹਾਸ਼ੀਏ 'ਤੇ ਧੱਕੀਆਂ ਹੋਣ ਕਾਰਨ, ਇਨ੍ਹਾਂ ਔਰਤਾਂ ਨੂੰ ਚਾਣਚੱਕ ਫ਼ੈਸਲੇ ਲੈਣ ਵਾਲੇ ਦੀ ਭੂਮਿਕਾ ਅਖ਼ਤਿਆਰ ਕਰਨ ਦੀ ਹਕੀਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਤੀਬਾੜੀ 'ਚ ਨਿਘਾਰ ਆਉਣ ਨਾਲ ਇਕ ਬਦਲਿਆ ਹੋਇਆ ਪ੍ਰਸੰਗ ਸਾਹਮਣੇ ਆ ਰਿਹਾ ਹੈ ਜਿੱਥੇ ਔਰਤਾਂ ਦੀ ਰੋਜ਼ਮਰਾ ਮੁਸ਼ੱਕਤ ਹੋਰ ਵੀ ਭੈੜੀ ਬਣਦੀ ਜਾ ਰਹੀ ਹੈ। ਖ਼ੁਦਕੁਸ਼ੀ ਦੀ ਘਟਨਾ ਤੋਂ ਕੁਝ ਦਿਨਾਂ ਦੇ ਅੰਦਰ ਹੀ ਉਸ ਦਾ ਆਪਣੇ ਚਾਰ-ਚੁਫੇਰੇ ਦੇ ਲੋਕਾਂ ਨਾਲ ਰਿਸ਼ਤਾ ਤਣਾਅਗ੍ਰਸਤ ਹੋ ਜਾਂਦਾ ਹੈ। ਜਿੱਥੇ ਉਨ੍ਹਾਂ ਨੂੰ ਉਹ ਜ਼ਿੰਮੇਵਾਰੀ ਓਟਣੀ ਪੈਂਦੀ ਹੈ ਜਿਸ ਲਈ ਉਹ ਓਨਾ ਤਿਆਰ ਨਹੀਂ ਹੁੰਦੀ ਅਤੇ ਲੈਸ ਵੀ ਨਹੀਂ ਹੁੰਦੀ। ਜਿਨ੍ਹਾਂ ਨੂੰ ਪਹਿਲਾਂ ਨਿਰਭਰ ਮੰਨਿਆ ਜਾਂਦਾ ਸੀ ਉਨ੍ਹਾਂ ਨੂੰ ਹੁਣ ਗੁਜ਼ਾਰੇ ਦਾ ਇੰਤਜ਼ਾਮ ਕਰਨ ਵਾਲੇ ਦੀ ਭੂਮਿਕਾ ਸੌਂਪ ਦਿੱਤੀ ਜਾਂਦੀ ਹੈ; ਹੱਕਾਂ ਤੋਂ ਵਾਂਝੇ ਵਿਅਕਤੀ ਨੂੰ ਫ਼ੈਸਲੇ ਲੈਣ ਵਾਲੇ ਦੀ ਭੂਮਿਕਾ ਨਿਭਾਉਣ ਲਈ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਫ਼ਸਲਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਦੀ ਮੁਖੀ ਬਣਾ ਦਿੱਤਾ ਜਾਂਦਾ ਹੈ ਜੋ ਪਹਿਲਾਂ ਹੀ ਫ਼ੇਲ੍ਹ ਹੋ ਚੁੱਕਾ ਖੇਤਰ ਹੈ। ਹਾਲਾਂਕਿ ਨਾ ਕਦੇ ਉਹ ਮੰਡੀ ਦੇ ਕਾਰ-ਵਿਹਾਰ ਦਾ ਹਿੱਸਾ ਰਹੀਆਂ ਹੁੰਦੀਆਂ ਹਨ ਅਤੇ ਨਾ ਹੀ ਉਨ੍ਹਾਂ ਨੇ ਕਦੇ ਕੀੜੇਮਾਰ ਦਵਾਈਆਂ ਤੇ ਖਾਦਾਂ ਖ਼ਰੀਦੀਆਂ ਹੁੰਦੀਆਂ ਹਨ। ਅਤੇ ਨਾ ਮਸ਼ੀਨਰੀ ਕਿਰਾਏ 'ਤੇ ਲੈਣ ਦਾ ਤਜਰਬਾ ਹੁੰਦਾ ਹੈ। ਜਦੋਂ ਸਦਮਾ ਅਤੇ ਦੁੱਖ ਘੱਟ ਜਾਂਦੇ ਹਨ ਤਾਂ ਰੋਜ਼ਮਰਾ ਜ਼ਿੰਦਗੀ ਉਨ੍ਹਾਂ ਹੀ ਛੋਟੇ-ਛੋਟੇ ਟਕਰਾਵਾਂ ਪਰ ਵੱਖਰੀ ਤਰ੍ਹਾਂ ਦੀ ਮਾਯੂਸੀ 'ਚ ਗ੍ਰਸਤ ਹੋ ਜਾਂਦੀ ਹੈ। ਪੈਸੇ ਦੀ ਤੰਗੀ ਜਾਂ ਅਣਹੋਂਦ ਕਾਰਨ ਕਲੇਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਪਰਿਵਾਰ 'ਚ ਭਾਰੀ ਤਣਾਅ ਬਣ ਜਾਂਦਾ ਹੈ; ਆੜ੍ਹਤੀਏ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੰਦੇ ਹਨ। ਜੇ ਤੁਸੀਂ ਇਨ੍ਹਾਂ ਔਰਤਾਂ ਨਾਲ ਮਦਦ ਦੇ ਵਸੀਲਿਆਂ ਦੀ ਗੱਲ ਛੇੜੋ ਤਾਂ ਜ਼ਿਆਦਾਤਰ ਔਰਤਾਂ ਜਾਂ ਤਾਂ ਡੌਰ-ਭੌਰ ਹੋ ਜਾਂਦੀਆਂ ਹਨ ਜਾਂ ਉਨ੍ਹਾਂ ਦੇ ਬੁੱਲ੍ਹਾਂ 'ਤੇ ਵਿਅੰਗ ਭਰੀ ਮੁਸਕਰਾਹਟ ਫੈਲ ਜਾਂਦੀ ਹੈ। ਸੰਕਟ ਦਾ ਅਸਰ ਕਿਉਂਕਿ ਸਾਰਿਆਂ ਦੀ ਜ਼ਿੰਦਗੀ 'ਤੇ ਪੈ ਰਿਹਾ ਹੈ ਇਸ ਲਈ ਅਜਿਹੇ ਵਸੀਲੇ ਪੂਰੀ ਤਰ੍ਹਾਂ ਮੁੱਕ ਜਾਂਦੇ ਹਨ। ਅਕਸਰ ਹੀ ਪੰਚਾਇਤਾਂ ਜਾਂ ਕਿਸਾਨ ਯੂਨੀਅਨਾਂ ਦੀ ਮਦਦ ਹੀ ਇਕੋ-ਇਕ ਵਸੀਲਾ ਰਹਿ ਜਾਂਦੀ ਹੈ। ਟੱਬਰ ਦੇ ਕਿਸੇ ਜੀਅ ਨੂੰ ਨੌਕਰੀ ਜਾਂ ਬੱਚਿਆਂ ਲਈ ਚੰਗੀ ਵਿਦਿਆ ਜਾਂ ਤਕਨੀਕੀ ਸਿਖਲਾਈ ਕੋਰਸਾਂ ਦੀ ਆਸ ਸੁਪਨਾ ਬਣ ਜਾਂਦੀ ਹੈ। ਇਸ ਕਾਂਡ ਵਿਚ ਔਰਤਾਂ ਨਾਲ ਗੱਲਬਾਤ ਦੇ ਅਧਾਰ 'ਤੇ ਹਾਸਲ ਜਾਣਕਾਰੀ ਦੀਆਂ ਸਧਾਰਨ ਸਾਰਣੀਆਂ ਅਤੇ ਹਿਸਾਬ-ਕਿਤਾਬ ਦੀ ਸਹਾਇਤਾ ਨਾਲ ਚਾਰ ਅਹਿਮ ਖੇਤਰਾਂ ਨੂੰ ਪੜਤਾਲਿਆ ਜਾਵੇਗਾ ਜੋ ਕਿਸੇ ਕਿਸਾਨ ਦੀ ਖ਼ੁਦਕੁਸ਼ੀ ਤੋਂ ਤੁਰੰਤ ਬਾਅਦ ਦੀ ਹਾਲਤ ਹੁੰਦੀ ਹੈ: (1) ਅੱਜ ਫ਼ੈਸਲੇ ਲੈਣ ਦਾ ਸਵਾਲ; (2)

ਨਵੇਂ ਬਦਲੇ ਹੋਏ ਪ੍ਰਸੰਗ 'ਚ ਦਰਪੇਸ਼ ਟਕਰਾਅ; (3) ਮਦਦ ਦੇ ਵਸੀਲੇ ਜੇ ਕੋਈ ਹੋਣ ਤਾਂ; ਅਤੇ (4) ਪੰਜਾਬ ਸਰਕਾਰ ਤੋਂ ਉਮੀਦਾਂ।

6.1 ਹਰ ਤਰ੍ਹਾਂ ਦੀਆਂ ਮੁਸ਼ਕਲਾਂ ਦੇ ਸਨਮੁੱਖ ਫ਼ੈਸਲੇ ਲੈਣਾ

ਮਾਨਸਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ ਬਜ਼ੁਰਗ ਔਰਤ ਅਤੇ ਉਸ ਦੀ ਨੂੰਹ ਦੋਵਾਂ ਦੇ ਪਤੀ ਨਹੀਂ ਰਹੇ। ਪਤੀ ਦੀ ਮੌਤ ਤੋਂ ਬਾਅਦ ਨੂੰਹ ਨੂੰ ਸਹੁਰੇ ਨੇ ਕਰਜ਼ੇ ਦੀ ਸੁਣਾਉਣੀ ਕਰ ਦਿੱਤੀ। ਬਾਅਦ 'ਚ ਸਹੁਰੇ ਨੇ ਵੀ ਖ਼ੁਦਕੁਸ਼ੀ ਕਰ ਲਈ। ਦੋਵਾਂ ਔਰਤਾਂ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਦਾ ਕਰਜ਼ੇ ਅਤੇ ਹੌਲੀ-ਹੌਲੀ ਜ਼ਮੀਨ ਵਿਕ ਜਾਣ ਦੇ ਮਾਮਲਿਆਂ ਬਾਰੇ ਹਨੇਰੇ 'ਚ ਹੋਣ ਦੀ ਹਕੀਕਤ ਨਾਲ ਵਾਹ ਪਿਆ। ਚਾਹੇ ਪਤੀ ਸੀ ਜਾਂ ਹੁਣ ਪੁੱਤ ਹੈ, ਲੱਗਦਾ ਹੈ 50 ਸਾਲ ਦੀ ਹੋ ਚੁੱਕੀ ਇਸ ਨੂੰਹ ਦੀ ਕੋਈ ਪੁੱਗਤ ਨਹੀਂ ਹੈ। ਹੁਣ, ਵਿਆਜ ਦਰ ਵੀ ਵਧ ਰਹੀ ਹੈ ਅਤੇ ਕਰਜ਼ਾ ਵੀ, ਅਤੇ ਉਸ ਦਾ ਪੁੱਤ ਤਣਾਅ 'ਚ ਰਹਿੰਦਾ ਹੈ। ਉਸ ਨੇ ਕਿਹਾ:

"ਆਰਥਕ ਮੁਸ਼ਕਲਾਂ ਦਾ ਕੋਈ ਅੰਤ ਨਹੀਂ ਹੈ। ਮੇਰਾ ਪੁੱਤ ਹਰ ਸਮੇਂ ਤਣਾਅ 'ਚ ਰਹਿੰਦਾ ਹੈ। ਉਸ ਨੂੰ ਆਪਣੇ ਦੋ ਬੱਚਿਆਂ ਦੀ ਚਿੰਤਾ ਹੈ। ਕਰਜ਼ਾ ਵਧਦਾ ਜਾ ਰਿਹਾ ਹੈ। ਮੇਰੇ ਪਤੀ ਨੇ ਮੈਨੂੰ ਕਰਜ਼ੇ ਬਾਰੇ ਭੇਤ ਨਹੀਂ ਦਿੱਤਾ। ਉਸ ਦੀ ਮੌਤ ਤੋਂ ਬਾਅਦ ਮੇਰੇ ਸਹੁਰੇ ਨੇ ਕਰਜ਼ੇ ਦੀ ਗੱਲ ਕੀਤੀ। ਹੁਣ ਹਰ ਚੀਜ਼ ਦਾ ਫ਼ੈਸਲਾ ਮੇਰਾ ਪੁੱਤ ਲੈਂਦਾ ਹੈ ਪਰ ਹੁਣ ਘੱਟੋ-ਘੱਟ ਮੈਨੂੰ ਥੋੜ੍ਹੀ ਜਾਣਕਾਰੀ ਜ਼ਰੂਰ ਹੈ। ਇਸ ਟੱਬਰ 'ਚ ਕਈ ਹੋਰ ਬੰਦਿਆਂ ਦੀ ਮੌਤ ਹੋ ਚੁੱਕੀ ਹੈ। ਚਾਹੇ ਕੋਈ ਮੇਰੇ ਨਾਲ ਕੋਈ ਗੱਲ ਨਾ ਕਰੇ ਪਰ ਮੈਂ ਨਹੀਂ ਚਾਹੁੰਦੀ ਮੇਰੇ ਪੁੱਤ ਉੱਪਰ ਹੋਰ ਬੋਝ ਪਵੇ।"

ਇਸੇ ਜ਼ਿਲ੍ਹੇ ਦੀ ਇਕ ਵੀਹ ਸਾਲ ਦੀ ਔਰਤ ਨਾਲ ਜਦੋਂ ਫ਼ੈਸਲੇ ਲੈਣ ਦੀ ਗੱਲ ਛੇੜੀ ਤਾਂ ਉਹ ਹੱਸ ਪਈ। ਉਹ ਆਪਣੇ ਸਹੁਰੇ ਨਾਲ ਮਿਲਕੇ ਖੇਤੀ ਦਾ ਸਾਰਾ ਕੰਮ ਕਰਦੀ ਹੈ। ਉਸ ਨੇ ਕਿਹਾ:

"ਮੈਨੂੰ ਕੁਝ ਨਹੀਂ ਪਤਾ ਕਿ ਫ਼ਸਲ ਕਿੰਨੀ ਹੁੰਦੀ ਹੈ ਜਾਂ ਕੀ ਵਾਪਰਦਾ ਹੈ। ਸਾਰਾ ਸਿਲਸਿਲਾ ਮੇਰੇ ਸਹੁਰੇ ਦੇ ਹੱਥ ਵੱਸ ਹੈ। ਉਸ ਲਈ ਵੀ ਬਹੁਤ ਔਖਾ ਸਮਾਂ ਹੈ। ਹਾਲੇ ਤੱਕ ਜ਼ਮੀਨ ਮੇਰੇ ਨਾਂ ਨਹੀਂ ਹੈ। ਬੱਚਿਆਂ ਦੀ ਖ਼ਾਤਰ ਮੈਂ ਹੋਰ ਕੁਝ ਸੋਚ ਨਹੀਂ ਸਕਦੀ। ਉਹ ਬਹੁਤ ਛੋਟੇ ਹਨ।"

ਔਰਤਾਂ ਨੂੰ ਸਲਾਹ-ਮਸ਼ਵਰੇ 'ਚੋਂ ਗਿਣ-ਮਿਥਕੇ ਬਾਹਰ ਰੱਖਿਆ ਜਾਂਦਾ ਹੈ। ਜਾਇਦਾਦ ਦੀ ਖ਼ਰੀਦ-ਫਰੋਖ਼ਤ ਕਰਨ, ਕਰਜ਼ੇ ਲੈਣ ਜਾਂ ਮੋੜਨ ਦੇ ਫ਼ੈਸਲੇ ਲਗਭਗ ਸਾਰੇ ਮਾਮਲਿਆਂ 'ਚ ਮਰਦਾਂ ਦੇ ਹੱਥ 'ਚ ਹੁੰਦੇ ਹਨ। ਕਿਸਾਨ ਜਥੇਬੰਦੀਆਂ ਦੇ ਸਾਥੀਆਂ ਜਾਂ ਸਰਪੰਚ ਨੂੰ ਅਕਸਰ ਹੀ ਇਨ੍ਹਾਂ ਸੌਦਿਆਂ ਦਾ ਪਤਾ ਹੁੰਦਾ ਹੈ ਕਿਉਂਕਿ ਉਹ ਵੀ ਇਨ੍ਹਾਂ ਇੰਤਜ਼ਾਮਾਂ 'ਚ ਸ਼ਾਮਲ ਹੁੰਦੇ ਹਨ। ਸਾਰੇ ਜ਼ਿਲ੍ਹਿਆਂ 'ਚ ਹੀ ਔਰਤਾਂ ਲਈ ਸਹਾਰਾ ਬਨਣ ਵਾਲੀ ਕਿਸੇ ਸੰਸਥਾ ਦੀ ਘਾਟ ਪ੍ਰਤੱਖ ਤੇ ਉੱਘੜਵੀਂ ਹੈ। ਜਦੋਂ ਜ਼ਰੱਈ ਸੰਕਟ ਕਿਸਾਨੀ ਦੇ ਸਾਰੇ ਹਿੱਸਿਆਂ ਦੀ ਜਾਨ ਦਾ ਖੌਅ ਬਣਿਆ ਹੋਇਆ ਹੈ ਤਾਂ ਇਹ ਅੰਦਾਜ਼ਾ ਲਾ ਸਕਣਾ ਇਸ ਅਧਿਐਨ ਦੇ ਖੇਤਰ ਤੋਂ ਬਾਹਰ ਹੈ ਕਿ ਕੀ ਔਰਤਾਂ ਜ਼ਮੀਨ ਅਤੇ ਹੋਰ ਵਸੀਲਿਆਂ ਦਾ ਇੰਤਜ਼ਾਮ ਵੱਧ ਕਾਰਜਕੁਸ਼ਲਤਾ ਨਾਲ ਚਲਾ ਸਕਣਗੀਆਂ। ਜਦਕਿ, ਅਹਿਮ ਫ਼ੈਸਲੇ ਲੈਣ ਦਾ ਹਿੱਸਾ ਬਣੇ ਬਗ਼ੈਰ ਕੁਲ

ਜ਼ਿੰਮੇਵਾਰੀਆਂ ਦਾ ਬੋਝ ਢੋਅ ਰਹੀਆਂ ਔਰਤਾਂ ਦਾ ਅਧੀਨ ਦਰਜਾ ਜਿਉਂ ਦਾ ਤਿਉਂ ਬਰਕਰਾਰ ਹੈ ਅਤੇ ਇਸ ਦਾ ਅਸਰ ਉਨ੍ਹਾਂ ਦੇ ਸਵੈ-ਮਾਣ 'ਤੇ ਵੀ ਪੈਂਦਾ ਹੈ। ਇਨ੍ਹਾਂ ਨਿਰੀਖਣਾਂ ਦੇ ਜਵਾਬ 'ਚ ਇਕ ਵਾਰ ਮਾਰਚ 2010 'ਚ ਬਠਿੰਡਾ ਜ਼ਿਲ੍ਹੇ 'ਚ ਔਰਤਾਂ ਦੀ ਇਕ ਟੋਲੀ ਨਾਲ ਵਿਚਾਰ-ਚਰਚਾ ਸਮੇਂ ਇਕ ਔਰਤ (ਜੋ ਗੱਲਬਾਤ ਸਮੇਂ ਉਂਞ ਹੀ ਕੋਲ ਬੈਠੀ ਹੋਈ ਸੀ) ਨੇ ਦੱਸਿਆ ਕਿਵੇਂ ਪਤੀ ਦੇ ਲਾਪਤਾ ਹੋ ਜਾਣ 'ਤੇ ਉਸ ਨੇ ਮਾਮਲਾ ਆਪਣੇ ਹੱਥ ਲਿਆ। ਉਸਦਾ ਪਤੀ ਅਤੇ ਸਹੁਰਾ ਦੋਵੇਂ ਖੇਤੀ ਦੇ ਵਧ ਰਹੇ ਲਾਗਤ ਖ਼ਰਚੇ ਪੂਰੇ ਕਰਨ ਲਈ ਜ਼ਮੀਨ ਵੇਚਦੇ ਗਏ ਅਤੇ ਨਾਲ ਹੀ ਟੀਕੇ ਲਾ ਕੇ ਨਸ਼ੇ ਦੇ ਘੋਰ ਆਦੀ ਹੁੰਦੇ ਗਏ। ਪਰਿਵਾਰ ਦਾ ਮਾਹੌਲ ਬੁਰੀ ਤਰ੍ਹਾਂ ਵਿਗੜ ਗਿਆ। ਪਰਿਵਾਰ ਦੀਆਂ ਲੋੜਾਂ ਅਤੇ ਬੱਚਿਆਂ ਦੀ ਪੜ੍ਹਾਈ ਵੱਲ ਕਿਸੇ ਦਾ ਧਿਆਨ ਨਹੀਂ ਸੀ। ਇਕ ਦਿਨ ਉਸ ਦਾ ਪਤੀ ਲਾਪਤਾ ਹੋ ਗਿਆ ਅਤੇ ਮੁੜ ਕਦੇ ਨਾ ਆਇਆ। ਟੱਬਰ ਦੀ ਜ਼ਮੀਨ ਅੱਠ ਏਕੜ ਤੋਂ ਤਿੰਨ ਏਕੜ ਰਹਿ ਗਈ। ਬਦਲੇ ਹੋਏ ਹਾਲਾਤ 'ਚ, ਉਸ ਨੇ ਆਪਣਾ ਹੱਕ ਜਤਾਇਆ ਅਤੇ ਰਹਿੰਦੀ ਜ਼ਮੀਨ ਠੇਕੇ 'ਤੇ ਦੇ ਦਿੱਤੀ ਅਤੇ ਸਥਾਨਕ ਸਕੂਲ 'ਚ ਛੋਟੀ ਜਿਹੀ ਨੌਕਰੀ ਵੀ ਕਰ ਲਈ। ਤਿੰਨ ਸਾਲ ਬਾਅਦ, ਹੁਣ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ ਦੀ ਹਾਲਤ ਟਿਕਾਊ ਬਣ ਗਈ ਹੈ। ਉਸ ਨੂੰ ਆਪਣੇ ਬੱਚਿਆਂ ਉੱਤੇ ਬਹੁਤ ਮਾਣ ਹੈ ਅਤੇ ਲੱਗਦਾ ਹੈ ਕਿ ਉਹ ਵੀ ਉਸਦਾ ਡਰ ਮੰਨਦੇ ਹਨ।

ਲਗਭਗ 63 ਔਰਤਾਂ ਨੇ ਦੱਸਿਆ ਕਿ ਉਹ ਤਕਰੀਬਨ ਸਾਰੇ ਫ਼ੈਸਲੇ ਆਪ ਲੈਂਦੀਆਂ ਹਨ ਜਦਕਿ ਬਾਕੀ 73 ਔਰਤਾਂ ਨੇ ਦੱਸਿਆ ਕਿ ਉਹ ਪਰਿਵਾਰ ਦੇ ਹੋਰ ਜੀਆਂ ਦੀ ਸਲਾਹ ਨਾਲ ਫ਼ੈਸਲੇ ਲੈਂਦੀਆਂ ਹਨ। ਕਾਂਡ ਦੇ ਅੰਤ ਉੱਤੇ ਦਿੱਤੀ ਸਾਰਣੀ (6.1) ਦਿਖਾਉਂਦੀ ਹੈ ਕਿ ਸਬੰਧਤ ਔਰਤ ਦੇ ਨਾਲ-ਨਾਲ ਟੱਬਰ ਦੇ ਹੋਰ ਜੀਅ ਵੱਖ-ਵੱਖ ਤਰ੍ਹਾਂ ਦੇ ਫ਼ੈਸਲੇ ਲੈਣ ਸਮੇਂ ਸ਼ਾਮਲ ਹੁੰਦੇ ਹਨ। ਇਹ ਦੇਖਣਾ ਦਿਲਚਸਪੀ ਭਰਿਆ ਹੈ ਕਿ ਘਰ ਸਬੰਧੀ ਰੋਜ਼ਮਰਾ ਫ਼ੈਸਲਿਆਂ 'ਚ ਔਰਤਾਂ ਦੀ ਤਕੜੀ ਹਿੱਸੇਦਾਰੀ ਹੁੰਦੀ ਹੈ ਅਤੇ ਜਦੋਂ ਦੂਜੇ ਪਿੰਡ 'ਚ ਵਿਆਹੇ ਬੱਚੇ ਨੂੰ ਜਾਂ ਆਪਣੇ ਮਾਪਿਆਂ ਨੂੰ ਮਿਲਣ ਜਾਣ ਜਾਂ ਉਸੇ ਪਿੰਡ 'ਚ ਕਿਸੇ ਮੇਲੇ-ਮਸਾਵੇ 'ਤੇ ਜਾਣ ਦਾ ਸਵਾਲ ਆਉਂਦਾ ਹੈ ਤਾਂ ਹਿੱਸੇਦਾਰੀ ਘੱਟ ਜਾਂਦੀ ਹੈ। ਆਉਣ-ਜਾਣ 'ਤੇ ਬੰਦਸ਼ ਲੱਗ ਜਾਂਦੀ ਹੈ ਅਤੇ ਸੱਸ ਜਾਂ ਬਜ਼ੁਰਗ ਤੋਂ ਇਜਾਜ਼ਤ ਲੈਣੀ ਪੈਂਦੀ ਹੈ, ਕਈ ਵਾਰ ਤਾਂ ਪਰਿਵਾਰ ਸਾਂਝਾ ਨਾ ਹੋਣ ਦੇ ਬਾਵਜੂਦ ਵੀ। ਦਿਲਚਸਪ ਚੀਜ਼ ਇਹ ਹੈ, ਲੱਗਦਾ ਹੈ ਕਿ ਵੋਟ ਪਾਉਣ ਦੇ ਮਾਮਲੇ 'ਚ ਅਤੇ ਸਥਾਨਕ ਕਿਸਾਨ ਜਥੇਬੰਦੀ ਨਾਲ ਜੁੜਨ ਦੇ ਮਾਮਲੇ 'ਚ ਖ਼ੁਦਮੁਖਤਿਆਰੀ ਹੈ। ਹਾਲਾਂਕਿ ਇਸ ਮਾਮਲੇ 'ਚ ਪੂਰੇ ਟੱਬਰ ਦੀ ਸੋਚ ਅਕਸਰ ਪ੍ਰਭਾਵਤ ਕਰਦੀ ਹੈ, ਪਰ ਔਰਤਾਂ ਆਮਮੁਹਾਰੇ ਤੌਰ 'ਤੇ ਅਤੇ ਅੱਗੇ ਆ ਕੇ ਦਾਅਵਾ ਕਰ ਰਹੀਆਂ ਸਨ ਕਿ ਇਸ ਬਾਰੇ ਉਹ ਫ਼ੈਸਲਾ ਆਪ ਲੈਂਦੀਆਂ ਹਨ। ਪਰ, ਇਹ ਪੇਸ਼ੀਨਗੋਈ ਕੀਤੀ ਜਾ ਸਕਦੀ ਹੈ ਕਿ ਲੱਗਦਾ ਹੈ ਕਿ ਜ਼ਮੀਨ ਵੇਚਣ ਜਾਂ ਗਹਿਣੇ ਧਰਨ, ਕਰਜ਼ਾ ਮੋੜਨ ਜਾਂ ਨਵਾਂ ਕਰਜ਼ਾ ਲੈਣ ਦੇ ਮਾਮਲੇ ਟੱਬਰ ਦੇ ਮਰਦਾਂ ਦੇ ਹੱਥ ਹੁੰਦੇ ਹਨ।

ਸਾਰਣੀ 6.2 ਦਿਖਾਉਂਦੀ ਹੈ ਕਿ ਜਿਨ੍ਹਾਂ ਔਰਤਾਂ ਨਾਲ ਗੱਲਬਾਤ ਕੀਤੀ ਗਈ ਉਨ੍ਹਾਂ ਵਿਚੋਂ ਲਗਭਗ ਅੱਧੀਆਂ (46%) ਨੇ ਦੱਸਿਆ ਕਿ ਪਰਿਵਾਰ ਦੇ ਸਾਰੇ ਛੋਟੇ

ਜਾਂ ਵੱਡੇ ਫ਼ੈਸਲੇ ਉਹ ਖ਼ੁਦ ਲੈਂਦੀਆਂ ਹਨ। ਲੱਗਦਾ ਹੈ ਕਿ ਇਨ੍ਹਾਂ ਵਿਚੋਂ, ਬੇਜ਼ਮੀਨੀਆਂ ਜਾਂ ਬਹੁਤ ਥੋੜ੍ਹੀ ਜ਼ਮੀਨ ਵਾਲੀਆਂ ਔਰਤਾਂ ਦੀ ਗਿਣਤੀ ਵੱਧ ਹੈ ਜੋ ਸਾਰੇ ਫ਼ੈਸਲੇ ਖ਼ੁਦ ਲੈਂਦੀਆਂ ਹਨ। ਕਿਉਂਕਿ ਲਗਭਗ ਸਾਰੇ ਬੇਜ਼ਮੀਨੇ ਦਲਿਤ ਪਿਛੋਕੜ ਵਾਲੇ ਹਨ, ਇਸ ਲਈ ਜੱਟ ਸਿੱਖ ਪਰਿਵਾਰਾਂ ਦੀਆਂ ਔਰਤਾਂ ਵਲੋਂ ਫ਼ੈਸਲੇ ਲੈਣ ਦੀਆਂ ਮਿਸਾਲਾਂ ਦੀ ਗਿਣਤੀ ਘੱਟ ਜਾਂਦੀ ਹੈ, ਇੱਥੋਂ ਤੱਕ ਕਿ ਪਰਿਵਾਰ 'ਚ ਖ਼ੁਦਕੁਸ਼ੀ ਤੋਂ ਬਾਅਦ ਵੀ।

- ਇਨ੍ਹਾਂ ਵਿਚੋਂ 41% ਤੋਂ ਵੱਧ ਔਰਤਾਂ ਬੇਜ਼ਮੀਨੇ ਪਰਿਵਾਰਾਂ ਨਾਲ ਸਬੰਧਤ ਸਨ, ਇਨ੍ਹਾਂ ਤੋਂ ਬਾਅਦ ਥੁੜਜ਼ਮੀਨੇ ਕਿਸਾਨ ਪਰਿਵਾਰ ਦੀਆਂ ਔਰਤਾਂ (40%) ਆਉਂਦੀਆਂ ਸਨ। ਛੋਟੇ ਕਿਸਾਨ ਪਰਿਵਾਰਾਂ ਦੇ ਮਾਮਲੇ 'ਚ ਸਿਰਫ਼ 16% ਦਾ ਕਹਿਣਾ ਸੀ ਕਿ ਉਹ ਪਰਿਵਾਰ ਦੇ ਸਾਰੇ ਫ਼ੈਸਲੇ ਖ਼ੁਦ ਲੈਂਦੀਆਂ ਹਨ। ਵੱਡੀ ਕਿਸਾਨੀ ਦੇ ਪਰਿਵਾਰਾਂ ਦੇ ਮਾਮਲੇ 'ਚ ਸਰਵੇਖਣ 'ਚ ਸ਼ਾਮਲ ਕੁਲ ਪਰਿਵਾਰਾਂ ਦਾ ਇਹ 8% ਸੀ ਜਿਨ੍ਹਾਂ ਨੇ ਦੱਸਿਆ ਕਿ ਉਹ ਪਰਿਵਾਰ ਦੇ ਸਾਰੇ ਫ਼ੈਸਲੇ ਖ਼ੁਦ ਲੈਂਦੀਆਂ ਹਨ।
- ਸਰਵੇਖਣ 'ਚ ਸ਼ਾਮਲ 52 ਔਰਤਾਂ (82.5%) ਨੇ ਦੱਸਿਆ ਕਿ ਉਹ ਪਰਿਵਾਰ ਦੇ ਸਾਰੇ ਫ਼ੈਸਲੇ ਖ਼ੁਦ ਲੈਂਦੀਆਂ ਹਨ, ਉਹ ਮ੍ਰਿਤਕਾਂ ਦੀਆਂ ਪਤਨੀਆਂ ਸਨ। ਇਨ੍ਹਾਂ ਵਿਚੋਂ ਬਹੁਗਿਣਤੀ ਬੇਜ਼ਮੀਨੇ ਪਰਿਵਾਰਾਂ ਦੀ ਸੀ। ਇਨ੍ਹਾਂ ਤੋਂ ਬਾਅਦ ਥੁੜ ਜ਼ਮੀਨੇ ਅਤੇ ਛੋਟੇ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਆਉਂਦੀਆਂ ਸਨ। ਬਾਕੀ 11 (17.5%) ਮ੍ਰਿਤਕਾਂ ਦੀਆਂ ਮਾਵਾਂ ਸਨ ਅਤੇ ਇਨ੍ਹਾਂ ਦੀ ਬਹੁਗਿਣਤੀ ਛੋਟੇ ਕਿਸਾਨ ਪਰਿਵਾਰਾਂ ਨਾਲ ਸਬੰਧਤ ਸੀ।
- ਇਨ੍ਹਾਂ ਕੁਲ ਔਰਤਾਂ ਦਾ ਲਗਭਗ 55%, ਜੋ ਪਰਿਵਾਰਾਂ ਦੇ ਕੁਲ ਫ਼ੈਸਲੇ ਖ਼ੁਦ ਲੈਂਦੀਆਂ ਸਨ, ਇਹ 35 ਤੋਂ 50 ਵਰ੍ਹੇ ਦੀ ਉਮਰ ਦੀਆਂ ਸਨ। ਇਨ੍ਹਾਂ ਵਿਚੋਂ ਬਹੁਗਿਣਤੀ ਬੇਜ਼ਮੀਨੇ ਅਤੇ ਥੁੜ ਜ਼ਮੀਨੇ ਕਿਸਾਨ ਪਰਿਵਾਰਾਂ ਵਿਚੋਂ ਸੀ। ਇਨ੍ਹਾਂ ਵਿਚੋਂ 8 ਔਰਤਾਂ ਨੇ ਦੱਸਿਆ ਕਿ ਉਹ ਸਾਰੇ ਫ਼ੈਸਲੇ ਖ਼ੁਦ ਲੈਂਦੀਆਂ ਹਨ, ਇਹ 60 ਸਾਲ ਤੋਂ ਵੱਧ ਉਮਰ ਦੀਆਂ ਸਨ ਅਤੇ ਇਨ੍ਹਾਂ ਵਿਚੋਂ ਇਕ ਨੂੰ ਛੱਡਕੇ ਬਾਕੀ ਥੁੜ ਜ਼ਮੀਨੇ (50%) ਅਤੇ ਬੇਜ਼ਮੀਨੇ (37.5%) ਕਿਸਾਨ ਪਰਿਵਾਰਾਂ ਦੀਆਂ ਸਨ।
- ਇਨ੍ਹਾਂ ਵਿਚੋਂ 90% ਦਾ ਪਰਿਵਾਰ ਇਕਹਿਰਾ ਸੀ, ਜਦਕਿ ਜ਼ਿਆਦਾਤਰ ਬੇਜ਼ਮੀਨੇ ਅਤੇ ਥੁੜ ਜ਼ਮੀਨੇ ਕਿਸਾਨ ਪਰਿਵਾਰਾਂ ਦੀ ਸ਼੍ਰੇਣੀ ਵਿਚੋਂ ਸਨ।

6.2 ਮੁਸ਼ਕਲਾਂ ਨਾਲ ਜੱਦੋਜਹਿਦ

ਸਰਵੇਖਣ ਲਈ ਸਭ ਤੋਂ ਵੱਧ ਮੁਲਾਕਾਤਾਂ ਬਠਿੰਡਾ ਜ਼ਿਲ੍ਹੇ ਵਿਚ ਕੀਤੀਆਂ ਗਈਆਂ। ਇੱਥੇ ਮੈਂ ਜਿਸ ਪਹਿਲੀ ਔਰਤ ਨਾਲ ਗੱਲਬਾਤ ਕੀਤੀ ਉਹ ਸੀ 70 ਵਰ੍ਹਿਆਂ ਦੀ ਚਰਨਜੀਤ ਕੌਰ। ਇਸਦੇ ਦੋ ਪੁੱਤ ਹਨ, ਇਕ ਨੇ ਮੰਜਾ ਮੱਲਿਆ ਹੋਇਆ ਹੈ ਜਦਕਿ ਦੂਜਾ ਕੁਝ ਮਜ਼ਦੂਰੀ ਕਰ ਲੈਂਦਾ ਹੈ। ਇਸ ਔਰਤ ਦੀ ਸਭ ਤੋਂ ਵੱਡੀ ਚਿੰਤਾ ਹੈ ਕਿ ਆਮਦਨ ਦਾ ਕੋਈ ਚੰਗਾ ਵਸੀਲਾ ਮਿਲ ਜਾਵੇ। ਇਕ ਸਮੇਂ ਪਰਿਵਾਰ ਕੋਲ ਚਾਰ ਏਕੜ ਜ਼ਮੀਨ ਸੀ ਇਸ ਵਿਚੋਂ ਤਿੰਨ ਏਕੜ ਵਿਕ ਗਈ ਹੈ ਅਤੇ ਨਾਲ ਹੀ ਦੋ ਜਾਨਾਂ ਚਲੀਆਂ ਗਈਆਂ ਹਨ। ਪਰਿਵਾਰ ਦੀ ਕੁਲ ਆਮਦਨੀ 24,000 ਰੁਪਏ ਸਾਲਾਨਾ ਹੈ; 18,000 ਰੁਪਏ ਇਕ ਏਕੜ ਜ਼ਮੀਨ ਦਾ ਠੇਕਾ

ਆਉਂਦਾ ਹੈ ਜਦਕਿ ਹਰ ਸਾਲ ਛੇ ਕੁ ਹਜ਼ਾਰ ਰੁਪਏ ਉਸ ਦਾ ਪੁੱਤ ਕਮਾ ਲੈਂਦਾ ਹੈ, ਮੋਟੇ ਤੌਰ 'ਤੇ ਉਸ ਨੂੰ ਦੋ ਮਹੀਨੇ ਕੰਮ ਮਿਲਦਾ ਹੈ। ਇਹ ਕੁਝ ਵਿਸ਼ੇਸ਼ ਮਿਸਾਲਾਂ ਵਿਚੋਂ ਇਕ ਹੈ ਜਿਥੇ ਜੱਟ ਸਿੱਖ ਬੰਦਾ ਮਜ਼ਦੂਰੀ ਕਰਦਾ ਹੈ। ਅਤੇ ਚਰਨਜੀਤ ਕੌਰ ਜਦੋਂ ਬੀਤੇ ਸਮਿਆਂ ਬਾਰੇ ਸੋਚਦੀ ਹੈ ਤਾਂ ਇਸ ਪਾਸੇ ਖ਼ਾਸ ਜ਼ੋਰ ਦਿੰਦੀ ਹੈ। ਔਸਤ 2000 ਰੁਪਏ ਮਹੀਨਾ ਆਮਦਨੀ ਘਰ ਦੇ ਰੋਜ਼ਮਰਾ ਖ਼ਰਚਿਆਂ ਅਤੇ ਨਾਲ ਹੀ ਬੀਮਾਰ ਮੁੰਡੇ ਦੀ ਦਵਾ-ਦਾਰੂ ਲਈ ਕਾਫ਼ੀ ਨਹੀਂ ਹੈ। ਉਹ ਦੱਸਦੀ ਹੈ:

"ਪਿੱਛੇ ਜਹੇ ਆੜ੍ਹਤੀਏ ਦੀ ਖੱਜਲ-ਖੁਆਰੀ ਤੋਂ ਸਾਡਾ ਖਹਿੜਾ ਮਸਾਂ ਛੁੱਟਿਆ ਹੈ। ਯੂਨੀਅਨ ਉਨ੍ਹਾਂ 'ਤੇ ਦਬਾਅ ਪਾਉਂਦੀ ਹੈ ਕਿ ਨਿੱਤ ਗੇੜੇ ਨਾ ਮਾਰਿਆ ਕਰਨ। ਉਨ੍ਹਾਂ ਨੂੰ ਪਤਾ ਹੈ ਕਿ ਸਾਡੇ ਕੋਲ ਦੇਣ ਲਈ ਹੋਰ ਕੁਝ ਨਹੀਂ ਹੈ। ਜਿੰਨੀ ਅਸੀਂ ਕਮਾਈ ਕੀਤੀ ਉਸ ਤੋਂ ਕਿਤੇ ਵੱਧ ਵਿਆਜ ਮੋੜਿਆ ਹੈ ਅਤੇ ਇਸ ਦੀ ਵਿਆਖਿਆ ਕਰਨੀ ਮੁਸ਼ਕਲ ਹੈ। ਪੈਸੇ ਦੀ ਤੰਗੀ ਹਮੇਸ਼ਾ ਰਹੀ ਹੈ ਪਰ ਇਹ ਵਧਦੀ ਹੀ ਗਈ। ਐਸੇ ਲੰਮੇ ਸਮੇਂ ਆਉਂਦੇ ਰਹੇ ਜਦੋਂ ਆੜ੍ਹਤੀਆ ਵੀ ਸਾਨੂੰ ਹੋਰ ਉਧਾਰ ਨਹੀਂ ਸੀ ਦਿੰਦਾ। ਮੈਨੂੰ ਹੁਣ ਢਾਈ ਸੌ ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ। ਮੈਂ ਹਰ ਸਮੇਂ ਇਹੀ ਸੋਚਦੀ ਰਹਿੰਦੀ ਹਾਂ ਕਿ ਥੋੜ੍ਹਾ ਹੋਰ ਪੈਸਾ ਕਿੱਥੋਂ ਅਤੇ ਕਿਵੇਂ ਮਿਲ ਸਕਦਾ ਹੈ। ਸਾਡੇ ਕੋਲ ਸਿਰਫ਼ ਇਕ ਕਿੱਲਾ ਜ਼ਮੀਨ ਬਚੀ ਹੈ, ਮੇਰੇ ਮੁੰਡੇ ਨੂੰ ਤਾਂ ਸਾਕ ਵੀ ਨਹੀਂ ਹੋਵੇਗਾ। ਕਿੰਨੀ ਸ਼ਰਮ ਦੀ ਗੱਲ ਹੈ। ਅਸਲ ਵਿਚ ਸਾਡਾ ਤਾਂ ਬਸ ਗੁਜ਼ਾਰਾ ਹੀ ਚਲਦਾ ਹੈ। ਇਸ ਟੱਬਰ ਦਾ ਹਰ ਜੀਅ ਹੌਲੀ ਹੌਲੀ ਮੁੱਕ ਰਿਹਾ ਹੈ।"

ਇਨ੍ਹਾਂ ਔਰਤਾਂ ਦੀਆਂ ਗਵਾਹੀਆਂ 'ਚ ਇਕ ਸਵੈ-ਨਿਰਭਰ ਕਿਸਾਨ ਭਾਈਚਾਰੇ ਦਾ ਵਿਸ਼ਾ ਵਾਰ-ਵਾਰ ਉੱਭਰਦਾ ਹੈ ਜਿਨ੍ਹਾਂ ਦੀ ਜ਼ਮੀਨ ਅਤੇ ਜਾਨਾਂ ਜਾ ਰਹੀਆਂ ਹਨ ਅਤੇ ਨਗਦ ਸਰਮਾਏ ਦੀ ਆਰਥਿਕਤਾ ਨੇ ਇਸਨੂੰ ਖੂੰਜੇ ਲਾ ਦਿੱਤਾ ਹੈ। ਉਹ ਪੰਜਾਬ ਦੀਆਂ ਉਨ੍ਹਾਂ ਲੱਖਾਂ ਔਰਤਾਂ 'ਚੋਂ ਇਕ ਹੈ ਜੋ ਹਰੇ ਇਨਕਲਾਬ ਦੇ ਗੀਤ ਦਾ ਹਿੱਸਾ ਰਹੀਆਂ ਸਨ ਜਿਸ ਦਾ 60ਵਿਆਂ ਅਤੇ 80ਵਿਆਂ ਦਰਮਿਆਨ ਖੁਸ਼ਹਾਲ ਖੇਤੀਬਾੜੀ ਦਾ ਵਾਅਦਾ ਮਨ ਨੂੰ ਟੁੰਬਦਾ ਰਿਹਾ। ਭਾਵੇਂ ਇਨ੍ਹਾਂ ਔਰਤਾਂ ਨੇ ਕਿਰਤ ਦਾ ਤਕੜਾ ਯੋਗਦਾਨ ਪਾਇਆ, ਪਰ ਮਸ਼ੀਨੀਕਰਨ ਦੇ ਚਿਰ-ਸਥਾਈ ਪ੍ਰਭਾਵ ਉੱਭਰਕੇ ਸਾਹਮਣੇ ਆਉਣ ਵਾਲੇ ਹੀ ਸਨ ਅਤੇ ਇਕ ਮੁਕੰਮਲ ਅਲਹਿਦਗੀ ਵਾਲਾ ਭਵਿੱਖ ਘਾਤ ਲਾਈ ਬੈਠਾ ਸੀ। ਕਦੇ-ਕਦੇ ਲੱਗਦਾ ਹੈ ਕਿ ਵੱਧ ਠੇਸ ਪਹੁੰਚਾਉਣ ਵਾਲੀ ਚੀਜ਼ ਹੈ ਇਨ੍ਹਾਂ ਦੇ ਸਵੈ-ਮਾਣ ਅਤੇ ਗੌਰਵ ਨੂੰ ਪਈ ਸੱਟ ਜਦਕਿ ਜ਼ਿਆਦਾ ਸਮਾਂ ਮਹਿਜ਼ ਡੰਗ ਟਪਾਉਣ ਦੀ ਚਿੰਤਾ ਅਤੇ ਡਰ ਛਾਏ ਰਹਿੰਦੇ ਹਨ। ਬੇਜ਼ਮੀਨੇ ਮਜ਼ਦੂਰਾਂ ਦੇ ਵੇਰਵੇ ਕਿਤੇ ਵੱਧ ਦਰਦਨਾਕ ਹਨ ਕਿਉਂਕਿ ਜ਼ਿਆਦਾਤਰ ਕਰਜ਼ੇ ਘਰੇਲੂ ਖ਼ਰਚੇ ਪੂਰੇ ਕਰਨ ਲਈ ਲਏ ਜਾਂਦੇ ਹਨ।

ਜਿਵੇਂ ਸਾਰਣੀ 6.3 ਦਿਖਾਉਂਦੀ ਹੈ ਕਿ ਔਰਤਾਂ ਨੂੰ ਨੌਂ ਚੋਣਾਂ (options) ਦੀ ਸੂਚੀ ਦੇ ਕੇ ਉਨ੍ਹਾਂ ਔਕੜਾਂ ਅਤੇ ਮੁਸ਼ਕਲਾਂ 'ਤੇ ਨਿਸ਼ਾਨ ਲਾਉਣ ਲਈ ਕਿਹਾ ਗਿਆ ਜਿਨ੍ਹਾਂ ਨੇ ਅੱਜ ਉਨ੍ਹਾਂ ਦਾ ਦਿਮਾਗ ਸਭ ਤੋਂ ਵੱਧ ਮੱਲਿਆ ਹੋਇਆ ਹੈ।[3] ਇਹ ਦੇਖਕੇ

3. ਔਰਤਾਂ ਨੇ ਇਨ੍ਹਾਂ ਪਹਿਲੂਆਂ ਦੀ ਸੂਚੀ ਦੇ ਕਈ ਤਰ੍ਹਾਂ ਦੇ ਜਵਾਬ ਦਿੱਤੇ ਹਨ ਜਿਨ੍ਹਾਂ ਵਿਚ ਹਾਂ ਜਾਂ ਨਾਂਹ ਦਾ ਜਵਾਬ ਮੰਗਿਆ ਗਿਆ ਸੀ। ਕਿਸੇ ਵੀ ਜੁੱਟ ਵਿਚੋਂ ਜਵਾਬਾਂ ਦਾ

ਹੈਰਾਨੀ ਨਾ ਹੋਈ ਕਿ ਵੱਧ ਗਿਣਤੀ ਔਰਤਾਂ ਨੇ ਅੱਜ ਦੇ ਹਾਲਾਤ 'ਚ ਪੈਸੇ-ਧੇਲੇ ਦੀਆਂ ਲੋੜਾਂ ਦੀ ਪੂਰਤੀ ਨੂੰ ਸਭ ਤੋਂ ਵੱਡੀ ਸਮੱਸਿਆ ਬਿਆਨ ਕੀਤਾ। ਲੱਗਦਾ ਹੈ ਕਿ ਤਿੰਨ ਸਭ ਤੋਂ ਵੱਡੇ ਸਰੋਕਾਰ ਇਹ ਹਨ:

1. ਪੈਸੇ-ਧੇਲੇ ਦੀਆਂ ਲੋੜਾਂ ਦੀ ਪੂਰਤੀ 79%
2. ਪਰਿਵਾਰਕ ਸਰੋਕਾਰ 66%
3. ਰੋਜ਼ਮਰਾ ਤਣਾਅ 49%

ਤਿੰਨ ਸਭ ਤੋਂ ਅਹਿਮ ਸਰੋਕਾਰ ਪੇਸ਼ ਕਰਨ ਤੋਂ ਬਾਅਦ, ਇਹ ਦੇਖਣਾ ਦਿਲਚਸਪ ਹੈ ਕਿ 35% ਤੋਂ ਵੱਧ ਨੇ ਕਰਜ਼ਾ ਮੋੜਨ ਦਾ ਜ਼ਿਕਰ ਕੀਤਾ। ਵੱਡੇ, ਦਰਮਿਆਨੇ ਅਤੇ ਨੀਮ-ਦਰਮਿਆਨੇ ਕਿਸਾਨਾਂ ਦੇ ਮਾਮਲੇ 'ਚ, 60% ਤੋਂ ਵੱਧ ਜਵਾਬ ਪਰਿਵਾਰਕ ਸਰੋਕਾਰ ਨੂੰ ਪੇਸ਼ ਕਰਦੇ ਹਨ ਅਤੇ ਰੋਜ਼ਮਰਾ ਦੇ ਤਣਾਅ ਨੂੰ ਆਪਣੀ ਮੁੱਖ ਕਸ਼ਮਕਸ਼ ਬਿਆਨ ਕੀਤਾ ਗਿਆ। ਆਓ ਸੰਖੇਪ 'ਚ ਇਨ੍ਹਾਂ ਟਕਰਾਵਾਂ ਨੂੰ ਲਈਏ ਅਤੇ ਦੇਖੀਏ ਕਿ ਅਜੋਕੇ ਪ੍ਰਸੰਗ 'ਚ ਔਰਤਾਂ ਦੀਆਂ ਜ਼ਿੰਦਗੀਆਂ 'ਚ ਇਨ੍ਹਾਂ ਦਾ ਕੀ ਅਰਥ ਹੈ।

ਵਿਤੀ ਲੋੜਾਂ : ਜਿਨ੍ਹਾਂ ਨਾਲ ਗੱਲਬਾਤ ਕੀਤੀ ਗਈ ਉਨਾਂ ਪੰਜ ਵਿਚੋਂ ਤਕਰੀਬਨ ਦੋ ਪਰਿਵਾਰਾਂ ਅਤੇ ਨੀਮ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਕਿਸਾਨ ਪਰਿਵਾਰਾਂ ਨੂੰ ਛੱਡਕੇ ਬਾਕੀ ਸਾਰੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਨੇ ਇਹੀ ਸਮੱਸਿਆ ਪੇਸ਼ ਕੀਤੀ। ਜਦਕਿ ਇਨ੍ਹਾਂ ਤਿੰਨ ਸ਼੍ਰੇਣੀਆਂ ਨੇ ਕਰਜ਼ਾ ਮੋੜਨ ਅਤੇ ਪਰਿਵਾਰਕ ਸਰੋਕਾਰਾਂ ਨੂੰ ਪੇਸ਼ ਕੀਤਾ। ਵੱਧ ਸਪਸ਼ਟ ਕਹਿਣਾ ਹੋਵੇ ਤਾਂ ਬੇਜ਼ਮੀਨੇ ਅਤੇ ਥੁੜ ਜ਼ਮੀਨੀ ਜੋਤ ਵਾਲੇ ਪਰਿਵਾਰਾਂ, ਆਰਥਕ ਤੌਰ 'ਤੇ ਸਭ ਤੋਂ ਕਮਜ਼ੋਰ ਹਿੱਸਿਆਂ ਦੇ ਕ੍ਰਮਵਾਰ 84% ਅਤੇ 88% ਨੇ ਇਸ ਨੂੰ ਸਮੱਸਿਆ ਵਜੋਂ ਪੇਸ਼ ਕੀਤਾ। ਛੋਟੀ ਜੋਤ ਵਾਲਿਆਂ ਸਬੰਧੀ ਇਹ 78% ਤੱਕ ਅਤੇ ਪੰਜ ਏਕੜ ਤੋਂ ਵੱਧ ਵਾਲਿਆਂ ਸਬੰਧੀ ਇਹ 44% ਤੱਕ ਘਟ ਜਾਂਦਾ ਹੈ। ਵਧ-ਫੈਲ ਰਹੀ ਨਗਦੀ ਆਰਥਿਕਤਾ ਵਿਚ ਪੈਸੇ-ਧੇਲੇ ਦੀਆਂ ਲੋੜਾਂ ਦੀ ਪੂਰਤੀ ਸਭ ਤੋਂ ਵੱਡਾ ਸਰੋਕਾਰ ਹੁੰਦਾ ਹੈ ਜਿਸ ਦੇ ਆਲੇ-ਦੁਆਲੇ ਜ਼ਿੰਦਗੀ ਦੇ ਹੋਰ ਸਾਰੇ ਫ਼ੈਸਲੇ ਅਤੇ ਹੋਂਦ ਦੇ ਮੁੱਦੇ ਕੇਂਦਰਤ ਹੁੰਦੇ ਹਨ। ਸਕੂਲ ਦੀ ਫ਼ੀਸ ਦੇਣ ਜਾਂ ਕੁਝ ਦਵਾ-ਦਾਰੂ ਲੈਣ ਜਾਂ ਮਾਪਿਆਂ ਨੂੰ ਮਿਲਣ ਜਾਣ ਲਈ ਬਾਕਾਇਦਗੀ ਨਾਲ ਪੈਸੇ ਵੱਖਰੇ ਕੱਢਣਾ ਐਸੀਆਂ ਲੋੜਾਂ ਹਨ ਜਿਨ੍ਹਾਂ ਵੱਲ

ਕੁਲ ਜੋੜ 100% ਤੋਂ ਵੱਧ ਜਾਵੇਗਾ। ਅਜੋਕੇ ਟਕਰਾਵਾਂ ਅਤੇ ਸਮੱਸਿਆਵਾਂ ਬਾਰੇ ਸਵਾਲਨਾਮੇ 'ਤੇ ਅਧਾਰਤ ਵਿਚਾਰ-ਚਰਚਾ ਦੇ ਘੇਰੇ 'ਚ ਨੌਂ ਚੋਣਾਂ ਆਉਂਦੀਆਂ ਹਨ: ਸਮੁੱਚੇ ਪਰਿਵਾਰਕ ਸਰੋਕਾਰ, ਪਰਿਵਾਰ 'ਚ ਨਿੱਤ ਦਾ ਤਣਾਅ, ਕਰਜਾ ਮੋੜਨਾ, ਪੈਸੇ-ਧੇਲੇ ਦੀਆਂ ਲੋੜਾਂ, ਪਰਿਵਾਰ 'ਚ ਨਸ਼ੇ, ਕਰਜਾ ਦੇਣ ਵਾਲਿਆਂ ਵਲੋਂ ਪ੍ਰੇਸ਼ਾਨ ਕਰਨਾ, ਰਵਾਇਤੀ ਬੰਦਸ਼ਾਂ, ਹੋਰ ਸਮੱਸਿਆਵਾਂ ਅਤੇ ਕੋਈ ਸਮੱਸਿਆ ਨਾ ਹੋਣਾ। ਵਿਸ਼ੇਸ਼ ਚੋਣਾਂ ਦੀ ਇਹ ਸੂਚੀ ਮੁੱਖ ਸਰਵੇਖਣ ਦੇ ਪਹਿਲੇ ਗੇੜ ਦੌਰਾਨ ਛਾਂਟੀ ਗਈ ਸੀ ਜਿਥੇ ਇਹ ਮੁੱਦੇ ਔਰਤਾਂ ਵਲੋਂ ਆਪਣੀਆਂ ਸਮੱਸਿਆਵਾਂ ਬਿਆਨ ਕਰਨ ਸਮੇਂ ਵਾਰ-ਵਾਰ ਆ ਰਹੇ ਸਨ। ਇਕ ਅਹਿਮ ਸਰੋਕਾਰ ਜੋ ਇੱਥੇ ਸਾਹਮਣੇ ਨਹੀਂ ਆਉਂਦਾ ਉਹ ਹੈ ਜ਼ਮੀਨ ਅਤੇ ਪਰਿਵਾਰਕ ਜਾਇਦਾਦ ਵੇਚਣ ਦਾ ਦਰਦ ਅਤੇ ਟਕਰਾਅ ਅਤੇ ਮੁਕੱਦਮੇਬਾਜ਼ੀ ਦੇ ਹੱਲੇ। ਜਦੋਂ ਫ਼ੈਸਲੇ ਲੈਣ ਦੇ ਖੇਤਰਾਂ ਬਾਰੇ ਚਰਚਾ ਕੀਤੀ ਗਈ ਤਾਂ ਔਰਤਾਂ ਇਸ ਬਾਰੇ ਵੱਧ ਖੁੱਲ੍ਹਕੇ ਬੋਲੀਆਂ।

ਸੰਕਟ ਦੇ ਬਾਵਜੂਦ ਧਿਆਨ ਦੇਣਾ ਹੀ ਪੈਂਦਾ ਹੈ। ਚਾਹੇ ਘਰ ਕਿੰਨਾ ਵੀ ਕਲੁੰਜਿਆ ਗਿਆ ਹੋਵੇ, ਔਰਤਾਂ ਦੇ ਕਬੀਲਦਾਰੀ ਚੱਲਦੀ ਰੱਖਣ ਦੇ ਆਪਣੇ ਹੀ ਨਿਰਾਲੇ ਢੰਗ ਹਨ। ਇੱਥੋਂ ਤੱਕ ਕਿ ਪੈਸੇ-ਧੇਲੇ ਦੀਆਂ ਤੰਗੀਆਂ ਸਬੰਧੀ ਤਣਾਅ ਅਤੇ ਮਾਨਸਿਕ ਬੋਝ ਦਾ ਪਰਿਵਾਰਕ ਰਿਸ਼ਤਿਆਂ ਸਣੇ ਸਭ ਕਾਸੇ 'ਤੇ ਅਸਰ ਪੈਂਦਾ ਹੈ। ਇਕਹਿਰੇ ਪਰਿਵਾਰਾਂ 'ਚ ਇਸ ਸਮੱਸਿਆ ਦਾ ਸਾਹਮਣਾ ਕਰ ਰਹੀਆਂ ਔਰਤਾਂ ਦੀ ਫ਼ੀ ਸਦੀ 82 ਹੈ ਇਸ ਦੇ ਮੁਕਾਬਲੇ ਸਾਂਝੇ ਪਰਿਵਾਰਾਂ 'ਚ ਇਹ ਫ਼ੀਸਦੀ 68 ਹੈ। ਔਰਤਾਂ ਦੀ ਮਾਨਸਿਕ ਚਿੰਤਾ ਅਤੇ ਫ਼ਿਕਰ ਇਸ ਨਾਲ ਅਤੇ ਨਾਲ ਹੀ ਲੋੜੀਂਦੀ ਅਤੇ ਚੰਗੀ ਖ਼ੁਰਾਕ ਨਾਲ ਸਬੰਧਤ ਹੁੰਦਾ ਹੈ। ਲੋਕਾਂ ਦੀਆਂ ਜ਼ਿੰਦਗੀਆਂ ਅੰਦਰ ਜੋ ਵਾਂਝੇਪਣ ਦੀ ਲੰਮੀ ਸੂਚੀ ਬਣ ਜਾਂਦੀ ਹੈ ਉਹ ਨਗਦਨਾਮੇ ਦੇ ਹਾਸਲ ਹੋਣ ਤੋਂ ਤੈਅ ਹੁੰਦੀ ਹੈ ਜੋ ਮੋੜਵੇਂ ਰੂਪ 'ਚ ਹੋਰ ਸ਼ਕਲਾਂ 'ਚ ਮਦਦ ਅਤੇ ਗੁਜ਼ਾਰੇ ਦੀਆਂ ਵਿਉਂਤਬੰਦੀਆਂ ਦੀ ਟੁੱਟਭੱਜ ਨੂੰ ਤੇਜ਼ ਕਰਦਾ ਹੈ। ਪ੍ਰਭਾਵ ਦੋਵੇਂ ਤਰ੍ਹਾਂ ਦੇ ਹਨ। ਇਨ੍ਹਾਂ ਵਿਚ ਸਿਖਿਆ ਹਾਸਲ ਨਾ ਹੋਣ, ਲੋੜੀਂਦੀ ਖ਼ੁਰਾਕ ਦੀ ਘਾਟ, ਸਿਹਤ ਸੇਵਾਵਾਂ ਨਾ ਮਿਲਣ ਵਰਗੇ ਫ਼ੌਰੀ ਪ੍ਰਭਾਵ ਸ਼ਾਮਲ ਹਨ ਅਤੇ ਨਾਲ ਹੀ ਲੰਮਾ ਸਮਾਂ ਰਹਿਣ ਵਾਲੇ ਸਿੱਟੇ ਜੋ ਜਮਾਤੀ-ਜਾਤਪਾਤੀ ਦਰਜਾਬੰਦੀ ਵਿਚ ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਹੋਰ ਵੀ ਵਾਂਝੀ ਹਾਲਤ 'ਚ ਸੁੱਟ ਦਿੰਦੇ ਹਨ। ਜ਼ਿੰਦਗੀ 'ਚ ਥੋੜ੍ਹਾ ਉੱਚਾ ਉੱਠਣ, ਸਹਾਇਤਾ ਦੇ ਓਹੜ-ਪੋਹੜ ਮਜ਼ਬੂਤ ਕਰਨ ਜਾਂ ਸਿਰਫ਼ ਹੋਂਦ ਬਚਾਈ ਰੱਖਣ ਦੇ ਮੌਕੇ ਖੋਹੇ ਲਏ ਜਾਂਦੇ ਹਨ।

ਮਾਨਸਾ ਜ਼ਿਲ੍ਹੇ ਵਿਚ ਜ਼ਮੀਨਾਂ ਵਾਲੇ ਪਰਿਵਾਰਾਂ ਦੀਆਂ ਔਰਤਾਂ ਸਮਾਂਤਰ ਕਰਜਾ ਵਿਵਸਥਾ ਚਲਾਕੇ ਹੋਰ ਔਰਤਾਂ ਦੀਆਂ ਸੰਕਟਕਾਲੀ ਵਿਤੀ ਲੋੜਾਂ ਪੂਰੀਆਂ ਕਰਨ 'ਚ ਸਹਾਇਤਾ ਕਰਦੀਆਂ ਹਨ। ਵਿਆਜ ਦਰ ਜ਼ਿਆਦਾ ਹੈ ਅਤੇ ਮਹੀਨਾਵਾਰ ਅਦਾਇਗੀ ਕਰਨੀ ਹੁੰਦੀ ਹੈ। ਇਨ੍ਹਾਂ ਤੋਂ ਕਰਜੇ ਲੈਣ ਵਾਲੀਆਂ ਦਲਿਤ ਔਰਤਾਂ ਅਕਸਰ ਹੀ ਇਨ੍ਹਾਂ ਦੇ ਘਰਾਂ ਦਾ ਕੰਮ ਕਰਕੇ ਪੈਸੇ ਮੋੜਦੀਆਂ ਹਨ। ਗ਼ਰੀਬ ਜੱਟ ਔਰਤਾਂ ਵੀ ਇਹ ਕਰਜੇ ਲੈਂਦੀਆਂ ਹਨ। ਸਰਪੰਚ ਨੇ ਮੰਨਿਆ ਕਿ ਇਹ ਜੁਗਾੜ ਗੁਪਤ ਕੰਮ ਕਰਦੇ ਹਨ ਅਤੇ ਓਦੋਂ ਹੀ ਪਤਾ ਲੱਗਦਾ ਹੈ ਜਦੋਂ ਝਗੜਾ ਹੋ ਜਾਂਦਾ ਹੈ। ਪਰ ਨਾਲ ਹੀ ਉਸਨੇ ਕਿਹਾ ਕਿ ਜਦੋਂ ਕੋਈ ਪਰਿਵਾਰ ਪਹਿਲਾਂ ਹੀ ਕਰਜੇ ਦੀ ਦਲਦਲ 'ਚ ਧਸਿਆ ਹੋਵੇ ਤਾਂ ਸਿਰਫ਼ ਇਸ ਤਰੀਕੇ ਨਾਲ ਹੀ ਔਰਤਾਂ ਨੂੰ ਘਰ ਚਲਾਉਣ 'ਚ ਕੋਈ ਮਦਦ ਹੋ ਸਕਦੀ ਹੈ।

ਸਮੁੱਚਾ ਪਰਿਵਾਰਕ ਸਰੋਕਾਰঃ ਇਕ ਵਾਰ ਫੇਰ ਇਹ ਸਰੋਕਾਰ ਬੇਜ਼ਮੀਨੇ ਅਤੇ ਥੁੜ ਜ਼ਮੀਨੇ ਹਿੱਸਿਆਂ 'ਚ ਬਹੁਤ ਜ਼ਿਆਦਾ ਹਨ, ਕ੍ਰਮਵਾਰ 74% ਅਤੇ 70%। ਸਰਵੇਖਣ ਵਿਚ, ਇਨ੍ਹਾਂ ਦਾ ਜ਼ਿਕਰ ਔਰਤਾਂ ਦੇ ਆਪਣੇ ਪਰਿਵਾਰਾਂ ਦੇ ਸਰੋਕਾਰਾਂ ਦੇ ਰੂਪ 'ਚ ਦਿਖਾਈ ਦੇਂਦਾ ਹੈ ਜੋ ਸਰੋਕਾਰ ਉਨ੍ਹਾਂ ਦੀ ਹੁਣ ਅਖ਼ਤਿਆਰ ਹੋ ਰਹੀ ਜ਼ਿੰਦਗੀ ਦੀ ਦਿਸ਼ਾ ਵਿਚੋਂ ਪੈਦਾ ਹੋਏ ਹਨ ਅਤੇ ਇਹ ਫ਼ੌਰੀ ਭਵਿੱਖ, ਟੱਬਰ ਦੇ ਜੀਆਂ ਦੀ ਸਿਹਤ ਜਾਂ ਤੰਦਰੁਸਤੀ ਨਾਲ ਸਬੰਧਤ ਹਨ। ਉਨ੍ਹਾਂ ਦੇ ਵੇਰਵਿਆਂ 'ਚ ਦਿਲਚਸਪ ਚੀਜ਼ ਇਹ ਹੈ ਕਿ ਅਕਸਰ ਹੀ ਇਸ ਦੀ ਤੁਲਨਾ ਜਾਂ ਤਾਂ ਸਖ਼ਤ ਮਿਹਨਤ ਕਰਕੇ ਵੀ ਆਪਣੇ ਬੱਚਿਆਂ ਦਾ ਭਵਿੱਖ ਦਿਖਾਈ ਨਾ ਦੇਣ ਨਾਲ ਕੀਤੀ ਜਾਂਦੀ ਹੈ ਜਾਂ ਇਹ ਕਹਿਕੇ ਕਿ ਉਹ ਆਪਣੀ ਗ਼ਰੀਬੀ ਅਤੇ ਜ਼ਲਾਲਤ ਦੇ ਉਤਰਾਵਾਂ-

ਚੜ੍ਹਾਵਾਂ ਨਾਲ ਸਮਝੌਤਾ ਫੇਰ ਹੀ ਕਰ ਸਕਦੇ ਹਨ ਜੇ ਉਨ੍ਹਾਂ ਨੂੰ ਭਵਿੱਖ ਦੀ ਕੁਝ ਆਸ ਬੱਝਦੀ ਹੋਵੇ।[4] ਇਨ੍ਹਾਂ ਪੇਸ਼ਕਾਰੀਆਂ ਨੂੰ ਲਗਭਗ ਹਮੇਸ਼ਾ ਹੀ ਪਰਿਵਾਰ ਲਈ ਸਰੋਕਾਰ ਕਿਹਾ ਜਾਂਦਾ ਹੈ। ਸੰਖੇਪ 'ਚ, ਲਗਭਗ ਇਨ੍ਹਾਂ ਔਰਤਾਂ 'ਤੇ ਲੋੜਾਂ ਦੀ ਪੂਰਤੀ ਨਾ ਹੋਣ ਦੀ ਭਾਵਨਾ ਛਾਈ ਰਹਿੰਦੀ ਹੈ।

ਪਰਿਵਾਰ 'ਚ ਰੋਜ਼ਮਰਾ ਦਾ ਤਣਾਅ: ਇਸ ਦਾ ਭਾਵ ਉਸ ਤਣਾਅ ਤੋਂ ਹੈ ਜੋ ਨਿੱਤ ਦੇ ਕਲੇਸ਼ ਕਾਰਨ ਬਣ ਜਾਂਦਾ ਹੈ ਅਤੇ ਪਰਿਵਾਰਕ ਮਾਹੌਲ ਨੂੰ ਅਸੁਖਾਵਾਂ ਬਣਾਈ ਰੱਖਦਾ ਹੈ ਜਾਂ ਵਿਗਾੜ ਦਿੰਦਾ ਹੈ। ਸਰਵੇਖਣ 'ਚ ਸ਼ਾਮਲ ਲਗਭਗ ਅੱਧੀਆਂ ਔਰਤਾਂ (49%) ਨੇ ਇਸ ਨੂੰ ਅਹਿਮ ਮੁੱਦਾ ਦਰਸਾਇਆ। ਮਰਦਾਂ ਅਤੇ ਟੱਬਰ ਦੇ ਹੋਰ ਜੀਆਂ ਦੇ ਮੁਕਾਬਲੇ ਔਰਤਾਂ ਇਸ ਨਰਕ ਤੋਂ ਛੁਟਕਾਰਾ ਪਾਉਣ ਦੀ ਹਾਲਤ 'ਚ ਨਹੀਂ ਹੁੰਦੀਆਂ। ਲਗਭਗ 60 ਸਾਲ ਤੋਂ ਵੱਧ ਉਮਰ ਦੀਆਂ 61% ਔਰਤਾਂ ਨੇ ਇਹ ਸਮੱਸਿਆ ਧਿਆਨ 'ਚ ਲਿਆਂਦੀ। ਉਨ੍ਹਾਂ ਨੇ ਦਰਸਾਇਆ ਕਿ ਜ਼ਿੰਦਗੀ ਹੌਲੀ-ਹੌਲੀ ਉਨ੍ਹਾਂ ਦੇ ਵੱਸ ਤੋਂ ਬਾਹਰ ਹੁੰਦੀ ਗਈ ਹੈ। ਬੱਚੇ ਬਾਲਗ ਹੋ ਜਾਣ 'ਤੇ, ਵਿਆਹੇ ਮੁੰਡੇ ਅਤੇ ਨੂੰਹਾਂ ਇਨ੍ਹਾਂ ਔਰਤਾਂ ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿੰਦੇ ਹਨ। ਸਮੇਂ ਦੇ ਨਾਲ ਮਰਦ ਪ੍ਰਧਾਨ ਪਰਿਵਾਰਕ ਢਾਂਚੇ ਅੰਦਰ ਔਰਤਾਂ ਦਾ ਸਮੱਸਿਆਵਾਂ ਨਾਲ ਨਜਿੱਠਣ ਦਾ ਅਮਲ ਵੱਖ-ਵੱਖ ਸ਼ਕਲਾਂ ਅਖ਼ਤਿਆਰ ਕਰਨ ਲੱਗਦਾ ਹੈ। ਵੱਧ ਚਿੰਤਾਜਨਕ ਹੁੰਦੀ ਹੈ ਬਜ਼ੁਰਗਾਂ ਦੀ ਤਰਸਯੋਗ ਹਾਲਤ। ਜਿਨ੍ਹਾਂ ਨੂੰ ਸਮੇਂ ਸਮੇਂ 'ਤੇ ਨਾ ਸਿਰਫ਼ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਸਗੋਂ ਤਾਅਨੇ ਵੀ ਦਿੱਤੇ ਜਾਂਦੇ ਹਨ। ਉਹ ਰੋਜ਼ ਦੇ ਪਰਿਵਾਰਕ ਕਲੇਸ਼ ਨੂੰ ਬਿਟਰ ਬਿਟਰ ਦੇਖਦੇ ਰਹਿਣ ਲਈ ਸਰਾਪੇ ਜਾਂਦੇ ਹਨ ਅਤੇ ਆਪਣੇ ਪਦਾਰਥਕ ਅਤੇ ਹੋਰ ਵਸੀਲਿਆਂ ਨੂੰ ਖ਼ੋਰਾ ਲੱਗਣ ਕਾਰਨ ਕੋਈ ਸਾਰਥਕ ਦਖ਼ਲਅੰਦਾਜ਼ੀ ਵੀ ਨਹੀਂ ਕਰ ਸਕਦੇ। ਗ਼ਰੀਬੀ ਦੀ ਹਾਲਤ ਤਾਂ ਘੱਟ ਅਸਹਿ ਹੁੰਦੀ ਹੈ ਪਰ ਜਦੋਂ ਬੰਦਾ ਤਣਾਅ ਅਤੇ ਮਾਨਸਿਕ ਪ੍ਰੇਸ਼ਾਨੀ ਕਾਰਨ ਹਰ ਤਰ੍ਹਾਂ ਨਾਲ ਹੰਭ ਜਾਂਦਾ ਹੈ ਤਾਂ ਜ਼ਿੰਦਗੀ ਰੋਜ਼ ਦਾ ਨਰਕ ਬਣ ਜਾਂਦੀ ਹੈ। ਨਿੱਤ ਦਾ ਤਣਾਅ ਪਰਿਵਾਰ ਅੰਦਰ ਅਸਾਵੇਂ ਅਧਿਕਾਰਾਂ ਅਤੇ ਸਾਂਝੇ ਵਸੀਲਿਆਂ ਦੀ ਅਸਾਵੀਂ ਵੰਡ ਦਾ ਵੀ ਸਿੱਟਾ ਹੈ। ਇਕਹਿਰੇ ਪਰਿਵਾਰਾਂ 'ਚ 47% ਔਰਤਾਂ ਨੇ ਇਹ ਸਮੱਸਿਆ ਦੱਸੀ ਜਦਕਿ ਇਸ ਦੇ ਮੁਕਾਬਲੇ ਸਾਂਝੇ ਪਰਿਵਾਰਾਂ ਦੀਆਂ 54% ਔਰਤਾਂ ਨੇ ਇਸ ਦਾ ਜ਼ਿਕਰ ਕੀਤਾ। ਲੱਗਦਾ ਹੈ ਕਿ ਇਕਹਿਰੇ ਪਰਿਵਾਰਾਂ ਦੀਆਂ ਔਰਤਾਂ ਦੀਆਂ ਪਰਿਵਾਰਕ ਦਿੱਕਤਾਂ ਘੱਟ ਹਨ ਅਤੇ ਉਹ ਪਰਿਵਾਰਕ ਅਮਨ ਜਾਂ ਆਪਣੀ ਗੱਲ ਮੰਨਵਾਉਣ

4. ਇਕ ਸਵਾਲ ਜਾਣ-ਬੁੱਝਕੇ ਇਸ ਤਰ੍ਹਾਂ ਬਣਾਇਆ ਗਿਆ ਤਾਂ ਜੋ ਜਵਾਬ ਦੇਣ ਵਾਲੇ ਦੀ ਫ਼ੌਰੀ ਭਵਿੱਖ ਬਾਰੇ ਭਾਵਨਾ ਜ਼ਾਹਰ ਹੋ ਜਾਵੇ ਅਤੇ ਇਹ ਪਤਾ ਲੱਗੇ ਕਿ ਉਨ੍ਹਾਂ 'ਤੇ ਇਸ ਦਾ ਕਿੰਨਾ ਦਬਾਅ ਰਹਿੰਦਾ ਹੈ। ਜ਼ਿਆਦਾਤਰ ਜਵਾਬਾਂ 'ਚ ਜਾਂ ਤਾਂ ਉਨ੍ਹਾਂ ਦੀ ਅਗਲੇਰੀ ਜ਼ਿੰਦਗੀ ਦੀ ਤਾਂਘ ਸਪਸ਼ਟ ਦਿਖਾਈ ਦਿੰਦੀ ਹੈ ਜਾਂ ਉਨ੍ਹਾਂ ਨੇ ਜੋ ਉਨ੍ਹਾਂ ਦਾ ਹੱਕ ਬਣਦਾ ਸੀ ਉਸ ਦੀ ਸਪਸ਼ਟ ਆਸ ਪ੍ਰਗਟਾਈ। ਇਸ ਨੂੰ ਮਿਕਦਾਰੀ ਤੌਰ 'ਤੇ ਪਕੜ ਸਕਣ ਦੀਆਂ ਕੁਝ ਸੀਮਤਾਈਆਂ ਹਨ ਕਿਉਂਕਿ ਇਹ ਹਰ ਜਵਾਬ ਦੇਣ ਵਾਲੇ ਅਤੇ ਵਿਅਕਤੀ ਵਿਸ਼ੇਸ਼ ਸਬੰਧੀ ਵੱਖੋ-ਵੱਖਰਾ ਹੁੰਦਾ ਹੈ। ਪਰ ਹੋਰ ਸਾਰੀਆਂ ਚੋਣਾਂ ਵਿਚ ਇਸ ਦਾ ਪ੍ਰਮੁੱਖ ਸਥਾਨ ਹੋਣਾ ਹੀ ਉਨ੍ਹਾਂ ਦਾ ਆਪਣੇ ਅਤੇ ਆਪਣੀ ਔਲਾਦ ਲਈ ਮਾਣ-ਸਨਮਾਨ ਵਾਲੀ ਜ਼ਿੰਦਗੀ ਦੀ ਤਲਾਸ਼ ਨੂੰ ਦਰਸਾਉਂਦਾ ਹੈ।

ਦੀ ਥੋੜ੍ਹੀ ਬਿਹਤਰ ਹਾਲਤ 'ਚ ਹਨ। ਜਾਇਦਾਦਹੀਣ ਹਿੱਸਿਆਂ 'ਚ ਵੀ ਇਹ ਸਮੱਸਿਆ ਘੱਟ ਲੱਗਦੀ ਹੈ। ਬੇਜ਼ਮੀਨੇ ਪਰਿਵਾਰਾਂ ਦੀਆਂ 46% ਔਰਤਾਂ ਨੇ ਇਸਦਾ ਜ਼ਿਕਰ ਕੀਤਾ। ਇਸ ਦੇ ਮੁਕਾਬਲੇ 5 ਏਕੜ ਤੋਂ ਵੱਧ ਜ਼ਮੀਨ ਵਾਲੇ ਪਰਿਵਾਰਾਂ ਦੀਆਂ 61% ਔਰਤਾਂ ਨੇ ਇਸ ਦਾ ਜ਼ਿਕਰ ਕੀਤਾ। ਇਕ ਵਾਰ ਫੇਰ, ਟੱਬਰ ਅੰਦਰ ਔਰਤਾਂ ਦੀ ਜ਼ਿੰਦਗੀ ਦੀ ਹਕੀਕਤ ਜਿਸ ਤਰ੍ਹਾਂ ਰੋਜ਼ਮਰਾ ਕਲੇਸ਼ ਨੂੰ ਸਹਿਣ ਕਰਨ ਦੀ ਆਦੀ ਜਾਂ ਇਸ ਦਾ ਹਿੱਸਾ ਹੁੰਦੀ ਹੈ ਉਹ ਮਰਦਾਂ ਨਾਲੋਂ ਬਹੁਤ ਵੱਖਰੀ ਹੈ। ਇਂਵ, ਵੱਖੋ-ਵੱਖਰੀ ਤਰ੍ਹਾਂ ਦੇ ਤਣਾਅ ਵੱਖੋ-ਵੱਖਰੇ ਰੂਪ 'ਚ ਪੈਦਾ ਹੁੰਦੇ ਹਨ ਅਤੇ ਇਨ੍ਹਾਂ ਟਕਰਾਵਾਂ ਦਾ ਸੁਭਾਅ ਜਨਤਕ/ਨਿੱਜੀ ਦੋ ਹਿੱਸਿਆਂ 'ਚ ਵੰਡਿਆ ਜਾਂਦਾ ਹੈ ਜਿਸ ਦੀ ਚਰਚਾ ਜਾਣ-ਪਛਾਣ ਵਾਲੇ ਹਿੱਸੇ 'ਚ ਕੀਤੀ ਗਈ ਹੈ। ਇਹੀ ਵਜ੍ਹਾ ਹੈ ਕਿ ਸਰਵੇਖਣ 'ਚ ਸ਼ਾਮਲ ਔਰਤਾਂ ਦੇ ਸਿਰਫ 30% ਨੇ ਹੀ ਖ਼ੁਦਕੁਸ਼ੀ ਦੇ ਕਾਰਨ ਵਜੋਂ ਇਸ ਦੀ ਗੱਲ ਕੀਤੀ। ਇਸ ਦੀ ਬਜਾਏ ਮਰਦ ਕਰਜ਼ਾ ਮੋੜਨ ਅਤੇ ਲਹਿਣੇਦਾਰਾਂ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਕਾਰਨ ਮਾਨਸਿਕ ਤੌਰ 'ਤੇ ਟੁੱਟ ਜਾਂਦੇ ਹਨ, ਜਦਕਿ ਔਰਤਾਂ ਦੇ ਕੁਲ ਜਵਾਬਾਂ 'ਚ ਇਸ ਦਾ ਸਥਾਨ ਚੌਥਾ ਅਤੇ ਪੰਜਵਾਂ ਹੈ।

ਕਰਜ਼ਾ ਮੋੜਨ ਅਤੇ ਲਹਿਣੇਦਾਰਾਂ ਦੇ ਤੰਗ ਕਰਨ ਦੀ ਸਮੱਸਿਆ: ਪਹਿਲੇ ਕਾਂਡ ਵਿਚ ਇਹ ਦੋ ਕਾਰਕ ਖ਼ੁਦਕੁਸ਼ੀ ਦੇ ਮੁੱਖ ਕਾਰਨਾਂ ਵਜੋਂ ਉੱਭਰੇ ਹਨ। ਇਸ ਦੇ ਉਲਟ, ਔਰਤਾਂ ਦੀ ਸੋਚ ਵਿਚ ਇਨ੍ਹਾਂ ਸਮੱਸਿਆਵਾਂ ਦਾ ਸਥਾਨ ਉਨ੍ਹਾਂ ਤਿੰਨ ਮੁੱਦਿਆਂ ਤੋਂ ਬਾਅਦ ਹੈ ਜਿਨ੍ਹਾਂ ਦੀ ਚਰਚਾ ਉੱਪਰ ਕੀਤੀ ਗਈ ਹੈ। ਜਿਨ੍ਹਾਂ ਔਰਤਾਂ ਨੇ ਕਰਜ਼ਾ ਮੋੜਨ ਨੂੰ ਕਾਰਕ ਦੱਸਿਆ ਉਨ੍ਹਾਂ ਦੀ ਫ਼ੀ ਸਦੀ 35 ਸੀ ਜਦਕਿ ਪਹਿਲਾਂ 79% ਔਰਤਾਂ ਨੇ ਕਰਜ਼ੇ ਦੇ ਬੋਝ ਨੂੰ ਖ਼ੁਦਕੁਸ਼ੀ ਦਾ ਕਾਰਨ ਦੱਸਿਆ ਸੀ। ਇਸ ਤੋਂ ਇਹ ਸਪਸ਼ਟ ਸੰਕੇਤ ਮਿਲਦਾ ਹੈ ਕਿ ਹਾਲਾਂਕਿ ਸਮੱਸਿਆ ਜਿਉਂ ਦੀ ਤਿਉਂ ਹੈ ਅਤੇ ਸ਼ਾਇਦ ਵੱਧ ਸਥਾਈ ਵੀ ਬਣ ਗਈ ਹੈ, ਪਰ ਲੱਗਦਾ ਹੈ ਕਿ ਇਹ ਪਹਿਲਾਂ ਨਾਲੋਂ ਘੱਟ ਪ੍ਰੇਸ਼ਾਨ ਕਰਦੀ ਹੈ। ਜਾਂ ਗੁਪਤ ਰੱਖਣ ਦੇ ਬਾਵਜੂਦ, ਮਰਦ ਮੈਂਬਰਾਂ ਉੱਪਰ ਦਬਾਅ ਉਨ੍ਹਾਂ ਦੇ ਮਾਨਸਿਕ ਤੌਰ 'ਤੇ ਟੁੱਟ ਜਾਣ ਦੀ ਇੰਤਹਾ ਤੱਕ ਪਹੁੰਚ ਜਾਂਦਾ ਹੈ। ਇਥੇ ਹੋਰ ਸਰੋਕਾਰ ਵੀ ਹਨ ਜੋ ਖ਼ੁਦਕੁਸ਼ੀ ਤੋਂ ਬਾਅਦ ਪ੍ਰਮੁੱਖਤਾ ਅਖ਼ਤਿਆਰ ਕਰ ਲੈਂਦੇ ਹਨ। ਇਕ ਵਾਰ ਫੇਰ, 19% ਔਰਤਾਂ ਲਹਿਣੇਦਾਰਾਂ ਦੇ ਤੰਗ-ਪ੍ਰੇਸ਼ਾਨ ਕਰਨ ਨੂੰ ਫੌਰੀ ਸਮੱਸਿਆ ਮੰਨਦੀਆਂ ਹਨ ਜਦਕਿ 49% ਨੇ ਇਸ ਨੂੰ ਖ਼ੁਦਕੁਸ਼ੀ ਦਾ ਤੀਜਾ ਮੁੱਖ ਕਾਰਨ ਦੱਸਿਆ ਸੀ। ਲੱਗਦਾ ਹੈ ਕਿ ਪਰਿਵਾਰ 'ਚ ਖ਼ੁਦਕੁਸ਼ੀ ਦੀ ਘਟਨਾ ਤੋਂ ਬਾਅਦ ਤੰਗ-ਪ੍ਰੇਸ਼ਾਨ ਕਰਨ ਦੇ ਵਰਤਾਰੇ ਤੋਂ ਮੁਕਾਬਲਤਨ ਅਰਥਾਂ 'ਚ ਰਾਹਤ ਮਿਲ ਜਾਂਦੀ ਹੈ, ਹਾਲਾਂਕਿ ਇਹ ਸਿਰਫ਼ ਆਰਜ਼ੀ ਤੇ ਬਹੁਤ ਥੋੜ੍ਹੇ ਸਮੇਂ ਲਈ ਹੁੰਦੀ ਹੈ। ਇਹ ਲਗਭਗ ਪੂਰੀ ਤਰ੍ਹਾਂ ਕਿਸਾਨ ਯੂਨੀਅਨਾਂ ਦੀ ਮੌਜੂਦਗੀ ਕਾਰਨ ਹੁੰਦਾ ਹੈ ਕਿਉਂਕਿ ਸਰਵੇਖਣ ਜ਼ਿਆਦਾਤਰ ਉਨ੍ਹਾਂ ਇਲਾਕਿਆਂ 'ਚ ਕੀਤਾ ਜਾ ਰਿਹਾ ਸੀ ਜਿਥੇ ਕਿਸਾਨ ਯੂਨੀਅਨਾਂ ਦੀ ਸਰਗਰਮੀ ਪੂਰੀ ਤਰ੍ਹਾਂ ਪ੍ਰਵਾਨਤ ਤੱਥ ਹੈ। ਕਰਜ਼ੇ ਦਾ ਮਾਨਸਿਕ ਬੋਝ ਸਭ ਤੋਂ ਵੱਧ ਮਰਦਾਂ ਉੱਪਰ ਹੁੰਦਾ ਹੈ: ਇਕ ਵਾਰ ਫੇਰ ਆੜ੍ਹਤੀਆਂ, ਬੈਂਕਾਂ ਦੇ ਕਰਜ਼ਾ ਵਸੂਲਣ ਵਾਲੇ ਅਮਲੇ ਜਾਂ ਸਥਾਨਕ ਨਿੱਜੀ ਸ਼ਾਹੂਕਾਰਾਂ ਹੱਥੋਂ ਤੰਗ-ਪ੍ਰੇਸ਼ਾਨ ਵੀ ਲਗਭਗ ਮਰਦ ਹੀ ਹੁੰਦੇ ਹਨ।

ਰਵਾਇਤੀ ਬੰਦਸ਼ਾਂ: ਸਰਵੇਖਣ ਵਿਚ ਇਸ ਦਾ ਜ਼ਿਕਰ ਔਰਤਾਂ ਦੀ ਆਉਣ-

ਜਾਣ ਦੀ ਸਮੱਸਿਆ ਅਤੇ ਜਾਤਪਾਤੀ ਬੰਦਸ਼ਾਂ ਕਾਰਨ ਮਜ਼ਦੂਰੀ ਨਾ ਕਰਨ ਵਜੋਂ ਆਇਆ। ਕੁਝ ਕੁ ਔਰਤਾਂ ਜੋ ਇਸ ਬਾਰੇ ਸਭ ਤੋਂ ਵੱਧ ਸੁਚੇਤ ਹਨ ਕਿ ਉਹ ਘਰੋਂ ਬਾਹਰ ਜਾਕੇ ਕੰਮ ਨਹੀਂ ਕਰ ਸਕਦੀਆਂ ਨੇ ਜਲਦੀ ਹੀ ਇਹ ਗੱਲ ਕਹਿ ਦਿੱਤੀ। ਨਹੀਂ ਤਾਂ, ਜ਼ਿਆਦਾਤਰ ਔਰਤਾਂ ਤਾਂ ਇਸ ਨੂੰ ਦੂਰ ਦੀ ਸੰਭਾਵਨਾ ਜਾਂ ਸੁਪਨਾ ਹੀ ਸਮਝਦੀਆਂ ਹਨ। ਇਹ ਸਪਸ਼ਟ ਹੈ ਕਿ ਜ਼ਮੀਨ ਮਾਲਕ ਪਰਿਵਾਰਾਂ ਦੀਆਂ ਔਰਤਾਂ ਨੂੰ ਤਾਂ ਕਿਸੇ ਹੋਰ ਥਾਂ ਮਜ਼ਦੂਰੀ ਕਰਨ ਦੀ ਸਮਾਜਿਕ ਤੌਰ 'ਤੇ ਮਨਾਹੀ ਹੈ, ਖ਼ਾਸ ਕਰਕੇ ਬੇਗਾਨੇ ਖੇਤਾਂ ਵਿਚ। ਜਦਕਿ, ਜਦੋਂ ਔਰਤ ਨੂੰ ਇਹ ਜਚ ਜਾਂਦਾ ਹੈ ਕਿ ਉਹ ਗੁਜ਼ਾਰਾ ਕਰਨ ਲਈ ਕੋਈ ਨਾ ਕੋਈ ਕੰਮ ਕਰ ਸਕਦੀ ਹੈ, ਇਸ ਹਾਲਤ 'ਚ ਘਰ ਦੀ ਵਲਗਣ 'ਚ ਡੱਕੇ ਰਹਿਣ ਦਾ ਸੰਤਾਪ ਚੋਖੇ ਤਣਾਅ ਅਤੇ ਦੁੱਖ ਦਾ ਕਾਰਨ ਬਣ ਜਾਂਦਾ ਹੈ। ਜ਼ਰੱਈ ਮੰਦਹਾਲੀ ਦਾ ਸਾਹਮਣਾ ਕਰ ਰਹੇ ਆਂਧਰਾ ਪ੍ਰਦੇਸ਼ ਜਾਂ ਕੇਰਲਾ ਵਰਗੇ ਹੋਰ ਸੂਬਿਆਂ ਵਿਚ ਅਜਿਹੀਆਂ ਸੱਭਿਆਚਾਰਕ ਬੰਦਸ਼ਾਂ ਮੁਕਾਬਲਤਨ ਘੱਟ ਹੋਣਗੀਆਂ। ਇੱਥੋਂ ਤੱਕ ਕਿ ਦਲਿਤ ਹਿੱਸਿਆਂ ਨਾਲੋਂ ਜੱਟ ਸਿੱਖ ਭਾਈਚਾਰੇ 'ਚ ਇਹ ਸਮੱਸਿਆ ਕਿਤੇ ਵੱਧ ਹੈ ਜੋ ਬੇਜ਼ਮੀਨਿਆਂ ਦਾ ਵੱਡਾ ਹਿੱਸਾ ਹਨ। ਬੇਜ਼ਮੀਨੇ ਪਰਿਵਾਰਾਂ ਦੀਆਂ ਸਿਰਫ਼ 5% ਔਰਤਾਂ ਨੇ ਇਹ ਗੱਲ ਕੀਤੀ, ਜਦਕਿ ਥੁੜ ਜ਼ਮੀਨੇ ਅਤੇ ਛੋਟੇ ਜ਼ਮੀਨ ਮਾਲਕ ਪਰਿਵਾਰਾਂ ਦੀਆਂ ਕ੍ਰਮਵਾਰ 26% ਅਤੇ 44% ਔਰਤਾਂ ਨੇ ਇਸ ਦਾ ਜ਼ਿਕਰ ਕੀਤਾ। ਇਕਹਿਰੇ ਪਰਿਵਾਰਾਂ ਦੀ ਤੁਲਨਾ 'ਚ ਸਾਂਝੇ ਪਰਿਵਾਰਾਂ ਅੰਦਰ ਔਰਤਾਂ ਦੀ ਵਧੇਰੇ ਫ਼ੀ ਸਦੀ ਨੂੰ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਗੱਲਬਾਤ 'ਚ ਸ਼ਾਮਲ ਔਰਤਾਂ ਦੀ ਉਮਰ ਦੇ ਪੱਖੋਂ ਦੇਖੀਏ ਤਾਂ 25 ਤੋਂ 30 ਸਾਲ ਦੀ ਉਮਰ ਵਾਲੀਆਂ ਔਰਤਾਂ ਨੂੰ ਰਵਾਇਤੀ ਬੰਦਸ਼ਾਂ ਵੱਧ ਸਹਿਣੀਆਂ ਪੈਂਦੀਆਂ ਹਨ—ਇਹ ਜ਼ਿੰਦਗੀ ਦਾ ਉਹ ਸਮਾਂ ਹੁੰਦਾ ਹੈ ਜਦੋਂ ਇਕ ਔਰਤ ਘਰ ਦੇ ਸਿਲਸਿਲੇ ਨੂੰ ਚਲਾਉਣ 'ਚ ਸਭ ਤੋਂ ਵੱਧ ਜੁੱਟੀ ਹੁੰਦੀ ਹੈ ਅਤੇ ਉਸ ਅੰਦਰ ਘਰ ਤੋਂ ਬਾਹਰ ਕੰਮ ਕਰਨ ਦਾ ਸਭ ਤੋਂ ਵੱਧ ਸਵੈ ਭਰੋਸਾ ਹੁੰਦਾ ਹੈ। ਜਿਨ੍ਹਾਂ ਔਰਤਾਂ ਦੇ ਬੱਚੇ ਜਵਾਨ ਹੋ ਰਹੇ ਹੁੰਦੇ ਹਨ ਉਨ੍ਹਾਂ ਵਿਚ ਆਪਣੇ ਬੱਚਿਆਂ ਦਾ ਢਿੱਡ ਭਰਨ ਅਤੇ ਸਕੂਲ ਦੀਆਂ ਫ਼ੀਸਾਂ ਦੇਣ ਦੀ ਤੱਦੀ ਵਾਲੀ ਲੋੜ ਨਾਲੋਂ ਖ਼ੁਦਮੁਖਤਿਆਰ ਹੋਣ ਦੀ ਇੱਛਾ ਘੱਟ ਜਾਪਦੀ ਹੈ। ਜਦਕਿ 19 ਜਾਂ 20 ਸਾਲ ਦੀਆਂ ਮੁਟਿਆਰਾਂ ਨੂੰ ਕੁਝ ਵੱਖਰਾ ਕਰਨ ਅਤੇ ਪਿੰਡ ਤੋਂ ਬਾਹਰ ਕਦਮ ਧਰਨ ਦੀ ਔਂਚਵੀ ਲੱਗੀ ਰਹਿੰਦੀ ਹੈ। ਜਿਸ ਗੁੱਝੇ ਢੰਗ ਨਾਲ ਉਨ੍ਹਾਂ ਨੇ ਗੱਲਬਾਤ ਦੇ ਅਖ਼ੀਰ 'ਚ ਇਸ ਉੱਤੇ ਜ਼ੋਰ ਦਿੱਤਾ ਉਹ ਮੈਨੂੰ ਅੱਜ ਵੀ ਚੇਤੇ ਹੈ। ਕਿਸਾਨ ਜਥੇਬੰਦੀਆਂ ਵੀ ਕੁਝ ਹੱਦ ਤੱਕ ਉਨ੍ਹਾਂ ਦੀ ਇਸ ਰੀਝ ਨੂੰ ਜਾਣਦੀਆਂ ਹਨ ਕਿਉਂਕਿ ਕਈ ਜਵਾਨ ਔਰਤਾਂ ਕਿਸਾਨ ਜਥੇਬੰਦੀਆਂ ਦੀਆਂ ਵੱਡੀਆਂ ਰੈਲੀਆਂ 'ਚ ਜਾਂਦੀਆਂ ਰਹਿੰਦੀਆਂ ਹਨ। ਕੁਝ ਤਾਂ ਇਕੱਠਾਂ ਨੂੰ ਸੰਬੋਧਨ ਵੀ ਕਰ ਚੁੱਕੀਆਂ ਹਨ। ਜਿਵੇਂ ਦੂਸਰੇ ਕਾਂਡ ਵਿਚ ਚਰਚਾ ਕੀਤੀ ਗਈ ਹੈ, ਦਲਿਤ ਪਿਛੋਕੜ ਵਾਲੀਆਂ ਕਈ ਨੌਜਵਾਨ ਕੁੜੀਆਂ ਨੇ ਇਹ ਗੱਲ ਸਾਂਝੀ ਕੀਤੀ ਜਿਨ੍ਹਾਂ ਨੇ ਸਕੂਲੀ ਪੜ੍ਹਾਈ ਮੁਕਾ ਲਈ ਸੀ ਜਾਂ ਕਾਲਜ ਜਾ ਰਹੀਆਂ ਸਨ। ਸ਼ਹਿਰਾਂ ਵਿਚ ਰੁਜ਼ਗਾਰ ਦੀ ਗੁੰਜਾਇਸ਼ ਦੀ ਘਾਟ ਕਾਰਨ ਨੌਜਵਾਨ ਕੁੜੀਆਂ ਲਈ ਰਵਾਇਤੀ ਬੰਦਸ਼ਾਂ ਨੂੰ ਤੋੜਨਾ ਉਵੇਂ ਹੀ ਅਸੰਭਵ ਹੋ ਜਾਂਦਾ ਹੈ ਜਿਵੇਂ ਮਜ਼ਦੂਰੀ ਦਾ ਕੰਮ ਨਾ ਹੋਣ ਕਾਰਨ ਜੱਟ ਸਿੱਖ ਔਰਤਾਂ ਲਈ ਆਪਣੀਆਂ ਵਲਗਣਾਂ ਟੱਪਣਾ

ਲਗਭਗ ਅਸੰਭਵ ਹੈ। ਕਈ ਵਾਰ ਕੋਈ ਕਹੇਗੀ, "ਕੌਣ ਵੱਧ ਨਹੀਂ ਕਮਾਉਣਾ ਚਾਹੇਗਾ" ਸਵਾਲਨਾਮੇ 'ਚ ਵਿਸ਼ੇਸ਼ ਸਵਾਲ ਦਾ ਜਵਾਬ ਸਪਸ਼ਟ ਨਾਂਹ 'ਚ ਦੇਣ ਦੇ ਬਾਵਜੂਦ। ਸਵਾਲ ਦਾ ਜਵਾਬ ਜਾਂ ਤਾਂ ਕਿਤੇ ਦੂਰ ਝਾਕਦੇ ਰਹਿਣ ਦੇ ਰੂਪ 'ਚ ਮਿਲੇਗਾ ਜਾਂ ਆਪਮੁਹਾਰੇ ਗ਼ੈਰ-ਸ਼ਾਬਦਿਕ ਇਜ਼ਹਾਰ ਦੇ ਰੂਪ 'ਚ ਜੋ ਦਰਸਾਉਂਦਾ ਹੈ ਕਿ ਇਸ ਬਾਰੇ ਤਾਂ ਸੋਚਣਾ ਵੀ ਕਿੰਨਾ ਅਸੰਭਵ ਹੈ। ਖ਼ਾਮੋਸ਼ੀ ਅਕਸਰ ਹਾਂ ਜਾਂ ਨਾਂਹ ਨਾਲੋਂ ਵੱਧ ਬੋਲਦੀ ਸੀ। ਜੇ ਇਹੀ ਚਰਚਾ ਹੋਰ ਲੋਕਾਂ ਦੀ ਗ਼ੈਰਹਾਜ਼ਰੀ 'ਚ ਜਾਂ ਉਨ੍ਹਾਂ ਦੀ ਬੋਲੀ 'ਚ ਕੀਤੀ ਜਾਂਦੀ ਤਾਂ ਹੁੰਗਾਰਾ ਸੱਚੀਓਂ ਹੀ ਇਸ ਤੋਂ ਕਿਤੇ ਵਧੇਰੇ ਮਿਲਣਾ ਸੀ। ਚਿੰਤਾਜਨਕ ਗੱਲ ਇਹ ਹੈ ਕਿ ਔਰਤਾਂ 'ਚ ਆਰਥਕ ਤੌਰ 'ਤੇ ਆਜ਼ਾਦ ਹੋਣ ਦੀ ਚੇਤਨਾ ਅਜਿਹੇ ਦੁਖਾਂਤਕ ਹਾਲਾਤ 'ਚ ਪੈਦਾ ਹੁੰਦੀ ਹੈ ਜਦੋਂ ਸਮੁੱਚੀ ਮਜ਼ਦੂਰ ਜਮਾਤ ਅਤੇ ਕਿਸਾਨੀ ਨੂੰ ਅਜਿਹੀਆਂ ਸਖ਼ਤ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅੰਤ 'ਚ, ਜਿੱਥੋਂ ਤੱਕ ਨਸ਼ਿਆਂ ਨੂੰ ਲੱਗੇ ਹੋਣ ਦਾ ਸਬੰਧ ਹੈ, ਇਸ ਸਧਾਰਨ ਕਾਰਨ ਦੇ ਅਧਾਰ 'ਤੇ ਕੋਈ ਰੁਝਾਨ ਦਰਸਾਉਣ ਤੋਂ ਗੁਰੇਜ਼ ਹੀ ਕੀਤਾ ਜਾਵੇਗਾ ਕਿਉਂਕਿ 136 ਵਿਚੋਂ ਸਿਰਫ਼ 19 (14%) ਔਰਤਾਂ ਨੇ ਹੀ ਇਹ ਸਮੱਸਿਆ ਰੱਖੀ ਸੀ ਕਿ ਉਨ੍ਹਾਂ ਦੇ ਟੱਬਰ ਦਾ ਜੀਅ ਨਸ਼ੇ ਨੂੰ ਲੱਗਿਆ ਹੋਇਆ ਹੈ। ਇਹ ਅੱਲੜ ਵਰੇਸ ਜਾਂ 20ਵਿਆਂ ਦੀ ਉਮਰ 'ਚੋਂ ਲੰਘ ਰਹੇ ਪੁੱਤਾਂ ਬਾਰੇ ਮਾਵਾਂ ਦਾ ਵਿਸ਼ੇਸ਼ ਸਰੋਕਾਰ ਸੀ। ਇਸ ਸਵਾਲ ਦਾ ਅਕਸਰ ਹੀ ਜਵਾਬ ਦਿੱਤਾ ਜਾਂਦਾ "ਨਸ਼ਾ ਨੁਸ਼ਾ ਕੋਈ ਨਹੀਂ; ਰੋਜ਼ ਥੋੜ੍ਹਾ ਸ਼ਰਾਬ ਪੀ ਲੈਂਦਾ ਸੀ"। ਰੋਜ਼ ਦਾਰੂ ਪੀਣੀ ਅਜਿਹੀ ਸਧਾਰਨ ਗੱਲ ਹੈ ਕਿ ਜ਼ਿਆਦਾਤਰ ਔਰਤਾਂ ਇਸ ਨੂੰ ਨਸ਼ਾ ਨਹੀਂ ਸਮਝਦੀਆਂ। ਇਸ ਤੋਂ ਬਿਨਾ, ਔਰਤਾਂ ਲਈ ਟੱਬਰ ਦੇ ਜਿਉਂਦੇ ਜੀਆਂ ਨਾਲੋਂ ਆਪਣੇ ਮ੍ਰਿਤਕ ਪਤੀ ਦੇ ਸ਼ਰਾਬੀ ਜਾਂ ਨਸ਼ੇੜੀ ਹੋਣ ਦੀ ਗੱਲ ਕਰਨਾ ਵੱਧ ਸੁਖਾਲਾ ਸੀ। ਫੇਰ ਵੀ, ਇਥੇ ਇਹ ਥੋੜ੍ਹਾ ਜਿਹਾ ਪਿਛਲਖੁਰੀ ਰੁਝਾਨ ਦੇਖਿਆ ਜਾ ਸਕਦਾ ਹੈ, ਬੇਜ਼ਮੀਨੇ ਅਤੇ ਇਕਹਿਰੇ ਪਰਿਵਾਰ 'ਚ ਇਹ ਸਮੱਸਿਆ ਵੱਧ ਦੱਸੀ ਗਈ। 136 ਪਰਿਵਾਰਾਂ ਵਿਚੋਂ 17 ਜਾਂ ਲਗਭਗ 13% ਨੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਅੰਤ 'ਚ, ਬਹੁਤ ਥੋੜ੍ਹੀਆਂ ਔਰਤਾਂ ਨੇ ਜ਼ਿਕਰ ਕੀਤਾ ਕਿ ਸਵਾਲਨਾਮੇ 'ਚ ਜੋ ਸਮੱਸਿਆਵਾਂ ਦਰਜ ਹਨ ਉਨ੍ਹਾਂ ਨੂੰ ਇਨ੍ਹਾਂ ਤੋਂ ਇਲਾਵਾ ਹੋਰ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਮਰਨ ਤੋਂ ਪਹਿਲਾਂ ਪਤੀ ਦੇ ਸ਼ਰਾਬੀ ਹੋਣ ਅਤੇ ਇਸ ਦੇ ਨਾਲ-ਨਾਲ ਵੱਖ-ਵੱਖ ਸਮੇਂ ਘਰੇਲੂ ਹਿੰਸਾ ਦਾ ਸ਼ਿਕਾਰ ਹੋਣ ਦੀ ਗੱਲ ਕਰਦੀਆਂ ਹਨ। ਇਨ੍ਹਾਂ ਵਿਚੋਂ ਕੁਝ ਨੇ ਜ਼ੋਰਦਾਰ ਸ਼ਿੱਦਤ ਨਾਲ ਇਕੱਲਤਾ ਮਹਿਸੂਸ ਹੋਣ ਦਾ ਜ਼ਿਕਰ ਕੀਤਾ ਜਿਸ ਦਾ ਸੰਤਾਪ ਉਹ ਹਰ ਸਮੇਂ ਭੋਗਦੀਆਂ ਹਨ; ਦੋ ਬਜ਼ੁਰਗ ਔਰਤਾਂ ਨੇ ਪੂਰੀ ਤਰ੍ਹਾਂ ਦੁਰਕਾਰ ਦਿੱਤੇ ਜਾਣ ਦੇ ਅਨਿਆਂ ਦੀ ਗੱਲ ਕੀਤੀ।

ਸੰਗਰੂਰ ਜ਼ਿਲ੍ਹੇ 'ਚ ਗੱਲਬਾਤ ਤੋਂ ਬਾਅਦ ਇਕ ਔਰਤ ਰਸੋਈ ਵਿਚ ਸਾਡੇ ਸਾਰਿਆਂ ਲਈ ਚਾਹ ਬਣਾ ਰਹੀ ਸੀ। ਇਕੱਲੀ ਹੋਣ ਕਰਕੇ ਉਹ ਫੁੱਟ-ਫੁੱਟ ਕੇ ਰੋ ਪਈ। ਉਸ ਨੇ ਕਿਹਾ ਕਿ ਉਸ ਨੂੰ ਹੋਰ ਕੋਈ ਸਮੱਸਿਆ ਨਹੀਂ ਹੈ ਬਸ ਇਹ ਪਤਾ ਨਹੀਂ ਲੱਗਦਾ ਕਿ ਘੋਰ ਇਕਲਾਪੇ ਦਾ ਕੀ ਕਰੇ। ਉਸ ਨੇ ਕਿਹਾ "ਇਕਲਾਪਾ ਮੈਨੂੰ ਹਰ ਵੇਲੇ ਵੱਢ-ਵੱਢ ਖਾਂਦਾ ਹੈ ਅਤੇ ਮੈਂ ਸੁਰੱਖਿਅਤ ਮਹਿਸੂਸ ਨਹੀਂ ਕਰਦੀ। ਭਾਵੇਂ

ਤੂੰ ਦਿੱਲੀ ਤੋਂ ਏਂ ਫੇਰ ਵੀ ਤੈਨੂੰ ਪਤਾ ਹੀ ਹੈ ਕਿ ਔਰਤ ਇਕੱਲੀ ਹੈ ਤਾਂ ਸੁਰੱਖਿਅਤ ਨਹੀਂ ਹੈ।" ਇਸ ਦੀ ਵਜ੍ਹਾ ਮੇਰੀ ਨਾਕਾਬਲੀਅਤ ਹੈ ਕਿ ਮੈਂ ਇਕਲਾਪੇ ਬਾਰੇ ਵੱਖੋ-ਵੱਖਰੇ ਰੂਪਾਂ 'ਚ ਪ੍ਰਗਟਾਏ ਵਿਚਾਰਾਂ ਨੂੰ ਬਾਕੀ ਅਧਿਐਨ ਨਾਲ ਵੱਧ ਪ੍ਰਸੰਗਕ ਤਰੀਕੇ ਨਾਲ ਜੋੜਕੇ ਪੇਸ਼ ਨਹੀਂ ਕਰ ਸਕੀ। ਅਜਿਹੇ ਇਜ਼ਹਾਰਾਂ ਨਾਲ ਮੇਰੀ ਇਹ ਦ੍ਰਿੜਤਾ ਹੀ ਵਧੀ ਕਿ ਜੋ ਕੁਝ ਉਹ ਕਹਿ ਰਹੀਆਂ ਸਨ ਉਸ ਬਾਰੇ ਲਿਖਣਾ ਹੋਵੇਗਾ।

6.3 ਸਹਾਰੇ ਦੀ ਭਾਲ

ਇਨ੍ਹਾਂ ਪਰਿਵਾਰਾਂ ਦੀ ਜ਼ਿੰਦਗੀ ਦੇ ਅਸਲ ਹਾਲਾਤ 'ਚ ਇਨ੍ਹਾਂ ਉਦਾਸ ਸਮਿਆਂ 'ਚ ਵੀ ਮਦਦ ਅਤੇ ਮੋਹ ਦੀਆਂ ਅਸਧਾਰਨ ਮਿਸਾਲਾਂ ਮਿਲ ਜਾਂਦੀਆਂ ਹਨ। ਅਕਸਰ ਹੀ ਬੁੱਢੇ ਮਾਪੇ, ਬੱਚਿਆਂ ਦੀ ਮਦਦ ਕਰਨ ਲਈ ਆਪਣੀ ਨਿੱਜੀ ਸੁਤੰਤਰਤਾ ਦਾਅ 'ਤੇ ਲਾ ਦਿੰਦੇ ਹਨ, ਕਈ ਵਾਰ ਉਨ੍ਹਾਂ ਕੋਲ ਅਜਿਹਾ ਕਰਨ ਦੇ ਸਾਧਨ ਵੀ ਹੁੰਦੇ ਹਨ। ਪਰ ਕਈ ਔਰਤਾਂ ਆਪਣੀ ਛੱਡੀ ਹੋਈ ਧੀ ਦੀ ਮਦਦ ਕਰਨ ਲਈ ਆਪਣੇ ਟੱਬਰ ਬਾਰੇ ਅਪਣਾਏ ਮਾਪਦੰਡਾਂ ਤੋਂ ਉਲਟ ਸਟੈਂਡ ਲੈਂਦੀਆਂ ਹਨ। ਮੰਦਹਾਲੀ ਦਾ ਸਾਹਮਣਾ ਕਰ ਰਹੀ ਧੀ ਦੀ ਮਦਦ ਕਰਨ ਦਾ ਅਰਥ ਹੈ ਜਾਤਪਾਤੀ ਮਾਪਦੰਡਾਂ ਦੀ ਆਸ ਦੇ ਉਲਟ ਖੜ੍ਹਨਾ, ਖ਼ਾਸ ਕਰਕੇ ਜੱਟ ਸਿੱਖਾਂ 'ਚ। ਜਦਕਿ, ਅਜਿਹੇ ਪਰਿਵਾਰ ਵੀ ਮਿਲੇ ਜਿਨ੍ਹਾਂ ਨੇ ਕਿਹਾ ਕਿ ਉਹ ਆਪਣੇ ਮੁੰਡਿਆਂ ਤੋਂ ਨਹੀਂ ਡਰਦੇ ਜਾਂ ਉਹ ਕਹਿੰਦੇ ਹਨ ਕਿ ਇਕੱਲੀ ਰਹਿ ਗਈ ਧੀ ਦੀ ਜ਼ਿੰਦਗੀ 'ਚ ਦਖ਼ਲ ਦੇਣੋਂ ਉਨ੍ਹਾਂ ਨੂੰ ਕੋਈ ਵਰਜ ਨਹੀਂ ਸਕਦਾ, ਉਹ ਇਸਦੀ ਪ੍ਰਵਾਹ ਨਹੀਂ ਕਰਦੇ। ਫ਼ਿਰੋਜ਼ਪੁਰ ਦੇ ਇਕ ਪਿੰਡ ਵਿਚ, ਇਕ ਔਰਤ ਦੀ ਓਥੇ ਪਹੁੰਚੀ ਮਾਂ ਗੱਲਬਾਤ ਦੇ ਐਨ ਅਖ਼ੀਰ 'ਚ ਸ਼ਾਮਲ ਹੋਈ। ਔਰਤ ਨੇ ਕਿਹਾ ਕਿ ਉਸ ਦੀ ਮਾਂ ਬੇਥਾਹ ਮਦਦ ਕਰਦੀ ਹੈ। ਮਾਂ ਨੇ ਪੂਰੇ ਵਿਸ਼ਵਾਸ ਨਾਲ ਦੱਸਿਆ ਕਿ ਉਹ ਮਦਦ ਕਿਵੇਂ ਜੁਟਾਉਂਦੀ ਹੈ:

"ਵਿਆਹੀ ਹੋਈ ਧੀ ਦੀ ਮਦਦ ਕਰਨਾ ਸੁਖਾਲਾ ਕੰਮ ਨਹੀਂ ਹੈ ਪਰ ਸਾਨੂੰ ਸੋਚਣਾ ਪੈਂਦਾ ਹੈ ਕਿ ਮਦਦ ਕਿਵੇਂ ਕੀਤੀ ਜਾਵੇ। ਜਦੋਂ ਬੱਚੇ ਵੱਡੇ ਹੋ ਕੇ ਆਪਣੀ ਵੱਖਰੀ ਦੁਨੀਆ ਵਸਾ ਲੈਂਦੇ ਹਨ, ਤੁਸੀਂ ਮਹਿਸੂਸ ਕਰਦੇ ਹੋ ਉਹ ਪਹਿਲਾਂ ਵਾਲੇ ਨਹੀਂ ਰਹੇ। ਜਿਵੇਂ ਹੱਥ ਦੀਆਂ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ, ਉਸੇ ਤਰ੍ਹਾਂ ਤੁਹਾਡੇ ਬੱਚੇ ਵੀ ਇਕੋ ਜਹੇ ਨਹੀਂ ਹੁੰਦੇ। ਕਈ ਬੱਚਿਆਂ ਨੂੰ ਸਾਡੇ ਸਹਾਰੇ ਦੀ ਲੋੜ ਵੱਧ ਹੁੰਦੀ ਹੈ। ਜਵਾਈ ਦੀ ਮੌਤ ਤੋਂ ਬਾਅਦ ਸੱਸ ਵੀ ਚਲਾਣਾ ਕਰ ਗਈ। ਮੇਰੀ ਧੀ ਦੇ ਹਿੱਸੇ ਆਪਣੀ ਸੱਸ ਦੇ ਇਲਾਜ ਅਤੇ ਸਸਕਾਰ ਦੇ 13,000 ਰੁਪਏ ਆਏ ਜੋ ਉਸ ਨੂੰ ਦੇਣੇ ਪਏ। ਉਹ ਇਹ ਕਿੱਥੋਂ ਲਿਆਉਂਦੀ? ਜੇ ਉਹ ਨਾ ਦਿੰਦੀ ਤਾਂ ਉਸਨੂੰ ਹਿੱਸੇ ਆਉਂਦੀ ਦੋ ਕਨਾਲ ਜ਼ਮੀਨ ਤੋਂ ਹੱਥ ਧੋਣੇ ਪੈਂਦੇ। ਮੈਂ ਉਸਨੂੰ ਕੁਝ ਪੈਸੇ ਦਿੱਤੇ ਅਤੇ ਉਸ ਨੂੰ ਕਿਹਾ ਕਿ ਤੇਰੇ ਭਰਾਵਾਂ ਨੇ ਮਦਦ ਦਿੱਤੀ ਹੈ। ਮੈਨੂੰ ਆਪਣੇ ਪੁੱਤਾਂ ਤੋਂ ਅੱਡ ਰਹਿਣਾ ਪੈਂਦਾ ਹੈ ਤਾਂ ਜੋ ਮੈਂ ਉਸ ਬੱਚੇ ਦੀ ਢੋਈ ਬਣ ਸਕਾਂ ਜਿਸ ਨੂੰ ਮਦਦ ਦੀ ਸਭ ਤੋਂ ਵੱਧ ਲੋੜ ਹੈ। ਜੇ ਮੈਂ ਕਿਸੇ ਪੁੱਤ ਨਾਲ ਰਹਿੰਦੀ ਤਾਂ ਸੁਭਾਵਿਕ ਹੈ ਕਿ ਉਹ ਮੈਨੂੰ ਨਸੀਹਤਾਂ ਦੇਵੇਗਾ ਕਿ ਕਿਸ ਦੀ ਮਦਦ ਕਰਨੀ ਹੈ ਤੇ ਕਿਸ ਦੀ ਨਹੀਂ ਕਰਨੀ। 'ਕੱਲੇ ਰਹਿਣਾ ਹੀ ਬਿਹਤਰ ਹੈ। ਮੈਂ ਆਪਣੇ ਪਤੀ ਨੂੰ ਇਹ ਜਚਾਉਣ 'ਚ ਕਾਮਯਾਬ ਹੋਈ ਹਾਂ। ਅਤੇ ਇਸੇ ਕਾਰਨ ਮੇਰੀ ਧੀ ਨੂੰ ਸਾਡੇ 'ਤੇ ਭਰੋਸਾ ਹੈ।

ਜੇ ਅਸੀਂ ਹੋਰਨਾਂ ਤੋਂ ਡਰੀ ਜਾਵਾਂਗੇ ਅਸੀਂ ਕਿਸੇ ਲਈ ਕੁਝ ਨਹੀਂ ਕਰ ਸਕਾਂਗੇ। ਸਮਾਜ ਦੇ ਬਥੇਰੇ ਅਸੂਲ ਹਨ; ਜ਼ਰੂਰੀ ਨਹੀਂ ਤੁਸੀਂ ਸਾਰੇ ਮੰਨੋ। ਮੈਂ ਐਸੇ ਅਸੂਲਾਂ ਨੂੰ ਤੋੜਨ ਦੀ ਪ੍ਰਵਾਹ ਨਹੀਂ ਕਰਦੀ ਜੋ ਸਵਾਰਥ 'ਤੇ ਟਿਕੇ ਹੋਣ।"

ਉਸ ਦੀ ਸਿਆਣਪ ਅਤੇ ਸਪਸ਼ਟਤਾ ਦੇਖਕੇ ਵਿਸ਼ਵਾਸ ਨਹੀਂ ਸੀ ਆਉਂਦਾ। ਲੱਗਦਾ ਹੈ ਕਿ ਉਹ ਆਪਣੀ ਹੀ ਤਰ੍ਹਾਂ ਦੀ ਸ਼ਖਸੀਅਤ ਹੈ। ਮੋਗਾ ਜ਼ਿਲ੍ਹੇ ਵਿਚ ਇਕ ਔਰਤ ਨੇ ਖ਼ੁਦਕੁਸ਼ੀ ਕਰ ਲਈ ਸੀ। ਉਸ ਦੀ ਭੈਣ ਅਤੇ ਪਰਿਵਾਰ ਨੇ ਨਾਲ ਦੇ ਪਲਾਟ ਵਿਚ ਆਪਣਾ ਘਰ ਬਣਾਕੇ ਉਸ ਦੇ ਪਤੀ ਅਤੇ ਬੱਚਿਆਂ ਨੂੰ ਸਹਾਰਾ ਦਿੱਤਾ। ਉਹ ਹਰ ਪੱਖੋਂ ਬੱਚਿਆਂ ਦਾ ਮਾਰਗ-ਦਰਸ਼ਨ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਬਾਪ ਨਿਕੰਮਾ ਅਤੇ ਨਸ਼ੇੜੀ ਹੈ। ਉਸ ਦੇ ਬੱਚਿਆਂ ਨੂੰ ਆਪਣੀ ਪੜ੍ਹਾਈ ਤੋਂ ਬਹੁਤ ਆਸਾਂ ਹਨ ਅਤੇ ਉਨ੍ਹਾਂ ਨੂੰ ਯਕੀਨ ਹੈ ਕਿ ਖੇਤੀਬਾੜੀ ਤੋਂ ਖਹਿੜਾ ਛੁੱਟ ਜਾਵੇਗਾ। ਧੀ ਨੇ ਨੌਕਰੀ ਵਾਸਤੇ ਇੰਟਰਵਿਊ ਦਿੱਤੀ ਸੀ। ਉਸਦੇ ਪੁੱਤ ਨੇ ਦੱਸਿਆ ਕਿਵੇਂ ਉਸ ਦੀ ਮਾਸੀ ਉਨ੍ਹਾਂ ਦਾ ਹਰ ਪੱਖੋਂ ਖ਼ਿਆਲ ਰੱਖਦੀ ਹੈ। ਉਹ ਕਹਿੰਦੇ ਹਨ ਭਾਵੇਂ ਸਾਡਾ ਬਾਪ ਦੇਰ ਰਾਤ ਗਏ, ਸ਼ਰਾਬੀ ਹੋ ਕੇ ਘਰ ਆਉਂਦਾ ਹੈ ਪਰ ਉਹ ਕਦੇ ਵੀ ਇਕੱਲੇ ਮਹਿਸੂਸ ਨਹੀਂ ਕਰਦੇ। ਬਠਿੰਡਾ ਜ਼ਿਲ੍ਹੇ ਦੀ ਇਕ ਹੋਰ ਔਰਤ ਨੇ ਦੱਸਿਆ ਕਿ ਕਿਵੇਂ ਉਸ ਦੇ ਮਾਪੇ ਕੱਪੜੇ-ਲੀੜੇ ਅਤੇ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਦੇ ਕੇ ਉਸ ਦੀ ਮਦਦ ਕਰਦੇ ਸਨ। ਪਰ ਇਹ ਓਨਾ ਸਮਾਂ ਹੀ ਹੋਇਆ ਜਿੰਨਾ ਸਮਾਂ ਉਸਦਾ ਬਾਪ ਜਿਊਂਦਾ ਸੀ। ਇਹੋ ਜਿਹੀਆਂ ਹੋਰ ਵੀ ਮਿਸਾਲਾਂ ਹਨ ਜਿਥੇ ਬੱਚਿਆਂ ਨੂੰ ਨਾਨਕੇ ਭੇਜਿਆ ਗਿਆ ਸੀ। ਜਾਂ ਧੀ ਵਿਆਹੇ ਜਾਣ ਤੱਕ ਆਪਣੇ ਨਾਨਕੇ ਘਰ ਰਹਿ ਰਹੀ ਸੀ।

ਐਸੀਆਂ ਟਾਵੀਂਆਂ-ਟਾਵੀਂਆਂ ਮਿਸਾਲਾਂ ਵੀ ਹਨ ਜਿਥੇ ਸਹੁਰੇ ਜਾਇਜ਼ ਅਤੇ ਅਪਣੱਤ ਨਾਲ ਪੇਸ਼ ਆਏ। ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਇਕ ਔਰਤ ਨਿੱਤ ਦੇ ਕਲੇਸ਼ ਅਤੇ ਸ਼ਰਾਬ ਤੋਂ ਤੰਗ ਆ ਕੇ ਪਤੀ ਦੀ ਮੌਤ ਤੋਂ ਪਹਿਲਾਂ ਹੀ ਉਸ ਨੂੰ ਛੱਡਕੇ ਪੇਕੇ ਚਲੀ ਗਈ ਸੀ। ਪਤਨੀ ਨੇ ਚੇਤੇ ਕੀਤਾ ਕਿਵੇਂ ਉਸ ਦਾ ਸ਼ਰਾਬੀ ਪਤੀ ਉਸਦੀ ਦੀ ਉੱਕਾ ਪ੍ਰਵਾਹ ਨਹੀਂ ਸੀ ਕਰਦਾ ਅਤੇ ਘੋਰ ਉਦਾਸੀ ਦਾ ਸ਼ਿਕਾਰ ਹੋਣ ਕਾਰਨ ਉਸ ਦੀ ਕੁੱਟ-ਮਾਰ ਵੀ ਕਰਦਾ ਸੀ। ਉਸ ਨੇ ਦੱਸਿਆ ਕਿ ਪਤੀ ਦੇ ਖ਼ੁਦਕੁਸ਼ੀ ਕਰਨ ਤੋਂ ਬਾਅਦ ਉਸਦਾ ਸਹੁਰਾ ਉਸ ਨੂੰ ਜ਼ੋਰ ਪਾ ਕੇ ਵਾਪਸ ਲੈ ਆਇਆ ਅਤੇ ਜ਼ਮੀਨ ਦਾ ਬਣਦਾ ਹਿੱਸਾ ਉਸਦੇ ਨਾਂ ਕਰਵਾ ਦਿੱਤਾ।

ਮਾਪਿਆਂ ਤੋਂ ਮਦਦ ਦੇ ਮੁੱਦੇ ਦੀ ਤਸਵੀਰ ਸਰਵੇਖਣ ਦੇ ਜਵਾਬਾਂ ਤੋਂ ਸਪਸ਼ਟ ਨਹੀਂ ਉੱਭਰਦੀ ਕਿਉਂਕਿ ਮਦਦ ਨੂੰ ਅਕਸਰ ਹੀ ਮਾਲੀ ਮਦਦ ਵਜੋਂ ਦਰਸਾਇਆ ਜਾਂਦਾ ਸੀ। ਪਰ ਐਸੀਆਂ ਕਈ ਮਿਸਾਲਾਂ ਸਾਹਮਣੇ ਆਈਆਂ। ਮਾਪਿਆਂ ਵਲੋਂ ਜਜ਼ਬਾਤੀ ਸਹਾਰਾ ਦੇਣ ਅਤੇ ਧੀ ਕੋਲ ਆ ਕੇ ਰਹਿਣ ਦੀਆਂ ਮਿਸਾਲਾਂ ਮਜ਼੍ਹਬੀ, ਰਵਿਦਾਸੀਆ ਭਾਈਚਾਰਿਆਂ 'ਚ ਵਿਸ਼ੇਸ਼ ਤੌਰ 'ਤੇ ਮਿਲ ਜਾਂਦੀਆਂ ਹਨ। ਜੱਟ ਸਿੱਖਾਂ 'ਚ ਮਾਪਿਆਂ ਬਾਰੇ ਇਹ ਮਰਦ ਪ੍ਰਧਾਨ ਬੰਦਸ਼ ਭਾਰੂ ਹੈ ਕਿ ਮਾਪੇ ਧੀ ਦੇ ਘਰ ਜਾਕੇ ਨਹੀਂ ਰਹਿੰਦੇ। ਨਾ ਉਹ ਮਰਨੇ ਜਾਂ ਕਿਸੇ ਖ਼ੁਸ਼ੀ ਦੇ ਸਮਾਗਮ ਨੂੰ ਛੱਡਕੇ ਵਿਆਹੀ ਧੀ ਦੇ ਘਰੋਂ ਕੁਝ ਖਾਂਦੇ ਹਨ। ਜਦੋਂ ਹੰਝੂ ਕੇਰਦੀ ਧੀ ਡੋਲੀ 'ਚ ਬੈਠਕੇ ਸਹੁਰੇ ਘਰ ਜਾਂਦੀ ਹੈ ਉਸ ਨੂੰ ਇਹੀ ਤਿਆਗ ਕਰਨ ਦੀ ਨਸੀਹਤ ਦਿੱਤੀ ਜਾਂਦੀ ਹੈ ਕਿ ਦੁੱਖ-

ਸੁੱਖ ਉਸਨੇ ਉੱਥੇ ਹੀ ਕੱਟਣੇ ਹਨ। ਅਜੀਬ ਗੱਲ ਇਹ ਹੈ ਕਿ ਜੱਟ ਪ੍ਰਧਾਨ ਸਮਾਜ 'ਚ ਹਾਸ਼ੀਏ 'ਤੇ ਧੱਕੇ ਦਲਿਤ ਭਾਈਚਾਰੇ ਵਿਆਹ-ਸ਼ਾਦੀਆਂ ਅਤੇ ਦਾਜ ਦੇ ਮਾਮਲਿਆਂ 'ਚ ਜੱਟਾਂ ਦੀ ਰੀਸ ਕਰਦੇ ਹਨ। ਪਰ, ਜਦੋਂ ਜਜ਼ਬਾਤੀ ਸਹਾਰਾ ਬਣਨ ਦਾ ਸਵਾਲ ਆਉਂਦਾ ਹੈ ਤਾਂ ਪੂਰੀ ਤਰ੍ਹਾਂ ਦਿਲ ਦੀ ਆਵਾਜ਼ ਸੁਣਦੇ ਹਨ ਜੋ ਸਿਰਫ਼ ਅੰਤਰਪ੍ਰੇਰਨਾ ਅਤੇ ਵਿਹਾਰਕ ਫ਼ੈਸਲਾ ਲੈਣ ਲਈ ਪ੍ਰੇਰਤ ਕਰਦੀ ਹੈ ਅਤੇ ਜਿਸ ਧੀ ਦਾ ਪਤੀ ਖ਼ੁਦਕੁਸ਼ੀ ਕਰ ਲੈਂਦਾ ਹੈ ਉਸ ਦੇ ਬਜ਼ੁਰਗ ਮਾਂ-ਬਾਪ ਜਾਂ ਭਰਾ ਚੁੱਪਚੁਪੀਤੇ ਧੀ ਦੀ ਵਾਧੂ ਮਦਦ ਕਰਦੇ ਹਨ। ਇਸ ਕਰਕੇ, ਜਿਥੇ ਵਿਰਾਸਤ ਜਾਂ ਜਾਇਦਾਦ ਭਰਾਵਾਂ-ਭਰਾਵਾਂ ਜਾਂ ਭਰਾਵਾਂ-ਭੈਣਾਂ ਦਰਮਿਆਨ ਦੇ ਰਿਸ਼ਤਿਆਂ 'ਚ ਪਾੜਾ ਨਾ ਪਾਉਂਦੀ ਹੋਵੇ ਉੱਥੇ ਇਕ ਦੂਜੇ ਦੀ ਦਿਲ ਖੋਲ੍ਹ ਕੇ ਮਦਦ ਕੀਤੀ ਜਾਂਦੀ ਹੈ। ਲਗਭਗ ਅਜਿਹੇ ਸਾਰੇ ਪਰਿਵਾਰ ਖੇਤ ਮਜ਼ਦੂਰਾਂ ਦੇ ਹਨ ਜਾਂ ਜ਼ਿਆਦਾਤਰ ਉਹ ਹਨ ਜੋ ਕਿਸੇ ਕਾਰਖ਼ਾਨੇ ਜਾਂ ਮਿੱਲ 'ਚ ਮਜ਼ਦੂਰੀ ਕਰਦੇ ਹਨ। ਪਰ ਖੇਤੀ ਨਾਲ ਸਬੰਧਤ ਜੱਦੀ-ਪੁਸ਼ਤੀ ਕਿੱਤਿਆਂ ਦੀ ਕਤਾਰਬੰਦੀ ਅਤੇ ਇਸ ਦੇ ਸਿੱਟੇ ਵਜੋਂ ਪਰਿਵਾਰ ਦਾ ਸਿਲਸਿਲਾ ਚਲਾਉਣ ਲਈ ਕਰਜ਼ਾ ਵਧਦੇ ਜਾਣ ਵਿਚੋਂ ਹੀ ਉਹ ਇਹ ਕਦਮ ਚੁੱਕਦੇ ਹਨ।

ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਬਲਾਕ ਦੀ ਇਕ ਬੇਜ਼ਮੀਨੀ ਸਿੱਖ ਔਰਤ ਆਪਣੇ ਬਾਪ ਦੀ ਸਰਗਰਮ ਹਮਾਇਤ ਨਾਲ ਸਿਲਾਈ ਦਾ ਕੰਮ ਕਰ ਰਹੀ ਹੈ। ਉਸਦੇ ਪਤੀ ਨੇ ਆੜ੍ਹਤੀਏ ਦੀ ਜ਼ਲਾਲਤ ਅਤੇ ਵਧ ਰਹੇ ਕਰਜ਼ੇ ਤੋਂ ਤੰਗ ਆ ਕੇ 2005 'ਚ ਕੀੜੇਮਾਰ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ ਸੀ। ਘਰ ਬਣਾਉਣ 'ਤੇ ਖ਼ਰਚਿਆ ਗਿਆ ਦੋ ਲੱਖ ਰੁਪਏ ਦਾ ਕਰਜ਼ਾ ਹਾਲੇ ਤੱਕ ਸਿਰ ਖੜ੍ਹਾ ਹੈ। ਉਸ ਨੇ ਦੱਸਿਆ ਕਿ ਆੜ੍ਹਤੀਏ ਦੇ ਤੰਗ-ਪ੍ਰੇਸ਼ਾਨ ਕਰਨ ਤੋਂ ਬਿਨਾ ਉਸ ਨੂੰ ਕੋਈ ਸਮੱਸਿਆ ਨਹੀਂ ਹੈ। ਉਸ ਦਾ ਬਾਪ ਹੁਣ 60 ਸਾਲ ਤੋਂ ਵੱਧ ਉਮਰ ਦਾ ਹੋ ਗਿਆ ਹੈ ਅਤੇ ਇਸ ਤੋਂ ਵੱਧ ਉਮਰ ਦਾ ਜਾਪਦਾ ਹੈ। ਉਹ ਸਾਡੀ ਸਾਰੀ ਗੱਲਬਾਤ ਸੁਣਦਾ ਰਿਹਾ ਪਰ ਇਕ ਮਿੰਟ ਵੀ ਸਿਲਾਈ ਮਸ਼ੀਨ ਬੰਦ ਨਹੀਂ ਕੀਤੀ। ਅਤੇ ਜਦੋਂ ਅਖ਼ੀਰ ਅਸੀਂ ਮਦਦ ਦੇ ਵਸੀਲਿਆਂ ਬਾਰੇ ਚਰਚਾ ਕਰਨ ਲੱਗੀਆਂ ਤਾਂ ਉਸਨੇ ਜਬ੍ਹੇ ਨਾਲ ਕਿਹਾ:

"ਮੈਨੂੰ ਹਰ ਸਮੇਂ ਇਸ ਧੀ ਦੀ ਚਿੰਤਾ ਸਭ ਤੋਂ ਵੱਧ ਰਹਿੰਦੀ ਹੈ ਅਤੇ ਮੈਂ ਇਸ ਖ਼ਾਤਰ ਕੁਝ ਕਰਨ ਜੋਗਾ ਨਹੀਂ ਹਾਂ। ਇਸ ਜ਼ਾਲਮ ਹਾਲਾਤ 'ਚ ਇਸ ਦਾ ਕੋਈ ਸਹਾਰਾ ਨਹੀਂ ਹੈ ਅਤੇ ਇਹ ਕੁਝ ਮੰਗਦੀ ਵੀ ਨਹੀਂ ਹੈ। ਇਸ ਨੇ ਕਦੇ ਆਪਣੇ ਪਤੀ ਤੋਂ ਬਣਦਾ ਹੱਕ ਨਹੀਂ ਸੀ ਮੰਗਿਆ ਅਤੇ ਨਾ ਹੀ ਮੈਥੋਂ ਮੰਗਿਆ। ਮੈਨੂੰ ਆਪਣੇ ਦੋਹਤਿਆਂ ਦਾ ਸੰਸਾ ਹੈ—ਉਨ੍ਹਾਂ ਵਿਚੋਂ ਇਕ ਵਧੇਰੇ ਜ਼ਿੰਮੇਵਾਰ ਹੈ। ਸਾਡੇ ਲਈ ਇਹੀ ਕਾਫ਼ੀ ਹੋਵੇਗਾ ਜੇ ਉਹ ਆਪਣੇ ਪੈਰਾਂ 'ਤੇ ਖੜ੍ਹ ਜਾਣ। ਮੈਂ ਤਾਂ ਆਪਣੀ ਧੀ ਦੇ ਦੁੱਖਾਂ ਅਤੇ ਹਾਉਕਿਆਂ ਦਾ ਤਿਲ-ਫੁਲ ਭਾਰ ਹੀ ਵੰਡਾ ਰਿਹਾ ਹਾਂ। ਉਹ ਕਹਿ ਨਹੀਂ ਸਕਦੀ ਕਿ ਉਹ 'ਕੱਲੀ ਹੈ।"

ਅਤੇ ਉਹ ਆਪਣੀ ਮਸ਼ੀਨ ਚਲਾਉਂਦਾ ਰਿਹਾ। ਉਹ ਹਰ ਮਹੀਨੇ ਮੁਸ਼ਕਲ ਨਾਲ 3000 ਰੁਪਏ ਕਮਾਉਂਦੇ ਹਨ। ਛੋਟਾ ਜਿਹਾ ਪਿੰਡ ਹੋਣ ਕਾਰਨ ਕੰਮ ਵੀ ਮੁਸ਼ਕਲ ਨਾਲ ਹੀ ਆਉਂਦਾ ਹੈ ਅਤੇ ਗਾਹਕ ਵੀ ਤਾਂ ਇਹੀ ਲੋਕ ਹਨ।

ਪਰਿਵਾਰਕ ਮਦਦ ਤੋਂ ਇਲਾਵਾ, ਵਧੇਰੇ ਗ਼ਰੀਬ ਹਿੱਸਿਆਂ 'ਚ ਭਾਈਚਾਰੇ ਦੀ

ਮਦਦ ਦੀ ਰਵਾਇਤ ਵੀ ਹਾਲੇ ਜਿਊਂਦੀ ਹੈ। ਰਾਮਪੁਰਾ ਬਲਾਕ ਦੀ ਇਕ 43 ਸਾਲ ਦੀ ਬੈਰਾਗੀ ਔਰਤ ਆਪਣੇ ਤਿੰਨ ਬੱਚਿਆਂ ਦੇ ਨਾਲ-ਨਾਲ ਆਪਣੀਆਂ ਦੋ ਭਾਣਜੀਆਂ ਨੂੰ ਵੀ ਪਾਲ ਰਹੀ ਹੈ। ਉਸ ਨੇ ਦੱਸਿਆ:

"ਜਦੋਂ ਉਸ ਦਾ ਪਤੀ ਮੁੱਕ ਗਿਆ, ਅਸੀਂ ਆਪਣੀ ਭੈਣ ਦਾ ਦੁਬਾਰਾ ਵਿਆਹ ਕਰ ਦਿੱਤਾ। ਮੇਰੇ ਪਤੀ ਦਾ ਰਵੱਈਆ ਹਮਦਰਦੀ ਵਾਲਾ ਹੈ। ਮੈਂ ਉਸ ਦੀਆਂ ਦੋ ਧੀਆਂ ਵੀ ਪਾਲ ਰਹੀ ਹਾਂ। ਮੈਨੂੰ ਪੇਕਿਆਂ ਵਲੋਂ ਕੋਈ ਸਹਾਰਾ ਨਹੀਂ ਹੈ ਕਿਉਂਕਿ ਮੇਰਾ ਬਾਪ ਅਤੇ ਭਰਾ ਇਸ ਦੁਨੀਆਂ 'ਚ ਨਹੀਂ ਰਹੇ। ਹੋਰ ਕੋਈ ਚਾਰਾ ਹੀ ਨਹੀਂ ਸੀ। ਮੇਰੀਆਂ ਆਪਣੀਆਂ ਦੋ ਧੀਆਂ ਅਤੇ ਇਕ ਪੁੱਤ ਹੈ। ਚਾਰੇ ਕੁੜੀਆਂ ਘਰ ਸਿਲਾਈ-ਕਟਾਈ ਕਰ ਲੈਂਦੀਆਂ ਹਨ। ਹੁਣ ਦੋਵੇਂ ਕੁੜੀਆਂ ਵਿਆਹੁਣ ਦੇ ਯੋਗ ਹੋ ਗਈਆਂ ਹਨ ਅਤੇ ਮੈਨੂੰ ਉਨ੍ਹਾਂ ਦੇ ਵਿਆਹ ਦੀ ਚਿੰਤਾ ਹੈ। ਪਰ ਇਹ ਜ਼ਿੰਮੇਵਾਰੀ ਪੂਰੇ ਪਿੰਡ ਦੀ ਹੈ। ਮੈਨੂੰ ਆਸ ਹੈ ਕਿ ਹਰ ਕੋਈ ਮੇਰੀ ਮਦਦ ਕਰੇਗਾ ਕਿਉਂਕਿ ਮੈਂ ਇਕੱਲੀ ਕੁਝ ਨਹੀਂ ਕਰ ਸਕਦੀ। ਹਰ ਕੋਈ ਜਾਣਦਾ ਹੈ ਕਿ ਉਹ ਛੋਟੀਆਂ ਹੁੰਦੀਆਂ ਇੱਥੇ ਰਹਿਕੇ ਪਲੀਆਂ ਹਨ। ਮੈਂ ਇਸ ਪੱਖੋਂ ਇਕੱਲੀ ਨਹੀਂ ਹਾਂ।"

ਆਲੇ-ਦੁਆਲੇ ਸਾਰੇ ਲੋਕਾਂ ਨੇ ਸਿਰ ਹਿਲਾਕੇ ਸਹਿਮਤੀ ਦਿੱਤੀ ਕਿ ਇਹ ਸਾਂਝੀ ਜ਼ਿੰਮੇਵਾਰੀ ਹੈ। ਇਕ ਹੋਰ ਮਿਸਾਲ ਸੀ, ਜਦੋਂ ਇਕ ਬਾਪ ਨੇ ਖ਼ੁਦਕੁਸ਼ੀ ਕਰ ਲਈ ਤਾਂ ਛੇ ਮਹੀਨਿਆਂ ਦੇ ਅੰਦਰ ਹੀ ਸਾਰੇ ਪਿੰਡ ਨੇ ਮਿਲਕੇ ਉਸ ਦੀਆਂ ਦੋ ਧੀਆਂ ਵਿਆਹ ਦਿੱਤੀਆਂ। ਮਿਸਰੀ ਜਾਤ ਦਾ ਅਤੇ ਪੈਸੇ-ਧੇਲੇ ਪੱਖੋਂ ਖਾਲੀ ਹੋਣ ਕਾਰਨ ਇਸ ਬਾਪ ਨੂੰ ਵੱਡੀ ਚਿੰਤਾ ਧੀਆਂ ਵਿਆਹੁਣ ਦੀ ਸੀ। ਚਾਹੇ ਕਿੰਨਾ ਵੀ ਖ਼ਰਚ ਆਵੇ, ਕੁੜੀਆਂ ਦੇ ਵਿਆਹਾਂ ਲਈ ਸਾਰਾ ਭਾਈਚਾਰਾ ਅੱਗੇ ਆਉਂਦਾ ਹੈ। ਇਹ ਤਾਂ ਉਹ ਕਰ ਹੀ ਸਕਦੇ ਹਨ। ਨੌਕਰੀਆਂ ਅਤੇ ਪੜ੍ਹਾਉਣ-ਲਿਖਾਉਣ ਦਾ ਜੋਖ਼ਮ ਲੈਣਾ ਅਤੇ ਮਦਦ ਕਰਨਾ ਉਨ੍ਹਾਂ ਨੂੰ ਵੱਧ ਮੁਸ਼ਕਲ ਲੱਗਦਾ ਹੈ।

ਜ਼ਿਆਦਾਤਰ ਔਰਤਾਂ ਨੇ ਆਪਣੀ ਦਰਦ ਕਹਾਣੀ ਬਿਆਨ ਕੀਤੀ ਕਿ ਕਿਵੇਂ ਉਹ ਅੱਜ ਇਕੱਲੀਆਂ ਹਨ ਅਤੇ ਕਿਵੇਂ ਮਦਦ ਦੇ ਜ਼ਿਆਦਾਤਰ ਵਸੀਲੇ ਖ਼ੁਰਦੇ ਗਏ। ਸਕੇ-ਸਬੰਧੀ ਵੀ ਥੋੜ੍ਹੇ ਸਮੇਂ ਲਈ ਹੀ ਮਦਦ ਕਰ ਸਕਦੇ ਹਨ। ਹਮਦਰਦੀ ਅਤੇ ਸਰੋਕਾਰ ਦੀਆਂ ਆਪਣੀਆਂ ਸੀਮਾਵਾਂ ਵੀ ਹਨ, ਜਦੋਂ ਹਰ ਕਿਸੇ ਸਾਹਮਣੇ ਉਹੀ ਮੁਸ਼ਕਲਾਂ ਹਨ।

ਆਓ ਹੁਣ ਅੰਕੜਿਆਂ 'ਤੇ ਝਾਤ ਮਾਰੀਏ। ਅੱਠ ਚੋਣਾਂ ਵਿਚੋਂ, ਔਰਤਾਂ ਨੇ ਜ਼ਿਆਦਾਤਰ ਤਿੰਨ ਤਰ੍ਹਾਂ ਦੇ ਜਵਾਬ ਦਿੱਤੇ: ਕਿਸਾਨ ਜਥੇਬੰਦੀ 66%, ਕੋਈ ਨਹੀਂ 22% ਅਤੇ ਮਾਪੇ 22%।

ਕਿਸਾਨ ਯੂਨੀਅਨ ਦੀ ਮਦਦ (66%) ਤੇਜ਼ੀ ਨਾਲ ਘਟ ਰਹੀ ਹੈ। ਅਤੇ ਹੋਰ ਸਹਾਰੇ ਲੱਭਣੇ ਪੈ ਰਹੇ ਹਨ। ਸੂਬੇ ਵਿਚ ਜਥੇਬੰਦ ਕਿਸਾਨਾਂ ਦੀ ਫ਼ੀਸਦੀ ਲਗਭਗ 35-40 ਹੈ। ਬਠਿੰਡਾ ਜ਼ਿਲ੍ਹੇ ਵਿਚ ਪਿੱਛੇ ਜਹੇ ਬੇਜ਼ਮੀਨੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਦਾ ਅਮਲ ਪੂਰੀ ਤਰ੍ਹਾਂ ਇਸੇ ਹਿੱਸੇ 'ਤੇ ਕੇਂਦਰਤ ਹੈ। ਉਨ੍ਹਾਂ ਇਲਾਕਿਆਂ ਦੀ ਹਾਲਤ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ ਜਿੱਥੇ ਕਿਸਾਨ ਜਥੇਬੰਦੀਆਂ ਪਹੁੰਚ ਨਹੀਂ ਰਹੀਆਂ ਅਤੇ ਆਪਣੀਆਂ ਚੁਣੌਤੀਆਂ ਨਾਲ ਨਜਿੱਠ ਰਹੀਆਂ ਹਨ। ਫੇਰ ਵੀ ਮਾਲਵਾ ਖੇਤਰ ਸਭ ਤੋਂ ਵੱਧ ਜਥੇਬੰਦ ਹੈ ਅਤੇ ਇਥੇ ਕਿਸਾਨ ਟਾਕਰੇ ਦਾ ਲੰਮਾ

ਇਤਿਹਾਸ ਹੈ। ਕਿਸਾਨੀ ਨੂੰ ਜਥੇਬੰਦ ਕਰਨ ਦੇ ਕੰਮ ਦਾ ਫੈਲਾਅ ਮਾਝਾ ਅਤੇ ਦੋਆਬਾ ਖੇਤਰਾਂ 'ਚ ਵੀ ਹੋ ਰਿਹਾ ਹੈ। ਜ਼ਰੱਈ ਸੰਕਟ ਜ਼ਿਲ੍ਹਿਆਂ ਤੋਂ ਪਾਰ ਸਮੁੱਚੇ ਭਾਈਚਾਰਿਆਂ 'ਤੇ ਅਸਰਅੰਦਾਜ਼ ਹੋ ਰਿਹਾ ਹੋਣ ਕਾਰਨ, ਖ਼ੁਦਕੁਸ਼ੀ ਤੋਂ ਬਾਅਦ ਕੋਈ ਮਦਦ ਦੇਣ ਵਾਲਾ ਨਹੀਂ ਹੈ। ਜੋ ਘੋਰ ਸੰਕਟ 'ਚ ਘਿਰੀ ਕਿਸਾਨੀ ਦਾ ਲਾਹਾ ਲੈਣ ਲਈ ਉਨ੍ਹਾਂ ਦੇ ਨਾਲ ਖੜ੍ਹੇ ਉਨ੍ਹਾਂ ਦੀ ਕਰਜ਼ੇ ਤੋਂ ਰਾਹਤ ਦਿਵਾਉਣ 'ਚ ਕੋਈ ਦਿਲਚਸਪੀ ਨਹੀਂ ਹੈ, ਚਾਹੇ ਇਹ ਆੜ੍ਹਤੀਏ ਹੋਣ ਜਾਂ ਹੋਰ ਨਿੱਜੀ ਸ਼ਾਹੂਕਾਰ। ਇਸ ਹਾਲਤ 'ਚ, ਸਾਰੇ ਲੋਕ ਕਿਸਾਨ ਯੂਨੀਅਨ ਕੋਲ ਹੀ ਮਦਦ ਅਤੇ ਸਲਾਹ ਲੈਣ ਜਾਂਦੇ ਹਨ। ਕਈ ਵਾਰ ਔਰਤਾਂ ਪੰਚਾਇਤ ਜਾਂ ਯੂਨੀਅਨ ਸ਼ਬਦ ਇਕ ਦੂਜੇ ਦੀ ਥਾਂ ਬਦਲ-ਬਦਲਕੇ ਵਰਤਦੀਆਂ ਹਨ; ਹੋਰ ਮੌਕਿਆਂ 'ਤੇ ਯੂਨੀਅਨ ਦੇ ਸੀਨੀਅਰ ਮੈਂਬਰ ਅਸਲ ਵਿਚ ਪੰਚਾਇਤ ਦਾ ਹਿੱਸਾ ਹੀ ਹੁੰਦੇ ਹਨ।

ਮੁਕਤਸਰ ਜ਼ਿਲ੍ਹੇ ਵਿਚ ਦੋ ਔਰਤਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਗੁਆਂਢੀ ਅਤੇ ਪੰਚਾਇਤ ਮੈਂਬਰ ਮਦਦ ਨਾ ਕਰਦੇ ਤਾਂ ਉਨ੍ਹਾਂ ਦਾ ਜਿਉਂਦੇ ਰਹਿਣਾ ਸੰਭਵ ਨਹੀਂ ਸੀ। ਦੋਵਾਂ ਮਾਮਲਿਆਂ 'ਚ, ਕਿਸਾਨ ਜਥੇਬੰਦੀ ਵੀ ਮਦਦ ਕਰਨ 'ਚ ਸ਼ਾਮਲ ਸੀ। ਗੁਰਵਿੰਦਰ ਕੌਰ ਨੂੰ ਕਈ ਅਦਾਲਤੀ ਮੁਕੱਦਮੇ ਲੜਨੇ ਪਏ ਅਤੇ ਉਸਨੇ ਆੜ੍ਹਤੀਏ ਨਾਲ ਟੱਕਰ ਲਈ ਜੋ ਕਰਜ਼ਾ ਮੋੜਨ ਦੇ ਇਵਜ਼ 'ਚ ਉਸ ਦੀ ਜ਼ਮੀਨ ਕੁਰਕ ਕਰਨ 'ਤੇ ਤੁਲਿਆ ਹੋਇਆ ਸੀ। ਉਸ ਦਾ ਪਤੀ ਆੜ੍ਹਤੀਏ ਦੀ ਪ੍ਰੇਸ਼ਾਨੀ ਨਾ ਝੱਲਦਾ ਹੋਇਆ 2003 'ਚ ਖ਼ੁਦਕੁਸ਼ੀ ਕਰ ਗਿਆ ਸੀ। ਪਰ ਉਹ ਆਪਣੀ ਦੋ ਏਕੜ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਹੈ। ਯੂਨੀਅਨ ਨੇ ਉਸ ਦਾ ਸਾਥ ਦਿੱਤਾ ਅਤੇ ਮੁਕੱਦਮਾ ਚੱਲ ਰਿਹਾ ਹੈ। ਗੁਆਂਢੀ ਵੀ ਮਦਦ ਕਰਦੇ ਹਨ। ਜਦੋਂ ਤੱਕ ਯੂਨੀਅਨ ਅਤੇ ਗੁਆਂਢੀਆਂ ਦੀ ਮਦਦ ਮਿਲ ਰਹੀ ਹੈ, ਉਸ ਨੂੰ ਡਰਨ ਦੀ ਲੋੜ ਨਹੀਂ ਹੈ। ਯੂਨੀਅਨ ਨਾਲ ਪਛਾਣ ਦੀ ਜ਼ਬਰਦਸਤ ਭਾਵਨਾ ਜੁੜੀ ਹੋਈ ਹੈ। ਮੰਡੀ ਅਤੇ ਸ਼ਾਹੂਕਾਰਾਂ ਨਾਲ ਨਜਿੱਠਦਿਆਂ ਭਾਈਚਾਰੇ ਦੀ ਪਛਾਣ ਵਿਚੋਂ ਸਵੈ-ਮਾਣ ਅਤੇ ਖ਼ੁਦਦਾਰੀ ਉੱਭਰ ਆਉਂਦੀ ਹੈ। ਇਕ ਹੋਰ 65 ਸਾਲ ਦੀ ਔਰਤ ਨੇ ਆਪਣੀ ਦਰਦ ਕਹਾਣੀ ਬਿਆਨ ਕੀਤੀ ਕਿਵੇਂ ਉਸ ਦੇ 26 ਸਾਲ ਦੇ ਪੁੱਤ ਨੇ ਆਪਣੀ ਪਤਨੀ ਦੀ ਮੌਤ ਤੋਂ ਬਾਅਦ 2003 'ਚ ਖ਼ੁਦਕੁਸ਼ੀ ਕਰ ਲਈ ਸੀ। ਉਹ ਆਪਣੇ ਪਿੱਛੇ ਦੋ ਬੱਚੇ ਛੱਡ ਗਏ ਜਿਨ੍ਹਾਂ ਨੂੰ ਉਹ ਪਾਲ ਰਹੀ ਹੈ ਹਾਲਾਂਕਿ ਉਸ ਨੂੰ ਆਪਣੀ ਸੁਰਤ ਨਹੀਂ ਰਹਿੰਦੀ ਅਤੇ ਚਿੰਤਾ ਅਤੇ ਥਕੇਵੇਂ ਨੇ ਉਸ ਦੀ ਮੱਤ ਮਾਰੀ ਹੋਈ ਹੈ। ਉਸ ਨੇ ਕਿਹਾ:

"ਮੈਂ ਸਿਰਫ਼ 100 ਰੁਪਏ ਮਹੀਨਾ ਕਮਾਉਂਦੀ ਹਾਂ। ਚਾਹੁੰਦੀ ਹੋਈ ਵੀ ਮੈਂ ਵੱਧ ਕੰਮ ਨਹੀਂ ਕਰ ਸਕਦੀ। ਬੱਚੇ ਪਾਲਣ ਲਈ ਇਹ ਕਾਫ਼ੀ ਨਹੀਂ ਹੈ। ਮੇਰਾ ਗੁਆਂਢੀ ਪੁੱਤਾਂ ਤੋਂ ਵੀ ਵੱਧ ਖ਼ਿਆਲ ਰੱਖਦਾ ਹੈ। ਕਈ ਵਾਰ ਮੈਨੂੰ ਪਤਾ ਹੀ ਨਹੀਂ ਲੱਗਦਾ ਬੱਚੇ ਕਦੋਂ ਸਕੂਲ ਤੋਂ ਵਾਪਸ ਆਏ ਜਾਂ ਉਨ੍ਹਾਂ ਨੂੰ ਕੌਣ ਛੱਡਕੇ ਗਿਆ ਹੈ ਕਿਉਂਕਿ ਮੇਰਾ ਦਿਮਾਗ ਹੁਣ ਕੰਮ ਨਹੀਂ ਕਰਦਾ। ਮੇਰਾ ਪੁੱਤ ਆਪਣੀ ਘਰਵਾਲੀ ਦੀ ਮੌਤ ਅਤੇ ਕੰਮ ਨਾ ਮਿਲਣ ਦਾ ਤਣਾਅ ਨਹੀਂ ਝੱਲ ਸਕਿਆ। ਹਾਲਾਂਕਿ ਮੈਂ ਆਪਣੀ ਪੂਰੀ ਆਓਧ ਹੰਢਾ ਚੁੱਕੀ ਹਾਂ ਪਰ ਮੈਨੂੰ ਹਰ ਚੀਜ਼ ਦੀ ਦੇਖਭਾਲ ਕਰਨੀ ਪੈਂਦੀ ਹੈ। ਮੇਰੇ ਗੁਆਂਢੀ ਅਤੇ ਪੰਚਾਇਤ ਮੇਰਾ ਬਹੁਤ ਖ਼ਿਆਲ ਰੱਖਦੇ ਹਨ। ਜੇ ਉਹ ਨਾ ਹੁੰਦੇ,

ਮੇਰਾ ਕੋਈ ਹੱਜ ਨਹੀਂ ਸੀ।"

ਬਰਨਾਲਾ ਜ਼ਿਲ੍ਹੇ 'ਚ, ਇਕ ਗਿਆਰਾਂ ਜੀਆਂ ਦਾ ਟੱਬਰ ਆੜ੍ਹਤੀਏ ਅਤੇ ਹੋਰ ਸ਼ਾਹੂਕਾਰਾਂ ਦੀ ਦਹਿਸ਼ਤ ਤੋਂ ਡਰਦਾ 2005 'ਚ ਪੀਲੀਭੀਤ ਚਲਾ ਗਿਆ ਸੀ। ਜਦੋਂ ਉਨ੍ਹਾਂ ਨੂੰ ਘਰ ਢਾਹੇ ਜਾਣ ਦਾ ਪਤਾ ਲੱਗਾ ਤਾਂ ਬੱਚੇ-ਬੁੱਢੇ ਸਭ ਰਾਤੋ-ਰਾਤ ਮੱਝਾਂ, ਅਨਾਜ, ਭਾਂਡੇ, ਕੱਪੜੇ-ਲੀੜੇ ਜੋ ਕੁਝ ਚੁੱਕਕੇ ਲਿਜਾ ਸਕਦੇ ਸਨ ਲੈ ਕੇ ਨਿਕਲ ਗਏ। ਜਦੋਂ ਇਹ ਭਿਣਕ ਲੱਗੀ ਕਿ ਆੜ੍ਹਤੀਆ ਘਰ ਨਿਲਾਮ ਕਰ ਰਿਹਾ ਹੈ ਤਾਂ ਹੋਰ ਛੋਟੇ-ਮੋਟੇ ਲਹਿਣੇਦਾਰ ਵੀ ਮੌਕੇ 'ਤੇ ਆ ਪਹੁੰਚੇ। ਰਵਾਇਤੀ ਅਰਥਾਂ 'ਚ ਇਹ ਕਿਸੇ ਟੱਬਰ ਲਈ ਡੁੱਬਕੇ ਮਰਨ ਵਾਲੀ ਹਾਲਤ ਹੈ।

ਇਥੇ ਕਿਸਾਨ ਜਥੇਬੰਦੀ ਨੇ ਫ਼ੈਸਲਾਕੁਨ ਭੂਮਿਕਾ ਨਿਭਾਉਂਦਿਆਂ ਪਰਿਵਾਰ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਵਾਪਸ ਆਪਣੇ ਘਰ ਦਾ ਥਾਂ ਮੁੜ ਕਬਜ਼ੇ 'ਚ ਲੈਣ ਲਈ ਕਿਹਾ। ਜਦੋਂ ਮੈਂ ਇਸ ਪਰਿਵਾਰ ਨੂੰ ਮਿਲੀ, ਉਨ੍ਹਾਂ ਦੇ ਪੱਲੇ ਕੁਝ ਨਹੀਂ ਸੀ ਅਤੇ 8 ਏਕੜ ਜ਼ਮੀਨ ਸਮੇਤ ਉਨ੍ਹਾਂ ਦਾ ਸਭ ਕੁਝ ਲੁੱਟਿਆ ਗਿਆ ਸੀ। ਉਨ੍ਹਾਂ ਨੇ ਜ਼ਮੀਨ ਪੱਧਰੀ ਕਰਨ ਅਤੇ ਵਾਹੀਯੋਗ ਬਣਾਉਣ 'ਤੇ ਬਹੁਤ ਪੈਸਾ ਅਤੇ ਮਿਹਨਤ ਖ਼ਰਚ ਕੀਤੀ ਸੀ। ਉਂਞ ਇਹ ਬੰਜਰ ਅਤੇ ਖ਼ੁਸ਼ਕ ਪਈ ਸੀ। ਉਹ ਹਾਲੇ ਤੱਕ ਵੀ ਆਪਣੇ ਹੀ ਪਿੰਡ ਦੇ ਲੋਕਾਂ ਵਲੋਂ ਲੁੱਟੇ ਜਾਣ ਦੀ ਦਹਿਸ਼ਤ 'ਤੇ ਕਾਬੂ ਨਹੀਂ ਪਾ ਸਕੇ। ਪਰ ਉਹ ਆਪਣੇ ਪਿੰਡ ਵਾਪਸ ਆ ਕੇ ਬਹੁਤ ਖੁਸ਼ ਹਨ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਯੂਨੀਅਨ ਨਾਲ ਰਾਬਤਾ ਕਿਵੇਂ ਬਣਾਇਆ ਜਾਵੇ। ਉਨ੍ਹਾਂ ਦੀ ਇਕ ਧੀ ਵਿਆਹੀ ਹੋਈ ਸੀ, ਉਨ੍ਹਾਂ ਨਾਲ ਉਸਦਾ ਫ਼ੋਨ 'ਤੇ ਸੰਪਰਕ ਸੀ। ਉਸਨੇ ਯੂਨੀਅਨ ਨਾਲ ਉਨ੍ਹਾਂ ਦੀ ਗੱਲ ਕਰਵਾਈ ਅਤੇ ਉਨ੍ਹਾਂ ਨੂੰ ਵਾਪਸ ਮੁੜਨ ਲਈ ਪ੍ਰੇਰਿਆ। ਹੁਣ ਇਕ ਲੜਕਾ ਕੰਬਾਈਨ ਚਲਾਉਂਦਾ ਹੈ ਅਤੇ ਸਾਲ ਦੇ 16,000 ਰੁਪਏ ਕਮਾ ਲੈਂਦਾ ਹੈ। ਆੜ੍ਹਤੀਏ ਅਤੇ ਹੋਰਨਾਂ ਨੂੰ ਠੋਕਵੀਂ ਅਤੇ ਸਪਸ਼ਟ ਸੁਣਾਉਣੀ ਕਰ ਦਿੱਤੀ ਗਈ। ਉਨ੍ਹਾਂ ਨੂੰ ਹਾਲੇ ਵੀ ਕਾਫ਼ੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰ ਯੂਨੀਅਨ ਦੇ ਸਿਰ 'ਤੇ ਉਹ ਦਲੇਰੀ ਨਾਲ ਜੀਅ ਰਹੇ ਹਨ। ਇਸ ਜ਼ਿਲ੍ਹੇ ਵਿਚ, ਕਿਸਾਨ ਜਥੇਬੰਦੀਆਂ ਨੇ 70 ਤੋਂ ਵੱਧ ਪਰਿਵਾਰਾਂ ਦੀ ਜ਼ਮੀਨ ਅਤੇ ਘਰ ਵਾਪਸ ਦਿਵਾਏ ਹਨ।

ਮੁਕਤਸਰ ਜ਼ਿਲ੍ਹੇ ਦੇ ਗਿਦੜਬਾਹਾ ਬਲਾਕ ਦੇ ਇਕ ਪਿੰਡ ਵਿਚ, 65 ਸਾਲ ਦੇ ਇਕ ਕਿਸਾਨ ਨੇ 7 ਜੂਨ 2007 ਨੂੰ ਭਿਆਨਕ ਸਲਫਾਸ ਖਾ ਕੇ ਖ਼ੁਦਕੁਸ਼ੀ ਕਰ ਲਈ। ਇਹ ਵੀ ਆੜ੍ਹਤੀਏ ਵਲੋਂ ਕਰਜ਼ਾ ਮੋੜਨ ਲਈ ਤੰਗ ਕਰਨ ਦਾ ਮਾਮਲਾ ਸੀ। ਆੜ੍ਹਤੀਏ ਨੇ ਫਟਾਫਟ ਪਰਿਵਾਰ ਦੀ 14-15 ਏਕੜ ਜ਼ਮੀਨ ਹਥਿਆ ਲਈ। ਕਿਸਾਨ ਯੂਨੀਅਨ ਨੇ ਆੜ੍ਹਤੀਏ ਵਿਰੁੱਧ ਖ਼ੁਦਕੁਸ਼ੀ ਲਈ ਮਜਬੂਰ ਕਰਨ ਦਾ ਮਾਮਲਾ ਦਰਜ ਕਰਵਾ ਦਿੱਤਾ। ਅੱਜਕੱਲ੍ਹ, ਪਰਿਵਾਰ ਹੀ ਜ਼ਮੀਨ ਵਾਹ-ਬੀਜ ਰਿਹਾ ਹੈ ਪਰ ਉਹ ਕਾਨੂੰਨੀ ਅਤੇ ਹੋਰ ਪ੍ਰੇਸ਼ਾਨੀਆਂ ਦੀ ਲਗਾਤਾਰ ਦਹਿਸ਼ਤ ਅਤੇ ਡਰ ਦੇ ਸਾਏ ਹੇਠ ਜੀਅ ਰਹੇ ਹਨ। ਪਰਿਵਾਰ ਦੇ ਲੜਕੇ ਨੇ ਦੱਸਿਆ ਕਿ ਕਿਵੇਂ ਉਹ ਸਿਰਫ਼ ਯੂਨੀਅਨ ਦੀ ਮਦਦ ਨਾਲ ਹੀ ਅਦਾਲਤ 'ਚ ਤਰੀਕ 'ਤੇ ਜਾਂਦਾ ਹੈ। ਲੱਗਦਾ ਹੈ ਯੂਨੀਅਨ ਹੀ ਉਨ੍ਹਾਂ ਦਾ ਇਕੋ ਇਕ ਅਤੇ ਸਭ ਤੋਂ ਵੱਡਾ ਸਹਾਰਾ ਹੈ।

ਜਿਨ੍ਹਾਂ ਅੱਠ ਜ਼ਿਲ੍ਹਿਆਂ ਵਿਚ ਸਰਵੇਖਣ ਕੀਤਾ ਗਿਆ ਉਨ੍ਹਾਂ ਵਿਚ ਬਹੁਤੇ

ਪਰਿਵਾਰਾਂ ਨੇ ਦੱਸਿਆ ਕਿ ਕਿਵੇਂ ਹੁਣ ਉਹ ਦਿਨ ਚੜ੍ਹਨ ਸਾਰ ਆੜ੍ਹਤੀਏ ਦੇ ਆ ਧਮਕਣ ਤੋਂ ਮੁਕਤ ਹਨ ਜੋ ਆਮ ਹੀ ਮੋਟਰ ਸਾਈਕਲ ਉੱਪਰ ਇਕ-ਦੋ ਬੰਦੇ ਬੈਠਾ ਕੇ ਵਿਹੜੇ 'ਚ ਜਾਂ ਚੌਰਾਹੇ 'ਚ ਆ ਬੈਠਦਾ ਸੀ ਅਤੇ ਕਰਜ਼ਾ ਮੋੜਨ ਲਈ ਕਹਿੰਦਾ ਸੀ। ਗਾਲੀ-ਗਲੋਚ, ਧਮਕੀਆਂ ਅਤੇ ਤੰਗ ਕਰਨਾ ਨਿੱਤ ਦਾ ਕੰਮ ਸੀ। ਇਸ ਤੋਂ ਇਲਾਵਾ, ਕਰਜ਼ਾ ਨਾ ਮੋੜਨ 'ਤੇ ਜ਼ਮੀਨ ਕੁਰਕ ਕਰ ਲੈਣ ਦਾ ਡਰ ਵੀ ਹੁਣ ਘੱਟ ਹੈ ਕਿਉਂਕਿ ਮਾਲ ਮਹਿਕਮਾ, ਜਿਲ੍ਹਾ ਅਦਾਲਤਾਂ ਅਤੇ ਪ੍ਰਸ਼ਾਸਕ ਸਾਰੇ ਯੂਨੀਅਨ ਬਾਰੇ ਜਾਣਦੇ ਹਨ। ਹਾਲੇ ਹੋਰ ਵੀ ਇਲਾਕਿਆਂ ਨੂੰ ਜਥੇਬੰਦ ਕਰਨ ਦੀ ਲੋੜ ਹੈ। ਮਾਲਵਾ ਖੇਤਰ 'ਚ ਕਿਸਾਨ ਜਥੇਬੰਦੀਆਂ ਦੀ ਮੌਜੂਦਗੀ ਵੱਧ ਉੱਭਰਵੀਂ ਹੈ। ਹੌਲੀ-ਹੌਲੀ ਇਨ੍ਹਾਂ ਦਾ ਪਸਾਰਾ ਮਾਝਾ ਅਤੇ ਦੋਆਬਾ ਖੇਤਰਾਂ ਵਿਚ ਵੀ ਹੋ ਰਿਹਾ ਹੈ।

6.4 ਉਮੀਦਾਂ ਅਤੇ ਹਸਰਤਾਂ[5]

ਖੇਤੀਬਾੜੀ ਦਾ ਸੰਕਟ ਮੌਜੂਦਾ ਸਮਾਜ ਅੰਦਰ ਇਕ ਸਮਾਜਿਕ ਅਤੇ ਆਰਥਕ ਇਕਾਈ ਵਜੋਂ ਕਿਸਾਨ ਪਰਿਵਾਰ ਦਾ ਸੰਕਟ ਹੈ। ਘੱਟੋ-ਘੱਟ ਟੱਬਰ ਦੇ ਇਕ ਜੀਅ ਲਈ ਨੌਕਰੀ ਦੀ ਮੰਗ ਬਹੁਤ ਸਾਰਿਆਂ ਨੇ ਕੀਤੀ। ਇਸ ਦੇ ਨਾਲ-ਨਾਲ ਬੱਚਿਆਂ ਦੇ ਭਵਿੱਖ ਦਾ ਵਿਸ਼ਾ ਵਾਰ-ਵਾਰ ਉੱਭਰਿਆ: ਪੂਰੇ ਸਮਾਜ ਦੇ ਮੂੰਹ 'ਚ ਅੰਨ ਪਾਉਣ ਵਾਲੇ ਕਿਸਾਨ ਦੀ ਆਪਣੀ ਔਲਾਦ ਦਾ ਕੋਈ ਭਵਿੱਖ ਨਹੀਂ ਹੈ। ਫੇਰ ਵੀ, ਔਰਤਾਂ ਕੀ ਚਾਹੁੰਦੀਆਂ ਹਨ ਨਾਰੀਵਾਦੀ ਐਨਕ ਰਾਹੀਂ ਪੜਤਾਲ ਕੀਤੇ ਬਿਨਾ ਇਸ ਦਾ ਹਿਸਾਬ ਲਾਉਣਾ ਹਾਲੇ ਚੁਣੌਤੀ ਭਰਿਆ ਕੰਮ ਹੈ ਜਿਸ ਤੋਂ ਸਾਨੂੰ ਤਿਆਗ ਅਤੇ ਵਾਂਝੇਪਣ ਦੋਵਾਂ ਦਾ ਇਲਮ ਹੁੰਦਾ ਹੈ ਜੋ ਕਾਲ-ਖੰਡ ਨਾਲ ਸਬੰਧਤ ਵੀ ਹਨ ਅਤੇ ਢਾਂਚਾਗਤ ਵੀ। ਕਿਸਾਨ ਔਰਤ ਦੀ ਸਵੈ-ਪਛਾਣ ਖੇਤੀਬਾੜੀ ਅਤੇ ਸਮਾਜਿਕ ਮੁੜ-ਪੈਦਾਵਾਰ ਦੋਵਾਂ ਨਾਲ ਜੁੜੀ ਹੋਈ ਹੈ—ਮਾਂ ਜਾਂ ਪਤਨੀ ਜਾਂ ਭੈਣ ਜਾਂ ਨੂੰਹ ਵਜੋਂ। ਲੱਗਦਾ ਹੈ ਕਿ ਫੌਰੀ ਪ੍ਰਸੰਗ 'ਚ ਇਸ ਭੂਮਿਕਾ ਤੋਂ ਕਿਸੇ ਤਰ੍ਹਾਂ ਦੀ ਅਲਹਿਦਗੀ ਸੋਚੀ ਵੀ ਨਹੀਂ ਜਾ ਸਕਦੀ। ਇੱਥੋਂ ਤੱਕ ਕਿ ਗੱਲਬਾਤ 'ਚ ਕਦੇ-ਕਦਾਈਂ ਇਸ ਨਾਲ ਝਟਪਟ ਸਹਿਮਤ ਹੋ ਜਾਣਾ ਵੀ ਇਸੇ ਨੂੰ ਦਰਸਾਏਗਾ। ਭਾਵੇਂ ਔਰਤਾਂ ਆਪਣੇ ਬੱਚਿਆਂ ਤੋਂ ਉਮੀਦ ਰੱਖਦੀਆਂ ਹਨ, ਪਰ ਇਹ ਸਾਫ਼ ਦੇਖਿਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਸੁਪਨੇ ਪੂਰੀ ਤਰ੍ਹਾਂ ਬੱਚਿਆਂ ਦੇ ਭਵਿੱਖ ਨਾਲ ਬੱਝੇ ਹੋਏ ਹਨ। ਉਨ੍ਹਾਂ ਦੇ ਬੋਲਾਂ ਤੋਂ ਵੀ ਸਵੈ ਦਾ ਤਿਆਗ ਅਤੇ ਪ੍ਰਬੰਧ ਉੱਪਰ ਲਗਾਤਾਰ ਨਿਰਭਰਤਾ ਸਪਸ਼ਟ ਹੁੰਦੀ ਹੈ। ਜਿੱਥੇ ਪਤਨੀ ਅਤੇ ਮਾਂ ਵਜੋਂ ਤਾਂ ਉਨ੍ਹਾਂ ਦੀ ਭੂਮਿਕਾ ਪਵਿੱਤਰ ਮੰਨੀ ਜਾਂਦੀ ਹੈ ਪਰ ਉਨ੍ਹਾਂ ਦੀਆਂ ਵਿਅਕਤੀਗਤ ਇਛਾਵਾਂ ਦਾ ਇਜ਼ਹਾਰ ਅਸੰਭਵ ਜਾਪਦਾ ਹੈ।

ਕੁਲਮਿਲਾਕੇ, ਜਿਨ੍ਹਾਂ ਔਰਤਾਂ ਨਾਲ ਗੱਲਬਾਤ ਹੋਈ ਉਨ੍ਹਾਂ ਵਿਚੋਂ ਲਗਭਗ

---

5. ਔਰਤਾਂ ਲਈ ਸਹਾਰਾ ਬਣਨ ਵਾਲਿਆਂ ਅਤੇ ਸਰਕਾਰ ਤੋਂ ਔਰਤਾਂ ਨੂੰ ਉਮੀਦਾਂ ਬਾਰੇ ਗੱਲਬਾਤ ਦੇ ਅਖ਼ੀਰ 'ਚ ਚਰਚਾ ਕਰਨ ਨਾਲ ਵੱਧ ਹਾਂਪੱਖੀ ਟਿੱਪਣੀ ਹਾਸਲ ਹੋਈ, ਖ਼ਾਸ ਕਰਕੇ ਜਦੋਂ ਜਵਾਬ ਦੇਣ ਵਾਲਾ ਇਕ ਤਰ੍ਹਾਂ ਨਾਲ ਚੇਤੇ ਕਰਕੇ ਦੱਸਦਾ ਹੈ ਜੋ ਬੜਾ ਦਿਲ-ਟੁੰਬਵਾਂ ਅਤੇ ਮਨ ਹੌਲਾ ਕਰਨ ਵਾਲਾ ਹੁੰਦਾ ਹੈ।

60% ਨੇ ਸਰਕਾਰ ਤੋਂ ਇਹ ਆਸ ਕੀਤੀ: ਟੱਬਰ ਦੇ ਇਕ ਜੀਅ ਲਈ ਨੌਕਰੀ, ਬੱਚਿਆਂ ਦੀ ਪੜ੍ਹਾਈ-ਲਿਖਾਈ ਲਈ ਮਦਦ ਅਤੇ ਨਗਦ ਮੁਆਵਜ਼ਾ।

• ਕਰਜ਼ਾ ਮਾਫ਼ੀ ਇਕ ਹੋਰ ਉਮੀਦ ਸੀ ਜੋ ਲਗਭਗ 55% ਨੇ ਕੀਤੀ।

• ਟੱਬਰ ਦੇ ਇਕ ਜੀਅ ਲਈ ਨੌਕਰੀ ਦੀ ਉਮੀਦ ਉਨ੍ਹਾਂ ਪਰਿਵਾਰਾਂ ਨੇ ਵੱਧ ਪ੍ਰਗਟਾਈ ਜੋ ਨੀਮ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਕਿਸਾਨ ਪਰਿਵਾਰਾਂ ਨਾਲ ਸਬੰਧਤ ਸਨ। ਗੱਲਬਾਤ ਕਰਨ ਵਾਲੀਆਂ ਔਰਤਾਂ ਦੀ ਬਹੁਗਿਣਤੀ ਮ੍ਰਿਤਕ ਦੀ ਪਤਨੀ ਸੀ ਅਤੇ ਉਮਰ 25 ਸਾਲ ਤੱਕ ਸੀ।

• ਇਸੇ ਤਰ੍ਹਾਂ ਬੱਚਿਆਂ ਦੀ ਪੜ੍ਹਾਈ ਲਈ ਮਦਦ ਦੀ ਉਮੀਦ ਵਧੇਰੇ ਨੀਮ-ਦਰਮਿਆਨੇ, ਦਰਮਿਆਨੇ ਅਤੇ ਵੱਡੇ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਨੇ ਕੀਤੀ। ਇਨ੍ਹਾਂ ਤੋਂ ਬਾਅਦ ਛੋਟੇ ਕਿਸਾਨਾਂ ਦਾ ਨੰਬਰ ਆਉਂਦਾ ਹੈ ਅਤੇ ਗੱਲਬਾਤ ਕਰਨ ਵਾਲੀਆਂ ਔਰਤਾਂ ਦੀ ਬਹੁਗਿਣਤੀ ਦਾ ਮ੍ਰਿਤਕ ਨਾਲ ਰਿਸ਼ਤਾ ਪਰਿਵਾਰ ਮੈਂਬਰ ਦਾ ਸੀ ਜਿਵੇਂ ਧੀ, ਭੈਣ, ਨੂੰਹ ਅਤੇ ਭਰਜਾਈ।

ਸਰਵੇਖਣ ਦੇ ਪਹਿਲੇ ਦਿਨ ਤੋਂ ਹੀ ਮੈਂ ਦੇਖਿਆ ਕਿ ਉਮੀਦਾਂ ਸਿਰਫ਼ ਪੰਜਾਬ ਸਰਕਾਰ ਤੋਂ ਹੀ ਨਹੀਂ ਸਗੋਂ ਕਿਸਾਨ ਯੂਨੀਅਨਾਂ ਅਤੇ ਖੋਜ ਪ੍ਰਾਜੈਕਟ ਤੋਂ ਵੀ ਪ੍ਰਗਟਾਈਆਂ ਜਾ ਰਹੀਆਂ ਸਨ। ਪਿਛਲ ਝਾਤ ਮਾਰਕੇ ਦੇਖੀਏ ਤਾਂ ਲੱਗਦਾ ਹੈ ਕਿ ਉਮੀਦਾਂ ਦਾ ਪ੍ਰਗਟਾਅ ਵੱਖੋ-ਵੱਖਰੇ ਰੂਪ 'ਚ ਹੋ ਰਿਹਾ ਸੀ। ਸਾਡੇ ਗੱਲਬਾਤ ਸ਼ੁਰੂ ਕਰਦੇ ਸਾਰ ਹੀ ਔਰਤਾਂ ਯੂਨੀਅਨ ਵਾਲੇ ਸਾਥੀਆਂ ਤੋਂ ਇਹ ਜਾਨਣਾ ਚਾਹੁੰਦੀਆਂ ਕਿ ਗੱਲਬਾਤ ਤੋਂ ਉਨ੍ਹਾਂ ਨੂੰ ਕੀ ਮਦਦ ਮਿਲੇਗੀ, ਇਹ ਉਨ੍ਹਾਂ ਲਈ ਕਿਵੇਂ ਸਹਾਈ ਹੋਵੇਗੀ ਆਦਿ। ਮੈਂ ਕਹਿੰਦੀ ਕਿ ਮੈਂ ਤਾਂ ਉਨ੍ਹਾਂ ਦੀ ਵਿਥਿਆ ਲਿਖਣ ਦੇ ਉਦੇਸ਼ ਨਾਲ ਆਈ ਹਾਂ ਤਾਂ ਜੋ ਸਾਡੇ ਲੋਕਾਂ ਨੂੰ ਉਨ੍ਹਾਂ ਪਰਿਵਾਰਾਂ ਦੀਆਂ ਮੁਸ਼ਕਲਾਂ ਦਾ ਪਤਾ ਲੱਗੇ ਜਿਨ੍ਹਾਂ ਵਿਚ ਖ਼ੁਦਕੁਸ਼ੀਆਂ ਹੋਈਆਂ ਹਨ। ਜਿਵੇਂ ਕੁਝ ਔਰਤਾਂ, ਜਿਨ੍ਹਾਂ ਦੇ ਪਤੀ ਇਸ ਦੁਨੀਆਂ 'ਚ ਨਹੀਂ ਰਹੇ, ਨੇ ਦੱਸਿਆ ਸੀ ਕਿ ਉਨ੍ਹਾਂ ਦਾ ਸੰਤਾਪ ਵੀ ਘੱਟ ਨਹੀਂ ਹੈ। ਸੋ ਸਿਰਫ਼ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਬਾਰੇ ਜਾਨਣਾ ਹੀ ਕਾਫ਼ੀ ਨਹੀਂ ਸੀ। ਅਤੇ ਉਨ੍ਹਾਂ ਆਪਣੇ ਵਿਚਾਰ ਦੱਸੇ ਕਿ ਕਿਵੇਂ ਨੌਕਰੀ ਜਾਂ ਨਗਦ ਮੁਆਵਜ਼ਾ ਜ਼ਰੂਰੀ ਸੀ; ਹੋਰ ਮੌਕੇ 'ਤੇ ਉਹ ਨਿਗੂਣੀ ਵਿਧਵਾ ਪੈਨਸ਼ਨ ਦੀ ਕਹਾਣੀ ਛੋਹ ਲੈਂਦੀਆਂ ਜੋ ਨਾਕਾਫ਼ੀ ਤਾਂ ਹੈ ਹੀ ਪਰ ਕਦੇ ਸਮੇਂ ਸਿਰ ਮਿਲਦੀ ਵੀ ਨਹੀਂ। ਮੈਂ ਜਿਨ੍ਹਾਂ ਸਾਥੀਆਂ ਦੇ ਘਰਾਂ 'ਚ ਠਹਿਰਦੀ ਉਨ੍ਹਾਂ ਦੇ ਅੱਲ੍ਹੜ ਵਰੇਸ ਬੱਚੇ ਮੇਰੇ ਨਾਲ ਗੰਭੀਰ ਵਿਚਾਰ-ਚਰਚਾ ਕਰਦੇ। ਨੌਜਵਾਨ ਕੁੜੀਆਂ ਦੱਸਦੀਆਂ ਕਿ ਉਹ ਡਾਕਟਰ ਜਾਂ ਵਕੀਲ ਬਣਨਾ ਚਾਹੁੰਦੀਆਂ ਹਨ ਤਾਂ ਜੋ ਮਾਲਵਾ ਖੇਤਰ ਦੇ ਲੋਕਾਂ ਲਈ ਕੰਮ ਕਰ ਸਕਣ। ਕਈ ਵਾਰ ਉਹ ਮੇਰੇ ਮਿਸ਼ਨ ਬਾਰੇ ਵੀ ਸਵਾਲ ਕਰਦੀਆਂ ਹਾਲਾਂਕਿ ਉਹ ਛੋਟੀ ਉਮਰ ਦੀਆਂ ਸਨ। ਜਦੋਂ ਅਸੀਂ ਸੰਗਰੂਰ ਜ਼ਿਲ੍ਹੇ ਦੇ ਸੰਗਤਪੁਰ ਪਿੰਡ 'ਚ ਇਕ ਸਾਥੀ ਦੇ ਘਰੋਂ ਔਰਤਾਂ ਨਾਲ ਗੱਲਬਾਤ ਕਰਨ ਲਈ ਤੁਰਨ ਲੱਗੇ ਤਾਂ ਉਸ ਦੀ ਚੌਦਾਂ ਸਾਲਾਂ ਦੀ ਧੀ ਨੇ ਸਾਡੇ ਨਾਲ ਜਾਣ ਦੀ ਜ਼ਿੱਦ ਕੀਤੀ। ਉਹ ਐਨੇ ਜੋਸ਼ 'ਚ ਸੀ ਕਿ ਉਸ ਦੇ ਪੈਰ ਧਰਤੀ 'ਤੇ ਨਹੀਂ ਸੀ ਲੱਗਦੇ। ਅਚਾਨਕ ਉਹ ਮੇਰੇ ਕੰਨ ਨੇੜੇ ਮੂੰਹ ਕਰਕੇ ਕਹਿਣ ਲੱਗੀ, "ਕੀ ਤੁਸੀਂ ਉਨ੍ਹਾਂ ਨੂੰ ਔਰਤ ਮੁਕਤੀ ਦੇਣ ਆਏ ਹੋ?" ਮੈਂ ਹੱਸ ਪਈ; ਇਕ ਅੱਲੜ ਕੁੜੀ ਦੇ ਮੂੰਹੋਂ ਇਹ ਸਵਾਲ ਸੁਣਕੇ

ਮੇਰਾ ਦਿਲ ਖੁਸ਼ੀ ਨਾਲ ਨੱਚ ਉੱਠਿਆ। ਉਸੇ ਗੁੱਝੇ ਢੰਗ ਨਾਲ ਮੈਂ ਉਸਦੇ ਕੰਨ 'ਚ ਬੋਲੀ, "ਇਸ ਨੂੰ ਸਮਾਂ ਲੱਗੇਗਾ।" ਉਸ ਨੂੰ ਲੱਗਿਆ ਕਿ ਉਹ ਮੁਕਤੀ ਪ੍ਰਾਜੈਕਟ ਦਾ ਹਿੱਸਾ ਸੀ ਅਤੇ ਇਸ ਕਰਕੇ ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਇਹ ਬਹੁਤ ਟੁੰਬਵਾਂ ਦ੍ਰਿਸ਼ ਸੀ। ਜਦ ਦਿਨ ਦੇ ਅੰਤ ਵਿਚ ਅਸੀਂ ਖਾਣਾ ਖਾ ਰਹੇ ਸੀ ਤਾਂ ਮੈਂ ਉਸਨੂੰ ਪੁੱਛਿਆ ਕਿ ਉਸਨੂੰ ਔਰਤਾਂ ਦੀ ਮੁਕਤੀ ਬਾਬਤ ਕਿਵੇਂ ਪਤਾ ਲੱਗਾ। ਉਹ ਜਲਦੀ ਨਾਲ ਮੇਰੇ ਕੋਲ ਆਪਣੇ ਸਕੂਲ ਦੀ ਐੱਨ ਸੀ ਈ ਆਰ ਟੀ ਦੀ ਪਾਠ ਪੁਸਤਕ ਲੈ ਆਈ। ਨਾਲ ਹੀ ਉਹ ਉਹ ਕਵਿਤਾਵਾਂ ਵੀ ਚੁੱਕ ਲਿਆਈ ਜਿਹੜੀਆਂ ਉਸਨੇ ਸਮਾਜਕ ਨਾ-ਬਰਾਬਰੀ ਬਾਰੇ ਲਿਖੀਆਂ ਸਨ। ਸੰਤਾਪੇ ਸਮਿਆਂ ਵਿਚ ਜਿਵੇਂ ਵੱਡੇ ਹੋ ਰਹੇ ਬੱਚੇ ਭਵਿੱਖ ਦੀਆਂ ਉਮੀਦਾਂ ਜਗਾਉਂਦੇ ਹਨ ਓਵੇਂ ਕੋਈ ਵੀ ਨਹੀਂ ਜਗਾ ਸਕਦਾ।

ਕਦੇ-ਕਦਾਈਂ ਜਦੋਂ ਮੈਂ "ਖ਼ੁਦਕੁਸ਼ੀ ਵਾਲੇ ਪਰਿਵਾਰਾਂ" ਬਾਰੇ ਫੋਕਸ ਨਾਲ ਸਬੰਧਤ ਸਭ ਤੋਂ ਔਖੇ ਸਵਾਲਾਂ ਦਾ ਜਵਾਬ ਦੇਣ ਲਈ ਜ਼ੋਰ ਪਾਉਂਦੀ ਤਾਂ ਮੇਰੀ ਆਪਣੀ ਖੋਜ ਵਿਉਂਤ ਦੀਆਂ ਸੀਮਾਵਾਂ ਹਾਸੋਹੀਣੀਆਂ ਲੱਗਣ ਲੱਗ ਜਾਂਦੀਆਂ। ਬਠਿੰਡਾ ਜ਼ਿਲ੍ਹੇ ਦੇ ਇਕ ਵਿਸ਼ੇਸ਼ ਮਾਮਲੇ 'ਚ ਇਕ ਔਰਤ ਉਸ ਘਰ ਇੰਟਰਵਿਊ ਦੇਣ ਦੋ ਵਾਰ ਆਈ ਜਿੱਥੇ ਅਸੀਂ ਠਹਿਰੇ ਹੋਏ ਸੀ। ਉਹ ਐਨੀ ਬਜ਼ੁਰਗ ਸੀ ਕਿ ਚੱਲ ਵੀ ਨਹੀਂ ਸੀ ਸਕਦੀ। ਜਦੋਂ ਉਹ ਅਗਲੀ ਸਵੇਰ ਸਾਝਰੇ ਹੀ ਤੀਜੀ ਵਾਰ ਆਈ ਤਾਂ ਮੈਂ ਸਵਾਲਨਾਮਾ ਕੱਢ ਕੇ ਉਸ ਦੀ ਪੂਰੀ ਮੁਲਾਕਾਤ ਕੀਤੀ। ਉਹ ਐਸੇ ਤਰੀਕੇ ਨਾਲ ਖੁਸ਼ ਅਤੇ ਤਸੱਲੀ ਲੈ ਕੇ ਚਲੀ ਗਈ ਜਿਸ ਨੂੰ ਬੁੱਝਣਾ ਮੁਸ਼ਕਲ ਹੈ। ਬੇਸ਼ੱਕ, ਸਵਾਲਨਾਮਾ ਇਕ ਰਸਮੀ ਸੰਦ ਸੀ ਜਿਸ ਦੀਆਂ ਸਪਸ਼ਟ ਸੀਮਤਾਈਆਂ ਸਨ। ਚਾਣਚੱਕ ਔਰਤਾਂ ਸੁਚੇਤ ਹੋ ਕੇ ਇਹ ਮੰਨ ਲੈਂਦੀਆਂ ਕਿ ਇਨ੍ਹਾਂ ਦੇ ਜਵਾਬਾਂ ਦਾ ਅਰਥ ਹੈ ਕਿ "ਦੀਦੀ" ਜਾਂ "ਕੁੜੀ" ਉਨ੍ਹਾਂ ਦੀ ਗੱਲ ਸਰਕਾਰ ਤੱਕ ਲੈ ਕੇ ਜਾਵੇਗੀ। ਉਹ ਐਨ ਸਹੀ ਤਰੀਕੇ ਨਾਲ ਆਪਣੀਆਂ ਲੋੜਾਂ ਦਰਸਾਉਣ ਦੀ ਪੂਰੀ ਵਾਹ ਲਾਉਂਦੀਆਂ। ਪਰ, ਜਦੋਂ ਹਾਸਲ ਚੋਣਾਂ ਦੀ ਬੰਦਸ਼ ਆ ਜਾਂਦੀ ਤਾਂ ਉਹ ਇਨ੍ਹਾਂ ਬੰਦਸ਼ਾਂ ਤੋਂ ਪਾਰ ਜਾ ਕੇ ਆਪਣੀ ਗੱਲ ਕਹਿੰਦੀਆਂ। ਕਈ ਹੋਰ ਮੈਨੂੰ ਗੱਲਬਾਤ ਦਾ ਪਹਿਲਾਂ ਕਿਹਾ ਜਾ ਚੁੱਕਾ ਨੁਕਤਾ ਚੇਤੇ ਕਰਾਉਂਦੀਆਂ ਕਿ ਉਹ ਪਹਿਲਾਂ ਹੀ ਇਹ ਦੱਸ ਚੁੱਕੀਆਂ ਹਨ ਕਿ ਉਨ੍ਹਾਂ ਦੀਆਂ ਲੋੜਾਂ ਕੀ ਹਨ। ਅਜਿਹੇ ਪਲ ਸਚਮੁਚ ਯਾਦਗਾਰੀ ਸਨ। ਅਤੇ ਜਦੋਂ ਮੈਂ ਆਪਣੀ ਲਿਖਤ ਮੁਕਾ ਰਹੀ ਹਾਂ, ਇਹ ਪਲ ਮੈਨੂੰ ਮੁੜ ਯਾਦ ਆ ਰਹੇ ਹਨ। ਕੁਝ ਉਮੀਦਾਂ ਬਹੁਤ ਹੀ ਸਧਾਰਨ ਹਨ ਜਦਕਿ ਹੋਰ ਐਸੀ ਗੁੰਝਲਦਾਰ ਹਾਲਤ ਨੂੰ ਦਰਸਾਉਂਦੀਆਂ ਹਨ ਜੋ ਮੰਨਣ 'ਚ ਮੁਸ਼ਕਲ ਲੱਗਦੀ ਹੈ।

—ਇਕ ਨੌਜਵਾਨ ਔਰਤ ਦੀ ਸਿਰਫ਼ ਇਹ ਇੱਛਾ ਹੈ ਕਿ ਪਤੀ ਦੀ ਮੌਤ ਤੋਂ ਬਾਅਦ ਉਹ ਉਸ ਦੇ ਦਿਉਰ ਦੇ ਲੜ ਲਾ ਦਿੱਤੀ ਗਈ ਸੀ, ਉਹ ਉਸ ਦੇ ਪਹਿਲੇ ਪਤੀ ਵਾਂਗ ਹੀ ਉਸ ਨਾਲ ਚੰਗਾ ਵਰਤਾਓ ਕਰੇ। ਉਹ ਹੈਰਾਨ ਹੈ ਕਿ ਉਹ ਉਸ ਨੂੰ ਹਰ ਸਮੇਂ ਉਸ ਦੇ ਭਰਾ ਦੀ ਘਰਵਾਲੀ ਹੀ ਕਿਉਂ ਸਮਝਦਾ ਹੈ। ਅਤੇ ਕੀ ਅਸੀਂ ਉਸ ਨੂੰ ਇਹ ਸਮਝਾ ਸਕਦੇ ਹਾਂ ਕਿ ਉਹ ਬਹੁਤ ਤਣਾਅ 'ਚ ਕਿਉਂ ਰਹਿੰਦਾ ਹੈ। ਇਕ ਹੋਰ ਜਵਾਨ ਔਰਤ ਨੇ ਬੇਦਿਲੀ ਨਾਲ ਕਿਹਾ ਉਸ ਦੀ ਆਪਣੀ ਕੋਈ ਇੱਛਾ ਤਾਂ ਰਹੀ ਨਹੀਂ ਕਿਉਂਕਿ ਉਸ ਨੇ ਤਾਂ ਦੋ ਛੋਟੇ ਛੋਟੇ ਬੱਚਿਆਂ ਨੂੰ ਪਾਲਣਾ ਹੈ। ਉਸ

ਲਈ, ਇਹ ਹਾਸਲ ਹਾਲਾਤ ਵਲੋਂ ਉਸ ਦੀ ਆਪਣੀ ਜ਼ਿੰਦਗੀ ਖੋਹ ਲੈਣ ਦਾ ਸਪਸ਼ਟ ਇਜ਼ਹਾਰ ਹੈ। ਪਰ ਉਸ ਨੇ ਹੌਲੀ ਜਹੇ ਇਹ ਵੀ ਕਹਿ ਦਿੱਤਾ ਕਿ ਉਸ ਨੂੰ ਸੋਚਣ ਲਈ ਹੋਰ ਵਕਤ ਚਾਹੀਦਾ ਹੈ ਕਿਉਂਕਿ ਉਸ ਨੂੰ ਕਿਸੇ ਨੇ ਕਦੇ ਇਹ ਸਵਾਲ ਨਹੀਂ ਪੁੱਛਿਆ।

—ਇਕ ਔਰਤ ਜਿਸ ਦੀ ਦਰਾਣੀ ਨਾਲ ਗੱਲਬਾਤ ਕੀਤੀ ਜਾ ਰਹੀ ਸੀ, ਨੇ ਕਿਹਾ ਕਿ ਉਹ ਆਪਣੇ ਪਤੀ ਦੀ ਸਖ਼ਤ ਨਿਗਰਾਨੀ ਰੱਖਦੀ ਹੈ। ਉਸ ਨੇ ਕਿਹਾ ਕਿ ਸਮੱਸਿਆਵਾਂ ਉਹੀ ਹਨ; ਜੇ ਇਕ ਭਰਾ ਨੇ ਫਾਹਾ ਲੈ ਲਿਆ ਤਾਂ ਉਸ ਨੂੰ ਆਪਣੇ ਪਤੀ ਦਾ ਖ਼ਿਆਲ ਰੱਖਣਾ ਪਵੇਗਾ ਜੋ ਹਰ ਸਮੇਂ ਗੁੰਮਸੁੰਮ ਰਹਿੰਦਾ ਹੈ। ਇਸੇ ਜ਼ਿਲ੍ਹੇ ਵਿਚ ਇਕ ਹੋਰ ਔਰਤ ਕਾਗਜ਼ਾਂ ਦਾ ਥੱਬਾ ਚੁੱਕੀ ਭੱਜੀ-ਭੱਜੀ ਸਾਡੇ ਕੋਲ ਆਈ। ਉਸ ਨੇ ਸਾਨੂੰ ਪੁੱਛਿਆ ਕੀ ਅਸੀਂ ਸਰਵੇਖਣ ਕਰਨ ਵਾਲੀ ਟੋਲੀ ਹਾਂ ਅਤੇ ਕੀ ਅਸੀਂ ਉਸ ਨਾਲ ਗੱਲਬਾਤ ਕਰ ਸਕਦੇ ਹਾਂ। ਉਸ ਨੇ ਦੱਸਿਆ ਕਿ ਡੇਢ ਮਹੀਨੇ ਤੋਂ ਉਸ ਦਾ ਪਤੀ ਕਿਤੇ ਲੁਕਿਆ ਹੋਇਆ ਹੈ ਕਿਉਂਕਿ ਆੜ੍ਹਤੀਆ ਉਸ ਨੂੰ ਬੁਰੇ ਨਤੀਜੇ ਭੁਗਤਣ ਦੀਆਂ ਧਮਕੀਆਂ ਦੇ ਰਿਹਾ ਸੀ। ਉਸ ਦਾ ਆਪਣੀ ਪਤਨੀ ਨਾਲ ਫ਼ੋਨ 'ਤੇ ਸੰਪਰਕ ਬਣਿਆ ਰਹਿੰਦਾ ਸੀ। ਉਸ ਨੇ ਜ਼ੋਰ ਦਿੱਤਾ ਕਿ ਅਸੀਂ ਉਸ ਦੇ ਪਤੀ ਨਾਲ ਗੱਲ ਜ਼ਰੂਰ ਕਰੀਏ ਪਰ ਉਸਦਾ ਸੈੱਲ ਫ਼ੋਨ ਬੰਦ ਸੀ। ਅਸੀਂ ਉਸ ਨੂੰ ਸਥਾਨਕ ਕਿਸਾਨ ਯੂਨੀਅਨ ਵਾਲਿਆਂ ਦੇ ਫ਼ੋਨ ਨੰਬਰ ਦੇ ਦਿੱਤੇ ਅਤੇ ਉਸ ਨੂੰ ਸਲਾਹ ਦਿੱਤੀ ਕਿ ਆਪਣੇ ਪਤੀ ਨੂੰ ਵਾਪਸ ਆਉਣ ਲਈ ਮਨਾਵੇ ਅਤੇ ਆ ਕੇ ਉਹ ਯੂਨੀਅਨ ਦੀ ਮਦਦ ਲਵੇ। ਘਰ ਦੇ ਕਾਗਜ਼ਾਤ ਆੜ੍ਹਤੀਏ ਕੋਲ ਸਨ ਕਿਉਂਕਿ ਘਰ ਗਹਿਣੇ ਧਰਿਆ ਹੋਇਆ ਹੈ। ਉਸ ਨੇ ਡਰ ਜ਼ਾਹਿਰ ਕੀਤਾ ਕਿ ਉਨ੍ਹਾਂ ਨੂੰ ਘਰੋਂ ਬੇਦਖ਼ਲ ਕਰਕੇ ਸੜਕ 'ਤੇ ਬੈਠਾ ਦਿੱਤਾ ਜਾਵੇਗਾ ਜਾਂ ਹੋਰ ਵੀ ਮਾੜੀ ਗੱਲ ਉਸ ਦਾ ਪਤੀ ਆਪਣੀ ਜਾਨ ਵੀ ਲੈ ਸਕਦਾ ਹੈ।

—ਕਈ ਔਰਤਾਂ ਨੇ ਇਸ ਮਾਹੌਲ 'ਚ ਵੱਡੇ ਹੋ ਰਹੇ ਬੱਚਿਆਂ ਪ੍ਰਤੀ ਡੂੰਘੀ ਚਿੰਤਾ ਜ਼ਾਹਿਰ ਕੀਤੀ। ਫ਼ਿਕਰਾਂ ਦੀ ਖਾਧੀ ਇਕ ਮਾਂ ਨੇ ਦੱਸਿਆ ਕਿ ਕਈ ਵਾਰ ਉਹ ਚਾਹੁੰਦੀ ਹੈ ਕਿ ਉਸਦੇ ਅੱਲੜ ਵਰੇਸ ਮੁੰਡੇ ਜ਼ਿੰਮੀਦਾਰ ਤੋਂ ਖਹਿੜਾ ਛੁਡਾ ਕੇ ਘਰ ਵਾਪਸ ਮੁੜ ਆਉਣ; ਉਸ ਨੂੰ ਖ਼ਦਸ਼ਾ ਹੈ ਕਿ ਉਹ ਆਪਣੇ ਚਾਚੇ ਵਾਂਗ ਖ਼ੁਦਕੁਸ਼ੀ ਨਾ ਕਰ ਲੈਣ। ਇਕ ਹੋਰ ਮਾਂ ਨੇ ਕਿਹਾ ਕਿ ਉਹ ਆਪਣੇ ਸਕੂਲ ਜਾਂਦੇ ਪੁੱਤ ਨੂੰ ਉਨ੍ਹਾਂ ਨਤੀਜਿਆਂ ਤੋਂ ਬਚਾਉਣਾ ਚਾਹੁੰਦੀ ਹੈ ਜੋ ਇਨ੍ਹਾਂ ਬੱਚਿਆਂ ਦੇ ਮਨਾਂ ਨੂੰ ਘੁਣ ਵਾਂਗ ਚਿੰਬੜੇ ਹੋਏ ਹਨ। ਉਹ ਆਪਣੇ ਉਦਾਸੀ ਰੋਗ ਦੇ ਇਲਾਜ ਉੱਪਰ ਚੋਖਾ ਖ਼ਰਚ ਕਰਦੀ ਹੈ ਅਤੇ ਦੂਜੇ ਮੁੰਡੇ ਦੀ ਦੇਖਭਾਲ ਵੀ ਕਰਦੀ ਹੈ ਜੋ ਮਨੋਰੋਗੀ ਹੈ। ਉਸ ਨੇ ਸਾਰੀ ਆਸ "ਚੰਗੇ" ਪੁੱਤ 'ਤੇ ਰੱਖੀ ਹੋਈ ਹੈ। ਕਿ ਉਹ ਆਪਣੀ ਸਿਆਣਪ ਨਾਲ ਇਸ ਹਾਲਤ 'ਚੋਂ ਨਿਕਲ ਜਾਵੇਗਾ। ਉਸ ਨੇ ਕਿਹਾ ਕਿ ਉਸ ਦੀ ਸਿਰਫ਼ ਇਹੀ ਖਾਹਸ਼ ਹੈ ਕਿ ਉਸ ਦਾ ਪੁੱਤ ਸਕੂਲੋਂ ਵਾਪਸ ਆ ਕੇ ਥੋੜ੍ਹਾ ਵੱਧ ਗੱਲਾਂ ਕਰੇ। ਉਸ ਦੀ ਵਧ ਰਹੀ ਖ਼ਾਮੋਸ਼ੀ ਉਸ ਨੂੰ ਸਭ ਤੋਂ ਵੱਧ ਚੁੱਭਦੀ ਹੈ। ਉਸ ਨੇ ਮੈਨੂੰ ਆਪਣੀ ਗੱਲ ਮੰਨਾਉਣ ਦੀ ਕੋਸ਼ਿਸ਼ ਕੀਤੀ ਕਿ ਜੋ ਕੁਝ ਗ਼ਲਤ ਹੋਇਆ ਸੀ ਉਸ 'ਚ ਉਸ ਦਾ ਦੋਸ਼ ਨਹੀਂ ਹੈ।

—ਸਾਰੀਆਂ ਮਾਵਾਂ ਸਿਰਫ ਆਪਣੀਆਂ ਧੀਆਂ ਦੇ ਹੱਥ ਪੀਲੇ ਕਰਨ ਤੱਕ ਨਹੀਂ

ਸੋਚਦੀਆਂ। ਇਕ ਵਿਸ਼ੇਸ਼ ਮਾਮਲੇ 'ਚ, ਇਕ ਮਾਂ ਨੇ ਕਿਹਾ ਕਿ ਉਸ ਦੀ ਸਰਕਾਰ ਤੋਂ ਇਕੋ ਮੰਗ ਹੈ ਕਿ ਉਸ ਦੀ ਵਿਆਹੀ ਧੀ ਨੂੰ ਨੌਕਰੀ ਦੇ ਦੇਵੇ। ਉਸਨੇ ਪੂਰੀ ਸਿਆਣਪ ਨਾਲ ਕਿਹਾ ਕਿ ਨਹੀਂ ਤਾਂ ਉਸ ਦੀ ਧੀ ਦਾ ਕੋਈ ਹੱਜ ਨਹੀਂ ਹੈ; ਆਖ਼ਿਰ, ਹਾਲੇ ਵੀ ਉਹ ਕਿਸਾਨ ਦੀ ਪਤਨੀ ਹੀ ਹੈ। ਇਕ ਹੋਰ ਵਿਰਲੀ ਮਿਸਾਲ ਦੇਖੋ, ਇਕ ਮਾਂ ਨੇ ਮੇਰੇ ਹਾੜੇ ਕੱਢੇ ਕਿ ਮੈਂ ਉਸ ਦੀਆਂ ਦੋ ਧੀਆਂ ਨੂੰ ਨਾਲ ਲੈ ਜਾਵਾਂ। ਉਸ ਨੇ ਕਿਹਾ ਕਿ ਜਦੋਂ ਤੱਕ ਉਹ ਮੌਜੂਦਾ ਮਾਹੌਲ ਦੀ ਵਲਗਣ ਨਹੀਂ ਟੱਪਦੀਆਂ ਇੱਥੇ ਉਨ੍ਹਾਂ ਦਾ ਭਵਿੱਖ ਨਹੀਂ ਸੰਵਰ ਸਕਦਾ। ਉਸਨੇ ਇਸੇ ਸੁਰ 'ਚ ਕਿਹਾ ਕਿ ਜੇ ਉਹ ਕੋਈ ਮਹਾਨ ਰੁਤਬਾ ਨਹੀਂ ਪਾ ਸਕਣਗੀਆਂ, ਘੱਟੋ-ਘੱਟ ਉਸ ਵਰਗੇ ਹਸ਼ਰ ਤੋਂ ਤਾਂ ਬਚ ਰਹਿਣਗੀਆਂ। ਇਕ ਵੱਖਰੀ ਤਰ੍ਹਾਂ ਦੀ ਜ਼ਿੰਦਗੀ ਦੀ ਨਿੱਕੀ ਜਹੀ ਝਲਕ ਕਿਤੇ ਦੂਰ-ਦਰਾਜ਼ ਦੀ ਚੀਜ਼ ਜਾਪਦੀ ਹੈ ਪਰ ਲੱਗਦਾ ਹੈ ਕਿ ਮੌਜੂਦਾ ਪ੍ਰਸੰਗ 'ਚ ਇਹ ਕਲਪਨਾ ਕਰਨੀ ਅਸੰਭਵ ਹੈ।

ਕਈ ਨੌਜਵਾਨ ਕੁੜੀਆਂ, ਖ਼ਾਸ ਕਰਕੇ ਦਲਿਤ ਪਰਿਵਾਰਾਂ ਦੀਆਂ, ਕੰਮ ਕਰਨ ਲਈ ਉਤਸੁਕ ਹਨ। ਕੁਝ ਕਾਲਜ ਵੀ ਜਾ ਰਹੀਆਂ ਹਨ ਪਰ ਫ਼ੌਰੀ ਪ੍ਰਸੰਗ 'ਚ ਉਨ੍ਹਾਂ ਨੂੰ ਕੋਈ ਰਸਤਾ ਦਿਖਾਈ ਨਹੀਂ ਦਿੰਦਾ। ਉਹ ਟੀ ਵੀ, ਅਖ਼ਬਾਰਾਂ ਅਤੇ ਕਿਸਾਨ ਯੂਨੀਅਨ ਦੀਆਂ ਸਰਗਰਮੀਆਂ ਨਾਲ ਜੁੜੀਆਂ ਰਹਿੰਦੀਆਂ ਹਨ। ਉਹ ਸਾਧਨਾਂ ਤੋਂ ਬਗ਼ੈਰ ਹੀ ਬਾਹਰਲੀ ਦੁਨੀਆ ਦੀ ਵਿਸ਼ਾਲਤਾ ਨੂੰ ਮਹਿਸੂਸ ਕਰ ਸਕਦੀਆਂ ਹਨ।

ਇਕ ਬਜ਼ੁਰਗ ਔਰਤ ਨੇ ਸਪਸ਼ਟ ਕਿਹਾ ਕਿ ਉਹ ਤਾਂ ਆਪਣੇ ਘਰ 'ਚ ਥੋੜ੍ਹੀ ਜਹੀ ਹੋਰ ਥਾਂ ਚਾਹੁੰਦੀ ਹੈ ਜਿੱਥੇ ਉਹ ਮੱਝ ਰੱਖ ਸਕੇ ਤਾਂ ਕਿ ਇਸ ਦਾ ਦੁੱਧ ਵੇਚ ਕੇ ਉਹ ਘੱਟੋ-ਘੱਟ ਆਪਣਾ ਗੁਜ਼ਾਰਾ ਚਲਾ ਸਕੇ। ਇਕ ਹੋਰ ਜਵਾਨ ਹੋ ਰਹੇ ਬੱਚਿਆਂ ਦੀ ਮਾਂ ਦੀ ਜ਼ੋਰਦਾਰ ਇੱਛਾ ਹੈ ਕਿ ਜੇ ਉਸ ਦਾ ਸਹੁਰਾ ਉਸ ਦੇ ਹਿੱਸੇ ਆਉਂਦੀ ਇਕ ਏਕੜ ਜ਼ਮੀਨ ਦੇ ਦੇਵੇ ਤਾਂ ਉਹ ਇਸ ਨੂੰ ਠੇਕੇ 'ਤੇ ਦੇ ਸਕਦੀ ਹੈ। ਜੇ ਇਹ ਮੰਗਾਂ ਪੂਰੀਆਂ ਹੋ ਵੀ ਜਾਣ, ਇਨ੍ਹਾਂ ਨਾਲ ਔਸਤ ਇਕ ਹਜ਼ਾਰ ਰੁਪਏ ਮਹੀਨਾ ਆਮਦਨ ਹੀ ਹੋਵੇਗੀ, ਪਰ ਅੱਜ ਇਹ ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਕੁਝ ਬਜ਼ੁਰਗ ਔਰਤਾਂ ਨੇ ਕਿਹਾ ਕਿ ਉਹ ਚਾਹੁੰਦੀਆਂ ਹਨ ਕਿ ਉਨ੍ਹਾਂ ਨੂੰ ਮੌਤ ਆ ਜਾਵੇ; ਕੁਝ ਨੇ ਸਿਰਫ਼ ਇਹ ਇੱਛਾ ਜ਼ਾਹਿਰ ਕੀਤੀ ਕਿ ਢਾਈ ਸੌ ਰੁਪਏ ਮਹੀਨਾ ਦੀ ਨਿਗੂਣੀ ਜਹੀ ਵਿਧਵਾ ਪੈਨਸ਼ਨ ਹੀ ਉਨ੍ਹਾਂ ਨੂੰ ਸਮੇਂ ਸਿਰ ਮਿਲ ਜਾਇਆ ਕਰੇ।

ਇਹ ਬੋਲ ਉਨ੍ਹਾਂ ਬੇਸ਼ੁਮਾਰ ਕਿਸਾਨ ਔਰਤਾਂ ਦੀਆਂ ਰੀਝਾਂ ਨੂੰ ਦਰਸਾਉਂਦੇ ਹਨ ਜੋ ਪੂਰੇ ਸੂਬੇ 'ਚ ਅਤੇ ਹੋਰ ਥਾਈਂ ਥੁੜਾਂ ਦਾ ਸਾਹਮਣਾ ਕਰ ਰਹੀਆਂ ਹਨ। ਅੱਜ, ਅੱਧਾ ਆਸਮਾਨ ਹਾਸਲ ਕਰਨਾ ਇਨ੍ਹਾਂ ਅਤੇ ਦਹਿ-ਲੱਖਾਂ ਹੋਰ ਔਰਤਾਂ ਲਈ ਹੋਰ ਵੀ ਵੱਡੀ ਚੁਣੌਤੀ ਬਣ ਗਿਆ ਹੈ।

ਸਾਰਣੀ 6.1 : ਫ਼ੈਸਲੇ ਲੈਣ ਦੇ ਵੱਖੋ ਵੱਖਰੇ ਖੇਤਰਾਂ 'ਚ ਹੋਰਨਾਂ ਦਾ ਦਖ਼ਲ

	ਟੱਬਰ ਦੇ ਹੋਰ ਜੀਆਂ ਨਾਲ ਮਿਲਕੇ ਫ਼ੈਸਲੇ ਲੈਣੇ	ਖ਼ੁਦ	ਪੁੱਤਰ	ਸਹੁਰੇ	ਪਤੀ	ਮਾਪੇ	ਹੋਰ
ਘਰੇਲੂ ਮਾਮਲੇ	73	57	5	3	-	4	4
ਰਿਸ਼ਤੇਦਾਰੀਆਂ 'ਚ ਜਾਣਾ	73	35	4	14	10	5	5
ਸਮਾਗਮਾਂ 'ਤੇ ਜਾਣਾ	73	34	4	15	10	5	5
ਬੱਚਿਆਂ ਦੇ ਵਿਆਹ	73	33	10	6	13	6	5
ਜਾਇਦਾਦ ਗ੍ਰਹਿਣੇ ਧਰਨੀ ਜਾਂ ਵੇਚਣੀ	73	1	23	20	16	7	6
ਕਰਜ਼ੇ	73	3	24	20	15	6	5
ਵੋਟ ਪਾਉਣ ਦੀ ਮਰਜ਼ੀ	73	52	2	4	8	3	4
ਯੂਨੀਅਨ ਦੀ ਮੈਂਬਰਸ਼ਿਪ	73	40	3	11	10	5	4

ਸਾਰਣੀ 6.2 : ਪਰਿਵਾਰ 'ਚ ਸਾਰੇ ਫ਼ੈਸਲੇ ਲੈਣ ਵਾਲਿਆਂ ਦੀ ਤਸਵੀਰ

		ਸਾਰੇ ਫ਼ੈਸਲੇ ਖ਼ੁਦ ਲੈਣ ਵਾਲੇ	ਮ੍ਰਿਤਕ ਨਾਲ ਰਿਸ਼ਤਾ		ਗੱਲਬਾਤ 'ਚ ਸ਼ਾਮਲ ਵਿਅਕਤੀਆਂ ਦੀ ਉਮਰ				ਪਰਿਵਾਰ ਦੀ ਕਿਸਮ	
			ਪਤਨੀ	ਮਾਂ	25 ਤੋਂ 35 ਸਾਲ	35 ਤੋਂ 50 ਸਾਲ	50 ਤੋਂ 60 ਸਾਲ	60 ਸਾਲ ਤੋਂ ਵੱਧ	ਇਕਹਿਰੇ ਪਰਿਵਾਰ	ਸਾਂਝੇ ਪਰਿਵਾਰ
ਬੇਜ਼ਮੀਨੇ	ਗਿਣਤੀ	26	23	3	5	13	5	3	24	2
	ਕਾਲਮ ਦੀ ਫ਼ੀ ਸਦੀ	41.3%	44.2%	27.3%	41.7%	38.2%	55.6%	37.5%	42.1%	33.3%
ਸੀਮਾਂਤ	ਗਿਣਤੀ	22	18	4	5	11	2	4	20	2
	ਕਾਲਮ ਦੀ ਫ਼ੀ ਸਦੀ	34.9%	34.6%	36.4%	41.7%	32.4%	22.2%	50.0%	35.1%	33.3%
ਛੋਟੇ	ਗਿਣਤੀ	10	8	2	2	6	2	0	10	0
	ਕਾਲਮ ਦੀ ਫ਼ੀ ਸਦੀ	15.9%	15.4%	18.2%	16.7%	17.6%	22.2%	0.0%	17.5%	0.0%
ਨੀਮ ਦਰਮਿਆਨੇ, ਦਰਮਿਆਨੇ ਅਤੇ ਵੱਡੇ	ਗਿਣਤੀ	5	3	2	0	4	0	1	3	2
	ਕਾਲਮ ਦੀ ਫ਼ੀ ਸਦੀ	7.9%	5.8%	18.2%	0.0%	11.8%	0.0%	12.5%	5.3%	33.3%
ਕੁਲ	ਗਿਣਤੀ	63	52	11	12	34	9	8	57	6

6 . 3 ਜ਼ਿੰਦਗੀ 'ਚ ਕਸ਼ਮਕਸ਼ ਦੇ ਖੇਤਰ

		ਕੁਲ	ਬੇਜ਼ਮੀਨੇ	ਸੀਮਾਂਤ	ਛੋਟੇ	
ਪਰਿਵਾਰਕ ਸਰੋਕਾਰ	ਗਿਣਤੀ	90	42	30	6	12
	ਕਾਲਮ ਦੀ ਫ਼ੀ ਸਦੀ	66.2%	73.7%	69.8%	33.3%	66.7%
ਨਿੱਤ ਦਾ ਤਣਾਅ	ਗਿਣਤੀ	66	26	22	7	11
	ਕਾਲਮ ਦੀ ਫ਼ੀ ਸਦੀ	48.5%	45.6%	51.2%	38.9%	61.1%
ਕਰਜੇ ਦੀ ਅਦਾਇਗੀ	ਗਿਣਤੀ	48	20	15	8	5
	ਕਾਲਮ ਦੀ ਫ਼ੀ ਸਦੀ	35.3%	35.1%	34.9%	44.4%	27.8%
ਵਿਤੀ ਲੋੜਾਂ ਦੀ ਪੂਰਤੀ	ਗਿਣਤੀ	108	48	38	14	8
	ਕਾਲਮ ਦੀ ਫ਼ੀ ਸਦੀ	79.4%	84.2%	88.4%	77.8%	44.4%
ਪਰਿਵਾਰ 'ਚ ਨਸ਼ੇ	ਗਿਣਤੀ	19	10	4	3	2
	ਕਾਲਮ ਦੀ ਫ਼ੀ ਸਦੀ	14.0%	17.5%	9.3%	16.7%	11.1%
ਲਹਿਣੇਦਾਰਾਂ ਵਲੋਂ ਤੰਗ-ਪ੍ਰੇਸ਼ਾਨ ਕਰਨਾ	ਗਿਣਤੀ	26	11	8	3	4
	ਕਾਲਮ ਦੀ ਫ਼ੀ ਸਦੀ	19.1%	19.3%	18.6%	16.7%	22.2%

ਰਵਾਇਤੀ ਬੰਦਸ਼ਾਂ ਕਾਰਨ ਮਜ਼ਦੂਰੀ ਕਰਨ 'ਚ ਦਿੱਕਤ	ਗਿਣਤੀ ਕਾਲਮ ਦੀ ਫ਼ੀ ਸਦੀ	26 19.1%	3 5.3%	11 25.6%	8 44.4%	4 22.2%
ਹੋਰ ਕਾਰਨ	ਗਿਣਤੀ ਕਾਲਮ ਦੀ ਫ਼ੀ ਸਦੀ	8 5.9%	5 8.8%	0 0.0%	0 0.0%	3 16.7%
ਹੋਰ ਕੋਈ ਨਹੀਂ	ਗਿਣਤੀ ਕਾਲਮ ਦੀ ਫ਼ੀ ਸਦੀ	17 12.5%	6 10.5%	1 2.3%	5 27.8%	5 27.8%
ਕੁਲ ਪਰਿਵਾਰ	ਗਿਣਤੀ	136	57	43	18	18

ਨੋਟ : ਕਈ ਤਰ੍ਹਾਂ ਦੇ ਜਵਾਬ ਦਿੱਤੇ ਜਾਣ ਕਾਰਨ ਕੁਝ ਨੂੰ ਸ਼ਾਮਲ ਨਹੀਂ ਕੀਤਾ ਜਾ ਸਕਦਾ

ਸਾਰਣੀ 6.4 : ਜ਼ਿੰਦਗੀ 'ਚ ਮਦਦ ਦੇ ਮੌਜੂਦਾ ਵਸੀਲੇ

		ਕੁਲ	ਪਰਿਵਾਰ ਦੀ ਸ਼੍ਰੇਣੀ				ਪਰਿਵਾਰ ਦੀ ਕਿਸਮ		ਮ੍ਰਿਤਕ ਨਾਲ ਰਿਸ਼ਤਾ		
			ਬੇਜ਼ਮੀਨੇ	ਸੀਮਾਂਤ ਕਿਸਾਨ	ਛੋਟੇ ਕਿਸਾਨ	ਨੀਮ-ਦਰਮਿਆਨੇ, ਦਰਮਿਆਨੇ ਅਤੇ ਵੱਡੇ	ਇਕਹਿਰੇ	ਸਾਂਝੇ	ਪਤਨੀ	ਮਾਂ	ਹੋਰ•
ਸਹੁਰਾ ਪਰਿਵਾਰ	ਗਿਣਤੀ ਕਾਲਮ ਦੀ ਫ਼ੀ ਸਦੀ	21 15.4%	3 5.3%	6 14.0%	6 33.3%	6 33.3%	14 13.0%	7 25.0%	18 19.6%	2 7.1%	1 6.3%
ਮਾਪੇ	ਗਿਣਤੀ ਕਾਲਮ ਦੀ ਫ਼ੀ ਸਦੀ	30 22.1%	9 15.8%	11 25.6%	4 22.2%	6 33.3%	25 23.1%	5 17.9%	27 29.3%	0 0.0%	3 18.8%
ਪੰਚਾਇਤ	ਗਿਣਤੀ ਕਾਲਮ ਦੀ ਫ਼ੀ ਸਦੀ	27 19.9%	12 21.1%	7 16.3%	4 22.2%	4 22.2%	23 21.3%	4 14.3%	17 18.5%	7 25.0%	3 18.8%
ਸਰਕਾਰੀ ਸੰਸਥਾਵਾਂ	ਗਿਣਤੀ ਕਾਲਮ ਦੀ ਫ਼ੀ ਸਦੀ	12 8.8%	3 5.3%	5 11.6%	3 16.7%	1 5.6%	10 9.3%	2 7.1%	8 8.7%	3 10.7%	1 6.3%
ਕਿਸਾਨ ਜਥੇਬੰਦੀਆਂ	ਗਿਣਤੀ ਕਾਲਮ ਦੀ ਫ਼ੀ ਸਦੀ	90 66.2%	42 73.7%	29 67.4%	9 50.0%	10 55.6%	75 69.4%	15 53.6%	57 62.0%	23 82.1%	10 62.5%

ਕੋਈ ਸਹਾਇਤਾ ਨਹੀਂ ਮਿਲ ਰਹੀ	ਗਿਣਤੀ ਕਾਲਮ ਦੀ ਫ਼ੀ ਸਦੀ	30 22.1%	13 22.8%	7 16.3%	7 38.9%	3 16.7%	24 22.2%	6 21.4%	21 22.8%	5 17.9%	4 25.0%
ਕੁਲ	ਗਿਣਤੀ	136	57	43	18	18	108	28	92	28	16

• ਹੋਰਾਂ ਵਿਚ ਸ਼ਾਮਲ ਹਨ ਭੈਣ, ਧੀ, ਨੂੰਹ, ਨਣਦ

ਨੋਟ : ਇੱਥੇ ਜੋੜ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਐਸਾ ਸਵਾਲ ਹੈ ਜਿਸ ਦੇ ਜਵਾਬ ਕਈ ਤਰ੍ਹਾਂ ਦੇ ਆਏ ਹਨ

ਸਾਰਣੀ 6.5 : ਪੰਜਾਬ ਸਰਕਾਰ ਤੋਂ ਔਰਤਾਂ ਨੂੰ ਉਮੀਦਾਂ

		ਕੁਲ	ਪਰਿਵਾਰਾਂ ਦੀ ਸ਼੍ਰੇਣੀ				ਮ੍ਰਿਤਕ ਨਾਲ ਰਿਸ਼ਤਾ			ਗੱਲਬਾਤ 'ਚ ਸ਼ਾਮਲ ਵਿਅਕਤੀਆਂ ਦੀ ਉਮਰ				
			ਬੇਜ਼ਮੀਨੇ	ਸੀਮਾਂਤ	ਛੋਟੇ	ਨੀਮ ਦਰਮਿਆਨੇ, ਦਰਮਿਆਨੇ ਅਤੇ ਵੱਡੇ	ਪਤਨੀ	ਮਾਂ	ਹੋਰ•	25 ਸਾਲ ਤੱਕ	25 ਤੋਂ 35 ਸਾਲ	35 ਤੋਂ 50 ਸਾਲ	50 ਤੋਂ 60 ਸਾਲ	60 ਸਾਲ ਤੋਂ ਵੱਧ
ਨਗਦ ਮੁਆਵਜ਼ਾ	ਗਿਣਤੀ	79	38	24	10	7	51	19	9	6	14	30	17	12
	ਕਾਲਮ ਦੀ ਫ਼ੀ ਸਦੀ	58.1%	66.7%	55.8%	55.6%	38.9%	55.4%	67.9%	56.3%	60.0%	45.2%	55.6%	73.9%	66.7%
ਵਿਧਵਾ ਪੈਨਸ਼ਨ	ਗਿਣਤੀ	29	10	12	2	5	24	4	1	1	9	14	2	3
	ਕਾਲਮ ਦੀ ਫ਼ੀ ਸਦੀ	21.3%	17.5%	27.9%	11.1%	27.8%	26.1%	14.3%	6.3%	10.0%	29.0%	25.9%	8.7%	16.7%
ਬੱਚਿਆਂ ਦੀ ਪੜ੍ਹਾਈ ਲਈ ਮਦਦ	ਗਿਣਤੀ	81	25	26	16	14	56	14	11	4	30	29	9	9
	ਕਾਲਮ ਦੀ ਫ਼ੀ ਸਦੀ	59.6%	43.9%	60.5%	88.9%	77.8%	60.9%	50.0%	68.8%	40.0%	96.8%	53.7%	39.1%	50.0%
ਪਰਿਵਾਰ ਦੇ ਮੈਂਬਰ ਨੂੰ ਰੋਜ਼ਗਾਰ	ਗਿਣਤੀ	91	38	29	11	13	69	10	12	9	20	41	15	6
	ਕਾਲਮ ਦੀ ਫ਼ੀ ਸਦੀ	66.9%	66.7%	67.4%	61.1%	72.2%	75.0%	35.7%	75.0%	90.0%	64.5%	75.9%	65.2%	33.3%

ਬੱਚਿਆਂ ਲਈ ਕਿੱਤਾਮੁਖੀ ਜਾਂ ਤਕਨੀਕੀ ਸਿਖਲਾਈ	ਗਿਣਤੀ	67	24	21	9	13	48	8	11	6	20	26	8	7
	ਕਾਲਮ ਦੀ ਫ਼ੀ ਸਦੀ	49.3%	42.1%	48.8%	50.0%	72.2%	52.2%	28.6%	68.8%	60.0%	64.5%	48.1%	34.8%	38.9%
ਕਰਜਾ ਮਾਫ਼ੀ	ਗਿਣਤੀ	76	29	25	8	14	51	17	8	7	14	33	9	13
	ਕਾਲਮ ਦੀ ਫ਼ੀ ਸਦੀ	55.9%	50.9%	58.1%	44.4%	77.8%	55.4%	60.7%	50.0%	70.0%	45.2%	61.1%	39.1%	72.2%
ਬਿਨਾਂ ਵਿਆਜ ਜਾਂ ਘੱਟ ਵਿਆਜ 'ਤੇ ਕਰਜੇ	ਗਿਣਤੀ	9	2	1	4	2	6	2	1	0	3	4	2	0
	ਕਾਲਮ ਦੀ ਫ਼ੀ ਸਦੀ	6.6%	3.5%	2.3%	22.2%	11.1%	6.5%	7.1%	6.3%	0.0%	9.7%	7.4%	8.7%	0.0%
ਕੁਲ	**ਗਿਣਤੀ**	136	57	43	18	18	92	28	16	10	31	54	23	18

• ਹੋਰਾਂ ਵਿਚ ਭੈਣ, ਧੀ, ਨੂੰਹ, ਨਣਦ ਸ਼ਾਮਲ ਹਨ।

ਨੋਟ : ਇੱਥੇ ਜੋੜ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਐਸਾ ਸਵਾਲ ਹੈ ਜਿਸ ਦੇ ਜਵਾਬ ਕਈ ਤਰ੍ਹਾਂ ਦੇ ਆਏ ਹਨ

ਅੰਤਿਕਾ

ਪੰਜਾਬ ਅੰਦਰ ਵਧ ਰਹੇ ਕਿਸਾਨ ਅੰਦੋਲਨ ਅਤੇ ਬੇਚੈਨੀ ਦਰਮਿਆਨ ਆਪਣਾ ਕੰਮ ਜਾਰੀ ਰੱਖਣਾ ਮੇਰੇ ਲਈ ਸਖ਼ਤ ਇਮਤਿਹਾਨ ਸੀ। ਮੈਂ ਤਾਂ ਕਿਸਾਨ ਜਥੇਬੰਦੀਆਂ ਦੀਆਂ ਉਨ੍ਹਾਂ ਸਰਗਰਮੀਆਂ ਦੇ ਸਿਲਸਿਲੇ ਨੂੰ ਸੰਖੇਪ ਰੂਪ 'ਚ ਦੇਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਜੋ ਕਿਸਾਨੀ ਦੀਆਂ ਵਾਹਦ ਸੰਗੀ ਹਨ। ਮਈ 2009 'ਚ ਮਾਨਸਾ, ਸੰਗਰੂਰ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਖੇਤ ਮਜ਼ਦੂਰਾਂ ਵਲੋਂ ਰੁਜ਼ਗਾਰ ਅਤੇ ਘਰਾਂ ਦੀ ਮੰਗ ਦ੍ਰਿੜਤਾ ਨਾਲ ਉਠਾਉਣ 'ਤੇ ਪੰਜਾਬ ਸਰਕਾਰ ਨੇ ਸਭ ਤੋਂ ਵਹਿਸ਼ੀ ਪ੍ਰਤੀਕਰਮ ਦਿਖਾਇਆ। 511 ਔਰਤਾਂ ਅਤੇ 42 ਬੱਚਿਆਂ ਸਮੇਤ 1300 ਤੋਂ ਵੱਧ ਮਜ਼ਦੂਰ ਪੰਜਾਬ ਦੀਆਂ ਜੇਲ੍ਹਾਂ ਵਿਚ ਡੱਕ ਦਿੱਤੇ ਗਏ।[1] ਇਹ ਰੋਸ ਪੰਜਾਬ ਸਰਕਾਰ ਵਲੋਂ ਨਰੇਗਾ ਦੇ 350 ਕਰੋੜ ਰੁਪਏ ਦੇ ਫੰਡ ਕੇਂਦਰ ਨੂੰ ਬਿਨਾਂ ਵਰਤੇ ਵਾਪਸ ਮੋੜਨ ਨਾਲ ਭੜਕਿਆ ਸੀ। ਸਰਕਾਰ ਦਲਿਤ ਮਜ਼ਦੂਰਾਂ ਨੂੰ ਘਰ ਬਣਾਉਣ ਲਈ 5 ਮਰਲੇ (150 ਵਰਗ ਗਜ਼) ਦੇ ਪਲਾਟ ਦੇਣ ਦਾ ਵਾਅਦਾ ਪੂਰਾ ਕਰਨ ਤੋਂ ਵੀ ਭੱਜ ਰਹੀ ਸੀ। 1961 ਦੇ ਜ਼ਮੀਨ ਚੱਕਬੰਦੀ ਕਾਨੂੰਨ 'ਚ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਖੇਤ ਮਜ਼ਦੂਰਾਂ ਨੂੰ ਖੇਤੀ ਕਰਨ ਲਈ ਠੇਕੇ 'ਤੇ ਦੇਣ ਦੀ ਵਿਵਸਥਾ ਹੈ। ਆਪਣਾ ਹੱਕ ਜਤਾਉਂਦਿਆਂ, ਖੇਤ ਮਜ਼ਦੂਰਾਂ ਨੇ ਇਸ ਜ਼ਮੀਨ ਉੱਪਰ ਕੋਠੇ ਬਣਾਕੇ ਰਹਿਣਾ ਸ਼ੁਰੂ ਕਰ ਦਿੱਤਾ। ਗ੍ਰਿਫ਼ਤਾਰੀਆਂ ਤੋਂ ਪਹਿਲਾਂ ਪ੍ਰਸ਼ਾਸਨ ਦੀ ਗਿਣੀ-ਮਿਥੀ ਹਮਾਇਤ ਨਾਲ ਉੱਚ ਜਾਤੀ ਭੋਂਇ ਸਰਦਾਰਾਂ ਵਲੋਂ ਦਲਿਤ ਮਜ਼ਦੂਰਾਂ ਦਾ ਸਮਾਜਿਕ ਬਾਈਕਾਟ ਜਥੇਬੰਦ ਕੀਤਾ ਗਿਆ। ਪ੍ਰਸ਼ਾਸਨ ਨੇ ਕੋਈ ਕਾਰਵਾਈ ਕਰਨ ਤੋਂ ਨਾਂਹ ਕਰ ਦਿੱਤੀ। ਪੰਜਾਬ 'ਚ ਮਜ਼ਦੂਰ ਮੁਕਤੀ ਮੋਰਚਾ ਅਤੇ ਸੀ ਪੀ ਆਈ (ਐੱਮ ਐੱਲ) (ਲਿਬਰੇਸ਼ਨ) ਦੇ ਲਗਭਗ ਸਾਰੇ ਕਾਰਕੁਨ ਅਤੇ ਆਗੂ ਜੇਲ੍ਹਾਂ 'ਚ ਡੱਕੇ ਹੋਏ ਸਨ। ਪੁਲਿਸ ਨੇ ਉਸ ਜ਼ਮੀਨ ਉੱਪਰੋਂ ਲੋਕਾਂ ਦੇ ਘਰ ਢਾਹਕੇ ਉਨ੍ਹਾਂ ਨੂੰ ਉਜਾੜ ਦਿੱਤਾ ਜਿੱਥੇ ਲੋਕਾਂ ਨੇ ਰੋਸ ਵਜੋਂ ਕੋਠੇ ਬਣਾਏ ਸਨ।[2]

ਮੇਰੇ ਪੂਰੇ ਅਧਿਐਨ ਦੌਰਾਨ, ਪ੍ਰਤੱਖ ਗੜਬੜ ਅਤੇ ਬੇਚੈਨੀ ਬਣੀ ਰਹੀ ਅਤੇ ਸਰਵੇਖਣ ਦੇ ਆਖ਼ਰੀ ਪੜਾਅ 'ਤੇ ਤਾਂ ਇਹ ਹੋਰ ਵੀ ਜ਼ਿਆਦਾ ਸੀ। ਸੁਖਬੀਰ-

---

1. http://www.petitiononline/aiala/petition.html ਨਾਂ ਦੀ ਵੈੱਬ ਸਾਈਟ ਉੱਪਰ ਜਥੇਬੰਦੀਆਂ ਵਲੋਂ ਕਿਸਾਨ ਪਰਿਵਾਰਾਂ ਦੀ ਖ਼ਲਾਸੀ ਲਈ ਪ੍ਰਧਾਨ ਮੰਤਰੀ ਨੂੰ ਮੁਖ਼ਾਤਬ ਆਨਲਾਈਨ ਦਰਖ਼ਾਸਤ। ਵੈੱਬ ਸਾਈਟ ਆਖ਼ਰੀ ਵਾਰ 10 ਜੂਨ 2010 ਨੂੰ ਖੋਲ੍ਹੀ ਗਈ।
2. ਰਾਧਿਕਾ ਮੈਨਨ ਦੀ ਈਮੇਲ, ਸੋਮਵਾਰ, 8 ਜੂਨ 2009.

ਕਾਲੀਆ ਰਿਪੋਰਟ ਵਾਪਸ ਲੈਣ ਦੀ ਮੰਗ ਕਰਦਿਆਂ ਹਜ਼ਾਰਾਂ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਨੇ ਜਗਰਾਓਂ ਦੀ ਦਾਣਾ ਮੰਡੀ 'ਚ ਬਹੁਤ ਵੱਡੀ ਰੈਲੀ ਕੀਤੀ।[3] ਪੰਜਾਬ ਰਾਜ ਬਿਜਲੀ ਬੋਰਡ ਵਲੋਂ ਕਿਸਾਨਾਂ ਤੋਂ ਵਸੂਲੇ ਜਾਂਦੇ ਬਿਜਲੀ ਦੇ ਖ਼ਰਚਿਆਂ 'ਚ ਵਾਧਾ ਕਰਨ ਦੇ ਉਦੇਸ਼ ਨਾਲ ਤਿਆਰ ਕੀਤੀ ਇਹ ਰਿਪੋਰਟ ਕਿਸਾਨਾਂ ਤੋਂ 18 ਫ਼ੀ ਸਦੀ ਲਾਗਤ ਖ਼ਰਚੇ, ਅਸਲ ਵਿਚ 50 ਰੁਪਏ ਪ੍ਰਤੀ ਬਰੇਕ ਹਾਰਸ ਪਾਵਰ, ਵਸੂਲਣਾ ਚਾਹੁੰਦੀ ਸੀ। ਇਸ ਨਾਲ ਰੋਸ ਭੜਕ ਉੱਠਿਆ ਕਿਉਂਕਿ ਕਿਸਾਨ ਜਥੇਬੰਦੀਆਂ ਖੇਤੀਬਾੜੀ ਦੀਆਂ ਲਾਗਤਾਂ ਵਿਚੋਂ ਸਰਕਾਰੀ ਸਬਸਿਡੀ ਵਾਪਸ ਲੈਣ ਦਾ ਵਿਰੋਧ ਕਰ ਰਹੀਆਂ ਸਨ।[4] ਜਗਰਾਓਂ ਦੇ ਇਕੱਠ 'ਚ 25,000 ਤੋਂ ਵੱਧ ਲੋਕ ਵਹੀਰਾਂ ਘੱਤ ਕੇ ਪਹੁੰਚੇ ਸਨ; ਔਰਤਾਂ ਦੀ ਗਿਣਤੀ ਗਿਣਨਯੋਗ ਤੌਰ 'ਤੇ ਵੱਧ ਸੀ। ਕਦੇ-ਕਦੇ ਤਾਂ ਇੰਞ ਲਗਦਾ ਸੀ ਜਿਵੇਂ ਖੇਤੀ ਲਈ ਕਰਜੇ ਅਤੇ ਜਿਣਸਾਂ ਦੇ ਘੱਟੋ-ਘੱਟ ਸਹਾਇਕ ਮੁੱਲ ਲਾਜ਼ਮੀ ਦੇਣ ਅਤੇ ਨਾਲ ਹੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਬੀ ਕੇ ਯੂ (ਉਗਰਾਹਾਂ) ਦੇ ਉੱਘੇ ਕਿਸਾਨ ਆਗੂ ਸਾਧੂ ਸਿੰਘ ਤਖਤੂਪੁਰਾ ਦੇ ਕਤਲ ਦੀ ਰੋਹ ਭਰਪੂਰ ਨਿਖੇਧੀ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਜਾਂਚ ਕਰਾਏ ਜਾਣ ਦੇ ਨਾਅਰਿਆਂ ਨਾਲ ਆਸਮਾਨ, ਖੇਤ, ਰੁਖ਼, ਘਾਹ ਅਤੇ ਪੱਥਰ ਸਭ ਕੁਝ ਗੂੰਜ ਰਿਹਾ ਹੈ। ਇਹ ਵਿਸ਼ਾਲ ਸਾਂਝੀ ਰੈਲੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਹੋਰ ਮੁਲਾਜ਼ਮਾਂ ਦੀ ਨੁਮਾਇੰਦਗੀ ਕਰਦੀਆਂ 22 ਜਥੇਬੰਦੀਆਂ ਵਲੋਂ ਜਥੇਬੰਦ ਕੀਤੀ ਗਈ ਸੀ। ਮਤੇ ਪਾਸ ਕੀਤੇ ਗਏ ਅਤੇ ਪੰਜਾਬ ਦੇ ਵੱਖੋ ਵੱਖਰੇ ਹਿੱਸਿਆਂ 'ਚ 25, 26 ਅਤੇ 27 ਮਾਰਚ ਤੱਕ ਸਾਂਝਾ ਵਿਰੋਧ ਜਾਰੀ ਰੱਖਣ ਦੀ ਮੁਹਿੰਮ ਉਲੀਕੀ ਗਈ। ਪਰ, ਇਸ ਤੋਂ ਬਾਅਦ ਜਬਰ ਦਾ ਸਿਲਸਿਲਾ ਵਿੱਢ ਦਿੱਤਾ ਗਿਆ। ਜਦੋਂ ਸਾਥੀ ਕੁਝ ਆਖ਼ਰੀ ਮੁਲਾਕਾਤਾਂ ਦਾ ਇੰਤਜ਼ਾਮ ਕਰਨ 'ਚ ਮੇਰੀ ਸਹਾਇਤਾ ਕਰ ਰਹੇ ਸਨ, ਇਸੇ ਦੌਰਾਨ ਉਨ੍ਹਾਂ ਨੂੰ ਇਨ੍ਹਾਂ ਸਮਾਗਮਾਂ ਤੋਂ ਪਹਿਲਾਂ ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਦੇ ਦਬਾਅ ਪਾਊ ਹੱਥਕੰਡਿਆਂ ਨਾਲ ਵੀ ਨਜਿੱਠਣਾ ਪੈ ਰਿਹਾ ਸੀ। 22 ਅਤੇ 23 ਮਾਰਚ ਨੂੰ ਬੀ ਕੇ ਯੂ (ਡਕੌਂਦਾ) ਦੇ ਪ੍ਰਧਾਨ ਬਲਕਾਰ ਸਿੰਘ ਡਕੌਂਦਾ ਅਤੇ ਡਾ. ਦਰਸ਼ਨਪਾਲ ਸਮੇਤ ਅਨੇਕਾਂ ਕਿਸਾਨ ਆਰਗੇਨਾਈਜ਼ਰਾਂ ਅਤੇ ਸਰਗਰਮ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵੱਖੋ-ਵੱਖਰੇ ਜ਼ਿਲ੍ਹਿਆਂ 'ਚ 600 ਕਿਸਾਨ ਆਰਗੇਨਾਈਜ਼ਰਾਂ ਨੂੰ ਗ੍ਰਿਫ਼ਤਾਰ ਕਰਕੇ 30

---

3. ਕੰਚਨ ਵਾਸਦੇਵ ਦੀ ਲਿਖਤ ਕਿਸਾਨਾਂ ਵਲੋਂ ਸੁਖਬੀਰ-ਕਾਲੀਆ ਰਿਪੋਰਟ ਵਾਪਸ ਲੈਣ ਦੀ ਮੰਗ, ਦੀ ਟ੍ਰਿਬਿਊਨ 16 ਮਾਰਚ 2010, ਚੰਡੀਗੜ੍ਹ।

4. ਵਿਵਾਦਪੂਰਨ ਰਿਪੋਰਟ ਵਲੋਂ ਲਾਜ਼ਮੀ ਬਣਾ ਦਿੱਤੀ ਗਈ ਇਹ ਲੋੜ ਸੰਸਾਰ ਬੈਂਕ ਵਰਗੀਆਂ ਕੌਮਾਂਤਰੀ ਸੰਸਥਾਵਾਂ ਤੋਂ ਫੰਡ ਹਾਸਲ ਕਰਨ 'ਚ ਸਹਾਈ ਹੋਵੇਗੀ ਅਤੇ ਇਹ ਫ਼ਸਲਾਂ ਦਾ ਘੱਟੋਘੱਟ ਸਹਾਇਕ ਮੁੱਲ ਹਾਸਲ ਕਰਨ 'ਚ ਕਿਸਾਨਾਂ ਦੀ ਸਹਾਇਤਾ ਕਰੇਗੀ, ਕਿਉਂਕਿ ਮੁਫ਼ਤ ਬਿਜਲੀ ਖੇਤੀਬਾੜੀ ਲਾਗਤ ਅਤੇ ਕੀਮਤ ਕਮਿਸ਼ਨ ਵਲੋਂ ਲਾਗਤ ਖ਼ਰਚਿਆਂ 'ਚ ਫੈਕਟਰ ਨਹੀਂ ਮੰਨਿਆ ਜਾਂਦਾ। *ਇੰਡੀਅਨ ਐਕਸਪ੍ਰੈੱਸ* 21 ਜਨਵਰੀ 2010, ਸੁਖਦੀਪ ਕੌਰ ਦੀ ਰਿਪੋਰਟ ਸੁਖਬੀਰ-ਕਾਲੀਆ ਰਿਪੋਰਟ ਕਿਸਾਨਾਂ ਲਈ ਖੰਡ 'ਚ ਲਪੇਟੀ ਕੌੜੀ ਗੋਲੀ। http://www.indianexpress.com/story-print/569808. ਵੈੱਬ ਸਾਈਟ ਆਖ਼ਰੀ ਵਾਰ 10 ਮਾਰਚ 2010 ਨੂੰ ਦੇਖੀ ਗਈ।

ਮਾਰਚ ਤੱਕ ਜੇਲ੍ਹਾਂ ਵਿਚ ਰੱਖਿਆ ਗਿਆ। ਪੰਜਾਬ ਰਾਜ ਦਾ ਵਹਿਸ਼ੀ ਪੰਜਾ ਵਿਰੋਧ ਨੂੰ ਦਬਾਉਣ ਲਈ ਲਗਾਤਾਰ ਜੁੱਟਿਆ ਹੋਇਆ ਹੈ। ਫੇਰ ਵੀ, ਕਿਸਾਨ ਜਥੇਬੰਦੀਆਂ ਦੇ ਸਾਂਝੇ ਪ੍ਰੋਗਰਾਮਾਂ ਦਾ ਸਿਲਸਿਲਾ ਵੀ ਜਾਰੀ ਹੈ, ਜਿਸਨੇ 2010 ਤੋਂ ਜ਼ੋਰ ਫੜਿਆ ਹੋਇਆ ਹੈ।

ਕਿਸਾਨਾਂ ਦੀਆਂ ਰੈਲੀਆਂ ਅਤੇ ਮੁਜ਼ਾਹਰਿਆਂ 'ਚ ਔਰਤਾਂ ਵੀ ਵੱਡੀ ਤਾਦਾਦ 'ਚ ਸ਼ਾਮਲ ਹੋ ਰਹੀਆਂ ਹਨ। ਫੇਰ ਵੀ, ਜ਼ਰੱਈ ਸੰਕਟ ਦੀ ਤਬਾਹੀ ਨੂੰ ਮੁਖ਼ਾਤਬ ਹੋਣ ਵਾਲੀਆਂ ਇਨ੍ਹਾਂ ਰੈਲੀਆਂ ਅਤੇ ਸਿਆਸੀ ਇਕੱਠਾਂ 'ਚ ਵੀ ਔਰਤਾਂ 'ਤੇ ਅਸਰ ਪਾਉਣ ਵਾਲੇ ਮੁੱਦੇ ਉਵੇਂ ਹੀ ਅਜੀਬ ਖ਼ਾਮੋਸ਼ੀ ਦਾ ਸ਼ਿਕਾਰ ਹੁੰਦੇ ਹਨ। ਇਹ ਖ਼ਾਮੋਸ਼ੀ ਰਿਸ ਰਿਸਕੇ ਹਰੇਕ ਤਬਕੇ ਤੱਕ ਜਾ ਪਹੁੰਚਦੀ ਹੈ, ਜਿਥੇ ਬੇਬਾਕ ਔਰਤ, ਜੇ ਝਿੜਕਣ ਦੀ ਸ਼ਿਕਾਰ ਨਹੀਂ ਤਾਂ ਇਕ ਵਿਸ਼ੇਸ਼ ਮਾਮਲਾ ਹੀ ਹੈ ਜਾਂ ਉਹ ਵੱਧ ਤੋਂ ਵੱਧ ਔਰਤਾਂ ਨੂੰ ਲਾਮਬੰਦ ਕਰਨ ਲਈ ਪਿੰਡ ਜਾਂ ਜ਼ਿਲ੍ਹਾ ਪੱਧਰ ਦੀ ਆਰਗੇਨਾਈਜ਼ਰ ਹੈ। ਜਿਹੜੀਆਂ ਔਰਤਾਂ ਕੋਲ ਜ਼ਮੀਨ ਦੀ ਮਾਲਕੀ ਵੀ ਹੈ ਉਹ ਵੀ ਕੋਈ ਲਾਭ ਲੈਣ ਤੋਂ ਬਗ਼ੈਰ ਹੀ ਬੋਝ ਹੀ ਢੋਂਦੀਆਂ ਹਨ। ਇਕ ਵਸੀਲੇ ਅਤੇ ਪਛਾਣ ਵਜੋਂ ਜ਼ਮੀਨ ਨਾਲ ਬੁਨਿਆਦੀ ਰਿਸ਼ਤਾ, ਜੋ ਸਮਾਜਿਕ ਅਤੇ ਆਰਥਕ ਦੋਵੇਂ ਤਰ੍ਹਾਂ ਭਲਾਈ ਨੂੰ ਨਿਰਧਾਰਤ ਕਰਦਾ ਹੈ, ਤਿੜਕ ਜਾਂਦਾ ਹੈ। ਔਰਤਾਂ ਇਕੋ ਇਕ ਕਮਾਊ ਦੀ ਭੂਮਿਕਾ ਅਖ਼ਤਿਆਰ ਕਰ ਲੈਂਦੀਆਂ ਹਨ ਅਤੇ ਦੇਖਭਾਲ ਦਾ ਕੰਮ ਵੀ ਜਾਰੀ ਰੱਖਦੀਆਂ ਹਨ; ਬਦਲੇ ਹੋਏ ਦ੍ਰਿਸ਼ ਅੰਦਰ ਹੋਰ ਕੋਈ ਇਹ ਭੂਮਿਕਾ ਅਖ਼ਤਿਆਰ ਕਰਨ ਵਾਲਾ ਨਹੀਂ ਹੁੰਦਾ। ਪਿਤਰੀ ਸੱਤਾ ਦਾ ਨਮੂਨਾ ਇਨ੍ਹਾਂ ਔਰਤਾਂ ਦੀ ਜਿਊਂਦੀ ਜਾਗਦੀ ਹਕੀਕਤ ਨੂੰ ਬਿਆਨ ਕਰਦਾ ਹੈ ਜੋ ਮੁੰਡਾ ਜੰਮਣ ਨੂੰ ਤਰਜੀਹ ਦੇਣ, ਜ਼ਮੀਨ ਅਤੇ ਜਾਇਦਾਦ ਦੇ ਹੱਕਾਂ ਰਾਹੀਂ ਔਰਤਾਂ ਦੇ ਅਧੀਨ ਰੁਤਬੇ ਨੂੰ ਬਰਕਰਾਰ ਰੱਖਦੀ ਹੈ। ਰਾਜ ਅਤੇ ਨਾਲ ਹੀ ਕਿਸਾਨ ਜਥੇਬੰਦੀਆਂ ਦੇ ਏਜੰਡੇ 'ਤੇ ਔਰਤਾਂ ਨੂੰ ਲਿਆਉਣ ਲਈ ਔਰਤਾਂ ਵਲੋਂ ਔਰਤਾਂ ਨੂੰ ਸਮੁੱਚੇ ਪ੍ਰਸੰਗ 'ਚ ਜਥੇਬੰਦ ਕਰਨ ਦੀ ਲੋੜ ਹੈ। ਇਸ ਨਾਲ ਕਿਸਾਨ ਲਹਿਰਾਂ ਹੋਰ ਭਰਪੂਰ ਹੋਣਗੀਆਂ ਅਤੇ ਇਹ ਪੰਜਾਬ ਵਿਚ ਜ਼ਰੱਈ ਸੰਕਟ ਦੇ ਬਹੁ-ਦਿਸ਼ਾਵੀ ਅਸਰ ਨੂੰ ਉਜਾਗਰ ਕਰੇਗਾ। ਕਿਸਾਨ ਯੂਨੀਅਨਾਂ ਨੇ ਚੌੜੇ ਦਾਇਰੇ ਵਾਲੇ ਉਨ੍ਹਾਂ ਮੁੱਦਿਆਂ ਨੂੰ ਪਛਾਨਣਾ ਸ਼ੁਰੂ ਕਰ ਦਿੱਤਾ ਹੈ ਜਿਨ੍ਹਾਂ ਨੂੰ ਮੁਖ਼ਾਤਬ ਹੋਣਾ ਹੋਵੇਗਾ। ਬਠਿੰਡਾ ਜ਼ਿਲ੍ਹੇ ਵਿਚ ਬੀ ਕੇ ਯੂ (ਏਕਤਾ-ਉਗਰਾਹਾਂ) ਦੇ ਸਾਥੀਆਂ ਨੇ ਮੈਨੂੰ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਸਿਰਫ਼ ਆਮ ਆਰਥਕ ਮੁੱਦਿਆਂ ਅਤੇ ਸਰਕਾਰ ਨੂੰ ਮੰਗ-ਪੱਤਰ ਦੇਣ ਤੱਕ ਸੀਮਤ ਰਹਿਣ ਤੋਂ ਅੱਗੇ ਵਧਣ ਦੀ ਲੋੜ ਹੈ। ਉਹ ਦਾਜ, ਨਸ਼ਿਆਂ ਦੀ ਲਾਹਣਤ ਅਤੇ ਲਿੰਗ ਨਿਰਧਾਰਨ ਟੈਸਟਾਂ ਵਿਰੁੱਧ ਮੁਹਿਮ ਚਲਾਉਣ ਲਈ ਨਵੇਂ ਮੁੱਦਿਆਂ ਨੂੰ ਉਠਾਉਣ ਦੀ ਵਿਉਂਤ ਬਣਾ ਰਹੇ ਹਨ। ਇਸ ਜ਼ਿਲ੍ਹੇ ਵਿਚ ਨੌਜਵਾਨ ਕੁੜੀਆਂ ਦੀ ਸ਼ਮੂਲੀਅਤ ਗਿਣਨਯੋਗ ਰੂਪ 'ਚ ਵੱਧ ਹੈ; ਅਜਿਹੀ ਸ਼ਮੂਲੀਅਤ ਤੋਂ ਲਹਿਰ ਨੂੰ ਨਵੀਂ ਦਿਸ਼ਾ ਦੇਣ ਦੀ ਆਸ ਵੀ ਬੱਝਦੀ ਹੈ। ਪੰਜਾਬ ਅੰਦਰ, ਨਵੇਂ ਭਵਿੱਖ ਦੇ ਦਿਸਹੱਦਿਆਂ ਦਾ ਤੈਅ ਹੋਣਾ ਕਿਸਾਨ ਔਰਤਾਂ ਉੱਪਰ ਕਾਫ਼ੀ ਨਿਰਭਰ ਕਰਦਾ ਹੈ।

ਹੁਣ ਤੱਕ ਪੰਜਾਬ ਵਿਚ ਔਰਤਾਂ ਦੀ ਜੋ ਹਕੀਕਤ ਬਿਆਨ ਕੀਤੀ ਗਈ ਹੈ ਇਹ ਇਕ ਸੂਖ਼ਮ ਵਿਥਿਆ ਨੂੰ ਪੇਸ਼ ਕਰਨ ਦਾ ਨਿੱਕਾ ਜਿਹਾ ਯਤਨ ਹੈ। ਇਹ ਵੱਖੋ-ਵੱਖਰੇ

ਸਮਾਜੀ ਅਤੇ ਸੱਭਿਆਚਾਰਕ ਮਾਹੌਲ ਵਾਲੀਆਂ ਔਰਤਾਂ ਹੀ ਹਨ ਜਿਨ੍ਹਾਂ ਨੂੰ ਬੇਦਖ਼ਲੀ ਅਤੇ ਵਾਂਝੇਪਣ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵ-ਉਦਾਰਵਾਦੀ ਨਿਜ਼ਾਮ ਵਲੋਂ ਵਿੱਢੀਆਂ ਗਈਆਂ ਤਬਦੀਲੀਆਂ ਔਰਤਾਂ ਤੋਂ ਆਪਣੀਆਂ ਜ਼ਿੰਦਗੀਆਂ ਨੂੰ ਅੱਗੇ ਵਧਾ ਸਕਣ ਦੀਆਂ ਸੰਭਾਵਨਾਵਾਂ ਖੋਹ ਰਹੀਆਂ ਹਨ। ਇਸ ਦੀ ਮਿਸਾਲ ਹੈ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਮਜ਼ਦੂਰ ਜਮਾਤ ਦੀਆਂ ਔਰਤਾਂ ਉੱਪਰ ਫੈਕਟਰੀਆਂ ਬੰਦ ਹੋਣ ਜਾਂ ਝੁੱਗੀਆਂ-ਝੌਂਪੜੀਆਂ 'ਚੋਂ ਬੇਦਖ਼ਲ ਕੀਤੇ ਜਾਣ ਦਾ ਅਸਰ। ਇਹ ਛੱਤੀਸਗੜ੍ਹ, ਉੜੀਸਾ, ਝਾਰਖੰਡ ਅਤੇ ਹੋਰ ਸੂਬਿਆਂ ਅੰਦਰ ਰਾਜ ਅਤੇ ਖਾਣਾਂ ਖੋਦਣ ਵਾਲੀਆਂ ਕਾਰਪੋਰੇਸ਼ਨਾਂ ਵਲੋਂ ਜਬਰੀ ਜ਼ਮੀਨ ਅਤੇ ਹੋਰ ਕੁਦਰਤੀ ਵਸੀਲੇ ਖੋਹਣ ਵਿਰੁੱਧ ਆਦਿਵਾਸੀਆਂ ਅਤੇ ਦਲਿਤ ਔਰਤਾਂ ਦੇ ਉਜਾੜੇ ਖ਼ਿਲਾਫ਼ ਘੋਲਾਂ ਦੇ ਪ੍ਰਸੰਗ 'ਚ ਵੀ ਸੱਚ ਹੈ। ਦੇਸ਼ ਵਿਚ ਵਧ ਰਹੇ ਪ੍ਰੋਲੇਤਾਰੀਕਰਨ ਦੇ ਪ੍ਰਸੰਗ 'ਚ, ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਅਤੇ ਵਸੀਲਿਆਂ ਤੋਂ ਹਿੰਸਕ ਢੰਗ ਨਲ ਜੁਦਾ ਕੀਤਾ ਅਤੇ ਉਜਰਤੀ ਮਜ਼ਦੂਰ ਬਣਾਇਆ ਜਾ ਰਿਹਾ ਹੈ। ਅਤੇ ਇੱਥੋਂ ਤੱਕ ਕਿ ਉਜਰਤੀ ਮਜ਼ਦੂਰੀ ਹਾਸਲ ਕਰਨੀ ਵੀ ਮੁਸ਼ਕਲ ਹੋ ਗਈ ਹੈ। ਜ਼ਮੀਨ ਜਾਂ ਕੁਦਰਤੀ ਵਸੀਲਿਆਂ ਉੱਪਰ ਨਿਰਭਰਤਾ ਜਿੰਨੀ ਅੱਜ ਹੈ ਪਹਿਲਾਂ ਕਦੇ ਵੀ ਨਹੀਂ ਰਹੀ। ਸਾਂਝੇ ਵਸੀਲਿਆਂ ਉੱਪਰ ਹੱਕਾਂ ਅਤੇ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਉੱਪਰ ਟੇਕ ਦੀ ਐਸੀ ਖਾੜਕੂ ਹੱਕ ਜਤਾਈ ਕਰਨ ਦੀ ਲੋੜ ਹੈ ਜੋ ਹੁਣ ਤੱਕ ਦੇਖਣ 'ਚ ਨਹੀਂ ਆਈ। ਕੁਲ ਜ਼ਰੂਰਤਾਂ ਦੀ ਪੂਰਤੀ ਲਈ ਨਗਦਨਾਮੇ ਉੱਪਰ ਵਧ ਰਹੀ ਨਿਰਭਰਤਾ ਨਾਲ ਜ਼ਰੱਈ ਮਾਹੌਲ 'ਚ ਮਦਦ ਦੇ ਉਪਰਾਲਿਆਂ ਦੀ ਹਾਲਤ ਹੋਰ ਵੀ ਭੈੜੀ ਹੋ ਰਹੀ ਹੈ। ਦਾਜ ਅਤੇ ਵਿਆਹ ਜਿਹੇ ਜਾਬਰ ਅਮਲਾਂ ਜਾਂ ਰਾਜ ਵਲੋਂ ਸਿੱਖਿਆ ਜਾਂ ਸਿਹਤ ਸੇਵਾਵਾਂ ਮੁਹੱਈਆ ਕਰਨ ਦੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਤੋਂ ਭੱਜਣ ਦੀ ਹਾਲਤ 'ਚ ਇਨ੍ਹਾਂ ਲੋੜਾਂ ਦੀ ਪੂਰਤੀ ਖ਼ਾਤਰ ਕਰਜਾਈਪਣ ਵਧ ਰਿਹਾ ਹੈ।

ਬਹੁਗਿਣਤੀ ਦੇ ਗੁਜ਼ਾਰੇ ਦੇ ਸਾਧਨ ਖੋਹੇ ਜਾਣ ਦੇ ਇਸ ਮੁਸ਼ਕਲਾਂ ਭਰੇ ਪ੍ਰਸੰਗ 'ਚ, ਖ਼ਾਸ ਕਰਕੇ ਵਧ ਰਹੇ ਬੇਜ਼ਮੀਨੇਪਣ ਦੀ ਹਾਲਤ ਵਿਚ ਬੰਦਾ ਹੈਰਾਨ ਰਹਿ ਜਾਂਦਾ ਹੈ ਕਿ ਸਭ ਤੋਂ ਵੱਧ ਅਗਾਂਹਵਧੂ ਵਿਅਕਤੀਆਂ ਵਲੋਂ ਵੀ ਦਾਜ ਪ੍ਰਥਾ ਕਿਵੇਂ ਅਤੇ ਕਿਉਂ ਬਿਨਾ ਕਿੰਤੂ-ਪ੍ਰੰਤੂ ਜਾਰੀ ਰੱਖੀ ਜਾ ਰਹੀ ਹੈ। ਜੇ ਇਹ ਧਨਾਢ ਅਤੇ ਉੱਚੀਆਂ ਜਾਤਾਂ ਦੇ ਅਮਲਾਂ ਦੀ ਰੀਸ ਹੈ ਤਾਂ ਸਾਨੂੰ ਐਸੀ ਵਿਸ਼ਾਲ ਸਿਆਸਤ ਬਾਰੇ ਸੋਚਣ ਦੀ ਲੋੜ ਹੈ ਜੋ ਕਿਸਾਨ ਪਰਿਵਾਰ ਨੂੰ ਪ੍ਰਭਾਵਤ ਕਰੇ ਅਤੇ ਖੇਤ ਮਜ਼ਦੂਰ ਲਹਿਰਾਂ ਅਤੇ ਕਿਸਾਨ ਲਹਿਰਾਂ ਨੂੰ ਸੌੜੀਆਂ ਆਰਥਕਵਾਦੀ ਮੰਗਾਂ 'ਚੋਂ ਬਾਹਰ ਕੱਢ ਸਕੇ। ਬਰਾਬਰਤਾ ਦੀ ਪ੍ਰਾਪਤੀ ਲਈ, ਸਮਾਜਿਕ ਢਾਂਚਿਆਂ ਨੂੰ ਉਖਾੜਨਾ ਹੋਵੇਗਾ, ਭਾਵੇਂ ਇਸ ਦਾ ਅਰਥ ਜਾਇਦਾਦ ਮਾਲਕ ਹਿੱਸਿਆਂ ਦੀਆਂ ਵਿਸ਼ੇਸ਼ ਸਹੂਲਤਾਂ ਖੋਹਣਾ ਹੋਵੇ ਜੋ ਕੁਝ ਔਰਤਾਂ ਨੂੰ ਪਿਤਰੀ ਸੱਤਾ ਦੀ ਸੁਰੱਖਿਆ ਜ਼ਰੀਏ ਮਿਲੀਆਂ ਹੋਈਆਂ ਹਨ। ਅਗਾਂਹਵਧੂ ਨਜ਼ਰੀਏ—ਮਾਰਕਸਵਾਦੀ, ਨਾਰੀਵਾਦੀ ਜਾਂ ਸਮਾਜਵਾਦੀ—ਤੋਂ ਵਿਸ਼ੇਸ਼ ਅਧਿਕਾਰਾਂ 'ਤੇ ਅਧਾਰਤ ਢਾਂਚੇ ਦੇ ਥੰਮਾਂ ਨੂੰ ਵੰਗਾਰਨ ਨਾਲ ਅਸੀਂ ਐਸੇ ਢੰਗ-ਤਰੀਕੇ ਲੱਭਣ ਵੱਲ ਵਧਾਂਗੇ ਜੋ ਮਜ਼ਦੂਰ ਜਮਾਤ ਅਤੇ ਕਿਸਾਨ ਔਰਤਾਂ ਦੀਆਂ ਤਰੱਕੀ ਦੀਆਂ ਸੰਭਾਵਨਾਵਾਂ ਨੂੰ ਵਧਾਉਣ। ਜ਼ਮੀਨੀ ਸੁਧਾਰਾਂ ਅਤੇ ਜ਼ਰੱਈ ਤਬਦੀਲੀ ਦੇ ਮੁੱਦਿਆਂ

ਨੂੰ ਮੁਖ਼ਾਤਬ ਹੁੰਦੇ ਹੋਏ ਵੀ ਸਾਨੂੰ ਉਨ੍ਹਾਂ ਢਾਂਚਿਆਂ ਨੂੰ ਚੁਣੌਤੀ ਦੇਣ ਦੀ ਲੋੜ ਹੈ ਜਿਨ੍ਹਾਂ ਨੇ ਔਰਤਾਂ ਨੂੰ ਅਧੀਨ ਬਣਾਈ ਰੱਖਿਆ ਹੈ। ਨਹੀਂ ਤਾਂ ਇਹ ਮਰਦ ਦੀ ਚੌਧਰ ਨੂੰ ਬੁਲੰਦ ਕਰਨ ਵਾਲੇ ਸਾਡੇ ਹਾਕਮਾਂ, ਨੀਤੀ ਘਾੜਿਆਂ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਦੇ ਜਾਇਦਾਦ ਬਾਰੇ ਪੈਂਤੜੇ ਵਰਗਾ ਹੀ ਪੈਂਤੜਾ ਹੋਵੇਗਾ। ਔਰਤਾਂ ਨੂੰ ਖੇਤੀਬਾੜੀ ਵਾਲੀ ਜ਼ਮੀਨ ਦਾ ਹੱਕ ਦਿੱਤੇ ਜਾਣ ਦੇ ਡਰ ਦਾ ਸਿੱਟਾ ਜ਼ਮੀਨ ਦੀ ਹੋਰ ਵੰਡ ਹੋਣ ਨੂੰ ਨਹੀਂ ਰੋਕ ਸਕਿਆ। ਜੱਦੀ ਲੀਹਾਂ 'ਤੇ ਅਧਾਰਤ ਜਾਇਦਾਦ ਦੇ ਵਿਅਕਤੀਗਤ ਹੱਕਾਂ ਨੂੰ ਮੁਖ਼ਾਤਬ ਹੋਣ ਦੀ ਲੋੜ ਹੈ, ਖ਼ਾਸ ਕਰਕੇ ਸਮੂਹਕ ਰੂਪ 'ਚ ਕਿਸਾਨੀ ਦੀ ਸਵੈਸਿਧੀ ਲਈ। ਫੌਰੀ ਮੰਗਾਂ ਨੂੰ ਬਰਾਬਰੀ ਅਧਾਰਤ ਸਮਾਜ ਦੇ ਲੰਮੇ ਦਾਅ ਦੇ ਹਿਤਾਂ ਨਾਲ ਸੁਮੇਲਣ ਦੀ ਲੋੜ ਹੈ। ਨਹੀਂ ਤਾਂ ਇਹ ਬੇਮੇਲ ਕੋਸ਼ਿਸ਼ਾਂ ਅਕਸਰ ਹੀ ਐਸੀ ਆਰਥਿਕਤਾ ਅਤੇ ਸਮਾਜ ਦੇ ਹੱਥਾਂ 'ਚ ਖੇਡ੍ਹਣ ਦਾ ਸਾਧਨ ਬਣ ਜਾਣਗੀਆਂ ਜਿਸ ਵਿਚ ਸੰਘਰਸ਼ਸ਼ੀਲ ਔਰਤਾਂ ਲਈ ਕੋਈ ਥਾਂ ਨਹੀਂ ਹੈ। ਇਹ ਥਾਂ ਅਗਾਂਹਵਧੂ ਜਨਤਕ ਲਹਿਰਾਂ ਵਿਚ ਵੀ ਹੱਥੋਂ ਨਿਕਲਦੀ ਜਾਂਦੀ ਹੈ ਕਿਉਂਕਿ ਸੰਸਥਾਕਰਨ ਕਰ ਦਿੱਤੇ ਗਏ ਵਿਆਹ ਅਤੇ ਨਿੱਜੀ ਜਾਇਦਾਦ ਦੀ ਧੌਂਸ ਨੂੰ ਮੁਖ਼ਾਤਬ ਹੋਏ ਬਿਨਾ ਦਾਜ ਨੂੰ ਸੰਬੋਧਤ ਹੋਣਾ ਮੁਸ਼ਕਲ ਹੈ। ਔਰਤ ਲਹਿਰ ਨੂੰ ਉਹ ਜਮਾਤੀ ਅਤੇ ਜਾਤਪਾਤੀ ਰੋਕਾਂ ਦੂਰ ਕਰਨੀਆਂ ਹੋਣਗੀਆਂ ਜੋ ਤੇਜ਼ੀ ਨਾਲ ਔਰਤਾਂ 'ਚ ਵੰਡੀਆਂ ਪਾ ਰਹੀਆਂ ਹਨ। ਅਤੇ ਕਿਸਾਨ ਲਹਿਰਾਂ ਅਤੇ ਹੋਰ ਮਜ਼ਦੂਰ ਜਮਾਤ ਲਹਿਰਾਂ ਨੂੰ ਪਿਤਰੀ ਸੱਤਾ ਅਤੇ ਉਸ ਬੋਝ ਨੂੰ ਸੰਬੋਧਤ ਹੋਣਾ ਹੋਵੇਗਾ ਜੋ ਇਹ ਇਨ੍ਹਾਂ ਹਿੱਸਿਆਂ ਦੇ ਮਰਦਾਂ ਉੱਪਰ ਲੱਦਦੀ ਹੈ। ਜਾਇਦਾਦ ਦੇ ਜਗੀਰੂ ਰਿਸ਼ਤਿਆਂ ਵਾਲੇ ਸਮਾਜ ਅੰਦਰ ਜਿਵੇਂ ਵਿਆਹ ਅਤੇ ਪਰਿਵਾਰ ਅਮਲ 'ਚ ਆਉਂਦਾ ਹੈ ਇਸ ਦੀ ਜਾਇਜ਼ ਅਲੋਚਨਾ ਲਈ ਜ਼ਮੀਨ ਤਿਆਰ ਕਰਨ ਦੇ ਕਾਰਜ ਨੂੰ ਸਿਆਸੀ ਅਮਲ 'ਚ ਬਦਲਣਾ ਹੋਵੇਗਾ। ਅਜਿਹੇ ਅਮਲ 'ਚ ਪਰਿਵਾਰ ਦੀਆਂ ਉਨ੍ਹਾਂ ਮਿੱਥਾਂ ਦੇ ਸਹੀ ਬਦਲ ਪੈਦਾ ਕਰਨ ਦੀ ਗੁੰਜ਼ਾਇਸ਼ ਸਮੋਈ ਹੋਵੇਗੀ ਜਿਨ੍ਹਾਂ ਨੇ ਐਨੇ ਬੇਸ਼ੁਮਾਰ ਪਰਿਵਾਰਾਂ 'ਚ ਤਬਾਹੀ ਮਚਾ ਰੱਖੀ ਹੈ ਅਤੇ ਇਸ ਜ਼ਰੀਏ ਸਮੁੱਚੇ ਰੂਪ 'ਚ ਔਰਤਾਂ ਦਾ ਅਧੀਨ ਦਰਜ਼ਾ ਕਾਇਮ ਰੱਖਿਆ ਜਾ ਰਿਹਾ ਹੈ।

ਰਾਜ ਅਤੇ ਸਰਮਾਏ ਦੀਆਂ ਕਾਰਜ ਪ੍ਰਣਾਲੀਆਂ ਵਿਰੁੱਧ ਸਮੁੱਚੇ ਭਾਈਚਾਰੇ ਦੇ ਵੱਧ ਵਿਆਪਕ ਵਿਰੋਧ ਅੰਦਰ, ਪਿਤਰੀ ਸੱਤਾ ਦੀ ਬਣਤਰ ਦੀ ਕਠੋਰਤਾ ਜੋ ਇਨ੍ਹਾਂ ਨਵੇਂ ਅਤੇ ਤੇਜ਼ੀ ਨਾਲ ਬਦਲ ਰਹੇ ਦ੍ਰਿਸ਼ਾਂ 'ਚ ਹੋਰ ਮਜ਼ਬੂਤ ਹੋ ਰਹੀ ਹੈ ਵੱਲ ਬਹੁਤ ਘੱਟ ਤਵੱਜੋਂ ਦਿੱਤੀ ਜਾਂਦੀ ਹੈ। ਟਾਕਰਾ ਲਹਿਰਾਂ ਨੂੰ ਔਰਤਾਂ ਅਤੇ ਬੱਚਿਆਂ, ਬਜ਼ੁਰਗਾਂ ਅਤੇ ਅਪਾਹਜਾਂ, ਘਰ ਦੇ ਅਤੇ ਘਰੋਂ ਬਾਹਰਲੇ ਸੰਸਾਰ ਨਾਲ ਸਬੰਧਤ ਮੁੱਦਿਆਂ ਨੂੰ ਮੁਖ਼ਾਤਬ ਹੋਣ ਦੀ ਲੋੜ ਹੈ। ਹੁਣ ਸਹੀ ਵਕਤ ਹੈ ਕਿ ਅਸੀਂ ਵੀ ਇਹ ਨਿਖੇੜਾ ਮਿਟਾ ਦੇਈਏ ਕਿ ਇਕ ਹਾਲਤ ਜਾਂ ਮਸਲਿਆਂ ਦਾ ਸਮੂਹ ਔਰਤਾਂ ਦਾ ਮੁੱਦਾ ਹੈ ਜਾਂ ਜਮਾਤੀ ਮੁੱਦਾ। ਇਕ ਪਾਸੇ, ਔਰਤਾਂ ਦੀ ਲਹਿਰ ਨੂੰ ਜਾਤਪਾਤ, ਜਮਾਤ ਅਤੇ ਜਿਣਸੀ ਹਸਤੀ ਦੀਆਂ ਵਿਰੋਧਤਾਈਆਂ ਨੂੰ ਮੁਖ਼ਾਤਬ ਹੋਣ ਦੀ ਲੋੜ ਹੈ। ਰਾਜਨੀਤਕ ਆਰਥਿਕਤਾ 'ਚੋਂ ਉੱਭਰਨ ਵਾਲੇ ਮੁੱਦਿਆਂ ਨੂੰ ਮੁਖ਼ਾਤਬ ਹੋਣਾ ਸਹੂਲਤਾਂ ਵਾਲੇ ਰੁਤਬੇ ਅਤੇ ਸਹੂਲਤਾਂ ਮਾਣਦੀਆਂ ਔਰਤਾਂ ਦੇ ਵਿਸ਼ੇਸ਼ ਦਰਜ਼ੇ 'ਤੇ ਕਿੰਤੂ-ਪ੍ਰੰਤੂ ਕਰਨਾ ਲਾਜ਼ਮੀ ਬਣਾ ਦੇਵੇਗਾ।

ਦੂਜੇ ਪਾਸੇ, ਕਿਸਾਨ ਲਹਿਰਾਂ ਨੂੰ ਪਿਤਰੀ ਸੱਤਾ ਦੇ ਵਿਰੋਧ 'ਚ ਖੜ੍ਹਨ ਦੀ ਲੋੜ ਹੈ, ਵਿਚਾਰਧਾਰਕ ਸੇਧ ਅਤੇ ਸਿਆਸੀ ਅਮਲ ਦੋਵਾਂ ਪੱਖਾਂ ਤੋਂ। ਸਾਨੂੰ ਉਹ ਸਭ ਤੋਂ ਮੂਲ ਸਵਾਲ ਪੁੱਛਣ ਦੀ ਲੋੜ ਹੈ ਜਿਸ ਨਾਲ ਅਸੀਂ ਮੁਕੰਮਲ ਤਿੱਖੀ ਕਾਇਆਪਲਟੀ ਦੀ ਸਾਂਝੀ ਦ੍ਰਿਸ਼ਟੀ ਵੱਲ ਵਧ ਸਕੀਏ ਜਿੱਥੇ ਮਿਹਨਤਕਸ਼ ਜਮਾਤ ਅਤੇ ਔਰਤਾਂ ਦੇ ਮਾਣ-ਸਨਮਾਨ ਲਈ ਸੰਘਰਸ਼ ਨੂੰ ਇਕ ਜਾਂ ਦੂਜੇ ਨਾਲ ਸਮਝੌਤਾ ਕਰਨ ਦੀ ਲੋੜ ਨਾ ਪਵੇ।

●●●●●



ਰੰਜਨਾ ਭੁਵਨੇਸ਼ਵਰ ਤੋਂ ਨਾਰੀਵਾਦੀ ਕਾਰਕੁਨ ਹੈ ਜੋ **Those Who Did Not Die:The Impact of the Agrarian Crisis on Women in Punjab (Sage Books, 2012)** ਕਿਤਾਬ ਦੀ ਲੇਖਿਕਾ ਅਤੇ **Resisting Dispossession: The Odisha Story (Aakar Books, Palgrave Macmillan, 2020)** ਦੀ ਸਹਿ-ਲੇਖਿਕਾ ਹੈ।

"ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ, ਔਰਤਾਂ ਦੀ ਆਪਣੀ ਜ਼ੁਬਾਨੀ" ਕਿਤਾਬ ਦਾ ਪੀ.ਡੀ.ਐੱਫ. ਰੂਪ ਉਸ ਵਕਤ ਲੋਕ-ਅਰਪਣ ਕੀਤਾ ਜਾ ਰਿਹਾ ਹੈ ਜਦੋਂ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਇਤਿਹਾਸਕ ਅੰਦੋਲਨ ਜੇਤੂ ਹੋ ਕੇ ਸੰਘਰਸ਼ ਦੀ ਨਵੀਂ ਚੇਤਨਾ ਦਾ ਹਰਕਾਰਾ ਬਣ ਚੁੱਕਾ ਹੈ। ਜਦੋਂ ਖੇਤੀ ਸੰਕਟ ਨੂੰ ਸਮਝਣ ਲਈ ਵੰਨ-ਸੁਵੰਨੇ ਅਧਿਐਨਾਂ ਦੀ ਬੇਹੱਦ ਜ਼ਰੂਰਤ ਹੈ। ਇਸ ਇਤਿਹਾਸ ਸਿਰਜਕ ਅੰਦੋਲਨ 'ਚ ਔਰਤਾਂ ਦੀ ਸਰਗਰਮ ਹਿੱਸੇਦਾਰੀ ਇਸ ਦੀ ਗਵਾਹ ਹੈ ਕਿ ਹੁਣ ਕਿਸਾਨ ਅੰਦੋਲਨਾਂ ਚ ਕਿਸਾਨ ਔਰਤਾਂ ਦੀ ਭੂਮਿਕਾ ਉਸ ਤੋਂ ਕਿਤੇ ਵਡੇਰੀ ਹੈ ਜਿੰਨੀ ਉਦੋਂ ਸੀ ਜਦੋਂ 2012 'ਚ ਇਹ ਕਿਤਾਬ ਲਿਖੀ ਗਈ। ਪੰਜਾਬ ਦੀਆਂ ਔਰਤਾਂ ਨੇ ਜਿਸ ਸ਼ਿੱਦਤ ਨਾਲ ਅੰਦੋਲਨ 'ਚ ਹਿੱਸਾ ਲਿਆ ਉਹ ਖੇਤੀ ਆਰਥਿਕਤਾ ਨਾਲ ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਡੂੰਘੇ ਸੰਬੰਧ ਦੀ ਦੱਸ ਪਾਉਂਦਾ ਹੈ। ਉਨ੍ਹਾਂ ਨੇ ਇਹ ਸਮਝਣਾ ਸ਼ੁਰੂ ਕਰ ਦਿੱਤਾ ਹੈ ਕਿ ਆਪਣੀ ਖੇਤੀ ਆਰਥਿਕਤਾ ਨੂੰ ਬਚਾਉਣ ਲਈ ਉਨ੍ਹਾਂ ਨੂੰ ਮਰਦਾਵੀਂ ਸੱਤਾ ਵੱਲੋਂ ਥੋਪੀਆਂ ਸਮਾਜੀ ਬੰਦਿਸ਼ਾਂ ਤੋੜ ਕੇ ਸਮੂਹਿਕ ਸੰਘਰਸ਼ 'ਚ ਸ਼ਾਮਿਲ ਹੋ ਕੇ ਆਪਣੇ ਹਿੱਸੇ ਦੀ ਲੜਾਈ ਲੜਨੀ ਪਵੇਗੀ। ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਮਰਦਾਂ ਵੱਲੋਂ ਜ਼ਿੰਦਗੀ ਦੀ ਲੜਾਈ ਹਾਰ ਜਾਣ ਤੋਂ ਬਾਦ ਪਰਿਵਾਰ ਨੂੰ ਚਲਾਉਣ ਲਈ ਜੋ ਨਿੱਜੀ ਸੰਘਰਸ਼ ਕਰਨਾ ਪੈ ਰਿਹਾ ਹੈ, ਜਿਸ ਦੀ ਕਹਾਣੀ ਇਸ ਅਧਿਐਨ ਵਿਚ ਪੇਸ਼ ਕੀਤੀ ਗਈ ਹੈ, ਉਸ ਦੇ ਨਾਲ-ਨਾਲ ਉਹ ਹੁਣ ਸਮੂਹਿਕ ਸੰਘਰਸ਼ ਦਾ ਸਰਗਰਮ ਹਿੱਸਾ ਵੀ ਬਣ ਰਹੀਆਂ ਹਨ।

ਇਹ ਕਿਤਾਬ ਪੰਜਾਬ ਦੇ ਜ਼ਰੱਈ ਸੰਕਟ ਦੀਆਂ ਵੱਖ-ਵੱਖ ਪਰਤਾਂ ਦੇ ਰੂਬਰੂ ਕਰਦੀ ਹੈ। ਪੰਜਾਬ ਦੇ ਮਾਲਵਾ ਖੇਤਰ ਦੇ ਅੱਠ ਜ਼ਿਲ੍ਹਿਆਂ ਵਿਚ ਕੀਤੇ ਗਏ ਫੀਲਡ ਅਧਿਐਨ ਦੇ ਆਧਾਰ 'ਤੇ ਇਹ ਵੱਖਰੀ ਤਰ੍ਹਾਂ ਦੀ ਕਿਤਾਬ ਹੈ ਜੋ ਜ਼ਰੱਈ ਸੰਕਟ ਦੇ ਕਿਸਾਨ ਮਜ਼ਦੂਰ ਪਰਿਵਾਰਾਂ, ਖ਼ਾਸ ਕਰਕੇ ਔਰਤਾਂ ਉੱਪਰ ਅਸਰਾਂ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਇਸ ਵਿਚ ਖ਼ੁਦਕੁਸ਼ੀਆਂ ਕਰ ਗਏ ਕਿਸਾਨ ਪਰਿਵਾਰਾਂ ਦੀਆਂ ਦਰਦ ਕਹਾਣੀਆਂ ਅਤੇ ਕਿਸਾਨ ਹਿਤਾਂ ਲਈ ਲੜ ਰਹੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਸਜਿੰਦ ਅਨੁਭਵਾਂ ਨੂੰ ਵੀ ਆਧਾਰ ਬਣਾਇਆ ਗਿਆ ਹੈ ਅਤੇ ਅੰਕੜਿਆਂ ਦੀ ਮੱਦਦ ਵੀ ਲਈ ਗਈ ਹੈ।136 ਤੋਂ ਵੱਧ ਪਰਿਵਾਰਾਂ ਦੀਆਂ ਇੰਟਰਵਿਊਆਂ ਵਿੱਚੋਂ ਉਸ ਸੰਕਟ ਅਤੇ ਉਨ੍ਹਾਂ ਬੇਥਾਹ ਮੁਸ਼ਕਲਾਂ ਦੀ ਇਕ ਦਰਦਨਾਕ ਤਸਵੀਰ ਉੱਭਰਦੀ ਹੈ ਜਿਸ ਦਾ ਸਾਹਮਣਾ ਔਰਤਾਂ ਨੂੰ ਖ਼ੁਦਕਸ਼ੀ ਕਰ ਗਏ ਮਿਰਤਕ ਕਿਸਾਨਾਂ ਦੀਆਂ ਪਤਨੀਆਂ ਅਤੇ ਮਾਵਾਂ ਦੇ ਰੂਪ 'ਚ, ਅਤੇ ਬੱਚਿਆਂ ਤੇ ਬਜ਼ੁਰਗਾਂ ਸਮੇਤ ਸਮੁੱਚੇ ਪਰਿਵਾਰ ਨੂੰ ਕਰਨਾ ਪੈ ਰਿਹਾ ਹੈ। ਇਹ ਵੱਖਰੀ ਤਰ੍ਹਾਂ ਦਾ ਅਧਿਐਨ ਅਰਥਸ਼ਾਸਤਰ ਨਾਲ ਜੁੜੇ ਚਿੰਤਕਾਂ ਤੇ ਖੋਜਕਾਰਾਂ ਅਤੇ ਕਾਰਕੁੰਨਾਂ ਨੂੰ ਲਾਜ਼ਮੀ ਪੜ੍ਹਨਾ ਚਾਹੀਦਾ ਹੈ।

-ਬੂਟਾ ਸਿੰਘ

ਤਰਕਭਾਰਤੀ ਪ੍ਰਕਾਸ਼ਨ